
# ਸਾਹਿਤਕ ਏਕਮ

ਅਪ੍ਰੈਲ-ਸਤੰਬਰ • 2020
ਮੁੱਲ : 75/-





ਸ਼ਾਇਰ ਵਿਸ਼ੇਸ਼
ਮਨਮੋਹਨ



ਮੁਲਾਕਾਤ
ਮਦਨ ਲਾਲ



ਸ਼ਾਇਰ ਵਿਸ਼ੇਸ਼
ਰਮਨ ਸੰਧੂ



ਪੁਰਸਕਾਰ
ਕਿਰਪਾਲ ਕਜ਼ਾਕ



ਇਹ ਕਹਾਣੀ ਨਹੀਂ...
ਗੁਰਮਿੰਦਰ ਸਿੱਧੂ

ਕਵਿਤਾ : ***ਸ਼ਰਦ ਕੋਕਾਸ***

**ਅਫ਼ਵਾਹ**

ਉੱਡੀਆਂ-ਉੱਡੀਆਂ, ਉਹ ਉੱਡੀਆਂ
ਕੰਨੋ ਕੰਨ ਫੈਲੀਆਂ
ਪਿੰਡ-ਪਿੰਡ, ਸ਼ਹਿਰ-ਸ਼ਹਿਰ
ਦੇਸ਼ ਭਰ ਵਿਚ ਫੈਲੀਆਂ

ਪੈਰ ਨਹੀਂ ਸੀ ਉਨ੍ਹਾਂ ਦੇ
ਪਰ ਰਿੜੀਆਂ ਨਹੀਂ ਉਹ
ਖੰਭ ਨਹੀਂ ਸੀ ਉਨ੍ਹਾਂ ਦੇ
ਫਿਰ ਵੀ ਉਹ ਮੀਲਾਂ ਉੱਡੀਆਂ
ਕਿਸੇ ਮਹਾਂਮਾਰੀ ਵਾਂਗ ਫੈਲੀਆਂ
ਉਹ ਵਧੀਆ ਤੇ ਸੁਰਸਾ ਦਾ ਮੂੰਹ ਬਣ ਗਈਆਂ

ਧੂੰਏਂ ਦਾ ਗੁਬਾਰ ਸਨ ਉਹ
ਕਾਲੇ ਬੱਦਲਾਂ ਨਾਲ ਭਰਿਆ
ਡਰਾਉਣਾ ਅਸਮਾਨ
ਤੂਫ਼ਾਨੀ ਤੇਜ਼ ਹਵਾ ਦਾ ਬੁੱਲ੍ਹਾ

ਉਹ ਫੈਲੀਆਂ ਤੇ ਸ਼ਹਿਰ ਸੜਿਆ
ਉਹ ਫੈਲੀਆਂ ਤੇ ਦੰਗਾ ਫੈਲਿਆ

ਜ਼ਰੂਰੀ ਸੀ ਐਸ ਵੇਲੇ
ਹੌਂਸਲੇ ਦੀ ਇਕ ਢਾਲ
ਸਾਹਮਣਾ ਕਰਨ ਦੀ ਤਾਕਤ

ਸਾਰੇ ਹਾਲਾਤ ਨੂੰ
ਸਾਹਮਣੇ ਰੱਖਦਿਆਂ ਹੋਇਆਂ
ਕਹਿਣਾ ਚਾਹੀਦਾ
ਸਭ ਤੋਂ ਵੱਧ ਜ਼ਰੂਰੀ ਸੀ
ਸੱਚੀ ਦੀ ਰੌਸ਼ਨੀ ਵਿਚ
ਉਸਦੀ ਜਾਂਚ ਪੜਤਾਲ

ਸਭ ਤੋਂ ਵੱਧ ਜ਼ਰੂਰੀ ਸੀ
ਖ਼ੁਦ ਦੀ ਜਾਂਚ ਪੜਤਾਲ



ਤਾਮਿਲਨਾਡੂ ਵਿਚ ਇਕ ਵਾਲ ਕੱਟਣ ਵਾਲੇ ਨਾਈ ਨੇ ਆਪਣੀ ਦੁਕਾਨ ਵਿਚ ਆਪਣੇ ਗਾਹਕਾਂ ਵਾਸਤੇ ਟੀ.ਵੀ. ਦੀ ਥਾਂ ਲਾਇਬ੍ਰੇਰੀ ਖੋਲ੍ਹੀ ਹੋਈ ਹੈ। ਜਿਹੜਾ ਗਾਹਕ ਉਥੇ ਬੈਠ ਕੇ ਪਹਿਲਾਂ ਕੋਈ ਕਿਤਾਬ ਪੜ੍ਹਦਾ ਹੈ ਉਸ ਨੂੰ ਬਿੱਲ ਵਿਚ ਤੀਹ ਪ੍ਰਤੀਸ਼ਤ ਦੀ ਛੋਟ ਮਿਲਦੀ ਹੈ। ਨਿੱਕੇ ਨਿੱਕੇ ਯਤਨ ਵੱਡੀਆਂ ਤਬਦੀਲੀਆਂ ਲਿਆ ਸਕਦੇ ਹਨ। ਆਪਣਾ ਹਿੱਸਾ ਪਾਉਂਦੇ ਰਹੀਏ।

ਕਵਿਤਾ : ***ਧਰੁਵ ਗੁਪਤ***

**ਹਰ ਵਾਰ**

ਇਕ ਨੇ ਕਿਹਾ—ਸਾਡਾ ਧਰਮ ਖ਼ਤਰੇ ਵਿਚ ਹੈ
ਚਲੋ ਦੂਜੇ ਧਰਮੀਆਂ ਨਾਲ ਲੜਦੇ ਹਾਂ
ਵੇਖਦਿਆਂ ਵੇਖਦਿਆਂ ਉਹਦੇ ਪਿੱਛੇ
ਹਜ਼ਾਰਾਂ ਦੀ ਭੀੜ ਜਮ੍ਹਾਂ ਹੋ ਗਈ

ਸਾਹਮਣਿਓਂ ਦੂਜੇ ਨੇ ਕਿਹਾ—
ਉਹ ਝੂਠ ਬੋਲਦਾ ਹੈ
ਧਰਮ ਦਰਅਸਲ ਸਾਡਾ ਖ਼ਤਰੇ ਵਿਚ ਹੈ
ਆਓ ਉਨ੍ਹਾਂ ਨਾਲ ਲੜੀਏ
ਉਸਦੇ ਪਿੱਛੇ ਵੀ ਹਜ਼ਾਰਾਂ ਲੋਕ ਲੱਗ ਗਏ

ਮੈਨੂੰ ਉਨ੍ਹਾਂ ਦੇ ਧਰਮ ਦੀ ਨਹੀਂ
ਉਨ੍ਹਾਂ ਸਭ ਦੀ ਚਿੰਤਾ ਸੀ
ਮੈਂ ਚੀਕ ਚੀਕ ਕੇ ਕਿਹਾ—
ਆਓ, ਅਸੀਂ ਸਾਰੇ ਰਲ ਕੇ ਉਨ੍ਹਾਂ ਨਾਲ ਲੜੀਏ
ਜਿਨ੍ਹਾਂ ਦੀ ਵਜ੍ਹਾ ਨਾਲ
ਅਸੀਂ ਸਾਰੇ ਖ਼ਤਰੇ ਵਿਚ ਹਾਂ
ਮੇਰੇ ਪਿੱਛੇ ਕੋਈ ਭੀੜ ਨਾ ਆਈ

ਉਹ ਦੋਵੇਂ ਹਰ ਵਾਰ, ਲੜ-ਮਰ ਕੇ ਵੀ ਜੀਂਦੇ ਰਹੇ
ਤੇ ਮੈਂ ਬਿਨਾਂ ਲੜੇ ਹੀ
ਹਰ ਵਾਰ ਮਾਰਿਆ ਗਿਆ

•

*ਅਨੁ : ਅਰਤਿੰਦਰ ਸੰਧੂ*

ਸਾਹਿਤਕ
ਏਕਮ
ਅਪਰੈਲ-ਸਤੰਬਰ • 2020



ਸਾਹਿਤਕ
# ਏਕਮ

ਆਧੁਨਿਕ ਸਾਹਿਤ, ਕਲਾ ਅਤੇ ਪੰਜਾਬੀ ਜ਼ੁਬਾਨ ਦੀ
ਪ੍ਰਤੀਨਿਧ ਤ੍ਰੈਮਾਸਿਕ ਪੱਤ੍ਰਿਕਾ

**ਅੰਕ 33-34**

*ਸੰਪਾਦਕ :*

**ਅਰਤਿੰਦਰ ਸੰਧੂ**

ਮੋਬਾਇਲ : 98153-02081
ਈ-ਮੇਲ : **sandhuartinder@yahoo.com**

*

*ਮੈਨੇਜਰ (ਆਨਰੇਰੀ)*

***ਰਾਜਖੁਸ਼ਵੰਤ ਸਿੰਘ ਸੰਧੂ***

ਫ਼ੋਨ : 94648-54755

*

*ਸਲਾਹਕਾਰ ਬੋਰਡ*

***ਜਸਬੀਰ ਭੁੱਲਰ***

***ਜੰਗ ਬਹਾਦਰ ਗੋਇਲ***

***ਸੁਰਿੰਦਰ ਸ਼ਰਮਾ***

*

**ਮੁੱਲ : 75/-**

*

*ਚਿੱਠੀਆਂ :*

404, ਤਿਲਕ ਨਗਰ, ਅੰਮ੍ਰਿਤਸਰ-143001

*

**ਸਹਿਯੋਗ ਦਾ ਵੇਰਵਾ :**

600/-
(ਤਿੰਨ ਸਾਲ ਲਈ, 100 ਰੁਪਏ ਡਾਕ ਖਰਚ ਅਲੱਗ)

**ਵਿਦੇਸ਼ :** 50 ਪੌਂਡ
70 ਅਮਰੀਕੀ ਡਾਲਰ • 80 ਕੈਨੇਡੀਅਨ ਡਾਲਰ

*

ਸਹਿਯੋਗ ਰਾਸ਼ੀ ਮਨੀਆਰਡਰ ਰਾਹੀਂ 'ਸ੍ਰੀਮਤੀ ਅਰਤਿੰਦਰ ਸੰਧੂ, 404 ਤਿਲਕ ਨਗਰ, ਅੰਮ੍ਰਿਤਸਰ-143001' ਦੇ ਨਾਂ 'ਤੇ ਭੇਜੀ ਜਾਵੇ ਜਾਂ ਬੈਂਕ ਖਾਤਾ

Sahitak Ekam, C.A. No. 506401010200449, Union Bank of India, Shivala Bhayian, Amritsar, IFS Code UBIN0550647

ਵਿਚ ਸਿੱਧੀ ਜਮਾਂ ਕਰਵਾਈ ਜਾਵੇ ਜਾਂ NEFT ਰਾਹੀਂ ਭੇਜੀ ਜਾਵੇ। ਰਾਸ਼ੀ ਭੇਜਣ ਉਪਰੰਤ ਫ਼ੋਨ 'ਤੇ ਸੂਚਿਤ ਜ਼ਰੂਰ ਕੀਤਾ ਜਾਵੇ।



**ਸਾਹਿਤਕ ਏਕਮ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਕੋਈ ਵੀ ਕਾਨੂੰਨੀ ਕਾਰਵਾਈ ਅੰਮ੍ਰਿਤਸਰ ਦੀ ਅਦਾਲਤ ਵਿਚ ਹੀ ਹੋਵੇਗੀ।**


## ਅੰਦਰ ਝਾਤ


- **ਸ਼ਾਇਰ ਵਿਸ਼ੇਸ਼** : ਮਨਮੋਹਨ / 5, ਰਮਨ ਸੰਧੂ/9
- **ਕਵਿਤਾਵਾਂ/ਗ਼ਜ਼ਲਾਂ/ਦੋਹੇ** : ਸੁਰਿੰਦਰ ਸੀਰਤ/12, ਮਦਨ ਲਾਲ/21, ਡਾ. ਗੁਰੂਮੇਲ ਸਿੱਧੂ/22, ਮੋਹਨਜੀਤ/23, ਜਗਤਾਰਜੀਤ/25, ਇੱਛੂਪਾਲ/26, ਸੁਰਿੰਦਰ ਮਕਸੂਦਪੁਰੀ/27, ਡਾ. ਦਰਿਆ, ਹਮਦਰਦਵੀਰ ਨੌਸ਼ਹਿਰਵੀ/33, ਸ਼ਸ਼ੀਕਾਂਤ ਉੱਪਲ/43, ਸਵਿੰਦਰ ਸੰਧੂ, ਜਸਪਾਲ ਕੌਰ/44, ਨਿਰੰਜਨ, ਸੋਮਾ ਸਬਲੋਕ/54, ਸਰਦਾਰ ਪੰਛੀ/53, ਵੀਨਾ ਸਾਮਾ/57, ਦੀਪਕ ਸ਼ਰਮਾ ਚਨਾਰਥਲ/66, ਸਰਿਤਾ ਤੇਜੀ/75, ਬਖਤੌਰ ਧਾਲੀਵਾਲ/83, ਇੰਦਰਜੀਤ ਪੁਰੇਵਾਲ/94, ਮਲਵਿੰਦਰ, ਦੀਪ ਇੰਦਰ/95, ਰਾਜਿੰਦਰ ਪਰਦੇਸੀ, ਗੁਰਿੰਦਰ ਕਲਸੀ/96, ਸੁਰਜੀਤ/97, ਸ਼ੇਲਿੰਦਰਜੀਤ ਸਿੰਘ ਰਾਜਨ, ਸ਼ਮਿੰਦਰ/98, ਪਰਵਿੰਦਰ ਗੋਗੀ, ਅਜੈ ਅਬਲੋਵਾਲ/105, ਜਸਵਿੰਦਰ ਦੂਹੜਾ, ਮੋਹਨ ਬੇਗੋਵਾਲ/108
- **ਸਿਰਜਣਾ ਦੀ ਜੂਹ** : ਜਸਬੀਰ ਭੁੱਲਰ/13
- **ਕਹਾਣੀਆਂ** : ਰਜਿੰਦਰ ਸਿੰਘ ਬੇਦੀ/28, ਨਿਰੰਜਣ ਬੋਹਾ/34, ਦਵਿੰਦਰ ਮਲਹਾਂਸ/38, ਅਰਵਿੰਦਰ ਕੌਰ ਧਾਲੀਵਾਲ/45, ਅਮਰਜੀਤ ਸਿੰਘ ਮਾਨ/55, ਵਿਪਨ ਗਿੱਲ/58, ਕੰਵਲ ਸਿੰਘ ਪਹਿਲਗਾਮੀ/76, ਡਾ. ਪ੍ਰਵੀਨ ਠਾਕੁਰ/100
- **ਸਵੈ-ਜੀਵਨੀ ਅੰਸ਼** : ਹਰਜਿੰਦਰ ਸਿੰਘ ਸੂਰੇਵਾਲੀਆ/61
- **ਸ਼ਬਦ ਚਿਤਰ** : ਡਾ. ਅਮਰ ਕੋਮਲ/67
- **ਇਹ ਕਹਾਣੀ ਨਹੀਂ** : ਡਾ. ਗੁਰਮਿੰਦਰ ਸਿੱਧੂ/72
- **ਆਰਟੀਕਲ** : ਹਰਪਾਲ ਸਿੰਘ ਪੰਨੂ/52, ਬੁੱਧ ਸਿੰਘ ਨੀਲੋਂ/79 ਪ੍ਰਿੰ. ਗੁਰਸ਼ਰਨ ਸਿੰਘ ਤਲਵਾੜ/80
- **ਪਰਵਾਸ ਦੇ ਮਸਲੇ** : ਨੇਚਰਦੀਪ ਕਾਹਲੋਂ/84
- **ਹਿੰਦੀ ਕਹਾਣੀ** : ਮਨੀਸ਼ ਵੈਦ/87, ਕ੍ਰਿਸ਼ਨ ਕਲਪਿਤ/90
- **ਬਾਅਦ ਦੁਪਹਿਰ** : ਰਮਿੰਦਰ ਰਮੀ, ਮਨਮੋਹਨ ਕੌਰ ਵਾਲੀਆ/91-92
- **ਹਿੰਦੀ ਕਵਿਤਾਵਾਂ** : ਵਿਵੇਕ ਚਤੁਰਵੇਦੀ, ਸੁਰੇਂਦਰ ਰਘੁਵੰਸ਼ੀ/93, ਦੇਵੇਂਦਰ ਆਰਿਯ/99
- **ਆਰਟੀਕਲ** : ਇਕ ਸਾਵਿੱਤਰੀ ਹੋਰ/ਮ੍ਰਿਤੁੰਜਯ ਰਾਏ/103
- **ਪੈਣ ਕਪਾਹੀਂ ਫੁੱਲ** : ਡਾ. ਸੰਦੀਪ ਰਾਣਾ/106
- **ਕਾਵਿ ਸ਼ਾਰ** : ਬਲਵਿੰਦਰ ਸਿੰਘ ਸੰਧੂ/113
- **ਸੱਜਰਾ ਕਾਵਿ** : ਹਰਮਨਜੀਤ ਸਿੰਘ ਬਾਜਵਾ, ਮਨੀਸ਼, ਫ਼ੈਸਲ ਖਾਨ, ਗੁਰਪ੍ਰੀਤ ਕੌਰ ਧਾਲੀਵਾਲ, ਗੁਰਦਿੱਤ ਸਿੰਘ ਸੇਖੋਂ, ਹਰਸ਼ਵਿੰਦਰ ਕੌਰ, ਰੁਪਿੰਦਰ ਕੌਰ, ਰਵਨੀਤ ਕੌਰ ਢੀਂਡਸਾ/109-112
- **ਪੁਰਸਕਾਰ ਦੇ ਸਮੇਂ** : ਜਸਬੀਰ ਕਲਸੀ ਧਰਮਕੋਟ/114
- **ਪੁਸਤਕ ਚਰਚਾ** / 115
  ਅਰਤਿੰਦਰ ਸੰਧੂ, ਹਰਪਾਲ ਸੰਧਾਵਾਲੀਆ, ਕ੍ਰਿਸ਼ਨ ਭਨੋਟ, ਡਾ. ਦਰਿਆ, ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ, ਸੋਨੀਆ ਸ਼ਰਮਾ, ਜਸਪਾਲਜੀਤ, ਡਾ. ਕੁਲਦੀਪ ਸਿੰਘ ਧੀਰ, ਜਸਪਾਲ ਕੌਰ, ਮਲਵਿੰਦਰ, ਸਰਬਜੀਤ ਸੰਧੂ, ਜਸਵੀਰ ਕਲਸੀ ਧਰਮਕੋਟ, ਸੁਰਿੰਦਰਪ੍ਰੀਤ ਘਣੀਆਂ, ਡਾ. ਸਰਬਜੀਤ ਕੌਰ ਸੋਹਲ
- **ਚਿੱਠੀਏ ਨੀ ਚਿੱਠੀ** / 131
  ਪ੍ਰੇਮ ਸਾਹਿਲ, ਸੁਰਜੀਤ (ਕੈਨੇਡਾ), ਡਾ. ਨਰਿੰਜਨ, ਸੁਰਿੰਦਰ ਗੀਤ (ਕੈਨੇਡਾ), ਦਰਸ਼ਨ ਹਾਕਮਵਾਲਾ



ਸੰਪਾਦਕੀ

# ਪੱਤਣ ਤੋਂ

ਸੰਨ ਉੱਨੀ ਸੌ ਸੰਤਾਲੀ ਤੋਂ ਪੰਜਾਬ ਦੇ ਵੰਡੇ ਜਾਣ ਪਿੱਛੋਂ ਹੋਈ ਮਾਰ ਕਾਟ ਦੌਰਾਨ ਮਨੁੱਖਤਾ ਦੇ ਹੋਏ ਘਾਣ ਦੀਆਂ ਕਹਾਣੀਆਂ ਸੁਣਦੇ ਆ ਰਹੇ ਲੋਕਾਂ ਨੂੰ ਇਕ ਧਰਵਾਸ ਜਿਹਾ ਸੀ ਕਿ ਉਹ ਵੇਲੇ ਹੁਣ ਬੀਤ ਗਏ ਹਨ। ਆਜ਼ਾਦੀ ਤੋਂ ਪਿੱਛੋਂ, ਆਪਣੇ ਹਿੱਸੇ ਆਈ ਦੇਸ਼ ਦੀ ਧਰਤੀ ਤੇ ਆਪਣੇ ਲੋਕ ਹੋਣਗੇ ਤੇ ਆਪਣੀਆਂ ਹੀ ਸਰਕਾਰਾਂ ਤੇ ਚੈਨ ਨਾਲ ਜੀ ਸਕਾਂਗੇ। ਪਰ ਸੰਤਾਲੀ ਤੋਂ ਪਿੱਛੋਂ ਸੰਨ ਚੌਰਾਸੀ ਆਇਆ ਤੇ ਲੋਕਾਂ ਦੀਆਂ ਆਸਾਂ ਟੁੱਟੀਆਂ। ਦੇਸ਼ ਵਿਚ ਹੋਏ ਇਕ ਫ਼ਿਰਕੇ ਦੇ ਕਤਲ-ਏ-ਆਮ ਕਾਰਨ ਸੰਨ ਸੰਤਾਲੀ ਵਰਗੀਆਂ ਹਜ਼ਾਰਾਂ ਨਵੀਆਂ ਕਹਾਣੀਆਂ ਸੰਤਾਲੀ ਦੀਆਂ ਕਹਾਣੀਆਂ ਦੇ ਕਾਫ਼ਲੇ ਵਿਚ ਹੋਰ ਰਲ ਗਈਆਂ। ਮਨੁੱਖਤਾ ਦੇ ਸੀਨੇ ਦੇ ਉਨ੍ਹਾਂ ਫੱਟਾਂ ’ਤੇ ਅਜੇ ਅੰਗੂਰ ਵੀ ਨਹੀਂ ਸੀ ਆਇਆ ਕਿ ਸੰਨ ਦੋ ਹਜ਼ਾਰ ਦੋ ਵਿਚ ਗੁਜਰਾਤ ਵਿਚ ਇਕ ਵਾਰ ਫਿਰ ਉਸੇ ਤਰ੍ਹਾਂ ਦਾ ਕਈ ਕੁਝ ਹੋਇਆ ਤੇ ਭਾਈਚਾਰਕ ਸੁਹਿਰਦਤਾ ਇਕ ਵਾਰ ਫਿਰ ਕਤਲ ਹੋਈ। ਹੁਣ ਅਠਾਰਾਂ ਸਾਲਾਂ ਪਿੱਛੋਂ ਦਿੱਲੀ ਵਿਚ ਇਕ ਵਾਰ ਫਿਰ ਤਬਾਹੀ ਦੇ ਮੰਜ਼ਰ ਪੈਦਾ ਹੋ ਗਏ ਤੇ ਪਹਿਲਾਂ ਹੀ ਮਨਾਂ ਨੂੰ ਵਲੂੰਧਰਦੀਆਂ ਕਹਾਣੀਆਂ ਵਿਚ ਨਵੀਆਂ ਕਹਾਣੀਆਂ ਰਲ ਗਈਆਂ। ਇਨ੍ਹਾਂ ਤੋਂ ਇਲਾਵਾ ਮੁਜ਼ਫਰਾਬਾਦ ਵਿਚ ਤੇ ਹੋਰ ਵੀ ਕਈ ਥਾਂਈਂ ਇਸ ਤਰ੍ਹਾਂ ਦਾ ਕਈ ਕੁਝ ਹੁੰਦਾ ਰਿਹਾ। ਅਜਿਹੀਆਂ ਕਹਾਣੀਆਂ ਲੋਕ-ਮਨ ਦੇ ਸਰਕਾਰਾਂ ਤੇ ਯਕੀਨ ਨੂੰ ਤੋੜਦੀਆਂ ਹਨ। ਆਖ਼ਰਕਾਰ ਬਾਰ-ਬਾਰ ਤਬਾਹ ਹੁੰਦੇ ਬੇਦੋਸ਼ੇ ਲੋਕ ਕਿਸ ਨੂੰ ਪੁੱਛਣ ਕਿ ਸਾਡਾ ਕਸੂਰ ਕੀ ਹੈ ? ਸਰਕਾਰਾਂ ਨੂੰ ਸੋਚਣਾ ਬਣਦਾ ਹੈ। *“ਤੂੰ ਇਧਰ ਉਧਰ ਕੀ ਨਾ ਬਾਤ ਕਰ / ਤੂੰ ਬਤਾ ਕਿ ਕਾਫਲਾ ਕਿਉਂ ਲੁਟਾ, ਮੁਝੇ ਰਾਹਜ਼ਨੋ ਸੇ ਗਿਲਾ ਨਹੀਂ / ਤੇਰੀ ਰਹਿਬਰੀ ਕਾ ਸਵਾਲ ਹੈ।”*

* *

ਕਦੇ ਪੰਜਾਬ ਵਿਚ ਸਮਾਗਮਾਂ ਦੀਆਂ ਸਟੇਜਾਂ ਉੱਤੇ ਤੇ ਸਕੂਲਾਂ ਵਿਚ ਬਾਲ ਸਭਾ ਦੇ ਪ੍ਰੋਗਰਾਮਾਂ ਵਿਚ ਲਾਲਾ ਧਨੀ ਰਾਮ ਚਾਤ੍ਰਿਕ ਦਾ ਇਹ ਗੀਤ ਬੜੇ ਚਾਅ ਨਾਲ ਗਾਇਆ ਜਾਂਦਾ ਸੀ—*ਸੋਹਣਾ ਦੇਸਾਂ ਵਿਚੋਂ ਦੇਸ ਪੰਜਾਬ ਨੀ ਸਈਓ, ਜਿਵੇਂ ਫੁੱਲਾਂ ਵਿਚੋਂ ਫੁੱਲ ਗੁਲਾਬ ਨੀ ਸਈਓ।*

ਉਨ੍ਹੀਂ ਦਿਨੀਂ ਦੇਸ਼ ਨੂੰ ਮਿਲੀ ਆਜ਼ਾਦੀ ਤੋਂ ਪਿੱਛੋਂ ਲੋਕਾਂ ਨੂੰ ਆਪਣੇ ਲੀਡਰਾਂ ਦੀ ਸੁਹਿਦਰਤਾ ਤੇ ਕਾਬਲੀਅਤ ’ਤੇ ਯਕੀਨ ਸੀ। ਉਹ ਪੰਜਾਬ ਦੀ ਹਾਲਤ ਦਿਨੋ-ਦਿਨ ਵਧੀਆ ਹੁੰਦੇ ਜਾਣ ਦਾ ਸੁਪਨਾ ਲੈਂਦੇ ਤੇ ਇਸ ਵਿਚ ਆਪਣੀ ਕਿਸਮਤ ਦਾ ਚਮਕਦੇ ਜਾਣਾ ਸ਼ਾਮਲ ਮੰਨਦੇ ਸਨ ਪਰ ਸਮੇਂ ਨਾਲ ਸਰਕਾਰਾਂ ਦੇ ਵਿਹਾਰ ਬਦਲਦੇ ਰਹੇ ਤੇ ਉਨ੍ਹਾਂ ਦੇ ਫ਼ੈਸਲਿਆਂ ਦੇ ਰੁਝਾਨ ਵੀ ਸਿਆਣਪ-ਪੂਰਨ ਲੋਕਪੱਖੀ ਤੇ ਨਾ ਹੀ ਭਵਿੱਖਮੁਖੀ ਰਹੇ।

ਅੱਜ ਸਾਡੇ ਸੁਪਨਿਆਂ ਵਾਲਾ ‘ਦੇਸਾਂ ਵਿਚੋਂ ਦੇਸ ਪੰਜਾਬ’ ਭ੍ਰਿਸ਼ਟਾਚਾਰ, ਨਸ਼ਿਆਂ, ਦਿਖਾਵੇ, ਬੇਰੁਜ਼ਗਾਰੀ ਤੇ ਹੋਰ ਅਜਿਹੇ ਕਈ ਕਾਰਨਾਂ ਕਰਕੇ ‘ਰੋਗੀ ਦੇਸ ਪੰਜਾਬ’ ਬਣ ਗਿਆ ਹੈ। ਹਵਾ ਪ੍ਰਦੂਸ਼ਤ, ਪਾਣੀ ਜ਼ਹਿਰੀ ਤੇ ਧਰਤੀ ਬੇਹਿਸਾਬੇ ਕੀਟਨਾਸ਼ਕਾਂ ਨਾਲ ਭਰ ਦਿੱਤੀ ਗਈ ਹੈ। ਸਰਕਾਰਾਂ ਵੀ ਲੋਕ ਮਸਲਿਆਂ ਪ੍ਰਤੀ ਉਦਾਸੀਨਤਾ ਕਾਰਨ ਲੋਕ ਆਪਣੇ ਬੱਚਿਆਂ ਦੇ ਭਵਿੱਖ ਪ੍ਰਤੀ ਫ਼ਿਕਰਮੰਦ ਹੋਣ ਲੱਗ ਪਏ ਹਨ। ਸਰਦੇ ਪੁੱਜਦੇ ਲੋਕਾਂ ਤੋਂ ਇਲਾਵਾ ਆਮ ਲੋਕ ਵੀ ਔਖੇ ਹੋ ਕੇ ਆਪਣੇ ਬੱਚਿਆਂ ਨੂੰ ਬਾਹਰਲੇ ਦੇਸ਼ਾਂ ਵੱਲ ਭੇਜਣ ਲੱਗੇ ਹਨ। ਕਰਜ਼ੇ ਚੁੱਕ ਕੇ, ਜਾਇਦਾਦਾਂ ਵੇਚ ਕੇ ਆਮ ਲੋਕਾਂ ਵੱਲੋਂ ਆਪਣੇ ਬੱਚਿਆਂ ਨੂੰ ਬਾਹਰ ਭੇਜੇ ਜਾਣਾ ਜਾਰੀ ਹੈ। ਇਸ ਵਰਤਾਰੇ ਨਾਲ ਪੰਜਾਬ ਦੋਹਰਾ ਕੰਗਾਲ ਹੋ ਰਿਹਾ ਹੈ। ਇਕ ਤਾਂ ਜੋ ਮਣਾਂ ਮੂੰਹੀਂ ਪੈਸਾ ਦੂਜੇ ਦੇਸ਼ਾਂ ਵਿਚ ਜਾ ਰਿਹਾ ਹੈ, ਜੇ ਪੰਜਾਬ ਵਿਚ ਹੀ ਰਹਿੰਦਾ ਤੇ ਸੂਬੇ ਵਿਚ ਵਿਕਾਸ ਦੇ ਲੇਖੇ ਲੱਗਦਾ। ਦੂਜਾ ਨੌਜੁਆਨੀ ਜੋ ਕਿਸੇ ਵੀ ਦੇਸ਼ ਦੀ ਸਭ ਤੋਂ ਕੀਮਤੀ ਦੌਲਤ ਹੁੰਦੀ ਹੈ, ਵੀ ਬਾਹਰ ਵੱਲ ਜਾਈ ਜਾ ਰਹੀ ਹੈ। ਇਹ ਸੱਚ ਹੈ ਕਿ ਇਕ ਵਾਰ ਬਦੇਸ਼ੀ ਹੋਏ ਬੱਚੇ ਵਾਪਸ ਨਹੀਂ ਮੁੜਦੇ। ਇਸ ਵਰਤਾਰੇ ਨੂੰ ਹੋਰ ਹਵਾ ਦੇਣ ਵਾਸਤੇ ਕੀ ਨਿੱਜੀ ਤੇ ਕੀ ਸਰਕਾਰੀ ਚੈਨਲਾਂ ਵੱਲੋਂ ਵੱਖ-ਵੱਖ ਏਜੰਟਾਂ ਤੇ ਏਜੰਸੀਆਂ ਰਾਹੀਂ ਲਗਾਤਾਰ ਦੂਜੇ ਦੇਸ਼ਾਂ ਦੇ ਵੀਜ਼ੇ ਲੁਆਉਣ ਦੇ ਲੁਭਾਉਣੇ ਸੁਪਨੇ ਦਿਖਾਏ ਜਾਂਦੇ ਰਹਿੰਦੇ ਹਨ। ਅਜਿਹੇ ਹਾਲਾਤ ਵਿਚ ਪੰਜਾਬ ਵਾਸੀ ਆਪਣੇ ਸੂਬੇ ਦਾ ਕਿਸ ਤਰ੍ਹਾਂ ਦਾ ਭਵਿੱਖ ਚਿਤਵ ਸਕਦੇ ਹਨ ?

ਇਸ ਤੋਂ ਬਿਨਾ ਮਹਿੰਗਾਈ ਤੇ ਬੇਹਿਸਾਬ ਟੈਕਸਾਂ ਨੇ ਵੀ ਲੋਕਾਂ ਦਾ ਜੀਣਾ ਮੁਹਾਲ ਕੀਤਾ ਹੋਇਆ ਹੈ ਪਰ ਲੋਕਾਂ ਵਾਸਤੇ ਕਿਤੇ ਕੋਈ ਰਾਹਤ ਨਹੀਂ। ਆਖ਼ਰਕਾਰ ਪੰਜਾਬ ਦਾ ਪੈਸਾ ਜਾ ਕਿੱਥੇ ਰਿਹਾ ਹੈ ? ਕੀ ਲੋਕ ਹੀ ਮਹਿੰਗੀਆਂ ਸਰਕਾਰਾਂ ਚੁਣ ਲੈਂਦੇ ਹਨ ਤੇ ਫਿਰ ਸਰਕਾਰਾਂ ਵੱਲੋਂ ਆਪਣੇ ’ਤੇ ਹੁੰਦੇ ਅਥਾਹ ਖ਼ਰਚਿਆਂ ਤੋਂ ਪਿੱਛੋਂ ਲੋਕ ਭਲਾਈ ਦੇ ਕੰਮਾਂ ਲਈ ਕੁਝ ਵੀ ਨਹੀਂ ਬਚਦਾ ? ਸਰਕਾਰ ਤੇ ਚਿੰਤਕਾਂ ਵੱਲੋਂ ਮਿਲ ਬੈਠ ਕੇ ਪੰਜਾਬ ਦੀ ਅਜੋਕੀ ਗੰਭੀਰ ਸਥਿਤੀ ਬਾਰੇ ਸੋਚਣ ਤੇ ਮਸਲਿਆਂ ਦੇ ਹੱਲ ਕੱਢਣ ਦੀ ਲੋੜ ਹੈ।

* *

ਇਹ ਵਰ੍ਹਾ ਸ਼ੁਰੂ ਤੋਂ ਹੀ ਨਵੀਂ ਮਹਾਂਮਾਰੀ ਕੋਵਿਡ-19 ਦਾ ਡਰ ਲੈ ਕੇ ਆਇਆ।

ਬਹੁਤੀ ਵਾਰ ਅਜਿਹੀ ਹਾਲਾਤ ਸਾਡੀਆਂ ਤੇ ਸਾਡੀ ਵਿਵਸਥਾ ਦੀਆਂ ਪਰਤਾਂ ਫਰੋਲ ਕੇ ਰੱਖ ਦੇਂਦੇ ਹਨ। ਕੋਵਿਡ-19 ਨੇ ਵੀ ਇਹੋ ਕੁਝ ਕੀਤਾ ਹੈ। ਮਾਰਚ ਤੋਂ ਕੀਤੇ ਗਏ ਲਾਕਡਾਊਨ ਨੇ ਬਿਮਾਰੀ ਦੇ ਫ਼ੈਲਾਅ ਨੂੰ ਰੋਕਣ ਵਿਚ ਕਿੰਨਾ ਕੁ ਹਿੱਸਾ ਪਾਇਆ, ਇਸ ਬਾਰੇ ਅਜੇ ਤਕ ਨਿਰਣਾ ਨਹੀਂ ਹੋ ਸਕਿਆ ਪਰ ਇਸ ਨਾਲ ਆਮ ਲੋਕਾਂ ਦੀ ਜ਼ਿੰਦਗੀ ਵਿਚ ਜੋ ਤੂਫ਼ਾਨ ਆਏ, ਉਨ੍ਹਾਂ ਦੇ ਅਸਰ ਵਿਚੋਂ ਉਹ ਕਦੋਂ ਨਿਕਲ ਸਕਣਗੇ, ਇਸ ਬਾਰੇ ਅਜੇ ਤਕ ਕੁਝ ਵੀ ਕਿਹਾ ਨਹੀਂ ਜਾ ਸਕਦਾ।

ਮਹਾਂਮਾਰੀ ਦੇ ਪਹਿਲੇ ਹੱਲੇ ਨੇ ਹੀ ਦੱਸ ਦਿੱਤਾ ਸੀ ਕਿ ਸਾਡੇ ਦੇਸ਼ ਵਿਚ ਸਿਹਤ ਸੇਵਾਵਾਂ ਦੀ ਆਪਣੀ ਸਿਹਤ ਕਿੰਨੀ ਕਮਜ਼ੋਰ ਹੈ। ਅੱਜ ਕੱਲ੍ਹ ਇੰਟਰਨੈੱਟ ਸੇਵਾਵਾਂ ਦੀ ਤੇਜ਼ੀ ਕਾਰਨ, ਇਕ ਦੇਸ਼ ਵਿਚ ਕੁਝ ਵਾਪਰਨ ਦੀ ਖ਼ਬਰ ਅਗਲੇ ਹੀ ਪਲ ਸਾਰੀ ਦੁਨੀਆ ਵਿਚ ਪਹੁੰਚ ਜਾਂਦੀ ਹੈ। ਲੋਕਾਂ ਨੂੰ ਪਤਾ ਲੱਗਦਾ ਰਿਹਾ ਕਿ ਦੂਜੇ ਦੇਸ਼ਾਂ ਵਿਚ ਸਰਕਾਰਾਂ ਨੇ ਕਿਸ ਤਰ੍ਹਾਂ ਦਿਨਾਂ ਵਿਚ ਹੀ ਨਵੇਂ ਹਸਪਤਾਲ ਬਣਾਏ ਤੇ ਕਈ ਤਰੀਕਿਆਂ ਨਾਲ ਆਪਣੇ ਲੋਕਾਂ ਦੀਆਂ ਮੁਸ਼ਕਲਾਂ ਸਮਝ ਕੇ ਉਨ੍ਹਾਂ ਨੂੰ ਰਾਹਤ ਦਿੱਤੀ। ਪਰ ਆਪਣੇ ਦੇਸ਼ ਵਿਚ ਇਸ ਤਰ੍ਹਾਂ ਦੇ ਫ਼ਿਕਰ ਤੇ ਉਪਰਾਲੇ ਸਰਕਾਰਾਂ ਵੱਲੋਂ ਨਜ਼ਰ ਨਹੀਂ ਆਏ ਜਾਂ ਫਿਰ ਕਾਰਗਰ ਨਹੀਂ ਰਹੇ। ਨਤੀਜੇ ਵਜੋਂ ਰੋਗ ਫੈਲਦਾ ਹੀ ਗਿਆ। ਅਸੀਂ ਭਾਵੇਂ ਜਿੰਨਾ ਮਰਜ਼ੀ ਆਖੀ ਜਾਈਏ ਕਿ ਸਾਡੀ ਇਮਿਊਨਿਟੀ ਮਜ਼ਬੂਤ ਹੈ ਤੇ ਰੋਗ ਘੱਟ ਫੈਲ ਰਿਹਾ ਹੈ ਪਰ ਅੰਕੜੇ ਆਪਣੇ ਤਰੀਕੇ ਨਾਲ ਸਾਰੀ ਤਸਵੀਰ ਸਾਹਮਣੇ ਰੱਖੀ ਜਾ ਰਹੇ ਹਨ।

ਲਾਕਡਾਊਨ ਕਾਰਨ ਬਹੁਤ ਸਾਰੀਆਂ ਸਨਅਤੀ ਤੇ ਦੂਸਰੀਆਂ ਇਕਾਈਆਂ ਦੇ ਕੰਮਾਂ ਵਿਚ ਖੜੋਤ ਆਉਣ ਕਰਕੇ ਦੇਸ਼ ਵਿਚ ਬੇਰੁਜ਼ਗਾਰੀ ਸਿਖ਼ਰਾਂ ਛੋਹਣ ਲੱਗ ਪਈ ਹੈ ਤੇ ਇਸ ਦੇ ਅਸਰ ਕਈ ਰੂਪਾਂ ਵਿਚ ਸਾਹਮਣੇ ਆ ਰਹੇ ਹਨ। ਸਭ ਤੋਂ ਵੱਧ ਉੱਭਰ ਕੇ ਸਾਹਮਣੇ ਆਇਆ ਪਰਵਾਸੀ ਮਜ਼ਦੂਰਾਂ ਦਾ ਮਸਲਾ। ਰੁਜ਼ਗਾਰ ਖੁੱਸਣ ਤੇ ਆਵਾਜਾਈ ਦੇ ਸਾਧਨ ਬੰਦ ਹੋਣ ਕਰਕੇ ਇਹ ਲੋਕ ਪੈਦਲ ਘਰਾਂ ਨੂੰ ਤੁਰ ਪਏ। ਇਨ੍ਹਾਂ ਯੂ.ਪੀ. ਤੇ ਬਿਹਾਰ ਤੋਂ ਵੱਖ-ਵੱਖ ਸੂਬਿਆਂ ਵੱਲ ਗਏ ਲੋਕਾਂ ਵਿਚੋਂ ਵਾਪਸ ਮੁੜਦਿਆਂ ਬਹੁਤ ਸਾਰੇ ਲੋਕ ਭੁੱਖੇ ਪਿਆਸੇ, ਬਿਮਾਰੀ ਨਾਲ ਤੇ ਕੁਝ ਰੇਲਗੱਡੀ ਹੇਠ ਆ ਕੇ ਵੀ ਜਾਨਾਂ ਗੁਆ ਗਏ। ਮੀਡੀਆ ਦੇ ਵੱਖ-ਵੱਖ ਹਿੱਸਿਆਂ ਨੇ ਇਨ੍ਹਾਂ ਘਟਨਾਵਾਂ ਨੂੰ ਆਪਣੇ-ਆਪਣੇ ਰੰਗ ਵਿਚ ਪੇਸ਼ ਕੀਤਾ ਪਰ ਅਸਲੀਅਤ ਤਪੀਆਂ ਸੜਕਾਂ 'ਤੇ ਭਟਕਦੀ ਰਹੀ। ਫਿਰ ਜਦੋਂ ਕਈ ਮਹੀਨਿਆਂ ਪਿੱਛੋਂ ਰੇਲ ਗੱਡੀਆਂ ਚੱਲੀਆਂ ਤਾਂ ਇਸ ਤਰ੍ਹਾਂ ਦੀ ਤਸਵੀਰ ਸਾਹਮਣੇ ਆਈ ਜਿਵੇਂ ਇਨ੍ਹਾਂ ਅਦਾਰਿਆਂ ਦੀ ਯਾਦ-ਸ਼ਕਤੀ ਜਾ ਚੁੱਕੀ ਹੋਵੇ। ਕਈ ਗੱਡੀਆਂ ਆਪਣੀਆਂ ਨਿਰਧਾਰਤ ਥਾਵਾਂ ਤੋਂ ਭਟਕ ਕੇ ਖ਼ਬਰੇ ਕਿੱਥੇ ਕਿੱਥੇ ਪਹੁੰਚ ਗਈਆਂ।

ਇਨ੍ਹੀਂ ਦਿਨੀਂ ਵਾਪਰੇ ਭਾਰਤ ਚੀਨ ਵਿਚਲੇ ਸਰਹੱਦੀ ਵਿਵਾਦ ਨੇ ਵੀ ਲੋਕਾਂ ਦਾ ਧਿਆਨ ਖਿੱਚੀ ਰੱਖਿਆ ਪਰ ਦੇਸ਼ ਦੇ ਨੌਜੁਆਨਾਂ ਦੀਆਂ ਸ਼ਹੀਦੀਆਂ ਨੇ ਲੋਕਾਂ ਦੇ ਮਨਾਂ ਨੂੰ ਦੁਖੀ ਤੇ ਨਿਰਾਸ਼ ਕੀਤਾ।

ਅਨੇਕਾਂ ਮਸਲਿਆਂ ਦੌਰਾਨ ਇਹ ਸਿਹਰਾ ਸਾਡੇ ਲੋਕਾਂ ਨੂੰ ਹੀ ਜਾਂਦਾ ਹੈ ਕਿ ਉਹ ਆਪ ਪਰਹੇਜ਼ ਕਰ ਰਹੇ ਹਨ ਤੇ ਲਾਕਡਾਊਨ ਦੇ ਦਿਨੀਂ ਪ੍ਰਭਾਵਤ ਲੋਕਾਂ ਨੂੰ ਵੀ ਰਾਸ਼ਨ ਤੇ ਖਾਣਾ-ਦਾਣਾ ਪਹੁੰਚਾ ਕੇ ਮਦਦ ਕਰਦੇ ਰਹੇ ਹਨ। ਬਿਮਾਰੀ ਨੇ ਸਾਡੇ ਲੋਕਾਂ ਦੇ ਆਪਣਿਆਂ ਬਾਰੇ ਹੇਜ ਦੇ ਪੜਦੇ ਵੀ ਲਾਹ ਕੇ ਰੱਖ ਦਿੱਤੇ, ਜਦੋਂ ਸਕੇ ਸੰਬੰਧੀ ਹੀ ਆਪਣਿਆਂ ਦੇ ਸਸਕਾਰ ਤਕ ਕਰਨ ਤੋਂ ਕਤਰਾਉਣ ਲੱਗੇ। ਪਰ ਆਫ਼ਰੀਨ, ਉਨ੍ਹਾਂ ਲੋਕਾਂ ਤੇ ਸੰਸਥਾਵਾਂ ਦੇ ਜਿਨ੍ਹਾਂ ਨੇ ਇਨ੍ਹਾਂ ਮੁਸ਼ਕਲ ਘੜੀਆਂ ਵਿਚ ਇਸ ਕਾਰਜ ਨੂੰ ਆਪਣੇ ਜ਼ਿੰਮੇ ਲਿਆ ਤੇ ਨਿਭਾਇਆ।

ਹੁਣ ਲਾਕਡਾਊਨ ਖੁੱਲ੍ਹਣ 'ਤੇ ਅਤੇ ਵਿਚ ਵਿਚਾਲੇ ਵੀ ਸਰਕਾਰਾਂ ਇਨ੍ਹਾਂ ਦਿਨਾਂ ਵਿਚ ਆਪਣੇ ਖ਼ਜ਼ਾਨੇ ਨੂੰ ਪਏ ਘਾਟੇ ਨੂੰ ਪੂਰਨ ਵਾਸਤੇ ਵਧੇਰੇ ਸਰਗਰਮ ਨਜ਼ਰ ਆਈਆਂ। ਹਰ ਪਾਸੇ ਟੈਕਸ ਵਧਾ ਕੇ ਆਪਣੇ ਖਾਤੇ ਤਾਂ ਇਹ ਕੁਝ ਨਾ ਕੁਝ ਸੁਰ ਕਰ ਰਹੀਆਂ ਹੋਣਗੀਆਂ ਪਰ ਮਹਿੰਗਾਈ ਵਧਣ ਤੇ ਆਮਦਨੀ ਘਟਣ ਕਾਰਨ ਲੋਕਾਂ ਦਾ ਕੀ ਹਾਲ ਹੈ, ਜੇ ਇਸ ਬਾਰੇ ਵੀ ਕੁਝ ਸੋਚ ਲੈਂਦੀਆਂ ਤਾਂ ਕਿੰਨਾ ਚੰਗਾ ਹੁੰਦਾ। ਇਸ ਵਰਤਾਰੇ ਵਿਚ ਸਭ ਤੋਂ ਵੱਧ ਤਾਂ ਪੈਟਰੋਲ ਤੇ ਡੀਜ਼ਲ ਦੇ ਰੇਟਾਂ ਦੇ ਵਾਧੇ ਨੇ ਅੱਤ ਮਚਾਈ ਹੈ। ਅੰਤਰਰਾਸ਼ਟਰੀ ਮੰਡੀ ਵਿਚ ਇਹ ਮੁੱਲ ਬਹੁਤ ਘੱਟ ਜਾਣ ਦੇ ਬਾਵਜੂਦ, ਦੇਸ਼ ਤੇ ਸੂਬਾ ਪੱਧਰ 'ਤੇ ਇਨ੍ਹਾਂ ਦਾ ਅਸਮਾਨ ਛੂੰਹਦੇ ਤੁਰੇ ਜਾਣਾ ਹੈਰਾਨੀਜਨਕ ਹੀ ਨਹੀਂ, ਤਕਲੀਫ਼ਦੇਹ ਵੀ ਹੈ। ਲੋਕਾਂ ਨੂੰ ਕਿੰਨਾ ਕੁ ਨਪੀੜਿਆ ਜਾ ਸਕਦਾ ਹੈ, ਜੇ ਇਹ ਸਾਡੀਆਂ ਆਪਣੀਆਂ ਚੁਣੀਆਂ ਸਰਕਾਰਾਂ ਸਮਝ ਜਾਣ ਤਾਂ ਕਿੰਨਾ ਚੰਗਾ ਹੋਵੇ।

ਪਰ ਸਰਕਾਰਾਂ ਤਾਂ ਸਰਕਾਰਾਂ ਹਨ, ਆਖ਼ਰ...!

* *

ਪਿਛਲੇ ਦਿਨੀਂ ਨਾਮਵਰ ਸਾਹਿਤਕਾਰ ਜਸਵੰਤ ਸਿੰਘ ਕੰਵਲ, ਦਲੀਪ ਕੌਰ ਟਿਵਾਣਾ, ਸੁਰਜੀਤ ਹਾਂਸ, ਇੰਦਰ ਸਿੰਘ ਖ਼ਾਮੋਸ਼, ਹਰਬੰਸ ਮਾਛੀਵਾੜਾ, ਸੁਰਜੀਤ ਸਿੰਘ ਢਿੱਲੋਂ ਤੇ ਪੰਜਾਬ ਦੀ ਸੁਰੀਲੀ ਗਾਇਕਾ ਲਾਚੀ ਬਾਵਾ ਦਾ ਤੁਰ ਜਾਣਾ ਬੜਾ ਹੀ ਗ਼ਮਗੀਨ ਕਰਨ ਵਾਲਾ ਸੀ। ਅਦਾਰਾ ਏਕਮ ਅਲਵਿਦਾ ਕਹਿ ਗਏ ਇਨ੍ਹਾਂ ਅਦੀਬ ਦੋਸਤਾਂ ਦੇ ਪਰਿਵਾਰਾਂ ਦੇ ਗ਼ਮ ਵਿਚ ਸ਼ਾਮਲ ਹੁੰਦਾ ਹੈ ਤੇ ਸ਼ਰਧਾ ਦੇ ਫੁੱਲ ਭੇਟ ਕਰਦਾ ਹੈ।

## ਇਤਿਹਾਸ ਆਪਣਾ ਆਪ ਦੁਹਰਾਉਂਦੈ...

ਮਹਾਤਮਾ ਬੁੱਧ ਧਿਆਨਰਤ ਬੋਧ ਬਿਰਖ ਹੇਠ
ਭਟਕਦੇ ਮਹਾਤਮਾ ਗਾਂਧੀ ਵੀ ਆ ਪਹੁੰਚੇ ਕਿਧਰੋਂ

ਏਧਰ ਕਿਧਰ ਘੁੰਮ ਰਹੇ ਹੋ ਭੰਤੇ...ਬੁੱਧ ਪੁੱਛਿਆ,
ਗਾਂਧੀ ਡੂੰਘੀ ਉਦਾਸੀ 'ਚੋਂ ਬੋਲੇ ਏਨੀ ਦਿਨੀਂ ਮੈਂ ਵੀ
ਤੁਹਾਡੇ ਵਾਂਗ ਦੇਸ਼ ਨਿਕਾਲੇ ਲਈ ਤਿਆਰ ਖੜ੍ਹਾਂ
ਪਹਿਲਾਂ ਤਾਂ ਮਾਰੀ ਗਈ ਸੀ ਗੋਲੀ ਮੇਰੇ ਸੀਨੇ 'ਤੇ
ਹੁਣ ਮੇਰੇ ਵਿਚਾਰਾਂ, ਮੇਰੀ ਆਤਮਾ ਦੀ ਵਾਰੀ ਹੈ

ਬੁੱਧ ਵੀ ਸੁਣ ਕੇ ਹੋ ਗਏ ਉਦਾਸ
ਮਾਹੌਲ ਨੂੰ ਤਣਾਓ ਮੁਕਤ ਕਰਦਿਆਂ ਪੁੱਛਣ ਲੱਗੇ,
ਪਹਿਲਾਂ ਦੱਸੋ ਤੁਹਾਡੇ ਤਿੰਨੋਂ ਬਾਂਦਰਾਂ ਦਾ ਕੀ ਹਾਲ ਹੈ ?

ਗਾਂਧੀ ਕਹਿਣ ਲੱਗੇ,
ਉਹ ਤਾਂ ਤਿੰਨੋਂ ਮਸਤੀ 'ਚ ਨੇ ਅੱਜ ਕੱਲ੍ਹ
ਛਾਤੀ ਠੋਕ ਠੋਕ ਕਹਿੰਦੇ ਨੇ ਹਰ ਪਲ
ਇਹ ਗੂੰਗੇ ਬੋਲ਼ੇ ਅੰਨ੍ਹਿਆਂ ਦਾ ਯੁੱਗ ਹੈ
ਜਿੰਨਾ ਬੁਰਾ ਬੋਲ ਸਕਦੇ ਹੋ ਬੋਲੋ
ਜਿੰਨਾ ਬੁਰਾ ਦੇਖ ਸਕਦੇ ਹੋ ਦੇਖੋ
ਜਿੰਨਾ ਬੁਰਾ ਸੁਣ ਸਕਦੇ ਹੋ ਸੁਣੋ...

ਹੁਣ ਬੁੱਧ ਥੋੜ੍ਹੀ ਗੰਭੀਰ ਮੁਦਰਾ 'ਚ ਬੋਲੇ,
ਇਹੋ ਜਿਹਾ ਕੁਝ ਤਾਂ ਮੇਰੇ ਸਮੇਂ 'ਚ ਵੀ ਹੁੰਦਾ ਰਿਹੈ
ਪਰ ਹੁਣ ਕੀ ਹੋ ਗਿਆ ਕਿ ਤੁਸੀਂ ਏਨਾਂ ਹੋ ਅਧੀਰ

ਗਾਂਧੀ ਨੇ ਕਿਹਾ,
ਵੱਡੀ ਅਜੀਬ ਗੱਲ ਹੋਰ ਵਾਪਰ ਰਹੀ ਅੱਜ ਕੱਲ੍ਹ
ਕਈ ਸ਼ਬਦਾਂ ਵਾਂਗ ਮਹਾਤਮਾ ਸ਼ਬਦ ਵੀ ਹੋ ਗਿਆ
ਪੂਰੀ ਤਰ੍ਹਾਂ ਅਪ੍ਰਸੰਗਿਕ...ਅਰਥਹੀਣ...ਅਸੰਗਤ

ਤੁਹਾਡੇ ਨਾਲ ਜੋ ਵਾਪਰਿਆ ਸਦੀਆਂ ਪਹਿਲਾਂ
ਐਨ ਉਹੋ ਕੁਝ ਵਾਪਰਣਾ ਮੇਰੇ ਨਾਲ ਹੁਣ
ਮੈਨੂੰ ਵੀ ਯਾਦ ਰੱਖਣਾ ਦੂਜੇ ਦੇਸ਼ਾਂ ਦੇ ਲੋਕਾਂ
ਜਿਵੇਂ ਅੱਜ ਤੱਕ ਸੰਸਾਰ ਤੁਹਾਨੂੰ ਰਿਹੈ ਸਤਿਕਾਰਦਾ...

## ਮੱਧਵਰਗੀ ਬੰਦੇ ਦੀ ਕਵਿਤਾ

ਡਰ ਲੱਗਦੈ ਮੈਨੂੰ ਆਪਣੇ ਆਪ ਤੋਂ
ਜਿੰਦਾਂ ਦੀ ਥਾਂ ਜਿਹੋ ਜਿਹਾ ਮੂਹਰੇ ਬੰਦਾ
ਉਹੋ ਜਿਹਾ ਹੀ ਮੈਂ ਬਦਲ ਲੈਨਾਂ ਬਿਆਨ

## ਸ਼ਾਇਰ ਵਿਸ਼ੇਸ਼



# ਮਨਮੋਹਨ
# ਦੀਆਂ ਕਵਿਤਾਵਾਂ

### ਸਵੈ ਕਥਨ

ਕਵਿਤਾ ਅਜਿਹਾ ਕਰਮ ਹੈ ਜਿਸ 'ਚ ਸ਼ਬਦਾਂ ਦਾ ਸੱਚਾਈ ਨਾਲ ਸਬੰਧ ਨਵਾਂ ਹੁੰਦਾ ਰਹਿੰਦਾ। ਇਸੇ ਲਈ ਕਵਿਤਾ ਜਾਂ ਤਾਂ ਜੀਵਨ ਹੈ ਭਾਸ਼ਾ ਦੁਆਰਾ ਆਲੋਕਿਤ ਜਾਂ ਭਾਸ਼ਾ ਹੈ ਜੀਵਨ ਦੁਆਰਾ ਪ੍ਰਕਾਸ਼ਿਤ।

ਜੇਕਰ ਕਵਿਤਾ ਸੱਚ ਤੇ ਨਿਆਂ ਨਾਲ ਆਪਣੀ ਪ੍ਰਤਿਗਿਆ ਭੰਗ ਕਰ ਦੇਵੇ ਤਾਂ ਉਹ ਆਪਣੇ ਉਦੇਸ਼ 'ਚ ਅਸਫ਼ਲ ਹੈ।

ਕਵਿਤਾ ਦਾ ਕੰਮ ਇਹ ਦੱਸਣਾ ਨਹੀਂ ਹੁੰਦਾ ਕਿ ਕੀ ਕਰਨਾ ਚਾਹੀਦੈ ਬਲਕਿ ਚੰਗਿਆਈ ਤੇ ਬੁਰਾਈ ਬਾਰੇ ਸਮਝ ਨੂੰ ਵਸੀਹ ਤੇ ਬਾਰੀਕ ਕਰਨਾ ਹੁੰਦਾ ਜਾਂ ਕੁਝ ਕਰਨ ਦੀ ਜ਼ਰੂਰਤ ਨੂੰ ਅਧਿੱਕ ਜ਼ਰੂਰੀ ਅਤੇ ਨਾ-ਕਰਨ ਦੀ ਮਜਬੂਰੀ ਨੂੰ ਅਧਿੱਕ ਸਪੱਸ਼ਟ ਕਰਨਾ ਹੁੰਦੈ । ਕਵਿਤਾ ਨੇ ਸਾਨੂੰ ਓਥੇ ਪਹੁੰਚਾਣਾ ਹੈ ਜਿੱਥੇ ਅਸੀਂ ਅਧਿੱਕ ਤਾਰਕਿਕ ਅਤੇ ਨੈਤਿਕ ਹੋਣ ਦੀ ਚੋਣ ਕਰ ਸਕੀਏ।

ਕਵਿਤਾ ਅਤਿ ਸੂਖ਼ਮ, ਅਛੋਹ ਅਤੇ ਅਗੋਚਰ ਦੇ ਨੇੜੇ ਕਰਦੀ ਹੈ ਅਤੇ ਰੌਲ਼ੇ ਨੂੰ ਸੁਣਨ ਦੀ ਚੁੱਪ ਬਖ਼ਸ਼ਦੀ ਹੈ ਜਿਸ ਰੌਲ਼ੇ ਨੇ ਦ੍ਰਿਸ਼ ਨੂੰ ਧੁੰਦਲਾਇਆ ਹੁੰਦਾ ਹੈ।

ਜਾਂ ਪਾਲ ਸਾਰਤਰ ਨੇ ਤੁਰਕੀ ਕਵੀ ਨਾਜ਼ਿਮ ਹਿਕਮਤ ਬਾਰੇ ਬੋਲਦਿਆਂ ਕਿਹਾ ਸੀ ਕਿ ਕਵੀ ਲਈ ਕਦੇ ਕੁਝ ਖ਼ਤਮ ਨਹੀਂ ਹੁੰਦਾ ਕਿਉਂਕਿ ਉਸਨੂੰ ਪਤਾ ਹੁੰਦੈ ਕਿ ਉਸਨੇ ਆਪਣੇ ਤੇ ਹੋਰਾਂ ਵਿਰੁੱਧ ਨਿਰੰਤਰ ਲੜ ਕੇ ਆਪਣਾ ਤੇ ਕਵਿਤਾ ਦਾ ਸਿਰਜਣ ਕਰਨਾ ਹੈ।

ਕਵੀ ਕੇਂਦਰੀ ਪ੍ਰਸ਼ਨਾਂ ਬਾਰੇ ਹਾਸ਼ੀਏ ਤੋਂ ਗੱਲ ਕਰਦਾ ਹੈ। ਕਵਿਤਾ ਵਿਚਾਰਧਾਰਾ ਦਾ ਉਪਚਾਰ ਹੈ। ਕਵਿਤਾ ਆਪਣੀ ਹੀ ਕਮੀ ਦਾ ਪਰਿਣਾਮ ਹੈ। ਕਵੀ ਸਿਰਫ਼ ਕਵਿਤਾ ਲਈ ਪੈਦਾ ਹੋਇਆ ਹੈ ਜਿਵੇਂ ਕਈ ਲੂਲੇ ਲੰਗੜੇ ਪੈਦਾ ਹੁੰਦੇ ਹਨ ਜਾਂ ਸੁਹਣੇ ਸੁਨੱਖੇ। ਕਵੀ ਆਪਣੇ ਅਭਾਵਾਂ ਦਾ ਪ੍ਰਤੌਅ ਹੁੰਦੈ। ਕਵੀ ਦਾ ਇਕੋ ਇਕ ਸੱਚ ਹੁੰਦੈ ਉਸਦੀ ਆਤਮ ਪ੍ਰੇਰਨਾ ਅਤੇ ਉਸਦੇ ਅੰਦਰਲਾ ਸੱਚਾ ਸੁੱਚਾ ਅਨੁਭਵ।

ਸਪੇਨੀ ਕਵੀ ਫੈਦਰੀਕੋ ਗਾਰਸ਼ੀਆ ਲੋਰਕਾ ਲਿਖਦਾ ਹੈ, 'ਉਪਰੋਂ ਮੈਂ ਉਪਰੋਂ ਭਾਵੇਂ ਮੈਂ ਗ਼ੁਲਾਬ ਵਰਗਾ ਲਗਦਾਂ ਪਰ ਧੁਰ ਅੰਦਰੋਂ ਮੈਂ ਨਿਰਧਨ ਅਤੇ ਛੁਪਿਆ ਹੋਇਆ ਮਨੁੱਖ ਹੋਣਾ ਚਾਹੁੰਦਾਂ। ਬਿਲਕੁਲ ਬੱਚੇ ਵਰਗਾ ਨਿਰਛਲ।

–ਮਨਮੋਹਨ
ਮੋਬਾ : 82839 48811

ਕੋਈ ਪੁੱਛਦਾ ਮੈਨੂੰ ਕੀ ਬਣੂ ਅੱਗੇ
ਮੈਂ ਹੌਲ਼ੀ ਜਿਹੇ ਕਹਿ ਦੇਨਾਂ
"ਦੇਖੋ ਸਥਿਤੀ ਬੜੀ ਨਾਜ਼ੁਕ ਤੇ ਤਰਲ ਐ ਅਜੇ
ਕੁਝ ਵੀ ਨਹੀਂ ਕਿਹਾ ਜਾ ਸਕਦੈ ਨਿਸਚਿਤ
ਕੁਝ ਵੀ ਹੋ ਸਕਦੈ ਪਰ ਸਾਨੂੰ ਰਹਿਣਾ ਚਾਹੀਦੈ ਚੌਕਸ"

ਅੱਜ ਕੱਲ੍ਹ ਮੈਂ ਕਦੇ ਵੀ ਕਾਲੇ ਚਿੱਟੇ 'ਚ ਨਹੀਂ ਬੋਲਦਾ
ਗਰੇ ਰੰਗ ਦੀ ਭਾਸ਼ਾ 'ਚ ਗੱਲ ਕਰਦਾ ਮੈਂ ਸਦਾ
ਜਾਂ ਓਸ ਰੰਗ 'ਚ ਜੋ ਆਪਣੇ ਆਪ 'ਚ ਕਦੀ ਵੀ ਨਹੀਂ ਪੂਰਾ
ਤਾਂ ਕਿ ਅਗਲਾ ਪੜ੍ਹ ਸਕੇ ਸੱਤਰਾਂ ਵਿਚਕਾਰ ਕੀ ਲਿਖਿਆ ?

ਕਿਸੇ ਸਥਿਤੀ ਨੂੰ ਕਿਸੇ ਵੀ ਕੋਣ ਤੋਂ ਕਿਵੇਂ ਵੀ
ਪੜ੍ਹਿਆ ਦੇਖਿਆ ਸੁਣਿਆਂ ਸੋਚਿਆ ਜਾ ਸਕਦੈ

ਤਾਂ ਹੀ ਤਾਂ ਏਨੀਂ ਵਾਰ ਬਿਆਨ ਬਦਲਣ ਬਾਅਦ
ਅਕਸਰ ਭੁੱਲ ਜਾਂਦੈ ਕਿ ਕੀ ਕਿਹਾ ਸੀ ਮੈਂ ਪਹਿਲਾਂ
ਹੁਣ ਕੀ ਕਹਾਂ, ਕੀ ਨਾ ਕਹਾਂ ਤੇ ਅਗਾਂਹ ਕੀ ਕਹਾਂਗਾ

ਅਜਿਹੇ ਸਮਿਆਂ 'ਚ ਹੋ ਜਾਂਦੈ ਮੈਨੂੰ ਭਾਸ਼ਾ ਲੋਪ
ਕਈ ਕਈ ਘੰਟੇ ਕਈ ਕਈ ਦਿਨ ਨਹੀਂ ਬੋਲਦਾ
ਆਪਣੇ ਆਪ ਨਾਲ ਗੱਲਾਂ ਕਰਦਾ ਰਹਿਨਾਂ
ਡਰਦਾ ਰਹਿਨਾ ਕਦੋਂ ਕਈ ਮੇਰੇ ਦਰਵਾਜ਼ੇ 'ਤੇ
ਲਾ ਜਾਵੇਗਾ ਚਿੱਟੇ ਚਾਕ ਨਾਲ ਕਾਟੇ ਦਾ ਨਿਸ਼ਾਨ

ਕਿਥੋਂ ਤੱਕ ਕਿੰਨਾ ਦੂਰ ਜਾਵਾਂਗਾ ਆਪਣੇ ਤੋਂ ਭੱਜ ਕੇ
ਮੈਨੂੰ ਨਹੀਂ ਪਤਾ ਪਰ ਇਕ ਗੱਲ ਬੜੀ ਪੱਕੀ
ਬਿਆਨ ਬਦਲਣ ਦੀ ਜੁਗਤ ਆਈ ਮੈਨੂੰ ਬਹੁਤ ਰਾਸ
ਜਿਹੋ ਜਿਹੀ ਸਥਿਤੀ, ਜਿਦਾਂ ਦਾ ਬੰਦਾ ਓਦਾਂ ਦੇ ਹੋ ਜਾਓ
ਬਾਕੀ ਉਦੋਂ ਦੇਖਿਆ ਜਾਊ ਜਦੋਂ ਕੁਝ ਵੱਡਾ ਵਾਪਰੂ

## ਅਕੱਥ ਕਥਾ

ਤਕਸ਼ਿਲਾ ਜਾਣ ਦੀ ਹਰਗਿਜ਼ ਨਹੀਂ ਲੋੜ
ਅੱਜ ਕੱਲ੍ਹ ਮਿਲ ਜਾਣ ਹਰ ਥਾਂ ਹਰ ਮੋੜ
ਸਿਰਕੱਪ ਖਿਡਾਰੀਆਂ ਦੀ ਨਹੀਂ ਕੋਈ ਥੋੜ

ਖੇਡਣ ਚੋਪੜ ਅੰਦਰ 'ਨੇਰੀਆਂ ਰਾਤਾਂ
ਦਾਅ 'ਤੇ ਲਾਉਂਦੇ ਦੋਸਤੀਆਂ ਮੁਹੱਬਤਾਂ

ਪਾਲ਼ੀ ਰੱਖਣ ਚੂਹੇ ਪਾਲਤੂ ਇਕ ਦੋ
ਕਈ ਚਾਲਾਂ ਕਰਤਬਾਂ ਦੇ ਮਾਹਿਰ ਜੋ
ਰਾਤਾਂ ਨੂੰ ਬੁਝਾਅ ਕੇ ਦੀਵੇ ਬੱਤੀਆਂ

ਚੁੱਪ ਚਾਪ ਬਿਨ ਕੋਈ ਸੂਹ ਲਗਿਓਂ
ਪਲਟ ਦਿੰਦੇ ਨਰਦਾਂ ਸੱਭ ਬਾਜ਼ੀਆਂ

ਪਹਿਲਾਂ ਵੀ ਕਈ ਸਿਰਕੱਪ ਸਨ ਸੁਣੀਂਦੇ
ਅੱਜ ਕੱਲ੍ਹ ਇਨ੍ਹਾਂ ਦੇ ਕਈ ਮੱਠ ਸਿਲਸਿਲੇ
ਛਲ ਕਪਟੀਆਂ ਦੀਆਂ ਤਰਕੀਬਾਂ ਮੂਹਰੇ
ਭੋਲ਼ੇਪਨ ਕਾਰਣ ਮਾਤ ਹੋਏ ਖਿਡਾਰੀ ਵੱਡੇ

ਸ਼ਾਇਦ ਭਵਿੱਖ 'ਚ ਕਦੇ ਕੋਈ ਰਸਾਲੂ ਪੈਦਾ ਹੋਏ
ਏਨ੍ਹਾਂ ਨੂੰ ਏਨ੍ਹਾਂ ਦੀ ਹੀ ਵਿਛਾਈ ਬਿਸਾਤ 'ਤੇ ਮਾਤ ਦੇਏ

## ਆਮਦ

ਉਹ ਜਦੋਂ ਵੀ ਆਉਂਦੀ
ਬੰਧਨ ਤੋੜ ਹੱਦਾਂ ਪਾਰ ਕਰ ਆਉਂਦੀ

ਕੋਲ ਬੈਠੀ ਤਾਂ ਹੁੰਦੀ ਪਰ ਬਹੁਤ ਦੂਰ
ਦੂਰ ਹੁੰਦਿਆਂ ਹਰ ਵੇਲੇ ਨਾਲ ਹੁੰਦੀ

ਚਲੇ ਜਾਂਦੇ ਬਚਪਨ 'ਚ ਸੰਗਤ 'ਚ
'ਹੁਣ' ਹੋ ਜਾਂਦਾ ਹਰ ਤਰ੍ਹਾਂ ਅਸੰਗਤ

ਉਹ ਆਪਣੀ ਅੱਖ ਨਾਲ ਨਹੀਂ ਤੱਕਦੀ
ਤੁਹਾਡੀ ਨਜ਼ਰ ਚੁਰਾਅ ਤੁਹਾਨੂੰ ਹੀ ਦੇਖਦੀ

ਆਪਣੀ ਗੋਦ 'ਚ ਲੈ ਚੁੰਮੇ ਮੱਥਾ, ਪਲੋਸੇ ਸਿਰ
ਕਾਲ਼ੇ ਸਿਆਹ ਵਾਲ਼ ਛਾਅ ਜਾਂਦੇ ਸਮਿਆਂ 'ਤੇ
ਨਰਮਾਈਆਂ 'ਚ ਹੁੰਦੈ ਪਸੀਨਿਆਂ ਦਾ ਨਮਕ

ਉਹ ਆਪਣੇ ਛੰਦ ਦਿੰਦੀ, ਤੁਸੀਂ ਘੜਨ ਲਗਦੇ
ਉਸਦੇ ਸੈਆਂ ਰੰਗਾਂ ਸ਼ਬਦਾਂ 'ਚੋਂ ਆਪਣੀ ਭਾਸ਼ਾ

ਆਪਣੇ ਸ਼ਿਲਪ ਨਾਲ ਤਰਾਸ਼ਦੀ ਤੁਹਾਡਾ ਕੋਣਾ ਕੋਣਾ
ਹੋਣ ਲਗਦਾ ਤੁਹਾਡੇ ਵਿਆਕਰਣ ਦਾ ਕਾਇਆ ਕਲਪ
ਅੰਤ ਤੁਸੀਂ ਉਸਦੇ ਹੋ ਜਾਂਦੇ ਤੇ ਉਹ ਪੂਰੀ ਤੁਹਾਡੀ

ਕਵਿਤਾ ਕਦੋਂ ਬਦਲ ਜਾਂਦੀ ਪ੍ਰੇਮਿਕਾ 'ਚ
ਪ੍ਰੇਮਿਕਾ ਕਵਿਤਾ 'ਚ ਪਤਾ ਨਹੀਂ ਲਗਦੈ

ਤੁਸੀਂ ਚਲੇ ਜਾਂਦੇ ਹੋ ਦ੍ਰਿਸ਼ਟਾ ਭਾਵ 'ਚ
ਕਵਿਤਾ ਤੇ ਪ੍ਰੇਮਿਕਾ ਤੁਹਾਨੂੰ ਤੱਕਦੀਆਂ ਨਿਸ਼ਬਦ...

ਪੰਜਾਬੀ ਸਾਹਿਤ ਜਗਤ ਵਿਚ ਇਕ ਵੱਖਰੇ ਪੈਰਾਡਾਈਮ ਅਤੇ ਬੌਧਿਕਤਾ ਭਰਪੂਰ ਕਾਵਿ-ਸਿਰਜਣਾ ਵਜੋਂ ਡਾ. ਮਨਮੋਹਨ ਇਕ ਕਵੀ, ਚਿੰਤਕ, ਆਲੋਚਕ ਵਜੋਂ ਜਾਣੇ ਜਾਂਦੇ ਹਨ। ਆਪਣੇ ਬਾਹਰੀ ਜਗਤ ਵਿਚ ਪ੍ਰਸ਼ਾਸ਼ਨਕ ਸੇਵਾਵਾਂ ਨਿਭਾਉਂਦੇ, ਅੰਦਰੂਨੀ ਜਗਤ ਵਿਚ ਚੇਤਨਾ, ਚਿੰਤਨ ਦਾ ਦੀਵਾ ਜਗਾਈ ਅਤੇ ਦੋਵਾਂ ਵਿਚ ਸਮਨਵੈ/ਸੰਤੁਲਨ ਵੀ ਬਣਾਈ ਰੱਖਣਾ ਕਿਸੇ ਕਿਸੇ ਦੇ ਹਿੱਸੇ ਆਉਂਦਾ ਹੈ। ਡਾ. ਮਨਮੋਹਨ ਅਜਿਹਾ ਸੂਝਵਾਨ ਅਤੇ ਸੰਵੇਦਨਸ਼ੀਲ ਕਵੀ ਹੈ ਜਿਸ ਨੇ ਆਪਣੇ ਕਾਵਿ-ਅਨੁਭਵ ਅਤੇ ਕਾਵਿ-ਸਿਰਜਣ ਰਾਹੀਂ ਸਮਕਾਲੀ ਪੰਜਾਬੀ ਕਵਿਤਾ ਵਿਚ ਗੁਣਾਤਮਕ ਵਾਧਾ ਕੀਤਾ ਹੈ। ਹੁਣ ਤਕ ਉਹ 'ਅਗਲੇ ਚੌਰਾਹੇ ਤੱਕ', 'ਮਨ ਮਹੀਅਲ', 'ਸੁਰ ਸੰਕੇਤ', 'ਨਮਿਤ', 'ਅਥ', 'ਨੀਲ ਕੰਠ' ਅਤੇ 'ਬੈਖਰੀ' ਕਾਵਿ-ਸੰਗ੍ਰਹਿ ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕਿਆ ਹੈ। ਮਨਮੋਹਨ ਅਨੁਸਾਰ 'ਕਾਵਿਕਾਰੀ ਦਾ ਭਾਅ, ਸ਼ਬਦ ਦੀ ਪੂਰਨਤਾ ਨੂੰ ਪਾਉਣਾ' ਹੈ। ਇਸ ਅਦਿਖ ਦੀ ਪੂਰਨਤਾ ਦੇ ਸਫ਼ਰ ਵਿਚ 'ਸਵੈ' ਤੋਂ ਲੈ ਕੇ 'ਪਰ' ਤਕ ਦੇ ਸਾਰੇ ਵਰਤਾਰੇ ਸ਼ਾਮਲ ਹੁੰਦੇ ਹਨ। ਇਸੇ ਲਈ ਮਨਮੋਹਨ ਦੀ ਕਵਿਤਾ ਦਾ ਅਧਿਐਨ ਕਰਨ ਲਈ ਕਵਿਤਾ ਜਿਹੇ ਪਰ ਹੋਣੇ ਅਤੇ ਡੂੰਘੇ ਸਮੁੰਦਰੀ ਤੈਰਨ ਦੀ ਜਾਚ ਹੋਣੀ ਵੀ ਲੋੜੀਂਦੀ ਹੈ। ਉਹ ਮੂਰਤ ਦੇ ਨਾਲ ਨਾਲ ਅਮੂਰਤ, ਲਿਖੇ ਦੇ ਨਾਲ ਨਾਲ ਅਣਲਿਖੇ ਦੀ 'ਪਦ-ਚਾਪ' ਵੀ ਦਰਸਾਉਂਦਾ ਤੁਰਿਆ ਜਾਂਦਾ ਹੈ। ਪਰੰਪਰਕ ਅਤੇ ਰੂੜ੍ਹ ਹੋ ਚੁੱਕੇ ਥੀਮਜ਼ ਅਤੇ ਮੋਟਿਫ਼ਾਂ ਨੂੰ ਨਵੇਂ ਮੈਟਾਫਰਜ਼ ਰਾਹੀਂ ਪ੍ਰਗਟਾਉਂਦਿਆਂ ਉਹ ਵਿਲੱਖਣ ਨਵਾਂਪਣ ਅਤੇ ਮੌਲਿਕਤਾ ਸਿਰਜਦਾ ਹੈ। ਮਨਮੋਹਨ ਦੀ ਸ਼ਾਇਰੀ ਦੀ ਇਕ ਵਿਸ਼ੇਸ਼ਤਾ ਇਹ ਵੀ ਹੈ ਕਿ ਇਹ ਮਿਥਾਲੋਜੀ, ਧਰਮ, ਪਰੰਪਰਾ, ਲੋਕਧਾਰਾ, ਮਹਾਂਬਿਰਤਾਂਤਾਂ 'ਚੋਂ ਹਵਾਲੇ ਵਰਤਦੀ ਗਿਆਨ ਦੀ ਵਿਸ਼ਾਲ ਪਰਿਪਾਟੀ ਦੀ ਲਖਾਇਕ ਬਣਦੀ ਹੈ।

ਬੌਧਿਕਤਾ ਮਨੁੱਖੀ ਮਨ ਨੂੰ ਟਿਕਾਓ 'ਚ ਰਹਿਣ ਨਹੀਂ ਦਿੰਦੀ ਤੇ ਇਸੇ ਲਈ ਮਨੁੱਖੀ ਮਨ ਲਗਾਤਾਰਤਾ, ਨਿਰੰਤਰਤਾ 'ਚ ਅਰੁਕ ਤੁਰਿਆ ਰਹਿੰਦਾ ਹੈ। ਗਿਆਨ ਬੌਧਿਕਤਾ ਦੀ ਪਰਿਪਾਟੀ ਦਾ ਸੂਚਕ ਮਨਮੋਹਨ ਕਾਵਿ ਜੀਵਨ ਦੇ ਸਦੀਵੀ ਸਰੋਕਾਰਾਂ ਦੀ ਤਲਾਸ਼ ਦੇ ਨਾਲ-ਨਾਲ ਸ਼ਬਦ ਦੀ ਪੂਰਨਤਾ ਅਤੇ ਸੂਝਵਾਨ ਪਾਠਕ ਦੀ ਤਲਾਸ਼ ਵੀ ਕਰਦਾ ਹੈ।

**-ਡਾ. ਸਰਬਜੀਤ ਕੌਰ ਸੋਹਲ**

## ਅਧਿਕਾਰ

ਮੇਰੀ ਦੇਹ ਅੰਦਰ
ਅਮੂਰਤ ਦੇਹ ਦਾ ਨਿਵਾਸ
ਜੋ ਸੁਣ ਸਕਦੈ ਸੋਚ ਸਕਦੈ
ਬੋਲ ਸਕਦੈ...ਉਹ ਏਂ ਤੂੰ

ਤੇਰੀ ਦੇਹ ਅੰਦਰ
ਸਮੂਰਤ ਦੇਹ ਦਾ ਨਿਵਾਸ
ਜੋ ਸੁਣ ਨਹੀਂ ਸਕਦੈ ਸੋਚ ਨਹੀਂ ਸਕਦੈ
ਬੋਲ ਨਹੀਂ ਸਕਦੈ...ਉਹ ਹਾਂ ਮੈਂ

ਸਾਡੀਆਂ ਦੇਹਾਂ 'ਚ ਨਿਵਾਸ ਹੈ
ਪ੍ਰੇਮ ਦੇ ਵਿਚਾਰ ਦਾ
ਜੋ ਤਲਾਸ਼ ਰਿਹੈ ਪ੍ਰੇਮ ਦਾ ਯਥਾਰਥ

ਮੇਰੇ ਲਈ ਉਸਦਾ ਕੇਵਲ ਇਕ ਅਰਥ
ਤੂੰ ਦੇ ਸਕਦੀ ਉਸਨੂੰ ਕਈ ਅਰਥ
ਵਿਚਾਰ ਸਾਡੇ ਦੋਹਾਂ ਤੋਂ ਸੁਤੰਤਰ

ਆਜ਼ਾਦੀ ਪ੍ਰੇਮ ਦਾ ਬੁਨਿਆਦੀ ਹੱਕ...!

## ਆਦਿਮ ਪ੍ਰਾਰਥਨਾ

ਬ੍ਰਹਮਪੁੱਤਰ ਕੰਢੇ ਕਾਲ਼ੀ ਨਮ
ਦੋਮੱਟ ਮਿੱਟੀ 'ਤੇ ਪਬ ਧਰ ਹੌਲ਼ੇ ਹੌਲ਼ੇ
ਕਰ ਰਿਹਾਂ ਅਨੁਵਾਦ ਬ੍ਰਹਮ ਦਰਸ਼ਨ
ਯਾਯਾਵਰੀ ਦੀ ਪਰਿਚਤ ਭਾਸ਼ਾ 'ਚ

ਬ੍ਰਹਮਪੁੱਤਰ ਦੇ ਪਾਣੀਆਂ 'ਚ
ਕੈਲਾਸ਼ ਹੈ...ਨੀਲਕੰਠ ਤੇ ਤਾਂਡਵ
ਕਾਲ ਤੇ ਪਾਰਵਤੀ ਦਾ ਕੁੰਡ
ਨਹਾਉਣ ਜਿਸ 'ਚ ਯਕਸ਼ਣੀਆਂ

ਸ੍ਰਿਸ਼ਟੀ ਦਾ ਨਵਾਂ ਰੂਪਕ ਘੜਦੈ ਬ੍ਰਹਮਪੁੱਤਰ
ਦੇਹ ਦੀ ਮਿੱਟੀ ਨੂੰ ਖਿਣ ਖਿਣ ਬਚਾਂਦਿਆਂ

ਅੰਦਰ ਬੈਠਾ ਆਦਿ ਮਾਨਵ ਸਹਿੰਸਰਾਂ ਤੋਂ
ਦੰਡਵਤ ਅਰਾਧਨਾ 'ਚ ਆਦਿ ਪੁਰਖ ਦੀ...

ਬ੍ਰਹਮਪੁੱਤਰ ਕੰਢੇ ਬਿਰਾਜਮਾਨ ਸ਼ਿਵ ਕਈ ਮੁਦਰਾਵਾਂ 'ਚ
ਕੋਸ਼ਿਸ਼ ਕਰ ਰਿਹਾਂ ਮੈਂ ਕਿ ਪੜ੍ਹ ਸਕਾਂ
ਉਸਦੀ ਆਦਿ ਲਿਪੀ 'ਚ ਤੇਰਾ ਹਰ ਇਕ ਸ਼ਬਦ
ਪੈਰਾਂ ਨੂੰ ਰਹਿ ਸਕੇ ਅੱਖਰ ਅੱਖਰ ਪਾਠ ਸਮਰਣ...!

## ਕਵਿਤਾ ਵੀ ਇਕ ਘਰ ਹੈ

ਓਹ ਵੀ ਘਰ
ਜਿੱਥੋਂ ਮੈਂ ਆਉਂਨਾ
ਇਹ ਵੀ ਘਰ
ਜਿੱਥੇ ਮੈਂ ਆਉਂਨਾ

ਕਵਿਤਾ ਵੀ ਇਕ ਘਰ ਹੈ

ਮਨਮੋਹਨ ਪੰਜਾਬੀ ਕਵਿਤਾ, ਅਨੁਵਾਦ, ਚਿੰਤਨ, ਆਲੋਚਨਾ, ਨਾਵਲਕਾਰੀ ਦਾ ਇਕ ਵਿਲੱਖਣ ਹਸਤਾਖ਼ਰ ਹੈ। ਉਹ ਕੁਝ ਵੀ ਲਿਖ ਰਿਹਾ ਹੋਵੇ, ਆਮ ਮੁਹਾਵਰੇ ਤੋਂ ਨਿਵੇਕਲਾ ਸਿਰਜਦਾ ਹੈ। ਕਵਿਤਾ ਵਿਚ ਉਸ ਦੀਆਂ ਕਾਵਿਕ ਧੁਨੀਆਂ ਬਹੁਅਰਥਤਾ ਦਾ ਸੰਚਾਰ ਕਰਦੀਆਂ ਹਨ। ਕਿਸੇ ਵੀ ਸਮਾਜਕ, ਰਾਜਨੀਤਕ ਵਿਸ਼ੇ ਨੂੰ ਸਮੇਟਦਾ ਉਹ ਉਸ ਦੀ ਇਤਿਹਾਸਕਤਾ, ਨਿੱਜੀ/ਸਮੂਹਕ ਤਜਰਬਾ ਅੰਗ-ਸੰਗ ਰੱਖਦਾ ਹੈ। ਉਹ ਕਵਿਤਾ ਵਿਚ ਕਹੇ 'ਚੋਂ ਅਣਕਿਹਾ ਇਸ ਤਰ੍ਹਾਂ ਕਸ਼ੀਦਦਾ ਹੈ ਕਿ ਕਵਿਤਾ ਚਾਹੇ ਅੰਬਰ ਛੂਹੇ, ਪਰ ਧਰਾਤਲ ਤੁਹਾਨੂੰ ਸਾਫ਼ ਦਿਸਦਾ ਰਹੇਗਾ। ਕਵਿਤਾ ਵਿਚ ਅਣਕਿਹਾ ਜ਼ਰੂਰ ਹੁੰਦਾ ਹੈ ਪਰ ਅਧੂਰਾ ਨਹੀਂ। ਇਸ ਤਰ੍ਹਾਂ ਦਾ ਹੁਨਰ, ਸ਼ਿਲਪ ਦੁਰਲਭ ਹੁੰਦਾ ਹੈ। ਅੱਜ ਦੀ ਜ਼ਿਆਦਾਤਰ ਰਾਜਨੀਤਕ ਕਵਿਤਾ ਸ਼ੋਰੀਲੀ ਹੁੰਦੀ ਹੋਈ ਆਪਣੇ ਕਾਵਿ-ਧਰਮ ਤੋਂ ਥਿੜਕ ਜਾਂਦੀ ਹੈ। ਮਨਮੋਹਨ ਦੀ ਕਵਿਤਾ ਦੀਆਂ ਕਾਵਿ-ਧੁਨੀਆਂ ਦਸਤਕ ਵਰਗੀ ਕ੍ਰਿਆ ਨਾਲ ਤੁਹਾਨੂੰ ਜਗਾਉਂਦੀਆਂ ਹੋਈਆਂ ਆਪਣਾ ਮੂਲ ਪਛਾਣਨ ਲਈ ਅਗਾਂਹ ਕਰਦੀਆਂ ਹੋਈਆਂ ਪ੍ਰਤੀਤ ਹੁੰਦੀਆਂ ਹਨ। ਕਵਿਤਾ ਵਿਚ ਵਾਧੂ ਲਫ਼ਜ਼ਕਾਰੀ ਨੂੰ ਉਹ ਆਪਣੇ ਨੇੜੇ ਨਹੀਂ ਢੁੱਕਣ ਦਿੰਦਾ, ਪਾਠਕਾਂ ਦੀ ਸੁਰਤੀ, ਅੰਦਰਲੀ ਲੈਅ ਤੇ ਸੰਮੋਹਣ ਵਿਚ ਵਿਸ਼ੇ ਨੂੰ ਪੂਰਾ ਗ੍ਰਹਿਣ ਕਰਦੀ ਹੈ। ਜੇ ਕਵੀ ਕਲਪਨਾਸ਼ੀਲ ਨਹੀਂ ਹੈ ਤਾਂ ਉਹ ਕਾਵਿ ਸਿਖ਼ਰ ਨਹੀਂ ਛੂਹ ਸਕੇਗਾ। ਮਨਮੋਹਨ ਆਪਣੇ ਕਾਵਿ ਵਿਚ ਇਤਿਹਾਸ, ਮਿੱਥਾਂ ਨੂੰ ਇਸ ਤਰ੍ਹਾਂ ਵਰਤਮਾਨ ਸਥਿਤੀਆਂ ਨਾਲ ਮੇਲਦਾ ਹੈ ਕਿ ਸਭ ਦ੍ਰਿਸ਼ ਤੁਹਾਨੂੰ ਇਕੋ ਭੂਮੀ 'ਤੇ ਸਾਕਾਰ ਦਿਸਣ ਲੱਗ ਜਾਣਗੇ।

ਉਹ ਜਦੋਂ ਪਿਆਰ ਕਵਿਤਾ ਲਿਖ ਰਿਹਾ ਹੁੰਦਾ ਹੈ ਤਾਂ ਤੁਸੀਂ ਉਸ ਦੀਆਂ ਅਨੇਕ ਪਰਤਾਂ ਦੇਖ ਸਕਦੇ ਹੋ। ਕਵਿਤਾ ਤੇ ਪਿਆਰ ਦੀਆਂ ਅਨੇਕਾਂ ਤੈਹਾਂ ਦੇਖਦੇ ਤੁਸੀਂ ਖ਼ੁਦ ਨੂੰ ਵੀ ਪੜ੍ਹਤ ਦੀ ਇਕ ਉਚਾਈ 'ਤੇ ਮਹਿਸੂਸ ਕਰਦੇ ਹੋ। ਪ੍ਰੇਮ ਕਵਿਤਾ ਦੀ ਭਾਸ਼ਾ ਲਈ ਅਨੁਭਵ ਦੇ ਨਾਲ ਨਾਲ ਪੜ੍ਹਤ ਤੇ ਲਿਖਤ ਦੇ ਸਾਲਾਂ ਬੱਧੀ ਅਭਿਆਸ ਦੀ ਜ਼ਰੂਰਤ ਪੈਂਦੀ ਹੈ। ਸਧਾਰਨ ਪ੍ਰੇਮ ਕਵਿਤਾ ਵਿਚ ਅਨੁਭਵਹੀਣਤਾ ਦੇ ਨਾਲ ਨਾਲ ਆਪਣੀ ਗੱਲ ਲਈ ਭਾਸ਼ਾ ਦੀ ਨਿਰਹੋਂਦ ਕਾਰਨ ਜਲਦੀ ਹੀ ਆਪਣੇ ਪੇਤਲੇਪਨ ਕਾਰਨ ਪਾਠਕ ਮਨੋਂ ਲਹਿ ਜਾਂਦੀ ਹੈ ਤੇ ਪਾਠਕ ਉਸ ਦੀ ਦੂਜੀ ਪੜ੍ਹਤ ਕਦੀ ਨਹੀਂ ਲੈਂਦਾ।

ਬਿਨ ਦਰਸ਼ਨ, ਚਿੰਤਨ ਦੇ ਕੋਈ ਵੀ ਕਵਿਤਾ ਪੜ੍ਹਨਯੋਗ ਤਾਂ ਹੋ ਸਕਦੀ ਹੈ ਪਰ ਬਿਨ ਇਸ ਦੇ ਜੀਵਨ ਦੇ ਧੁਰੇ ਨੂੰ ਛੂਹਣ ਵਿਚ ਸਫ਼ਲ ਨਹੀਂ ਹੁੰਦੀ। ਪਾਠਕ, ਵਿਦਿਆਰਥੀ ਅਧਿਐਨ ਦੇ ਇਕ ਵਧੀਆ ਪੱਧਰ ਤੋਂ ਵਿਰਵਾ ਹੋ ਜਾਏਗਾ। ਮਨਮੋਹਨ ਦੀ ਕਵਿਤਾ ਵਿਚ ਚਿੰਤਨ, ਦਰਸ਼ਨ ਦਾ ਸੁਰ ਪੂਰਨ ਰੂਪ ਵਿਚ ਵਿਦਮਾਨ ਹੁੰਦਾ ਹੈ।

ਸੋਸ਼ਲ ਮੀਡੀਆ, ਅਖ਼ਬਾਰਾਂ, ਸਾਹਿਤਕ ਰਸਾਲਿਆਂ ਵਿਚ ਸਮਕਾਲ ਦੀਆਂ ਸਮੱਸਿਆਵਾਂ ਉੱਤੇ ਫੌਰੀ ਪ੍ਰਤੀਕਰਮ ਦੇ ਤੌਰ 'ਤੇ ਹਰੇਕ ਭਾਸ਼ਾ ਵਿਚ ਕਵਿਤਾਵਾਂ ਸਾਹਮਣੇ ਆਉਂਦੀਆਂ ਹਨ। ਇਸ ਤਰ੍ਹਾਂ ਦੀ ਜ਼ਿਆਦਾਤਰ ਕਵਿਤਾ ਲਾਊਡ ਤੇ ਘਿਸ ਭਾਸ਼ਾ ਦਾ ਸ਼ਿਕਾਰ ਹੁੰਦੀ ਹੈ। ਮਨਮੋਹਨ ਵੀ ਆਪਣਾ ਲੇਖਕ ਧਰਮ ਨਿਭਾਉਂਦਾ ਹੋਇਆ, ਸਮਕਾਲ ਨੂੰ ਸੰਬੋਧਿਤ ਜਦੋਂ ਕੁਝ ਕਹਿੰਦਾ ਹੈ ਤਾਂ ਨਿਵੇਕਲੇ ਬਿੰਬ, ਪ੍ਰਤੀਕ ਸਾਹਮਣੇ ਲਿਆਉਂਦਾ ਹੈ। ਇਸ ਨਾਲ ਸਮੱਸਿਆ ਦੇ ਮੂਲ ਕਾਰਨ ਵੀ ਸਾਹਮਣੇ ਆਉਂਦੇ ਹਨ ਅਤੇ ਕਾਵਿਕਤਾ ਪਾਠਕ ਨੂੰ ਟੁੰਬਦੀ ਵੀ ਹੈ। ਅਨੇਕਾਂ ਸ਼ੇਡਜ਼ ਵਾਲੀ ਇਸ ਕਵੀ ਦੀ ਕਵਿਤਾ ਦਾ ਕੈਨਵਸ ਬਹੁਤ ਵਿਸ਼ਾਲ ਹੈ।

**-ਜਗਦੀਪ ਸਿੱਧੂ**

ਇਕ ਇਹ ਵੀ ਘਰ ਹੈ ਜਿਸਨੂੰ
ਬਣਾਇਆ ਸਿਓਂਕਾਂ ਚੂਹਿਆਂ
ਕੀੜੀਆਂ ਮਧੂ-ਮੱਖੀਆਂ ਸੱਪਾਂ

ਹਰ ਘਰ ਦਾ ਆਪੋ ਆਪਣਾ ਸ਼ਿਲਪ
ਕਿੰਨੀ ਮਿਹਨਤ ਮਹੀਨ ਕਾਰੀਗਰੀ

ਢਹਿ ਨਹੀਂ ਜਾਂਦੇ ਘਰ ਸਿਰਫ਼ ਕਹਿਣ ਨਾਲ

ਬੇਘਰੇ ਨਾਲ ਲੈ ਸੌਂਦੇ ਘਰ ਦਾ ਸੁਪਨਾ

ਰਹਿਣ ਵਾਲਾ ਸਮਝਦੈ ਚੰਗੀ ਤਰ੍ਹਾਂ
ਘਰ ਵੀ ਇਕ ਭਾਸ਼ਾ ਹੁੰਦੈ...

## ਬੋਲਣਾ ਹੀ ਹੈ

(ਬੋਲ ਕਿ ਸੱਚ ਜ਼ਿੰਦਾ ਹੈ ਅਬ ਤਕ
ਬੋਲ ਜੋ ਕੁਛ ਕਹਿਨਾ ਹੈ ਕਹਿ ਲੇ...ਫ਼ੈਜ਼ ਅਹਿਮਦ ਫ਼ੈਜ਼)

ਆਪਣੀ ਭਾਸ਼ਾ 'ਚ ਮੈਂ ਸੁਣਿਆ ਅੱਜ
ਬਹੁਤ ਹੀ ਖ਼ਫ਼ਾ ਸੀ ਜੋ, ਉਸਦੀ ਜ਼ੁਬਾਨੀ
ਉਸਦੇ ਹਿਜਾਬ ਵਿਚੋਂ ਝਾਤੀ ਮਾਰਦੀ ਬਿੰਦੀ
ਉਸਦੀ ਆਸਥਾ 'ਚੋਂ ਆਪਣਾ ਧਰਮ ਤੱਕਿਆ

ਜਾਪ ਰਿਹਾ ਸੀ ਔਰਤ ਬੇਹੱਦ ਬਾਤੂਨੀ
ਏਨੀਆਂ ਗੱਲਾਂ ਕਰਦੀ ਭੋਰਾ ਨਾ ਥੱਕਦੀ
ਆਪਣੇ ਕਹੇ ਨੂੰ ਬਾਰ ਬਾਰ ਦੁਹਰਾਉਂਦੀ
ਪਰ ਚੰਗੀ ਲੱਗੇ ਆਪਣਿਆਂ ਜੇਹੀ
ਉਸਦੇ ਦੁਹਰਾਓ 'ਚ ਆਪਣਾ ਦੁੱਖ ਸੁਣਿਆ
ਜੋ ਕਹਿਣਾ ਚਾਹੁੰਦਾ ਸਾਂ ਆਪਣੀ ਜ਼ੁਬਾਨੀ

ਹੋ ਰਿਹਾ ਜੋ ਘਟਿਤ ਚੁੱਪ ਚਾਪ
ਉਸ ਸਾਰੇ ਬਾਰੇ ਏਨਾਂ ਸੁਣ ਵੇਖ
ਲੱਗਾ ਅਜੇ ਵੀ ਬਹੁਤ ਕੁਝ ਸੁਣਨਾ ਬਾਕੀ

ਨਰਾਜ਼ਗੀ 'ਚੋਂ ਮੈਨੂੰ ਉਸਦਾ ਦਰਦ ਸੁਣਿਆ
ਜਿਸ ਬਾਰੇ ਪਰੇਸ਼ਾਨ ਅੱਜ ਕੱਲ੍ਹ ਸਾਰੇ
ਉਸਦੇ ਤੇ ਆਪਣੇ ਭਵਿੱਖ ਦੀ ਚਿੰਤਾ ਸੁਣੀ

ਸਾਰਾ ਕੁਝ ਸੁਣਦਿਆਂ ਮੈਨੂੰ ਚੰਗਾ ਲੱਗਿਆ
ਕਦੋਂ ਬੋਲਣਾ, ਕਿਵੇਂ ਬੋਲਣਾ, ਕਿੱਥੇ ਬੋਲਣਾ, ਕੀ ਬੋਲਣਾ
ਮਹਾਦੇਸ਼ ਅਜੇ ਤੱਕ ਭੁੱਲਿਆ ਨਹੀਂ ਬਿਲਕੁਲ...

♦

## ਸ਼ਾਇਰ ਵਿਸ਼ੇਸ਼



# ਰਮਨ ਸੰਧੂ
# ਦੀਆਂ ਗ਼ਜ਼ਲਾਂ

—1—

ਚਲੋ ਅੱਜ ਇਹ ਪਤਾ ਲੱਗਜੂ ਕਿ ਕਿਸ 'ਤੇ ਕੌਣ ਭਾਰੀ ਹੈ
ਉਦ੍ਹਾ ਵਰ੍ਹਨਾ ਵੀ ਨਈਂ ਰੁਕਿਆ ਮੇਰਾ ਖੁਰਨਾ ਵੀ ਜਾਰੀ ਹੈ

ਕਰੇਂ ਨਾ 'ਜੀ ਹਜ਼ੂਰੀ' ਤਾਂ ਹੀ ਤੂੰ ਅਣਗੌਲਿਐਂ, ਵਰਨਾ
ਤੇਰਾ ਹਰ ਸ਼ਿਅਰ ਗਹਿਰਾ ਹੈ, ਤੇਰੀ ਹਰ 'ਸ਼ੈਅ' ਮਿਆਰੀ ਹੈ

ਪਰਿੰਦੇ ਧਰਮ ਆਪਣੇ ਦੀ ਸ਼ਨਾਖ਼ਤ ਕਰ ਕੇ ਚੁਗਦੇ ਨੇ
ਤੁਸੀਂ ਮਸਜਿਦ ਦੀ ਛੱਤ 'ਤੇ ਚੋਗ ਅੱਜ ਕੈਸੀ ਖਿਲਾਰੀ ਹੈ?

ਜੇ ਸੱਚ ਕੌੜਾ ਜਿਹਾ ਜਾਪੇ ਤਾਂ ਮੈਨੂੰ ਮਾਫ਼ ਕਰਦੀਂ, ਸੁਣ
ਲਿਆਕਤ ਜੋ ਤੂੰ ਪਹਿਨੀ ਹੈ ਉਹ ਵੀ ਮੇਰੀ ਉਤਾਰੀ ਹੈ

ਬੜੇ ਦਿਨ ਬਾਅਦ ਛੱਤ 'ਤੇ ਹਾਂ ਤੇ ਚੰਨ ਪੂਰਾ ਹੈ ਅੰਬਰ 'ਤੇ
ਖ਼ੁਦਾ ਜਾਣੇ ਮੇਰੇ ਸੀਨੇ 'ਚ ਕੈਸੀ ਬੇਕਰਾਰੀ ਹੈ

ਜਦੋਂ ਵੀ ਸਮਝ ਨਾ ਆਵੇ ਬਿਨ੍ਹਾਂ ਸਿਰ ਪੈਰ ਦੀ ਕਵਿਤਾ
ਉਦੋਂ ਸਮਝੋ ਕਿ ਸ਼ਾਇਰ ਦੇ ਖਿਆਲਾਂ ਦੀ ਉਡਾਰੀ ਹੈ

—2—

ਫ਼ਲਕ 'ਤੇ ਕਬਜ਼ਾ ਹੈ ਮੇਰਾ ਪਰ ਸਿਤਾਰੇ ਓਸ ਦੇ
ਮੇਰਿਆਂ ਨੈਣਾਂ 'ਚ ਆ ਗਏ ਅਸ਼ਕ ਸਾਰੇ ਓਸ ਦੇ

ਪੀਂਘ ਰੁੱਖ ਦੀ ਸ਼ਾਖ਼ 'ਤੇ ਲਟਕੀ ਦੀ ਲਟਕੀ ਰਹਿ ਗਈ
ਨਾਲ ਆਪਣੇ ਲੈ ਗਿਆ ਕੋਈ ਹੁਲਾਰੇ ਓਸ ਦੇ

ਉਂਝ ਤਾਂ 'ਸੈਕਲ' 'ਤੇ ਟੰਗਦੈ ਉਹ ਖਿਡੌਣੇ ਵੀ ਕਈ
ਮੁੱਲ ਲੈ ਕੇ ਮੈਂ ਉਡਾ ਦੇਨਾਂ ਗੁਬਾਰੇ ਓਸ ਦੇ

ਤਾਂ ਹੀ ਨਿਭ ਸਕਿਆ ਨਾ ਸਾਡਾ ਪਾਕ ਰਿਸ਼ਤਾ ਦੇਰ ਤੱਕ
ਪਹਿਨ ਨਾ ਸਕਿਆ ਸਲੀਕੇ ਮੈਂ ਉਤਾਰੇ ਓਸ ਦੇ

### *ਸਵੈ ਕਥਨ*

ਸਾਹਿਤ ਨਾਲ ਮੇਰਾ ਕੋਈ ਵਾਸਤਾ ਨਹੀਂ ਸੀ। ਮੈਂ ਤਾਂ ਸਿਵਿਲ ਇੰਜੀਨੀਅਰ ਵੱਜੋਂ ਨੌਕਰੀ ਕਰਦਾ ਖਾੜੀ ਦੇ ਦੇਸ਼ਾਂ ਦੀ ਰੇਤ ਫੱਕਦਾ ਸਾਂ। ਸੀਮੈਂਟ, ਬੱਜਰੀ ,ਸਰੀਆ, ਨਕਸ਼ੇ, ਇਮਾਰਤਾਂ, ਪੁਲ, ਸੜਕਾਂ, ਬਸ ਇਹੀ ਕੁਝ ਸੋਚਦਾ ਸਾਂ। ਸੁਪਨਿਆਂ 'ਚ ਵੀ ਅਜਿਹਾ ਕੁਝ ਹੀ ਦਿਸਦਾ ਸੀ। ਮੈਨੂੰ ਯਾਦ ਨਹੀਂ ਕਿ ਕਵਿਤਾ ਨੇ ਕਦੋਂ ਤੇ ਕਿਵੇਂ ਮੈਨੂੰ ਉਂਗਲੀ ਫੜਾ ਕੇ ਆਪਣੇ ਨਾਲ ਤੋਰ ਲਿਆ। ਤੋਰਿਆ ਵੀ ਕਵਿਤਾ ਦੀ ਉਸ ਵਿਧਾ ਨੇ ਜਿਸ ਨੂੰ ਸਿੱਖਣਾ ਪੈਂਦਾ ਹੈ। ਗ਼ਜ਼ਲ ਦੇ ਸ਼ਿਅਰ ਲਿਖਣ ਲਈ ਸਿਰਫ ਖਿਆਲ ਦਾ ਹੋਣਾ ਹੀ ਕਾਫੀ ਨਹੀਂ ਹੁੰਦਾ ਸਗੋਂ ਅਰੂਜ਼ ਦੀ ਜਾਣਕਾਰੀ ਹੋਣੀ ਬੇਹੱਦ ਜ਼ਰੂਰੀ ਹੁੰਦੀ ਹੈ। ਮੈਂ ਤਾਂ ਬਿਲਕੁਲ ਅਣਜਾਣ ਸਾਂ (ਤੇ ਕਾਫੀ ਹੱਦ ਤੱਕ ਹੁਣ ਵੀ ਅਣਜਾਣ ਹਾਂ)। ਬਸ ਜੋ ਲਿਖਿਆ ਕਰਨਾ ਉਸ ਨੂੰ ਪੰਜ ਸੱਤ ਵਾਰ ਗੁਨਗੁਣਾ ਕੇ ਵੇਖਣਾ ਤੇ ਫਿਰ ਡਾਇਰੀ 'ਤੇ ਲਿਖ ਲੈਣਾ। ਮੈਨੂੰ ਨਹੀਂ ਸੀ ਪਤਾ ਹੁੰਦਾ ਕਿ ਇਹ ਕੀ ਹੈ । ਫਿਰ ਹਾਲ ਅਜਿਹਾ ਹੋ ਗਿਆ ਕੇ ਮੈਨੂੰ ਛੱਤ ਦੀ ਸਲੈਬ ਲਈ ਸਰੀਏ ਦੇ ਬੰਨ੍ਹੇ ਜਾਲ ਵਿੱਚੋਂ ਵੀ ਗੁਰਮੁਖੀ ਦੇ ਅੱਖਰ ਨਜ਼ਰ ਆਉਣ ਲੱਗ ਪਏ। ਮੈਂ ਨਿਰੰਤਰ ਲਿਖਣ ਲੱਗਾ ਤੇ ਡਾਇਰੀ 'ਤੇ ਕਾਫੀ ਕਵਿਤਾਵਾਂ ਨੁਮਾ ਗਜ਼ਲਾਂ ਲਿਖ ਲਈਆਂ ਪਰ ਕਿਸੇ ਨਾਲ ਵੀ ਕਦੀ ਕੁਝ ਸਾਂਝਾ ਨਹੀਂ ਕੀਤਾ। ਸਾਲ 2011-12 ਵਿਚ ਮੈਨੂੰ ਵਾਪਸ ਆਪਣੇ ਦੇਸ਼ ਪਰਤਣਾ ਪਿਆ। ਮੈਨੂੰ ਯਾਦ ਹੈ ਇਕ ਦਿਨ ਸੁਖਵੰਤ ਚਿਤਰਕਾਰ ਦੇ ਘਰ ਬੈਠਾ ਸਾਂ । ਉਹ ਕੋਈ ਚਿਤਰ ਬਣਾ ਰਹੇ ਸੀ । ਗੱਲਾਂ ਕਰਦਿਆਂ ਕਰਦਿਆਂ ਮੈਂ ਆਦਤ ਅਨੁਸਾਰ ਵਾਰ ਵਾਰ ਕੁਝ ਗੁਨਗੁਣਾ ਰਿਹਾ ਸੀ ।ਉਨ੍ਹਾਂ ਪੁੱਛਿਆ ਕਿ ਇਹ ਕਿਸ ਦਾ ਲਿਖਿਆ ਹੈ, ਮੈਂ ਕਿਹਾ ਮੇਰਾ। ਸੁਖਵੰਤ ਭਾਅ ਜੀ ਨੇ ਮੇਰੇ ਵੱਲ ਹੈਰਾਨ ਜਿਹੇ ਹੋ ਕੇ ਵੇਖਿਆ। ਦੁਬਾਰਾ ਉਹੀ ਸ਼ਿਅਰ ਮੇਰੇ ਕੋਲੋਂ ਸੁਣੇ ਤੇ ਕਿਹਾ ਇਹ ਤਾਂ ਬਹੁਤ ਵਧੀਆ। ਫਿਰ ਮੈਂ ਉਨ੍ਹਾਂ ਨੂੰ ਡਾਇਰੀ ਬਾਰੇ ਦੱਸਿਆ। ਉਨ੍ਹਾਂ ਪੇਂਟਿੰਗ ਵਿੱਚੇ ਛੱਡ ਦਿੱਤੀ ਤੇ ਮੇਰੇ ਨਾਲ ਹੀ ਮੇਰੇ ਘਰ ਆ ਗਏ ਜੋ ਓਸੇ ਗਲੀ ਵਿਚ ਸੀ। ਉਸ ਦਿਨ ਅਸੀਂ ਅੱਧੀ ਰਾਤ ਤੱਕ ਮੇਰੀਆਂ ਕਵਿਤਾਵਾਂ ਬਾਰੇ ਗੱਲਾਂ ਕੀਤੀਆਂ। ਉਨ੍ਹਾਂ ਵੱਲੋਂ ਮਿਲੀ ਸ਼ਾਬਾਸ਼ੀ ਕਰਕੇ ਹੀ 2014 'ਚ ਪਹਿਲੀ ਕਿਤਾਬ 'ਤਾਂ ਸੁਪਨੇ ਕੀ ਸੋਚਣਗੇ' ਤੇ 2017 'ਚ 'ਸੁਪਨਿਆਂ ਸੰਗ ਸੰਵਾਦ' ਛਪਵਾ ਸਕਿਆ । ਤੀਜੀ ਕਿਤਾਬ ਦੀ ਤਿਆਰੀ ਕਰ ਰਿਹਾ ਹਾਂ। 'ਤਾਂ ਸੁਪਨੇ ਕੀ ਸੋਚਣਗੇ' ਨੂੰ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ ਪੁਰਸਕਾਰ ਦੇਣ ਦਾ ਐਲਾਨ ਹੋਇਆ ਹੈ ਜੋ ਗ਼ਜ਼ਲ ਲੇਖਕਾਂ ਤੇ ਪਾਠਕਾਂ ਲਈ ਬੇਹੱਦ ਮਾਣ ਵਾਲੀ ਗੱਲ ਹੈ। ਮੇਰਾ ਮੰਨਣਾ ਹੈ ਕਿ ਕਵਿਤਾ ਜੇ ਚੰਗੀ ਹੈ ਤਾਂ ਉਹ ਪੜ੍ਹ ਕੇ ਚੰਗੀ ਲੱਗਦੀ ਹੈ ਤੇ ਗ਼ਜ਼ਲ ਦੇ ਸ਼ਿਅਰ ਜੇ ਚੰਗੇ ਹਨ ਤਾਂ ਉਹ ਬੋਲ ਕੇ ਜਾਂ ਸੁਣ ਕੇ ਚੰਗੇ ਲੱਗਦੇ ਹਨ। ਸ਼ੁਰੂ ਸ਼ੁਰੂ 'ਚ ਮੰਚ 'ਤੇ ਜਾ ਕੇ ਕਵਿਤਾ ਪੜ੍ਹਨਾ ਅਜੀਬ ਜਿਹਾ ਲੱਗਦਾ ਸੀ ਪਰ ਹੁਣ ਮੈਨੂੰ ਚੰਗਾ ਲੱਗਦਾ ਹੈ। ਜ਼ਰੂਰੀ ਨਹੀਂ ਹੁੰਦਾ ਕਿ ਹਰ ਸ਼ਿਅਰ ਤਾੜੀਆਂ ਜਾਂ ਵਾਹ ਵਾਹ ਬਟੋਰ ਲਵੇ, ਕੁਝ ਸ਼ਿਅਰ ਸਾਨੂੰ ਸੁੰਨ ਵੀ ਕਰ ਸਕਦੇ ਹਨ ਤੇ ਸੂੰਤੇ ਅਜਿਹੇ ਸ਼ਿਅਰਾਂ ਨੂੰ ਆਪਣੇ ਨਾਲ ਲੈ ਜਾਂਦੇ ਹਨ। ਮੈਂ ਚਾਹੁੰਦਾ ਹਾਂ ਕਿ ਅਜਿਹਾ ਸਾਹਿਤ ਰਚਿਆ ਜਾਣਾ ਚਾਹੀਦਾ ਹੈ ਜੋ ਸਭ ਪਾਠਕਾਂ ਲਈ ਹੋਵੇ। ਘੱਟ ਪੜ੍ਹਿਆ ਲਿਖਿਆ ਬੰਦਾ ਵੀ ਪਾਠਕ ਹੁੰਦਾ ਹੈ ਸੋ ਕਵਿਤਾ ਦੀ ਭਾਸ਼ਾ ਸਰਲ ਹੋਵੇ ਤਾਂ ਸਾਰੇ ਸਮਝ ਸਕਦੇ ਹਨ। ਵੈਸੇ ਵੀ ਸਾਡੀ ਭਾਸ਼ਾ ਐਨੀ ਵਿਸ਼ਾਲ ਹੈ ਕਿ ਅਸੀਂ ਸੌਖੇ ਸ਼ਬਦਾਂ ਵਿਚ ਵੀ 'ਵੱਡੀਆਂ ਗੱਲਾਂ' ਕਰ ਸਕਦੇ ਹਾਂ। ਅੰਤ ਵਿਚ ਮੈਂ ਇਹੀ ਕਹਿਣਾ ਚਾਹੁੰਦਾ ਹਾਂ ਤੇ ਮੇਰੀ ਇੱਛਾ ਵੀ ਇਹੀ ਹੈ ਕਿ ਜਦੋਂ ਮੈਂ ਇਸ ਜਹਾਨੋਂ ਰੁਖ਼ਸਤ ਹੋਵਾਂ ਤਾਂ ਮੇਰੇ ਅੰਦਰ ਇਕ ਵੀ ਸ਼ਬਦ ਬਚਿਆ ਨਾ ਹੋਵੇ। ਧੰਨਵਾਦ

*ਰਮਨ ਸੰਧੂ*
ਮੋਬਾ : 9779911773

ਰਮਨ ਸੰਧੂ ਦੇ ਪ੍ਰਕਾਸ਼ਿਤ ਹੋਏ ਦੋ ਗ਼ਜ਼ਲ-ਸੰਗ੍ਰਹਿਆਂ "ਤਾਂ ਸੁਪਨੇ ਕੀ ਸੋਚਣਗੇ" ਤੇ "ਸੁਪਨਿਆਂ ਸੰਗ ਸੰਵਾਦ" ਨੇ ਹੀ ਉਹਦੀ ਪੰਜਾਬੀ ਗ਼ਜ਼ਲ ਵਿਚ ਖ਼ਾਸ ਥਾਂ ਬਣਾ ਦਿੱਤੀ ਹੈ। ਉਹਦਾ ਨਾਮ ਨਵੀਂ ਪੀੜ੍ਹੀ ਦੇ ਉਹਨਾਂ ਪੰਜਾਬੀ ਗ਼ਜ਼ਲਕਾਰਾਂ ਵਿਚ ਸ਼ਾਮਲ ਹੈ ਜਿਹਨਾਂ 'ਤੇ ਮੇਰੇ ਵਰਗੇ ਰਸ਼ਕ ਵੀ ਕਰ ਸਕਦੇ ਹਨ ਤੇ ਈਰਖਾ ਵੀ। ਸਮਝ ਨਹੀਂ ਆਉਂਦੀ ਕਿ ਇਹ ਲੋਕ ਏਨੀ ਉਮਦਾ ਗ਼ਜ਼ਲ ਕਿਵੇਂ ਕਹਿ ਲੈਂਦੇ ਹਨ। ਕਿੱਥੋਂ ਆਉਂਦੇ ਹਨ ਇਹਨਾਂ ਕੋਲ ਅਜੀਬੋ-ਗ਼ਰੀਬ ਤੇ ਅਛੂਤੇ ਖ਼ਿਆਲ; ਕਿਵੇਂ ਉਹ ਇਹਨਾਂ ਨੂੰ ਸ਼ਿਅਰਾਂ ਵਿਚ ਜੜ ਲੈਂਦੇ ਹਨ ਤੇ ਗ਼ਜ਼ਲਾਂ ਦਾ ਅਜਿਹਾ ਤਲਿੱਸਮੀ ਜਾਲ ਬੁਣ ਲੈਂਦੇ ਹਨ ਜਿਸ ਵਿਚ ਭੋਲੇ ਪਾਠਕਾਂ ਨੇ ਫਸਣਾ ਹੀ ਫਸਣਾ ਹੁੰਦਾ ਹੈ।

ਰਮਨ ਦਾ ਹੀ ਇਕ ਸ਼ਿਅਰ ਉਹਦੇ 'ਤੇ ਬਹੁਤ ਢੁਕਦਾ ਹੈ, "ਤੇਰੀ ਹਰ ਚਾਲ ਤੋਂ ਵਾਕਿਫ਼ ਹਾਂ ਬੇਸ਼ਕ / ਬੜੇ ਸਿੱਧੇ ਹਾਂ ਪਰ ਸਿਧਰੇ ਨਹੀਂ। " ਰਮਨ ਨੂੰ ਮਿਲੀਏ ਤਾਂ ਗੱਲਾਂ-ਗੱਲਾਂ 'ਚ ਪਤਾ ਲਗਦਾ ਹੈ ਕਿ ਉਹ ਦਿਲ ਦਾ ਬੜਾ ਸਿੱਧਾ-ਸਾਦਾ। ਪਰ ਸਿਧਰਾ ਨਹੀਂ। ਜਿਹਨੂੰ ਕਰਜ਼ ਦੇ ਮੱਕੜ-ਜਾਲ ਵਿਚ ਫਸਾਇਆ ਨਹੀ ਜਾ ਸਕਦਾ—ਆਰਥਿਕ ਮਾਹਿਰ ਨਹੀਂ ਹੈ ਪਰ ਸਭ ਸਮਝਦਾ ਹੈ ਉਹ। ਉਹ ਕਿਸਾਨ ਹੀ ਰਮਨ ਵਿਚ ਰੁਪਾਂਤ੍ਰਿਤ ਹੋਇਆ ਇੰਜੀਨੀਅਰ ਹੈ। ਇਹੀ ਵਜ੍ਹਾ ਹੈ ਕਿ ਭਾਵੇਂ ਸੱਤਾ ਦੇ ਭੇਤਾਂ ਨਾਲ਼ ਜੁੜੇ ਤੇ ਭਾਵੇਂ ਭਾਵੁਕਤਾ ਨਾਲ ਲਬਰੇਜ਼ ਵਰਤਾਰਿਆਂ ਬਾਰੇ ਗੱਲ ਕਰਦਿਆਂ ਵੀ ਉਹ ਚੇਤਨਾ ਤੇ ਚਿੰਤਨ ਸਾਂਭੀ ਰੱਖਦਾ ਹੈ।

ਉਹਦੇ ਕਲਾਮ ਵਿਚ ਜੇ ਰਿਸ਼ਤਿਆਂ ਦੀ ਪਾਕੀਜ਼ਗੀ ਨੂੰ ਸਿਜਦਾ ਹੋ ਰਿਹਾ ਹੈ ("ਕਿਵੇਂ ਇਕ ਸ਼ਬਦ ਆਪਣੇ ਆਪ ਨੂੰ ਵਿਸਥਾਰ ਦੇਂਦਾ ਹੈ / ਕਿ ਮਾਂ ਦਾ 'ਔਂਤਰਾ' ਕਹਿਣਾ ਵੀ ਮਨ ਨੂੰ ਠਾਰ ਦੇਂਦਾ ਹੈ") ਤਾਂ ਕਾਰਪੋਰੇਟੀ ਵਰਤਾਰਿਆਂ-ਜਣੇ ਖਪਤਕਾਰੀ ਸਭਿਆਚਾਰ 'ਚ ਇਸ ਪਾਕੀਜ਼ਗੀ ਦੇ ਹੋ ਰਹੇ ਪਤਨ ਦਾ ਦੁੱਖ ਵੀ ਹੈ, ਵਿਅੰਗ ਵੀ ਹੈ ("ਉਨ੍ਹਾਂ ਦੇ ਹੇਠ ਦੱਬ ਕੇ ਵੀ ਹਮੇਸ਼ਾ ਮੁਸਕੁਰਾਉਂਦੇ ਨੇ / ਕਿ ਲੋਕੀਂ ਰਿਸ਼ਤਿਆਂ ਦਾ ਬੋਝ ਕੁਝ ਏਦਾਂ ਉਠਾਉਂਦੇ ਨੇ") ਰਿਸ਼ਤਿਆਂ ਦਾ ਪੁੱਠਾ ਪਾਸਾ ਵੀ ਉਹ ਬੇਕਿਰਕ ਹੋ ਕੇ ਦਿਖਾਉਂਦਾ ਹੈ, "ਅਗਰ ਘੁਟ ਘੁਟ ਕੇ ਮਰਨਾ ਹੈ ਤਾਂ ਮਰ ਸਕਦੇ ਹਾਂ ਏਦਾਂ ਵੀ / ਅਗਰ ਘੁਟ ਘੁਟ ਕੇ ਜੀਣਾ ਹੈ ਤਾਂ ਫਿਰ ਰਿਸ਼ਤੇ ਜ਼ਰੂਰੀ ਨੇ" ਜਾਂ "ਵਿਰਾਸਤ ਵਿਚ ਮਿਲੇ ਏਦਾਂ ਦੇ ਕੁਝ ਰਿਸ਼ਤੇ ਜਿਨ੍ਹਾਂ ਸਦਕਾ / ਅਸੀਂ ਜ਼ਿੰਦਾ ਤਾਂ ਹਾਂ ਲੇਕਿਨ ਅਸੀਂ ਜੀਂਦੇ ਹਾਂ ਮਰ ਮਰ ਕੇ"।

ਅਣਗੌਲ਼ੀਆਂ ਪ੍ਰਤਿਭਾਵਾਂ ਦੇ ਦੁਖਾਂਤ, ਸੱਤਾ/ਸਥਾਪਤੀ ਦੀਆਂ ਆਪਹੁਦਰੀਆਂ, ਅਜੋਕੇ ਮਨੁੱਖ ਦੇ ਮਨ 'ਤੇ ਨਿਰੰਤਰ ਪੈ ਰਹੇ ਦਬਾਵਾਂ ਦੇ ਕੁਪ੍ਰਭਾਵਾਂ ਤੇ ਉਹਨਾਂ ਦੀਆਂ ਪ੍ਰਤਿਕਿਰਿਆਵਾਂ, ਮਾਨਸਿਕ ਉਲਝਣਾਂ/ਦੁਬਿਧਾਵਾਂ/ਦਵੰਦਾਂ ਨੂੰ ਆਪਣੀ ਗ਼ਜ਼ਲਕਾਰੀ ਦਾ ਹਿੱਸਾ ਬਣਾਉਂਦਿਆਂ ਅਤੇ ਉਹਨਾਂ ਦੀ ਤਸਵੀਰਕਸ਼ੀ ਕਰਦਿਆਂ ਉਹ ਬਿਲਕੁਲ ਸਹਿਜ ਭਾਸ਼ਾ/ਪ੍ਰਵਚਨ ਵਰਤਦਿਆਂ ਅਰਥ-ਸੰਚਾਰ ਨੂੰ ਆਸਾਨ ਰੱਖੀ ਰੱਖਦਾ ਹੈ। ਰੰਗੀਲਾ ਤਾਂ ਕਿਤੇ ਹੋ ਜਾਵੇ—ਸ਼ੋਰੀਲਾ ਨਹੀਂ ਹੁੰਦਾ। ਉਹਦੀ ਗ਼ਜ਼ਲਕਾਰੀ 'ਚੋਂ ਗੁਜ਼ਰਦਿਆਂ ਇੰਞ ਮਹਿਸੂਸ ਹੁੰਦਾ ਹੈ ਜਿਵੇਂ ਮੱਠੇ-ਮੱਠੇ, ਮਿੱਠੇ-ਮਿੱਠੇ ਸੰਗੀਤ 'ਚੋਂ ਗੁਜ਼ਰ ਰਹੇ ਹੋਈਏ।

ਰਮਨ ਸੰਧੂ ਦੀਆਂ ਗ਼ਜ਼ਲਾਂ ਭਾਵੇਂ ਵਜ਼ਨ-ਬਹਿਰ ਪੱਖੋਂ ਬੇਐਬ ਹਨ ਪਰ ਉਹ ਆਪਣੇ ਹਾਣੀ ਗ਼ਜ਼ਲਕਾਰਾਂ ਵਾਂਙ 'ਲਗਜੂ, ਕਰਦੀਂ, ਕਰਗੇ, ਬਣਜੇਂ, .... ਜਿਹੇ ਸ਼ਾਰਟਕੱਟ ਵੀ ਮਾਰ ਜਾਂਦਾ ਹੈ। ਸ਼ਾਰਟਕੱਟ ਕਿਸੇ ਸਫ਼ਰ ਦਾ ਹਿੱਸਾ ਤਾਂ ਹੋ ਸਕਦੇ ਹਨ ਪਰ ਲੰਮੇ ਰਾਹਾਂ ਦੇ ਰਾਹੀਆਂ ਦੇ ਰਾਹ ਨਹੀਂ। ਜਿਨ੍ਹਾਂ ਰਾਹੀਆਂ 'ਚ ਦਮ ਹੋਵੇ ਉਹ ਸ਼ਾਰਟਕੱਟ ਨਹੀਂ ਭਾਲਦੇ। ਰਮਨ ਵਿਚ ਬੜਾ ਦਮ ਹੈ—ਏਨਾ ਮੈਨੂੰ ਪਤਾ ਹੈ।

– ਸਰਬਜੀਤ ਸਿੰਘ ਸੰਧੂ

ਇੱਕ ਸ਼ਾਇਰ ਕਰ ਗਿਆ ਇਜ਼ਹਾਰ ਅਪਣੇ ਇਸ਼ਕ ਦਾ
ਸਮਝ ਮੇਰੀ ਤੋਂ ਪਰ੍ਹੇ ਸੀ ਲਫ਼ਜ਼ ਭਾਰੇ ਓਸ ਦੇ

ਨਾਵ ਤਾਂ ਹੱਥਾਂ 'ਚ ਚੱਪੂ ਵੇਖ ਕੇ ਘਬਰਾ ਗਈ
ਲੋਚਦਾ ਸਾਂ ਪਾਰ ਜਾਣਾ ਮੈਂ ਸਹਾਰੇ ਓਸ ਦੇ

—3—

ਕਿਵੇਂ ਇਕ ਸ਼ਬਦ ਆਪਣੇ ਆਪ ਨੂੰ ਵਿਸਥਾਰ ਦੇਂਦਾ ਹੈ
ਕਿ ਮਾਂ ਦਾ 'ਔਂਤਰਾ' ਕਹਿਣਾ ਵੀ ਮਨ ਨੂੰ ਠਾਰ ਦੇਂਦਾ ਹੈ

ਕਿਸੇ ਕੰਧ ਨਾਲ ਢੋਅ ਲਾ ਕੇ ਜਦੋਂ ਦਮ ਲੈਣ ਦੀ ਸੋਚਾਂ
ਮੇਰੇ ਕਦਮਾਂ ਨੂੰ ਓਦੋਂ ਹੀ ਸਫ਼ਰ ਰਫ਼ਤਾਰ ਦੇਂਦਾ ਹੈ

ਸਮੇਂ ਦੇ ਪੈਰ ਜ਼ਖ਼ਮੀ ਨੇ, ਲਹੂ ਵਿਛਿਆ ਹੈ ਰਾਹਾਂ 'ਤੇ
ਮੈਂ ਆਪਣੇ ਘਰ ਪਹੁੰਚ ਜਾਂਦਾ ਹਾਂ ਘਰ ਦੁਰਕਾਰ ਦੇਂਦਾ ਹੈ

ਅਜੋਕੇ ਦੌਰ ਵਿਚ ਰਲ਼ਗੱਡ ਨੇ ਟੀਵੀ ਦੇ 'ਨਾਟਕ' ਵੀ
ਮੇਰੇ ਸੁਪਨੇ 'ਚ ਇਕ ਪਾਂਡਵ ਤਾਂ 'ਸੀਤਾ' ਹਾਰ ਦੇਂਦਾ ਹੈ

ਮੈਂ ਕਿੰਨਾ ਢੀਠ ਹਾਂ, ਦਿਸਦਾ ਹਾਂ ਜ਼ਿੰਦਾ ਫਿਰ ਸੁਬ੍ਹਾ ਉਸਨੂੰ
ਜੋ ਸ਼ਾਮੀਂ ਢਲਣ ਲੱਗਿਆਂ ਰੋਜ਼ ਮੈਨੂੰ ਮਾਰ ਦੇਂਦਾ ਹੈ

ਚਲੋ ਅੱਜ ਫੇਰ ਸੁਣ ਲੈਂਦੇ ਹਾਂ ਉਸਦੇ 'ਦਿਲ ਦੀਆਂ ਗੱਲਾਂ'
ਮਲਾਹ ਦੇ ਇਵਜ਼ ਵਿਚ ਕਿਸ਼ਤੀ ਨੂੰ ਜੋ ਪਤਵਾਰ ਦੇਂਦਾ ਹੈ

—4—

ਸਮੁੰਦਰ ਖ਼ੌਲਦੇ ਤੋਂ ਖ਼ੌਫ ਖਾ ਕੇ , ਹਸ਼ਰ ਤੋਂ ਡਰ ਕੇ
ਤੁਸੀਂ ਕਿਉਂ ਪਰਤ ਆਏ ਕਿਸ਼ਤੀਆਂ ਨੂੰ ਰੇਤ 'ਤੇ ਧਰ ਕੇ?

ਨਿਆਣੇ ਨੇ ਮਿਲੂ ਫਿਰ ਵੀ ਮੁਸ਼ੱਕਤ ਆਪ ਹੀ ਕਰ ਕੇ
ਯਤੀਮਾਂ ਲਈ ਕਿਸੇ ਚੁੰਝ ਨੇ ਨੀ ਆਉਣਾ ਚੋਗ ਭਰ ਭਰ ਕੇ

ਖ਼ੁਦਾ ਜਾਣੇ ਉਦ੍ਹਾ ਕੀ ਹਾਲ ਹੋਵੇਗਾ ਇਹ ਖ਼ਤ ਪੜ੍ਹ ਕੇ
ਮੇਰੇ ਲਫ਼ਜ਼ਾਂ ਦਾ ਏਨਾ ਭਾਰ ਹੈ ਕਿ ਲਿਫ ਗਏ ਵਰਕੇ

ਜੋ ਦਿਲ 'ਚੋਂ ਰੁਖ਼ਸਤੀ ਲੈ ਗਏ ਉਨ੍ਹਾਂ ਮੁੜ ਕੇ ਨਹੀਂ ਆਉਣਾ
ਉਡੀਕਾਂ ਕਿਸ ਦੀਆਂ ਕਰਦੇ ਹੋ ਦੀਵੇ ਸਰਦਲੀਂ ਧਰ ਕੇ?

ਤੂੰ ਛੱਡਿਆ ਤਾਂ ਕਿਤੇ ਜਾ ਕੇ ਹੋਈ ਪੂਰੀ ਮੇਰੀ ਇੱਛਾ
ਮੈਂ ਅਕਸਰ ਵੇਖਣਾ ਚਾਹੁੰਦਾ ਸਾਂ 'ਵੱਡਾ' ਦਰਦ ਵੀ ਜਰ ਕੇ

ਵਿਰਾਸਤ ਵਿਚ ਮਿਲੇ ਏਦਾਂ ਦੇ ਕੁਝ ਰਿਸ਼ਤੇ ਜਿਨ੍ਹਾਂ ਸਦਕਾ
ਅਸੀਂ ਜ਼ਿੰਦਾ ਤਾਂ ਹਾਂ ਲੇਕਿਨ ਅਸੀਂ ਜੀਂਦੇ ਹਾਂ ਮਰ ਮਰ ਕੇ

—5—

ਜ਼ਮਾਨੇ ਤੋਂ ਛੁਪ ਕੇ ਮੁਕੱਦਰਾਂ ਤੋਂ ਚੋਰੀ
ਮਿਲੂੰਗਾ ਮੈਂ ਮੰਜ਼ਲ ਨੂੰ ਸਫ਼ਰਾਂ ਤੋਂ ਚੋਰੀ

ਜ਼ਮੀਂ 'ਤੇ ਤਾਂ ਲਿਖਿਆ ਸੀ ਉਗਣਾ ਮਨ੍ਹਾ ਹੈ
ਮੈਂ ਉੱਗਿਆ ਵੀ ਖਿੜਿਆ ਵੀ ਬੰਜਰਾਂ ਤੋਂ ਚੋਰੀ

ਇਹ ਮੁਮਕਿਨ ਹੈ ਕਬਰਾਂ ਨੂੰ ਇਤਰਾਜ਼ ਹੋਵੇ
ਦਫ਼ਨ ਕਰ ਦਿਓ ਮੈਨੂੰ ਕਬਰਾਂ ਤੋਂ ਚੋਰੀ

ਸਮਾਂ ਹੀ ਕੁਲਹਿਣਾ ਹੈ, ਅੱਜਕਲ੍ਹ ਪਰਿੰਦੇ
ਉਡਾਰੀ ਵੀ ਭਰਦੇ ਨੇ ਅੰਬਰਾਂ ਤੋਂ ਚੋਰੀ

ਗੁਨਾਹਾਂ ਦੇ ਹੇਠਾਂ ਹੀ ਦੱਬ ਜਾਣਗੇ ਉਹ
ਗੁਨਾਹ ਕਰ ਰਹੇ ਨੇ ਜੋ ਹਸ਼ਰਾਂ ਤੋਂ ਚੋਰੀ

ਪਤਾ ਨੀ ਮੈਂ ਕੀ ਕੀ ਲੁਕਾਉਂਦਾ ਹਾਂ ਸਭ ਤੋਂ
ਜੇ ਕਵਿਤਾ ਵੀ ਲਿਖਦਾਂ ਤਾਂ ਅੱਖਰਾਂ ਤੋਂ ਚੋਰੀ

—6—

ਹਯਾਤੀ ਹੈ, ਫਿਕਰ ਕਾਹਦਾ ਹੈ, ਰੁੱਤਾਂ ਬਦਲਦੇ ਰਹਿਣਾ
ਜ਼ਰਦ ਪੱਤਿਆਂ ਨੂੰ ਖਹਿ ਕੇ ਵੀ ਹਵਾਵਾਂ ਰੁਮਕਦੇ ਰਹਿਣਾ

ਜ਼ਰਾ ਗੁੱਸੇ 'ਚ ਆ ਕੇ ਪਾੜ ਤਾਂ ਬੈਠੈ ਉਹ ਖ਼ਤ ਤੇਰੇ
ਉਨ੍ਹੇਂ ਹੁਣ ਉਮਰ ਸਾਰੀ ਟੁਕੜਿਆਂ ਨੂੰ ਜੋੜਦੇ ਰਹਿਣਾ

ਜਿਨ੍ਹਾਂ ਦੀ ਸੋਚ ਵਿਚ ਡੁੱਬਦਾ ਨਹੀਂ ਰਾਤਾਂ ਨੂੰ ਵੀ ਸੂਰਜ
ਉਨ੍ਹਾਂ ਅਕਸਰ ਹਕੂਮਤ ਦੀ ਨਜ਼ਰ ਵਿਚ ਰੜਕਦੇ ਰਹਿਣਾ

ਤੇਰੀ ਹਿੱਕ 'ਤੇ ਮੇਰੀ ਪੁਸਤਕ ਅਗਰ ਸੌਂ ਵੀ ਗਈ ਤਾਂ ਕੀ
ਮੇਰੇ ਸ਼ਿਅਰਾਂ ਤੇਰੇ ਮਸਤਕ 'ਚ ਫਿਰ ਵੀ ਜਾਗਦੇ ਰਹਿਣਾ

ਅਸੀਂ ਰਸਤੇ ਤਲਾਸ਼ਾਂਗੇ ਤੇ ਮੰਜ਼ਲ ਪਾ ਲਵਾਂਗੇ ਪਰ
ਤੁਸਾਂ ਨੇ ਰਸਤਿਆਂ ਉੱਤੇ ਵੀ ਪੈੜਾਂ ਭਾਲਦੇ ਰਹਿਣਾ

ਇਜਾਜ਼ਤ ਬਿਰਖ ਤੋਂ ਲੈਣੀ ਜ਼ਰੂਰੀ ਹੈ ਨਾ ਮੌਸਮ ਤੋਂ
ਅਸਾਡਾ ਕੰਮ ਹੈ ਟਾਹਣੀ 'ਤੇ ਤੀਲੇ ਜੋੜਦੇ ਰਹਿਣਾ

—7—

ਸੜਕ ਤੋਂ ਹਟਵੀਆਂ ਰਾਹਵਾਂ, ਡਰਾਉਣੇ ਆਰਜ਼ੀ ਰਸਤੇ
ਉਹਦੇ ਘਰ ਤੀਕ ਲੈ ਜਾਂਦੇ ਨੇ ਮੈਨੂੰ ਅਜਨਬੀ ਰਸਤੇ

ਜਦੋਂ ਤੂੰ ਨਾਲ ਸੀ ਆਸਾਨ ਸੀ ਕੰਡਿਆਂ 'ਤੇ ਤੁਰਨਾ ਵੀ
ਬਿਨਾਂ ਤੇਰੇ, ਮੇਰੇ ਪੈਰਾਂ 'ਚ ਚੁਭਦੇ ਮਖਮਲੀ ਰਸਤੇ

ਉਹਦਾ ਸੁੱਕਣਾ ਤੇ ਸੁੱਕ ਕੇ ਰੇਤ ਹੋਣਾ ਠੀਕ ਸੀ ਵਰਨਾ
ਨਦੀ ਕਿੱਦਾਂ ਸਮੁੰਦਰ ਤੀਕ ਜਾਂਦੀ ਕਾਗ਼ਜ਼ੀ ਰਸਤੇ

ਮੇਰੇ ਸ਼ੱਕ ਦੀ ਵਜ੍ਹਾ ਬਣਦੀ ਹੈ ਉਸ ਦੀ ਬੇਰੁਖ਼ੀ ਕਾਹਤੋਂ
ਦਗ਼ਾ ਦੇਣੀ ਹੈ ਜੇ ਉਸ ਨੇ, ਬਥੇਰੇ ਹੋਰ ਵੀ ਰਸਤੇ

ਅਸੀਂ ਚੱਲਣਾਂ ਸਿਰਾਂ ਦੇ ਭਾਰ ਮੰਜ਼ਲ ਅਹਿਮ ਹੈ ਸਾਨੂੰ
ਤੁਸੀਂ ਮੁਹਤਾਜ ਪੈਰਾਂ ਦੇ ਤੁਸਾਂ ਲਈ ਲਾਜ਼ਮੀ ਰਸਤੇ

ਤੇ ਫਿਰ ਇਕ ਦਿਨ ਭਟਕਣਾ ਹੀ ਮੁਕੱਦਰ ਹੋ ਗਿਆ ਮੇਰਾ
ਜੋ ਮੰਜ਼ਲ ਦੀ ਤਰਫ਼ ਜਾਂਦੇ ਸੀ, ਕਰਗੇ ਖ਼ੁਦਕੁਸ਼ੀ ਰਸਤੇ

ਰਮਨ ਸੰਧੂ ਪੰਜਾਬੀ ਗ਼ਜ਼ਲ ਦੀ ਉਸ ਪੀੜ੍ਹੀ ਦੇ ਸ਼ਾਇਰਾਂ ਵਿਚ ਉਭਰਵਾਂ ਨਾਂ ਹੈ ਜੋ ਵਰਤਮਾਨ ਵਿਚ ਰਚਨਾਕਾਰੀ ਵਿਚ ਲੀਨ ਹੈ। ਇਸ ਪੀੜ੍ਹੀ ਦੇ ਦੋ ਦਰਜਨ ਦੇ ਕਰੀਬ ਸ਼ਾਇਰ ਗ਼ਜ਼ਲ ਵਿਧਾ ਦੇ ਮਾਧਿਅਮ ਰਾਹੀਂ ਸਮਕਾਲੀ ਯਥਾਰਥ ਦੀ ਪੇਸ਼ਕਾਰੀ ਕਰ ਰਹੇ ਹਨ। ਰਮਨ ਇਨ੍ਹਾਂ ਸਾਰੇ ਸ਼ਾਇਰਾਂ ਵਿਚ ਵੀ ਵੱਖਰਾ ਖੜ੍ਹਾ ਨਜ਼ਰ ਆਉਂਦਾ ਹੈ। ਇਸ ਵੱਖਰਤਾ ਦਾ ਕਾਰਨ ਗ਼ਜ਼ਲ ਦੇ ਖੇਤਰ ਵਿਚ ਰਮਨ ਵੱਲੋਂ ਕੀਤੀ ਗਈ ਸਖ਼ਤ ਮਿਹਨਤ ਅਤੇ ਲਗਨ ਹੈ। ਗ਼ਜ਼ਲ ਵਿਧਾ ਦੀ ਸੀਮਾ ਇਸ ਦੇ ਵਿਧਾਨ ਵਿਚ ਹੀ ਪਈ ਹੈ। ਸ਼ਾਇਰ ਦੋ ਮਿਸਰਿਆਂ ਦੇ ਮਿਲਾਣ ਅਤੇ ਕਾਫ਼ੀਆ/ਰਦੀਫ ਦੀ ਪਾਲਣਾ ਕਰਨ ਨੂੰ ਹੀ ਸ਼ਾਇਰੀ ਸਮਝ ਲੈਂਦੇ ਹਨ। ਬਹੁਤੇ ਸ਼ਾਇਰਾਂ ਕੋਲ ਵਿਧਾਨ ਦੀ ਜਾਣਕਾਰੀ ਤਾਂ ਹੁੰਦੀ ਹੈ ਪਰ ਕਹਿਣ ਲਈ ਕੋਈ ਗੱਲ ਨਹੀਂ ਹੁੰਦੀ। ਨਤੀਜਨ ਗ਼ਜ਼ਲ ਦੇ ਰੂਪ ਵਿਚ ਖੁਸ਼ਕ ਤੇ ਰੁੱਖੀ ਸ਼ਬਦਕਾਰੀ ਤੇ ਤਰਕੀਬਾਂ ਦਾ ਦੁਹਰਾਅ ਸਾਮ੍ਹਣੇ ਆਈ ਜਾਂਦਾ ਹੈ। ਇਸ ਦੇ ਮੁਕਾਬਲੇ ਰਮਲ ਕੋਲ ਕਹਿਣ ਲਈ ਨਿੱਜ ਤੋਂ ਲੈ ਕੇ ਕਾਇਨਾਤ ਤਕ ਦੇ ਅਨੇਕ ਪਾਸਾਰ ਹਨ। ਉਸਦੀ ਕਾਵਿਤ ਸ਼ਖ਼ਸੀਅਤ ਮਨੁੱਖੀ ਹੋਂਦ ਦੇ ਦਰਸ਼ਨ ਅਤੇ ਸੁਪਨਿਆਂ ਵਿਚੋਂ ਉਸਰੀ ਹੈ। ਸੁਪਨਿਆਂ ਦਾ ਬਣਨਾ, ਵਿਣਸਣਾ ਅਤੇ ਇਸ ਦੀ ਚੁਭਨ ਰਮਨ ਦੀ ਸ਼ਾਇਰੀ ਦੇ ਆਰ-ਪਾਰ ਫੈਲਿਆ ਥੀਮ ਹੈ। ਮੁਹੱਬਤ ਦੇ ਭਾਵਾਂ ਨੂੰ ਸ਼ਾਇਰੀ ਵਿਚ ਸਮਾਉਂਦਾ ਸਾਡਾ ਸ਼ਾਇਰ ਆਪਣੇ ਦੌਰ ਦੀ ਵਿਯੋਗੀ ਚੇਤਨਾ ਨੂੰ ਵੀ ਪ੍ਰਸਾਰਿਤ ਕਰ ਰਿਹਾ ਹੁੰਦਾ ਹੈ। ਇਸ ਦੇ ਨਾਲ ਹੀ ਉਸਦੀ ਚੁਸਤ ਭਾਸ਼ਾ ਬਹੁਤ ਪ੍ਰਭਾਵਸ਼ਾਲੀ ਅਰਥ-ਮੰਡਲ ਸਿਰਜਦੀ ਹੈ।

ਕਿਵੇਂ ਇਕ ਸ਼ਬਦ ਆਪਣੇ ਆਪ ਨੂੰ ਵਿਸਤਾਰ ਦੇਂਦਾ ਹੈ
ਕਿ ਮਾਂ ਦਾ ਔਂਤਰਾ ਕਹਿਣਾ ਵੀ ਮਨ ਨੂੰ ਠਾਰ ਦੇਂਦਾ ਹੈ

ਸੁਨਹਿਰੀ ਤਾਜ ਧਰਨਾ ਸੀ ਮੇਰੇ ਸਿਰ 'ਤੇ ਉਨ੍ਹਾਂ ਨੇ, ਪਰ
ਉਨ੍ਹਾਂ ਦੀ ਸ਼ਰਤ ਸੀ ਝੁਕਣਾ ਤੇ ਝੁਕਿਆ ਨਾ ਗਿਆ ਮੈਥੋਂ

ਰਮਨ ਦੇ ਦੋ ਗ਼ਜ਼ਲ ਸੰਗ੍ਰਹਿ ਛਪ ਕੇ ਆਏ। ਇਨ੍ਹਾਂ ਸੰਗ੍ਰਹਿਆਂ ਵਿਚ ਉਸਦੀ ਰਚਨਾਕਾਰੀ ਨੇ ਅਗਾਂਹ ਪੁਲਾਂਘ ਹੀ ਨਹੀਂ ਪੁੱਟੀ ਸਗੋਂ ਉਸ ਵਿਚ ਅੰਬਰਮੁਖੀ ਗਹਿਰਾਈ ਵੀ ਆਈ ਹੈ। ਆਪਣੇ ਸਾਰੇ ਤਣਾਵਾਂ ਨੂੰ ਭੁੱਲ ਕੇ ਹਰ ਮਹਿਫ਼ਲ ਨੂੰ ਹਲਕੇ ਫੁਲਕੇ ਮਾਹੌਲ ਦੀ ਰੰਗਤ ਵਿਚ ਢਾਲਣਾ ਉਸ ਦੇ ਸੁਭਾਅ ਦੀ ਖਾਸੀਅਤ ਹੈ। ਪੰਜਾਬੀ ਗ਼ਜ਼ਲ ਨੂੰ ਉਸ ਕੋਲੋਂ ਭਰਪੂਰ ਆਸਾਂ ਹਨ ਤੇ ਉਮੀਦ ਹੈ ਕਿ ਰਮਨ ਆਪਣੀ ਸ਼ਾਇਰੀ ਦਾ ਕਲੇਵਰ ਇਨ੍ਹਾਂ ਆਸਾਂ ਦੇ ਹਾਣ ਦਾ ਕਰ ਸਕੇਗਾ।

ਡਾ. ਜਗਵਿੰਦਰ ਯੋਧਾ

ਕਵਿਤਾ : *ਸੁਰਿੰਦਰ ਸੀਰਤ*



## ਜੇ ਤੂੰ ਮੇਰੇ ਵੱਲ ਹੈਂ

ਜੇ ਤੂੰ ਮੇਰੇ ਵੱਲ ਹੈਂ ਤਾਂ ਐ ਬਖਸ਼ਿੰਦੇ
ਬਖ਼ਸ਼ਿਸ਼ ਕਰ ਮੈਂ ਮਾਨੁੱਖ ਹੋਵਾਂ
ਮਾਨਵਤਾ ਦੇ ਹਿੱਤ ਲਈ ਮੈਂ ਆਨ ਖਲੋਵਾਂ
ਜਿਥੇ ਜਿਥੇ ਮਾਨਵ ਹੱਤਿਆ ਕਾਂਡ ਰਚੀਂਦਾ
ਜਿਥੇ ਜਿਥੇ ਨਿਰਬਲ ਤੇ ਮਾਸੂਮ ਸੜੀਂਦਾ
ਬਖਸ਼ਿਸ਼ ਕਰ ਮੈਂ ਉਹ ਜਲ ਹੋਵਾਂ
ਹੱਤਿਆਰੇ 'ਤੇ ਬਰਸਾਂ ਉਸ ਦੇ ਪਾਪ ਨੂੰ ਧੋਵਾਂ
ਮਾਸੂਮਾਂ ਦੇ ਦੁੱਖੜੇ ਸੇਕ ਉਨ੍ਹਾਂ ਸੰਗ ਰੋਵਾਂ
ਆਪਣਾ ਬਲ ਜਗਿਆਸਾ ਵੰਡਾਂ
ਨਾ ਮਾਂ ਧੀ ਨਾ ਬੇਟਾ ਰੋਵੇ
ਤਤੜੇ ਥਲ 'ਤੇ ਸਾਵਣ ਹੋਵਾਂ
ਬਖ਼ਸ਼ਿਸ਼ ਕਰ ਮੈਂ ਉਹ ਜਲ ਹੋਵਾਂ !!!

ਜੇ ਤੂੰ ਮੇਰੇ ਵੱਲ ਹੈਂ ਤਾਂ ਐ ਬਖ਼ਸ਼ਿੰਦੇ
ਸਰਮਾਇਆ ਦੇ ਸੱਗ ਹਤਿਆਰੇ
ਬੇਬਸ ਕੌਮਾਂ 'ਤੇ ਨਾ ਭੌਂਕਣ
ਉਨ੍ਹਾਂ ਨੂੰ ਵੰਢਣ ਨੂੰ ਖਾਵਣ
ਬਾਰੂਦੀ ਵਰਸ਼ਾ ਬਰਸਾ ਕੇ
ਤੀਜੀ ਜੰਗ ਵੱਲ ਵਧਦੇ ਜਾਵਣ
ਸੀਰੀਆ ਕੀ, ਕਸ਼ਮੀਰ ਆਸਾਮ
ਜਿਥੇ ਪਲ ਪਲ ਹੈ ਕੁਹਰਾਮ
ਸੀਤਲ ਪੌਣ ਪੁਰੇ ਦੀ ਵਗਾਂ
ਧੁੰਦ ਮਿਟਾ ਜਗ ਚਾਨਣ ਹੋਵਾਂ !!!

ਜੇ ਤੂੰ ਮੇਰੇ ਵੱਲ ਹੈਂ ਤਾਂ ਐ ਬਖਸ਼ਿੰਦੇ
ਚਾਨਣ ਕਰ ਜੱਗ ਧੁੰਦ ਬਸੇਰਾ
ਮੇਰਾ ਮੇਰਾ ਸਬ ਕਰਦੇ ਨੇ ਤੇਰਾ ਤੇਰਾ
ਸਭ ਕੁਝ ਤਕੜੀ ਤੁਲ ਜਾਂਦੈ
ਹੱਡ ਮਾਸ ਬਟੇਰਾ
ਕੀਰਤਨ ਕਲਮਾ ਕੀ ਹਰ ਗਾਨ
ਇਸ਼ਟ ਇਬਾਦਤ ਕੀ ਵਖਿਆਨ
ਸਬ ਏਥੇ ਵਿਕਦੈ ਕਰਤਾਰ
ਕਿੰਝ ਇਬਾਦਤ ਇਸ਼ਟ ਪੁਗਾਵਾਂ
ਕਿੰਜ ਪੁੱਜੇ ਬੇੜੀ ਪਤਵਾਰ !!!

ਜੇ ਤੂੰ ਮੇਰੇ ਵੱਲ ਹੈਂ ਤਾਂ ਐ ਬਖ਼ਸ਼ਿੰਦੇ
ਬੇਰਹਿਮ ਏ ਸਕਤਾ ਭਾਵੇਂ ਰੋਸ ਬਥੇਰਾ
ਸੱਤਾ ਅੰਨ੍ਹੀ ਚਾੜ ਕਰੀਂਦਾ ਢੇਰ ਬਸੇਰਾ
ਲੋਅ ਕਰਤਾ ਏ ਝੂਠ ਦਾ ਦਿਨਕਰ
ਚਿੱਟਾ ਕਾਲਾ ਗੁੰਧਮੀਂ ਵੱਖਵਾਦ ਦਾ ਘੇਰਾ
ਨੀਚਾ ਅੰਦਰ ਨੀਚ ਜ਼ਾਤ ਪਰਦੂਸ਼ਨ ਮੇਰਾ
ਪਸਰਿਆ ਹਰ ਪਾਸੇ ਹੈ ਬਸ ਸੰਤਾਪ ਦਾ ਡੇਰਾ
ਗੰਗਾ ਜਮਨਾ ਦੂਸ਼ਿਤ ਹਨ
ਅੰਮ੍ਰਿਤ ਜਲ ਰਤਲਾ
ਰਿਸ਼ਤਿਆਂ ਵਾਲੀ ਡੋਰ ਦਾ ਧਾਗਾ ਅਸਲੋਂ ਪਤਲਾ
ਹਾਸ਼ੀਏ ਵਿਚ ਹਾਂ ਭਾਵੇਂ ਪਰ ਹਾਂ ਦੂਣ ਸਵਾਇਆ
ਮੇਟਣ ਲਈ ਧੁੰਦ ਗ਼ਫ਼ਲਤ ਦੀ ਹੈ ਚਾਅ ਚੜ ਆਇਆ !!!

ਜੇ ਤੂੰ ਮੇਰੇ ਵੱਲ ਹੈਂ ਤਾਂ ਐ ਬਖਸ਼ਿੰਦੇ
ਭਾਗੋ ਦੀ ਰੋਟੀ 'ਚੋਂ ਅੱਜ ਵੀ ਰਤ ਰਿਸਦੀ ਏ
ਕਿਉਂ ਲਾਲੋ ਦੀ ਰੋਟੀ 'ਚੋਂ ਇਕ ਅੱਗ ਦਿਸਦੀ ਏ
ਕੋਡੇ ਰਾਖਸ਼ਸ਼ ਸੱਤਾ ਰਾਹੀਂ ਰਤ ਪੀਂਦੇ ਹਨ
ਇਸ ਯੁੱਗ ਵਿਚ ਨਿਰਬਲ ਤਾਂ ਏਦਾਂ ਹੀ ਜੀਂਦੇ ਹਨ
ਅੰਧ ਵਿਸ਼ਵਾਸ ਨੇ ਚਾਦਰ ਤਾਣੀ ਏ ਬਾਣੀ ਦੀ
ਚਿੱਟੇ ਦਰਿਆ ਤਲਬ ਬੁਝਾਈ ਏ ਪਾਣਂ ਦੀ
ਬੀਜਣ ਦੀ ਚਿੰਤਾ ਨਾਲੋਂ ਫਾਂਸੀ ਸਸਤੀ ਏ
ਤੇਰੇ ਨਾਂ 'ਤੇ ਲੁੱਟ ਦੀ ਚੱਕੀ ਨਿਤ ਪਿਸਦੀ ਏ
ਸਕਤੇ ਦੀ ਕਰਤਾਰ ਤੋਂ ਵੱਧ ਸੁਣਵਾਈ ਏਥੇ
ਖਲਕਤ ਵਿਚ ਖਾਲਿਕ ਦੀ ਬਸ ਰੁਸਵਾਈ ਏਥੇ
ਪਸਰੇ ਇਸ ਪਾਸਾਰ 'ਚ ਰਹਿਮਤ ਕਰਤੇ ਦੀ ਨਾ
ਖਾਲਿਕ ਤੇ ਖਲਕਤ ਵਿਚ ਕੈਸੀ ਜ਼ੋਰ ਅਜ਼ਮਾਈ
ਕੁਝ ਐਸਾ ਕਰ ਮੈਂ ਨਾ ਬਸ ਤੂੰ ਤੂੰ ਹੋਵਾਂ
ਸੱਚੇ ਸੌਦੇ ਵਿਚ ਹੀ ਸਾਰਾ ਜੀਵਨ ਢੋਵਾਂ !!!

ਜੇ ਤੂੰ ਮੇਰੇ ਵੱਲ ਹੈਂ ਤਾਂ ਐ ਬਖ਼ਸ਼ਿੰਦੇ
ਘਰ ਤੇਰੇ ਇਕ ਮੰਡੀ ਮਾਲ ਖ਼ੁਦਾਈ ਏ
ਰਹਿਬਰ ਤੇ ਰਹਿਜ਼ਨ ਨੇ ਸਾਂਝ ਬਣਾਈ ਏ
ਲੁੱਟ ਰਹੇ ਹਨ ਸ਼ਬਦ ਤਿਰੇ ਦਿਆਂ ਅੰਗਾਂ ਨੂੰ
ਧੁੰਦ ਪਸਾਰਨ ਵਰਤ ਰਹੇ ਹਨ ਰੰਗਾਂ ਨੂੰ
ਸ਼ੋਰ ਸ਼ਰਾਬੇ ਵਿਚ ਕਾਹਦੀ ਸੁਣਵਾਈ ਏ
ਚਾਨਣ ਦੀ ਕਰ ਲੋਅ ਕਰਤਾਰ ਦੁਹਾਈ ਏ
ਜੇ ਤੂੰ ਮੇਰੇ ਵੱਲ ਹੈਂ ਤਾਂ ਐਂ ਬਖਸ਼ਿੰਦੇ
ਚਾਨਣ ਦੀ ਕਰ ਲੋਅ ਕਰਤਾਰ ਦੁਹਾਈ ਏ

•

ਮੋਬਾ : 510 847 1698

# ਚਿੱਤਰਕਾਰ ਮਦਨ ਲਾਲ ਇਸ਼ਕ ਦੇ ਬੂਹੇ ਤਕ

–ਜਸਬੀਰ ਭੁੱਲਰ



ਪੰਜਾਬ ਦੇ ਕਸਬੇ ਤਲਵੰਡੀ ਭਾਈ ਦਾ ਜੰਮਪਲ ਚਿੱਤਰਕਾਰ ਮਦਨ ਲਾਲ ਸੁਪਨਿਆਂ ਅਤੇ ਖ਼ਿਆਲਾਂ ਦਾ ਉਡਾਰ ਪੰਛੀ ਹੈ। ਉਸ ਦੇ ਚਿੱਤਰ ਕੁਝ ਇਸ ਤਰ੍ਹਾਂ ਹਨ ਜਿਵੇਂ ਸੁਪਨਿਆਂ ਨੂੰ ਰੰਗ ਮਿਲ ਗਏ ਹੋਣ।

ਜਿਵੇਂ ਪਰੀ ਲੋਕ ਵਿਚ ਵਿਚਰ ਰਹੇ ਹੋਈਏ।

ਜਿਵੇਂ ਜ਼ਿੰਦਗੀ ਦੇ ਸੱਚ ਦੇ ਸਨਮੁੱਖ ਬੈਠ ਜਾਈਏ

ਜਿਵੇਂ ਉਮਰ ਦੀਆਂ ਗੁੰਝਲਾਂ ਦੀ ਤੰਦ ਸਾਡੇ ਆਪਣੇ ਦੁਆਲੇ ਵਲ੍ਹੇਟੀ ਗਈ ਹੋਵੇ।

ਅਨੇਕ ਚਿੱਤਰਾਂ ਵਿਚ ਮਦਨ ਲਾਲ ਪਿਆਰ ਦੇ ਮੂਲ ਸੰਬੰਧਾਂ ਦੇ ਚਿਤੇਰੇ ਵਜੋਂ ਵੀ ਨਮੂਦਾਰ ਹੁੰਦਾ ਹੈ।

ਉਹ ਸ਼ਾਇਰ ਵੀ ਹੈ ਤੇ ਉਹਦਾ ਸ਼ਾਇਰ ਹੋਣਾ ਪੇਂਟਿੰਗਜ਼ ਨੂੰ ਰਹੱਸ ਅਤੇ ਮੁਹੱਬਤ ਦਾ ਵਿਸਥਾਰ ਦਿੰਦਾ ਹੈ। ਇਸ ਪ੍ਰਕਾਰ ਦੇ ਚਿੱਤਰਾਂ ਵਿਚ ਵੀ ਕਿਧਰੇ ਕੋਈ ਫ਼ਰੇਬ ਨਹੀਂ। ਬਸ ਕਲਾ ਅਤੇ ਰੰਗਾਂ ਦਾ ਮਹੀਨ ਜਿਹਾ ਓਹਲਾ ਹੈ।

ਕਲਾ ਪ੍ਰਤੀ ਮਦਨ ਲਾਲ ਦੀ ਸੁਹਿਰਦਤਾ ਉਹਦਾ ਹਾਸਲ ਬਣਦੀ ਹੈ।

ਇਸ ਮੁਲਾਕਾਤ ਵੇਲੇ ਉਹਨੇ ਆਪਣੀ ਸਿਰਜਣਾ ਦੇ ਭੇਤ ਕੁਝ ਇਸ ਤਰ੍ਹਾਂ ਖੋਲ੍ਹੇ ਹਨ ਕਿ ਚਿਤਰਕਲਾ ਵੱਲ ਜਾਂਦਾ ਰਾਹ ਹਰ ਪ੍ਰਤਿਭਾਵਾਨ ਦਾ ਆਪਣਾ ਹੋ ਜਾਂਦਾ ਹੈ। ਇਕ ਇਕ ਕਰਕੇ ਮੈਂ ਬੜੇ ਸੁਆਲ ਪੁੱਛੇ ਸਨ, ਮਦਨ ਲਾਲ ਨੂੰ।

ਮੈਂ ਇਹ ਵੀ ਪੁੱਛਿਆ ਸੀ :

? *ਤੁਸੀਂ ਪੰਜਾਬ ਦੀ ਰਹਿਤਲ ਦੇ ਜੰਮਪਲ ਹੋ, ਪੰਜਾਬ ਦੀ ਜਰਖੇਜ਼ ਮਿੱਟੀ ਵਿਚ ਬੜਾ ਕੁਝ ਉਗਦਾ ਹੈ, ਪਰ ਚਿੱਤਰਕਲਾ ਘੱਟ ਉਗਦੀ ਹੈ। ਵਰਤਮਾਨ ਦਾ ਕਲਾ-ਦ੍ਰਿਸ਼ ਕੁਝ ਇਸ ਤਰ੍ਹਾਂ ਦਾ ਪ੍ਰਭਾਵ ਦਿੰਦਾ ਪ੍ਰਤੀਤ ਹੁੰਦਾ ਹੈ।*

• ਮੇਰਾ ਜਨਮ ਤਲਵੰਡੀ ਭਾਈ, ਜ਼ਿਲ੍ਹਾ ਫ਼ਿਰੋਜ਼ਪੁਰ ਵਿਚ ਹੋਇਆ ਸੀ। ਮੇਰੇ ਕਸਬੇ ਦੇ ਆਲੇ-ਦੁਆਲੇ ਦੀ ਧਰਤੀ, ਬਾਬਾ ਫ਼ਰੀਦ, ਬਾਬਾ ਬੁਲ੍ਹੇਸ਼ਾਹ ਅਤੇ ਹੋਰ ਅਨੇਕਾਂ ਗੁਰੂਆਂ, ਪੀਰਾਂ ਦੀ ਧਰਤੀ ਹੈ। ਉਸ ਧਰਤੀ ਨੇ ਪਹਿਲੋਂ ਮੈਨੂੰ ਸ਼ਬਦਾਂ ਦੀ ਜਾਗ ਲਾਈ ਸੀ ਤੇ ਫਿਰ ਰੰਗਾਂ ਦੀ। ਸਭ ਕੁਝ ਆਤਮਸਾਤ ਕਰਨ ਦੀ ਜਗਿਆਸਾ ਬਹੁਤ ਸੀ ਮੇਰੇ ਕੋਲ। ਉਸ ਜਗਿਆਸਾ ਨਾਲ ਮੈਂ ਕਿੱਕਰ ਦੇ ਫੁੱਲਾਂ, ਸਰ੍ਹੋਂ ਅਤੇ ਕਪਾਹ ਦੇ ਫੁੱਲਾਂ ਦੇ ਆਕਾਰ ਅਤੇ ਰੰਗਾਂ ਨੂੰ ਵੇਖਿਆ ਹੈ। ਕਣਕ ਅਤੇ ਝੋਨੇ ਦੀ ਬੀਜਾਈ ਤੋਂ ਲੈ ਕੇ ਫ਼ਸਲ ਦੀ ਕਟਾਈ ਤਕ ਦੇ ਹਰ ਪੜਾਅ ਵਿਚੋਂ ਗੁਜ਼ਰਿਆ ਹਾਂ। ਚੜ੍ਹਦੇ ਅਤੇ ਢਲਦੇ ਸੂਰਜ ਦੀ ਰੌਸ਼ਨੀ ਅਤੇ ਪਛਾਵਿਆਂ ਨੂੰ ਘੋਖਿਆ ਹੈ।

ਮੱਸਿਆ ਦੇ ਮੇਲੇ, ਬਾਬਿਆਂ ਦੀਆਂ ਸਮਾਧਾਂ ਅਤੇ ਗੁਰਪੁਰਬ ਦੇ ਉਲ੍ਹਾਸ ਤੇ ਚਾਅ ਵਿਚ ਰੰਗੇ ਹੋਏ ਵੇਲੇ ਨਾਲ ਮੇਰੀ ਗੂੜ੍ਹੀ ਸਾਂਝ ਸੀ। ਆਪਣੀ ਰਹਿਤਲ ਦੇ ਅਹਿਸਾਸ ਨਾਲ ਲਬਰੇਜ਼ ਉਹ ਦਿਨ ਜੋਸ਼ ਅਤੇ ਚਾਅ ਦੇ ਭਰੇ ਹੋਏ ਸਨ। ਇਸ ਤਰ੍ਹਾਂ ਦਾ ਜਿਊਣਾ ਕਲਾ ਦੀ ਮੁਹਾਰਤ ਹੈ ਤੇ ਚਿੱਤਰਕਲਾ ਲਈ ਜਰਖੇਜ਼ ਮਨ ਦੀ ਮਿੱਟੀ ਵੀ।

ਸਮਾਂ ਪਾ ਕੇ ਪੰਜਾਬ ਦੀ ਚਿੱਤਰਕਲਾ ਹਰ ਰੰਗ ਵਿਚ ਦਿਸ ਰਹੀ ਹੈ। ਇਸ ਵੇਲੇ ਪੰਜਾਬੀ ਕਲਾਕਾਰਾਂ ਦੇ ਸਿਰਨਾਵੇਂ ਬੜੇ ਗੂੜ੍ਹੇ ਹਨ। ਆਰਟ ਗੈਲਰੀਆਂ ਵਿਚ ਉਨ੍ਹਾਂ ਦੀ ਸ਼ਮੂਲੀਅਤ ਸਨਮਾਨਯੋਗ ਹੈ।

? *ਇਹ ਚਮਤਕਾਰ ਕਿਸ ਤਰ੍ਹਾਂ ਹੋਇਆ ਕਿ ਤੁਹਾਡਾ ਵਜੂਦ ਕਲਾ ਦੀ ਮਿੱਟੀ ਵਿਚ ਗੁੰਨ੍ਹਿਆ ਗਿਆ ?*

• ਮੇਰਾ ਚਿੱਤਰਕਾਰ ਹੋਣਾ ਸਿਰਫ਼ ਰੰਗਾਂ ਅਤੇ ਰੇਖਾਵਾਂ ਨਾਲ ਹੀ ਨਹੀਂ ਜੁੜਿਆ ਹੋਇਆ। ਇਸ ਵਿਚ ਪੰਜਾਬੀ ਸਾਹਿਤ ਦਾ ਵੀ ਵੱਡਾ ਰੋਲ ਹੈ। ਹੀਰ ਵਾਰਸ ਸ਼ਾਹ, ਬੁਲ੍ਹੇ ਸ਼ਾਹ, ਸਆਦਤ ਹਸਨ ਮੰਟੋ, ਕ੍ਰਿਸ਼ਨ ਚੰਦਰ, ਮੁਨਸ਼ੀ ਪ੍ਰੇਮ ਚੰਦ, ਅੰਮ੍ਰਿਤਾ ਪ੍ਰੀਤਮ, ਸ਼ਿਵ ਕੁਮਾਰ, ਨਾਨਕ ਸਿੰਘ ਅਤੇ ਸਮਕਾਲ ਦੇ ਉਰਦੂ, ਹਿੰਦੀ, ਪੰਜਾਬੀ ਅਤੇ ਰੂਸੀ ਲੇਖਕ ਵੀ ਮੇਰੇ ਚਹੇਤੇ ਲੇਖਕ ਸਨ। ਇਸ ਤਰ੍ਹਾਂ ਅੰਤਰ ਮਨ ਦਾ ਇਸ਼ਨਾਨ ਹੁੰਦਾ ਰਿਹਾ ਹੈ। ਸ਼ਬਦਾਂ ਤੋਂ ਵਿਜ਼ੂਅਲ ਭਾਸ਼ਾ ਵੱਲ ਤੁਰਿਆ ਹਾਂ। ਉਹ ਭਾਸ਼ਾ ਚਿੰਨ੍ਹਾਂ, ਰੇਖਾਵਾਂ ਅਤੇ ਰੰਗਾਂ ਦੀ ਹੈ

ਅਤੇ ਸੂਖਮ ਮਨ ਦੀ ਭਾਸ਼ਾ ਹੈ।

ਮਨ ਦੀਆਂ ਅੱਖਾਂ ਅਲੱਗ ਅਲੱਗ ਸਰੂਪਾਂ ਦੇ ਆਕਾਰਾਂ ਵਿਚੋਂ ਨਿਰ-ਆਕਾਰ ਨੂੰ ਦੇਖਣ ਲੱਗ ਪਈਆਂ ਸਨ।

? *ਕੀ ਤੁਹਾਡੇ ਸ਼ਹਿਰ-ਗਰਾਂ ਵਿਚ ਵੀ ਪ੍ਰੇਰਨਾ ਦਾ ਕੋਈ ਸੋਮਾ ਸੀ ?*

• ਮੇਰੀ ਪ੍ਰੇਰਨਾ ਦਾ ਮੁੱਖ ਸੋਮਾ ਤਾਂ ਸਾਹਿਤ ਹੀ ਸੀ। ਸਾਹਿਤ ਪੜ੍ਹਦਿਆਂ ਮਨ ਕਾਲਪਨਿਕ ਸੰਸਾਰ ਸਿਰਜਣ ਲੱਗ ਪੈਂਦਾ ਸੀ। ਉਸ ਕਲਪਨਾ ਨੂੰ ਚਿਤਰਣ ਦੀ ਤਾਂਘ ਪ੍ਰੇਰਨਾ ਹੋ ਜਾਂਦੀ ਸੀ।

ਚਿੱਤਰਕਲਾ ਦੇ ਚਿੱਤਰਾਂ ਵਾਲੇ ਕਲੰਡਰ ਘਰਾਂ ਵਿਚ ਵੀ ਲਟਕੇ ਹੋਏ ਹੁੰਦੇ ਸਨ। ਉਨ੍ਹਾਂ ਚਿੱਤਰਕਾਰਾਂ ਵਿਚੋਂ ਸੋਭਾ ਸਿੰਘ ਪ੍ਰਮੁੱਖ ਸੀ। ਮੈਂ ਉਹੋ ਜਿਹੀਆਂ ਤਸਵੀਰਾਂ ਬਣਾਉਣ ਦੀ ਕੋਸ਼ਿਸ਼ ਕਰਦਾ ਸਾਂ।

ਮੇਰੇ ਵੱਡੇ ਵੀਰ ਰੋਸ਼ਨ ਲਾਲ ਅਤੇ ਟੀਚਰ ਅਜਾਇਬ ਸਿੰਘ ਨੇ ਵੀ ਮੈਨੂੰ ਡਰਾਇੰਗ ਦੀ ਕਲਾ ਸਿਖਾਈ।

? *ਤੁਹਾਡੀ ਚਿੱਤਰਕਲਾ ਦੀ ਸ਼ੁਰੂਆਤ ਕਿਸ ਤਰ੍ਹਾਂ ਹੋਈ ਸੀ ?*

• ਪਿੰਡ ਦੇ ਛੱਪੜ ਵਾਲੇ ਸਕੂਲ ਵਿਚ ਪੜ੍ਹਦਿਆਂ ਤਾਂ ਮੈਂ ਪੰਜਵੀਂ ਜਮਾਤ ਤਕ ਫੱਟੀ ਹੀ ਪੋਚਦਾ ਰਿਹਾ। ਛੇਵੀਂ ਜਮਾਤ ਤੋਂ ਡਰਾਇੰਗ ਮੇਰਾ ਮਨਭਾਉਂਦਾ ਵਿਸ਼ਾ ਹੋ ਗਿਆ। ਮੈਂ ਹਰ ਵੇਲੇ ਤਸਵੀਰਾਂ ਹੀ ਬਣਾਉਂਦਾ ਰਹਿੰਦਾ ਸਾਂ ਤੇ ਫਿਰ ਡਰਾਇੰਗ ਮਾਸਟਰ ਤੋਂ ਸੋਧ ਵੀ ਕਰਵਾਉਂਦਾ ਸਾਂ।

ਪਿੰਡ ਤੋਂ ਮੰਡੀ ਵਾਲੇ ਸਕੂਲ ਜਾਂਦਿਆਂ-ਆਉਂਦਿਆਂ ਮੈਂ ਪੇਂਟਰਾਂ ਨੂੰ ਟਰਾਲੀ ਉੱਤੇ ਪੇਂਟ ਕਰਦਿਆਂ ਅਤੇ ਮੂਰਤਾਂ ਬਣਾਉਂਦਿਆਂ ਵੇਖਦਾ ਸਾਂ। ਚਿੱਤਰਕਲਾ ਪ੍ਰਤੀ ਇਹ ਸ਼ਿੱਦਤ ਇਕ ਦਿਨ ਮੈਨੂੰ ਚੰਡੀਗੜ੍ਹ ਦੇ ਆਰਟ ਕਾਲਜ ਤਕ ਲੈ ਗਈ। ਮੈਂ ਅਪਲਾਈਡ ਆਰਟ ਵਿਚ ਦਾਖ਼ਲਾ ਲੈ ਲਿਆ। ਮੇਰਾ ਰਿਆਜ਼ ਅਤੇ ਦਿਲਚਸਪੀ ਪੇਂਟਿੰਗ ਵਿਚ ਸੀ। ਅਪਲਾਈਡ ਆਰਟਸ ਦੇ ਪੰਜ ਵਰ੍ਹਿਆਂ ਦੀ ਪੜ੍ਹਾਈ ਵੇਲੇ ਪੇਂਟਿੰਗ ਤੋਂ ਵਾਂਝਾ ਰਿਹਾ। ਉਦੋਂ ਮੈਂ ਪੋਸਟਰ, ਲੇ-ਆਊਟ, ਪੇਪਰ ਐਡਸ, ਇਲਸਟ੍ਰੇਸ਼ਨ ਆਦਿ ਬਣਾਈਆਂ। ਉਸ ਵੇਲੇ ਤੋਂ ਪਿੱਛੋਂ ਹੀ ਮੈਂ ਰੁੱਸੀਆਂ ਹੋਈਆਂ ਰੇਖਾਵਾਂ ਅਤੇ ਰੰਗਾਂ ਨੂੰ ਮਨਾਇਆ ਤੇ ਕਲਾ ਜਗਤ ਵਿਚ ਪ੍ਰਵੇਸ਼ ਕੀਤਾ।

ਜਾਪਦਾ ਹੈ ਇਸ ਸਫ਼ਰ ਦੀ ਕੋਈ ਮੰਜ਼ਲ ਨਹੀਂ। ਇਕ ਸਿਖਰ ਤੋਂ ਪਿੱਛੋਂ ਦੂਸਰਾ ਸਿਖਰ ਦਿਸਦਾ ਹੈ।

ਇਕ ਕੈਨਵਸ ਤੋਂ ਪਿੱਛੋਂ ਦੂਜੀ ਕੈਨਵਸ ਦਾ ਪੈਂਡਾ ਖ਼ੂਬਸੂਰਤ ਅਤੇ ਤਲਿਸਮੀ ਹੈ।

? *ਮੁੱਢਲੀਆਂ ਮੂਰਤਾਂ ਕਾਹਦੇ ਨਾਲ ਉਲੀਕੀਆਂ ?*

• ਸ਼ੁਰੂ ਵਿਚ ਤਾਂ ਮੈਂ ਕੰਧ ਉੱਤੇ ਕੋਇਲੇ ਨਾਲ ਚਿੱਤਰ ਬਣਾਉਂਦਾ ਸਾਂ ਤੇ ਕਾਗ਼ਜ਼ ਉੱਤੇ ਪੈਨਸਿਲ ਨਾਲ। ਸਕੂਲ ਵਿਚ ਵੀ ਕਿਤਾਬਾਂ ਕਾਪੀਆਂ ਉੱਤੇ ਕਲਾਸ ਵਿਚ ਬੈਠਾ ਹੋਇਆ ਵੀ ਬੇਧਿਆਨੀ ਵਿਚ ਸਕੈੱਚ ਉਲੀਕੀ ਜਾਂਦਾ ਰਹਿੰਦਾ ਸਾਂ। ਮੇਰੀ ਇਹ ਆਦਤ ਅਜੇ ਵੀ ਗਈ ਨਹੀਂ।

? *ਇਸ ਤਰ੍ਹਾਂ ਸਕੈੱਚ ਬਣਾਈ ਜਾਣ ਦਾ ਕੋਈ ਲਾਭ ਵੀ ਹੋਇਆ ?*

• ਇਸ ਉਲੀਕਣ ਦੀ ਆਦਤ ਦਾ ਪੇਂਟਿੰਗ ਬਣਾਉਣ ਵਿਚ ਵੱਡਾ ਯੋਗਦਾਨ ਹੈ। ਜਦੋਂ ਮੈਂ ਬਤੌਰ ਆਰਟਿਸਟ ਨੌਕਰੀ ਸ਼ੁਰੂ ਕੀਤੀ ਤਾਂ ਮੇਰੇ ਕੋਲ ਪੰਜਾਬ ਦੇ ਹੈਂਡੀ-ਕਰਾਫਟ ਲਈ ਨਵੇਂ-ਨਵੇਂ ਡੀਜ਼ਾਈਨ ਬਣਾਉਣ ਦਾ ਕੰਮ ਸੀ। ਇਸ ਆਦਤ ਸਦਕਾ ਮੈਂ ਪ੍ਰੰਪਰਾਗਤ ਨਮੂਨਿਆਂ ਤੋਂ ਇਲਾਵਾ ਮਾਡਰਨ ਡੀਜ਼ਾਈਨ ਵੀ ਬਣਾਏ।

? *ਤੁਹਾਨੂੰ ਕਿਹੜੇ ਰੰਗ ਵਰਤਣੇ ਚੰਗੇ ਲੱਗਦੇ ਹਨ ? ਇਸ ਚੋਣ ਦਾ ਕੋਈ ਕਾਰਨ ਵੀ ਹੁੰਦਾ ਹੈ ?*

• ਸੁਆਲ ਦੇ ਜੁਆਬ ਤਕ ਪਹੁੰਚਣ ਲਈ ਮੈਂ ਪਹਿਲੋਂ ਵੱਖ-ਵੱਖ ਮੀਡੀਅਮ ਬਾਰੇ ਗੱਲ ਕਰਦਾ ਹਾਂ। ਸ਼ੁਰੂ ਵਿਚ ਤਾਂ ਮੈਂ ਪੈਨਸਿਲ, ਚਾਰਕੋਲ ਅਤੇ ਵਾਟਰ ਕਲਰਸ ਨਾਲ ਡਰਾਇੰਗਜ਼ ਬਣਾਈਆਂ। ਇਹ ਮੀਡੀਅਮ ਸਭ ਤੋਂ ਸੁਖਾਲੇ ਸਨ। ਇਨ੍ਹਾਂ ਨੂੰ ਹਰ ਕੋਈ ਇਸਤੇਮਾਲ ਕਰ ਸਕਦਾ ਹੈ। ਆਇਲ ਕਲਰਜ਼ ਦੀ ਵਰਤੋਂ ਕਰਨ ਲਈ ਮੈਨੂੰ ਉਚੇਚੀ ਕੋਸ਼ਿਸ਼ ਕਰਨੀ ਪਈ ਕਿਉਂਕਿ ਮੇਰੀ ਮੁਹਾਰਤ ਡਰਾਇੰਗ ਵਿਚ ਸੀ। ਹੌਲੀ-ਹੌਲੀ ਮੈਂ ਆਇਲ ਪੇਂਟਿੰਗ ਦੇ ਮਿਜਾਜ਼ ਨੂੰ ਸਮਝ ਲਿਆ। ਆਇਲ ਕਲਰ ਮੀਡੀਅਮ ਗਰੇਟ ਮਾਸਟਰਜ਼ ਦਾ ਈਜ਼ਾਦ ਕੀਤਾ ਮਾਧਿਅਮ ਹੈ। ਇਹ ਤਕਨੀਕੀ ਪੱਖੋਂ ਬਹੁਤ ਲਾਹੇਵੰਦ ਹੈ। ਹਜ਼ਾਰ ਸਾਲ ਪਹਿਲਾਂ ਦੇ ਬਣੇ ਹੋਏ ਤੇਲ ਚਿੱਤਰ ਅੱਜ ਵੀ ਅਜਾਇਬ ਘਰਾਂ ਵਿਚ ਤਰੋਤਾਜ਼ਾ ਦਿਸਦੇ ਹਨ।

ਤੇਲ-ਰੰਗਾਂ ਦੀ ਤਕਨੀਕੀ ਸਮਝ ਤੋਂ ਪਿੱਛੋਂ ਮੇਰੀ ਪਹੁੰਚ ਐਕਰਿਲਿਕ ਰੰਗਾਂ ਤਕ ਹੋ ਗਈ। ਇਨ੍ਹਾਂ ਰੰਗਾਂ ਦਾ ਆਧਾਰ ਪਾਣੀ ਹੈ। ਇਹ ਰੰਗ ਮੇਰੇ ਸੁਭਾ ਮੁਤਾਬਕ ਸਨ। ਐਕਰਿਲਿਕ ਵਿਚ ਰੰਗਾਂ ਦੀਆਂ ਪਰਤਾਂ ਹੇਠ ਘੱਟ ਪਸੰਦ ਖ਼ਿਆਲ ਦੀਆਂ ਲੇਅਰਜ਼ ਧੁੰਦਲੀਆਂ ਹੋ ਜਾਂਦੀਆਂ ਹਨ। ਗੂੜ੍ਹੇ ਅਤੇ ਫਿੱਕੇ ਰੰਗਾਂ ਦਾ ਤਾਲਮੇਲ ਪੇਂਟਿੰਗ ਵਿਚ ਤੁਆਜ਼ਨ ਕਾਇਮ ਰੱਖਦਾ ਹੈ।

ਮੇਰੀ ਪਸੰਦ ਦੇ ਰੰਗ ਚਾਅ ਤੇ ਉਤਸ਼ਾਹ ਵਾਲੇ ਹਨ। ਮੇਰੇ ਗੂੜ੍ਹੇ ਰੰਗ ਪੇਸਟਲ ਟੋਨ ਵਿਚ ਹੁੰਦੇ ਹਨ। ਉਸ ਟੋਨ ਦੀ ਵਿਸ਼ਾਲਤਾ ਦਾ ਅਸਰ ਮੇਰੇ ਸਾਰੇ ਰੰਗਾਂ ਦੀ ਚੋਣ ਉੱਤੇ ਵੀ ਪੈਂਦਾ ਹੈ।

ਮੈਨੂੰ ਅੰਮ੍ਰਿਤ ਵੇਲੇ ਪੇਂਟ ਕਰਨਾ ਚੰਗਾ ਲੱਗਦਾ ਹੈ। ਉਸ ਵੇਲੇ ਦਾ ਅਸਰ ਮੈਨੂੰ ਤਾਜ਼ਗੀ ਭਰੇ ਰੰਗਾਂ ਦੇ ਮੋਹ ਨਾਲ ਜੜੀ ਰੱਖਦਾ ਹੈ।

ਮੈਂ ਜ਼ਿਆਦਾਤਰ ਪਾਰਦਰਸ਼ੀ ਰੰਗਾਂ ਨੂੰ ਪਹਿਲ ਦਿੰਦਾ ਹਾਂ ਤਾਂ ਕਿ ਪੇਂਟਿੰਗ ਵਿਚ ਮਿਸਟਿਕ ਫੀਲ ਅਤੇ ਆਨੰਦ ਦੀ ਅਨੁਭੂਤੀ ਬਣੀ ਰਹੇ।

? *ਨਵੀਂ ਪੇਂਟਿੰਗ ਬਣਾਉਣੀ ਸ਼ੁਰੂ ਕਰਨ ਵੇਲੇ ਕੈਨਵਸ ਦਾ ਆਕਾਰ ਕੀ ਹੋਵੇ ? ਇਹ ਕਿਸ ਤਰ੍ਹਾਂ ਨਿਰਧਾਰਤ ਕਰਦੇ ਹੋ ?*

• ਪੇਂਟਿੰਗ ਵਿਚ ਆਕਾਰ ਬਹੁਤ ਮਾਅਨੇ ਰੱਖਦਾ ਹੈ, ਨਹੀਂ ਤਾਂ ਖ਼ਿਆਲ ਨੂੰ ਆਕਾਰ ਦੇ ਬਰਾਬਰ ਕਰਨ ਲਈ ਬਹੁਤ ਪਾਸਿਆਂ ਤੋਂ

ਐਲੀਮੈਂਟ ਨੂੰ ਛੋਟਾ ਕਰਨ ਜਾਂ ਬਦਲਣ ਦੀ ਲੋੜ ਪੈ ਜਾਂਦੀ ਹੈ।

ਕੈਨਵਸ ਦਾ ਆਕਾਰ ਹਰ ਚਿੱਤਰਕਾਰ ਆਪਣੀ ਊਰਜਾ ਅਨੁਸਾਰ ਤੈਅ ਕਰਦਾ ਹੈ। ਕੈਨਵਸ ਦਾ ਆਕਾਰ ਨਿਰਧਾਰਤ ਕਰਨਾ ਕਲਪਨਾ/ਕੰਸੈਪਟ ਉੱਤੇ ਵੀ ਨਿਰਭਰ ਕਰਦਾ ਹੈ, ਮਸਲਨ ਉਹਨੂੰ ਕਿੰਨੀ ਸਪੇਸ ਖ਼ਾਲੀ ਅਤੇ ਕਿੰਨੀ ਸਪੇਸ ਭਰੀ ਹੋਈ ਚਾਹੀਦੀ ਹੈ।

ਇਥੇ ਇਹ ਜ਼ਿਕਰ ਕਰ ਦੇਵਾਂ ਕਿ ਪੋਰਟਰੇਟ ਅਤੇ ਲੈਂਡਸਕੇਪ ਪੇਂਟਿੰਗ ਬਣਾਉਣ ਲਈ ਜ਼ਿਆਦਾਤਰ ਫ਼ਿਕਸ ਆਕਾਰ ਹੀ ਚੁਣੇ ਜਾਂਦੇ ਹਨ। ਕੇਵਲ ਐਕਸਪੈਰੀਮੈਂਟਲ ਚਿੱਤਰਾਂ ਲਈ ਕਲਾਕਾਰ ਆਪਣੀ ਸੂਝ ਦੇ ਅਨੁਸਾਰ ਹੀ ਕੈਨਵਸ ਦਾ ਆਕਾਰ ਚੁਣਦਾ ਹੈ।

ਨਵੀਂ ਪੇਂਟਿੰਗ ਦੀ ਬੁਨਿਆਦ ਲਈ ਵੀ ਕੈਨਵਸ ਦੇ ਆਕਾਰ ਦਾ ਬਹੁਤ ਮਹੱਤਵ ਹੈ। ਉਹ ਆਕਾਰ ਚਿੱਤਰਕਾਰ ਦਾ ਪੇਂਟਿੰਗ ਦੀ ਸਿਰਜਣਾ ਵਿਚ ਸੁਤੰਤਰ ਹੋਣ ਦਾ ਅਹਿਸਾਸ ਦਿੰਦਾ ਹੈ।

ਕਈ ਵਾਰ ਨੁਮਾਇਸ਼ ਵਾਲੀ ਗੈਲਰੀ ਦੀ ਸਪੇਸ ਅਨੁਸਾਰ ਵੀ ਚਿਤਰਕਾਰ ਨੂੰ ਕੈਨਵਸ ਦੇ ਆਕਾਰ ਦੀ ਚੋਣ ਕਰਨੀ ਪੈਂਦੀ ਹੈ।

ਕੈਨਵਸ ਦੇ ਆਕਾਰ ਤੇ ਕੰਸੈਪਟ ਵਿਚ ਇਕਸੁਰਤਾ ਹੋਣ ਪਿੱਛੋਂ ਹੀ ਸਿਰਜਣਾ ਦਾ ਅਮਲ ਸ਼ੁਰੂ ਹੁੰਦਾ ਹੈ, ਨਹੀਂ ਤਾਂ ਕੰਪੋਜ਼ੀਸ਼ਨ ਨਾਲ ਸਮਝੌਤਾ ਕਰਨਾ ਪੈ ਜਾਂਦਾ ਹੈ।

? *ਖ਼ਾਲੀ ਕੈਨਵਸ ਉੱਤੇ ਬੁਰਸ਼ ਦੀ ਪਹਿਲੀ ਛੋਹ ਅਤੇ ਰੰਗਾਂ ਦੀ ਮਹਿਫ਼ਲ ਵਿਚ ਬੁਰਸ਼ ਦੀ ਆਖ਼ਰੀ ਛੋਹ ਤਕ ਕਿਹੋ ਜਿਹੇ ਮੁਕਾਮ ਆਉਂਦੇ ਹਨ ?*

• ਕੋਰੇ ਕੈਨਵਸ ਉੱਤੇ ਰੰਗ ਵਾਲੇ ਬੁਰਸ਼ ਦੀ ਪਹਿਲੀ ਛੋਹ ਦਾ ਅਹਿਸਾਸ ਰੁਮਾਂਚਿਕ ਹੁੰਦਾ ਹੈ। ਉਸ ਵੇਲੇ ਕਿਸੇ ਆਵਾਜ਼, ਕਿਸੇ ਦੁਨਿਆਵੀ ਕੰਮ ਦੇ ਚੇਤੇ ਨਾਲ ਇਕਾਗਰਤਾ ਭੰਗ ਹੋ ਜਾਂਦੀ ਹੈ। ਪੂਰਾ ਧਿਆਨ ਹੀ ਸਿਰਜਣਾ ਨੂੰ ਲੈਅ-ਬੱਧ ਕਰਦਾ ਹੈ। ਆਨੰਦ ਦੀ ਉਹ ਅਵਸਥਾ ਰੰਗਾਂ ਦੇ ਨਾਲ, ਪੂਰੇ ਜਲੌਅ ਵਿਚ ਕੈਨਵਸ ਉੱਤੇ ਉਤਰ ਆਉਂਦੀ ਹੈ। ਹੱਥ ਅਤੇ ਮਨ ਦੀ ਇਕਸੁਰਤਾ ਅਹਿਸਾਸ ਦੀਆਂ ਰੇਖਾਵਾਂ ਨੂੰ ਰੂਪਮਾਨ ਕਰਨ ਲੱਗ ਪੈਂਦੀ ਹੈ।

ਹੌਲੀ-ਹੌਲੀ ਚਿੱਤਰ ਦੇ ਆਕਾਰਾਂ ਵਿਚ ਸਾਂਝ ਪੈਦਾ ਹੁੰਦੀ ਹੈ। ਉਸ ਸਾਂਝ ਸਦਕਾ ਹੀ ਪੇਂਟਿੰਗ ਵਿਚ ਇਕ ਨਵੇਂ ਵਿਸਥਾਰ ਦੀ ਸ਼ੁਰੂਆਤ ਹੁੰਦੀ ਹੈ ਅਤੇ ਕੰਪੋਜ਼ੀਸ਼ਨ ਵਿਚ ਰੰਗਾਂ ਦੀ ਲੈਅਬੱਧਤਾ ਅਤੇ ਸੁਰਤਾਲ ਦਾ ਸਫ਼ਰ ਸ਼ੁਰੂ ਹੋ ਜਾਂਦਾ ਹੈ। ਇਸ ਸਫ਼ਰ ਦੌਰਾਨ ਕਈ ਪੜਾਅ ਆਉਂਦੇ ਹਨ। ਆਕਾਰਾਂ ਨੂੰ ਸ਼ੇਪ ਦੇਣਾ, ਉਨ੍ਹਾਂ ਨੂੰ ਕਿਸੇ ਵਿਸ਼ੇ-ਵਸਤੂ ਨਾਲ ਰੀਲੇਟ ਕਰਨਾ। ਕਈ ਵਾਰ ਤਾਂ ਆਕਾਰ ਸਾਰੇ ਕੈਨਵਸ ਉੱਤੇ ਹੀ ਕਬਜ਼ਾ ਕਰ ਲੈਂਦੇ ਹਨ। ਉਸ ਮੁਕਾਮ ਉੱਤੇ ਨਿਰਾਕਾਰ ਸਰਫੇਸ ਉੱਤੇ ਆਉਣ ਲਈ ਜੱਦੋਜਹਿਦ ਕਰਦਾ ਹੈ।

ਇਸ ਰੁਮਾਂਚ ਭਰੇ ਸਫ਼ਰ ਵਿਚ ਆਕਾਰ ਦਾ ਨਿਰਾਕਾਰ ਵਿਚ ਪ੍ਰਵਰਤਿਤ ਹੋਣਾ ਅਤੇ ਨਿਰਾਕਾਰ ਦਾ ਆਕਾਰ ਵਿਚ ਬਦਲ ਜਾਣ ਦਾ ਨਿਰੰਤਰ ਸਫ਼ਰ ਜਾਰੀ ਰਹਿੰਦਾ ਹੈ।

ਬੁਰਸ਼ ਅਤੇ ਖ਼ਿਆਲ ਦਾ ਇਕਮਿਕ ਹੋ ਕੇ ਤੁਰਦਿਆਂ ਕੈਨਵਸ ਨਾਲ ਸਹਿਜ ਤੇ ਸੂਖ਼ਮ ਸੰਬੰਧ ਸਥਾਪਿਤ ਹੋ ਜਾਂਦਾ ਹੈ। ਉਦੋਂ ਕੈਨਵਸ ਆਪ ਦੱਸਣ ਲੱਗ ਪੈਂਦੀ ਹੈ ਕਿ ਉਹਦੇ ਕਿਸ ਹਿੱਸੇ ਉੱਤੇ ਬੁਰਸ਼ ਦੀ ਛੋਹ ਚਾਹੀਦੀ ਹੈ। ਕਿੱਥੇ ਰੰਗਾਂ ਦਾ ਹਲਕਾ, ਗੂੜ੍ਹਾ ਅਤੇ ਫਿੱਕਾ ਤੁਆਜ਼ਨ ਕਾਇਮ ਕਰਨ ਦੀ ਲੋੜ ਹੈ। ਇਹ ਵੀ ਪਤਾ ਲੱਗਦਾ ਹੈ ਕਿ ਕੈਨਵਸ ਦੇ ਕਿਸ ਕੋਨੇ ਉੱਤੇ ਨਜ਼ਰ ਨੇ ਟਿਕਣਾ ਹੈ ਤੇ ਕਿਸ ਥਾਂ ਨਜ਼ਰ ਨੇ ਤਿਲਕ ਜਾਣਾ ਹੈ।

ਮੈਂ ਆਪਣੀ ਹਰ ਪੇਂਟਿੰਗ ਵਿਚ ਅਨੁਭਵ ਅਤੇ ਮੂਲ ਅਕਸ ਨੂੰ ਸਜਾਉਣ ਦੀ ਕੋਸ਼ਿਸ਼ ਕਰਦਾ ਹਾਂ।

? *ਇਕ ਪੇਂਟਿੰਗ ਕਿੰਨੇ ਕੁ ਚਿਰ ਵਿਚ ਪੂਰੀ ਕਰ ਲੈਂਦੇ ਹੋ ?*

• ਮਨੁੱਖਾਂ ਦਾ ਬਣਾਇਆ ਹੋਇਆ ਸਭ ਕੁਝ ਅਧੂਰਾ ਪ੍ਰਤੀਤ ਹੁੰਦਾ ਹੈ। ਸਿਰਜਣਾ ਇਸ ਅਧੂਰੇਪਣ ਨੂੰ ਪੂਰਿਆਂ ਕਰਨ ਦਾ ਯਤਨ ਹੈ ਤਾਂ ਕਿ ਮਾਨਸਿਕ ਸੁੱਖ ਮਿਲੇ। ਕਲਾ ਤਾਂ ਬੰਦੇ ਨੂੰ ਅਧਿਆਤਮ ਸੁੱਖ ਵੀ ਪ੍ਰਦਾਨ ਕਰਦੀ ਹੈ।

ਜਾਤੀ ਤੌਰ ਉੱਤੇ ਹੋਇਆ ਅਨੁਭਵ ਬਸ ਕੁਝ ਪ੍ਰਤੀਸ਼ਤ ਹੀ ਕੈਨਵਸ ਉੱਤੇ ਟਰਾਂਸਫਰ ਹੁੰਦਾ ਹੈ। ਇਸੇ ਲਈ ਪੇਂਟ ਕਰਦਿਆਂ ਕਰਦਿਆਂ ਮੇਰਾ ਦੂਸਰੀ ਪੇਂਟਿੰਗ ਦਾ ਪ੍ਰੋਸੈੱਸ ਵੀ ਸ਼ੁਰੂ ਹੋ ਜਾਂਦਾ ਹੈ।

ਆਮ ਤੌਰ ਉੱਤੇ ਪੇਂਟਿੰਗ ਪੰਦਰਾਂ, ਵੀਹ ਦਿਨ ਵਿਚ ਬਣ ਜਾਂਦੀ ਹੈ। ਸਕਿਲ ਓਰੀਐਂਟਲ ਪੇਂਟਿੰਗ ਸੀਮਤ ਸਮੇਂ ਵਿਚ ਪੂਰੀ ਹੋ ਜਾਂਦੀ ਹੈ। ਕ੍ਰੀਏਟਿਵ ਪੇਂਟਿੰਗ ਜਾਂ ਐਕਸਪੈਰੀਮੈਂਟਲ ਪੇਂਟਿੰਗ ਵਿਚ ਸਕਿਲ ਦੇ ਨਾਲ ਅਹਿਸਾਸ ਨੂੰ ਟਰਾਂਸਫ਼ਰ ਕਰਨ ਲਈ ਰਿਆਜ਼ ਦੀ ਬਹੁਤ ਲੋੜ ਹੁੰਦੀ ਹੈ।

ਕਈ ਵਾਰ ਤਾਂ ਇਹੋ ਜਿਹੀ ਪੇਂਟਿੰਗ ਨੇਪਰੇ ਚਾੜ੍ਹਦਿਆਂ ਕਈ ਕਈ ਮਹੀਨੇ ਵੀ ਲੈ ਲੈਂਦੀ ਹੈ।

? *ਕੀ ਕਦੀ ਇਸ ਤਰ੍ਹਾਂ ਵੀ ਹੋਇਆ ਹੈ ਕਿ ਚਿੱਤਰ ਬਣਾ ਕੇ ਆਪਣੇ ਆਪ ਉੱਤੇ ਖਿਝੇ ਹੋਵੋ ਤੇ ਫਿਰ ਉਹ ਪੇਂਟਿੰਗ ਰੱਦ ਕਰ ਦਿੱਤੀ ਹੋਵੇ ?*

• ਇਹ ਸਮੱਸਿਆ ਰੀਅਲਿਸਟਿਕ ਪੇਂਟਿੰਗ ਕਰਨ ਵਾਲੇ ਚਿੱਤਰਕਾਰ ਦੀ ਹੈ। ਕਨਸੈਪਚੂਅਲ ਪੇਂਟਿੰਗ ਵਿਚ ਇਸ ਤਰ੍ਹਾਂ ਦਾ ਮੁਕਾਮ ਨਹੀਂ ਆਉਂਦਾ। ਕੇਵਲ ਮਨ ਦੀ ਸਥਿਰਤਾ ਜ਼ਰੂਰੀ ਹੈ। ਹਾਂ, ਕਦੀ ਕਦੀ ਸਮਾਂ ਅਤੇ ਸੋਚ ਬਦਲਣ ਨਾਲ ਪੇਂਟਿੰਗ ਅਧੂਰੀ ਰਹਿ ਜਾਂਦੀ ਹੈ, ਪਰ ਸਮਾਂ ਪਾ ਕੇ ਉਸ ਦੇ ਪੂਰੇ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਹੈ ਤੇ ਅਕਸਰ ਪੂਰੀ ਹੋ ਵੀ ਜਾਂਦੀ ਹੈ।

? *ਪੇਂਟਿੰਗ ਬਣਾਉਣੀ ਸ਼ੁਰੂ ਕਰਨ ਵੇਲੇ ਕੀ ਪ੍ਰੇਰਨਾ ਵੀ ਅੰਗ ਸੰਗ ਹੁੰਦੀ ਹੈ ?*

• ਸਮਕਾਲ ਦੀ ਚਿੱਤਰਕਲਾ ਵਿਚ ਪ੍ਰੇਰਨਾ ਸਿੱਧੇ ਨਹੀਂ, ਅਸਿੱਧੇ ਤੌਰ ਉੱਤੇ ਮੌਜੂਦ ਰਹਿੰਦੀ ਹੈ। ਪ੍ਰੇਰਨਾ ਦੇ ਹੋਣ ਦਾ ਪ੍ਰਭਾਵ ਅੱਖਾਂ ਤੋਂ ਦਿਲ ਤਕ ਪਹੁੰਚਦਾ ਹੈ। ਪ੍ਰੇਰਨਾ ਅਦ੍ਰਿਸ਼ ਹੋ ਕੇ ਵੀ ਦ੍ਰਿਸ਼ ਵਿਚ

ਮੌਜੂਦ ਹੈ।

ਮੈਂ ਜਦੋਂ ਵੀ ਕੋਈ ਨਵੀਂ ਸੀਰੀਜ਼ ਸ਼ੁਰੂ ਕਰਦਾ ਹਾਂ, ਪ੍ਰੇਰਨਾ ਨਾ ਹੋਵੇ ਤਾਂ ਉਹ ਸੀਰੀਜ਼ ਇਕ-ਦੋ ਪੇਂਟਿੰਗਜ਼ ਵਿਚ ਮੁੱਕ ਜਾਂਦੀ ਹੈ। ਪ੍ਰੇਰਨਾ ਚਿੱਤਰਕਾਰ ਦੀ ਊਰਜਾ ਹੈ।

? *ਕੀ ਪੇਂਟ ਕਰਨ ਲਈ ਤੁਹਾਡਾ ਕੋਈ ਖ਼ਾਸ ਵੇਲਾ ਨਿਸਚਿਤ ਕੀਤਾ ਹੋਇਆ ਹੈ ?*

• ਪੇਂਟ ਕਰਨ ਲਈ ਮੇਰੀ ਪਸੰਦ ਦਾ ਵੇਲਾ ਤਾਂ ਅੰਮ੍ਰਿਤ ਵੇਲਾ ਹੈ। ਲਗਭਗ ਪਿਛਲੇ ਪੈਂਤੀ ਵਰ੍ਹਿਆਂ ਤੋਂ ਤੜਕਸਾਰ ਉੱਠ ਨਿਰੰਤਰ ਪੇਂਟ ਕਰ ਰਿਹਾ ਹਾਂ । ਜਦੋਂ ਕੋਈ ਨੁਮਾਇਸ਼ ਜਾਂ ਕਿਸੇ ਆਰਟ ਗੈਲਰੀ ਦੇ ਸ਼ੋਅ ਲਈ ਪੇਂਟਿੰਗ ਭੇਜਣੀ ਹੋਵੇ ਤਾਂ ਰਾਤ ਵੇਲੇ ਵੀ ਪੇਂਟ ਕਰਦਾ ਹਾਂ। ਪਰ ਸਵੇਰ ਦੇ ਪੰਜ ਵਜੇ ਤੋਂ ਲੈ ਕੇ ਅੱਠ ਵਜੇ ਤਕ ਤਾਂ ਪੇਂਟ ਕਰਦਾ ਹੀ ਹਾਂ। ਜੇ ਕਿਧਰੇ ਕੋਈ ਹੋਰ ਰੁਝੇਵਾਂ ਨਾ ਹੋਵੇ ਤਾਂ ਸ਼ਾਮ ਦੇ ਛੇ ਵਜੇ ਤੋਂ ਦਸ ਵਜੇ ਤਕ ਵੀ ਪੇਂਟ ਕਰਦਾ ਹਾਂ।

? *ਪੇਂਟਿੰਗ ਕਰਨ ਲਈ ਰੌਸ਼ਨੀ ਅਤੇ ਮਾਹੌਲ ਕਿਸ ਤਰ੍ਹਾਂ ਦਾ ਹੋਵੇ ?*

• ਬਾਹਰ ਅਤੇ ਅੰਦਰ ਦੀ ਰੌਸ਼ਨੀ ਅਤੇ ਮਾਹੌਲ ਪੇਂਟਿੰਗ ਲਈ ਬਹੁਤ ਮਹੱਤਵਪੂਰਨ ਹਨ। ਦੋਹਾਂ ਤਰ੍ਹਾਂ ਦੀਆਂ ਰੌਸ਼ਨੀਆਂ ਦੇ ਨਾਲ ਹੀ ਰੰਗਾਂ ਦੀ ਸਹੀ ਚੋਣ ਅਤੇ ਵਰਤੋਂ ਹੁੰਦੀ ਹੈ। ਕਈ ਵਾਰ ਬਾਹਰ ਵਾਲੀ ਰੌਸ਼ਨੀ ਨਾਲ ਰੰਗਾਂ ਦੀ ਤਰਤੀਬ ਵਧੀਆ ਨਜ਼ਰ ਆਉਂਦੀ ਹੈ, ਪਰ ਉਸ ਵਿਚ ਚਮਕ ਅਤੇ 3-ਡੀ ਦੀ ਫੀਲ ਨਹੀਂ ਆਉਂਦੀ। ਦੋਹਾਂ ਤਰ੍ਹਾਂ ਦੀ ਰੌਸ਼ਨੀ ਨਾਲ ਪੇਂਟਿੰਗ ਵਿਚ ਲਾਈਟ ਅਤੇ ਸ਼ੇਡ ਦਾ ਬੈਲੰਸ ਬਰਕਰਾਰ ਰਹਿੰਦਾ ਹੈ।

ਮੈਂ ਜ਼ਿਆਦਾਤਰ ਦਿਨ ਦੀ ਰੌਸ਼ਨੀ ਵਿਚ ਪੇਂਟ ਕਰਦਾ ਹਾਂ। ਰਾਤ ਵੇਲੇ ਬਹੁਤ ਚਾਨਣ ਵੀ ਹੋਵੇ ਤਾਂ ਵੀ ਰੰਗ ਅਤੇ ਸ਼ੇਡ ਹੋਰ ਹੋ ਜਾਂਦੇ ਹਨ।

ਪੇਂਟਿੰਗ ਦਾ ਮਾਹੌਲ ਇਕ ਦੂਜੇ ਨਾਲ ਜੁੜੇ ਹੋਏ ਹਨ । ਬਿਨਾਂ ਮਾਹੌਲ ਤੋਂ ਨਾ ਤਾਂ ਪੇਂਟਿੰਗ ਕੀਤੀ ਜਾ ਸਕਦੀ ਹੈ ਅਤੇ ਨਾ ਹੀ ਗਹਿਰ ਗੰਭੀਰਤਾ ਨਾਲ ਵੇਖੀ ਜਾ ਸਕਦੀ ਹੈ।

ਕਲਾਮਈ ਵਾਤਾਵਰਣ ਪੇਂਟਿੰਗ ਵਿਚ ਅੰਦਰੂਨੀ ਭਾਵਾਂ ਨੂੰ ਪ੍ਰਗਟਾਉਣ ਵਿਚ ਸਹਾਈ ਹੁੰਦਾ ਹੈ।

ਸੋਭਾ ਸਿੰਘ ਵਰਗੇ ਕਈ ਨਾਮੀ ਚਿੱਤਰਕਾਰ ਮਾਹੌਲ ਖ਼ਾਤਰ ਹੀ ਪਹਾੜਾਂ ਵਿਚ ਜਾ ਕੇ ਵੱਸ ਗਏ ਸਨ । ਅੱਜ ਦੇ ਸਮੇਂ ਪ੍ਰੋਫ਼ੈਸ਼ਨਲ ਚਿੱਤਰਕਾਰ ਘਰ ਵਿਚ ਪੇਂਟਿੰਗ ਕਰਨ ਦੀ ਬਜਾਏ ਸਟੂਡੀਓ ਵਿਚ ਕੰਮ ਕਰਨ ਨੂੰ ਤਰਜੀਹ ਦਿੰਦਾ ਹੈ।

? *ਕੀ ਪਰਿਵਾਰ ਕਲਾ ਨਾਲ ਤੁਅਲਕ ਰੱਖਦੇ ਖਿਲਾਰੇ ਤੋਂ ਪ੍ਰੇਸ਼ਾਨ ਨਹੀਂ ਹੁੰਦਾ ?*

• ਮੇਰੇ ਪਰਿਵਾਰ ਨੇ ਇਸ ਜਨੂੰਨ ਦਾ ਸਾਥ ਦਿੱਤਾ ਹੈ । ਕਲਾ ਦੇ ਖਿਲਾਰੇ ਵਿਚ ਉਹ ਦਖ਼ਲ ਅੰਦਾਜ਼ ਨਹੀਂ ਹੁੰਦੇ। ਮੈਂ ਵੀ ਘਰ ਦੀਆਂ ਜ਼ਿੰਮੇਵਾਰੀਆਂ ਸ਼ਿੱਦਤ ਨਾਲ ਨਿਭਾਉਂਦਾ ਹਾਂ । ਕਲਾ ਅਤੇ ਦੁਨੀਆਦਾਰੀ ਦਾ ਤੁਆਜ਼ਨ ਕਾਇਮ ਰੱਖਦਾ ਹਾਂ।

ਪਰਿਵਾਰ ਅਤੇ ਖਿਲਾਰਾ ਮੇਰੇ ਲਈ ਤਾਂ ਊਰਜਾ ਦਾ ਸਰੋਤ ਹੈ। ਕੰਫ਼ਰਟੇਬਲ ਜ਼ੋਨ ਦੇ ਵਿਚ ਤਾਂ ਆਦਮੀ ਕਲਾ ਨਹੀਂ, ਕੁਝ ਹੋਰ ਹੋਰ ਸੋਚਦਾ ਹੈ।

? *ਤੁਸੀਂ ਪੰਜਾਬ ਦੇ ਨਾਮਵਰ ਚਿੱਤਰਕਾਰਾਂ ਵਿਚੋਂ ਇਕ ਹੋ। ਇਸ ਮੁਕਾਮ ਤਕ ਪਹੁੰਚਣ ਲਈ ਕਿਸ ਰਾਹੋਂ ਗੁਜ਼ਰਨਾ ਪਿਆ ?*

• ਆਪਣੇ ਕੰਮ ਦੀ ਪਛਾਣ ਬਣਾਉਣ ਲਈ ਬਸ ਆਪਣੇ ਨਾਲ ਪਛਾਣ ਕਰਨੀ ਪਈ। ਰੇਖਾਵਾਂ ਅਤੇ ਰੰਗਾਂ ਨਾਲ ਸੁਹਿਰਦ ਹੋ ਕੇ ਜੁੜਿਆ ਰਿਹਾ। ਮੈਂ ਚਿੱਤਰਕਲਾ ਨੂੰ ਹੀ ਆਪਣਾ ਧਰਮ ਮੰਨ ਕੇ, ਕਰਮ ਮੰਨ ਕੇ, ਇਸ ਦੇ ਲੜ ਲੱਗਿਆ ਹੋਇਆ ਹਾਂ।

ਦੇਸ਼ ਦੇ ਪ੍ਰਮੁੱਖ ਸ਼ਹਿਰਾਂ ਵਿਚ ਮੈਂ ਆਪਣੇ ਚਿੱਤਰ ਦੀਆਂ ਲਗਭਗ ਵੀਹ ਸੋਲੋ ਨੁਮਾਇਸ਼ਾਂ ਲਾਈਆਂ ਹਨ ਅਤੇ ਇਕ ਸੌ ਪੰਜਾਹ ਤੋਂ ਵੀ ਵੱਧ ਸਟੇਟ, ਨੈਸ਼ਨਲ ਅਤੇ ਇੰਟਰ-ਨੈਸ਼ਨਲ ਨੁਮਾਇਸ਼ਾਂ ਵਿਚ ਭਾਗ ਲਿਆ ਹੈ।

ਮੁਕਾਮ ਮੈਨੂੰ ਖਲੋਤਾ ਹੋਇਆ ਸ਼ਬਦ ਲੱਗਦਾ ਹੈ । ਕਲਾ ਦਾ ਸਫ਼ਰ ਮੇਰੀ ਜਿਊਣ ਸ਼ੈਲੀ ਹੈ ਤੇ ਮੈਂ ਇਸ ਸਫ਼ਰ ਉੱਤੇ ਲਗਾਤਾਰ ਤੁਰ ਰਿਹਾ ਹਾਂ।

? *ਤੁਸੀਂ ਇਕ ਸੰਵੇਦਨਸ਼ੀਲ ਸ਼ਾਇਰ ਵੀ ਹੋ। ਤੁਹਾਡੇ ਕੋਲ ਕਲਮ ਪਹਿਲੋਂ ਆਈ ਸੀ ਕਿ ਚਿੱਤਰਕਲਾ ?*

• ਜਦੋਂ ਮੈਂ ਚੰਡੀਗੜ੍ਹ ਦੇ ਆਰਟ ਕਾਲਜ ਵਿਚ ਦਾਖ਼ਲਾ ਲਿਆ ਤਾਂ ਕਲਾ ਮੇਰੇ ਲਈ ਅਕਾਦਮਿਕ ਸੀ ਤੇ ਨਜ਼ਮ ਸੰਵੇਦਨਸ਼ੀਲ ਮਨ ਦਾ ਪ੍ਰਗਟਾਵਾ। ਉਂਜ ਚਿੱਤਰਕਲਾ ਤਾਂ ਮੇਰੇ ਕੋਲ ਮੁੱਢੋਂ-ਸੁੱਢੋਂ ਹੀ ਸੀ।

ਮੇਰੀਆਂ ਨਜ਼ਮਾਂ ਸੰਬੋਧਨੀ ਨੇ । ਕਿਸੇ ਨਾਲ ਗੱਲਾਂ ਕਰਨੀਆਂ ਹੋਣ ਤਾਂ ਸਹਿਜ-ਭਾਅ ਹੀ ਸਕੈੱਚ ਬੁੱਕ ਵਿਚ ਉਤਰ ਆਉਂਦੀਆਂ ਨੇ।

ਚਿੱਤਰ ਸਬਜੈਕਟਿਵ ਵੀ ਹੋ ਸਕਦਾ ਹੈ, ਪਰ ਨਜ਼ਮ ਹਮੇਸ਼ਾ ਉਸ ਵਿਚ ਗੁਜ਼ਰ ਰਹੇ ਪਲਾਂ ਨੂੰ ਮੁਖ਼ਾਤਿਬ ਹੁੰਦੀ ਹੈ।

ਮੇਰੇ ਸਕੈੱਚ ਅਤੇ ਨਜ਼ਮਾਂ ਨਾਲੋ ਨਾਲ ਤੁਰ ਰਹੀਆਂ ਨੇ। ਪਹਿਲਾਂ ਮੈਂ ਗੌਰ ਨਹੀਂ ਸੀ ਕੀਤਾ, ਪਰ ਹੁਣ ਜਾਣਦਾ ਹਾਂ, ਬਿਨਾਂ ਸੰਵੇਦਨਾ ਦੇ ਦੋਵੇਂ ਕਲਾਵਾਂ ਸਾਹ-ਸੱਤ ਹੀਨ ਹਨ।

? *ਦੋਹਾਂ ਵਿਧਾਵਾਂ ਵਿਚਾਲੇ ਕਿੰਨਾ ਕੁ ਫ਼ਰਕ ਗਿਣਦੇ ਹੋ ਜਾਂ ਸਾਂਝ ਗਿਣਦੇ ਹੋ ?*

• ਜੇ ਸ਼ਬਦਾਂ ਨਾਲ ਉਲੀਕ ਲਵਾਂ ਤਾਂ ਕਵਿਤਾ, ਜੇ ਰੰਗ ਵਰਤ ਲਵਾਂ ਤਾਂ ਚਿੱਤਰ। ਏਨੀ ਗੂੜ੍ਹੀ ਸਾਂਝ ਹੈ ਦੋਹਾਂ ਕਲਾਵਾਂ ਵਿਚ। ਪੇਂਟਿੰਗ ਵਿਚ ਮੈਂ ਨਜ਼ਮ ਹੀ ਲਿਖਦਾ ਹਾਂ। ਮੇਰੇ ਚਿੱਤਰ ਥੀਮ ਬੇਸਡ ਹੁੰਦੇ ਨੇ।

ਜੇਕਰ ਆਪਾਂ ਫ਼ਰਕ ਦੀ ਗੱਲ ਕਰੀਏ ਤਾਂ ਉਹ ਵੇਖਣ ਦਾ ਅਤੇ ਸੁਣਨ/ਪੜ੍ਹਨ ਦਾ ਹੈ। ਸੰਵੇਦਨਾ ਤਾਂ ਮਨਫ਼ੀ ਹੋ ਹੀ ਨਹੀਂ ਸਕਦੀ

ਨਾ।

ਚਿੱਤਰਕਲਾ ਪ੍ਰਗਟਾਵੇ ਦੀ ਸਭ ਤੋਂ ਪਹਿਲੀ ਭਾਸ਼ਾ ਹੈ। ਵਿਜ਼ੂਅਲ ਭਾਸ਼ਾ ਦਾ ਵਿਆਕਰਨ ਸਾਡਾ ਆਲਾ-ਦੁਆਲਾ ਹੈ। ਸਾਹਿਤ ਦਾ ਪ੍ਰਗਟਾਵਾ ਸ਼ਬਦ ਨੇ ਤੇ ਚਿੱਤਰ ਦਾ ਰੇਖਾਵਾਂ।

ਸਾਹਿਤ ਦੀ ਸਾਂਝ ਸਦਕਾ ਹੀ ਸਾਡੇ ਕੋਲ ਚਿੱਤਰਕਲਾ, ਮੂਰਤੀ ਕਲਾ, ਸੰਗੀਤ, ਨਾਚ ਆਦਿ ਵਿਧਾਵਾਂ ਦਾ ਗਿਆਨ ਮੌਜੂਦ ਹੈ।

? *ਕੀ ਕਦੀ ਇਸ ਤਰ੍ਹਾਂ ਵੀ ਹੋਇਆ ਹੈ ਕਿ ਤੁਹਾਡੀ ਕੋਈ ਕਵਿਤਾ ਪੇਂਟਿੰਗ ਹੋ ਗਈ ਹੋਵੇ ਅਤੇ ਕਿਸੇ ਪੇਂਟਿੰਗ ਨੂੰ ਤਾਮੀਰ ਕਰਨ ਵੇਲੇ ਖ਼ਿਆਲ ਨੇ ਕਵਿਤਾ ਦਾ ਲਿਬਾਸ ਪਹਿਨ ਲਿਆ ਹੋਵੇ।*

• ਭਾਵੇਂ ਕਵਿਤਾ ਹੋਵੇ ਤੇ ਭਾਵੇਂ ਪੇਂਟਿੰਗ, ਇਹ ਦੋਵੇਂ ਕਲਾਵਾਂ ਅਹਿਸਾਸ ਅਤੇ ਕਲਪਨਾ ਦੇ ਬੋਝ ਨਾਲ ਹੀ ਹੋਂਦ ਵਿਚ ਆਉਂਦੀਆਂ ਹਨ। ਜੇ ਅਹਿਸਾਸ ਅਤੇ ਕਲਪਨਾ ਰੰਗਾਂ ਨੂੰ ਅਪਣਾ ਲਵੇ ਤਾਂ ਪੇਂਟਿੰਗ ਬਣ ਜਾਂਦਾ ਹੈ। ਜੇ ਸ਼ਬਦਾਂ ਦੀ ਚਾਸ਼ਨੀ ਵਿਚ ਭਿੱਜ ਜਾਵੇ ਤਾਂ ਕਵਿਤਾ ਹੋ ਜਾਂਦਾ ਹੈ।

ਸੁਣੋ ਮੇਰੀ ਇਕ ਕਵਿਤਾ ਜੋ ਪੇਂਟਿੰਗ ਵੀ ਹੈ :

ਤੇਰੇ ਤੇ ਮੇਰੇ ਸਾਹਾਂ ਦੀ ਖ਼ੁਸ਼ਬੂ ਦਾ ਸਫ਼ਰ
ਆਖ਼ਰੀ ਤਾਰੇ ਡੁੱਬਣ ਤਕ ਦਾ
ਤੇਰੇ ਚਿਹਰੇ ਦੇ ਆਖ਼ਰੀ ਚੁੰਮਣ ਤਕ ਦਾ

ਤੇਰੀ ਤੇ ਮੇਰੀ ਬਾਤ ਦਾ ਸਫ਼ਰ
ਚਾਂਦਨੀ ਦੇ ਵਿਛੜਣ ਤਕ ਦਾ

ਤੇਰੀ ਤੇ ਮੇਰੀ ਮ੍ਰਿਗ ਤ੍ਰਿਸ਼ਨਾ ਦਾ ਪੈਂਡਾ
ਚੁਰਾਸੀ ਲੱਖ ਜੂਨ ਹੰਢਾਉਣ ਤਕ ਦਾ

ਤੇਰੀ ਤੇ ਮੇਰੀ ਸੱਧਰਾਂ ਦੀ ਸਾਂਝ
ਕਿਸੇ ਵਿਜੋਗਣ ਦੇ ਕੱਢੇ ਬਾਗ਼ ਜਿਹੀ

ਤੇਰੀ ਤੇ ਮੇਰੀ ਸੋਚ
ਬੇਥਵੇ ਰੰਗਾਂ ਦੀ ਤਰਤੀਬ ਜਿਹੀ

ਪੇਂਟਿੰਗ ਲਈ ਜ਼ਿਆਦਾ ਬੈਠਣਾ ਪੈਂਦਾ ਹੈ। ਇਸ ਤਰ੍ਹਾਂ ਅਵਸਰ ਮਿਲਦਾ ਹੈ ਵੱਖ-ਵੱਖ ਤਕਨੀਕਾਂ ਨਾਲ ਤਜ਼ਰਬੇ ਕਰਨ ਦਾ। ਸ਼ਬਦਾਂ ਨਾਲ ਬਹੁਤ ਘੱਟ ਮਾਪ-ਤੋਲ ਕਰਦਾ ਹਾਂ। ਮਨ ਦੀ ਫੁਟਦੀ ਆਬਸ਼ਾਰ ਵੇਲੇ ਮੈਂ ਉਸ ਵੇਗ ਨੂੰ ਵਾਕਫ਼ ਸ਼ਬਦਾਂ ਨਾਲ ਲਿਖ ਲੈਂਦਾ ਹਾਂ।

ਮੇਰੀਆਂ ਜ਼ਿਆਦਾਤਰ ਕਵਿਤਾਵਾਂ ਪੇਂਟਿੰਗ ਵਿਚ ਤਬਦੀਲ ਹੋ ਜਾਂਦੀਆਂ ਹਨ। ਇਸ ਦਾ ਇਕ ਕਾਰਨ ਸ਼ਾਇਦ ਇਹ ਵੀ ਹੈ ਕਿ ਮੇਰੀ ਹਰ ਪੇਂਟਿੰਗ ਕਿਸੇ ਨਾ ਕਿਸੇ ਪ੍ਰਸੰਗ ਨਾਲ ਜੁੜੀ ਹੋਈ ਹੁੰਦੀ ਹੈ। ਉਹ ਕਵਿਤਾ ਮੈਂ ਰੰਗਾਂ ਨਾਲ ਲਿਖ ਲੈਂਦਾ ਹਾਂ।

? *ਕੀ ਚਿੱਤਰਕਾਰ ਨੂੰ ਸਵੈ-ਜੀਵਨੀ ਲਿਖਣ ਦੀ ਵੀ ਲੋੜ ਹੁੰਦੀ ਹੈ ?*

• ਮੇਰੇ ਖ਼ਿਆਲ ਅਨੁਸਾਰ ਤਾਂ ਚਿੱਤਰਕਾਰ ਦੇ ਬਣਾਏ ਹੋਏ ਚਿੱਤਰ ਉਸ ਦੀ ਸ੍ਵੈ-ਜੀਵਨੀ ਹੁੰਦੇ ਹਨ। ਚਿੱਤਰਕਾਰ ਦਾ ਸਿਰਜਣਾਤਮਕ ਸਫ਼ਰ ਉਸ ਦੀ ਸ੍ਵੈ-ਜੀਵਨੀ ਹੈ।

ਹਰ ਚਿੱਤਰ ਵਿਚ ਇਕ ਵਰਤਮਾਨ ਹੁੰਦਾ ਹੈ। ਫੇਰ ਉਹ ਵਰਤਮਾਨ ਝਟਪਟ ਬੀਤਿਆ ਕੱਲ੍ਹ ਹੋ ਜਾਂਦਾ ਹੈ। ਉਸ ਚਿੱਤਰ ਵਿਚ ਬਹੁਤ ਸਾਰੀਆਂ ਦ੍ਰਿਸ਼ ਅਤੇ ਅਦ੍ਰਿਸ਼ ਯਾਦਾਂ ਰੂਪਮਾਨ ਹਨ। ਚਿੱਤਰਕਾਰ ਦਾ ਜੀਵਨ ਉਸ ਦੀ ਹਰ ਕੈਨਵਸ ਉੱਤੇ ਰੂਪਮਾਨ ਹੁੰਦਾ ਹੈ।

ਜੇ ਮੁਸੱਵਰ ਸ਼ਬਦਾਂ ਨਾਲ ਸ੍ਵੈ-ਜੀਵਨੀ ਲਿਖੇ ਤਾਂ ਬਿਨਾਂ ਦ੍ਰਿਸ਼ਾਂ ਅਤੇ ਪੇਂਟਿੰਗਜ਼ ਦੀ ਝਲਕ ਤੋਂ ਅਧੂਰੀ ਹੀ ਮਹਿਸੂਸ ਹੁੰਦੀ ਰਹੂ।

ਕਲਾਕਾਰ ਦੀਆਂ ਪੇਂਟਿੰਗਜ਼ ਹੀ ਉਸ ਦੀ ਸ੍ਵੈ-ਜੀਵਨੀ ਹੈ।

? *ਪੇਂਟਿੰਗ ਵਿਚ ਕਿਹੜਾ ਰੰਗ ਕਿੱਥੇ ਵਰਤਣਾ ਹੈ ? ਰੰਗਾਂ ਦੀ ਚੋਣ ਦਾ ਆਧਾਰ ਕੀ ਹੈ ? ਕੀ ਕੁਝ ਰੰਗ ਸਿਰਫ਼ ਇਸ ਲਈ ਵੀ ਵਰਤਦੇ ਹੋ ਕਿ ਪੇਂਟਿੰਗ ਸੋਹਣੀ ਦਿਸੇ ?*

• ਪੇਂਟਿੰਗ ਵਿਚ ਰੰਗ ਦੀ ਚੋਣ ਕਲਾਕਾਰ ਦੀ ਸੂਝ ਉੱਤੇ ਨਿਰਭਰ ਕਰਦੀ ਹੈ।

ਕੁਦਰਤ ਰੰਗਰੇਜ਼ ਹੈ। ਉਹ ਵੀ ਰੰਗਾਂ ਦੀ ਚੋਣ ਦਾ ਮਾਧਿਅਮ ਵੀ ਬਣਦੀ ਹੈ।

ਪੇਂਟਿੰਗ ਵਿਚ ਕਿਹੜਾ ਰੰਗ ਕਿੱਥੇ ਵਰਤਣਾ ਹੈ, ਇਸ ਦਾ ਕੋਈ ਗਣਿਤ ਨਹੀਂ। ਇਹ ਸੁਭਾਵਿਕ ਕਿਰਿਆ ਹੈ। ਕੇਵਲ ਰੀਆਲਿਸਟਿਕ ਪੇਂਟਿੰਗ ਵਿਚ ਹੀ ਰੰਗਾਂ ਦੀ ਚੋਣ ਸਬਜੈਕਟਿਵ ਹੁੰਦੀ ਹੈ। ਪਰ ਕੰਟੈਂਪਰੇਰੀ ਪੇਂਟਿੰਗ ਵਿਚ ਚਿੱਤਰਕਾਰ ਦੇ ਰੌਂਅ ਅਨੁਸਾਰ ਹੁੰਦੀ ਹੈ।

ਰੰਗ ਤਾਂ ਸਾਰੇ ਹੀ ਸੋਹਣੇ ਹੁੰਦੇ ਹਨ ਪਰ ਉਨ੍ਹਾਂ ਨੂੰ ਲਾਉਣ ਦੀ ਤਰਤੀਬ ਹੀ ਪੇਂਟਿੰਗ ਨੂੰ ਸੋਹਣਾ ਬਣਾਉਂਦੀ ਹੈ। ਚਿੱਤਰਕਾਰ ਨੂੰ ਤਜਰਬੇ ਨਾਲ ਹੀ ਸਮਝ ਪੈਂਦੀ ਹੈ ਕਿ ਕਿਹੜਾ ਰੰਗ ਕਿਹੜੇ ਰੰਗ ਨਾਲ ਹੋਰ ਨਿਖਰਦਾ ਹੈ।

ਰੰਗਾਂ ਦਾ ਪ੍ਰਭਾਵ ਮਨੁੱਖ ਦੇ ਮਨ ਉੱਤੇ ਜਾਦੂ ਵਰਗਾ ਅਸਰ ਕਰਦਾ ਹੈ, ਇਸ ਲਈ ਰੰਗ ਮੌਸਮ ਅਨੁਸਾਰ ਵੀ ਲਗਾਏ ਜਾਂਦੇ ਹਨ। ਬਾਰਾਂਮਾਹ ਨੂੰ ਵੀ ਰੰਗਾਂ ਦੀ ਭਾਸ਼ਾ ਨਾਲ, ਮੌਸਮ ਨੂੰ ਧਿਆਨ ਵਿਚ ਰੱਖ ਕੇ ਰੁਪਾਂਤਰਿਤ ਕੀਤਾ ਜਾਂਦਾ ਹੈ।

ਬਾਹਰਲੇ ਰੰਗਾਂ ਨੂੰ ਹਰ ਕਲਾਕਾਰ ਆਪਣੇ ਅੰਦਰਲੇ ਸੁਹੱਪਣ ਦੇ ਰੰਗਾਂ ਨਾਲ ਇਕਮਿਕ ਕਰਦਾ ਹੈ ਤੇ ਫਿਰ ਉਸ ਅਨੁਸਾਰ ਹੀ ਰੰਗਾਂ ਦੀ ਚੋਣ ਕਰਦਾ ਹੈ।

? *ਤੁਹਾਡੀਆਂ ਬਹੁਤ ਸਾਰੀਆਂ ਕਿਰਤਾਂ ਵਿਚੋਂ ਮੈਨੂੰ ਅਤ੍ਰਿਪਤੀਆਂ ਦੇ ਪਰਛਾਵੇਂ ਦਿਸਦੇ ਹਨ ?*

• ਅਤ੍ਰਿਪਤੀਆਂ ਤਾਂ ਮਨੁੱਖੀ ਸੁਭਾਅ ਦਾ ਹਿੱਸਾ ਹਨ।

ਅਤ੍ਰਿਪਤੀਆਂ ਦੇ ਪਰਛਾਵੇਂ ਹੀ ਮੇਰੀਆਂ ਪੇਂਟਿੰਗਜ਼ ਵਿਚ ਆਕਾਰ ਅਤੇ ਰੰਗ-ਰੂਪ ਵਿਚ ਵਿਚਰਦੇ ਹਨ। ਮੇਰਾ ਉਹ ਅੰਦਰਲਾ ਸਫ਼ਰ ਜਾਂ ਫਿਰ ਇੰਜ ਕਹਿ ਲਵੋ ਕਿ ਮੇਰੀਆਂ ਅਤ੍ਰਿਪਤੀਆਂ ਆਨੰਦ ਦੇ ਰੂਪ ਵਿਚ ਪੇਂਟਿੰਗਜ਼ ਵਿਚ ਨਮੂਦਾਰ ਹੁੰਦੀਆਂ ਹਨ। ਉਹ ਪੇਂਟਿੰਗਜ਼ ਮੇਰੇ ਵਜੂਦ ਨੂੰ ਅਲੱਗ ਅਲੱਗ ਪ੍ਰਾਣੀਆਂ ਦੇ ਰੂਪ ਵਿਚ ਪ੍ਰਗਟ ਕਰਦੀਆਂ ਹਨ।

ਮੇਰਾ ਸ਼ੁਰੂ ਦਾ ਸਫ਼ਰ ਆਪਣੇ ਤੋਂ ਆਪਣੇ ਤਕ ਦਾ ਹੀ ਹੈ। ਉਸ ਵਿਚ ਫੈਂਟਸੀ ਵੀ ਹੈ। ਤੇ ਕਲਪਨਾ ਵੀ, ਪਰ ਮੂਲ ਤਾਂ ਜੀਵਨ ਨਾਲ ਹੀ ਜੁੜਿਆ ਹੋਇਆ ਹੈ।

ਬੀਜ ਦਾ ਪੁੰਗਰਨਾ, ਪੱਤੇ ਦਾ ਹਰੇ ਤੋਂ ਪੀਲਾ ਹੋਣਾ ਤੇ ਫਿਰ ਝੜ ਜਾਣਾ, ਰੁੱਖ ਨੂੰ ਪਏ ਬੂਰ ਦਾ ਫਲ ਹੋ ਜਾਣਾ ਜਾਂ ਝੱਖੜ ਦੀ ਭੇਟ ਹੋ ਜਾਣਾ, ਇਹ ਸਾਰੀਆਂ ਤ੍ਰਿਪਤੀਆਂ, ਅਤ੍ਰਿਪਤੀਆਂ ਕੁਦਰਤ ਦੀਆਂ ਵੀ ਹਨ ਤੇ ਜੀਵਨ ਦੀਆਂ ਵੀ। ਮੈਂ ਇਨ੍ਹਾਂ ਦੋਹਾਂ ਵਿਚਕਾਰ ਹੀ ਪੇਂਟ ਕਰਦਾ ਹਾਂ। ਮੇਰੀ ਸੋਚ ਅਨੁਸਾਰ ਤਾਂ ਅਤ੍ਰਿਪਤੀਆਂ ਵੀ ਸਿਰਜਣਾ ਦੇ ਰਾਹ ਤੋਰਦੀਆਂ ਨੇ।

? *ਉਹ ਅਤ੍ਰਿਪਤੀਆਂ ਪੇਂਟ ਹੋ ਜਾਣ ਪਿੱਛੋਂ ਕੀ ਮਰ੍ਹਮ ਬਣਦੀਆਂ ਨੇ ?*

- ਮੈਂ ਅਤ੍ਰਿਪਤੀਆਂ ਵਿਚੋਂ ਹੀ ਨਵੀਂ ਡਾਈਮੈਨਸ਼ਨ ਪੈਦਾ ਕਰਦਾ ਹਾਂ। ਉਨ੍ਹਾਂ ਨੂੰ ਨਵਾਂ ਰੰਗ-ਰੂਪ ਦੇ ਕੇ ਨਵੀਂ ਪੇਂਟਿੰਗ ਵਿਚ ਬਦਲ ਦਿੰਦਾ ਹਾਂ। ਉਹ ਅਤ੍ਰਿਪਤੀਆਂ ਉਦੋਂ ਤਕ ਹੀ ਭਟਕਣਾ ਨੇ ਜਦੋਂ ਤਕ ਉਨ੍ਹਾਂ ਨੂੰ ਨਵਾਂ ਵਜੂਦ ਨਹੀਂ ਮਿਲ ਜਾਂਦਾ।

ਮੇਰੀਆਂ ਅਤ੍ਰਿਪਤੀਆਂ ਮੇਰੀ ਕਲਾ ਦੇ ਸਫ਼ਰ ਦੀ ਰਹਿਨੁਮਾਈ ਕਰਦੀਆਂ ਸਾਫ਼ ਨਜ਼ਰ ਆਉਂਦੀਆਂ ਹਨ। ਅਤ੍ਰਿਪਤੀਆਂ ਮਰ੍ਹਮ ਨਾ ਬਣਨ ਤਾਂ ਬੇਹਤਰ। ਮੈਨੂੰ ਮੇਰੀ ਨਜ਼ਮ ਵੀ ਇਹ ਆਖਦੀ ਪ੍ਰਤੀਤ ਹੁੰਦੀ ਹੈ।

ਤਲਬ ਦੇ ਵਕਫ਼ਿਆਂ ਵਿਚ
ਤਲਬ ਤਾਂ ਰਹੇ
ਤਲਬਗਾਰ ਵੀ ਰਹੇ।

ਰਿਸ਼ਤਿਆਂ ਦੀ ਜਾਦੂਗਰੀ
ਆਪਣਿਆਂ ਨੂੰ ਅਰਗ ਤਾਂ ਦੇਵੇ
ਆਪਣਿਆਂ ਦੀ ਗੁਨਾਹਗਾਰ ਵੀ ਰਹੇ।

ਰੰਗਾਂ ਦੀ ਕਾਇਨਾਤ
ਦਿਲਾਸਾ ਹੈ ਨਜ਼ਾਰੇ ਲਈ
ਅਹਿਸਾਸ ਦਾ ਕੈਨਵਸ ਬੇਕਰਾਰ ਵੀ ਰਹੇ।

ਰਾਹਾਂ 'ਤੇ ਤੁਰਦਾ ਗੁਆਚਾ ਵੀ ਰਹਾਂ
ਮੰਜ਼ਲ ਦਾ ਪਤਾ ਹੁੰਦਿਆਂ ਸੁੰਦਿਆਂ
ਭਟਕਣਾ ਮਨ ਦੀ ਪੈਰਾਂ 'ਚ ਰਹੇ।

ਅਤ੍ਰਿਪਤੀਆਂ ਤੋਂ ਬਿਨਾਂ ਸਿਰਜਣਾ ਖਲੋਤਾ ਪਾਣੀ ਹੈ।

? *ਤੁਹਾਡੇ ਪੈਂਡੇ ਦੇ ਇਕ ਪੜਾਅ ਦੀਆਂ ਕਿਰਤਾਂ ਪ੍ਰਤੱਖ ਰੂਪ ਵਿਚ ਸੰਭੋਗ ਨੂੰ ਚਿਤਰਦੀਆਂ ਹਨ। ਤੁਸੀਂ ਇਸ ਬਾਰੇ ਕੀ ਆਖਦੇ ਹੋ ?*

- ਤੁਸੀਂ ਮੇਰੀਆਂ ਪੇਂਟਿੰਗ ਲੜੀਆਂ ਰਾਸ, ਮਿਊਜ਼ਿਕ ਵਿੱਦ-ਇਨ, ਡਾਂਸ ਵਿੱਦ-ਇਨ, ਬੁੱਲ ਵਿੱਦ-ਇਨ ਦਾ ਜ਼ਿਕਰ ਕਰ ਰਹੇ ਹੋ।

ਭੌਰੇ ਦੇ ਪਰਾਗ ਪਾਏ ਬਿਨਾਂ ਇਕ ਫੁੱਲ ਵੀ ਨਹੀਂ ਖਿੜਦਾ। ਸ੍ਰਿਸ਼ਟੀ ਦੀ ਸਿਰਜਣਾ ਸੰਭੋਗ ਦਾ ਹੀ ਕ੍ਰਿਸ਼ਮਾ ਹੈ।

ਸਿਰਜਣਾਤਮਕ ਕਲਾਵਾਂ ਵਿਚ ਕੋਈ ਵੀ ਵਿਸ਼ਾ ਵਰਜਿਤ ਨਹੀਂ। ਅਸਥੈਟਿਕ ਤਾਂ ਪੇਸ਼ਕਾਰੀ ਦੇ ਅੰਦਾਜ਼ ਵਿਚ ਹੈ।

ਰੰਗਾਂ ਰੇਖਾਵਾਂ ਦੇ ਭੋਗ ਵਿਚ ਤਲਾਸ਼ ਸੰਪੂਰਨ ਸ੍ਰਿਸ਼ਟਾ ਹੀ ਹੈ। ਉਹ ਦੇਖਦਾ ਹੈ, ਮਹਿਸੂਸ ਕਰਦਾ ਹੈ ਅਤੇ ਉਸ ਆਨੰਦ ਨੂੰ ਭੋਗਦਾ ਹੈ। ਉਹ ਮਨ ਦੀ ਜਰਖੇਜ਼ ਮਿੱਟੀ ਵਿਚ ਉਤਸਵ ਦੀ ਫ਼ਸਲ ਉਗਾਉਂਦਾ ਹੈ। ਮਨ ਦਾ ਉਤਸਵ ਕਲਾਕਾਰ ਦਾ ਪ੍ਰਸ਼ਾਦ ਹੈ।

ਤੁਹਾਡਾ ਸੁਆਲ ਮੇਰੇ ਕੰਮ ਬਾਰੇ ਖ਼ੂਬਸੂਰਤ ਅਤੇ ਸ਼ਲਾਘਾਯੋਗ ਟਿੱਪਣੀ ਹੈ। ਮੇਰੀਆਂ ਤਸਵੀਰਾਂ ਕਾਮਦੇਵ ਦੇ ਅਸ਼ੀਰਵਾਦ ਦੀਆਂ ਰੰਗੀਆਂ ਹੋਈਆਂ ਹਨ। ਮੈਂ ਆਪਣੀਆਂ ਕਿਰਤਾਂ ਵਿਚ ਸੁਹੱਪਣ, ਰੰਗ, ਫ਼ਿਗਰ ਅਤੇ ਮਨੁੱਖੀ ਸੰਬੰਧਾਂ ਨੂੰ ਬਰੀਕੀ ਨਾਲ ਟਰਾਂਸਫ਼ਰ ਕਰਦਾ ਹਾਂ। ਮੇਰਾ ਯਤਨ ਹੁੰਦਾ ਹੈ ਕਿ ਹਰ ਤੱਤ ਦਾ ਅਰਥ ਸੰਵਾਦ ਸਥਾਪਿਤ ਕਰੇ। ਇਹ ਪ੍ਰਕਿਰਿਆ ਸੁਭਾਵਕ ਵੀ ਹੈ।

ਮੇਰੀਆਂ ਤਸਵੀਰਾਂ ਵਿਚ ਤੁਸੀਂ ਬਲਦ, ਤੋਤੇ, ਕਬੂਤਰ, ਬੱਕਰੇ ਅਤੇ ਕੁੱਕੜ ਆਦਿ ਵੇਖਦੇ ਹੋ। ਉਹ ਨਰ-ਪ੍ਰਵਿਰਤੀ ਦੇ ਲਖਾਇਕ ਹਨ। ਉਸੇ ਫਰੇਮ ਵਿਚ ਮਾਦਾ ਵੀ ਹੈ ਅਤੇ ਜ਼ਿੰਦਗੀ ਦੀ ਜਿਓਮੈਟਰੀ ਵੀ ਕੰਪੋਜ਼ ਕੀਤੀ ਹੋਈ ਦਿਸਦੀ ਹੈ। ਇਹ ਸਹਿਜ ਪ੍ਰਗਟਾਵਾ ਹੈ, ਜਿਸ ਨੂੰ ਮੈਂ ਸਲੀਕੇ ਨਾਲ ਪੇਂਟ ਕਰਦਾ ਹਾਂ। ਇਸ ਵਿਚ ਕਿਧਰੇ ਵੀ ਕੋਈ ਹੇਰ ਫੇਰ ਨਹੀਂ ਹੈ, ਲੁਕਾ-ਛਿਪੀ ਨਹੀਂ ਹੈ। ਜੇ ਉਹ ਕਿਰਤਾਂ ਪ੍ਰਤੱਖ ਰੂਪ ਵਿਚ ਸੰਭੋਗ ਜਾਂ ਔਰਤ ਦੀ ਪੂਰਨਤਾ ਦੀ ਤਲਾਸ਼ ਵੱਲ ਇਸ਼ਾਰਾ ਕਰਦੀਆਂ ਹਨ ਤਾਂ ਇਸ ਦਾ ਇਹੋ ਭਾਵ ਹੈ ਕਿ ਉਹ ਚਿੱਤਰਾਂ ਵਿਚ ਸ੍ਰਿਸ਼ਟਾ ਵਿਦਮਾਨ ਹੈ। ਉਹ ਪਰਮ ਆਨੰਦ ਨੂੰ ਪ੍ਰਗਟਾਅ ਰਿਹਾ ਹੈ। ਸੰਪੂਰਨ ਆਨੰਦ ਦੀ ਅਨੁਭੂਤੀ ਕਰਵਾ ਰਿਹਾ ਹੈ।

? *ਕਲਾ ਸਿਰਜਣਾ ਦੇ ਅਗਲੇ ਪੜਾਅ ਵਿਚ ਦਾਖ਼ਲ ਹੋਣ ਤੋਂ ਪਿੱਛੋਂ ਤੁਹਾਡੀਆਂ ਨਵੀਆਂ ਪੇਂਟਿੰਗਜ਼ ਵਿਚ ਵੀ ਔਰਤ-ਮਰਦ ਦੇ ਓਹਲਿਆਂ ਦਾ ਰਿਸ਼ਤਾ ਆਪਣੀ ਥਾਂ ਮੱਲ ਲੈਂਦਾ ਹੈ। ਕਲਾ ਦੇ ਸਫ਼ਰ ਦਾ ਇਹ ਮੋਟਿਫ਼-ਵਿਆਖਿਆ ਮੰਗਦਾ ਹੈ ?*

- ਕਲਾ ਵਿਚ ਔਰਤ ਮਰਦ ਦੇ ਓਹਲਿਆਂ ਦੇ ਰਿਸ਼ਤੇ ਦੀ ਪੇਸ਼ਕਾਰੀ ਦਰਅਸਲ ਆਪਸੀ ਵਾਰਤਾਲਾਪ ਦਾ ਸਫ਼ਰ ਹੈ। ਉਸ ਵਾਰਤਾਲਾਪ ਵਿਚ ਨਿਰੰਤਰਤਾ ਹੈ। ਕੋਈ ਵੀ ਮੋਟਿਫ਼ ਇਕੱਲਾ ਨਹੀਂ ਹੈ। ਉਸ ਨੂੰ 3-ਡੀ ਹੋਣ ਲਈ ਪਰਛਾਵੇਂ ਦੀ ਲੋੜ ਹੈ। ਮੋਟਿਫ਼ ਤੋਂ ਬਿਨਾਂ ਪੇਂਟਿੰਗ ਵਿਚ ਅਧੂਰਾਪਨ ਰੜਕਦਾ ਰਹਿੰਦਾ ਹੈ।

ਜੋ ਜੀਵਨ ਵਿਚ ਵਾਪਰ ਰਿਹਾ ਹੈ, ਉਹੀ ਪੇਂਟਿੰਗ ਦਾ ਹਿੱਸਾ ਬਣਦਾ ਹੈ।

ਰਿਸ਼ਤਿਆਂ ਦੇ ਤਾਣੇ-ਬਾਣੇ ਵਿਚੋਂ ਹੀ ਪੇਂਟਿੰਗ ਦੀ ਰੂਪਰੇਖਾ ਬਣਦੀ ਹੈ। ਉਸ ਵਿਚ ਜੇ ਕਿਧਰੇ ਖ਼ਾਮੀਆਂ ਹਨ ਤਾਂ ਫੈਂਟਸੀ ਉਨ੍ਹਾਂ ਨੂੰ ਦੂਰ ਕਰ ਦਿੰਦੀ ਹੈ ਅਤੇ ਪੇਂਟਿੰਗ ਨੂੰ ਹੋਰ ਫ਼ਬਾ ਦਿੰਦੀ ਹੈ।

ਮੇਰੀਆਂ ਪੇਂਟਿੰਗਜ਼ ਵਿਚ ਰਿਸ਼ਤਿਆਂ ਦੀ ਸਜਾਵਟ ਹੈ। ਉਹ ਰਿਸ਼ਤੇ ਸੁਭਾਵਿਕ ਹਨ।

? *ਨੁਮਾਇਸ਼ ਵਿਚ ਦਰਸ਼ਕ ਅਕਸਰ ਚਿੱਤਰਕਾਰ ਨੂੰ ਪੁੱਛਦੇ ਹਨ, ਤੁਹਾਡੀ ਇਸ ਪੇਂਟਿੰਗ ਦਾ ਮਾਅਨਾ ਕੀ ਹੈ ? ਕੀ ਇਹ ਸੁਆਲ ਜਾਇਜ਼ ਹੈ ? ਕਿਸੇ ਪੇਂਟਿੰਗ ਨੂੰ ਪੂਰਾ ਜਾਣਨ ਲਈ ਦਰਸ਼ਕ ਕੀ ਸੁਆਲ ਪੁੱਛੇ ?*

• ਇਸ ਸੰਸਾਰ ਦੀ ਹਰ ਸ਼ੈਅ ਭਾਵੇਂ ਉਹ ਸਥੂਲ ਹੈ ਤੇ ਭਾਵੇਂ ਰੂਹਾਨੀ, ਮਨੁੱਖ ਨੂੰ ਅਰਥ ਚਾਹੀਦੇ ਹੁੰਦੇ ਹਨ ਤਾਂ ਹੀ ਉਹ ਉਸ ਸ਼ੈਅ ਨੂੰ ਪੂਰਾ ਸਮਝ ਸਕਦਾ ਹੈ। ਪੇਂਟਿੰਗ ਵਿਚ ਤਾਂ ਸਥੂਲ ਅਤੇ ਰੂਹਾਨੀ ਅੰਸ਼ ਹਮੇਸ਼ਾ ਹੀ ਹੁੰਦੇ ਹਨ। ਇਸ ਲਈ ਦਰਸ਼ਕਾਂ ਦੇ ਪੇਂਟਿੰਗ ਦੇ ਅਰਥ ਪੁੱਛਣੇ ਜਾਇਜ਼ ਹਨ।

ਇਹ ਸੁਆਲ ਦਰਸ਼ਕ ਇਸ ਲਈ ਵੀ ਪੁੱਛਦੇ ਹਨ ਕਿਉਂਕਿ ਵਿਜੂਅਲ ਚਿੰਨ੍ਹਾਂ ਦੀ ਭਾਸ਼ਾ ਨਾਲ ਉਨ੍ਹਾਂ ਦਾ ਵਾਹ-ਵਾਸਤਾ ਘੱਟ ਹੁੰਦਾ ਹੈ।

ਉਂਜ ਭਾਵੇਂ ਚਿੱਤਰਕਲਾ ਮਨੁੱਖ ਦੀ ਪਹਿਲੀ ਭਾਸ਼ਾ ਹੈ। ਗੁਫ਼ਾਵਾਂ ਦੇ ਚਿੱਤਰ ਇਸ ਗੱਲ ਦਾ ਪ੍ਰਮਾਣ ਹਨ।

ਚਿੱਤਰਕਲਾ ਸਹਿਜ ਮਨ ਦੀ ਭਾਸ਼ਾ ਹੈ। ਇਸ ਨੂੰ ਭੀੜ ਤੋਂ ਪਾਸੇ ਹੋ ਕੇ ਹੀ ਸਮਝਿਆ ਜਾ ਸਕਦਾ ਹੈ। ਅੱਜ ਦਾ ਯੁੱਗ ਸ਼ਬਦਾਂ ਦਾ ਯੁੱਗ ਹੈ।

ਕਲਾਕਾਰ ਆਪਣੇ ਚਿੱਤਰ ਦਾ ਸਿਰਲੇਖ ਇਸ ਲਈ ਲਿਖਦਾ ਹੈ ਕਿ ਦਰਸ਼ਕ ਉਸ ਬਾਰੇ ਮੁੱਢਲਾ ਪ੍ਰਭਾਵ ਲੈ ਸਕੇ ਅਤੇ ਉਸ ਨਜ਼ਰੀਏ ਤੋਂ ਪੇਂਟਿੰਗ ਨੂੰ ਵੇਖ ਅਤੇ ਸਮਝ ਸਕੇ।

ਪੇਂਟਿੰਗ ਨੂੰ ਪੂਰਾ ਜਾਣਨ ਲਈ ਦਰਸ਼ਕ ਅਤੇ ਕਲਾਕਾਰ ਦਾ ਨੁਕਤਾ-ਨਿਗਾਹ ਬਰਾਬਰ ਦਾ ਹੋਣਾ ਚਾਹੀਦਾ ਹੈ ਤਾਂ ਕਿ ਦਰਸ਼ਕ ਚਿੱਤਰ ਦੇ ਕਲਾਕਾਰ ਤੋਂ ਤਕਨੀਕ ਅਤੇ ਪ੍ਰਤੀਕ ਵਜੋਂ ਵਰਤੇ ਗਏ ਰੰਗਾਂ ਦੇ ਅਰਥ ਸਮਝ ਸਕੇ। ਚਿੱਤਰਕਾਰ ਤੋਂ ਉਹਦਾ ਤਜ਼ਰਬਾ, ਸਿਰਜਣਾ ਦਾ ਭੇਤ ਅਤੇ ਉਸ ਦੀ ਪ੍ਰੇਰਨਾ ਬਾਰੇ ਸੁਆਲ ਪੁੱਛ ਸਕੇ।

? *ਪ੍ਰਤਿਭਾ ਨਾਲ ਕੰਮ ਸ਼ੁਰੂ ਤਾਂ ਹੋ ਜਾਂਦੇ ਹਨ ਪਰ ਮੁੱਕਦੇ ਨਹੀਂ। ਪ੍ਰਤਿਭਾ ਨੂੰ ਖੰਭ ਦੇਣ ਲਈ ਕੀ ਕਰਦੇ ਹੋ ਤਾਂ ਕਿ ਉੱਚੀ ਉਡਾਰੀ ਭਰ ਸਕੋ ?*

• ਦੁਨੀਆ ਦੇ ਮਹਾਨ ਅਤੇ ਪ੍ਰਤਿਭਾਵਾਨ ਚਿੱਤਰਕਾਰਾਂ ਵਿਚ ਇਕ ਗੱਲ ਸਾਂਝੀ ਸੀ। ਉਨ੍ਹਾਂ ਲਗਾਤਾਰ ਮਿਹਨਤ ਕੀਤੀ ਹੈ। ਮੈਂ ਉਨ੍ਹਾਂ ਬਾਬਿਆਂ ਦੀਆਂ ਪੈੜਾਂ ਉੱਤੇ ਤੁਰਨ ਦੇ ਯਤਨ ਵਿਚ ਹਾਂ।

ਕਲਾ ਖੇਤਰ ਦੀਆਂ ਸਰਗਰਮੀਆਂ ਵਿਚ ਮੈਂ ਉਚੇਚਾ ਹਿੱਸਾ ਲੈਂਦਾ ਹਾਂ। ਨੁਮਾਇਸ਼ਾਂ, ਆਰਟ ਕੈਂਪਾਂ, ਕਲਾ-ਵਰਕਸ਼ਾਪਾਂ ਵਿਚ ਸ਼ਮੂਲੀਅਤ ਕਰਦਾ ਹਾਂ। ਚਿੱਤਰਕਾਰ ਦੋਸਤਾਂ ਵਿਚ ਵਿਚਰਦਾ ਹਾਂ। ਕਲਾ ਬਾਰ ਵਿਚਾਰ-ਚਰਚਾ ਵਿਚ ਭਾਗ ਲੈਂਦਾ ਹਾਂ।

ਮੈਂ ਇਹ ਵੀ ਕੋਸ਼ਿਸ਼ ਕਰਦਾ ਹਾਂ ਕਿ ਸਾਲ ਵਿਚ ਇਕ-ਅੱਧ ਵਾਰ ਕਿਸੇ ਵੱਡੇ ਸ਼ਹਿਰ ਵਿਚ ਨੁਮਾਇਸ਼ ਜ਼ਰੂਰ ਲਾਵਾਂ

ਮੈਂ ਟਰਕੀ, ਦੁਬਈ ਅਤੇ ਮੈਕਡੋਨੀਆਂ ਆਦਿ ਦੇਸ਼ਾਂ ਦੇ ਕੌਮਾਂਤਰੀ ਆਰਟ ਰੈਜ਼ੀਡੈਂਸੀ, ਕਲਾ ਮੇਲੇ ਅਤੇ ਕਲਾ ਗੋਸ਼ਟੀਆਂ ਵਿਚ ਵੀ ਭਾਗ ਲੈਂਦਾ ਹਾਂ।

ਗਿਆਨ ਦੇ ਖੰਭ ਅਤੇ ਸਮਰੱਥਾਵਾਨ ਮਨ, ਕਲਾ ਦੀ ਉਡਾਣ ਵਿਚ ਤਾਂ ਹਮੇਸ਼ਾ ਤੋਂ ਹੀ ਸਹਾਈ ਹੁੰਦੇ ਹਨ। ਜਦੋਂ ਵਿਚਾਰ, ਕੈਨਵਸ ਦੇ ਰੰਗਾਂ ਵਿਚ ਘੁਲ-ਮਿਲ ਜਾਵੇ, ਉਦੋਂ ਉੱਚੀ ਉਡਾਣ ਲਈ ਅੰਬਰ ਮੋਕਲਾ ਹੋ ਗਿਆ ਲੱਗਦਾ ਹੈ।

? *ਕੀ ਇਕ ਚਿੱਤਰਕਾਰ ਲਈ ਜ਼ਰੂਰੀ ਹੈ ਕਿ ਉਹ ਆਪਣੀਆਂ ਕਲਾ-ਕ੍ਰਿਤੀਆਂ ਦੀ ਨੁਮਾਇਸ਼ ਲਾਵੇ। ਤੁਸੀਂ ਆਪਣੀ ਸਿਰਜਣਾ ਦੇ ਰੱਬ ਹੋ। ਉਪਰ ਵਾਲਾ ਰੱਬ ਤਾਂ ਆਪਣੀਆਂ ਕ੍ਰਿਤੀਆਂ ਦੀ ਕੋਈ ਨੁਮਾਇਸ਼ ਨਹੀਂ ਲਾਉਂਦਾ ?*

• ਚਿੱਤਰਕਾਰ ਲਈ ਇਹ ਜ਼ਰੂਰੀ ਹੈ ਕਿ ਉਹ ਆਪਣੀਆਂ ਪੇਂਟਿੰਗਜ਼ ਦੀ ਨੁਮਾਇਸ਼ ਲਾਵੇ। ਨੁਮਾਇਸ਼ਾਂ ਚਿੱਤਰਕਾਰ ਨੂੰ ਸਲੀਕਾ, ਹੌਂਸਲਾ ਅਤੇ ਪਛਾਣ ਦਿੰਦੀਆਂ ਹਨ। ਦਰਸ਼ਕਾਂ ਨਾਲ ਸੰਵਾਦ ਕਲਾ ਦੀਆਂ ਗਹਿਰਾਈਆਂ ਬਾਰੇ ਚੇਤੰਨ ਕਰਦਾ ਹੈ। ਨੁਮਾਇਸ਼ਾਂ ਨਵੇਂ ਅਤੇ ਪੁਰਾਣੇ ਕਲਾਕਾਰਾਂ ਨਾਲ ਜਾਣ-ਪਛਾਣ ਕਰਾਉਂਦੀਆਂ ਹਨ ਅਤੇ ਆਪਸੀ ਭਾਈਚਾਰੇ ਨੂੰ ਗੂੜ੍ਹਾ ਕਰਦੀਆਂ ਹਨ।

ਨੁਮਾਇਸ਼ਾਂ ਦਾ ਤਜ਼ਰਬਾ ਤਕਨੀਕੀ ਬਰੀਕੀਆਂ, ਡਿਸਪਲੇਅ ਅਤੇ ਫਰੇਮ ਦਾ ਮਹੱਤਵ ਚਿੱਤਰਕਾਰ ਦੀ ਭਵਿੱਖ ਦੀ ਪੇਸ਼ਕਾਰੀ ਨੂੰ ਸਵੈ ਨੂੰ ਸਮਝਣ ਅਤੇ ਸਮਝਾਉਣ ਦਾ ਅਵਸਰ ਮਿਲਦਾ ਹੈ।

ਨੁਮਾਇਸ਼ ਕਲਾਕਾਰ ਨੂੰ ਸਕੂਨ, ਰੁਮਾਂਚ ਅਤੇ ਪ੍ਰੇਰਨਾ ਦਿੰਦੀ ਹੈ। ਆਪਣੀਆਂ ਭਵਿੱਖ ਦੀਆਂ ਪੇਂਟਿੰਗਜ਼ ਵਿਚ ਉਸ ਨੂੰ ਹੁਨਰ ਨੂੰ ਹੋਰ ਨਿਖਾਰਣ ਦੀ ਸੂਝ ਮਿਲਦੀ ਹੈ।

? *ਤੁਸੀਂ ਹਰ ਪ੍ਰਕਾਰ ਦੀਆਂ ਪੇਂਟਿੰਗਜ਼ ਬਣਾਈਆਂ ਹਨ। ਕਈ ਭਾਂਤ ਦੇ ਤਜ਼ਰਬੇ ਵੀ ਕੀਤੇ ਹਨ। ਰੰਗਾਂ ਅਤੇ ਆਕਾਰਾਂ ਨਾਲ ਖੇਡੇ ਹੋ। ਤੁਹਾਡੇ ਖ਼ਿਆਲ ਵਿਚ ਪੇਂਟਿੰਗ ਤੁਹਾਥੋਂ ਕੀ ਮੰਗਦੀ ਹੈ ?*

• ਪੇਂਟਿੰਗ ਮੈਥੋਂ ਮੇਰਾ ਸੌ ਪ੍ਰਤੀਸ਼ਤ ਮੰਗਦੀ ਹੈ। ਮੈਂ ਪੂਰਾ ਦਿਲ ਪੇਂਟਿੰਗ ਨੂੰ ਦੇਣ ਦਾ ਯਤਨ ਵੀ ਕਰਦਾ ਹਾਂ।

ਪੇਂਟਿੰਗ ਚਾਹੁੰਦੀ ਹੈ ਮੇਰਾ ਅਚੇਤ, ਅਰਧਚੇਤ ਇਕਮਿਕ ਹੋ ਕੇ ਪੇਂਟਿੰਗ ਵਿਚ ਸ਼ਾਮਲ ਹੋਵੇ ਅਤੇ ਚੇਤਨ ਰੂਪ ਵਿਚ ਨਮੂਦਾਰ ਵੀ ਹੋਵੇ।

ਹਰ ਪੇਂਟਿੰਗ ਮੈਥੋਂ ਰੰਗਾਂ ਅਤੇ ਰੇਖਾਵਾਂ ਦਾ ਨਵੇਕਲਾਪਣ

ਮੰਗਦੀ ਹੈ।

ਪੇਂਟਿੰਗ ਸਮਾਂ ਤਾਂ ਮੰਗਦੀ ਹੈ ਪਰ ਇਕ ਮਾਰਗ-ਦਰਸ਼ਨ ਵੀ ਲੱਭਦੀ ਹੈ। ਉਹ ਮਾਰਗ-ਦਰਸ਼ਨ ਪੇਂਟਿੰਗ ਵਿਚੋਂ ਸਹਿਜ ਭਾਅ ਅਤੇ ਜਾਗਰੂਕ ਰੂਪ ਵਿਚ ਲੰਘਣ ਦਾ ਹੈ।

ਮੈਥੋਂ ਪੇਂਟਿੰਗ ਸਮਝ ਮੰਗਦੀ ਹੈ ਤਾਂ ਜੋ ਮੈਂ ਹਾਸਲ ਕੀਤਾ ਹੋਇਆ ਅਨੁਭਵ ਪੇਂਟਿੰਗ ਵਿਚ ਸਮੋਅ ਸਕਾਂ।

? *ਕੀ ਕਦੀ ਇਹੋ ਜਿਹਾ ਵੇਲਾ ਵੀ ਆਇਆ ਹੈ ਕਿ ਬੁਰਸ਼ ਕੈਨਵਸ ਉੱਤੇ ਤੁਰਨ ਤੋਂ ਮੁਨਕਰ ਹੋ ਗਿਆ ਹੋਵੇ, ਰੰਗ ਰੁੱਸ ਗਏ ਹੋਣ ?*

• ਜਦੋਂ ਚਿੱਤਰਕਾਰ ਬਹੁਤ ਦੇਰ ਤਕ ਰੰਗ ਅਤੇ ਕੈਨਵਸ ਵੱਲੋਂ ਮੁੱਖ ਮੋੜ ਲਵੇ ਤਾਂ ਇਹੋ ਜਿਹੇ ਵੇਲੇ ਦਾ ਆਉਣਾ ਸੁਭਾਵਕ ਹੈ।

ਮੈਂ ਯਤਨ ਕਰਦਾ ਹਾਂ ਕਿ ਇਹੋ ਜਿਹਾ ਵੇਲੇ ਨਾ ਆਉਣ ਦਿੱਤਾ ਜਾਵੇ ਕਿ ਸਰਫੇਸ ਰਾਹ ਨਾ ਦੇਵੇ ਤੇ ਰੰਗ ਇਧਰ-ਉਧਰ ਭਟਕਣ ਲੱਗ ਪੈਣ।

? *ਜੇ ਰੰਗ, ਬੁਰਸ਼ ਅਤੇ ਕੈਨਵਸ ਰੁੱਸ ਜਾਵੇ ਤਾਂ ਚਿੱਤਰਕਾਰ ਉਦੋਂ ਕੀ ਕਰੇ ?*

• ਚਿੱਤਰਕਾਰ ਨੂੰ ਚਾਹੀਦਾ ਹੈ ਕਿ ਉਦੋਂ ਆਪਣਾ ਮਨ ਫਰੋਲੇ। ਉਹਨੂੰ ਪਤਾ ਲੱਗ ਜਾਊ ਕਿ ਆਪਣੀ ਇਬਾਦਤ (ਚਿੱਤਰਕਾਰੀ) ਨਾਲ ਰੁੱਸਣਾ ਖ਼ੁਦ ਨਾਲ ਰੁੱਸਣ ਵਾਂਗੂੰ ਹੈ।

ਦੂਜਿਆਂ ਨੂੰ ਖ਼ੁਸ਼ ਕਰਨ ਲਈ ਤਰਕੀਬਾਂ ਲੱਭ ਪੈਂਦੀਆਂ ਨੇ। ਆਪਣੇ ਸਕੂਨ ਲਈ ਚਿੱਤਰਕਾਰ ਕੋਲ ਇਕੋ ਰਾਹ ਹੈ ਕਿ ਉਹ ਆਪਣਾ ਨਿੱਤਨੇਮ ਭੰਗ ਨਾ ਕਰੇ।

? *ਇਕ ਵਾਰ ਐੱਮ.ਐੱਫ਼. ਹੁਸੈਨ ਦੀਆਂ ਪੇਂਟਿੰਗਜ਼ ਕਰੋੜਾਂ ਵਿਚ ਵਿਕੀਆਂ ਸਨ। ਅਖ਼ਬਾਰਾਂ ਵਿਚ ਇਹ ਖ਼ਬਰ ਪੜ੍ਹ ਕੇ ਮੈਂ ਹੈਰਾਨ ਹੋਇਆ ਸਾਂ ਕਿ ਇਹੋ ਜਿਹਾ ਉਨ੍ਹਾਂ ਪੇਂਟਿੰਗਾਂ ਵਿਚ ਕੀ ਸੀ ?*

• ਐੱਮ. ਐੱਫ਼. ਹੁਸੈਨ ਭਾਰਤੀ ਕਲਾ ਜਗਤ ਦਾ ਨਾਮਵਰ ਹਸਤਾਖ਼ਰ ਹੈ। ਪ੍ਰਗਤੀਵਾਦੀ ਗਰੁੱਪ ਦੇ ਸਾਰੇ ਕਲਾਕਾਰਾਂ ਨਾਲੋਂ ਉਨ੍ਹਾਂ ਦੀ ਕਲਾ ਨਵੇਕਲੀ ਸੀ। ਸ਼ੁਰੂ ਵਿਚ ਉਨ੍ਹਾਂ ਘੋੜਿਆਂ ਦੇ ਚਿੱਤਰ ਬਣਾਏ ਤਾਂ ਉਨ੍ਹਾਂ ਚਿੱਤਰਾਂ ਦੀ ਦੇਸ਼ ਭਰ ਵਿਚ ਚਰਚਾ ਹੋਈ ਸੀ।

ਉਸ ਵੇਲੇ ਦੀਆਂ ਪੇਂਟਿੰਗ ਵਿਚ ਵਿਸ਼ਾ-ਵਸਤੂ ਸਬਜੈਕਟਿਵ ਹੀ ਸੀ। ਉਨ੍ਹਾਂ ਦੇ ਦਸਤਖ਼ਤ ਨਿਵੇਕਲਾ ਅੰਦਾਜ਼, ਰੰਗ ਦੀ ਵਰਤੋਂ, ਇੰਡੀਅਨ ਮਾਸਟਰਜ਼ ਦੀ ਸ਼ੈਲੀ ਤੋਂ ਵੱਖਰੀ ਸੀ। ਉਹ ਚਲੰਤ ਵਿਸ਼ਿਆਂ ਨੂੰ ਪੇਂਟ ਕਰਕੇ ਸਿਖਰ ਤਕ ਪਹੁੰਚੇ।

ਮੈਨੂੰ ਹੁਸੈਨ ਸਾਹਿਬ ਦੀ ਜਾਦੂਈ ਤਕਨੀਕ ਅਤੇ ਮੁਹਾਰਤ ਨੂੰ ਨੇੜਿਓਂ ਘੋਖਣ ਦਾ ਅਵਸਰ ਮਿਲਿਆ ਸੀ। ਉਨ੍ਹਾਂ ਕਿਸੇ ਐੱਨ.ਜੀ.ਓ. ਲਈ ਵੀਹ ਲੱਖ ਦੀ ਪੇਂਟਿੰਗ ਚਾਲੀ ਮਿੰਟਾਂ ਵਿਚ ਬਣਾਉਣੀ ਸੀ। ਉਸ ਪੇਂਟਿੰਗ ਦਾ ਸਾਈਜ਼ 48×60 ਇੰਚ ਦਾ ਸੀ। ਇਹ ਪੇਂਟਿੰਗ ਗਣੇਸ਼ ਜੀ ਦੀ ਸੀ।

ਪੰਜਾਬ ਕਲਾ ਭਵਨ ਚੰਡੀਗੜ੍ਹ ਵਿਖੇ, ਇਸ ਪੇਂਟਿੰਗ ਦੀ ਸਿਰਜਣਾ ਵੇਲੇ ਮੈਂ ਹੁਸੈਨ ਸਾਹਿਬ ਦਾ ਸਹਾਇਕ ਸਾਂ। ਮੈਂ ਅਚੰਭਿਤ ਹੋਇਆ ਹੁਸੈਨ ਸਾਹਿਬ ਦੀ ਡਰਾਇੰਗ ਦੀ ਮੁਹਾਰਤ, ਰੰਗਾਂ ਦੇ ਲਾਉਣ ਦਾ ਤਰੀਕਾ, ਰੰਗਾਂ ਉੱਤੇ ਜ਼ਾਬਤਾ ਅਤੇ ਇਕਾਗਰਤਾ ਨੂੰ ਵੇਖਦਾ ਰਿਹਾ ਸਾਂ।

ਚਿੱਤਰ ਦਾ ਮਹਿੰਗੇ ਮੁੱਲ ਵਿਚ ਵਿਕਣਾ, ਚਿੱਤਰਕਾਰ ਦੀ ਤਪੱਸਿਆ ਅਤੇ ਉਸ ਵੇਲੇ ਦੇ ਚਿੱਤਰਕਾਰਾਂ ਨਾਲੋਂ ਨਿਵੇਕਲਾ ਹੋਣ ਉੱਤੇ ਵੀ ਨਿਰਭਰ ਕਰਦਾ ਹੈ।

ਇਕ ਭੁਲੇਖਾ ਮੈਂ ਦੂਰ ਕਰ ਦੇਵਾਂ। ਨਿਲਾਮ ਘਰ ਵੱਲੋਂ ਕਰੋੜਾਂ ਰੁਪਏ ਵਿਚ ਗਏ ਚਿੱਤਰ ਦੀ ਪੂਰੀ ਰਾਸ਼ੀ ਕਦੀ ਚਿੱਤਰਕਾਰ ਨੂੰ ਨਹੀਂ ਮਿਲਦੀ। ਕਲਾ-ਮੰਡੀ ਦੀ ਖੇਡ ਅਨੋਖੀ ਹੈ।

? *ਤੁਸੀਂ ਆਪਣੀ ਪੇਂਟਿੰਗਜ਼ ਦਾ ਮੁੱਲ ਕਿਸ ਤਰ੍ਹਾਂ ਨਿਰਧਾਰਤ ਕਰਦੇ ਹੋ ?*

• ਪੇਂਟਿੰਗ ਦਾ ਮੁੱਲ ਆਮ ਤੌਰ ਉੱਤੇ ਕਲਾ-ਪ੍ਰੇਮੀ ਦੀ ਪਸੰਦ ਅਤੇ ਕਲਾਕਾਰ ਦੀ ਉਹਦੇ ਨਾਲ ਸਹਿਮਤੀ ਉੱਦੇ ਨਿਰਧਾਰਤ ਹੁੰਦਾ ਹੈ। ਕਲਾਕਾਰ ਵੀ ਪੇਂਟਿੰਗ ਦੀ ਇਕ ਕੀਮਤ ਆਪਣੀ ਕਲਾ ਦੇ ਮਿਆਰ, ਮਿਹਨਤ ਅਤੇ ਘਾਲਣਾ ਅਨੁਸਾਰ ਤੈਅ ਕਰ ਦਿੰਦਾ ਹੈ।

ਕੀਮਤ ਦੇ ਮਾਮਲੇ ਵਿਚ ਜੇ ਕੋਈ ਦਿੱਕਤ ਆਵੇ ਤਾਂ ਮੈਂ ਕਲਾ ਪ੍ਰੇਮੀ ਨੂੰ ਆਖਦਾ ਹਾਂ, ਉਹ ਆਪ ਹੀ ਚਿੱਤਰ ਦਾ ਵਾਜਬ ਮੁੱਲ ਤੈਅ ਕਰ ਦੇਵੇ।

ਪੇਂਟਿੰਗ ਵਿਓਪਾਰਕ ਸੋਚ ਨਾਲ ਨਹੀਂ ਬਣਦੀ। ਸਿਰਜਣਾ ਦੇ ਆਨੰਦ ਦੀ ਕੀਮਤ ਤਾਂ ਕੋਈ ਆਂਕ ਹੀ ਨਹੀਂ ਸਕਦਾ।

? *ਉਹ ਬਹੁਤ ਜਣੇ ਨੇ ਜਿਹੜੇ ਚਿਤਰਕਾਰ ਬਣਨਾ ਚਾਹੁੰਦੇ ਨੇ, ਪਰ ਨਹੀਂ ਬਣ ਸਕੇ। ਉਨ੍ਹਾਂ ਦੀ ਚਿੱਤਰਕਲਾ ਲਈ ਰਾਹ ਸੁਖਾਲਾ ਕਰਨਾ ਹੋਵੇ ਤਾਂ ਉਹ ਕੀ ਕਰਨ ?*

• ਕਲਾ ਦਾ ਬੀਜ ਤਾਂ ਹਰ ਮਨੁੱਖ ਦੇ ਅੰਦਰ ਹੈ। ਕਈ ਵਾਰੀ ਉਹ ਬੀਜ ਪੁੰਗਰ ਪੈਂਦਾ ਹੈ। ਕਈਆਂ ਦੇ ਮਨ ਦੀ ਮਿੱਟੀ ਜਰਖੇਜ਼ ਨਹੀਂ ਹੁੰਦੀ, ਲੋੜੀਂਦਾ ਵਾਤਾਵਰਣ ਵੀ ਨਹੀਂ ਹੁੰਦਾ। ਉਨ੍ਹਾਂ ਅੰਦਰ ਉਹ ਬੀਜ ਫੁਟਦਾ ਨਹੀਂ, ਬਸ ਹਵਾ ਦੇ ਗਰਮ, ਸਰਦ ਬੁੱਲਿਆਂ ਨਾਲ ਇਧਰ-ਉਧਰ ਉੱਡਦਾ ਰਹਿੰਦਾ ਹੈ।

ਚਿੱਤਰਕਲਾ ਪ੍ਰਤਿਭਾਵਾਨਾਂ ਦਾ ਪਿਆਰਾ ਵਿਸ਼ਾ ਹੈ। ਕਈ ਕਲਾਕਾਰ ਤਾਂ ਚਿੱਤਰਕਲਾ ਨੂੰ ਕਿੱਤਾ ਵੀ ਬਣਾ ਲੈਂਦੇ ਹਨ।

ਚਿੱਤਰਕਾਰੀ ਜਨੂੰਨ ਦਾ ਸਫ਼ਰ ਹੈ। ਇਹ ਉਹ ਵਿਧਾ ਹੈ, ਜਿਹੜੀ ਤੁਹਾਡਾ ਸਮਰਪਣ ਮੰਗਦੀ ਹੈ। ਜੇ ਕਿਸੇ ਕੋਲ ਚਿੱਤਰਕਲਾ ਲਈ ਸ਼ਿੱਦਤ ਹੈ, ਪਾਗਲਪਨ ਹੈ ਤਾਂ ਉਸ ਦਾ ਰਾਹ ਕੋਈ ਨਹੀਂ ਰੋਕ ਸਕਦਾ।

ਚਿੱਤਰਕਾਰੀ ਵਿਚ ਤਾਂ ਅਹਿਸਾਸ ਦੇ ਕਾਫ਼ਲੇ ਨਾਲ ਲਗਾਤਾਰ ਤੁਰਨਾ ਪੈਂਦਾ ਹੈ। ਇਹ ਵਿਧਾ ਤੁਹਾਡਾ ਸਮਰਪਣ ਮੰਗਦੀ ਹੈ।

ਚਿੱਤਰਕਲਾ ਲਈ ਜੇ ਤੁਹਾਡੇ ਕੋਲ ਪਾਗਲਪਨ ਹੈ ਤਾਂ

ਕਵਿਤਾਵਾਂ : *ਮਦਨ ਲਾਲ*

## ਤੂੰ

ਤੂੰ ਖਿਜ਼ਾਂ ਦਾ ਰੰਗ ਬਣ ਉੱਤਰ ਗਈ ਹਰ ਖ਼ਿਆਲ ਵਿਚ
ਉਲਝਣਾਂ ਦੀ ਪਰਿਕਰਮਾ ਕਰਦੇ ਰਹੇ ਤਮਾਮ ਉਮਰ

ਤੂੰ ਹਾਜ਼ਰ ਜੁਆਬ ਰਹੀ ਮੇਰੇ ਹਰ ਸਵਾਲ ਵਿਚ
ਜ਼ਿੰਦਗੀ ਦੀ ਹਰ ਖ਼ੁਸ਼ਬੋ ਤੋਂ ਵਾਕਫ਼ ਹਾਂ ਅਸੀਂ

ਤੇਰੀ ਮਹਿਕ ਖਿੰਡਰੀ ਰਹੀ ਸਦਾ ਮੇਰੇ ਅੰਤਰਾਲ ਵਿਚ
ਪਰਦਿਆਂ ਵਿਚ ਵੀ ਪਰਦਾਦਾਰੀ ਰਹੀ, ਸਾਡੇ ਲਈ
ਤੂੰ ਮਿਲਦੀ ਰਹੀ ਰਿਸ਼ਤਿਆਂ ਦੇ ਮਾਇਆ ਜਾਲ ਵਿਚ

ਤੇਰੇ ਹਰ ਭੋਗ ਨਾਲ ਪਹੁੰਚੇ ਨਿਰ ਆਕਾਰ ਤੱਕ
ਆਪਣੇ ਵਜੂਦ ਦੇ ਪਾਰ ਵੀ ਮੌਜੂਦ ਹੈਂ ਤੂੰ ਆਕਾਰ ਵਿਚ
ਕਿੰਨਾ ਲੰਬਾ ਹੈ ਸਫ਼ਰ ਇਸ ਕਸ਼ਮਕਸ਼ ਦਾ
ਸ਼ਬਦਾਂ ਦੇ ਹਾਸ਼ੀਏ ਤੋਂ ਪਰ੍ਹੇ ਸ਼ੁਰੂ ਹੁੰਦੀ ਏ
ਤਲਾਸ਼ ਇਕ ਰੂਹੇ ਯਾਰ ਦੀ

## ਸੁਪਨਾ

ਜ਼ਿੰਦਗੀ ਸਫ਼ਰ ਹੈ...ਕਦੇ ਕਾਫ਼ਲੇ ਵਿਚ
ਕਦੇ ਇਕੱਲੇ ਹੀ ਚੱਲਦੇ ਜਾਣ ਦਾ
ਕਦੇ ਹਮਸਫ਼ਰ ਦੇ ਵਿੱਛੜ ਜਾਣ ਦਾ
ਕਦੇ ਭੀੜ ਵਿਚ ਗੁਆਚ ਜਾਣ ਦਾ

ਇਵੇਂ ਚੱਲਦੀ ਹੈ ਜ਼ਿਹਨ ਵਿਚਲੀ
ਘੜੀ ਦੀਆਂ ਸੂਈਆਂ ਦੀ ਟਿਕ-ਟਿਕ
ਕਿ ਸੋਚ ਦੇ ਪੰਨਿਆਂ 'ਤੇ
ਨਜ਼ਰ ਆਉਂਦਾ ਏ ਅੱਜ ਹੀ ਸਿਰਫ਼
ਬਾਕੀ ਸਫ਼ਿਆਂ 'ਤੇ ਛੋਟੇ ਬਾਲ ਵਾਂਗ
ਸਿਆਹੀ ਡੋਲ੍ਹ ਦਿੱਤੀ ਹੋਵੇ ਸਮੇਂ ਨੇ ਜਿਵੇਂ
ਤੇ ਬੀਤਿਆ ਕੱਲ੍ਹ ਤੇ ਆਉਣ ਵਾਲਾ ਕੱਲ੍ਹ
ਸੁਰਮੇਂ ਭਰੀਆਂ ਅੱਖੀਆਂ ਦਾ ਸੁਪਨਾ ਹੈ ਬੱਸ...!

•

ਮੋਬਾ : 98149-04403

ਚਿੱਤਰਕਲਾ ਲਈ ਤੁਹਾਡਾ ਰਾਹ ਮੋਕਲਾ ਹੈ। ਬੁਰਸ਼ ਚੁੱਕੋ ਤੇ ਰੰਗਾਂ ਨੂੰ ਪੈਲਟ ਉੱਤੇ ਧਰ ਕੇ ਸ਼ੁਰੂ ਹੋ ਜਾਓ।

ਅਹਿਸਾਸ ਨੂੰ ਰੇਖਾਵਾਂ ਵਿਚ ਰੂਪਾਂਤਰਿਤ ਕਰੋ। ਰੰਗਾਂ ਨਾਲ ਮਨ ਦਾ ਸੁਰ ਮਿਲਾਓ। ਰੇਖਾਵਾਂ ਦੇ ਫੈਲਾਓ ਨਾਲ ਸੀਮਾਵਾਂ ਤੋਂ ਬਾਹਰ ਜਾਣਾ, ਕਲਪਨਾ ਦੇ ਸਮੁੰਦਰ ਵਿਚ ਤੈਰਨਾ, ਇਹ ਸਾਰਾ ਕੁਝ ਇਸ ਸਿਰਜਣਾ ਦੇ ਰਾਹ ਵਿਚ ਹੈ।

ਇਹ ਰਾਹ ਯਕੀਨਨ ਨਖਲਿਸਤਾਨ ਤਕ ਪਹੁੰਚਦਾ ਹੈ। ਗਿਆਨ ਦੀ ਸਾਧਨਾ ਜ਼ਰੂਰੀ ਹੈ। ਹੋ ਸਕੇ ਤਾਂ ਦੀਖਸ਼ਾ ਗੁਰੂਆ ਤੋਂ ਵੀ ਲੈਣੀ ਚਾਹੀਦੀ ਹੈ।

ਇਕ ਗੱਲ ਤਾਂ ਪੱਕੀ ਹੈ, ਨਵੇਂ ਬਣੇ ਚਿੱਤਰਕਾਰ ਨੂੰ ਆਪਣੀ ਤੇਹ ਬਰਕਰਾਰ ਰੱਖਣੀ ਪਊ।

? *ਇਹ ਸੁਆਲ ਆਖ਼ਰੀ ਦਿਸਦਾ ਹੋਇਆ ਵੀ ਆਖ਼ਰੀ ਨਹੀਂ; ਪਰ ਇਹ ਸੁਆਲ ਤੁਹਾਨੂੰ ਖੁੱਲ੍ਹ ਦਿੰਦਾ ਹੈ ਕਿ ਜੋ ਨਹੀਂ ਪੁੱਛਿਆ ਜਾ ਸਕਿਆ, ਜੋ ਕਹਿ ਨਹੀਂ ਹੋਇਆ, ਉਹ ਗੱਲ ਖੁੱਲ੍ਹ ਕੇ ਕਰ ਲਵੋ।*

• ਤੁਹਾਡੇ ਇਸ ਸੁਆਲ ਦਾ ਜੁਆਬ ਮੇਰੀ ਇਕ ਨਜ਼ਮ ਕੋਲ ਹੈ :

ਦਸਵੇਂ ਦੁਆਰ ਵੱਲ ਤੁਰਦਾ ਤੁਰਦਾ
ਇਸ਼ਕ ਦੇ ਬੂਹੇ ਜਾ ਪਹੁੰਚਾ !
ਦੋਹਾਂ ਵਿਚਕਾਰ
ਬਸ ਓਨਾ ਕੁ ਫ਼ਾਸਲਾ ਸੀ
ਜਿੰਨਾ ਕੁ ਤੇਰੇ ਹਲਫ਼ ਵਰਗੇ
ਮੇਰੇ ਪਹਿਲੇ ਚੁੰਮਣ ਦਾ।

ਇਸ਼ਕ ਦੇ ਬੂਹੇ ਤੋਂ ਹੀ
ਸ਼ੁਰੂ ਹੋਈ ਸੀ
ਖ਼ੁਦ ਤੋਂ ਖ਼ੁਦ ਵੱਲ ਦੀ ਯਾਤਰਾ

ਹਰ ਛਿਣ
ਅਗਲੇ ਜਨਮ ਦੀ ਕਾਮਨਾ
ਹਰ ਰੰਗ
ਤੇਰੇ ਰੰਗ ਦੀ ਸਤਰੰਗੀ
ਹਰ ਸੁਆਦ
ਤੇਰੀ ਚਾਹਤ ਦੀ ਚਾਸ਼ਨੀ
ਹਰ ਸਾਹ
ਤੇਰੇ ਸਾਹਾਂ ਦੀ ਖ਼ੁਸ਼ਬੂ !

ਉਥੇ ਇਸ਼ਕ ਦੀ ਦਰਗਾਹ ਉੱਤੇ
ਕਿਰਮਚੀ ਵੇਲਾ ਸੀ
ਇਬਾਦਤ ਸ਼ੁਰੂ ਹੋਈ ਸੀ
ਰੰਗਾਂ ਦੀ ਆਜ਼ਾਨ ਦੇ ਨਾਲ।

• •

ਕਵਿਤਾਵਾਂ : *ਡਾ. ਗੁਰੂਮੇਲ ਸਿੱਧੂ*



## ਨਵੀਂ ਮਿਊਟੇਸ਼ਨ

ਘਰ ਦਾ ਬੂਹਾ
ਉਬਾਸੀ ਵਾਂਗ ਖੁੱਲ੍ਹਦਾ ਹੈ
ਸੜਕਾਂ 'ਤੇ ਖ਼ਾਮੋਸ਼ੀ ਦੀ ਗਰਦ
ਪੌਣਾਂ 'ਚ ਕੂਕਦਾ ਦਰਦ
ਬੇਚੈਨੀ 'ਚ ਭਟਕਦੀ ਭੀੜ
ਤੁਰੀ ਜਾਂਦੀ—
ਹੋਂਦ ਦਾ ਓਹਲਾ ਕਰਕੇ
ਅੱਖਾਂ 'ਤੇ ਹੱਥ ਧਰ ਕੇ
ਕਾਹਲੀ ਕਾਹਲੀ
ਛੋਹਲੀ ਛੋਹਲੀ

ਇਹ ਕੇਹਾ ਵਿਕਾਸ ਹੈ
ਹਰ ਚਿਹਰਾ ਉਦਾਸ ਹੈ
ਕੋਈ ਮਾਜਰਾ ਖ਼ਾਸ ਹੈ

ਡਾਰਵਿਨ
ਸਿਧਾਂਤ ਦੇ ਵਰਕੇ ਫੋਲਦਾ
ਵਿਰੁੱਧ ਹੋ ਗਿਆ
ਨਵੀਂ ਮਿਊਟੇਸ਼ਨ ਦੀ
ਪਰਿਭਾਸ਼ਾ ਟੋਲਦਾ
ਸਿਧਾਂਤ 'ਤੇ ਕਾਟਾ ਮਾਰਦਾ
ਉਬਾਸੀ ਲੈਂਦਾ
ਸਿਰ ਪੈਰ ਲਾਹ ਕੇ
ਸੜਕ 'ਤੇ ਚੜ੍ਹ ਬਹਿੰਦਾ

## ਹਰਿਆ ਬੂਟ ਰਹਿਓ ਰੀ

ਆਪਣੇ ਆਪ ਨੂੰ
ਰੋਜ਼ ਮਿਲਦਾ ਹੈ
ਗੁਆਚੀ ਸੋਚ ਵਾਂਗ
ਬਿਫ਼ਰੀ ਲੋਚ ਵਾਂਗ
ਉਜੜੇ ਥੇਹ ਵਾਂਗ
ਭਟਕੀ ਰੂਹ ਵਾਂਗ
ਢੱਠੇ ਖੂਹ ਵਾਂਗ
ਬੰਨ੍ਹੇ ਵਿਚਾਰ ਵਾਂਗ
ਬੇਸੁਰੇ ਤਾਲ ਵਾਂਗ

ਅਜੇ ਵੀ ਸ਼ਾਇਦ
ਸਹਿਕਦੀ ਹੈ ਆਸ
ਜਿਉਣ ਦੀ ਪਿਆਸ

ਮੈਂ ਕੋਈ ਨਾਲਾ, ਨਦੀ
ਖੂਹ, ਖੁਆਜਾ ਨਹੀਂ
ਮੈਂ ਪਿਆਸੀ ਪਿਆਸ ਹਾਂ
ਭਟਕਦੀ ਹੋਈ ਆਸ ਹਾਂ
ਨਾਸਤਕ ਦੀ ਅਰਦਾਸ ਹਾਂ

ਫੇਰ ਵੀ
ਖ਼ੁਦ ਨੂੰ ਮਿਲਣ ਦੀ ਤਾਂਘ ਹੈ
ਸ਼ਾਇਦ ਅਜੇ ਵੀ ਕੋਈ
ਹਰਿਆ ਬੂਟ ਰਹਿਓ ਰੀ

## ਕਿਣਮਿਣੀ

ਉਹ ਕੁੜੀ
ਮੇਰੀ ਸੋਚ 'ਚੋਂ
ਖਾਰਿਜ ਨਹੀਂ ਹੁੰਦੀ
ਛੋਪਲੇ ਜਹੇ
ਸਿਮਰਿਤੀ ਵਿਚ
ਉੱਸਲਵੱਟੇ ਭੰਨਦੀ
ਅਚਾਨਕ
ਮਨ ਦੀ ਮਮਟੀ 'ਤੇ ਆ ਬਹਿੰਦੀ

ਮਨ ਦੀ ਅਮਾਵਸੀ ਚਾਦਰ 'ਤੇ
ਪਾਉਂਦੀ ਰਹਿੰਦੀ
ਚਾਨਣ ਦੀਆਂ ਬੂਟੀਆਂ
ਪਲੋਸਦਾ ਰਹਿੰਦਾਂ ਰੇਸ਼ਮੀ ਤਾਰਾਂ
ਸੁਬ੍ਹਕ ਜਹੇ ਪੋਟਿਆਂ ਸੰਗ
ਮਘ ਪੈਂਦੇ ਪੋਟੇ
ਪੈ ਜਾਂਦੇ ਨੇ ਚਾਨਣੀ ਦੇ ਚੌਹ
ਜਿਵੇਂ ਕੋਈ ਤ੍ਰੌਂਕ ਦੇਵੇ ਚਾਨਣੀ ਦੇ ਛਿੱਟੇ
ਮੱਸਿਆ ਦੀ ਚਾਦਰ 'ਤੇ
ਦੇਹ 'ਚੋਂ ਝੜਦਾ ਨੂਰ
ਜਿਵੇਂ ਅੰਬੀਆਂ ਤੋਂ ਬੂਰ
ਤਨ 'ਚੋਂ ਨੁੱਚੜਦਾ ਅਹਿਦ
ਜਿਵੇਂ ਛੱਤੇ ਵਿਚੋਂ ਸ਼ਹਿਦ

ਮੈਂ ਚਾਨਣੀ ਵਿਚ ਖ਼ਲੋਤਾ
ਕਿਣਮਿਣੀ ਬਰਸਾਤ ਦਾ
ਆਨੰਦ ਮਾਣਦਾ ਹਾਂ

## ਰੂ-ਬ-ਰੂ

ਕੱਪੜਿਆਂ ਤੋਂ ਬਾਹਰ
ਤੁਹਾਡੇ ਸਾਹਵੇਂ ਖੜ੍ਹਾ ਹਾਂ
ਨੰਗ-ਧੜੰਗਾ
ਅਲਫ਼ ਨੰਗਾ

ਚਮੜੀ ਦਾ ਓਡਣ ਦਾ
ਕਾਇਆ ਦਾ ਓਹਲਾ ਹੈ
ਹੁਣ ਮੈਂ ਪਾਰਦਰਸ਼ੀ
ਤੁਹਾਡੇ ਰੂ-ਬ-ਰੂ ਹਾਂ

ਮੇਰੇ ਪਿੰਜਰ ਤੋਂ
ਡਰੋ ਨਾ
ਮੈਂ ਓਹੋ ਹਾਂ
ਨੈਣ-ਨਕਸ਼ਾਂ ਤੋਂ ਵਿਰਵਾ

ਤੁਹਾਡੇ ਓਢਣ 'ਤੇ ਪਏ
ਮੇਰੇ ਖ਼ੂਨ ਦੇ ਛਿੱਟੇ
ਭਰਦੇ ਨੇ ਸ਼ਾਹਦੀ
ਤੁਹਾਡੀ ਹੱਠਧਰਮੀ 'ਤੇ
ਮੇਰੀ ਬੇਗੁਨਾਹੀ ਦੀ

ਜਾਓ
ਧੋ ਕੇ ਆਓ
ਮੇਰੇ ਖ਼ੂਨ ਦੇ ਛਿੱਟੇ
ਖ਼ੂਨੀਆਂ ਦੇ ਰੂ-ਬ-ਰੂ ਖੜ੍ਹਾ
ਮੈਂ ਗੁਨਾਹਗਾਰ ਲੱਗਦਾ ਹਾਂ

•

ਸੰਪ : +1 (559) 250-1790



ਵਿਅਕਤੀ ਚਿਤਰ

*ਮੋਹਨਜੀਤ*

## ਸਾਹਿਤ ਦਾ ਸਾਹਨਣੀ ਸੁਆਰ : ਨਛੱਤਰ

ਮੈਂ ਉਹਨੂੰ ਉਦੋਂ ਤੋਂ ਜਾਣਦਾਂ
ਜਦੋਂ ਦਿੱਲੀ 'ਚ ਮੈਟਰੋ ਆਉਣ ਨੂੰ ਅਜੇ ਸੋਲ੍ਹਾਂ ਵਰ੍ਹੇ ਲੱਗਣੇ ਸਨ
ਕਨਾਟ ਪਲੇਸ ਦਾ ਟੈਂਟਾਂ ਵਾਲਾ ਕਾਫ਼ੀ ਹਾਊਸ
ਦੋ ਵਰ੍ਹੇ ਪਹਿਲਾਂ ਬੰਦ ਹੋ ਚੁੱਕਾ ਸੀ
ਵਿਹਲੜ ਢੱਗੇ ਕਾਫ਼ੀ ਪੀਣ ਦੇ 'ਬਹਾਨੇ'
ਮੋਹਣ ਸਿੰਘ ਪਲੇਸ 'ਚ ਬੈਠਣ ਲੱਗ ਪਏ ਸਨ
ਦਿੱਲੀ ਦੀ ਜ਼ੀਨਤ ਬਣਨ ਵਾਲੇ ਬਹੁ-ਮੰਜ਼ਿਲੇ ਪੰਜਾਬੀ ਭਵਨ 'ਚ
ਚੌਕੀਦਾਰ ਦੀ ਕੋਠੜੀ ਸੀ
ਜਿੱਥੇ ਯਾਰ ਬੇਲੀ ਗਰਮੀਆਂ ਦੇ ਦਿਨੀਂ ਨਲਕੇ ਦੇ ਪਾਣੀ ਨਾਲ
ਮਿਲਟਰੀ ਰਮ ਸੇਵਨ ਕਰਦੇ
ਨੱਥੂ ਦੇ ਕੁਲਚਿਆਂ ਦਾ ਅਨੰਦ ਮਾਣਦੇ
ਸ਼ਾਮ-ਰੰਗ ਰੰਗੀ ਬੰਗਾਲੀ ਮਾਰਕੀਟ ਦੀ ਭੀੜ 'ਚ
ਗੁਆਚ ਜਾਂਦੇ

ਇਨ੍ਹਾਂ ਮਹਿਫ਼ਲਾਂ ਵਿਚ ਤਾਰਾ ਸਿੰਘ ਦੇ ਨਮਕੀਨ ਲਤੀਫ਼ੇ
ਨਵਤੇਜ ਪੁਆਧੀ ਦੇ ਮਲਵਈ ਟੋਟਕੇ
ਸਵਰਾਜਬੀਰ ਦਾ ਗੁੱਝਾ ਹਾਸਾ
ਤੇ ਨਛੱਤਰ ਦੀ ਮੰਦ ਮੰਦ ਮੁਸਕਾਨ ਹੁੰਦੀ

ਮਦਰਾਸ ਹੋਟਲ ਦੇ ਬੱਸ ਸਟੈਂਡ 'ਤੇ
ਸਾਹਿਤ ਰਸੀਏ ਬ੍ਰਿਜ ਮੋਹਨ ਦੀ ਟਾਈਪਿੰਗ ਦੀ ਦੁਕਾਨ ਸੀ
ਇਥੇ ਸ਼ਾਮਾਂ ਵੇਲੇ ਯਾਰ ਦੋਸਤ ਇਕੱਠੇ ਹੋਣੇ ਸ਼ੁਰੂ ਹੁੰਦੇ
ਟੀ.ਵੀ. ਤੋਂ ਕਵੀ ਕੁਬੇਰ ਨੱਤ
ਸਾਰਿਕਾ ਦਾ ਰਮੇਸ਼ ਬੱਤਰਾ
ਟੀ. ਹਾਊਸ ਤੋਂ ਸ਼ਾਂਤੀਦੇਵ
ਨਛੱਤਰ ਤੇ ਏਧਰੋਂ ਓਧਰੋਂ ਆਏ ਮਿੱਤਰ ਪਿਆਰੇ
ਸਾਹਿਤ, ਰਾਜਨੀਤੀ ਤੇ ਹੋਰ ਫੁਟਕਲ ਗੱਲਾਂ ਹੁੰਦੀਆਂ
ਵਕਤ ਨੂੰ ਧੱਕੇ ਵੱਜਦੇ
ਤਿਰਕਾਲਾਂ ਹੋਰ ਗੂੜ੍ਹੀਆਂ ਹੁੰਦੀਆਂ
ਹੱਦ ਕਿ ਅੱਧੀ ਰਾਤ ਵਾਲੀ ਕਿੱਲਰ ਬੱਸ ਵੀ ਨਿਕਲ ਜਾਂਦੀ

ਜਿਨ੍ਹਾਂ ਨੇ ਉਨ੍ਹਾਂ ਦਿਨਾਂ ਦੀ ਦਿੱਲੀ ਵੇਖੀ ਏ
ਉਹੀ ਜਾਣਦੇ ਨੇ ਬੇਬਸੀ, ਤਲਖ਼ੀ
ਮਲੰਗੀ, ਸਟਰਗਲ ਕੀ ਹੁੰਦੀ
ਕੀ ਹੁੰਦਾ ਘਰ ਫੂਕ ਤਮਾਸ਼ਾ ਵੇਖਣਾ
ਏਥੋਂ ਈ 'ਕਥਾ ਦੇਸ਼' ਦਾ ਪੰਜਾਬੀ ਕਹਾਣੀ ਅੰਕ
ਨਿਕਲਿਆ ਸੀ
ਜਿਸ ਵਿਚ ਸੰਤਾਪੇ ਪੰਜਾਬ ਦੀ
'ਭਈਆ ਐਕਸਪ੍ਰੈਸ' ਵਰਗੀ ਯਾਦਗਾਰੀ ਕਹਾਣੀ ਸੀ
ਨਛੱਤਰ ਦੇ ਨਾਵਲ 'ਹਨੇਰੀਆਂ ਗਲੀਆਂ' ਦੇ ਪਾਤਰਾਂ ਦੀ
ਇਹੋ ਕਰਮਭੂਮੀ ਸੀ
ਇਹੋ ਉਹ ਪਿੱਠਭੂਮੀ ਸੀ
ਜਿਸ 'ਚੋਂ ਉਹਨੇ ਮਹਾਂਨਗਰੀ ਦ੍ਰਿਸ਼ਟੀ ਵਾਲੀਆਂ
ਕਹਾਣੀਆਂ ਲਿਖੀਆਂ

ਉਹਦੇ ਯਾਰਾਂ ਦਾ ਘੇਰਾ ਸੀਮਤ ਸੀ
ਪਰ ਜਿੰਨਾ ਸੀ—ਪੀਡਾ, ਪੱਕਾ, ਠੁੱਕਦਾਰ

ਮਹਿਮਾਨ ਨਿਵਾਜ਼ੀ ਉਹਦੀਆਂ ਰਗ਼ਾਂ 'ਚ ਹੈ
ਬੈਂਕ 'ਚ ਬੈਠਾ ਗਾਹਕਾਂ ਨਾਲ ਨਿਪਟ ਰਿਹਾ ਹੁੰਦਾ
ਮਹਿਮਾਨਾਂ ਦੀ ਵੀ ਉਡੀਕ ਰਹਿੰਦੀ
ਦੋਸਤ ਆਉਂਦੇ ਤਾਂ ਫੋਨ ਖੜਕਦੇ, ਪੱਠੇ ਫਰਕਦੇ
ਮਹਿਫ਼ਲਾਂ ਲੱਗਦੀਆਂ
ਬਹਿਸਾਂ ਚਲਦੀਆਂ
ਚਲਦੀਆਂ ਚਲਦੀਆਂ ਕਿਤੇ ਦੀਆਂ ਕਿਤੇ
ਪਹੁੰਚ ਜਾਂਦੀਆਂ

ਪੁੱਛਦਾਂ—ਕਹਾਣੀ ਕਦੋਂ ਲਿਖਦੈਂ ?
ਕਹਿੰਦਾ : 'ਤਨ ਦਫ਼ਤਰ 'ਚ ਮਨ ਕਹਾਣੀ 'ਚ
ਪੁੱਛਦਾਂ : ਘਰਦਿਆਂ ਨੂੰ ਕਦੋਂ ਮਿਲਦੈਂ ?
ਕਹਿੰਦਾ : 'ਕਹਾਣੀ 'ਚੋਂ ਵਕਤ ਕੱਢ ਕੇ'
ਪੁੱਛਦਾਂ : ਕਹਾਣੀ 'ਚੋਂ ਵਕਤ ਕਿਵੇਂ ਨਿਕਲਦਾ ?
ਕਹਿੰਦਾ : 'ਜਿਵੇਂ ਰਾਜਿੰਦਰ ਸਿੰਘ ਬੇਦੀ, ਰਾਮ ਲਾਲ,

ਜੋਗਿੰਦਰਪਾਲ ਕੱਢਦੇ ਸਨ
ਜਿਵੇਂ ਪ੍ਰੇਮ ਪ੍ਰਕਾਸ਼ 'ਹਿੰਦ ਸਮਾਚਾਰ' 'ਚੋਂ ਕੱਢਦਾ ਸੀ'

ਸਿਰੜੀ ਏ ਨਛੱਤਰ
ਸਿੱਧਾ ਤਕਦੀਰ ਨਾਲ ਲੱਗਾ ਮੱਥਾ—
ਉਮਰ ਦੇ ਪੰਜਵੇਂ ਦਹਾਕੇ ਪਤਨੀ ਵਿਛੋੜਾ ਦੇ ਗਈ
ਬੱਚਿਆਂ ਦੀ ਨਾਜ਼ੁਕ ਉਮਰ
ਵਿਆਹੁਣ ਵਾਲੀ ਬੇਟੀ
ਹੈ ਨਾ ਪਹਾੜ 'ਚੋਂ ਨਦੀ ਕੱਢਣ ਵਾਲੀ ਗੱਲ
ਸਾਰਾ ਦਿਨ ਕੰਮ
ਨ੍ਹੇਰੇ ਪਏ ਜੂਸ ਦੀ ਦੁਕਾਨ
ਔਰਤ ਬਿਨਾਂ ਘਰ ਸੁੰਞਾ
ਘਰ ਵਲਗਣ ਨਹੀਂ ਨਿੱਘ ਦਾ ਨਾਂ ਹੈ
ਘਰ ਜ਼ਿੰਦਗੀ ਦਾ ਪੰਘੂੜਾ ਹੈ

ਕਈ ਕਹਿੰਦੇ : ਗੁੱਸੇਖੋਰ ਹੈ ਨਛੱਤਰ
ਮਾਰਖ਼ੋਰਾ
ਸੁਝਾ ਦੇਂਦਿਆਂ ਡਰ ਲੱਗਦਾ
ਮੈਂ ਕਹਿੰਦਾ : ਸੁਝਾ ਦੇਣ ਦਾ ਕਾਇਦਾ ਹੁੰਦਾ
ਸੁਹਿਰਦਤਾ 'ਚੋਂ ਨਿਕਲਿਆ ਸੁਝਾ
ਨੱਕ ਦੇ ਕੋਕੇ ਵਰਗਾ ਹੁੰਦਾ

ਇਹ ਗੱਲ ਉਹ ਕਹਿੰਦੇ :
ਜੋ ਦੂਜਿਆਂ ਵਰਗੀ ਭਾਸ਼ਾ ਵਰਤਦੇ
ਤੇ ਕਹਿੰਦੇ—
'ਸ਼ਬਦ ਕਿਸੇ ਦੇ ਬਾਪ ਦੇ ਨੇ'
ਇਹ ਸੁਣ ਕੇ ਉਹ ਮਨ ਈ ਮਨ ਸੋਚਦਾ—
'ਜੇ ਇੰਝ ਹੈ ਤਾਂ ਸਾਹਿਤ ਵਿਚ ਵਖਰੱਤ ਕੀ ਹੁੰਦੀ ?
ਸਟਾਈਲ ਕਿਸ ਚੀਜ਼ ਦਾ ਨਾਂ ਏਂ ?
ਪਹਿਚਾਣ ਕਿਸ ਬਲਾ ਨੂੰ ਕਹੀਦਾ ?'

ਇਹੋ ਜਿਹੇ ਵੇਲੇ ਉਹ 'ਸਲੋ ਡਾਊਨ', 'ਕੈਂਸਰ ਟਰੇਨ'
ਵਰਗੇ ਨਾਵਲ
'ਰੇਤ ਵਿਚ ਨਹਾਉਂਦੀਆਂ ਮੱਛੀਆਂ' ਵਰਗੀ
ਕਹਾਣੀ ਲਿਖਦਾ

ਬਣ-ਠਣ ਕੇ ਰਹਿੰਦਾ ਹੈ ਨਛੱਤਰ
ਕ੍ਰਿਸ਼ਨ-ਵਰਣ
ਘੋਟਵੀਂ ਪੱਗੜੀ
ਤੇ ਬਾਂਕੀ ਤੋਰ
ਗੱਲਾਂ 'ਚ ਗਾਲ੍ਹਾਂ ਦੀ ਮਾਤਰਾ ਸਵਾਈ

ਉਹਨੂੰ ਗਿਲਾ ਰਿਹਾ
ਉਹਦਾ ਬਣਦਾ ਨੋਟਿਸ ਨਹੀਂ ਲਿਆ ਗਿਆ
ਲਿਖਣ ਵਾਲਿਆਂ ਲੂੰਬੜਾਂ ਨੂੰ ਕਸਤੂਰੀ ਮਿਰਗ
ਬਣਾ ਦਿੱਤਾ
ਉਹਦੀ ਵਾਰੀ ਗੂੰਗੇ-ਬਹਿਰੇ ਬਣ ਬੈਠੇ


ਪਰ ਇਨ੍ਹੀਂ ਦਿਨੀਂ ਉਹ ਕਲਹਿਰੀ ਮੋਰ ਤੋਂ ਘੱਟ ਨਹੀਂ
ਹਰ ਸ਼ਾਮ ਉਹਦਾ ਲਹਿਜਾ ਸਾਹਨਣੀ-ਸੁਆਰ
ਵਰਗਾ ਹੁੰਦਾ
ਜਿਵੇਂ ਉਹਦਾ ਹੱਥ ਟੀਸੀ ਦੇ ਬੇਰ ਨੂੰ ਪੈ ਗਿਆ ਹੋਵੇ

ਵਕਤ ਵਕਤ ਦੀ ਗੱਲ ਹੈ
ਅੱਜ ਕੱਲ੍ਹ ਉਹਦੀਆਂ ਸ਼ਾਮਾਂ ਪ੍ਰੈੱਸ ਕਲੱਬ 'ਚ ਹੁੰਦੀਆਂ
ਦਿਨ ਵੇਲੇ ਨਵਾਂ ਨਾਵਲ ਲਿਖਣ-ਸੋਧਣ 'ਚ ਰੁੱਝਾ ਰਹਿੰਦਾ

ਬੀਤੇ ਦੀਆਂ ਤਲਖ਼ੀਆਂ ਤੁਰਸ਼ੀਆਂ ਦਾ
ਕੁਝ ਹਿੱਸਾ ਵੀ
ਧੁੱਪ ਦੇ ਟੋਟੇ ਨੂੰ ਖਹਿ ਜਾਏ
ਤਾਂ ਤੁੰਮੇਂ ਦਾ ਤਰਬੂਜ਼ ਬਣਨਾ
ਨਾ-ਮੁਮਕਿਨ ਨਹੀਂ

◆

ਮੋਬਾ : 098113-98223



ਕਵਿਤਾਵਾਂ

*ਜਗਤਾਰਜੀਤ*

## ਅੱਗ

ਅੱਗ ਤੁਰੀ ਮੇਰੀ ਦੇਹ 'ਤੇ
ਜਿਵੇਂ ਬੱਚਾ ਆਪਣਾ ਕੂਲਾ ਹੱਥ ਫੇਰ
ਮਾਂ ਨੂੰ ਜਗਾਵੇ
ਗੂੜ੍ਹੀ ਨੀਂਦ ਤੋਂ

ਉਹ ਤਾਂ ਤੁਰ ਗਏ
ਮਘਾਅ ਕੇ ਚਿਣੇ ਬਾਲਣ ਨੂੰ
ਅੱਗ ਆਪੇ ਤੁਰ ਆਈ
ਵਿਰਲਾਂ ਥਾਣੀਂ ਮੇਰੇ ਤਕ
ਜਿਵੇਂ ਭੁੱਖੇ ਬਾਲ ਦੇ ਬੁੱਲ੍ਹ ਲੱਭ ਲੈਣ
ਮਾਂ-ਦੁੱਧ ਨੂੰ

ਅੱਗ ਰਚਨ ਲੱਗੀ ਹੌਲੀ-ਹੌਲੀ
ਚੰਮ ਦਾ ਲਿਹਾਫ ਲਾਹ
ਨਾੜਾਂ-ਮਿੱਝ ਨੂੰ ਛੋਹ
ਚੱਟਾਨੀ ਹੱਡਾਂ ਅੰਦਰ
ਜਿਵੇਂ ਬੱਚੇ ਦੇ ਸਰੀਰ ਵਿਚ ਰਚੀ ਹੁੰਦੀ ਏ
ਬੂੰਦ-ਬੂੰਦ ਮਾਂ-ਦੁੱਧ ਦੀ

ਵਧਦੇ ਸੇਕ ਅੱਗੇ
ਤਰੜ ਤਰੜ ਤੜੱਕ
ਟੁੱਟਣ ਲੱਗੇ ਹੱਡ, ਜਿਵੇਂ
ਬੱਚਾ ਹੱਸਿਆ ਸੀ ਪਹਿਲੀ ਵਾਰ
ਜਗਤ ਤਮਾਸ਼ਾ ਦੇਖ

## ਬੁੱਧ

ਝਾਕਦਾ ਹੈ ਬੁੱਧ-ਪ੍ਰਬੁੱਧ
ਪਲਕ ਨਾਲ ਜੁੜੀ ਪਲਕ ਪਿੱਛੋਂ

ਉਸ ਦੇ ਅੱਗੇ ਤੁਰਨ-ਫਿਰਨ ਵਾਲੇ
ਉਸ ਨੂੰ ਦੇਖਣ ਵਾਲੇ
ਉਸ ਦੀ ਗੱਲ ਕਰਨ ਵਾਲੇ
ਉਸ ਅੱਗੇ ਨਿਵਣ ਵਾਲੇ
ਸਭ ਜਾਣਦੇ ਹਨ

ਸਭ ਪਾਸ ਕਹਿਣ ਨੂੰ ਬਹੁਤ ਕੁਝ
ਉਸ ਬਾਰੇ ਜੋ ਮੌਨ ਹੈ
ਜਦ ਚਿਤ ਕਰਦਾ
ਉਹ ਬੋਲ ਲੈਂਦਾ ਹੋਵੇਗਾ ਆਪਣੇ ਨਾਲ

ਉਹ ਬੰਦ ਪਲਕਾਂ ਪਿੱਛੋਂ ਝਾਕਦਾ ਹੈ
ਬੋਲਦਾ ਨਹੀਂ
ਬੋਲਦੇ ਹਨ ਉਹ
ਜਿਨ੍ਹਾਂ ਵਿਚ ਘਿਰਿਆ, ਉਹ
ਅਬੋਲ, ਅਡੋਲ ਬੈਠਾ ਹੈ

ਗਰਦਿਸ਼ ਵਿਚਾਲੇ ਟਿਕਿਆ ਬੁੱਧ
ਝਾਕਦਾ ਹੈ
ਆਪਣੇ ਹੋਣ ਤੋਂ ਪਹਿਲਾਂ ਤੇ
ਆਪਣੇ ਹੋਣ ਤੋਂ ਬਾਅਦ ਦੇ ਸਮੇਂ ਵਿਚ

## ਮੌਤ

ਉਹ ਜਦ ਆਈ
ਮੈਂ ਨਾਲ ਦੇ ਘਰ
ਜ਼ਿੰਦਗੀ ਦੇ ਜਸ਼ਨ ਵਿਚ ਗੜੁੱਚ ਸੀ
ਆਪਣੇ ਹੋਣ ਦੇ ਖ਼ਵਾਬ ਵਿਚ ਸ਼ਾਮਲ ਹੋ
ਹਰ ਹੋਣੀ ਨੂੰ ਜਿਵੇਂ
ਲਲਕਾਰ ਰਿਹਾ ਸਾਂ


ਉਸ ਮੈਨੂੰ ਕੁਝ ਨਹੀਂ ਕਿਹਾ
ਬਸ ਮਲਕ ਦੇਣੀ ਮੇਰੀ ਸੋਚ ਵਿਚ
ਆਪਣੀ ਥਾਂ ਬਣਾ ਤੁਰ ਗਈ

## ਕਹੋ

ਕੁਝ ਕਹੋ
ਜਿਵੇਂ ਵਗਦੀ ਹਵਾ ਕੁਝ ਕਹਿੰਦੀ ਹੈ
ਅੰਬਰੋਂ ਉਤਰੀਆਂ ਬੂੰਦਾਂ 'ਚੋਂ ਕੋਈ ਇਕ
ਅਟਕ ਜਾਏ ਪੱਤੇ ਦੀ ਨੋਕ 'ਤੇ ਜਾਂ
ਟਹਿਣੀ 'ਤੇ ਬੈਠਾ ਪਰਿੰਦਾ
ਨੁੰਹਦਰਾਂ ਨਾਲ ਪਰ ਸਾਫ਼ ਕਰਨ ਬਾਅਦ
ਚੁਹਕ ਉੱਠਦਾ ਹੈ ਜਾਂ
ਰੇਤ ਕਣ
ਮੁਸਲਸਲ ਆਪਣੀ ਥਾਓਂ ਸਰਕਦੇ ਰਹਿਣ
ਜਾਂ
ਜ਼ਖ਼ਮ ਮੰਗਦਾ ਰਹਿੰਦਾ ਖਰਾਸ਼
ਜਾਂ ਲੋੜੋਂ ਵੱਧ ਭਾਰ ਪੈਣ ਨਾਲ
ਟੁੱਟਣ ਲੱਗਦਾ ਹੈ ਸ਼ਹਿਤੀਰ

•

**ਮੋਬਾ :** 9899091186



ਕਵਿਤਾਵਾਂ

*ਇਛੂਪਾਲ*

## ਮੇਰੀ ਮਿੱਟੀ

ਮੈਂ ਲੁਕੀ ਹਾਂ ਮਿੱਟੀ 'ਚ
ਤੂੰ ਛਿੜਕ ਰਿਹਾ ਏਂ ਪਾਣੀ
ਸੁੰਘ ਰਿਹਾ ਏਂ ਖ਼ੁਸ਼ਬੂ

ਖ਼ੁਸ਼ਬੂ ਮਿੱਟੀ ਦੀ
ਖ਼ੁਸ਼ਬੂ ਆਪਣੇ ਜਜ਼ਬਿਆਂ ਦੀ
ਜਾਣਦੀ ਹਾਂ
ਉਮਰ ਵਧਾ ਰਿਹਾ ਏਂ...?

ਚੇਤੇ ਕਰ ਲੈ
ਮੈਂ ਕਿੱਥੇ ਕਿਹਾ ਸੀ
ਸੂਰਜ ਮੇਰਾ ਕੱਜਣ ਏ...
ਚੁਰਾ ਲੈਂਦਾ ਏ ਰੰਗ
ਮੋੜ ਦੇ ਅੱਜ ਕਦਮ
ਮੇਰੇ ਕਦਮ...
ਜਿਹੜੇ ਵੱਧ ਸੀ ਕਦੀ
ਤੇਰੇ ਵੱਲ...!

ਨਹੀਂ ਇਹ ਉਧਾਰ ਮਹਿੰਗਾ ਏ
ਮੇਰੀ ਦੁਕਾਨ...
ਕਿੰਨੀ ਛੋਟੀ ਏ...
ਰੱਬ ਜਾਣੇ
ਕਿਨ੍ਹਾਂ ਰਾਹਾਂ 'ਚ ਦੌੜਦੇ ਸੀ...!
ਉਹ ਵੇਖ
ਅੱਜ ਤੇਰਾ ਚੰਨ
ਲਟਕਿਆ ਪਿਆ ਏ ਬਿਰਖ਼ 'ਤੇ
ਹੁਣ ਦੱਸ...

ਇਹ ਕੀ ਹੋਇਆ
ਹੁਣ ਕਿਹੜੇ ਚੰਨ ਨੂੰ
ਬੱਚੇ ਚੰਨ ਮਾਮਾ ਕਹਿਣਗੇ...

ਹਾਂ, ਚੇਤੇ ਆਇਆ
ਮੇਰਾ ਖੱਫ਼ਣ
ਜਿਹੜਾ ਤੂੰ ਸਿਲਾਇਆ ਸੀ
ਜ਼ਹਿਰੀਲੇ ਧਾਗੇ ਨਾਲ
ਤੇ...
ਕਹਿ ਰਿਹਾ ਏਂ
ਚਿੱਟੇ ਕੱਪੜਿਆਂ 'ਚ ਖ਼ੂਬਸੂਰਤ ਲੱਗਦੀਆਂ
ਮੇਰੀ ਮਿੱਟੀ 'ਤੇ ਥੁੱਕਣ ਵਾਲੇ
ਚੇਤੇ ਕਰ...
ਜਦੋਂ ਕੋਰਾ ਕਾਗਦ ਸੜਦਾ ਏ
ਮੈਨੂੰ ਭੁੱਲ ਜਾਂਦੈ...?

ਜਦੋਂ ਅੰਗਾਰ
ਚੇਤੇ ਕਰਦੇ ਨੇ ਸ਼ਾਖਾਂ ਨੂੰ
ਤੂੰ ਆਪਣਾ ਆਤਿਸ਼ਦਾਨ ਰੌਸ਼ਨ ਕਰਦੈਂ
ਵੇਖ ਲੈ ਮੈਨੂੰ...
ਮੈਂ ਮਿੱਟੀ 'ਚ ਮਿੱਟੀ ਹੋ ਰਹੀ ਹਾਂ
ਫੇਰ ਮੇਰੀ ਚਾਹ
ਚਾਹ ਹੱਥ ਮਿਲਾਣ ਦੀ
ਸਿਮਟ ਜਾਵੇਗੀ
ਹੌਲੀ ਹੌਲੀ ਅੱਖਾਂ ਤਕ...

ਮੈਂ ਨੀਂ ਕਿਹਾ
ਸੱਚ ਜਾਣ
ਕਦੀ ਨੀਂ ਕਿਹਾ...

## ਭਾਲ

ਅਜੇ ਵੀ ਬੈਠੇ ਹੋ
ਵਾਟਰ ਪਾਮ ਦੇ ਬਿਰਖ ਹੇਠ
ਕੁਰਸੀ 'ਤੇ
ਲੱਤਾਂ ਟਿਕਾਅ ਕੇ
ਜਿੰਮੀ ਕੁੱਤੀ ਤੁਹਾਡੇ ਨੇੜੇ ਢੁੱਕੀ

ਕਿਹਾ ਸੀ ਨਾ ਮੈਂ
ਮੇਰੇ ਬਾਪ...
ਰਾਹ ਚਲਦਿਆਂ ਨਾਲ
ਘਰੀਂ ਆਏ ਗਏ ਨਾਲ
ਗੱਲਾਂ ਨਾ ਕਰੋ...

ਖ਼ੌਰੇ ਕਿਹੜੇ ਪਾਸੇ ਤੋਂ
ਅੱਖ ਦੇ ਫੋਰ 'ਚ
ਛਾਲ ਮਾਰ ਦੀ ਵਾਰ ਟੱਪ ਆਵਾਂ
ਤੁਹਾਡੇ ਵਿਹੜੇ 'ਚ ਜਿੰਨੀ ਵੀ ਧੁੱਪ ਸੀ
ਸੁਕਾ ਲਏ ਨੇ ਮੈਂ ਆਪਣੇ ਲੀੜੇ...

ਕਿਹਾ ਸੀ ਨਾ
ਘਰ 'ਚ ਹੈਂਡ ਪੰਪ ਲਗਵਾ ਲਓ...
ਰਵਾਨੀ ਰੂਹ ਦੀ
ਗੱਲਾਂ ਕਰਨੀਆਂ ਨੇ ਮੈਂ
ਆਪਣੇ ਬਚਪਨ ਦੀਆਂ
ਮੇਰੇ ਸਾਰੇ ਕੱਪੜੇ ਛੋਟੇ ਲੱਗਦੇ ਨੇ
ਕੱਪੜੇ ਬਚਪਨ ਦੇ...

ਅਜੇ ਵੀ ਬੈਠੇ ਹੋ...
ਵਾਟਰ ਪਾਮ ਦੇ ਬਿਰਖ ਹੇਠ
ਕੀ ਭਾਲਦੇ ਹੋ
ਮੈਂ ਅਜੇ ਵੀ ਇਥੇ ਹਾਂ
ਤੁਹਾਡੀ ਭਾਲ 'ਚ
ਅੰਦਰੋਂ ਅੰਦਰ...

•

ਮੋਬਾ : 94197-95923



ਕਵਿਤਾ

*ਸੁਰਿੰਦਰ ਮਕਸੂਦਪੁਰੀ*

## ਇਕ ਤੋਂ ਗਿਆਰਾਂ

ਮੈਂ ਜਦੋਂ ਵੀ
ਸਾਹਿਤਕ ਸ਼ਬਦਾਂ ਦੀ ਖੇਡ ਖੇਡਦਾ
ਬਾਹਰੀ ਬ੍ਰਹਿਮੰਡ ਤੋਂ ਅੱਕ-ਥੱਕ ਜਾਂਦਾ
ਤਾਂ ਅੰਤਰ-ਮਨ ਦੀ ਕੈਨਵਸ 'ਤੇ ਫੈਲੇ
ਸ਼ਬਦਾਂ ਦੇ ਆਲਮ ਵਿਚ ਗੁੰਮ-ਗੁਆਚ
ਸੁੱਚੇ ਸ਼ਬਦਾਂ ਦੀ ਅਰਥ ਅਰਾਧਨਾ
ਜਾਂ ਵਰਣ-ਮਾਲਾ ਦੇ ਮਾਣਕ ਮੋਤੀਆਂ ਦੀ
ਇਬਾਦਤ ਵਿਚ
ਅੱਖਾਂ ਮੁੰਦ ਲਿਵਲੀਨ ਹੋ ਜਾਂਦਾ

ਅਚਨਚੇਤ ਮੇਰੀ ਬੀਵੀ
ਮੇਰੀ ਮਨੋ-ਬਿਰਤੀ ਨੂੰ ਝੰਜੋੜਦੀ
ਜਿਵੇਂ ਮੇਰੀ ਖੋਜੀ ਚੁੱਪ ਦੀ ਤੰਦ ਨੂੰ ਤੋੜਦੀ
'ਮੁੜ ਆਓ, ਮੁੜ ਆਓ ਮੇਰੀ ਸਰਕਾਰ
ਮੁਜਰਿਮ ਹਾਜ਼ਰ ਹੈ ਤੇਰੇ ਦਰਬਾਰ
ਆ ਰਲ-ਮਿਲ
ਸ਼ਬਦਾਂ ਦਾ ਚਾਨਣ ਬੀਜੀਏ
ਲਾ ਕੇ ਸ਼ਬਦ-ਪਿਆਰ ਪਿਓਂਦ
ਵੇਖ ਫਿਰ ਕਿੰਜ ਮਹਿਕਦੀ
ਤੇਰੀ ਮੇਰੀ ਰੁੱਸੜੀ-ਰੁੱਠੜੀ ਹੋਂਦ।'

'ਕਿੰਨਾ ਰੌਚਕ ਹੁੰਦਾ ਸੱਜਣੀ
ਤੂੰ ਵੀ ਸ਼ਬਦਾਂ ਦੇ ਸੁਹਜ ਸਾਗਰੀਂ
ਟੁੱਭੀ ਲਾ ਵੇਖਦੀ ਲਫ਼ਜ਼ ਲਹਿਰ ਜਲੌਅ
ਸੱਚਮੁੱਚ ਤੂੰ ਚੰਨਾਂ ਤਾਰਿਆਂ ਵਰਗੇ
ਸਦਾਬਹਾਰ ਰੌਸ਼ਨ ਦੀਵਿਆਂ ਦੀ
ਦੁੱਧ-ਚਿੱਟੀ ਚਾਨਣੀ ਸੰਗ
ਸਰਸ਼ਾਰ ਹੋ ਜਾਂਦੀ
ਸ਼ਬਦ-ਜੁਗਨੂੰਆਂ ਦੀ ਸੁਨਹਿਰੀ ਲੋਅ ਤੋਂ
ਬਲਿਹਾਰ ਹੋ ਜਾਂਦੀ।'

ਐ ਲੇਖਕ ਪਤੀ ਜਨ!
ਤੇਰੇ ਸ਼ਬਦ-ਸੰਸਾਰ ਦੀ ਸ਼ਰਾਰਤੀ ਖੇਡ
ਅਕਸਰ ਮੈਨੂੰ
ਡਰਾਉਂਦੀ/ਧਮਕਾਉਂਦੀ
ਰੋਅਬ ਜਮਾਉਂਦੀ
ਮਹਿਰਮ ਤੋਂ ਮੈਨੂੰ
ਮੁਜ਼ਰਮ ਬਣਾਉਂਦੀ

ਐ ਮੇਰੇ ਮੀਤ ਪਿਆਰੇ
ਭਾਉਂਦੇ ਨਹੀਂ ਹਰ ਪਲ
ਤੇਰੇ ਤੁਹਮਤਾਂ ਦੇ ਤੀਰ
ਹੁਣ ਤਾਂ ਬਣ ਮੇਰੇ ਦਰਦਾਂ ਦੀ ਅਕਸੀਰ
ਬਦਲ ਜਾਵੇ ਮੇਰੇ ਕਾਲੇ ਲੇਖਾਂ ਦੀ ਤਸਵੀਰ

ਮਾਨਣ ਦੇ ਮੈਨੂੰ
ਮੇਰੇ ਹਿੱਸੇ ਦੀਆਂ ਕੁਝ ਕੁ ਰਾਤਾਂ
ਜਿਊਣ ਦੇ ਮੈਨੂੰ ਕੁਝ ਕੁ ਪਰਭਾਤਾਂ
ਸਾਂਭਣ ਸਾਕਾਰਨ ਦੇ ਕੁਝ ਕੁ
ਸੰਦਲੀ ਸੁਪਨਿਆਂ ਦੀਆਂ ਸੌਗਾਤਾਂ

ਮੈਂ ਤਾਂ ਪੜ੍ਹਦੀ ਨਿਹਾਰਦੀ ਹਾਂ ਨਿੱਤ
ਤੇਰੇ ਕਾਵਿ-ਪ੍ਰਵਾਹ ਵਿਚ ਵਹਿੰਦੇ
ਤਿੜਕਦੇ ਟੁੱਟਦੇ ਸਹਿਕਦੇ
ਦੁਨਿਆਵੀ ਰਿਸ਼ਤਿਆਂ ਦਾ ਰੁਦਨ
ਕਾਸ਼! ਤੂੰ ਵੀ ਪੜ੍ਹੀ ਹੁੰਦੀ
ਮੇਰੇ ਮਨ-ਮਸਤਕ ਵਿਚ ਉੱਕਰੀ
ਪਰਿਵਾਰਕ ਰੰਗ ਵਿਚ ਰੰਗੀ
ਸਾਰਥਿਕ ਰਿਸ਼ਤਿਆਂ ਦੀ ਕਿਤਾਬ
ਫਿਰ ਖ਼ੁਦ-ਬ-ਖ਼ੁਦ ਸਮਝ ਲੈਂਦੇ ਮੈਨੂੰ ਜਨਾਬ

ਫਿਰ ਆਪਾਂ ਇਕ-ਇਕ ਨਹੀਂ
ਇਕ ਤੋਂ ਗਿਆਰਾਂ ਹੁੰਦੇ
ਤੂੰ ਮੇਰੇ ਸਿਰਜੇ
ਸੁਪਨਿਆਂ ਦੀ ਮੰਜ਼ਿਲ ਬਣਦਾ
ਤੇ ਮੈਂ ਬਣ ਜਾਂਦੀ
ਤੇਰੀ ਮੰਜ਼ਿਲ ਦੀ ਰਹਿਨੁਮਾਈ ਕਰਦੀ
ਤੇਰੀ ਹਮਸਫ਼ਰ ਪਗਡੰਡੀ

•

**ਮੋਬਾ : 99887-10234**

ਅਨੁ : ਅਰਤਿੰਦਰ ਸੰਧੂ

# ਕੁਆਰਨਟਾਈਨ

(ਸਤਿਕਾਰਤ ਸਾਹਿਤਕਾਰ ਸਵ. ਰਾਜਿੰਦਰ ਸਿੰਘ ਬੇਦੀ ਦੀ ਇਹ ਕਹਾਣੀ ਵਰਤਮਾਨ ਕਰੋਨਾ ਦੌਰ ਵਰਗੇ ਤਕਰੀਬਨ ਸੌ ਸਾਲ ਪਹਿਲਾਂ ਦੇ ਹਾਲਾਤ ਦੀ ਤਰਜ਼ਮਾਨੀ ਹੈ।)

ਹਿਮਾਲਿਆ ਦੇ ਪੈਰਾਂ ਵਿਚ ਲੇਟੇ ਪਏ ਮੈਦਾਨਾਂ ਤੇ ਫੈਲ ਕੇ, ਹਰ ਚੀਜ਼ ਨੂੰ ਧੁੰਦਲਾ ਬਣਾ ਦੇਣ ਵਾਲੀ ਧੁੰਦ ਵਾਂਗ ਪਲੇਗ ਦੇ ਖ਼ੌਫ਼ ਨੇ ਚਾਰੇ ਪਾਸੇ ਆਪਣਾ ਸਾਮਰਾਜ ਪਸਾਰ ਲਿਆ ਸੀ। ਸ਼ਹਿਰ ਦਾ ਬੱਚਾ ਬੱਚਾ ਉਸਦਾ ਨਾਂ ਸੁਣ ਕੇ ਕੰਬ ਜਾਂਦਾ ਸੀ।

ਪਲੇਗ ਤਾਂ ਖ਼ਤਰਨਾਕ ਸੀ ਹੀ, ਪਰ ਕੁਆਰਨਟਾਈਨ ਉਸ ਤੋਂ ਵੀ ਵਧੇਰੇ ਖ਼ੌਫ਼ਨਾਕ ਸੀ। ਲੋਕ ਪਲੇਗ ਤੋਂ ਓਨੇ ਪਰੇਸ਼ਾਨ ਨਹੀਂ ਸਨ ਜਿੰਨੇ ਕੁਆਰਨਟਾਈਨ ਤੋਂ ਇਹੋ ਵੱਜ੍ਹਾ ਸੀ ਕਿ ਸਿਹਤ ਸੁਰੱਖਿਆ ਵਿਭਾਗ ਨੂੰ ਨਾਗਰਿਕਾਂ ਨੂੰ ਚੂਹਿਆਂ ਤੋਂ ਬਚਣ ਦੀ ਹਿਦਾਇਤ ਕਰਨ ਵਾਸਤੇ ਜਿਹੜੇ ਆਦਮਕਦ ਇਸ਼ਤਿਹਾਰ ਛਪਵਾ ਕੇ ਦਰਵਾਜਿਆਂ ਸੜਕਾਂ ਤੇ ਰਸਤਿਆਂ ਤੇ ਲਾਏ ਸੀ ਉਹਨਾਂ ਤੇ 'ਨਾ ਚੂਹਾ ਨਾ ਪਲੇਗ' ਦੇ ਸਿਰਲੇਖ ਵਿੱਚ ਵਾਧਾ ਕਰਦਿਆਂ ਹੋਇਆਂ 'ਨਾ ਚੂਹਾ ਨਾ ਪਲੇਗ ਨਾ ਕੁਆਰਨਟਾਈਨ' ਲਿਖਿਆ ਸੀ।

ਕੁਆਰਨਟਾਈਨ ਬਾਰੇ ਲੋਕਾਂ ਦਾ ਖ਼ੌਫ਼ ਜਾਇਜ਼ ਸੀ।ਇੱਕ ਡਾਕਟਰ ਦੇ ਹਵਾਲੇ ਨਾਲ ਮੇਰੀ ਰਾਇ ਬਿਲਕੁਲ ਪੱਕੀ ਹੈ ਤੇ ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਜਿੰਨੀਆਂ ਮੌਤਾ ਸਹਿਰ ਵਿੱਚ ਕੁਆਰਨਟਾਈਨ ਨਾਲ ਹੋਈਆਂ, ਓਨੀਆਂ ਪਲੇਗ ਨਾਲ ਨਹੀਂ ਹੋਈਆਂ। ਹਾਲਾਂ ਕਿ ਕੁਆਰਨਟਾਈਨ ਕੋਈ ਬੀਮਾਰੀ ਨਹੀਂ ਸਗੋਂ ਇਹ ਉਸ ਖੇਤਰ ਦਾ ਨਾਮ ਹੈ ਜਿਸ ਅੰਦਰ ਹਵਾ ਵਿੱਚ ਫੈਲੀ ਹੋਈ ਮਹਾਂਮਾਰੀ ਦੇ ਦਿਨੀਂ ਬੀਮਾਰ ਲੋਕਾਂ ਨੂੰ ਤੰਦਰੁਸਤ ਲੋਕਾਂ ਤੋਂ ਕਾਨੂੰਨਨ ਵੱਖਰੇ ਕਰ ਕੇ ਰੱਖਿਆ ਜਾਂਦਾ ਹੈ ਤਾਂ ਕਿ ਬੀਮਾਰੀ ਵਧੇਰੇ ਨਾ ਖਿੱਲਰ ਸਕੇ। ਭਾਵੇਂ ਕੁਆਰਨਟਾਈਨ ਵਿੱਚ ਡਾਕਟਰਾਂ ਤੇ ਨਰਸਾਂ ਦਾ ਕਾਫ਼ੀ ਇੰਤਜ਼ਾਮ ਸੀ, ਫਿਰ ਵੀ ਬਹੁਤ ਸਾਰੇ ਮਰੀਜ਼ ਆ ਜਾਣ ਕਰਕੇ ਹਰ ਮਰੀਜ਼ ਦਾ ਨਿੱਜੀ ਤੌਰ 'ਤੇ ਲੋੜੀਂਦਾ ਧਿਆਨ ਨਹੀਂ ਸੀ ਰੱਖਿਆ ਜਾ ਸਕਦਾ। ਅਜਿਹੀ ਹਾਲਤ ਵਿੱਚ ਉਹਨਾਂ ਮਰੀਜ਼ਾਂ ਦੇ ਆਪਣੇ ਰਿਸ਼ਤੇਦਾਰਾਂ ਦੇ ਆਸ-ਪਾਸ ਨਾ ਹੋਣ ਕਾਰਨ ਮੈਂ ਉਹਨਾਂ ਦਾ ਹੌਂਸਲਾ ਢਹਿੰਦਾ ਵੇਖਿਆ ਸੀ।ਕਈ ਤਾਂ ਆਪਣੇ ਚਾਰ ਚੁਫੇਰੇ ਦੇ ਬੀਮਾਰਾਂ ਨੂੰ ਮਰਦਿਆਂ ਵੇਖ ਕੇ ਮੌਤ ਆਉਣ ਤੋਂ ਵੀ ਪਹਿਲਾਂ ਮਰ ਗਏ।ਕਈ ਵਾਰ ਤਾਂ ਇਸ ਤਰ੍ਹਾਂ ਵੀ ਹੋਇਆ ਕਿ ਕਈ ਮਾਮੂਲੀ ਰੋਗੀ ਬੰਦੇ ਉੱਥੋਂ ਦੇ ਵਾਯੂਮੰਡਲ ਵਿੱਚ ਫੈਲੇ ਕੀਟਾਣੂਆਂ ਦੀ ਵਜ੍ਹਾ ਨਾਲ ਹੀ ਖ਼ਤਮ ਹੋ ਗਏ। ਅਤੇ ਮਰਨ ਵਾਲਿਆਂ ਦੀ ਵੱਡੀ ਗਿਣਤੀ ਕਰਕੇ ਉਹਨਾਂ ਦਾ ਅੰਤਮ ਸੰਸਕਾਰ ਵੀ ਕੁਆਰਨਟਾਈਨ ਦੇ ਖ਼ਾਸ ਤਰੀਕੇ ਨਾਲ ਕੀਤਾ ਜਾਂਦਾ, ਯਾਨਿ ਸੈਂਕੜੇ ਲਾਸ਼ਾਂ ਨੂੰ ਮਰੇ ਕੁੱਤਿਆਂ ਦੀਆਂ ਲਾਸ਼ਾਂ ਵਾਂਗੂੰ ਘੜੀਸ ਕੇ ਇੱਕ ਵੱਡੇ ਢੇਰ ਦੇ ਰੂਪ ਵਿੱਚ ਇਕੱਠਾ ਕਰ ਲਿਆ ਜਾਂਦਾ ਤੇ ਬਿਨਾਂ ਕਿਸੇ ਵੀ ਤਰ੍ਹਾਂ ਦੀਆਂ ਧਾਰਮਿਕ ਰਸਮਾਂ ਕੀਤਿਆਂ, ਪੈਟਰੋਲ ਪਾ ਕੇ ਸਾੜ ਦਿੱਤਾ ਜਾਂਦਾ। ਤਿਰਕਾਲਾਂ ਨੂੰ ਉਸ ਅੱਗ ਦੇ ਭਬਕਦੇ ਹੋਏ ਭਾਂਬੜ ਵੇਖ ਕੇ ਦੂਜੇ ਮਰੀਜ਼ ਇਹੋ ਸਮਝਦੇ ਕਿ ਸਾਰੀ ਦੁਨੀਆਂ ਹੀ ਸੜ ਰਹੀ ਹੈ।

ਕੁਆਰਨਟਾਈਨ ਇਸ ਵਾਸਤੇ ਵੀ ਜ਼ਿਆਦਾ ਮੌਤਾਂ ਦਾ ਕਾਰਨ ਬਣੀ ਕਿ ਬੀਮਾਰੀ ਦੇ ਚਿੰਨ੍ਹ ਉੱਭਰਦਿਆਂ ਹੀ ਬੀਮਾਰ ਦੇ ਘਰ ਵਾਲੇ ਉਸ ਨੂੰ ਲੁਕਾਉਣ ਲੱਗ ਪੈਂਦੇ ਕਿ ਕਿਤੇ ਅਧਿਕਾਰੀ ਉਸ ਨੂੰ ਜ਼ਬਰਦਸਤੀ ਕੁਆਰਨਟਾਈਨ ਵਿੱਚ ਨਾ ਲੈ ਜਾਣ। ਕਿਉਂਕਿ ਹਰ ਡਾਕਟਰ ਨੂੰ ਹੁਕਮ ਸੀ ਕਿ ਕਿਸੇ ਮਰੀਜ਼ ਦੀ ਖ਼ਬਰ ਮਿਲਦਿਆਂ ਹੀ ਫ਼ੌਰਨ ਸੂਚਨਾ ਦੇਣ, ਇਸ ਕਰਕੇ ਲੋਕ ਡਾਕਟਰਾਂ ਤੋਂ ਵੀ ਇਲਾਜ ਨਾ ਕਰਵਾਉਂਦੇ। ਕਿਸੇ ਘਰ ਵਿੱਚ, ਕਿਸੇ ਦੇ ਇਸ ਮਹਾਂਮਾਰੀ ਤੋਂ ਪੀੜਤ ਹੋਣ ਦਾ ਪਤਾ ਉਦੋਂ ਹੀ ਲਗਦਾ ਜਦੋਂ ਉਸ ਘਰ ਵਿੱਚੋਂ ਦਿਲ ਦਹਿਲਾ ਦੇਣ ਵਾਲੇ ਚੀਕ ਚਿਹਾੜੇ ਵਿੱਚ ਇਕ ਲਾਸ਼ ਨਿਕਲਦੀ।

ਉਹਨੀਂ ਦਿਨੀਂ ਮੈਂ ਕੁਆਰਨਟਾਈਨ ਵਿੱਚ ਇੱਕ ਡਾਕਟਰ ਵਜੋਂ ਡਿਊਟੀ ਨਿਭਾ ਰਿਹਾ ਸਾਂ। ਪਲੇਗ ਦਾ ਡਰ ਮੇਰੇ ਦਿਲ ਦਿਮਾਗ਼ ਤੇ ਵੀ ਹਾਵੀ ਸੀ। ਸ਼ਾਮ ਨੂੰ ਘਰ ਆ ਕੇ ਮੈਂ ਕਿੰਨਾ ਹੀ ਚਿਰ ਕਾਰਬੋਲਿਕ ਸਾਬਣ ਨਾਲ ਹੱਥ ਧੋਂਦਾ ਰਹਿੰਦਾ ਤੇ ਕੀਟਾਣੂ ਨਾਸ਼ਕ ਘੋਲ ਨਾਲ ਗਰਾਰੇ ਵੀ ਕਰਦਾ ਜਾ, ਫਿਰ ਅੰਦਰ ਨੂੰ ਛੂਹ ਦੇਣ ਵਾਲੀ ਗਰਮ ਕਾਫ਼ੀ ਜਾਂ ਬਰਾਂਡੀ ਪੀ ਲੈਂਦਾ। ਉਹਦੇ ਨਾਲ ਮੇਰੀ ਨੀਂਦ ਉੱਡ ਗਈ ਤੇ ਅੱਖਾਂ ਚੁੰਧਿਆਉਣ ਦੀ ਤਕਲੀਫ਼ ਹੋ ਗਈ। ਕਈ ਵਾਰ ਬੀਮਾਰੀ ਦੇ ਡਰ ਕਾਰਨ ਮੈਂ ਉਲਟੀ ਲਿਆਉਣ ਵਾਲੀਆਂ ਦਵਾਈਆਂ ਖਾ ਕੇ ਆਪਣੇ ਅੰਦਰ ਨੂੰ ਸਾਫ਼ ਵੀ ਕੀਤਾ। ਜਦੋਂ ਬਹੁਤ ਗਰਮ ਕਾਫ਼ੀ ਜਾਂ ਬਰਾਂਡੀ ਪੀਣ ਨਾਲ ਪੇਟ ਵਿੱਚ ਉਬਾਲ ਪੈਂਦਾ ਹੁੰਦਾ ਤੇ ਭਾਫ਼ ਦੇ ਗੋਲੇ ਉੱਠ ਉੱਠ ਕੇ ਦਿਮਾਗ਼ ਵੱਲ ਜਾਂਦੇ ਤਾਂ ਮੈਂ ਕਿਸੇ ਮੱਤ ਮਾਰੀ ਵਾਲੇ ਬੰਦੇ ਵਾਂਗ ਕਈ ਤਰ੍ਹਾਂ ਦੇ ਵਹਿਮਾਂ ਦਾ ਸ਼ਿਕਾਰ ਹੋ ਜਾਂਦਾ। ਗਲੇ ਵਿੱਚ ਜ਼ਰਾ ਕੁ ਵੀ ਖ਼ਾਰਸ਼ ਮਹਿਸੂਸ ਹੁੰਦੀ ਤਾਂ ਮੈਨੂੰ ਲੱਗਣ ਲੱਗ ਪੈਂਦਾ ਕਿ ਬੱਸ ਹੁਣ ਪਲੇਗ ਦੀਆਂ ਨਿਸ਼ਾਨੀਆਂ ਜ਼ਾਹਰ ਹੋਣ ਹੀ ਵਾਲੀਆਂ ਹਨ...ਉਫ! ਮੈਂ ਵੀ ਇਸ ਜਾਨਲੇਵਾ ਬੀਮਾਰੀ ਦਾ ਸ਼ਿਕਾਰ ਹੋ ਜਾਵਾਂਗਾ...ਪਲੇਗ! ...ਤੇ ਫਿਰ ਕੁਆਰਨਟਾਈਨ।

ਉਹਨੀ ਦਿਨੀਂ ਨਵਾਂ-ਨਵਾਂ ਈਸਾਈ ਬਣਿਆ ਵਿਲੀਅਮ ਭਾਗਵ ਝਾੜੂ ਵਾਲਾ, ਜਿਹੜਾ ਮੇਰੀ ਗਲੀ ਦੀ ਸਫਾਈ ਕਰਿਆ ਕਰਦਾ ਸੀ, ਮੇਰੇ ਕੋਲ ਆਇਆ ਤੇ ਕਹਿਣ ਲੱਗਾ; "ਬਾਬੂ ਜੀ ਗਜਬ ਹੋ ਗਿਆ। ਅੱਜ ਐਂਬੂ (ਐਂਬੂਲੈਂਸ)। ਇਸ ਮਹੱਲੇ ਦੇ ਨੇੜਿਓ ਵੀਹ ਤੇ ਇੱਕ ਬੀਮਾਰ ਲੈ ਗਈ ਹੈ।

ਇੱਕੀ ਐਬੂਲੈਂਸ ਵਿੱਚ...? ਮੈਂ ਹੈਰਾਨਗੀ ਨਾਲ ਪੁੱਛਿਆ।"

"ਜੀ ਹਾਂ ਪੂਰੇ ਵੀਹ ਤੇ ਇੱਕ...ਕੋਟੀਨ (ਕੁਆਰਨਟਾਈਨ) ਲੈ ਜਾਣਗੇ...ਹਾਇ! ਉਹ ਹੁਣ ਕਦੇ ਵੀ ਮੁੜ ਕੇ ਨਹੀਂ ਆਉਣਗੇ।"

ਪੁੱਛਣ 'ਤੇ ਮੈਨੂੰ ਪਤਾ ਲੱਗਾ ਕਿ ਭਾਗਵ ਰਾਤ ਦੇ ਤਿੰਨ ਵਜੇ ਉੱਠਦਾ ਹੈ...ਅੱਧਾ ਪਾ ਸ਼ਰਾਬ ਚੜ੍ਹਾ ਲੈਂਦਾ ਹੈ। ਫਿਰ ਹੁਕਮਾਂ ਦੇ ਮੁਤਾਬਿਕ ਗਲੀਆਂ ਤੇ ਨਾਲੀਆਂ ਵਿਚ ਚੂਨਾ ਖਿਲਾਰਨਾ ਸ਼ੁਰੂ ਕਰ ਦੇਂਦਾ ਹੈ ਤਾਂ ਕਿ ਕੀਟਾਣੂ ਨਾਂ ਫੈਲ ਸਕਣ। ਭਾਗਵ ਨੇ ਮੈਨੂੰ ਦੱਸਿਆ ਕਿ ਉਸ ਦੇ ਤਿੰਨ ਵਜੇ ਉੱਠਣ ਦਾ ਇਹ ਮਕਸਦ ਵੀ ਹੈ ਕਿ ਬਾਜ਼ਾਰ ਵਿੱਚ ਪਈਆਂ ਹੋਈਆਂ ਲਾਸ਼ਾਂ ਨੂੰ ਇਕੱਠਾ ਕਰੇ ਤੇ ਜਿਹੜੇ ਮਹੱਲੇ ਵਿੱਚ ਕੰਮ ਕਰਦਾ ਹੈ ਉੱਥੇ ਦੇ ਲੋਕਾਂ ਦੇ ਨਿੱਕੇ ਮੋਟੇ ਕੰਮ ਕਾਰ ਕਰ ਦੇਵੇ, ਜੋ ਬੀਮਾਰੀ ਦੇ ਖ਼ੌਫ਼ ਕਰਕੇ ਬਾਹਰ ਨਹੀਂ ਨਿਕਲਦੇ। ਭਾਗਵ ਤਾਂ ਬੀਮਾਰੀ ਤੋਂ ਜ਼ਰਾ ਵੀ ਨਹੀਂ ਸੀ ਡਰਦਾ। ਉਸ ਦਾ ਵਿਚਾਰ ਸੀ ਕਿ ਜੋ ਮੌਤ ਆਈ ਹੀ ਹੋਈ ਤਾਂ ਉਹ ਜਿੱਥੇ ਮਰਜ਼ੀ ਚਲਾ ਜਾਏ ਬਚ ਨਹੀਂ ਸਕਦਾ।

ਉਹਨੀ ਦਿਨੀਂ ਜਦੋਂ ਕੋਈ ਕਿਸੇ ਦੇ ਨੇੜੇ ਨਹੀਂ ਸੀ ਲਗਦਾ, ਭਾਗਵ ਮੂੰਹ ਤੇ ਸਿਰ ਤੇ ਮੜਾਸਾ ਬੰਨ੍ਹੀ ਬੜੀ ਲਗਨ ਨਾਲ ਲੋਕਾਂ ਦੀ ਸੇਵਾ ਵਿੱਚ ਲੱਗਾ ਰਹਿੰਦਾ। ਭਾਵੇਂ ਉਹਦੀ ਆਪਣੀ ਜਾਣਕਾਰੀ ਵੀ ਬਿਲਕੁਲ ਸੀਮਤ ਸੀ, ਫਿਰ ਵੀ ਉਹ ਆਪਣੇ ਤਜ਼ਰਬੇ ਦੇ ਆਧਾਰ 'ਤੇ ਲੋਕਾਂ ਨੂੰ ਬੀਮਾਰੀ ਤੋਂ ਬਚਣ ਦੇ ਤਰੀਕੇ ਦੱਸਦਾ ਰਹਿੰਦਾ। ਇੱਕ ਦਿਨ ਮੈਂ ਵੇਖਿਆ ਉਹ ਲੋਕਾਂ ਨੂੰ ਰੱਜ ਕੇ ਸ਼ਰਾਬ ਪੀਣ ਦੀ ਸਲਾਹ ਵੀ ਦੇ ਰਿਹਾ ਸੀ। ਉਸ ਦਿਨ ਉਹ ਮੇਰੇ ਕੋਲ ਆਇਆ ਤਾਂ ਮੈਂ ਉਹਨੂੰ ਪੁੱਛਿਆ "ਭਾਗਵ ਤੈਨੂੰ ਪਲੇਗ ਤੋਂ ਵੀ ਡਰ ਨਹੀਂ ਲਗਦਾ?"

"ਨਹੀਂ ਬਾਬੂ ਜੀ...ਬਿਨਾਂ ਆਈ ਤੋਂ ਤਾਂ ਵਾਲ ਵੀ ਵਿੰਗਾ ਨਹੀਂ ਹੋਣਾ। ਤੁਸੀਂ ਤਾਂ ਏਨੇ ਵੱਡੇ ਹਕੀਮ ਓ, ਤੁਰਾਡੇ ਹੱਥੋਂ ਹਜ਼ਾਰਾਂ ਰਾਜ਼ੀ ਹੋਏ ਨੇ। ਪਰ ਜਦੋਂ ਮੇਰੀ ਵਾਰੀ ਆ ਹੀ ਗਈ ਨਾ...ਤਾਂ ਤੁਹਾਡੇ ਦਵਾ ਦਾਰੂ ਨੇ ਵੀ ਕੋਈ ਅਸਰ ਨਹੀਂ ਕਰਨਾ, ਹਾਂ ਬਾਬੂ ਜੀ...ਗੁੱਸਾ ਨਾ ਕਰਿਓ। ਮੈਂ ਸੱਚੀ-ਸੱਚੀ ਤੇ ਸਾਫ਼-ਸਾਫ਼ ਗੱਲ ਆਖ ਰਿਹਾ।" ਤੇ ਫਿਰ ਗੱਲ ਦੀ ਦਿਸ਼ਾ ਬਦਲਦਿਆਂ ਹੋਇਆਂ ਬੋਲਿਆ "ਕੋਈ ਕੋਨਟੀਨ ਦੀ ਗੱਲ ਕਰੋ ਬਾਬੂ ਜੀ...ਕੋਨਟੀਨ ਦੀ।"

ਉੱਥੇ ਕੁਆਰਨਟਾਈਨ ਵਿੱਚ ਹਜ਼ਾਰਾਂ ਮਰੀਜ਼ ਆ ਗਏ ਨੇ। ਜਿਥੋਂ ਤੱਕ ਹੋ ਸਕੇ ਅਸੀਂ ਉਹਨਾਂ ਦਾ ਇਲਾਜ ਕਰਦੇ ਹਾਂ। ਪਰ ਕਦੋਂ ਤੱਕ...ਮੇਰੇ ਨਾਲ ਕੰਮ ਕਰਨ ਵਾਲੇ ਵੀ ਬਹੁਤਾ ਚਿਰ ਉਹਨਾਂ ਵਿੱਚ ਰਹਿਣ ਤੋਂ ਘਬਰਾਉਂਦੇ ਹਨ। ਡਰ ਨਾਲ ਉਹਨਾਂ ਦੇ ਸੰਘ ਸੁੱਕੇ ਰਹਿੰਦੇ ਨੇ। ਤੇ ਕੋਈ ਤੇਰੇ ਵਾਂਗ ਮਰੀਜ਼ ਦੇ ਮੂੰਹ ਨਾਲ ਮੂੰਹ ਹੀ ਨਹੀਂ ਜਾ ਲਾਉਂਦਾ, ਨਾ ਕੋਈ ਤੇਰੇ ਵਾਂਗ ਏਨੀ ਜਾਨ ਹੀ ਮਾਰਦਾ ਹੈ...ਭਾਗਵਾ ਰੱਬ ਤੇਰਾ ਭਲਾ ਕਰੇ ਜਿਹੜਾ ਮਨੁੱਖ ਮਾਤਰ ਦੀ ਇਸ ਤਰ੍ਹਾਂ ਸੇਵਾ ਕਰਦਾ ਏਂ।"

ਭਾਗਵ ਨੇ ਸਿਰ ਨਿਵਾ ਲਿਆ ਤੇ ਮੜਾਸੇ ਦੇ ਇੱਕ ਪੱਲੇ ਨੂੰ ਮੂੰਹ ਤੋਂ ਪਾਸੇ ਕਰ ਕੇ ਸ਼ਰਾਬ ਦੇ ਅਸਰ ਨਾਲ ਲਾਲ ਹੋਏ ਚਿਹਰੇ ਨੂੰ ਦਿਖਾਉਂਦਿਆਂ ਬੋਲਿਆ: "ਬਾਬੂ ਜੀ, ਮੈਂ ਕਾਹਦੇ ਜੋਗਾ ਹਾਂ। ਮੈਥੋਂ ਕਿਸੇ ਦਾ ਭਲਾ ਹੋ ਜਾਏ, ਮੇਰਾ ਇਹ ਨਿਕੰਮਾ ਸਰੀਰ ਕਿਸੇ ਦੇ ਕੰਮ ਆ ਜਾਏ, ਇਸ ਤੋਂ ਵੱਧ ਖ਼ੁਸ਼ਕਿਸਮਤੀ ਮੇਰੀ ਕੀ ਹੋ ਸਕਦੀ ਹੈ। ਬਾਬੂ ਜੀ ਵੱਡੇ ਪਾਦਰੀ ਲਾਬੇ (ਰੈਵਰੈਂਡ ਮੌਂਤ ਲ, ਆਬੇ) ਜਿਹੜੇ ਸਾਡੇ ਮਹੱਲਿਆਂ ਵਿੱਚ ਪ੍ਰਚਾਰ ਲਈ ਆਉਂਦੇ ਰਹਿੰਦੇ ਕਹਿੰਦੇ ਆ ਕਿ ਈਸ਼ਵਰ ਯਿਸੂ-ਮਸੀਹ ਇਹ ਸਿਖਾਉਂਦੇ ਨੇ ਕਿ ਬੀਮਾਰ ਦੀ ਮਦਦ ਲਈ ਆਪਣੀ ਜਾਨ ਤੱਕ ਲਾ ਦਿਓ...ਮੈਂ ਇਹ ਗੱਲ ਮੰਨਦਾ ਹਾਂ।

ਮੈਂ ਭਾਗਵ ਦੀ ਕਿਸਮਤ ਨੂੰ ਸਲਾਹੁਣਾ ਚਾਹਿਆ, ਪਰ ਭਾਵਨਾਵਾਂ ਦੇ ਬੋਝ ਕਾਰਨ ਰੁਕ ਗਿਆ। ਉਸਦੀ ਨੇਕ 'ਤੇ ਸਾਰਥਕ ਜ਼ਿੰਦਗੀ ਵੇਖ ਕੇ ਮੇਰੇ ਮਨ ਵਿੱਚ ਇੱਕ ਤਰ੍ਹਾਂ ਦੀ ਈਰਖਾ ਪੈਦਾ ਹੋ ਗਈ। ਮੈਂ ਫ਼ੈਸਲਾ ਕੀਤਾ ਕਿ ਅੱਜ ਤੋਂ ਮੈਂ ਕੁਆਰਨਟਾਈਨ ਵਿੱਚ ਪੂਰੀ ਕੋਸ਼ਿਸ਼ ਕਰਕੇ ਵੱਧ ਤੋਂ ਵੱਧ ਮਰੀਜ਼ਾਂ ਨੂੰ ਬਚਾਉਣ ਦੀ ਕੋਸ਼ਿਸ਼ ਕਰਾਂਗਾ। ਉਹਨਾਂ ਨੂੰ ਠੀਕ ਕਰਨ ਵਿੱਚ ਆਪਣੀ ਜਾਨ ਤੱਕ ਲਾ ਦਿਆਂਗਾ। ਪਰ ਕਹਿਣ ਤੇ ਕਰਨ ਵਿੱਚ ਬਹੁਤ ਫ਼ਰਕ ਹੁੰਦਾ ਹੈ। ਕੁਆਰਨਟਾਈਨ ਵਿੱਚ ਪਹੁੰਚ ਕੇ ਜਦੋਂ ਮੈਂ ਮਰੀਜ਼ਾਂ ਦੀ ਬੁਰੀ ਦਸ਼ਾ ਵੇਖੀ ਤੇ ਉਹਨਾਂ ਦੇ ਮੂੰਹ 'ਚੋਂ ਨਿਕਲਣ ਵਾਲੀ ਸੜੀ ਬਦਬੋ ਮੇਰੇ ਨੱਕ ਤੱਕ ਪਹੁੰਚੀ ਤਾਂ ਮੇਰੀ ਰੂਹ ਕੰਬ ਗਈ ਤੇ ਭਾਗਵ ਵਾਂਗ ਕੰਮ ਕਰਨ ਦੀ ਹਿੰਮਤ ਨਾ ਕਰ ਸਕਿਆ।

ਫਿਰ ਵੀ ਉਸ ਦਿਨ ਭਾਗਵ ਨੂੰ ਨਾਲ ਲੈ ਕੇ ਮੈਂ ਕੁਆਰਨਟਾਈਨ ਵਿੱਚ ਬਹੁਤ ਕੰਮ ਕੀਤਾ। ਜਿਹੜਾ ਕੰਮ ਮਰੀਜ਼ ਦੇ ਬਹੁਤ ਨੇੜੇ ਰਹਿ ਕੇ ਹੋਣ ਵਾਲਾ ਸੀ ਉਹ ਮੈਂ ਭਾਗਵ ਤੋਂ ਕਰਵਾਇਆ ਤੇ ਉਸ ਨੇ ਖ਼ੁਸ਼ੀ ਨਾਲ ਕੀਤਾ...ਮੈਂ ਮਰੀਜ਼ਾਂ ਤੋਂ ਦੂਰ-ਦੂਰ ਹੀ ਰਿਹਾ ਕਿਉਂਕਿ ਮੈਂ ਮੌਤ ਤੋਂ ਬਹੁਤ ਡਰਦਾ ਸਾਂ ਤੇ ਉਸ ਤੋਂ ਜਿਆਦਾ ਕੁਆਰਨਟਾਈਨ ਤੋਂ।

ਪਰ ਕੀ ਭਾਗਵ ਮੌਤ ਤੇ ਕੁਆਰਨਟਾਈਨ ਦੋਹਾਂ ਤੋਂ ਉੱਪਰ ਸੀ?

ਉਸ ਦਿਨ ਕੁਆਰਨਟਾਈਨ ਵਿੱਚ ਚਾਰ ਸੌ ਦੇ ਕਰੀਬ ਮਰੀਜ਼ ਦਾਖ਼ਲ ਹੋਏ ਤੇ ਲੱਗਪੱਗ ਢਾਈ ਸੌ ਮਰ ਗਏ।

ਇਹ ਭਾਗਵ ਦੀ ਜਾਂਬਾਜੀ ਦਾ ਹੀ ਨਤੀਜਾ ਸੀ ਕਿ ਮੈਂ ਬਹੁਤ ਸਾਰੇ ਮਰੀਜ਼ਾਂ ਨੂੰ ਠੀਕ ਕਰ ਸਕਿਆ। ਮਰੀਜ਼ਾਂ ਦੀ ਸਿਹਤ ਦੇ ਸੁਧਾਰ ਦੀ ਤਾਜ਼ਾ ਜਾਣਕਾਰੀ ਬਾਰੇ ਗ੍ਰਾਫ ਚੀਫ਼ ਮੈਡੀਕਲ ਅਫ਼ਸਰ ਦੇ ਕਮਰੇ ਵਿੱਚ ਟੰਗਿਆ ਹੁੰਦਾ ਸੀ ਉਸ ਵਿੱਚ ਮੇਰੀ ਨਿਗਰਾਨੀ ਵਿੱਚ ਰਾਜ਼ੀ ਹੋ ਰਹੇ ਮਰੀਜ਼ਾਂ ਦੀ ਔਸਤ ਵਾਲੀ ਲਕੀਰ ਸਭ ਤੋਂ ਉੱਪਰ ਜਾਂਦੀ ਨਜ਼ਰ ਆਉਂਦੀ ਸੀ। ਮੈਂ ਰੋਜ਼ ਕਿਸੇ ਨਾ ਕਿਸੇ ਬਹਾਨੇ ਉਸ ਕਮਰੇ ਵੱਲ ਚਲਾ ਜਾਂਦਾ ਤੇ ਉਸ ਲਕੀਰ ਨੂੰ ਸੌ ਫ਼ੀਸਦੀ ਵੱਲ ਉੱਪਰ ਨੂੰ ਵਧਦਿਆਂ ਵੇਖ ਕੇ ਬਹੁਤ ਖ਼ੁਸ਼ ਹੁੰਦਾ।

ਇਕ ਦਿਨ ਮੈਂ ਲੋੜ ਤੋਂ ਵਧੇਰੇ ਹੀ ਬਰਾਂਡੀ ਪੀ ਲਈ ਸੀ। ਮੇਰਾ ਦਿਲ ਧੱਕ-ਧੱਕ ਕਰਨ ਲੱਗ ਪਿਆ। ਨਬਜ਼ ਘੋੜੇ ਵਾਂਗ ਦੌੜਨ ਲੱਗ ਪਈ ਤੇ ਮੈਂ ਵੀ ਇਕ ਜਨੂੰਨੀ ਵਾਂਗ ਏਧਰ ਉਧਰ ਭੱਜਣ ਲੱਗਾ। ਮੈਨੂੰ ਸ਼ੱਕ ਪੈਣ ਲੱਗਾ ਕਿ ਪਲੇਗ ਦੇ ਜਰਾਸੀਮਾਂ ਨੇ ਮੇਰੇ ਤੇ ਅਸਰ ਕਰ ਦਿੱਤਾ ਹੈ ਤੇ ਜਲਦੀ ਹੀ ਮੇਰੇ ਗਲੇ ਜਾਂ ਚੱਡਿਆਂ ਵਿਚ ਗਿਲਟੀਆਂ ਨਿਕਲ ਆਉਣਗੀਆਂ। ਮੈਂ ਇੱਕ ਦਮ ਹੈਰਾਨ ਤੇ ਪਰੇਸ਼ਾਨ ਹੋ ਗਿਆ। ਉਸ ਦਿਨ ਮੈਂ ਕੁਆਰਨਟਾਈਨ 'ਚੋਂ ਭੱਜ ਜਾਣਾ ਚਾਹਿਆ। ਜਿਨ੍ਹਾਂ ਚਿਰ ਵੀ ਮੈਂ ਉੱਥੇ ਰਿਹਾ ਡਰ ਨਾਲ ਕੰਬਦਾ ਰਿਹਾ। ਉਸ ਦਿਨ ਭਾਗਵ ਨੂੰ ਮਿਲਣ ਦਾ ਇਤਫ਼ਾਕ ਸਿਰਫ ਦੋ

ਵਾਰ ਹੀ ਹੋਇਆ।

ਦੁਪਹਿਰ ਵੇਲੇ ਉਸ ਨੂੰ ਇਕ ਮਰੀਜ਼ ਨੂੰ ਜੱਫੀ ਪਾਈ ਵੇਖਿਆ। ਉਹ ਬੜੇ ਪਿਆਰ ਨਾਲ ਉਸਦੇ ਹੱਥਾਂ ਨੂੰ ਪਲੋਸ ਰਿਹਾ ਸੀ। ਮਰੀਜ਼ ਵਿੱਚ ਜਿੰਨੀ ਵੀ ਤਾਕਤ ਸੀ ਇਕੱਠੀ ਕਰਕੇ ਉਸ ਨੇ ਕਿਹਾ ਭਾਈ, ਅੱਲ੍ਹਾ ਹੀ ਮਾਲਿਕ ਹੈ, ਇਸ ਥਾਂ 'ਤੇ ਤਾਂ ਰੱਬ ਵੈਰੀ ਦੁਸ਼ਮਣ ਨੂੰ ਵੀ ਨਾ ਲਿਆਵੈ। ਮੇਰੀਆਂ ਦੋ ਕੁੜੀਆਂ..."

ਭਾਗਵ ਨੇ ਉਸ ਦੀ ਗੱਲ ਨੂੰ ਕੱਟਦਿਆਂ ਹੋਇਆਂ ਕਿਹਾ ਈਸ਼ਵਰ ਯਸੂ ਮਸੀਹ ਦਾ ਸ਼ੁਕਰ ਕਰ ਭਰਾ...ਤੂੰ ਤਾਂ ਚੰਗਾ ਭਲਾ ਲੱਗਣ ਡਿਹਾਂ ਏ।"

ਹਾਂ, ਭਈ, ਕਿਰਪਾ ਏ ਉੱਪਰ ਵਾਲੇ ਦੀ...ਪਹਿਲਾਂ ਤੋਂ ਕੁਝ ਠੀਕ ਹੀ ਹਾਂ। ਜੇ ਮੈਂ ਕੁਆਰਨਟਾਈਨ..."

ਅਜੇ ਇਹ ਸ਼ਬਦ ਉਹਦੇ ਮੂੰਹ ਵਿੱਚ ਹੀ ਸੀ ਕਿ ਉਸ ਦੀਆਂ ਨਸਾਂ ਖਿੱਚੀਆਂ ਗਈਆਂ। ਉਸ ਦੇ ਮੂੰਹ ਵਿੱਚੋਂ ਝੱਗ ਜਿਹੀ ਨਿਕਲੀ...ਅੱਖਾਂ ਪੱਧਰਾਂ ਗਈਆਂ। ਕਈ ਝਟਕੇ ਲੱਗੇ ਤੇ ਉਹ ਮਰੀਜ਼ ਜੋ ਇੱਕ ਪਲ ਪਹਿਲਾਂ ਸਾਰਿਆਂ ਨੂੰ ਤੇ ਖ਼ਾਸ ਕਰਕੇ ਆਪਣੇ ਆਪ ਨੂੰ ਚੰਗਾ ਦਿੱਸ ਰਿਹਾ ਸੀ, ਹਮੇਸ਼ਾਂ ਵਾਸਤੇ ਖਾਮੋਸ਼ ਹੋ ਗਿਆ। ਭਾਗਵ ਉਸਦੀ ਮੌਤ ਤੇ ਖ਼ੂਨ ਦੇ, ਪਰ ਨਾ ਦਿੱਸਣ ਵਾਲੇ ਅੱਥਰੂ ਵਗਾਉਣ ਲੱਗ ਪਿਆ...ਤੇ ਹੋਰ ਕੌਣ ਰੋਂਦਾ ਉਸ ਦੀ ਮੌਤ ਤੇ ਇੱਥੇ। ਕੋਈ ਉਸ ਦਾ ਆਪਣਾ ਹੁੰਦਾ ਤਾਂ ਆਪਣੇ ਦਰਦੀਲੇ ਰੁਦਨ ਨਾਲ ਜ਼ਮੀਨ ਅਸਮਾਨ ਪਾੜ ਕੇ ਰੱਖ ਦਿੰਦਾ। ਇੱਕ ਭਾਗਵ ਹੀ ਸੀ ਜੋ ਸਭ ਦਾ ਰਿਸ਼ਤੇਦਾਰ ਸੀ। ਸਾਰਿਆਂ ਵਾਸਤੇ ਉਸਦੇ ਦਿਲ ਵਿੱਚ ਦਰਦ ਸੀ। ਉਹ ਸਾਰਿਆਂ ਲਈ ਰੋਂਦਾ ਸੀ। ਇੱਕ ਦਿਨ ਉਸ ਨੇ ਆਪਣੇ ਪ੍ਰਭੂ ਯਸੂ ਮਸੀਹ ਦੇ ਸਨਮੁੱਖ ਬੜੀ ਨਿਮਰਤਾ ਨਾਲ ਆਪਣੇ ਆਪ ਨੂੰ ਪੇਸ਼ ਵੀ ਕੀਤਾ ਕਿ ਸਾਰੀ ਮਨੁੱਖ ਜਾਤੀ ਦੇ ਗੁਨਾਹਾਂ ਦੇ ਬਦਲੇ ਤੂੰ ਸਿਰਫ ਮੈਨੂੰ ਹੀ ਸਜ਼ਾ ਦੇਹ !

ਉਸੇ ਦਿਨ ਸ਼ਾਮ ਜਿਹੀ ਨੂੰ ਭਾਗਵ ਭੱਜਾ-ਭੱਜਾ ਮੇਰੇ ਕੋਲ ਆਇਆ। ਉਹਨੂੰ ਸਾਹ ਚੜ੍ਹਿਆ ਹੋਇਆ ਸੀ ਤੇ ਉਹ ਬੜੀ ਦਰਦਨਾਕ ਆਵਾਜ਼ ਵਿੱਚ ਕਰਾਹ ਰਿਹਾ ਸੀ। ਉਹ ਬੋਲਿਆ ਬਾਬੂ ਜੀ ਇਹ ਕੋਟੀਨ ਤਾਂ ਨਰਕ ਹੈ...ਨਰਕ। ਪਾਦਰੀ ਲਾਬੇ ਨਰਕ ਦਾ ਇਹੋ ਜਿਹਾ ਨਕਸ਼ਾ ਹੀ ਖਿੱਚਿਆ ਕਰਦਾ ਸੀ...

ਮੈਂ ਕਿਹਾ, "ਹਾਂ ਭਾਈ, ਇਹ ਨਰਕ ਤੋਂ ਵੀ ਵੱਧ ਹੈ...ਮੈਂ ਤਾਂ ਇੱਥੋਂ ਭੱਜ ਨਿਕਲਣ ਦੀ ਤਰਕੀਬ ਸੋਚ ਰਿਹਾ ਹਾਂ...ਮੇਰੀ ਤਬੀਅਤ ਅੱਜ ਬਹੁਤ ਖ਼ਰਾਬ ਹੈ।"

"ਬਾਬੂ ਜੀ ਇਸ ਤੋਂ ਜ਼ਿਆਦਾ ਹੋਰ ਕੀ ਗੱਲ ਹੋ ਸਕਦੀ ਹੈ...ਅੱਜ ਇਕ ਮਰੀਜ਼ ਬੀਮਾਰੀ ਦੇ ਡਰ ਨਾਲ ਬੇਹੋਸ਼ ਹੋ ਗਿਆ ਸੀ। ਕਿਸੇ ਨੂੰ ਉਹਨੂੰ ਮੁਰਦਾ ਸਮਝ ਕੇ ਲਾਸ਼ਾਂ ਦੇ ਢੇਰ 'ਤੇ ਜਾ ਸੁੱਟਿਆ। ਜਦੋਂ ਪੈਟਰੋਲ ਛਿੜਕ ਕੇ ਲਾਸ਼ਾਂ ਨੂੰ ਅੱਗ ਲਾਈ ਗਈ ਤਾਂ ਮੈਂ ਉਸ ਨੂੰ ਅੱਗ ਵਿੱਚ ਹੱਥ ਪੈਰ ਮਾਰਦਿਆਂ ਵੇਖਿਆ। ਮੈਂ ਭੱਜ ਕੇ ਉਹਨੂੰ ਚੁੱਕ ਲਿਆਇਆ। ਬਾਬੂ ਜੀ! ਉਹ ਬੁਰੀ ਤਰ੍ਹਾਂ ਝੁਲਸਿਆ ਗਿਆ ਸੀ...ਉਹਨੂੰ ਬਚਾਉਂਦਿਆਂ ਮੇਰਾ ਸੱਜਾ ਡੌਲਾ ਬਿਲਕੁਲ ਸੜ ਗਿਆ ਹੈ"

ਮੈਂ ਭਾਗਵ ਦਾ ਡੌਲਾ ਵੇਖਿਆ। ਉਸ ਤੋਂ ਪੀਲੀ ਪੀਲੀ ਚਰਬੀ ਨਜ਼ਰ ਆ ਰਹੀ ਸੀ। ਮੈਂ ਉਸ ਨੂੰ ਵੇਖਦਿਆਂ ਹੀ ਘਬਰਾ ਗਿਆ। ਮੈਂ ਪੁੱਛਿਆ ਉਹ ਆਦਮੀ ਬਚ ਗਿਆ ਹੈ ਫਿਰ...?

ਬਾਬੂ ਜੀ...ਉਹ ਕੋਈ ਬਹੁਤ ਸ਼ਰੀਫ ਆਦਮੀ ਸੀ, ਜਿਸਦੀ ਨੇਕੀ ਤੇ ਸ਼ਰੀਫੀ (ਸ਼ਰਾਫ਼ਤ) ਤੋਂ ਦੁਨੀਆਂ ਕੋਈ ਫ਼ਾਇਦਾ ਨਾ ਉਠਾ ਸਕੀ। ਅੱਤ ਦੀ ਪੀੜ ਤੇ ਤਕਲੀਫ਼ ਵਾਲੀ ਹਾਲਤ ਵਿੱਚ ਵੀ ਉਸ ਨੇ ਆਪਣਾ ਝੁਲਸਿਆ ਹੋਇਆ ਚਿਹਰਾ ਉੱਪਰ ਚੁੱਕਿਆ ਤੇ ਆਪਣੀਆਂ ਮਰੀਅਲ ਜਿਹੀਆਂ ਅੱਖਾਂ ਨਾਲ ਮੇਰੀਆਂ ਅੱਖਾਂ ਵਿੱਚ ਦੇਖਦਿਆਂ ਉਸ ਨੂੰ ਮੇਰਾ ਧੰਨਵਾਦ ਕੀਤਾ।"

"ਤੇ ਬਾਬੂ ਜੀ" ਭਾਗਵ ਨੇ ਆਪਣੀ ਗੱਲ ਦੀ ਲੜੀ ਨੂੰ ਜੋੜਦਿਆਂ ਹੋਇਆਂ ਕਿਹਾ "ਕੁਝ ਚਿਰ ਪਿੱਛੋਂ ਉਹ ਏਨਾ ਤੜਫਿਆ, ਏਨਾ ਤੜਫਿਆ ਕਿ ਅੱਜ ਤੱਕ ਮੈਂ ਕਿਸੇ ਮਰੀਜ਼ ਨੂੰ ਏਨੀ ਜਾਨ ਤੋੜਦਿਆਂ ਨਹੀਂ ਵੇਖਿਆ ਹੋਣਾ...ਤੇ ਫਿਰ ਉਹ ਮਰ ਗਿਆ। ਉਹਨੂੰ ਬਚਾ ਕੇ ਸਗੋਂ ਮੈਂ ਬਹੁਤਾ ਦੁੱਖ ਦੇਣ ਲਈ ਹੀ ਜਿਊਂਦਾ ਰੱਖਿਆ ਤੇ ਫਿਰ ਬਚਾ ਵੀ ਨਾ ਸਕਿਆ। ਹੁਣੇ ਹੀ ਇਹਨਾਂ ਸਤੇ ਡੌਲਿਆਂ ਨਾਲ ਮੈਂ ਫੇਰ ਉਹਨੂੰ ਉਸੇ ਢੇਰ 'ਤੇ ਸੁੱਟ ਆਇਆਂ..."

ਇਸ ਪਿੱਛੋਂ ਕੁਝ ਦੇਰ ਭਾਗਵ ਬੋਲ ਨਾ ਸਕਿਆ। ਪੀੜ ਤੇ ਚੀਸਾਂ ਦੇ ਵਿੱਚੋਂ ਹੀ ਠਹਿਰ ਠਹਿਰ ਕੇ ਬੋਲਿਆ...ਤੁਸੀਂ ਸਮਝਦੇ ਓ...ਉਹਨੂੰ ਕਿਹੜੀ ਬੀਮਾਰੀ ਨੇ ਮਾਰਿਆ?...ਪਲੇਗ ਨੇ ਨਹੀਂ...ਕੋਟੀਨ ਨੇ ਕੋਟੀਨ ਨੇ!"

ਉਸ ਵੇਲੇ ਤਾਂ ਮਰਿਆਂ ਤੇ ਮਰਿਆਂ ਦਾ ਖਿਆਲ ਇਸ ਬੇ-ਹੱਦ ਕਹਿਰ ਤੇ ਦੁੱਖ ਦੇ ਚੱਕਰ ਵਿੱਚ ਫਸੇ ਲੋਕਾਂ ਨੂੰ ਕਿਸੇ ਹੱਦ ਤੱਕ ਤਸੱਲੀ ਹੀ ਦੇਂਦਾ ਸੀ। ਉਹਨਾਂ ਸਰਾਪ ਗ੍ਰਸਤ ਜੀਆਂ ਦੀਆਂ ਅਸਮਾਨ ਚੀਰ ਦੇਣ ਵਾਲੀਆਂ ਚੀਕਾਂ ਪੂਰੀ ਰਾਤ ਕੰਨਾਂ ਵਿੱਚ ਗੂੰਜਦੀਆਂ ਰਹਿੰਦਿਆਂ ਸਨ।

ਮਾਂਵਾਂ ਦੇ ਹੌਕੇ ਤੇ ਵਿਰਲਾਪ, ਭੈਣਾਂ ਦੀਆਂ ਚੀਕਾਂ, ਪਤਨੀਆਂ ਦਾ ਮਾਤਮ ਤੇ ਬੱਚਿਆਂ ਦੇ ਚੀਕ ਚਿਹਾੜੇ ਵਾਲੇ ਉਸ ਸ਼ਹਿਰ ਦੇ ਮਾਹੌਲ ਵਿੱਚ, ਅੱਧੀ ਰਾਤ ਵੇਲੇ ਉੱਲੂ ਵੀ ਬੋਲਣੋਂ ਝਕਦੇ ਸਨ। ਉੱਥੇ ਇੱਕ ਭਿਆਨਕ ਦ੍ਰਿਸ਼ ਪੈਦਾ ਹੋ ਜਾਂਦਾ ਸੀ। ਅਜਿਹੇ ਵੇਲੇ ਜਦ ਸਹੀ ਸਲਾਮਤ ਲੋਕਾਂ ਦੇ ਮਨਾ ਤੇ ਮਣਾਂ ਮੂਹੀਂ ਬੋਝ ਰਹਿੰਦਾ ਸੀ ਤਾਂ ਉਹਨਾਂ ਲੋਕਾਂ ਦਾ ਕੀ ਹਾਲ ਹੁੰਦਾ ਹੋਵੇਗਾ ਜਿਹੜੇ ਘਰਾਂ ਵਿਚ ਬੀਮਾਰ ਪਏ ਸੀ ਤੇ ਜਿਨ੍ਹਾਂ ਨੂੰ ਪੀਲੀਏ ਦੇ ਕਿਸੇ ਮਰੀਜ਼ ਵਾਂਗ ਦਰਵਾਜਿਆਂ ਕੇ ਕੰਧਾਂ ਤੋਂ ਵੀ ਮਾਯੂਸੀ ਦੀ ਪੀਲੀ ਝਲਕ ਸਤਾਉਂਦੀ ਸੀ...ਤੇ ਫਿਰ ਕੁਆਰਨਟਾਈਨ ਵਾਲੇ ਮਰੀਜ਼ ਜਿਨ੍ਹਾਂ ਨੂੰ ਮਾਯੂਸੀ ਦੀ ਹੱਦ ਤੋਂ ਪਾਰ ਯਮਰਾਜ ਸਾਖਿਆਤ ਦਿਖਾਈ ਦੇ ਰਿਹਾ ਹੁੰਦਾ ਸੀ। ਉਹ ਜ਼ਿੰਦਗੀ ਨਾਲ ਇਸ ਤਰ੍ਹਾਂ ਚੰਬੜੇ ਹੋਏ ਸਨ ਜਿਵੇਂ ਕਿਸੇ ਤੂਫ਼ਾਨ ਵਿੱਚ ਕੋਈ ਕਿਸੇ ਬਿਰਖ ਦੀ ਟੀਸੀ ਨਾਲ ਚੰਬੜਿਆ ਹੋਇਆ ਹੋਵੇ ਤੇ ਪਾਣੀ ਦੀਆਂ ਤੇਜ਼ ਲਹਿਰਾਂ ਉੱਪਰ ਵੱਲ ਚੜ੍ਹਦੀਆਂ ਹੋਈਆਂ ਉਸ ਚੋਟੀ ਨੂੰ ਵੀ ਡੁੱਬੋ ਦੇਣਾ ਚਾਹੁੰਦੀਆਂ ਹੋਣ।

ਉਸ ਦਿਨ ਬੀਮਾਰੀ ਦੇ ਵਹਿਮ ਕਰਕੇ ਮੈਂ ਕੁਆਰਨਟਾਈਨ ਵੀ ਨਾ ਗਿਆ। ਕਿਸੇ ਜ਼ਰੂਰੀ ਕੰਮ ਦਾ ਬਹਾਨਾ ਬਣਾ ਦਿੱਤਾ। ਭਾਵੇਂ ਮੇਰੇ ਦਿਮਾਗ਼ ਵਿਤ ਸਖ਼ਤ ਝੁੰਜਲਾਹਟ ਰਹੀ...ਕਿਉਂਕਿ ਇਹ

ਬਹੁਤ ਸੰਭਵ ਸੀ ਕਿ ਮੇਰੀ ਮਦਦ ਨਾਲ ਕਿਸੇ ਮਰੀਜ਼ ਨੂੰ ਫਾਇਦਾ ਪਹੁੰਚ ਜਾਂਦਾ। ਪਰ ਜਿਹੜਾ ਖ਼ੌਫ਼ ਮੇਰੇ ਦਿਲ ਦਿਮਾਗ਼ 'ਤੇ ਸੁਆਰ ਸੀ। ਉਸਨੇ ਆਪਣੇ ਸੰਗਲ ਨਾਲ ਮੇਰੇ ਪੈਰ ਜਕੜੀ ਰੱਖੇ। ਸ਼ਾਮ ਨੂੰ ਸੌਣ ਵੇਲੇ ਮੈਨੂੰ ਖ਼ਬਰ ਮਿਲੀ ਕਿ ਅੱਜ ਸ਼ਾਮ ਕੁਆਰਨਟਾਈਨ ਵਿੱਚ ਪੰਜ ਸੌ ਦੇ ਕਰੀਬ ਨਵੇਂ ਮਰੀਜ਼ ਪਹੁੰਚੇ ਹਨ।

ਅਜੇ ਮੈਂ ਪੇਟ ਨੂੰ ਸਾੜ ਸੁੱਟਣ ਵਾਲੀ ਗਰਮ ਕਾਫ਼ੀ ਪੀ ਕੇ ਸੌਣ ਹੀ ਲੱਗਾ ਸੀ ਕਿ ਭਾਗਵ ਦੀ ਆਵਾਜ਼ ਆਈ। ਨੌਕਰ ਨੇ ਦਰਵਾਜ਼ਾ ਖੋਲ੍ਹਿਆ ਤਾਂ ਸਾਹੋ ਸਾਹੀ ਹੋਇਆ ਭਾਗਵ ਅੰਦਰ ਆਇਆ ਤੇ ਬੋਲਿਆ: "ਬਾਬੂ ਜੀ...ਮੇਰੀ ਘਰ ਵਾਲੀ ਬੀਮਾਰ ਹੋ ਗਈ...ਉਹਦੇ ਗਲੇ ਵਿੱਚ ਗਿਲਟੀਆਂ ਨਿਕਲ ਆਈਆਂ ਨੇ...ਭਗਵਾਨ ਦਾ ਵਾਸਤਾ ਜੇ ਉਹਨੂੰ ਬਚਾ ਲਓ...ਸਾਡਾ ਡੇਢ੍ਹ ਸਾਲ ਦਾ ਬੱਚਾ ਉਹਦਾ ਦੁੱਧ ਪੀਂਦਾ ਏ, ਉਹ ਵੀ ਮਰ ਜਾਊਗਾ।"

ਹਮਦਰਦੀ ਦੀ ਥਾਂ ਮੈਂ ਗੁੱਸੇ ਨਾਲ ਕਿਹਾ "ਪਹਿਲਾਂ ਕਿਓਂ ਨਾ ਆਇਆ...ਕੀ ਬੀਮਾਰੀ ਹੋਏ ਸ਼ੁਰੂ ਹੋਈ ਹੈ?"

"ਸਵੇਰੇ ਜਦੋਂ ਮੈਂ ਕੋਂਟੀਨ ਗਿਆ ਮਾਮੂਲੀ ਬੁਖ਼ਾਰ ਸੀ..."

ਅੱਛਾ...ਉਹ ਘਰ ਵਿੱਚ ਬੀਮਾਰ ਸੀ ਤੇ ਫਿਰ ਵੀ ਤੂੰ ਕੁਆਰਟਾਈਨ ਗਿਆ?"

"ਜੀ ਬਾਬੂ ਜੀ..." ਭਾਗਵ ਨੇ ਕਬੰਦਿਆਂ ਹੋਇਆਂ ਕਿਹਾ। "ਉਹ ਮਾੜੀ ਜਿਹੀ ਢਿੱਲੀ ਸੀ। ਮੈਂ ਸਮਝਿਆ ਸ਼ਾਇਦ ਦੁੱਧ ਚੜ੍ਹ ਗਿਆ ਹੋਣਾ ਏ...ਹੋਰ ਕੋਈ ਤਕਲੀਫ਼ ਨਹੀਂ ਸੀ...ਨਾਲੇ ਮੇਰੇ ਦੋਵੇਂ ਭਰਾ ਘਰੇ ਹੀ ਸੀ....ਤੇ ਸੈਂਕੜੇ ਮਰੀਜ਼ ਕੋਂਟੀਨ ਵਿੱਚ ਵਿਚਾਰੇ..."

"ਤੂੰ ਆਪਣੀ ਹੱਦੋਂ ਵੱਧ ਮਿਹਰਬਾਨੀ ਤੇ ਕੁਰਬਾਨੀ ਨਾਲ ਪਲੇਗ ਦੇ ਜਰਾਸੀਮ ਘਰ ਲੈ ਹੀ ਆਇਆ ਨਾ...!

ਮੈਂ ਤੈਨੂੰ ਕਿਹਾ ਸੀ ਨਾ ਮਰੀਜ਼ਾਂ ਦੇ ਏਨਾ ਨੇੜੇ ਨਾ ਰਿਹਾ ਕਰ!...ਵੇਖ, ਏਸੇ ਕਰਕੇ ਅੱਜ ਮੈਂ ਉੱਥੇ ਨਹੀਂ ਗਿਆ। ਸਾਰਾ ਕਸੂਰ ਤੇਰਾ ਹੀ ਹੈ। ਹੁਣ ਮੈਂ ਕੀ ਕਰ ਸਕਦਾ ਹਾਂ। ਤੇਰੇ ਵਰਗੇ ਬਹਾਦਰ ਬੰਦੇ ਨੂੰ ਆਪਣੀ ਬਹਾਦਰੀ ਦਾ ਸੁਆਦ ਵੇਖਣਾ ਹੀ ਚਾਹੀਦਾ ਏ। ਏਥੇ ਸ਼ਹਿਰ ਵਿੱਚ ਹੀ ਸੈਂਕੜੇ ਮਰੀਜ਼ ਪਏ ਨੇ..."

ਭਾਗਵ ਨੇ ਬੜੀ ਅਧੀਨਗੀ ਨਾਲ ਬੇਨਤੀ ਕਰਦਿਆਂ ਕਿਹਾ, "ਪਰ...ਈਸ਼ਵਰ ਯਸੂ ਮਸੀਹ..."

"ਚੱਲ ਦੌੜ ਜਾਹ ਏਥੋਂ...ਆਇਆ ਕਿਸੇ ਥਾਂ ਦਾ ਵੱਡਾ ਪੈਗ਼ੰਬਰ...! ਤੂੰ ਜਾਣ ਬੁੱਝ ਕੇ ਅੱਗ ਵਿਚ ਹੱਥ ਪਾਇਆ। ਹੁਣ ਇਸ ਦੀ ਸਜ਼ਾ ਮੈਂ ਕਿਓਂ ਭੁਗਤਾਂ? ਕੁਰਬਾਨੀ ਇਸ ਤਰ੍ਹਾਂ ਥੋੜ੍ਹੀ ਹੁੰਦੀ ਏ? ਏਨੀ ਰਾਤ ਨੂੰ ਹੁਣ ਮੈਂ ਤੇਰੀ ਕੋਈ ਮਦਦ ਨਹੀਂ ਕਰ ਸਕਦਾ..."

"ਪਰ...ਪਾਦਰੀ ਲਾਬੇ..."

"ਚੱਲ...ਜਾਹ ਹੁਣ...ਹੁਣ...ਕੁਝ ਲੱਗਦਾ ਪਾਦਰੀ ਲਾਬੇ ਦਾ।"

ਭਾਗਵ ਸਿਰ ਨੀਵਾਂ ਕਰ ਕੇ ਤੁਰ ਗਿਆ। ਉਸ ਦੇ ਜਾਣ ਦੇ ਅੱਧਾ ਘੰਟਾ ਪਿੱਛੋਂ ਮੇਰਾ ਗ਼ੁੱਸਾ ਠੰਢਾ ਹੋਇਆ ਤਾਂ ਮੈਂ ਆਪਣੇ ਕੀਤੇ ਤੇ ਸ਼ਰਮਿੰਦਾ ਹੋਇਆ। ਪਰ ਇਹ ਵੀ ਮੇਰੀ ਕਿੱਧਰ ਦੀ ਸਮਝਦਾਰੀ ਸੀ ਜਿਹੜਾ ਮੈਂ ਬਾਅਦ ਵਿੱਚ ਗ਼ਲਤੀ ਮਹਿਸੂਸ ਕਰ ਰਿਹਾ ਸਾਂ। ਬਿਨਾਂ ਸ਼ੱਕ ਮੇਰੇ ਵਾਸਤੇ ਹੁਣ ਸਭ ਤੋਂ ਵੱਡੀ ਸਜ਼ਾ ਇਹੋ ਸੀ ਕਿ ਆਪਦੇ ਅਹਿਮ ਨੂੰ ਕੁਚਲ ਕੇ ਭਾਗਵ ਕੋਲੋਂ ਆਪਣੇ ਵਤੀਰੇ ਦੀ ਮੁਆਫ਼ੀ ਮੰਗਾਂ ਤੇ ਉਸਦੀ ਪਤਨੀ ਦਾ ਇਲਾਜ ਪੂਰੀ ਲਗਨ ਨਾਲ ਕਰਾਂ। ਮੈਂ ਜਲਦੀ ਜਲਦੀ ਕੱਪੜੇ ਪਾਏ ਤੇ ਦੌੜਿਆ-ਦੌੜਿਆ ਭਾਗਵ ਦੇ ਘਰ ਪਹੁੰਚਿਆ...ਉੱਥੇ ਜਾ ਕੇ ਮੈਂ ਵੇਖਿਆ ਕਿ ਭਾਗਵ ਦੇ ਦੋਵੇਂ ਛੋਟੇ ਭਰਾ ਆਪਣੀ ਭਰਜਾਈ ਦੀ ਮੰਜੀ ਘਰੋਂ ਬਾਹਰ ਕੱਢ ਰਹੇ ਸੀ।

ਮੈਂ ਭਾਗਵ ਨੂੰ ਪੁੱਛਿਆ, "ਇਸ ਨੂੰ ਕਿੱਥੇ ਲੈ ਕੇ ਚੱਲੇ ਹੋ?"

ਭਾਗਵ ਨੇ ਹੌਲੀ ਜਿਹੀ ਕਿਹਾ, "ਕੋਨਟੀਨ ਵਿੱਚ"

"ਤੇ ਹੁਣ ਤੇਰੇ ਖਿਆਲ ਵਿਚ ਕੁਆਰਨਟਾਈਨ ਨਰਕ ਨਹੀਂ ਰਿਹਾ... ਭਾਗਵ...?"

"ਤੁਸੀਂ ਆਉਣੋਂ ਨਾਂਹ ਜੋ ਕਰ ਦਿੱਤੀ ਸੀ, ਬਾਬੂ ਜੀ...ਹੋਰ ਚਾਰਾ ਹੀ ਕੀ ਸੀ...ਮੈਂ ਸੋਚਿਆ ਉੱਥੇ ਹਕੀਮ ਦੀ ਮਦਦ ਮਿਲ ਜਾਊਗੀ ਤੇ ਇਹਦੇ ਨਾਲ ਹੀ ਦੂਜੇ ਮਰੀਜ਼ਾਂ ਦਾ ਵੀ ਧਿਆਨ ਰੱਖ ਲਊਂਗਾ।"

"ਰੱਖ ਦਿਓ ਮੰਜਾ ਏਥੇ ਈ...ਅਜੇ ਤੇਰੇ ਦਿਮਾਗ਼ 'ਚੋਂ ਦੂਜੇ ਮਰੀਜ਼ਾਂ ਦਾ ਫ਼ਿਕਰ ਨਹੀਂ ਗਿਆ...? ਮੂਰਖ..."

ਮੰਜਾ ਅੰਦਰ ਰੱਖ ਦਿੱਤਾ ਗਿਆ ਤੇ ਮੇਰੇ ਕੋਲ ਜਿਹੜੀ ਸਭ ਤੋਂ ਵਧੀਆ ਦੁਆਈ ਸੀ, ਮੈਂ ਭਾਗਵ ਦੀ ਘਰ ਵਾਲੀ ਨੂੰ ਪਿਆਈ ਤੇ ਫਿਰ ਜਿਵੇਂ ਮੈਂ ਆਪਣੇ ਅਦਿੱਖ ਦੁਸ਼ਮਣ ਯਾਨੀ ਬੀਮਾਰੀ ਦਾ ਮੁਕਾਬਲਾ ਕਰਨ ਲੱਗ ਪਿਆ। ਭਾਗਵ ਦੀ ਪਤਨੀ ਨੇ ਅੱਖਾਂ ਖੋਲ੍ਹ ਦਿੱਤੀਆਂ।

ਭਾਗਵ ਨੇ ਥਿੜਕਦੀ ਆਵਾਜ਼ ਵਿੱਚ ਕਿਹਾ "ਤੁਹਾਡਾ ਅਹਿਸਾਨ ਸਾਰੀ ਉਮਰ ਨਹੀਂ ਭੁੱਲੂੰਗਾ, ਬਾਬੂ ਜੀ"

ਮੈਂ ਕਿਹਾ ਮੈਨੂੰ ਆਪਣੇ ਰਵੱਈਏ ਦਾ ਸਖ਼ਤ ਅਫ਼ਸੋਸ ਹੈ ਭਾਗਵ। ਰੱਬ ਤੇਰੀ ਸੇਵਾ ਦਾ ਬਦਲਾ ਤੇਰੀ ਪਤਨੀ ਨੂੰ ਠੀਕ ਕਰ ਕੇ ਦੇ ਦੇਵੇ"

ਫਿਰ ਆਪਣੇ ਉਸੇ ਲੁਕਵੇਂ ਵਿਰੋਧੀ ਅਰਥਾਤ ਪਲੇਗ ਨੂੰ ਮੈਂ ਆਪਣਾ ਆਖਰੀ ਹਥਿਆਰ ਇਸਤੇਮਾਲ ਕਰਦੇ ਦੇਖਿਆ। ਭਾਗਵ ਦੀ ਪਤਨੀ ਦੇ ਬੁੱਲ੍ਹ ਕੰਬਣ ਲੱਗੇ। ਉਸਦੀ ਨਬਜ਼ ਜਿਹੜੀ ਮੇਰੇ ਹੱਥ ਵਿਚ ਸੀ, ਧੀਮੀ ਹੋ ਕੇ ਮੋਢੇ ਵੱਲ ਸਰਕਣ ਲੱਗ ਪਈ। ਮੇਰੇ ਲੁਕਵੇਂ ਵਿਰੋਧੀ ਨੇ, ਜਿਸ ਦੀ ਕਿ ਆਮ ਤੌਰ 'ਤੇ ਜਿੱਤ ਹੁੰਦੀ ਸੀ, ਇੱਕ ਵਾਰ ਫਿਰ ਮੈਨੂੰ ਚਾਰੇ ਖ਼ਾਨੇ ਚਿੱਤ ਕਰ ਦਿੱਤਾ ਸੀ। ਮੈਂ ਸ਼ਰਮਿੰਦਗੀ ਨਾਲ ਸਿਰ ਝੁਕਾਉਂਦਿਆਂ ਕਿਹਾ "ਭਾਗਵ! ਬਦਨਸੀਬ ਭਾਗਵ! ਤੈਨੂੰ ਆਪਣੀ ਕੁਰਬਾਨੀ ਦਾ ਇਹ ਅਜੀਬ ਇਨਾਮ ਮਿਲਿਆ ਹੈ...ਓ...ਹੋ...!"

ਭਾਗਵ ਫੁੱਟ ਫੁੱਟ ਕੇ ਰੋਣ ਲੱਗਾ।

ਇਹ ਦ੍ਰਿਸ਼ ਕਿੰਨਾ ਦਰਦਨਾਕ ਸੀ, ਜਦੋਂ ਭਾਗਵ ਨੇ ਆਪਣੇ ਵਿਲਕਦੇ ਹੋਏ ਬਾਲ ਨੂੰ ਉਸਦੀ ਮਾਂ ਨਾਲੋਂ ਖਿੱਚ ਕੇ ਵੱਖ ਕੀਤਾ ਤੇ ਅਤਿਅੰਤ ਹਲੀਮੀ ਨਾਲ ਮੈਨੂੰ ਵਾਪਸ ਮੋੜ ਦਿੱਤਾ।

ਮੇਰਾ ਖ਼ਿਆਲ ਸੀ ਕਿ ਭਾਗਵ ਹੁਣ ਆਪਣੀ ਦੁਨੀਆਂ ਨੂੰ ਹਨੇਰੀ ਸਮਝ ਕੇ ਕਿਸੇ ਬਾਰੇ ਸੋਚੇਗਾ ਵੀ ਨਹੀਂ...ਪਰ ਅਗਲੇ ਦਿਨ ਮੈਂ ਉਸ

ਨੂੰ ਪਹਿਲਾਂ ਨਾਲੋਂ ਵੀ ਬਹੁਤੇ ਬੀਮਾਰਾਂ ਦੀ ਮਦਦ ਕਰਦਿਆਂ ਦੇਖਿਆ। ਉਸ ਨੇ ਸੈਂਕੜੇ ਘਰਾਂ ਦੇ ਚਿਰਾਗ਼ ਬੁਝਣ ਤੋਂ ਬਚਾ ਲਏ...ਤੇ ਆਪਣੀ ਜ਼ਿੰਦਗੀ ਦੀ ਜ਼ਰਾ ਵੀ ਪ੍ਰਵਾਹ ਨਾ ਕੀਤੀ। ਮੈਂ ਵੀ ਭਾਗਵ ਦੀ ਪੈਰਵੀ ਕਰਦਿਆਂ ਹੋਇਆ ਬੜੀ ਸ਼ਿੱਦਤ ਨਾਲ ਕੰਮ ਵਿੱਚ ਖੁਭ ਗਿਆ। ਕੁਆਰਨਾਈਨ ਤੇ ਹਸਪਤਾਲਾਂ ਦੇ ਕੰਮ ਤੋਂ ਫ਼ਾਰਗ ਹੋ ਕੇ ਆਪਣੀ ਵਿਹਲ ਦੇ ਸਮੇਂ ਵਿਚ ਸ਼ਹਿਰ ਦੇ ਗ਼ਰੀਬ ਤਬਕਿਆਂ ਦੇ ਲੋਕਾਂ ਦੇ ਘਰੀਂ, ਜੋ ਕਿ ਨਾਲਿਆਂ ਦੇ ਕੰਢਿਆਂ ਤੇ ਵੱਸੇ ਹੋਣ ਕਰਕੇ ਬੀਮਾਰੀ ਪੈਦਾ ਹੋਣ ਦੀ ਜਗ੍ਹਾ ਸਨ, ਵੱਲ ਧਿਆਨ ਦਿੱਤਾ।

ਹੁਣ ਵਾਤਾਵਰਣ ਬੀਮਾਰੀ ਦੇ ਜਰਾਸੀਮਾਂ ਤੋਂ ਬਿਲਕੁਲ ਮੁਕਤ ਹੋ ਚੁੱਕਾ ਸੀ। ਸ਼ਹਿਰ ਨੂੰ ਪੂਰੀ ਤਰ੍ਹਾਂ ਧੋ ਦਿੱਤਾ ਗਿਆ ਸੀ। ਚੂਹਿਆਂ ਦਾ ਕਿਤੇ ਨਾਮ ਨਿਸ਼ਾਨ ਨਹੀਂ ਸੀ ਦਿਸਦਾ। ਸਾਰੇ ਸ਼ਹਿਰ ਵਿਚ ਕਿਤੇ ਇਕ ਅੱਧ ਕੇਸ ਲੱਭਦਾ ਜਿਸ ਵੱਲ ਤੁਰੰਤ ਧਿਆਨ ਦੇ ਦਿੱਤਾ ਜਾਣ ਕਰਕੇ ਬਿਮਾਰੀ ਵਧਣ ਦਾ ਖ਼ਤਰਾ ਬਾਕੀ ਨਾ ਰਿਹਾ।

ਸ਼ਹਿਰ ਦਾ ਬੀਮਾਰੀ ਤੋਂ ਪਹਿਲਾਂ ਵਾਲਾ ਰੂਪ ਵਾਪਸ ਆ ਗਿਆ। ਸਕੂਲ, ਕਾਲਜ ਤੇ ਦਫ਼ਤਰ ਖੁੱਲ੍ਹਣ ਲੱਗ ਪਏ।

ਇਕ ਗੱਲ ਜੋ ਮੈਂ ਬਜ਼ਾਰਾਂ 'ਚੋਂ ਲੰਘਦਿਆਂ ਮਹਿਸੂਸ ਕੀਤੀ ਕਿ, ਲੋਕ ਚਾਰ ਚੁਫੇਰਿਓ ਮੇਰੇ ਵੱਲ ਉਂਗਲਾਂ ਕਰ ਕਰ ਗੱਲਾਂ ਕਰਦੇ ਤੇ ਅਹਿਸਾਨਮੰਦ ਨਜ਼ਰਾਂ ਨਾਲ ਮੇਰੇ ਵੱਲ ਦੇਖਦੇ। ਅਖ਼ਬਾਰਾਂ ਵਿਚ ਸਨਮਾਨਯੋਗ ਸ਼ਖ਼ਸੀਅਤਾਂ ਨਾਲ ਮੇਰੀਆਂ ਤਸਵੀਰਾਂ ਛਪੀਆਂ। ਇਸ ਚਾਰ ਚੁਫੇਰੇ ਦੀ ਪ੍ਰਸੰਸਾ ਤੇ ਵਾਹੋਵਾਹੀ ਦੀ ਵਾਛੜ ਨੇ ਮੇਰੇ ਅੰਦਰ ਕੁਝ ਗਰੂਰ ਜਿਹਾ ਪੈਦਾ ਕਰ ਦਿੱਤਾ।

ਆਖਰ ਇੱਕ ਵਿਸ਼ਾਲ ਜਲਸਾ ਹੋਇਆ ਜਿਸ ਵਿੱਚ ਸ਼ਹਿਰ ਦੇ ਵੱਡੇ-ਵੱਡੇ ਰਈਸ, ਅਧਿਕਾਰੀ ਤੇ ਡਾਕਟਰ ਬੁਲਾਏ ਗਏ। ਨਗਰ ਪਾਲਿਕਾ ਨਾਲ ਸੰਬੰਧਿਤ ਮੰਤਰੀ ਨੇ ਇਸ ਕੇਸ ਦੀ ਪ੍ਰਧਾਨਗੀ ਕੀਤੀ। ਮੈਨੂੰ ਮੰਤਰੀ ਸਾਹਬ ਦੇ ਨਾਲ ਵਾਲੀ ਕੁਰਸੀ 'ਤੇ ਬਿਠਾਇਆ ਗਿਆ ਕਿਉਂਕਿ ਉਹ ਸਮਾਗਮ ਮੈਨੂੰ ਹੀ ਸਨਮਾਨਤ ਕਰਨ ਵਾਸਤੇ ਵਿਉਂਤਿਆ ਗਿਆ ਸੀ।

ਹਾਰਾਂ ਦੇ ਭਾਰ ਨਾਲ ਮੇਰੀ ਧੌਣ ਝੁਕਦੀ ਜਾ ਰਹੀ ਸੀ। ਮਾਣ ਭਰੀਆਂ ਨਜ਼ਰਾਂ ਨਾਲ ਮੈਂ ਕਦੇ ਏਧਰ ਵੇਖਦਾ ਸੀ ਤੇ ਕਦੇ ਉਧਰ।...ਮਨੁੱਖ ਜਾਤੀ ਦੀ ਸੇਵਾ ਦਾ ਧਰਮ ਪੂਰੀ ਤਨਦੇਹੀ ਨਾਲ ਨਿਭਾਉਣ ਦੇ ਬਦਲੇ ਨਿਹਾਇਤ ਸ਼ੁਕਰ-ਗੁਜ਼ਾਰੀ ਦੀ ਭਾਵਨਾ ਨਾਲ ਨਾਲ ਮੈਨੂੰ ਇੱਕ ਹਜ਼ਾਰ ਰੁਪਏ ਦੀ ਥੈਲੀ ਨਿੱਕੀ ਜਿਹੀ ਰਕਮ ਕਹਿ ਕੇ ਭੇਟਾ ਕੀਤੀ ਗਈ।

ਜਿੰਨੇ ਵੀ ਲੋਕ ਹਾਜ਼ਰ ਸਨ ਸਭ ਨੇ ਆਮ ਤੌਰ ਤੇ ਅਤੇ ਮੇਰੇ ਸਹਿਯੋਗੀਆਂ ਨੇ ਖ਼ਾਸ ਤੌਰ 'ਤੇ ਮੇਰੀ ਤਾਰੀਫ਼ ਕੀਤੀ ਤੇ ਕਿਹਾ ਕਿ ਪਲੇਗ ਦੀ ਮਹਾਂਮਾਰੀ ਵੇਲੇ ਜਿੰਨੀਆਂ ਜਾਨਾਂ ਮੇਰੀ ਸਖ਼ਤ ਮਿਹਨਤ ਨਾਲ ਬਚੀਆਂ ਉਹਨਾਂ ਦੀ ਗਿਣਤੀ ਕਰਨੀ ਸੰਭਵ ਨਹੀਂ। ਮੈਂ ਦਿਨ ਵੇਖਿਆ ਨਾ ਰਾਤ ਤੇ ਆਪਣੀ ਜਾਨ ਨੂੰ ਦੇਸ਼ ਦੀ ਜਾਨ ਤੇ ਪੈਸੇ ਨੂੰ ਸਮਾਜ ਦੀ ਦੌਲਤ ਸਮਝਿਆਂ ਬੀਮਾਰੀ ਦੇ ਗੜ੍ਹ ਵਿੱਚ ਪਹੁੰਚ ਕੇ ਮਰਦੇ ਹੋਏ ਬੰਦਿਆਂ ਨੂੰ ਸਿਹਤਯਾਬੀ ਦਾ ਜਾਮ ਪਿਆਇਆ।

ਮੰਤਰੀ ਸਾਹਬ ਨੇ ਮੇਜ਼ ਦੇ ਖੱਬੇ ਪਾਸੇ ਖੜ੍ਹੇ ਹੋ ਕੇ ਇੱਕ ਪਤਲੀ ਜਿਹੀ ਸੋਟੀ ਹੱਥ ਵਿੱਚ ਫੜੀ ਤੇ ਲੋਕਾਂ ਦਾ ਧਿਆਨ ਉਸ ਕਾਲੀ ਲਕੀਰ ਵੱਲ ਦੁਆਇਆ ਜੋ ਕੰਧ 'ਤੇ ਟੰਗੇ ਨਕਸ਼ੇ ਵਿੱਚ ਬੀਮਾਰੀ ਦੇ ਦਿਨੀ ਲਗਾਤਾਰ ਵਧਦੀ ਮੌਤ ਤੋਂ ਸਿਹਤਮੰਦ ਹੁੰਦੇ ਲੋਕਾਂ ਦੀ ਗਿਣਤੀ ਦਰਸਾਉਂਦੀ ਸੀ। ਆਖਰ ਉਹਨਾਂ ਨੇ ਨਕਸ਼ੇ ਵਿੱਚ ਉਹ ਦਿਨ ਵੀ ਦਿਖਾਇਆ ਜਦੋਂ ਮੇਰੀ ਨਿਗਰਾਨੀ ਵਿੱਚ ਚੁਰੰਜਾ ਮਰੀਜ਼ ਰੱਖੇ ਗਏ ਤੇ ਸਾਰੇ ਠੀਕ ਹੋ ਗਏ, ਯਾਨਿ ਨਤੀਜਾ ਸੌ ਫੀਸਦੀ ਰਿਹਾ ਤੇ ਕਾਲੀ ਲਕੀਰ ਆਪਣੇ ਸਿਖਰ 'ਤੇ ਪਹੁੰਚ ਗਈ।

ਫਿਰ ਮੰਤਰੀ ਜੀ ਨੇ ਆਪਣੇ ਭਾਸ਼ਣ ਵਿੱਚ ਮੇਰੀ ਹਿੰਮਤ ਨੂੰ ਬਹੁਤ ਸਲਾਹਿਆ ਤੇ ਐਲਾਨ ਕੀਤਾ ਕਿ ਮੇਰੀ ਖ਼ਿਦਮਤ ਦੇ ਇਨਾਮ ਵਜੋਂ ਮੈਨੂੰ ਲੈਫਟੀਨੈਂਟ ਕਰਨਲ ਬਣਾਇਆ ਜਾ ਰਿਹਾ ਹੈ।

ਹਾਲ ਪ੍ਰਸ਼ੰਸਾ ਤੇ ਵਾਹ ਵਾਹ ਦੀਆਂ ਭਰਪੂਰ ਤਾੜੀਆਂ ਨਾਲ ਗੂੰਜ ਉੱਠਿਆ।

ਇਹਨਾਂ ਤਾੜੀਆਂ ਦੇ ਸ਼ੋਰ ਦੇ ਵਿੱਚ ਹੀ ਮੈਂ ਆਪਣਾ ਗਰੂਰ ਭਰਿਆ ਸਿਰ ਚੁੱਕਿਆ ਤੇ ਮੰਤਰੀ ਸਾਹਿਬ ਤੇ ਦੂਜੇ ਸਨਮਾਨਯੋਗ ਸ਼ਹਿਰੀਆਂ ਦਾ ਧੰਨਵਾਦ ਕਰਦਿਆਂ ਹੋਇਆਂ ਇੱਕ ਲੰਬਾ ਚੌੜਾ ਭਾਸ਼ਣ ਦਿੱਤਾ। ਜਿਸ ਵਿੱਚ ਹੋਰ ਗੱਲਾਂ ਤੋਂ ਬਿਨਾਂ, ਮੈਂ ਦੱਸਿਆ ਕਿ ਸਾਡੇ ਧਿਆਨ ਵਿੱਚ ਨਾ ਸਿਰਫ ਹਸਪਤਾਲ ਤੇ ਕੁਆਰਨਟਾਈਨ ਸਨ ਸਗੋਂ ਗ਼ਰੀਬ ਤਬਕੇ ਦੇ ਲੋਕਾਂ ਦੇ ਘਰ ਵੀ ਸਨ। ਉਹਨਾਂ ਲੋਕਾਂ ਕੋਲ ਆਪਣੇ ਬਚਾਅ ਦੀ ਸਮਰੱਥਾ ਨਹੀਂ ਸੀ ਤੇ ਉਹੋ ਹੀ ਲਗਾਤਾਰ ਇਸ ਬੀਮਾਰੀ ਦਾ ਸ਼ਿਕਾਰ ਹੋਏ। ਮੈਂ ਤੇ ਮੇਰੇ ਸਹਿਯੋਗੀਆਂ ਨੇ ਬੀਮਾਰੀ ਦੀ ਉਪਜ ਦੇ ਸਹੀ ਸਥਾਨ ਤਲਾਸ਼ ਕੀਤੇ। ਫਿਰ ਆਪਣਾ ਸਾਰਾ ਧਿਆਨ ਤੇ ਜ਼ੋਰ, ਰੋਗ ਦੀ ਜੜ੍ਹ ਪੁੱਟਣ ਵਿੱਚ ਲਾ ਦਿੱਤਾ। ਕੁਆਰਨਟਾਈਨ ਤੇ ਹਸਪਤਾਲ ਤੋਂ ਛੁੱਟੀ ਪਿੱਛੋਂ ਅਸੀਂ ਰਾਤਾਂ ਉਹਨਾਂ ਖ਼ੌਫ਼ਨਾਕ ਥਾਂਵਾਂ 'ਤੇ ਹੀ ਗੁਜਾਰੀਆਂ।

ਉਸ ਜਲਸੇ ਤੋਂ ਪਿੱਛੋਂ ਮੈਂ ਬਤੌਰ ਲੈਫਟੀਨੈਂਟ ਕਰਨਲ ਆਪਣੀ ਮਾਣਮੱਤੀ ਧੌਣ ਉੱਪਰ ਚੁੱਕੀ ਹਾਰਾਂ ਨਾਲ ਲੱਦਿਆਂ ਹੋਇਆਂ, ਹਜ਼ਾਰ ਰੁਪਏ ਦਾ ਇਨਾਮ ਜੇਬ ਵਿੱਚ ਪਾਈ ਘਰ ਪਹੁੰਚਿਆ ਤਾਂ ਮੈਨੂੰ ਇਕ ਪਾਸਿਓਂ ਮੱਧਮ ਜਿਹੀ ਆਵਾਜ਼ ਸੁਣਾਈ ਦਿੱਤੀ।

"ਬਾਬੂ ਜੀ...ਬਹੁਤ ਬਹੁਤ ਵਧਾਈ"

ਭਾਗਵ ਨੇ ਵਧਾਈ ਦਿੰਦਿਆਂ ਆਪਣਾ ਪੁਰਾਣਾ ਝਾੜੂ ਨੇੜਲੇ ਹੌਜ਼ ਦੇ ਗੰਦੇ ਢੱਕਣ 'ਤੇ ਰੱਖ ਦਿੱਤਾ ਤੇ ਦੋਹਾਂ ਹੱਥਾਂ ਨਾਲ ਆਪਣਾ ਮੜਾਸਾ ਖੋਲ ਦਿੱਤਾ। ਮੈਂ ਅਚੰਭਿਤ ਖੜ੍ਹਾ ਗਿਆ।

"ਤੂੰ ਹੈਂ...। ਭਾਗਵ ਭਾ!" ਮੈਂ ਬੜੀ ਮੁਸ਼ਕਲ ਨਾਲ ਕਿਹਾ...ਦੁਨੀਆਂ ਤੈਨੂੰ ਨਹੀਂ ਜਾਣਦੀ ਭਾਗਵ, ਤਾਂ ਨਾ ਜਾਣੇ...ਮੈਂ ਤਾਂ ਜਾਣਦਾ ਹਾਂ। ਤੇਰਾ ਯੱਸੂ ਤਾਂ ਜਾਣਦਾ ਹੈ...ਪਾਦਰੀ ਆਬੇ ਦੇ ਬੇਮਿਸਾਲ ਚੇਲੇ...ਤੇਰੇ ਤੇ ਰੱਬ ਦੀ ਕਿਰਪਾ ਹੋਵੇ...।

ਉਸ ਵੇਲੇ ਮੇਰਾ ਗਲਾ ਸੁੱਕ ਗਿਆ। ਭਾਗਵ ਦੀ ਮਰਦੀ ਹੋਈ ਪਤਨੀ ਤੇ ਬੱਚੇ ਦੀ ਤਸਵੀਰ ਮੇਰੀਆਂ ਅੱਖਾਂ ਵਿੱਚ ਉੱਭਰ ਆਈ। ਹਾਰ ਦੇ ਭਾਰ ਨਾਲ ਮੈਨੂੰ ਆਪਣੀ ਧੌਣ ਟੁੱਟਦੀ ਹੋਈ ਮਹਿਸੂਸ ਹੋਈ ਤੇ ਬਟੂਏ ਦੇ ਬੋਝ ਨਾਲ ਜੇਬ ਫਟਣ ਲੱਗੀ ਜਾਪਣ ਲੱਗੀ। ਤੇ...ਏਨਾ ਸਨਮਾਨ ਹਾਸਲ ਕਰਨ ਦੇ ਬਾਵਜੂਦ ਮੈਂ ਖ਼ੁਦ ਨੂੰ ਨਕਾਰਾ ਸਮਝਦਿਆਂ ਹੋਇਆਂ ਇਸ ਕਦਰਦਾਨ ਦੁਨੀਆਂ ਦਾ ਮਾਤਮ ਮਨਾਉਣ ਲੱਗ ਪਿਆ।



ਕਵਿਤਾਵਾਂ

*ਡਾ. ਦਰਿਆ*

## ਖ਼ੂਬਸੂਰਤੀ

ਮੈਨੂੰ ਉਸ ਦੇ ਮੋਟੇ ਠੁੱਲ੍ਹੇ ਬੁੱਲ੍ਹ
ਬੁੱਲ੍ਹਾਂ ਵਿਚੋਂ ਕਿਰਦੀ ਮੁਸਕਾਨ
ਬਹੁਤ ਖ਼ੂਬਸੂਰਤ ਲੱਗਦੀ ਹੈ
ਕਿਉਂਕਿ ਖ਼ੂਬਸੂਰਤੀ
ਨਕਸ਼ਾਂ ਤੇ ਰੰਗਾਂ ਵਿਚ ਨਹੀਂ
ਸਗੋਂ ਦੇਖਣ ਵਾਲੀ ਨਜ਼ਰ
ਵਿਚ ਹੁੰਦੀ ਹੈ

## ਪਾਗਲ

ਉਹ ਜਦ ਵੀ ਘਰੋਂ ਬਾਹਰ ਆਉਂਦਾ ਹੈ
ਹਰ ਕੋਈ
ਪਾਗਲ ਪਾਗਲ ਕਹਿ ਚਿੜਾਉਂਦਾ ਹੈ
ਲੋਕ ਵੱਟਦੇ ਨੇ ਘੂਰੀ ਜਦ ਉਹ
ਹਨੇਰਿਆਂ ਮਗਰ ਭੱਜੇ
ਬੱਚੇ ਮਾਰਨ ਵੱਟੇ ਜਦ ਉਹ
ਸੂਰਜ ਨੂੰ ਆਵਾਜ਼ਾਂ ਮਾਰ ਬੁਲਾਉਂਦਾ ਹੈ

## ਭਟਕਣ

ਜ਼ਿੰਦਗੀ ਪੁੱਛਦੀ ਹੈ ਸਿਰਨਾਵਾਂ
ਮਾਰੂਥਲ ਵਿਚ ਉੱਗੇ ਕਰੀਰ ਤੋਂ
ਜੋ ਗਵਾਹ ਹੈ
ਪਾਣੀ ਦੀ ਇਕ ਇਕ ਬੂੰਦ ਨੂੰ
ਤਰਸਦੇ ਰੇਤ ਦੇ ਕਿਣਕਿਆਂ 'ਚੋਂ
ਫੁੱਟਦੀ ਜੀਵਨ ਚਿਣਗ ਦਾ

ਜ਼ਿੰਦਗੀ ਪੁੱਛਦੀ ਹੈ ਸਿਰਨਾਵਾਂ
ਨਦੀ ਦੇ ਵਹਿੰਦੇ ਨੀਰ ਤੋਂ
ਜੋ ਗਵਾਹ ਹੈ
ਜੀਵਨ ਦੀ ਤਲਾਸ਼ ਵਿਚ
ਭਟਕਦਿਆਂ ਸਾਗਰ ਮਿਲ
ਆਪਣੀ ਹੋਂਦ ਦੇ ਲੁਪਤ ਹੋਣ ਦਾ

ਜ਼ਿੰਦਗੀ ਸਿਰਨਾਵੇਂ ਦੀ ਤਲਾਸ਼ ਵਿਚ
ਭਟਕ ਰਹੀ ਹੈ ਨਿਰੰਤਰ
ਮਾਰੂਥਲ ਤੇ ਸਾਗਰ ਵਿਚਕਾਰ

## ਆਪੇ ਦੀ ਤਲਾਸ਼

ਉਹ ਘਰ ਦੀ ਨੁੱਕਰ ਵਿਚ ਬੈਠਾ
ਅਕਸਰ ਉਦਾਸ ਹੋ ਜਾਂਦਾ ਹੈ
ਜਦ ਉਸ ਦੀਆਂ ਅੱਖਾਂ ਸਾਹਵੇਂ
ਫੈਲਦੀ ਹੈ
ਖੂਹ ਦੀ ਗਾਧੀ 'ਤੇ ਝੂਮਦੀ
ਜਵਾਨੀ ਦੀ ਪਰਛਾਈ
ਤੇ ਕੰਨਾਂ ਵਿਚ ਟੁਣਕਦੀ ਹੈ
ਬਲਦਾਂ ਗਲ ਛਣਕਦੀਆਂ
ਟੱਲੀਆਂ ਦੀ ਟੁਣਕਾਰ
ਤਾਂ ਟੁਣ ਟੁਣ ਕਰਕੇ
ਤਿੜਕ ਜਾਂਦਾ ਹੈ
ਉਸ ਦੇ ਵਜੂਦ ਦਾ ਸੱਜਰਾ ਹਿੱਸਾ
ਤਾਂ ਉਹ ਸਹਿਮ ਜਾਂਦਾ ਹੈ
ਵਿਸ਼ਵ ਪਿੰਡ ਦੇ ਅਤਿ ਆਧੁਨਿਕ
ਘਰ ਦੀ ਦਹਿਲੀਜ਼
ਅੰਦਰ ਚਕਾਚੌਂਧ ਰੌਸ਼ਨੀਆਂ ਦੇ
ਹਨੇਰ ਵਿਚ ਸਿਮਟਿਆ
ਆਪਣੇ ਆਪੇ ਦੀ ਤਲਾਸ਼ ਵਿਚ

•

ਮੋਬਾ :9501455116

ਕਵਿਤਾ :

*ਹਮਦਰਦਵੀਰ ਨੌਸ਼ਹਿਰਵੀ*

(ਵਿਛੜ ਗਏ ਸਾਹਿਤਕਾਰ ਹਮਦਰਦਵੀਰ ਦੀ ਏਕਮ ਨੂੰ ਭੇਜੀ ਆਖ਼ਰੀ ਕਵਿਤਾ ਸ਼ਰਧਾਂਜਲੀ ਵਜੋਂ ਪੇਸ਼ ਹੈ)

## ਸਾਂਝ


ਅਸੀਂ ਰੇਲ ਵਿਚ ਨਾਲ ਨਾਲ ਬੈਠੀਆਂ
ਸਵਾਰੀਆਂ ਤਾਂ ਨਹੀਂ
ਸਾਡਾ ਸਾਥ ਤਾਂ ਇਕੋ ਛੱਤ ਹੇਠਾਂ
ਦੋ ਸ਼ਤੀਰਾਂ ਦਾ ਸਾਥ ਹੈ

ਅਸੀਂ ਬੈਰਕ ਦਾ ਬਿਸਤਰਾ ਨਹੀਂ
ਨਾ ਹੀ ਸਾਡਾ ਸਰਾਂ ਦਾ ਸਿਰਨਾਮਾਂ
ਅਸੀਂ ਤਾਂ
ਦੋ ਕਿਨਾਰਿਆਂ ਉੱਤੇ ਪੁਲ ਹਾਂ
ਜਿਸ ਦੇ ਪਿਛਵਾੜਿਓਂ
ਆਉਂਦੀ ਹਰ ਸਿਰਕੀ
ਸਾਡੀ ਰੂਹ ਵਿਚੋਂ ਦੀ ਗੁਜ਼ਰਦੀ ਹੈ

ਅਸੀਂ ਉਸਾਰਦੇ ਹਾਂ
ਗੁਫ਼ਾਵਾਂ ਦੀ ਥਾਂ ਸ਼ਾਹ ਰਾਹਵਾਂ
ਬੰਦਾਂ ਦੀ ਥਾਂ ਖੁੱਲ੍ਹੀਆਂ ਛਾਵਾਂ
ਡਾਂਗਾਂ ਦੀ ਥਾਂ ਗਲਵੱਕੜੀ-ਬਾਹਵਾਂ

ਅਸੀਂ ਸਤਿਕਾਰਦੇ ਹਾਂ
ਗੰਨਾਂ ਦੀ ਥਾਂ ਮਾਵਾਂ
ਸਾਂਝੇ ਹਸਤਾਖ਼ਰ ਸਾਂਝਾ ਸਿਰਨਾਵਾਂ
ਮੋਹ-ਬੋਲੀ ਬੋਲਦੇ ਨਾਲ ਚਾਵਾਂ

•



# ਹੋਰ ਵੰਡ ਨਹੀਂ...

-ਨਿਰੰਜਣ ਬੋਹਾ

"ਰਾਮ ਨਾਮ ਸਤਿ ਹੈ" ਪਿਤਾ ਜੀ ਦੀ ਅਰਥੀ ਨੂੰ ਮੋਢੇ 'ਤੇ ਚੁੱਕੀ ਜਾਂਦਿਆਂ ਮੈਂ ਵੀ ਮੰਜ਼ਲ ਨਾਲ ਤੁਰ ਰਹੇ ਹੋਰਾਂ ਵਾਂਗ ਹੀ ਪੰਡਤ ਜੀ ਵੱਲੋਂ ਬੋਲੇ ਜਾ ਰਹੇ ਇਸ ਵਾਕ ਦੇ ਜਵਾਬ ਵਿਚ 'ਸਤਿ ਬੋਲੇ ਗਤਿ ਹੈ' ਦੀ ਮੁਹਾਰਨੀ ਮੰਤਰ ਮੁਗਧ ਹੋਇਆ ਦੁਹਰਾਉਂਦਾ ਜਾ ਰਿਹਾ ਹਾਂ।

ਮੇਰੇ ਬਰਾਬਰ ਹੀ ਪਿਤਾ ਜੀ ਦੀ ਅਰਥੀ ਨੂੰ ਮੋਢਾ ਦੇਈ ਜਾਂਦਾ ਮੇਰਾ ਛੋਟਾ ਭਰਾ ਹਰਬੰਸ ਵੀ ਮੇਰੇ ਵਾਂਗ ਪੰਡਤ ਜੀ ਦੇ ਮਗਰ ਮਗਰ ਬੋਲ ਰਿਹਾ ਹੈ। ਇਸ ਵੇਲੇ ਮੇਰਾ ਧਿਆਨ ਆਪਣੇ ਵੱਲ ਘੱਟ ਤੇ ਹਰਬੰਸ ਦੇ ਮੂੰਹੋਂ ਨਿਕਲ ਰਹੀ ਗੁਣਗੁਣੀ ਜਿਹੀ ਆਵਾਜ਼ ਵੱਲ ਵੱਧ ਹੈ। ਦਿਲ ਕਰਦਾ ਹੈ ਕਿ ਉਸ ਨੂੰ ਕਹਾਂ ਕਿ "ਤੇਰੇ ਲਈ ਤਾਂ ਪੈਸਾ ਈ ਸੱਚ ਹੈ...ਜਿਸ ਦੇਵਤਿਆਂ ਸਮਾਨ ਪਿਤਾ ਨਾਲੋਂ ਤੂੰ ਉਸ ਦੇ ਜਿਉਂਦੇ ਜੀਅ ਨਾਤਾ ਤੋੜ ਲਿਆ ਸੀ...ਪੰਜ ਸਾਲਾਂ ਤੋਂ ਉਸ ਦੀ ਰਸਮੀ ਹਾਲ ਵੀ ਨਹੀਂ ਸੀ ਪੁੱਛਿਆ...ਕੀ ਰਿਸ਼ਤਾ ਹੁਣ ਤੇਰਾ...ਉਨ੍ਹਾਂ ਨਾਲ... ਕਿਉਂ ਏਨੇ ਪਖੰਡ ਕਰਦੈਂ ਹੁਣ...।"

ਪਿਤਾ ਜੀ ਦੇ ਪੂਰਾ ਹੋਣ 'ਤੇ ਮਨ ਤਾਂ ਮੈਂ ਇਹ ਬਣਾ ਲਿਆ ਸੀ ਕਿ ਉਸ ਨੂੰ ਪਿਤਾ ਜੀ ਦੀ ਅਰਥੀ ਨੂੰ ਮੋਢਾ ਵੀ ਨਹੀਂ ਦੇਣ ਦੇਵਾਂਗਾ। ਪਰ ਕੁਝ ਤਾਂ ਮੇਰੀਆਂ ਭੈਣਾਂ ਮੈਨੂੰ ਸਿਆਣਾ ਬਨਣ ਤੇ ਮੌਕਾ ਸੰਭਾਲਣ ਦੀਆਂ ਸਲਾਹਾਂ ਦੇਣ ਲੱਗੀਆਂ ਤੇ ਕੁਝ ਮਾਮੇ ਦਬਾਅ ਪਾਉਣ ਲੱਗੇ, "ਚੱਲ ਉਹ ਤਾਂ ਜਿਹੋ ਜਿਹਾ ਹੈ, ਸੋ ਹੈ...ਤੂੰ ਤਾਂ ਸਿਆਣਾ ਬਣ।" ਸਾਰੇ ਰਿਸ਼ਤੇਦਾਰਾਂ ਦੇ ਸਮਝਾਉਣ 'ਤੇ ਮੈਨੂੰ ਚੁੱਪ ਤਾਂ ਕਰਨਾ ਪਿਆ ਸੀ ਪਰ ਮੈਂ ਕਿਵੇਂ ਭੁੱਲ ਸਕਦਾ ਸਾਂ ਕਿ ਹਰਬੰਸ ਨੇ ਸ਼ਰੇਆਮ ਪਿਤਾ ਜੀ ਨੂੰ ਗਾਲ੍ਹਾਂ ਕੱਢੀਆਂ ਸਨ ਤੇ ਪਿਤਾ ਜੀ ਨੇ ਵੀ ਉਸ ਨੂੰ ਗ਼ੁੱਸੇ ਵਿਚ ਕਹਿ ਦਿੱਤਾ ਸੀ, "ਨਾ ਤੂੰ ਹੁਣ ਮੇਰੇ ਮਰੇ ਤੋਂ ਆਈਂ ਤੇ ਨਾ ਹੀ ਮੇਰੀ ਅਰਥੀ ਨੂੰ ਮੋਢਾ ਦੇਈਂ।" ਜਦੋਂ ਉਸ ਇਹ ਅਧਿਕਾਰ ਗੁਆ ਹੀ ਲਿਆ ਹੈ ਤਾਂ ਹੁਣ ਕਿਹੜੇ ਮੂੰਹ ਨਾਲ ਮੇਰੇ ਬਰਾਬਰ ਉਨ੍ਹਾਂ ਦੀ ਅਰਥੀ ਨੂੰ ਮੋਢਾ ਦੇਈ ਤੁਰ ਰਿਹਾ ਹੈ। ਪਿਤਾ ਜੀ ਦੀ ਆਤਮਾ ਤਾਂ ਜ਼ਰੂਰ ਦੁਖੀ ਹੋ ਰਹੀ ਹੋਵੇਗੀ ਕਿ ਜਿਹੜਾ ਬੇਟਾ ਉਸ ਨੂੰ ਕੰਜਰ ਕਹਿਣ ਤੋਂ ਵੀ ਸੰਕੋਚ ਨਹੀਂ ਸੀ ਕਰਦਾ, ਉਨ੍ਹਾਂ ਨੂੰ ਹੁਣ ਉਸ ਦੇ ਮੋਢੇ 'ਤੇ ਸਵਾਰ ਹੋ ਕੇ ਹੀ ਅੰਤਮ ਯਾਤਰਾ ਤਹਿ ਕਰਨੀ ਪੈ ਰਹੀ ਹੈ।

ਸ਼ਹਿਰ ਵਿਚ ਚੰਗੀ ਕਰਿਆਨੇ ਦੀ ਦੁਕਾਨ ਕਰਦੇ ਹਰਬੰਸ ਲਈ ਭਲਾ ਕਿੱਡੀ ਕੁ ਗੱਲ ਸੀ ਪੰਦਰਾਂ ਵੀਹ ਹਜ਼ਾਰ ਰੁਪਏ ਦੀ। ਸਾਰੀ ਉਮਰ ਕਮਾਉਣ ਵਾਲੇ ਪਿਤਾ ਜੀ ਦਾ ਐਨਾ ਵੀ ਅਧਿਕਾਰ ਨਹੀਂ ਸੀ ਰਿਹਾ ਕਿ ਉਹ ਆਪਣੀ ਮਰਜ਼ੀ ਨਾਲ ਕੁਝ ਪੈਸੇ ਖ਼ਰਚ ਕੇ ਆਪਣੇ ਪੋਤੇ ਦੀ ਕੋਈ ਖ਼ਾਹਸ਼ ਪੂਰੀ ਕਰ ਸਕਣ। ਆਖੇ ਜੀ ਗੱਲ ਪੈਸਿਆਂ ਦੀ ਨਹੀਂ ਸਗੋਂ ਆਪਣੇ ਹੱਕ ਦੀ ਹੈ ਤੇ ਹੱਕ ਆਪਣਾ ਕੌਣ ਛੱਡਦੈ...ਨਾ ਪਿਤਾ ਦੇ ਬੁਢਾਪੇ ਵਿਚ ਉਸ ਦੀ ਸੰਭਾਲ ਕਰਨ ਵੇਲੇ ਤਾਂ ਤੇਰਾ ਕੋਈ ਫ਼ਰਜ਼ ਨਹੀਂ...ਬਸ ਉਸ ਦੇ ਕਮਾਏ ਪੈਸੇ 'ਤੇ ਹੀ ਤੇਰਾ ਹੱਕ ਹੈ। ਪਿਤਾ ਜੀ ਦੋ ਮਹੀਨੇ ਲਗਾਤਾਰ ਹਸਪਤਾਲ ਵਿਚ ਰਹੇ ਪਰ ਉਦੋਂ ਤਾਂ ਤੂੰ ਉਨ੍ਹਾਂ ਦਾ ਪਤਾ ਵੀ ਨਾ ਲਿਆ...ਹੁਣ ਕਿਹੜੇ ਮੂੰਹ ਨਾਲ ਆਇਆਂ ਹੈਂ। ਮੇਰਾ ਬਹੁਤ ਦਿਲ ਕੀਤਾ ਸੀ ਕਿ ਹਰਬੰਸ ਨੂੰ ਸਾਰੇ ਰਿਸ਼ਤੇਦਾਰਾਂ ਦੀ ਹਾਜ਼ਰੀ ਵਿਚ ਉਸ ਦੀ ਔਕਾਤ ਦੱਸ ਦਿਆਂ ਪਰ ਮੌਕੇ ਦੀ ਨਜ਼ਾਕਤ ਵੇਖਦਿਆਂ ਮੈਂ ਚੁੱਪ ਰਿਹਾ ਸਾਂ।

ਸ਼ਿਵਜੀ ਭਗਵਾਨ ਦੇ ਮੰਦਰ ਕੋਲੋਂ ਲੰਘੇ ਹਾਂ ਤਾਂ ਪਿਤਾ ਜੀ ਨੂੰ ਜਾਂਦੀ ਵਾਰ ਦਾ ਮੱਥਾ ਟਿਕਾਉਣ ਲਈ ਅਰਥੀ ਮੰਦਰ ਤੋਂ ਬਾਹਰ ਸੜਕ 'ਤੇ ਰੱਖ ਦਿੱਤੀ ਗਈ ਹੈ। ਪੰਡਤ ਜੀ ਨੇ ਕੋਈ ਮੰਤਰ ਦਾ ਉਚਾਰਣ ਕੀਤਾ ਹੈ ਤੇ ਪਿਤਾ ਜੀ ਦੀਆਂ ਨੂੰਹਾਂ ਦੀ ਥਾਂ ਲੱਗਦੀਆਂ ਔਰਤਾਂ ਨੂੰ ਉਨ੍ਹਾਂ ਦੇ ਚਰਨਾਂ ਵਿਚ ਮੱਥਾ ਟੇਕਣ ਲਈ ਕਹਿ ਦਿੱਤਾ ਹੈ। ਜਦੋਂ ਮੇਰੀ ਛੋਟੀ ਭਰਜਾਈ ਤੇ ਹਰਬੰਸ ਦੀ ਪਤਨੀ ਰੂਮਨ ਨੇ ਪਿਤਾ ਜੀ ਦੇ ਚਰਨਾਂ ਵਿਚ ਦਸ ਰੁਪਏ ਰੱਖ ਕੇ ਮੱਥਾ ਟੇਕ ਰਹੀ ਹੈ ਤਾਂ ਵੀ ਮੈਨੂੰ ਚੀਂਹ ਜਿਹੀ ਚੜ੍ਹ ਰਹੀ ਹੈ। ਸਾਰੇ ਪੁਆੜੇ ਦੀ ਜੜ੍ਹ ਤਾਂ ਇਹੋ ਗੈਂਡੀ ਜਿਹੀ ਹੈ...ਰੰਗੀਂ ਵੱਸਦੇ ਪਰਿਵਾਰ ਨੂੰ ਇਕ ਸਾਲ ਵਿਚ ਹੀ ਖੱਖੜੀਆਂ ਕਰੇਲੇ ਕਰ ਕੇ ਰੱਖ ਦਿੱਤਾ, ਇਸ ਕਿਸੇ ਮਾੜੇ ਘਰੋਂ ਆਈ ਤੀਵੀਂ ਨੇ। ਪਿਤਾ ਜੀ ਦੇ ਪੂਰਾ ਹੋਣ ਤੋਂ ਦੋ ਘੰਟੇ ਬਾਦ ਆਈ ਇਸ ਖੇਖਣਹਾਰ ਨੇ 'ਮੇਰੇ ਵਣਜਣ ਵਾਲਿਆ ਬਾਬਲਾ' ਕਹਿ ਕੇ ਕਿੰਨੀ ਉੱਚੀ ਵੈਣ ਪਾਏ ਸਨ, ਜਿਵੇਂ ਉਨ੍ਹਾਂ ਦੇ ਮਰਨ ਦਾ ਸਭ ਤੋਂ ਵੱਧ ਦੁੱਖ ਇਸ ਨੂੰ ਹੀ ਹੋਵੇ। ਭਲਾ ਤੈਂ ਘੱਟ ਕੀਤੀ ਹੈ ਆਪਣੇ ਵਣਜਣ ਹਾਰ ਨਾਲ। ਪਿਤਾ ਜੀ ਨੂੰ ਤਾਂ ਮਰਨ ਤਕ ਅਫ਼ਸੋਸ ਰਿਹੈ ਕਿ ਉਹ ਕਿਹੋ ਜਿਹਾ ਵਣਜ ਕਰ ਬੈਠੇ ਸਨ, ਜਿਸ ਆਉਂਦਿਆਂ ਹੀ ਸਾਰੇ ਘਰ ਵਿਚ ਸੇਹ ਦਾ ਤੱਕਲਾ ਗੱਡ ਦਿੱਤਾ।

ਸਾਡੇ ਦੋਹਾਂ ਭਰਾਵਾਂ ਵਿਚ ਦਰਾਰ ਪੈਣੀ ਤਾਂ ਉਸ ਦੇ ਇਸ ਘਰ ਵਿਚ ਪੈਰ ਪਾਉਣ ਤੋਂ ਛੇ ਮਹੀਨਿਆਂ ਬਾਦ ਹੀ ਸ਼ੁਰੂ ਹੋ ਗਈ ਸੀ। ਆਪਣੇ ਪੇਕਿਆਂ ਦੀ ਅਮੀਰੀ 'ਤੇ ਹੱਦੋਂ ਵੱਧ ਮਾਣ ਕਰਨ ਵਾਲੀ ਰੂਮਨ ਨੂੰ ਤਾਂ ਸਾਡੇ ਪਰਿਵਾਰ ਦੇ ਸਾਰੇ ਜੀਅ ਹੀ ਪੇਂਡੂ ਤੇ ਉਜੱਡ ਜਿਹੇ ਹੀ ਜਾਪਦੇ ਸਨ। ਸਾਨੂੰ ਤਾਂ ਛੱਡੋ, ਉਹ ਤਾਂ ਹਰਬੰਸ ਨੂੰ ਵੀ ਕਹਿ

ਦੇਂਦੀ ਸੀ ਕਿ ਤੇਰੀਆਂ ਆਦਤਾਂ ਬਿਲਕੁਲ ਪੇਂਡੂਆਂ ਵਾਲੀਆਂ ਹਨ। ਉਹ ਤਾਂ ਸਾਰਾ ਦਿਨ ਹਰਬੰਸ ਨੂੰ ਉੱਚੀ ਸੋਸਾਇਟੀ ਦੇ ਮੈਨਰਜ਼ ਹੀ ਸਿਖਾਉਂਦੀ ਰਹਿੰਦੀ ਸੀ। ਇਕ ਦਿਨ ਤਾਂ ਉਸ ਪਿਤਾ ਜੀ ਨੂੰ ਵੀ ਕਹਿ ਦਿੱਤਾ ਸੀ, "ਤੁਸੀਂ ਜਿਹੋ ਜਿਹੇ ਪੇਂਡੂ ਆਪ ਹੋ...ਉਹੋ ਜਿਹਾ ਆਪਣੇ ਬੱਚਿਆਂ ਨੂੰ ਬਣਾ ਦਿੱਤਾ ਹੈ।" ਪਿਤਾ ਜੀ ਨੇ ਬਹੁਤ ਕੋਸ਼ਿਸ਼ ਕੀਤੀ ਕਿ ਅਸੀਂ ਅੱਡ ਨਾ ਹੋਈਏ ਪਰ ਇਹ ਮਾਂ ਦੀ ਧੀ ਤਾਂ ਪੇਕਿਉਂ ਹੀ ਇਹ ਧਾਰ ਕੇ ਆਈ ਸੀ ਕਿ ਦੋਹੇਂ ਪਰਿਵਾਰਾਂ ਨੂੰ ਇਕੱਠੇ ਰਹਿਣ ਹੀ ਨਹੀਂ ਦੇਣਾ। ਘਰ ਵਿਚ ਨਿੱਤ ਰਹਿੰਦੀ ਚਿੜ-ਚਿੜ ਕਾਰਨ ਪਿਤਾ ਜੀ ਨੂੰ ਸਾਨੂੰ ਅੱਡ ਕਰਨਾ ਹੀ ਪਿਆ ਤੇ ਅਸੀਂ ਅੰਦਰਲਾ ਘਰ ਹਰਬੰਸ ਨੂੰ ਸੰਭਾਲ ਕੇ ਬਾਹਰਲੇ ਘਰ ਆ ਗਏ ਸਾਂ।

ਨੂੰਹਾਂ ਵੱਲੋਂ ਮੱਥਾ ਟੇਕ ਲੈ ਜਾਣ ਤੋਂ ਬਾਦ ਪੰਡਤ ਜੀ ਨੇ ਅਰਥੀ ਚੁੱਕਣ ਦਾ ਇਸ਼ਾਰਾ ਕਰ ਦਿੱਤਾ ਹੈ। ਮੇਰੇ ਚਾਚੇ ਦੇ ਮੁੰਡੇ ਨੇ ਮੈਥੋਂ ਲੈ ਕੇ ਅਰਥੀ ਦੀ ਬਾਹੀ ਆਪਣੇ ਮੋਢੇ 'ਤੇ ਧਰ ਲਈ ਹੈ। ਭਾਵੇਂ ਪੰਡਤ ਜੀ ਵੱਲੋਂ ਬੋਲੇ 'ਰਾਮ ਨਾਮ ਸਤਿ ਹੈ' ਦੇ ਬੋਲ ਅਜੇ ਵੀ ਮੇਰੇ ਕੰਨੀਂ ਪੈ ਰਹੇ ਹਨ ਤੇ ਮੈਂ ਵੀ ਟੇਪ ਵਿਚ ਭਰੀ ਆਵਾਜ਼ ਵਾਂਗ 'ਸਤਿ ਬੋਲੇ ਗਤਿ ਹੈ' ਸ਼ਬਦ ਦੁਹਰਾ ਰਿਹਾ ਹਾਂ ਪਰ ਮੇਰਾ ਧਿਆਨ ਇਸ ਜਾਪ ਵੱਲ ਨਹੀਂ ਸਗੋਂ ਅੱਜ ਵੀ ਹਰਬੰਸ ਵੱਲ ਹੀ ਲੱਗਾ ਹੋਇਆ ਹੈ। ਹਰਬੰਸ ਹੁਣ ਵੀ ਮੇਰੇ ਨਾਲ ਹੀ ਤੁਰ ਰਿਹਾ ਹੈ। ਸ਼ਾਇਦ ਪੰਜ ਸਾਲ ਤੋਂ ਬਾਦ ਪਹਿਲਾ ਮੌਕਾ ਹੈ ਜਦੋਂ ਅਸੀਂ ਇਕੱਠੇ ਤੁਰ ਰਹੇ ਹਾਂ। ਨਹੀਂ ਤਾਂ ਅਸੀਂ ਦੋਹੇਂ ਹੁਣ ਉਸ ਰਾਹ 'ਤੇ ਵੀ ਪੈਰ ਰੱਖਣ ਲਈ ਤਿਆਰ ਨਹੀਂ ਸਾਂ ਹੁੰਦੇ ਜਿਥੇ ਸਾਡੇ ਵਿਚੋਂ ਕੋਈ ਪਹਿਲੋਂ ਲੰਘ ਕੇ ਗਿਆ ਹੋਵੇ। ਮੈਨੂੰ ਲੱਗ ਰਿਹਾ ਸੀ ਕਿ ਹਰਬੰਸ ਮੇਰੇ ਨਾਲ ਨਾਲ ਤੁਰ ਕੇ ਰਿਸ਼ਤੇਦਾਰਾਂ ਦੇ ਸਾਹਮਣੇ ਇਹ ਵਿਖਾਵਾ ਕਰਨਾ ਚਾਹੁੰਦਾ ਹੈ ਕਿ ਸਾਡੇ ਦੋਹਾਂ ਭਰਾਵਾਂ ਦੇ ਮਨਾਂ ਵਿਚ ਹੁਣ ਕੋਈ ਫ਼ਰਕ ਨਹੀਂ ਹੈ।

ਸਾਡੇ ਘਰ ਪਰਿਵਾਰ ਦਾ ਵੰਡਾਰਾ ਹੋਇਆ ਤਾਂ ਮੈਂ ਬਥੇਰੀ ਕੋਸ਼ਿਸ਼ ਕੀਤੀ ਸੀ ਕਿ ਪਿਤਾ ਜੀ ਮੇਰੇ ਨਾਲ ਰਹਿਣ ਲੱਗ ਪੈਣ ਪਰ ਉਹ ਤਾਂ ਆਪਣੇ ਪੁਰਾਣੇ ਘਰ ਵਿਚ ਰਹਿਣ ਦੀ ਹੀ ਜ਼ਿਦ ਫੜ ਗਏ ਸਨ। ਉਨ੍ਹਾਂ ਜਦੋਂ ਆਖਿਆ ਕਿ ਜਿਸ ਘਰ ਵਿਚ ਤੇਰੀ ਮਾਂ ਨਾਲ ਸਾਰੀ ਉਮਰ ਗੁਜ਼ਾਰੀ ਹੈ ਉਹ ਘਰ ਹੁਣ ਛੱਡਣ ਨੂੰ ਜੀਅ ਨਹੀਂ ਕਰਦਾ ਤਾਂ ਮੈਂ ਹੀ ਚੁੱਪ ਕਰ ਗਿਆ ਸਾਂ। ਪਿਤਾ ਜੀ ਨੂੰ ਮਿਲਣ ਮੈਨੂੰ ਛੋਟੇ ਭਰਾ ਦੀ ਮਾਲਕੀ ਵਾਲੇ ਪੁਰਾਣੇ ਘਰ ਵਿਚ ਕਦੇ ਕਦਾਈਂ ਜਾਣਾ ਜ਼ਰੂਰ ਪੈਂਦਾ ਪਰ ਹਰਬੰਸ ਨਾਲ ਵੰਡ ਵੰਡਾਈ ਵੇਲੇ ਐਨਾ ਬੋਲ ਬੁਲਾਰਾ ਹੋ ਗਿਆ ਸੀ ਕਿ ਉਸ ਘਰ ਵਿਚ ਜਾਣਾ ਮੈਨੂੰ ਸਜ਼ਾ ਭੁਗਤਣ ਵਾਂਗ ਜਾਪਦਾ ਸੀ। ਪਿਤਾ ਜੀ ਵੀ ਹਫ਼ਤੇ ਵਿਚ ਇਕ ਅੱਧ ਵਾਰ ਸਾਨੂੰ ਮਿਲ ਜਾਂਦੇ। ਪੰਜ ਕੁ ਸਾਲ ਤਾਂ ਇਸੇ ਤਰ੍ਹਾਂ ਚੱਲਦਾ ਰਿਹਾ ਪਰ ਜਦੋਂ ਪਿਤਾ ਜੀ ਹੀ ਹਰਬੰਸ ਦਾ ਘਰ ਛਡ ਕੇ ਪੱਕੇ ਤੌਰ 'ਤੇ ਮੇਰੇ ਘਰ ਆ ਗਏ ਤਾਂ ਫਿਰ ਸਾਡਾ ਦੋਹਾਂ ਭਰਾਵਾਂ ਦਾ ਇਕ ਦੂਸਰੇ ਦੇ ਘਰ ਆਉਣਾ ਜਾਣਾ ਵੀ ਬੰਦ ਹੋ ਗਿਆ ਸੀ ਤੇ ਬੋਲ ਚਾਲ ਵੀ।

ਸਮਸ਼ਾਨਘਾਟ ਪਹੁੰਚ ਕੇ ਅਰਥੀ ਸ਼ਿਵਜੀ ਭਗਵਾਨ ਦੀ ਮੂਰਤੀ ਅੱਗੇ ਬਣੇ ਚੌਤਰੇ 'ਤੇ ਰੱਖ ਦਿੱਤੀ ਗਈ ਹੈ। ਪੰਡਤ ਜੀ ਨੇ ਪਿਤਾ ਜੀ ਦੇ ਮੂੰਹ ਤੋਂ ਕਫ਼ਨ ਦਾ ਕੱਪੜਾ ਥੋੜਾ ਲਾਹ ਦਿੱਤਾ ਹੈ ਤੇ ਨਾਲ ਆਏ ਰਿਸ਼ਤੇਦਾਰਾਂ ਨੂੰ ਉਨ੍ਹਾਂ ਦੇ ਅੰਤਿਮ ਦਰਸ਼ਨ ਕਰਨ ਦਾ ਆਦੇਸ਼ ਦੇ ਦਿੱਤਾ ਹੈ। ਹਰਬੰਸ ਤੇ ਉਸ ਦੀ ਬੀਵੀ ਪਿਤਾ ਜੀ ਦੇ ਦਰਸ਼ਨ ਕਰਨ ਤੋਂ ਬਾਦ ਵੀ ਉਥੋਂ ਨਹੀਂ ਹਟ ਰਹੇ ਤਾਂ ਪੰਡਤ ਜੀ ਨੂੰ ਹੀ ਕਹਿਣਾ ਪਿਆ ਹੈ ਕਿ ਥੋੜਾ ਪਾਸੇ ਹੋ ਜਾਉ, ਹੁਣ ਕੁੜੀਆਂ ਨੂੰ ਵੀ ਅੰਤਿਮ ਦਰਸ਼ਨ ਕਰ ਲੈਣ ਦਿਉ। ਹਰਬੰਸ ਤਾਂ ਚੁੱਪ ਹੈ ਪਰ ਰੂਮਨ ਅਜੇ ਵੀ ਰੋਣ ਦਾ ਨਾਟਕ ਕਰ ਰਹੀ ਹੈ ਤੇ ਉਸ ਦੇ ਇਸ ਖੇਖਣ ਨਾਲ ਮੇਰੀ ਖਿਝ ਵਿਚ ਹੋਰ ਵਾਧਾ ਹੁੰਦਾ ਜਾ ਰਿਹਾ ਹੈ।

ਆਪਣੀ ਛੋਟੀ ਭਰਜਾਈ 'ਤੇ ਖਿਝ ਤਾਂ ਮੈਨੂੰ ਉਸ ਵੇਲੇ ਵੀ ਬਹੁਤ ਚੜ੍ਹੀ ਸੀ ਜਦੋਂ ਸਾਡੇ ਭਰਾਵਾਂ ਦੀ ਲੜਾਈ ਵਿਚ ਉਹ ਵਕੀਲਾਂ ਵਾਂਗ ਦਲੀਲਾਂ ਦੇਣ ਲੱਗ ਪਈ ਸੀ। ਪਿਤਾ ਜੀ ਨੇ ਸਾਡੇ ਦਾਦੇ ਵਾਲੀ ਢੇਰੀ ਤੋਂ ਆਉਂਦੀ ਛੇ ਕਿੱਲੇ ਜ਼ਮੀਨ ਵਿਚੋਂ ਦੋ ਦੋ ਕਿੱਲੇ ਤਾਂ ਸਾਡੇ ਦੋਹਾਂ ਦੇ ਨਾਂ ਮਾਂ ਦੇ ਜਿਉਂਦਿਆਂ ਹੀ ਲੁਆ ਦਿੱਤਾ ਸੀ ਪਰ ਦੋ ਕਿੱਲੇ ਆਪਣੇ ਕੋਲ ਰੱਖ ਲਈ ਸੀ। ਪਿਤਾ ਜੀ ਕੋਲ ਰਹੀ ਇਸ ਜ਼ਮੀਨ ਦਾ ਹੀ ਤਾਂ ਸਾਰਾ ਰੌਲਾ ਸੀ। ਹਰਬੰਸ ਦੀ ਦਲੀਲ ਸੀ ਕਿ ਜਦੋਂ ਪਿਤਾ ਜੀ ਮੇਰੇ ਕੋਲ ਰਹਿੰਦੇ ਸਨ ਤਾਂ ਜ਼ਮੀਨ ਦਾ ਹਿੱਸਾ ਠੇਕਾ ਵੀ ਮੈਨੂੰ ਮਿਲਣਾ ਚਾਹੀਦਾ ਹੈ। ਪਰ ਪਿਤਾ ਜੀ ਦਾ ਕਹਿਣਾ ਸੀ ਕਿ ਕੁੜੀਆਂ ਵਾਲਾ ਘਰ ਹੈ, ਮੈਂ ਧੀ ਜੁਆਈ ਦੀ ਤਲੀ 'ਤੇ ਚਾਰ ਛਿੱਲੜ ਰੱਖਣ ਲਈ ਕਿਸੇ ਦੇ ਮੂੰਹ ਵੱਲ ਕਿਉਂ ਵੇਖਾਂ ? ਜਿੰਨਾ ਚਿਰ ਮੈਂ ਜਿਉਂਦਾ ਹਾਂ, ਓਨਾ ਚਿਰ ਤਾਂ ਇਸ ਦਾ ਠੇਕਾ ਮੈਂ ਆਪਣੇ ਕੋਲ ਹੀ ਰੱਖਾਂਗਾ ਤੇ ਇਸ ਦੀ ਵਰਤੋਂ ਵੀ ਆਪਣੀ ਮਰਜ਼ੀ ਨਾਲ ਕਰਾਂਗਾ। ਜਦੋਂ ਮਰ ਗਿਆ, ਇਹ ਜ਼ਮੀਨ ਤੁਹਾਡੀ ਦੋਹਾਂ ਦੀ ਹੈ। ਮੈਂ ਤਾਂ ਇਸ ਵਿਚ ਕੀ ਬੋਲਣਾ ਸੀ ਪਰ ਉਨ੍ਹਾਂ ਦੋਹਾਂ ਮੀਆਂ ਬੀਵੀ ਨੇ ਜਿਵੇਂ ਅਸਮਾਨ ਹੀ ਸਿਰ 'ਤੇ ਚੁੱਕ ਲਿਆ ਸੀ। ਰੂਮਨ ਤਾਂ ਵਕੀਲਾਂ ਵਾਂਗ ਬਹਿਸ ਕਰੇ, "ਪਿਤਾ ਜੀ ਨੂੰ ਸਾਂਭੀਏ ਅਸੀਂ ਤੇ ਉਹਦੇ ਹਿੱਸੇ ਦੀ ਜ਼ਮੀਨ ਭਾਅ ਜੀ ਦੇ ਨਾਂ ਲੱਗੇ...ਇਹ ਕਿਧਰ ਦਾ ਕਾਨੂੰਨ ਹੈ।" ਪਿਤਾ ਜੀ ਦੇ ਸਾਡੇ ਘਰ ਆਉਣ ਤੋਂ ਪਹਿਲਾਂ ਉਹ ਮੈਨੂੰ ਭਾਅ ਜੀ ਹੀ ਕਹਿੰਦੀ ਰਹੀ ਸੀ ਪਰ ਜਦੋਂ ਪਿਤਾ ਜੀ ਮੇਰੇ ਕੋਲ ਆ ਗਏ ਤਾਂ ਉਹ ਸਾਨੂੰ ਦੋਹਾਂ ਪਿਉ ਪੁੱਤਾਂ ਨੂੰ ਕੰਜਰ ਤੋਂ ਘੱਟ ਨਹੀਂ ਸੀ ਬੋਲਦੀ ਰਹੀ।

ਪਿਤਾ ਜੀ ਦੀ ਮ੍ਰਿਤਕ ਦੇਹ ਚਿਣੀਆਂ ਹੋਈਆਂ ਲੱਕੜਾਂ 'ਤੇ ਰੱਖ ਦਿੱਤੀ ਗਈ ਹੈ। ਹੁਣ ਤਾਂ ਕੁਝ ਹੀ ਪਲਾਂ ਦੀ ਦੇਰ ਹੈ, ਉਹ ਸਾਡੇ ਤੋਂ ਸਦਾ ਲਈ ਸਰੀਰਕ ਰੂਪ ਵਿਚ ਵਿਦਾ ਹੋ ਜਾਣਗੇ। ਪੰਡਤ ਜੀ ਨੇ ਸਾਨੂੰ ਭਰਾਵਾਂ ਨੂੰ ਉਨ੍ਹਾਂ ਦੇ ਮੂੰਹ ਵਿਚ ਪੰਜ ਰਤਨੀ ਤੇ ਦੇਸੀ ਘਿਉ ਪਾਉਣ ਲਈ ਕਿਹਾ ਹੈ। ਪੰਜ ਰਤਨੀ ਮੈਂ ਉਨ੍ਹਾਂ ਦੇ ਮੂੰਹ ਵਿਚ ਪਾ ਦਿੱਤੀ ਹੈ ਤੇ ਮੇਰੇ ਤੋਂ ਬਾਦ ਹਰਬੰਸ ਉਨ੍ਹਾਂ ਦੇ ਮੂੰਹ ਵਿਚ ਦੇਸੀ ਘਿਉ ਪਾਉਣ ਲੱਗ ਪਿਆ ਹੈ। ਮੈਂ ਥੋੜਾ ਪਿੱਛੇ ਹਟ ਕੇ ਆਪਣੇ ਜੀਜੇ ਚਿਮਨ ਕੋਲ ਖੜ ਗਿਆ ਹਾਂ। ਸਾਡੇ ਭਰਾਵਾਂ ਦੀ ਵੰਡ ਵਡਾਈ ਵਿਚ ਪੰਚਾਇਤੀ ਰੋਲ ਨਿਭਾਉਣ ਵਾਲੇ ਇਸ ਵੱਡੇ ਜੀਜੇ ਦੇ ਮੂੰਹ

ਵਿਚ ਫੁਸਫੁਸਾਹਟ ਜਿਹੀ ਨਿਕਲੀ ਹੈ, "ਜਿਉਂਦੇ ਜੀ ਤਾਂ ਸਾਲੇ ਨੇ ਬੁੜੇ ਦੇ ਮੂੰਹ ਵਿਚ ਪਾਣੀ ਦੀ ਘੁੱਟ ਵੀ ਨਹੀਂ ਪਾਈ...ਹੁਣ ਵੇਖ ਕਿਵੇਂ ਉਸਦੇ ਮੂੰਹ ਵਿਚ ਘਿਉ ਤੁੰਨ ਰਿਹੈ।" ਜੀਜੇ ਨੇ ਭਾਵੇਂ ਬਹੁਤ ਹੌਲੀ ਜਿਹੀ ਕਿਹਾ ਹੈ ਪਰ ਮੇਰੇ ਕੰਨ ਉਧਰ ਹੀ ਲੱਗੇ ਹੋਣ ਕਾਰਨ ਹਰਬੰਸ ਦੀ ਇਸ ਤਰ੍ਹਾਂ ਦੀ ਨਿੰਦਿਆ ਸੁਣ ਕੇ ਮੈਨੂੰ ਥੋੜੀ ਰਾਹਤ ਜਿਹੀ ਹੀ ਮਿਲੀ ਹੈ। ਮੈਂ ਹੋਰਨਾਂ ਰਿਸ਼ਤੇਦਾਰਾਂ ਵੱਲ ਨਜ਼ਰ ਮਾਰੀ ਹੈ। ਮੈਨੂੰ ਲੱਗਿਆ ਕਿ ਜੋ ਗੱਲ ਜੀਜੇ ਨੇ ਕਹੀ ਹੈ, ਉਹ ਸਾਰਿਆਂ ਦੇ ਦਿਲ ਵਿਚ ਹੈ।

ਹਮੇਸ਼ਾ ਨਪੀ ਤੁਲੀ ਗੱਲ ਕਰਨ ਵਾਲੇ ਜੀਜੇ ਚਿਮਨ ਨਾਲ ਉਂਜ ਵੀ ਮੇਰੀ ਰਚਕ ਬਹੁਤ ਮਿਲਦੀ ਹੈ। ਜਦੋਂ ਹਰਬੰਸ ਤੇ ਰੁਮਨ ਨਾਲ ਨਾਰਾਜ਼ ਹੋ ਕੇ ਪਿਤਾ ਜੀ ਮੇਰੇ ਘਰ ਆ ਗਏ ਸਨ ਤਾਂ ਸ਼ਰਾਬ ਨਾਲ ਰੱਜਿਆ ਹਰਬੰਸ ਦੂਸਰੇ ਦਿਨ ਹੀ ਮੇਰੇ ਘਰ ਆ ਕੇ ਸਾਨੂੰ ਗਾਲ੍ਹਾਂ ਕੱਢਣ ਲੱਗ ਪਿਆ ਸੀ। ਉਹ ਉੱਚੀ ਉੱਚੀ ਸਾਡੇ ਗੁਆਂਢੀਆਂ ਨੂੰ ਸੁਣਾਉਣ ਲਈ ਕੂਕਦਾ, "ਤੁਹਾਨੂੰ ਜ਼ਮੀਨ ਦਾ ਲਾਲਚ ਹੈ। ਇਸ ਲਈ ਤੁਸੀਂ ਪਿਤਾ ਜੀ ਨੂੰ ਬੱਤੀਆਂ ਲਾਉਂਦੇ ਹੋ।" ਮੈਂ ਤਾਂ ਇਹੋ ਜਿਹੇ ਲਾਲਚ 'ਤੇ ਧਾਰ ਵੀ ਨਹੀਂ ਮਾਰਦਾ...ਪਰ ਘਰ ਆਏ ਪਿਤਾ ਜੀ ਨੂੰ ਮੈਂ ਘਰੋਂ ਕਿਵੇਂ ਕੱਢ ਦਿਆਂ...ਮੈਂ ਤੇਰੇ ਵਰਗਾ ਬੇ-ਗੈਰਤਾ ਨਹੀਂ। ਜਦੋਂ ਉਹ ਦੂਜੇ ਤੀਜੇ ਦਿਨ ਹੀ ਮੇਰੇ ਘਰ ਅੱਗੇ ਆ ਕੇ ਬੱਕੜਵਾਹ ਕਰਨ ਲੱਗ ਪਿਆ ਤਾਂ ਇਕ ਵਾਰ ਤਾਂ ਸੋਚਿਆ ਕਿ ਛਿੱਤਰ ਭਾਲਦਾ ਹੈ, ਥਾਣੇ ਇਤਲਾਹ ਦੇ ਦਿਆਂ। ਫਿਰ ਸੋਚਿਆ, ਮਨਾ ਝੱਗਾ ਚੱਕਿਆ ਆਪਣਾ ਹੀ ਅੱਗਾ ਨੰਗਾ ਹੋਣਾ ਹੈ। ਮੈਂ ਫ਼ੋਨ ਕਰਕੇ ਇਕ ਵਾਰ ਫਿਰ ਕਾਮਰੇਡ ਜੀਜੇ ਚਿਮਨ ਨੂੰ ਬੁਲਾ ਲਿਆ ਸੀ। ਹਰਬੰਸ ਵੀ ਉਸ ਤੋਂ ਥੋੜਾ ਕੰਨ ਭੰਨਦਾ ਸੀ। ਜੀਜੇ ਨੇ ਆ ਕੇ ਉਸ ਦੀ ਝਾੜ ਝੰਬ ਕੀਤੀ ਤਾਂ ਉਹ ਮੁੜ ਮੇਰੇ ਘਰ ਵੱਲ ਤਾਂ ਨਹੀਂ ਸੀ ਆਇਆ, ਪਰ ਲੋਕਾਂ ਕੋਲ ਬੱਕੜਵਾਹ ਕਰਨੋਂ ਨਹੀਂ ਸੀ ਹਟਦਾ ਕਿ ਮੇਰੇ ਵੱਡਾ ਭਰਾ ਮੇਰੇ ਭੋਲੇ ਭਾਲੇ ਪਿਤਾ ਨੂੰ ਵਰਗਲਾ ਕੇ ਮੇਰੇ ਹਿੱਸੇ ਦੀ ਜ਼ਮੀਨ ਹੜਪਣਾ ਚਾਹੁੰਦਾ ਹੈ।

ਸਾਨੂੰ ਸਾਰੇ ਭੈਣ ਭਰਾਵਾਂ ਲਾਡ ਲਡਾਉਣ ਤੇ ਔਖੇ ਹੋ ਕੇ ਵੀ ਸਾਡੀ ਹਰ ਖ਼ਾਹਸ਼ ਪੂਰੀ ਕਰਨ ਵਾਲੇ ਪਿਤਾ ਦੀ ਦੇਹ ਨੂੰ ਮੈਂ ਆਪਣੇ ਹੱਥੀਂ ਲਾਂਬੂ ਲਾ ਦਿੱਤਾ ਹੈ। ਉਨ੍ਹਾਂ ਦੀ ਚਿਖਾ ਦੀਆਂ ਲਾਟਾਂ ਉੱਚੀਆਂ ਤੋਂ ਉੱਚੀਆਂ ਹੁੰਦੀਆਂ ਜਾ ਰਹੀਆਂ ਹਨ। ਸੋਚ ਰਿਹਾ ਹਾਂ ਕਿ ਕੁਦਰਤ ਦਾ ਇਹ ਕੇਹਾ ਵਿਧੀ ਵਿਧਾਨ ਹੈ ਕਿ ਜਿਹੜੇ ਮਾਂ ਬਾਪ ਸਾਨੂੰ ਆਪਣੇ ਖ਼ੂਨ ਨਾਲ ਸਿੰਜ ਕੇ ਸਾਡੀ ਸਰੀਰਕ ਹੋਂਦ ਨੂੰ ਘੜਦੇ ਨੇ, ਅਸੀਂ ਉਨ੍ਹਾਂ ਦੀ ਹੀ ਸਰੀਰਕ ਹੋਂਦ ਨੂੰ ਲਾਂਬੂ ਲਾ ਕੇ ਖ਼ਤਮ ਕਰਦੇ ਹਾਂ। ਪਿਤਾ ਜੀ ਦਾ ਸਰੀਰ ਲਗਭਗ ਰਾਖ ਬਣ ਜਾਣ ਤੇ ਸਾਰੇ ਆਏ ਰਿਸ਼ਤੇਦਾਰ ਤੇ ਜਾਣ ਪਛਾਣ ਦੇ ਲੋਕ ਉਨ੍ਹਾਂ ਦੀ ਬਲਦੀ ਚਿਖਾ ਵਿਚ ਡੱਕੇ ਸੁੱਟ ਕੇ ਉਨ੍ਹਾਂ ਨਾਲੋਂ ਆਪਣਾ ਰਿਸ਼ਤਾ ਤੋੜਨ ਦਾ ਸੰਕੇਤਕ ਐਲਾਨ ਕਰ ਰਹੇ ਹਨ। ਮੈਂ ਵੀ ਇਕ ਡੱਕਾ ਚੁੱਕਿਆ ਹੈ। ਜਦੋਂ ਮੈਂ ਹਰਬੰਸ ਨੂੰ ਚਿਖਾ ਵਿਚ ਡੱਕਾ ਸੁੱਟਦਿਆਂ ਵੇਖਿਆ ਹੈ ਤਾਂ ਆਪਣੇ ਅੱਗੇ ਵਧੇ ਹੱਥ ਰੋਕ ਲਏ ਹਨ। ਹਰਬੰਸ ਨੇ ਤਾਂ ਪੰਜ ਸਾਲ ਪਹਿਲਾਂ ਹੀ ਪਿਤਾ ਜੀ ਨਾਲੋਂ ਹਮੇਸ਼ਾ ਲਈ ਰਿਸ਼ਤਾ ਤੋੜ ਲਿਆ ਸੀ। ਹੁਣ ਤਾਂ ਉਸ ਐਵੇਂ ਡੱਕਾ ਤੋੜਨ ਦੀ ਰਸਮ ਹੀ ਨਿਭਾਈ ਹੈ। ਮੈਂ ਪਿਤਾ ਜੀ ਨਾਲੋਂ ਭਲਾ ਕਿਵੇਂ ਰਿਸ਼ਤਾ ਤੋੜ ਸਕਦਾ ਹਾਂ। ਪਿਤਾ ਜੀ ਜਿਹੜੀਆਂ ਜ਼ਿੰਮੇਵਾਰੀਆਂ ਮੇਰੇ ਭੈਣਾਂ ਪ੍ਰਤੀ ਨਿਭਾਉਂਦੇ ਆ ਰਹੇ ਸਨ ਉਹ ਹੁਣ ਉਨ੍ਹਾਂ ਦੇ ਰੂਪ ਵਿਚ ਹੀ ਮੈਂ ਨਿਭਾਵਾਂਗਾ। ਜਦੋਂ ਦੇ ਪਿਤਾ ਜੀ ਮੇਰੇ ਕੋਲ ਆ ਕੇ ਰਹਿਣ ਲੱਗੇ ਸਨ, ਭੈਣਾਂ ਤਾਂ ਉਦੋਂ ਤੋਂ ਹੀ ਕੇਵਲ ਮੇਰੇ ਘਰ ਹੀ ਆਉਂਦੀਆਂ ਸਨ। ਨਾ ਉਹ ਮੁੜ ਕੇ ਉਹ ਹਰਬੰਸ ਦੇ ਘਰ ਗਈਆਂ ਤੇ ਨਾ ਹੀ ਹਰਬੰਸ ਨੇ ਉਨ੍ਹਾਂ ਨੂੰ ਆਪਣੇ ਘਰ ਬੁਲਾਉਣ ਦੀ ਲੋੜ ਸਮਝੀ ਸੀ। ਮੈਂ ਚੁੱਕਿਆ ਡੱਕਾ ਚਿਖਾ ਵਿਚ ਸੁੱਟਣ ਦੀ ਬਜਾਇ ਉਥੇ ਹੀ ਸੁੱਟ ਦਿੱਤਾ ਹੈ।

ਸਸਕਾਰ ਕਰਾਉਣ ਆਏ ਸਾਰੇ ਸੱਜਣ ਮਿੱਤਰਾਂ ਨੇ ਵਾਪਸ ਜਾਣਾ ਸ਼ੁਰੂ ਕਰ ਦਿੱਤਾ ਹੈ। "ਬੈਠੋ, ਡੈਡੀ ਤੁਰ ਕੇ ਕਿੱਥੇ ਜਾਵੋਗੇ...।" ਮੇਰੇ ਬੇਟੇ ਮਿੰਟੂ ਨੇ ਮੋਪਡ ਮੇਰੇ ਕੋਲ ਆ ਖੜ੍ਹਾਈ ਹੈ। "ਤੂੰ ਚੱਲ ਬੇਟਾ, ਮੈਂ ਆਉਂਦਾ ਹਾਂ ਤੇਰੇ ਚਾਚੇ ਨਾਲ।" ਮੈਂ ਮੋਪਡ ਬੈਠਣ ਤੋਂ ਨਾਂਹ ਕਰਦਿਆਂ ਮਿੰਟੂ ਨੂੰ ਤੋਰ ਦਿੱਤਾ ਹੈ। ਇਸ ਮੋਪਡ 'ਤੇ ਬੈਠਣਾ ਮੈਨੂੰ ਕਦੇ ਵੀ ਚੰਗਾ ਨਹੀਂ ਲੱਗਾ। ਭਾਵੇਂ ਮੈਂ ਮਿੰਟੂ ਨੂੰ ਤਾਂ ਕਦੇ ਇਸ ਬਾਰੇ ਕੁਝ ਨਹੀਂ ਕਿਹਾ ਪਰ ਮੇਰੇ ਲਈ ਇਹ ਸੱਚ ਹੈ ਕਿ ਇਹ ਲੋਹੇ ਦਾ ਸੰਦ ਵੀ ਕਦੇ ਕਦੇ ਮੇਰੇ ਖਰੀਂਡ 'ਤੇ ਆਏ ਜ਼ਖ਼ਮਾਂ ਨੂੰ ਫਿਰ ਤੋਂ ਉਚੇੜ ਦੇਂਦਾ ਹੈ। ਇਸ ਮੋਪਡ ਦੇ ਆਉਣ ਤੋਂ ਪਹਿਲਾਂ ਭਾਵੇਂ ਅਸੀਂ ਦੋਹੇਂ ਭਰਾ ਅੱਡ ਤਾਂ ਹੋ ਗਏ ਸਾਂ ਪਰ ਬੋਲ ਬੁਲਾਰੇ ਤੋਂ ਬਾਦ ਵੀ ਇਕ ਦੂਜੇ ਦੇ ਘਰ ਸਾਡਾ ਆਉਣ ਜਾਣ ਬਣਿਆ ਹੋਇਆ ਸੀ।

ਪਹਿਲ ਪਲੇਠੀ ਦੀ ਔਲਾਦ ਹੋਣ ਕਾਰਨ ਪਿਤਾ ਜੀ ਮਿੰਟੂ ਨਾਲ ਅੰਤਾਂ ਦਾ ਮੋਹ ਕਰਦੇ ਸਨ। ਐਵੇਂ ਇਕ ਦਿਨ ਹੱਸਦਿਆਂ ਹੀ ਮਿੰਟੂ ਨੇ ਉਨ੍ਹਾਂ ਨੂੰ ਕਹਿ ਦਿੱਤਾ ਸੀ ਕਿ ਇਸ ਵਾਰ ਆਪਣੇ ਜਨਮ ਦਿਨ 'ਤੇ ਉਹ ਮੋਪਡ ਲੈਣਾ ਚਾਹੁੰਦਾ ਹੈ...ਪਰ ਡੈਡ ਹਾਂ ਨਹੀਂ ਭਰ ਰਹੇ। ਪਿਤਾ ਜੀ ਨੇ ਉਸ ਦੀ ਗੱਲ ਪੱਲੇ ਬੰਨ੍ਹ ਲਈ। ਉਸ ਦੇ ਜਨਮ ਦਿਨ ਤੋਂ ਇਕ ਦਿਨ ਪਹਿਲਾਂ ਪਿਤਾ ਜੀ ਨੇ ਹਰਬੰਸ ਦੇ ਕੰਨੀਂ ਕੱਢੇ ਬਿਨਾਂ ਹੀ ਆਪਣੇ ਹਿੱਸੇ ਦੇ ਠੇਕੇ ਵਿਚੋਂ ਉਸ ਨੂੰ ਮੋਪਡ ਦੁਆ ਵੀ ਦਿੱਤੀ। ਜੇ ਮੈਨੂੰ ਦਾਦੇ-ਪੋਤੇ ਵਿਚਕਾਰ ਹੋਈ ਇਸ ਗੱਲਬਾਤ ਦਾ ਪਤਾ ਹੁੰਦਾ ਤਾਂ ਮੈਂ ਪਿਤਾ ਜੀ ਨੂੰ ਸਖ਼ਤੀ ਨਾਲ ਮਨ੍ਹਾ ਕਰ ਦੇਣਾ ਸੀ...ਪੰਦਰਾਂ ਸਾਲ ਦਾ ਹੈ ਅਜੇ ਸਾਰਾ ਮਿੰਟੂ...ਦੋ ਸਾਲ ਠਹਿਰ ਕੇ ਮੈਂ ਆਪੇ ਦਿਵਾ ਦੇਣੀ ਸੀ ਇਹ ਮੋਪਡ। ਜਦੋਂ ਇਸ ਗੱਲ ਦਾ ਹਰਬੰਸ ਤੇ ਰੁਮਨ ਨੂੰ ਪਤਾ ਲੱਗਾ ਤਾਂ ਉਨ੍ਹਾਂ ਉਤਲੀ ਥੱਲੇ ਥੱਲੜੀ ਉੱਤੇ ਕਰ ਦਿੱਤੀ। ਦੋਹੇਂ ਭਰੇ ਭਰਾਏ ਸਾਡੇ ਘਰ ਵੀ ਆਏ। ਸਾਨੂੰ ਤਾਂ ਉਨ੍ਹਾਂ ਉੱਚਾ-ਨੀਵਾਂ ਬੋਲਣਾ ਹੀ ਸੀ, ਪਿਤਾ ਜੀ ਨੂੰ ਵੀ ਓਹ ਕੁਝ ਬੋਲ ਗਏ ਕਿ ਰਹੇ ਰੱਬ ਦਾ ਨਾਂ।

ਇਕ ਵਾਰ ਫਿਰ ਜੀਜੇ ਚਿਮਨ ਨੂੰ ਬੁਲਾਇਆ ਗਿਆ ਸੀ ਇਸ ਨਵੀਂ ਹੋਈ ਲੜਾਈ ਦੇ ਨਿਬੇੜੇ ਲਈ। ਪਿਤਾ ਜੀ ਤਾਂ ਜ਼ਿਦ ਫੜ

ਗਏ ਸਨ ਕਿ ਮੈਂ ਹੁਣ ਹਰਬੰਸ ਨੂੰ ਕੌਡੀ ਵੀ ਨਹੀਂ ਦੇਵਾਂਗਾ ਆਪਣੇ ਹਿੱਸੇ ਵਿਚੋਂ। ਜੀਜੇ ਚਿਮਨ ਵੱਲੋਂ ਨਿੱਤ ਦਾ ਝਗੜਾ ਨਿਬੇੜਨ ਲਈ ਜ਼ੋਰ ਦੇ ਕੇ ਸਮਝਾਉਣ 'ਤੇ ਉਹ ਰਹਿੰਦੀ ਦੋ ਕਿੱਲੇ ਜ਼ਮੀਨ ਸਾਡੇ ਦੋਹਾਂ ਦੇ ਨਾਂ ਕਰਾਉਣ ਲਈ ਤਿਆਰ ਹੋਏ ਸਨ। ਬਸ ਉਸੇ ਦਿਨ ਹੀ ਪਿਤਾ ਜੀ ਆਪਣਾ ਅਟੈਚੀ ਚੁੱਕ ਕੇ ਸਾਡੇ ਘਰ ਆ ਗਏ ਸਨ। ਉਹ ਦਿਨ ਸੋ ਉਹ ਦਿਨ। ਅਸੀਂ ਇਕ ਦੂਜੇ ਦੇ ਘਰ ਮੁੜ ਕੇ ਪੈਰ ਨਹੀਂ ਸੀ ਪਾਇਆ। ਮੈਨੂੰ ਤਾਂ ਹੁਣ ਵੀ ਉਮੀਦ ਨਹੀਂ ਸੀ ਕਿ ਉਹ ਪਿਤਾ ਜੀ ਪੂਰੇ ਹੋਣ ਤੇ ਮੇਰੇ ਘਰ ਆਵੇਗਾ। ਪਰ ਪਤਾ ਕਿਹੜੀ ਲੋਕ ਲੱਜ ਤੋਂ ਡਰਦਾ ਉਹ ਆ ਵੀ ਗਿਆ ਸੀ ਤੇ ਪਿਤਾ ਜੀ ਦਾ ਹੇਜਲਾ ਹੋਣ ਦਾ ਵੱਧ ਚੜ੍ਹ ਕੇ ਵਿਖਾਵਾ ਵੀ ਕਰ ਰਿਹਾ ਸੀ।

ਚਾਹ ਪਾਣੀ ਤੇ ਰੋਟੀ ਖਾ ਪੀ ਕੇ ਦੂਰੋਂ ਆਏ ਸਾਰੇ ਰਿਸ਼ਤੇਦਾਰ ਤਾਂ ਚਲੇ ਗਏ ਸਨ। ਘਰ ਕੇਵਲ ਵੱਡੀ ਭੈਣ ਪ੍ਰਕਾਸ਼ੋ, ਭਣੋਈਆ ਚਿਮਨ, ਮਾਮਾ ਸੁਭਾਸ਼, ਹਰਬੰਸ ਤੇ ਰੂਮਨ ਹੀ ਰਹਿ ਗਏ ਹਨ।

"ਬਈ ਦੇਵਤਾ ਪੁਰਸ਼ ਸੀ ਸ਼ਾਮ ਲਾਲ...ਨਾ ਸਾਰੀ ਉਮਰ ਕਿਸੇ ਦਾ ਬੁਰਾ ਕੀਤਾ ਨਾ ਤਕਾਇਆ।" ਮਾਮੇ ਲਾਲ ਚੰਦ ਨੇ ਚੁੱਪੀ ਤੋੜਦਿਆਂ ਕਿਹਾ ਹੈ।

"ਉਨ੍ਹਾਂ ਤਾਂ ਕਦੇ ਦਰ 'ਤੇ ਆਇਆ ਕੋਈ ਮਾੜਾ ਮੰਗਤਾ ਵੀ ਖ਼ਾਲੀ ਨਹੀਂ ਸੀ ਮੁੜਨ ਦਿੱਤਾ। ਮੈਂ ਕਈ ਵਾਰੀ ਉੱਠਣ ਦੀ ਘੌਲ ਕਰ ਜਾਂਦੀ ਤਾਂ ਉਨ੍ਹਾਂ ਬੈਠਕ ਵਿਚ ਪਏ ਹੀ ਆਵਾਜ਼ ਮਾਰਨੀ 'ਕੋਈ ਆਸ ਤਕਾ ਕੇ ਹੀ ਕਿਸੇ ਦੇ ਦਰ ਮੰਗਣ ਤੁਰਦੈ...ਕੁਝ ਪਾ ਇਸ ਦੀ ਝੋਲੀ'।" ਮੇਰੀ ਸ੍ਰੀਮਤੀ ਨੇ ਪਿਤਾ ਜੀ ਦੇ ਦਿਆਲੂ ਸੁਭਾਅ ਦਾ ਵੇਰਵਾ ਦਿੱਤਾ।

ਜਿਠਾਣੀ ਕੁਝ ਬੋਲੇ ਤੇ ਦਿਰਾਣੀ ਬੋਲਣੋਂ ਰਹਿ ਜਾਵੇ, ਇਹ ਕਿਵੇਂ ਹੋ ਸਕਦੈ। ਇਸ ਲਈ ਰੂਮਨ ਨੂੰ ਵੀ ਬੋਲਣਾ ਪਿਆ—

"ਬੰਦਿਆਂ ਦੀ ਗੱਲ ਛੱਡੋ, ਉਹ ਤਾਂ ਕਿਸੇ ਚਿੜੀ ਜਨੌਰ ਦਾ ਦੁੱਖ ਵੀ ਸਹਿਣ ਨਹੀਂ ਕਰਦੇ। ਕਿਸੇ ਦਿਨ ਉਨ੍ਹਾਂ ਪੰਛੀਆਂ ਨੂੰ ਚੋਗਾ ਪਾਉਣ ਵਿਚ ਨਾਗਾ ਨਹੀਂ ਸੀ ਪਾਇਆ। ਢਿੱਠੇ ਮੱਠੇ ਹੁੰਦੇ ਤਾਂ ਮੈਨੂੰ ਵਾਜ ਮਾਰਦੇ...ਰੂਮਨ ਬੇਟਾ, ਕੋਠੇ 'ਤੇ ਆਹ ਚੜ੍ਹ ਕੇ ਅੱਜ ਚੋਗਾ ਤੂੰ ਪਾ ਕੇ ਆ। ਰੱਬ ਦੇ ਜੀਅ ਵਿਚਾਰੇ ਉਡੀਕਦੇ ਹੋਣਗੇ...ਘਰ ਦੇ ਰਾਸ਼ਨ ਵਿਚੋਂ ਕੋਈ ਹੋਰ ਚੀਜ਼ ਅਸੀਂ ਬੇਸ਼ਕ ਭੁੱਲ ਜਾਈਏ, ਪਰ ਅਸੀਂ ਹਰ ਮਹੀਨੇ ਚੋਗੇ ਵਾਸਤੇ ਬਾਜਰਾ ਖਰੀਦਣਾ ਨਹੀਂ ਸਾਂ ਭੁੱਲਦੇ।"

ਰੂਮਨ ਪ੍ਰਤੀ ਕੰਟਰੋਲ ਕਰਕੇ ਰੱਖਿਆ ਗੁੱਸਾ ਇਸ ਵਾਰ ਤਾਂ ਐਨ ਮੇਰੀ ਜ਼ੁਬਾਨ ਤੋਂ ਬਾਹਰ ਨਿਕਲਦਾ ਨਿਕਲਦਾ ਰਹਿ ਗਿਐ। ਮੈਨੂੰ ਯਾਦ ਹੈ ਕਿ ਜਦੋਂ ਅਸੀਂ ਇਕੱਠੇ ਸਾਂ ਤਾਂ ਇਹੀ ਰੂਮਨ ਨੇ ਇਕ ਵਾਰ ਸਾਡੇ ਸਾਰਿਆਂ ਦੇ ਸਾਹਮਣੇ ਪਿਤਾ ਜੀ ਦੇ ਪੰਛੀਆਂ ਨੂੰ ਚੋਗਾ ਪਾਉਣ ਤੇ ਹਰ ਰੋਜ਼ ਮੰਦਰ ਜਾ ਕੇ ਮੱਥਾ ਟੇਕਣ 'ਤੇ ਵਿਅੰਗ ਕਰਦਿਆਂ ਕਿਹਾ ਸੀ, "ਕਾਰੋਬਾਰੀ ਲੋਕਾਂ ਦੀ ਬਸਤੀ ਵਿਚ ਇਹ 'ਮਹਾਤਮਾ' ਕਿਵੇਂ ਪੈਦਾ ਹੋ ਗਿਆ।" ਜੇ ਪਿਤਾ ਜੀ ਦੀ ਉਮਰ ਦਾ ਮਾਮਾ ਨਾ ਬੈਠਾ ਹੁੰਦਾ ਤਾਂ ਸ਼ਾਇਦ ਮੇਰੇ ਤੋਂ ਕੋਈ ਚੁਭਵੀਂ ਗੱਲ ਕਹੀ ਵੀ ਜਾਂਦੀ। ਮੈਂ ਆਪਣੇ ਆਪ ਨੂੰ ਬਹੁਤ ਕੰਟਰੋਲ 'ਚ ਰੱਖਿਆ...ਫਿਰ ਵੀ ਐਨੀ ਕੁ ਗੱਲ ਮੇਰੇ ਮੂੰਹ 'ਚੋਂ ਨਿਕਲ ਗਈ—

"ਦਰਅਸਲ ਪਿਤਾ ਜੀ ਸਤਿਯੁਗੀ ਜੀਵ ਸਨ, ਪਰ ਉਸਦਾ ਵਾਹ ਸਾਡੇ ਵਰਗੀ ਕਲਯੁਗੀ ਔਲਾਦ ਨਾਲ ਪੈਂਦਾ ਰਿਹਾ। ਮੈਨੂੰ ਲੱਗਦੈ ਕਿ ਪਿਤਾ ਜੀ ਜੋ ਕੁਝ ਵੀ ਸਾਨੂੰ ਦੇ ਕੇ ਗਏ ਹਨ, ਅਸੀਂ ਉਸਦੇ ਪਾਤਰ ਨਹੀਂ ਹਾਂ।"

ਭਾਵੇਂ ਮੈਂ ਕਲਯੁਗੀ ਔਲਾਦ ਕਹਿਣ ਵੇਲੇ ਆਪਣੇ ਆਪ ਨੂੰ ਵੀ ਵਿਚ ਰੱਖਿਆ ਸੀ ਪਰ ਹਰਬੰਸ ਤੇ ਰੂਮਨ ਸਮਝ ਗਏ ਸਨ ਕਿ ਮੇਰਾ ਇਸ਼ਾਰਾ ਕਿਧਰ ਹੈ। ਉਹ ਦੋਹੇਂ ਮੇਰੀ ਗੱਲ ਸੁਣ ਕੇ ਉਸਲਵੱਟੇ ਜਿਹੇ ਲੈਣ ਲੱਗ ਪਏ ਸਨ।

ਕੁਝ ਚਿਰ ਸਾਰੇ ਚੁੱਪ ਰਹੇ ਤੇ ਫਿਰ ਪਿਤਾ ਜੀ ਦੇ ਭੋਗ ਦੀ ਵਿਉਂਤਬੰਦੀ ਕਰਨ ਲੱਗ ਪਏ। ਮੇਰੀ ਸਲਾਹ ਘਰ ਦੇ ਨੇੜੇ ਪੈਂਦੀ ਸਨਾਤਨ ਧਰਮਸ਼ਾਲਾ ਵਿਚ ਪਿਤਾ ਜੀ ਦਾ ਭੋਗ ਪਾਉਣ ਦੀ ਹੈ। ਪਰ ਜੀਜਾ ਚਿਮਨ ਤੇ ਹਰਬੰਸ ਕਿਸੇ ਪੈਲਸ ਵਿਚ ਭੋਗ ਪਾਉਣ ਦੀ ਰਾਇ ਦੇ ਰਹੇ ਹਨ। ਇਸ ਸੰਬੰਧੀ ਅਜੇ ਗੱਲ ਚੱਲ ਹੀ ਰਹੀ ਸੀ ਕਿ ਹਰਬੰਸ ਇਕਦਮ ਬੋਲ ਪਿਆ ਹੈ, "ਭਾਅ ਜੀ, ਭੋਗ 'ਤੇ ਜਿੰਨਾ ਵੀ ਖਰਚ ਆਵੇਗਾ...ਲਿਖ ਲੈਣਾ...ਅੱਧ ਮੈਂ ਦਿਆਂਗਾ...। ਪੰਜ ਸਾਲ ਬਾਦ ਉਸ ਪਹਿਲੀ ਵਾਰ ਮੇਰੇ ਨਾਲ ਜ਼ੁਬਾਨ ਸਾਂਝੀ ਕੀਤੀ ਹੈ। ਉਸਦੇ ਇਨ੍ਹਾਂ ਬੋਲਾਂ ਦੀ ਮੈਨੂੰ ਤਾਂ ਕੀ ਕਿਸੇ ਨੂੰ ਵੀ ਉਡੀਕ ਨਹੀਂ ਸੀ। ਇਸ ਲਈ ਅਸੀਂ ਸਾਰੇ ਅਚੰਭਿਤ ਜਿਹੇ ਰਹਿ ਗਏ ਸਾਂ ਕਿ ਆਖ਼ਿਰ ਹੁਣ ਇਹ ਚਾਹੁੰਦਾ ਕੀ ਹੈ। ਹਸਪਤਾਲ ਵਿਚ ਪਏ ਪਿਤਾ ਜੀ ਦਾ ਪਤਾ ਨਾ ਲੈਣ ਵਾਲੇ ਇਸ ਬੰਦੇ ਅੰਦਰ ਉਨ੍ਹਾਂ ਪ੍ਰਤੀ ਐਨਾ ਮੋਹ ਕਿਵੇਂ ਜਾਗ ਪਿਆ ਹੈ। ਸ਼ਾਇਦ ਉਸ ਨੂੰ ਕਲਯੁਗੀ ਔਲਾਦ ਵਾਲੀ ਗੱਲ ਕੁਝ ਵਧੇਰੇ ਹੀ ਚੁਭ ਗਈ ਸੀ।

ਕੁਝ ਪਲ ਤਾਂ ਮੈਂ ਸਾਰਿਆਂ ਦੇ ਮੂੰਹ ਵੱਲ ਵੇਖਦਾ ਰਿਹਾ ਪਰ ਜਦੋਂ ਕੋਈ ਨਾ ਬੋਲਿਆ ਤਾਂ ਆਖ਼ਿਰ ਮੈਨੂੰ ਹੀ ਬੋਲਣਾ ਪਿਆ, "ਵੇਖ ਛੋਟਿਆ ! ਪਿਤਾ ਜੀ ਦੇ ਜਿਉਂਦੇ ਜੀਅ ਤਾਂ ਤੂੰ ਬਹੁਤ ਵੰਡੀਆਂ ਪਾ ਲਈਆਂ...ਪਰ ਹੁਣ ਉਨ੍ਹਾਂ ਦੇ ਮਰਨ 'ਤੇ ਮੈਂ ਤੈਨੂੰ ਇਕ ਵਾਰ ਫਿਰ ਉਨ੍ਹਾਂ ਨੂੰ ਵੰਡਣ ਦੀ ਇਜਾਜ਼ਤ ਨਹੀਂ ਦੇ ਸਕਦਾ। ਮੈਂ ਵੱਡਾ ਹਾਂ...ਤੇ ਪਿਤਾ ਜੀ ਹੁਣ ਰਹਿੰਦੇ ਵੀ ਮੇਰੇ ਕੋਲ ਸਨ...ਭੋਗ ਦਾ ਖਰਚਾ ਤਾਂ ਮੈਂ ਇਕੱਲਾ ਹੀ ਕਰਾਂਗਾ...ਤੂੰ ਸ਼ਾਮਿਲ ਹੋਣਾ ਹੈ, ਹੋ ਜਾਈਂ...ਨਹੀਂ ਤੇਰੀ ਮਰਜ਼ੀ।"

ਹਰਬੰਸ ਨੇ ਆਪਣੀ ਪਤਨੀ ਨਾਲ ਅੱਖ ਮਿਲਾਈ ਹੈ ਤੇ ਰੁੱਸਿਆਂ ਵਾਂਗ ਜਾਣ ਲਈ ਉੱਠ ਖਲੋਤਾ ਹੈ। ਮੇਰਾ ਮੂਡ ਵੇਖਦਿਆਂ ਕਿਸੇ ਵੀ ਉਸ ਨੂੰ ਰੋਕਣ ਦੀ ਕੋਸ਼ਿਸ਼ ਵੀ ਨਹੀਂ ਕੀਤੀ ਹੈ।

• •

**ਮੋਬਾ : 89682-82700**



# ਹੁਣ ਘਰਾਂ ਨੂੰ ਪਰਤਣਾ ਮੁਸ਼ਕਿਲ ਬੜਾ ਏ

–ਦਵਿੰਦਰ ਸਿੰਘ ਮਲਹਾਂਸ

ਜਿਉਂ ਹੀ ਘਰ ਵਾਪਸੀ ਦੇ ਦਿਨ ਨੇੜੇ ਆ ਰਹੇ ਸੀ, ਤਿਉਂ ਹੀ ਰਾਤਾਂ ਦੀ ਨੀਂਦ, ਦਿਨ ਦਾ ਚੈਨ ਸਭ ਉੱਡ ਗਏ ਸੀ। ਕਦੇ ਉਸਦਾ ਮਨ ਖੁਸੀ ਵਿੱਚ ਛਾਲਾਂ ਮਾਰਨ ਲੱਗਦਾ, ਕਦੇ ਤਨ-ਮਨ ਉੱਤੇ ਹੰਢਾਏ ਦਰਦਾਂ ਦੀ ਚੀਸਾਂ ਉਸਦੀਆਂ ਚੀਕਾਂ ਕਢਾ ਛੱਡਦੀ।

ਖਾਧੀ-ਪੀਤੀ 'ਚ ਅਕਸਰ ਉਹ ਮਹਿਫਲ ਵਿੱਚ ਕਹਿੰਦਾ ਮੈਂ ਸੋਲਾ ਸਾਲਾਂ ਦਾ ਬ੍ਰਿਹਾ ਆਪਣੇ ਪਿੰਡ 'ਤੇ ਹੰਢਾਇਆ ਹੈ। ਏਨੇ ਸਾਲਾਂ ਵਿੱਚ ਜੰਮਿਆਂ ਬੱਚਾ ਜਵਾਨੀ ਵਿੱਚ ਪੈਰ ਧਰਨ ਲੱਗਦਾ ਹੈ, ਜਵਾਨ ਬੁਢਾਪੇ ਵਿੱਚ ਝੁਕਣ ਲੱਗ ਪੈਂਦਾ ਹੈ।

ਫੇਰ ਪੁਰਾਣੇ ਸਮੇਂ ਨੂੰ ਯਾਦ ਕਰਦਾ ਝੂਰਦਾ, ਮੇਰੇ ਬਾਪੂ ਨੂੰ ਬੜਾ ਚਾਅ ਸੀ, ਬਈ ਮੇਰਾ ਮੁੰਡਾ ਜਹਾਜੇ ਚੜੇ। ਮੈਨੂੰ ਕਹਿਣ "ਸ਼ੇਰ ਬੱਗਿਆ ਕਾਪੀ ਬਣਾ ਲੈ, ਸੂਬੇਦਾਰ ਦੇ ਮੁੰਡੇ ਵਾਂਗ ਬਾਹਰ ਚਲਿਆ ਜਾਹ। ਅੰਨੀ ਕਮਾਈ ਆ, ਸੂਬੇਦਾਰ ਤਾਂ ਸਾਹ ਨਹੀ ਲੈਂਦਾਂ, ਕਹਿੰਦਾ ਏ ਮੇਰਾ ਮੁੰਡਾ ਚੜ੍ਹੇ ਮਹੀਨੇ ਚਾਲੀ ਹਜਾਰ ਨੂੰ ਥੁੱਕ ਲਾਉਂਦਾ। ਪਤਾ ਨੀ ਕਿਹੜੇ ਮੁਲਕ 'ਚ ਆ? ਘਰ ਦੀ ਗਰੀਬੀ ਧੋਤੀ ਜਾਊ। ਇੱਥੇ ਤਾਂ ਤੈਨੂੰ ਪਤਾ ਈ ਆ ਖੇਤੀ-ਖੂਤੀ ਵਿੱਚ ਕੁੱਝ ਨੀ ਬਚਦਾ।

"ਖੇਤੀ ਦਾ ਤਾਂ ਮੈਨੂੰ ਪਤਾ ਏ, ਮੈਂ ਸੋਚਦਾ ਸੀ ਕੋਈ ਨੌਕਰੀ ਵਗੈਰਾ ਦੇਖ ਲੈਂਦਾ।" ਮੈਂ ਕਹਿਣਾ।

ਬਾਪੂ ਨੇ ਸਮਝਾਉਣਾ, "ਨੌਕਰੀ ਉਹ ਵੀ ਤੈਨੂੰ, ਉਏ ਏਥੇ ਬੀ.ਏ, ਐਮ.ਏ ਵਾਲੇ ਵਿਹਲੇ ਤੁਰੇ ਫਿਰਦੇ ਨੇ, ਤੂੰ ਦਸਵੀ ਪਾਸ ਉੱਤੋਂ ਜੱਟ ਦਾ ਪੁੱਤ, ਉਹ ਵੀ ਗਰੀਬ ਜੱਟ ਦਾ । ਪਾਂਧਾ ਨਾ ਪੁੱਛ ਚੁੱਪ ਕਰਕੇ ਕਾਪੀ ਲਾਦੇ ਆਲਮਪੁਰੀਏ ਏਜੰਟ ਕੋਲ। ਸੂਬਦੇਾਰ ਦੱਸਦਾ ਸੀ ਬਈ ਧੜਾ-ਧੜ ਬੰਦੇ ਜਾਂਦੇ, ਪਤਾ ਨੀ ਕਿਹੜਾ ਮੁਲਖ ਆ ?"

ਫੇਰ ਮੈਂ ਤੇ ਬਾਪੂ ਸੂਬੇਦਾਰ ਨੂੰ ਨਾਲ ਲੈ ਕੇ ਆਲਮ ਪੁਰੀਏ ਏਜੰਟ ਕੋਲ ਪਹੁੰਚ ਗਏ। ਏਜੰਟ ਨੇ ਦਸ ਹਜਾਰ ਤੇ ਪਾਸਪੋਰਟ ਜਮਾ ਕਰਵਾਉਂਦੇ ਹੋਏ ਕਿਹਾ ਸੀ, " ਆਪਾਂ ਤਾਂ ਥੋਕ 'ਚ ਬੰਦੇ ਭੇਜੀ ਦੇ ਨੇ। ਅੱਜ ਕੱਲ ਲਿਬਨਾਨ ਚ ਕੰਮ ਜ਼ੋਰਾ-ਸ਼ੋਰਾਂ ਤੇ ਚਲਦਾ। ਪਿਛਲੇ ਮਹੀਨੇ ਪੰਜਾਹ ਬੰਦੇ ਗਏ। ਜਿੰਨੇ ਪੈਸੇ ਮੈਨੂੰ ਦਿੱਤੇ ਸੀ ਅਗਲਿਆਂ ਨੇ ਮਹੀਨੇ ਵਿੱਚ ਇੱਕਠੇ ਵੀ ਕਰ ਲਏ। ਪੈਸੇ ਦੇਵੋ, ਬਸ ਕੰਮ ਬਣਿਆ ਸਮਝੋ।"

ਉਡੀਕ ਕਾਫੀ ਲੰਮੀ ਹੋ ਗਈ ਸੀ। ਏਜੰਟ ਅੱਜ-ਕੱਲ ਦੇ ਲਾਰੇ ਜਾ ਰਿਹਾ ਸੀ। ਹੁਣ ਬਾਪੂ ਦੀ ਬੇਸ਼ਬਰੀ ਦਾ ਬੰਨ ਟੁੱਟ ਗਿਆ ਸੀ।"ਅਸੀਂ ਆਂ ਜੀ ਸਿੱਧੇ ਸਾਦੇ ਬੰਦੇ ... ਸਾਨੂੰ ਸਾਫ ਦੱਸ ਇਹ ਜਾਊਗਾ ਕਿ ਨਹੀਂ ? ਵਿਆਜ ਤੇ ਚੁੱਕੇ ਪੰਜਾਹ ਹਜਾਰ ਦਾ ਸੱਤਰ ਹਜਾਰ ਹੋ ਗਿਆ।"

ਫੇਰ ਏਜੰਟ ਵੀ ਸਿੱਧਾ ਹੋ ਗਿਆ, "ਲਾਣੇਦਾਰਾ ਪੈਸਿਆਂ ਦੀ ਧਗੇੜ ਨਾ ਦੇਹ ... ਇਥੋ ਲੋਕ ਲੱਖ-ਲੱਖ ਚੁੱਕੀ ਫਿਰਦੇ ਆ। ਮੈਂ ਤਾਂ ਸੂਬੇਦਾਰ ਦੇ ਮੂੰਹ ਨੂੰ ਤੇਰੇ ਨਾਲ ਪਹਿਲਾਂ ਹੀ ਘੱਟ ਪੈਸਿਆ 'ਚ ਗੱਲ ਕੀਤੀ ਆ। ਮੈਂ ਤੈਨੂੰ ਕਹਿਤਾ ਮੁੰਡਾ ਜਰੂਰ ਜਾਊ ਚਹੇ ਕੱਲ ਚਲਾ ਜਾਵੇ, ਚਾਹੇ ਮਹੀਨਾਂ ਲੱਗ ਜਾਵੇ। ਜਿਵੇਂ ਅੱਗਿਓ ਸਾਡੀ ਸ਼ੈਟਿੰਗ ਸਹੀ ਹੋਵੇਗੀ"।

ਉਡੀਕ ਲੰਮੀ ਬੇਸ਼ਬਰੀ ਵਾਲੀ ਸੀ। ਸੇਰੀ ਜਦੋਂ ਵੀ ਘਰ ਦੇ ਕੰਮ ਕਾਰਾਂ ਤੋਂ ਵਿਹਲੀ ਮਿਲਦੀ , ਉਹੀਂ ਮੋਹਰੀ ਵਾਲੇ ਖੂਹੋ ਤੇ ਪੜਦਾਦੇ ਦੇ ਹਾਣ ਦੇ ਪਿੱਪਲ ਨਾਲ ਗੱਲਾਂ ਕਰਦਾ, ਏਜੰਟ ਦੇ ਦਿਖਾਏ ਸਵਰਗ ਦੀ ਕਲਪਨਾ ਕਰਦਾ। ਕਿੰਨੇ ਸੁਪਨੇ ਦੇਖਦਾ।

ਇਸ ਉਡੀਕ ਦੇ ਸਮੇਂ ਵਿੱਚ ਉਹਦਾ ਫੁੱਫੜ ਉਸ ਲਈ ਰਿਸਤਾ ਲਿਆਇਆ। ਜਦ ਜੱਟਾ ਕੋਲ ਹੋਰ ਕੁਝ ਨਹੀਂ ਕਰਨ ਨੂੰ ਹੁੰਦਾ ਤਾਂ ਉਹ ਵਿਆਹ ਹੀ ਕਰ ਲੈਂਦੇ ਨੇ। ਪਰ ਬਾਪੂ ਦਾ ਕੋਰਾ ਜਵਾਬ ਸੀ, ਬਈ ਮੁੰਡਾ ਅਜੇ ਨਿਆਣਾ, ਜੇ ਇਸਦਾ ਰਿਸਤਾ ਕਰ ਦਿੱਤਾ ਕਿਤੇ ਇਹ ਇੱਥੇ ਹੀ ਨਾ ਛਾਪਲ ਜਾਵੇ। ਚਾਰ ਸਾਲ ਬਾਹਰ ਲਾ ਆਵੇ ਨਾਲੇ ਇਹਦੇ ਵਿਆਹ ਦੀ ਰੁੱਤ ਹੋਵੇਗੀ, ਨਾਲੇ ਗੁਜਾਇੰਸ਼ ਸਿਰ ਹੋ ਜਵਾਂਗੇ।

ਪਰ ਮਾਂ ਅੱਗੇ ਬਾਪੂ ਦੀ ਪੇਸ ਨਾ ਗਈ। ਉਸਦੀ ਦਲੀਲ ਸੀ ਜਦੋਂ ਇਹ ਬਾਹਰ ਚਲਿਆ ਜਾਵੇਗਾ, ਅਸੀਂ ਤਾਂ ਬਿਲਕੁਲ ਇੱਕਲੇ ਹੋ ਜਾਵਾਂਗੇ, ਇਹਦੇ ਬਾਅਦ ਸਾਡਾ ਜੀਅ ਪਰਚਾਉਣ ਲਈ ਕੋਈ ਖਿਡਾਉਣਾ ਹੀ ਆ ਜਾਵੇਗਾ।

ਵਿਆਹ ਤੋਂ ਛੇਤੀ ਹੀ ਬਾਦ ਵਿੱਚ ਸੇਰੀ ਦਾ ਬਾਹਰ ਦਾ ਕੰਮ ਬਣ ਗਿਆ ਖਿਡਾਉਣਾ ਤਾਂ ਮਾਂ ਨੂੰ ਨਹੀਂ ਮਿਲਿਆ, ਪਰ ਮਾਂ ਵਹੁਟੀ ਦੇ ਹੱਥਾਂ ਵਿਚ ਖਿਡਾਉਣਾ ਬਣ ਕੇ ਰਹਿ ਗਈ।

ਜਾਣ ਤੋਂ ਦੋ ਸਾਲ ਬਾਅਦ ਹੀ ਮਾਂ ਦੀ ਤਾਏ ਦੇ ਮੁੰਡੇ ਹੱਥੋ ਲਿਖਾਈ ਚਿੱਠੀ ਵਿੱਚ ਇਹੀ ਵਾਸਤਾ ਹੁੰਦਾ, "ਪੁੱਤਰ ਵਾਪਸ ਆ ਜਾ, ਸਾਨੂੰ ਨਹੀਂ ਲੋੜ ਤੇਰੀ ਕਮਾਈ ਦੀ। ਅਸੀਂ ਅੱਧੀ ਖਾ ਕੇ ਗੁਜਾਰਾ ਕਰ ਲਵਾਂਗੇ। ਜਨਾਨੀ ਇਕ ਵੇਲ ਵਾਂਗ ਹੁੰਦੀ ਏ ਉਹ ਹਰ ਵੇਲੇ ਸਹਾਰਾ ਮੰਗਦੀ ਏ। ਤੂੰ ਆ ਜਾ ਆਪਣਾ ਘਰ ਸਾਂਭ।"

ਬੁਝਾਰਤਾਂ ਭਰੀ ਚਿੱਠੀ ਤੋਂ ਸੇਰੀ ਨੂੰ ਸੱਕ ਹੋਇਆ ਕਿ ਦਾਲ ਵਿੱਚ ਕੁਝ ਕਾਲਾ ਹੈ। ਪਿਛਲੇ ਛੇ ਮਹੀਨਿਆਂ ਤੋਂ ਸੁੱਖੀ (ਪਤਨੀ)

ਦੀ ਕੋਈ ਵੀ ਚਿੱਠੀ ਨਹੀਂ ਆਈ ਸੀ।

ਮੁੰਡੇ ਨੂੰ ਸਿੱਧੀ ਚਿੱਠੀ ਪਾਈ ਉਹ ਦੀ ਚਿੱਠੀ ਵਿੱਚ ਸਾਫ ਜਵਾਬ ਮਿਲਿਆ, "ਸੇਰੀ ਆਪਦਾ ਘਰ ਸੰਭਾਲ ਭਾਈ। ਤੇਰੀ ਵਹੁਟੀ ਦੇ ਚਾਲ-ਚਲਣ ਠੀਕ ਨਹੀਂ। ਪਹਿਲਾਂ ਤਾਂ ਚੋਰੀ ਛੁਪੇ ਸੀ, ਹੁਣ ਤਾਂ ਸ਼ਰੇਆਮ ਮੋਹਣੇ ਮੋਟੇ ਦੇ ਮੁੰਡੇ ਨਾਲ ਫਿਰਦੀ ਆ। ਅਸੀਂ ਕਿਸੇ ਨੂੰ ਮੂੰਹ ਦਿਖਾਉਣ ਜ਼ੋਗੇ ਨਹੀਂ। ਲੋਕ ਧੜੀ ਧੜੀ ਦੀਆਂ ਗੱਲਾਂ ਕਰਦੇ ਨੇ।"

ਇਹ ਪੜਕੇ ਸੇਰੀ ਦੇ ਅੰਦਰ ਹੂਕ ਉੱਠੀ, ਗੁੱਸੇ ਵਿਚ ਲਾਲ ਹੋ ਗਿਆ, ਉਸਦਾ ਅੰਦਰਲਾ ਮਰਦ ਦਹਾੜਿਆ। ਘਰ ਜਾਂਦੇ ਹੀ ਮੋਹਣੇ ਦੇ ਮੁੰਡੇ ਦੇ ਟੋਟੇ-ਟੋਟੇ ਨੇ ਕਰਤੇ ਮੇਰਾ ਨਾਂ ਸੇਰੀ ਨਹੀਂ। ਲਿਬਨਾਨ ਆਉਣ ਤੋਂ ਪਹਿਲਾਂ ਉਹ ਸੋਚਦਾ ਸੀ ਕਿ ਜਦ ਵਾਪਸ ਆਵੇਗਾ, ਲੋਕ ਉਸਨੂੰ ਸੂਬੇਦਾਰ ਦੇ ਮੁੰਡੇ ਵਾਂਗ ਸਿਰ ਤੇ ਚੁੱਕਣਗੇ, ਬਾਹਰ ਬਾਰੇ ਗੱਲਾਂ ਪੁੱਛਣਗੇ। ਸੁਲਾਹਣਗੇ। ਇੱਜਤ ਹੋਵੇਗੀ। ਪਰ ਹੁਣ ਉਹ ਕਿਹੜੇ ਮੂੰਹ ਨਾਲ ਲੋਕਾਂ ਦੇ ਮੱਥੇ ਲੱਗੇਗਾ। ਹੁਣ ਲੋਕ ਸਵਾਦ ਲੈ ਲੈ ਕੇ ਗੱਲਾਂ ਕਰਨਗੇ। ਉਸਨੇ ਅਗਲੇ ਹਫਤੇ ਦੀ ਟਿਕਟ ਬੁੱਕ ਕਰਵਾ ਲਈ। ਪਰ ਤੀਜੇ ਦਿਨ ਲਿਬਨਾਨ ਵਿੱਚ ਅੰਦਰੂਨੀ ਲੜਾਈ ਸ਼ੁਰੂ ਹੋ ਗਈ। ਛੋਟਾ ਜਿਹਾ ਲਿਬਨਾਨ, ਥਾਂ-ਥਾਂ ਬੰਬਾਰੀ ਨਾਲ ਜਲਣ ਲੱਗ ਪਿਆ।

ਲੜਾਈ ਕਾਰਨ ਸਾਰੇ ਕਾਰੋਬਾਰ ਤੇ ਫਲਾਇਟਾਂ ਬੰਦ ਹੋ ਗਈਆਂ। ਇਬੇਤ ਪਾਰਟੀ (ਕ੍ਰਿਸਚਨਾਂ ਦੀ ਵੱਖਵਾਦੀ ਪਾਰਟੀ) ਦੀ ਲੜਾਈ ਸਿੱਧੀ ਲਿਬਨਾਨ ਸਰਕਾਰ ਨਾਲ ਸੀ। ਇਬੇਤ ਪਾਰਟੀ ਜੋ ਲਿਬਨਾਨ ਨਾਲੋ ਅੱਲਗ ਹੋਣਾ ਚਾਹੁੰਦੀ ਹੋਣਾ ਚਾਹੁੰਦੀ ਸੀ ਦੀ ਮਦਦ ਇਜ਼ਰਾਇਲ ਸਰੇਆਮ ਕਰ ਰਿਹਾ ਸੀ। ਜਲਦੀ ਇਬੇਤ ਪਾਰਟੀ ਲਿਬਨਾਨ ਫੌਜ਼ ਨਾਲੋਂ ਵੀ ਜਿਆਦਾ ਮਜਬੂਤ ਹੋ ਗਈ। ਇਹ ਖਾਨਾ-ਜੰਗੀ ਲਗਾਤਾਰ ਤੇਰਾਂ ਚੌਦਾਂ ਸਾਲ ਲੱਗੀ ਰਹੀ। ਹੱਸਦਾ-ਵੱਸਦਾ ਲਿਬਨਾਨ ਹਜ਼ਾਰਾਂ ਦੀ ਗਿਣਤੀ ਵਿਚ ਜਵਾਨੀਆਂ ਗੁਆ ਚੁੱਕਾ ਸੀ। ਇਨਾਂ ਵਿੱਚ ਬਹੁਤ ਪੰਜਾਬੀ ਮੁੰਡੇ ਵੀ ਜਾਨੋਂ ਹੱਥ ਧੋ ਬੈਠੇ ਸਨ। ਸੇਰੀ ਪੰਜਾਬ ਜਾ ਕੇ ਬਦਲਾ ਲੈਣ ਦੀਆਂ ਸਕੀਮਾਂ ਸੋਚਦਾ ਰਹਿੰਦਾ।

ਸੇਰੀ, ਸੁੱਖਾ, ਪਾਲਾ ਅਤੇ ਬੰਤ ਇਕ ਹਜਾਰਾਂ ਵਾਲੀ 'ਮਾਮਲ' (ਸੀਮਿੰਟ ਦੀਆ ਇੱਟਾ ਬਣਾਉਣ ਵਾਲੀ ਫੈਕਟਰੀ) ਵਿੱਚ ਕੰਮ ਕਰਦੇ ਸਨ। ਇਹ ਮਾਮਲੇ ਪੰਜਾਬੀ ਵਿੱਚ ਸੁੱਖੇ ਪਾਲੇ ਦੀ ਆਮਦ ਨਾਲ ਮਸਹੂਰ ਸੀ। ਇਕਦਮ ਲੜਾਈ ਲੱਗ ਜਾਣ ਨਾਲ ਪੈਸਾ-ਟੁੱਕਰ ਭੇਜਣਾ ਤਾਂ ਦੂਰ ਦੀ ਗੱਲ, ਚਿੱਠੀ ਪੱਤਰ ਵੀ ਬੰਦ ਹੋ ਗਏ। ਰੁਜਗਾਰ ਇਕ ਦਮ ਠੱਪ ਹੋਣ ਨਾਲ ਲੋਕਾਂ ਨੂੰ ਰੋਟੀ-ਪਾਣੀ ਦੇ ਲਾਲੇ ਪੈ ਗਏ।

ਇਸ ਲੰਮੀ ਲੜਾਈ ਦੇ ਅਣਸੁਖਾਵੇ ਮਾਹੌਲ ਤੋਂ ਮੰਗ ਆ ਕੇ ਬਹੁਤੇ ਪੰਜਾਬੀ ਦੋ ਸਸਤੀਆਂ ਤੇ ਸੌਖੀਆਂ ਮਿਲਣ ਵਾਲੀਆਂ ਚੀਜਾਂ ਵੱਲ ਧੱਕੇ ਗਏ। ਸ਼ਰਾਬ ਤੇ ਸ਼ਬਾਬ। ਇਕ ਆਰਾ (ਅੰਗੂਰਾਂ ਦੀ ਸਸਤੀ ਸ਼ਰਾਬ) ਅਤੇ ਦੂਜਾ ਸ਼੍ਰੀਲੰਕਾ ਵਾਲੀਆਂ ਜੋ ਸ਼੍ਰੀ ਲੰਕਾ ਤੋਂ ਨੈਨੀ ਕੰਟਰੈਕਟਰ ਤੇ ਆਈਆਂ ਹੋਈਆਂ ਸਨ ਆਪਣੇ ਮਾਲਕਾਂ ਦੇ ਕੈਦੀਆਂ ਵਰਗੇ ਵਤੀਰੇ ਤੋਂ ਤੰਗ ਆ ਕੇ ਬਾਹਰ ਨਿਕਲਣ ਨੂੰ ਤਰਸਦੀਆਂ ਰਹਿੰਦੀਆਂ।

ਹਰੇਕ ਸਾਮ ਨੂੰ ਦਾਰੂ ਪੀਣ ਵਾਲਿਆਂ ਦੀ ਮਹਿਫਲ ਜੁੜਦੀ। ਅੱਜ ਦੀਵਾਲੀ ਹੋਣ ਕਰਕੇ ਹੋਰ ਯਾਰ ਮਿੱਤਰ ਵੀ ਪਹੁੰਚੇ ਹੋਏ ਸਨ। ਟੱਲੀ ਹੋਇਆ ਪਾਲਾ ਇਹ ਕਹਿ ਕੇ ਮਨ ਭਰ ਆਇਆ ਸੀ, "ਯਾਰ ਲੋਕਾਂ ਦੇ ਜਵਾਕ ਬੰਬ-ਪਟਾਕੇ ਵਜਾਉਦੇ ਹੋਣਗੇ ਤੇ ਮੇਰੇ ਜਵਾਕ ਕੌਲ੍ਹੇ ਉਹਲੇ ਖੜੇ ਲੁਕ-ਲੁਕ ਦੇਖਦੇ ਹੋਣਗੇ। ਬਈ ਉਹ ਆਤਿਸਬਾਜ਼ੀ ਉਚੀ ਗਈ ਐ, ਉਹਦੇ ਅਨਾਰ ਨੇ ਜਿਆਦਾ ਚਾਨਣ ਕੀਤਾ। ਬੱਚਿਆਂ ਦੇ ਭਲੇ ਲਈ ਬਾਹਰ ਨਿਕਲੇ ਸੀ, ਸਗੋਂ ਰੋਟੀ ਕੰਨੀਓ ਵੀ ਮੁਹਤਾਜ ਹੋ ਗਏ। ਨਾ ਕੋਈ ਦੁੱਖ-ਸੁੱਖ ਦਾ ਰਾਬਤਾ ਨਾ ਚਿੱਠੀ-ਨਾ ਪੱਤਰ/ਐਵੇਂ ਈ ਮੂੰਹ ਕਾਲਾ ਕੀਤਾ, ਅਮਲੀ ਛੱਡਿਆ ਸ਼ਰਾਬੀ ਕੀਤਾ ਫੇਰ ਵੀ ਖਾਲੀ ਰਿਹਾ ਆਟੇ ਵਾਲਾ ਪੀਪਾ।"

ਸੁੱਖੇ ਨੇ ਉਸਦੀ ਗੱਲ ਨੂੰ ਹੋਰ ਪਾਸੇ ਪਾਉਣ ਲਈ ਆਪਦੇ ਬਾਬੇ ਦੀ ਗੱਲ ਤੋਰੀ, "ਮੈ ਆਪਦੇ ਬਾਬੇ ਨੂੰ ਦੱਸਿਆ, ਬਈ ਬਾਬਾ ਮੈਂ ਲਿਬਨਾਨਾਂ ਚੱਲਿਆਂ ਮੇਰਾ ਬਾਬਾ ਕਹਿੰਦਾ ਉਏ ਸੁੱਖਿਆ ਤੈਨੂੰ ਇਥੇ ਕਾਹਦਾ ਘਾਟਾ;, ਵਧੀਆ ਜਮੀਨ ਜਾਇਦਾਦ ਆ ਨਿਆਈਂ ਦੀ ਝੋਟੇ ਦੇ ਸਿਰ ਅਰਗੀ। ਸੁੱਖ ਨਾਲ ਸਾਰਾ ਸੰਦ-ਸੰਦੇਲਾ ਵੀ ਹੈਗਾ ਏ ਅਰਾਮ ਨਾਲ ਖੇਤੀ ਕਰ, ਦੱਬ ਕੇ ਵਾਹ ਤੇ ਰੱਜ ਕੇ ਖਾਹ।"

ਮੈਂ ਕਿਹਾ, "ਬਾਬਾ ਚਾਰ ਸਾਲ ਲਾ ਆਉਦੇ ਆਂ। ਫੇਰ ਦੇਖੀ ਪਿੰਡ 'ਚ ਜੱਟ ਦੀ ਝੰਡੀ।" ਫੇਰ ਮੇਰੇ ਮੂੰਹ ਵੱਲ ਧਿਅਨ ਨਾਲ ਦੇਖ ਕੇ ਅਖਾਂ ਵਿੱਚ ਪਾਣੀ ਭਰ ਆਇਆ। "ਤੂੰ ਹੁਣ ਵੱਡਾ ਹੋ ਗਿਆ, ਸਮਝਦਾਰ ਵੀ ਆ। ਪਰ ਜੇ ਜਾਣਾ ਈ ਆ ਅਮਰੀਕਾ ਜਾਹ, ਵਲੈਤ ਜਾਹ...। ਆਹ ਕੀ ਲਿਬਨਾਨ ਮੈਂ ਤਾਂ ਕਦੇ ਸੁਣਿਆ ਵੀ ਨਹੀ। ਤੂੰ ਵੀ ਯਾਰ ਗੂੰਹ ਨੂੰ ਦੇਖ ਕੇ ਰੋਜੇ ਖੋਹਲ ਲੈਨਾ।"

ਫੇਰ ਮੈਂ ਉਸਨੂੰ ਨਕਸੇ ਤੇ ਦਿਖਾਉਣ ਦੀ ਕੋਸ਼ਿਸ਼ ਕੀਤੀ। ਉਹ ਐਨਕਾਂ ਵਿਚ ਦੀ ਅੱਖਾਂ ਤੇ ਪਰਾ ਜ਼ੋਰ ਪਾ ਕੇ ਬੋਲਿਆ, "ਆਹ ਛੋਟੀ ਜਿਹੀ ਬਿੰਦੀ, ਆਹ ਵੀ ਕੋਈ ਦੇਸ ਆ ਕੁੱਤੀ ਦੇ ਪਹੁੰਚੇ ਜਿੰਨਾ।" ਉਸ ਵਕਤ ਬਾਬੇ ਦੀ ਗੱਲ ਬੜੀ ਖਟਕੀ। ਪਰ ਆਉਲੇ ਦਾ ਖਾਧਾ ਸਿਆਣੇ ਦਾ ਕਿਹਾ ਸਵਾਦ ਤਾਂ ਬਾਅਦ 'ਚ ਆਉਂਦਾ।

" ਤਾਂਹੀ ਆਹ ਆਪਣੀ ਮਾਲਾ ਨੇ ਸੁਆਦਾਂ ਦੀ ਪੱਟੀ ਨੇ ਤੀਜੀ ਮੰਜਿਲ ਤੋਂ ਛਾਲ ਮਾਰਤੀ..... ਜਾਨ ਦੀ ਪ੍ਰਵਾਹ ਨਾ ਕੀਤੀ।" ਸੇਰੀ ਦੀ ਗੱਲ ਸਣਕੇ ਮਹਿਫਲ ਵਿਚ ਹਾਸੜ ਮੱਚ ਗਈ।

ਫੈਕਟਰੀ ਤੋਂ ਸਟੋਰ ਖਾਣ-ਪੀਣ ਦਾ ਸਮਾਨ ਖਰੀਦਣ ਲਈ, ਇਬੇਤ ਤੋਂ ਡਰਦਿਆਂ ਹਮੇਸ਼ਾ, ਸ਼ੋਰਟ-ਕੱਟ (ਡੰਡੀਆਂ ਵਿਚਦੀ) ਜਾਣਾ ਹੁੰਦਾ ਸੀ। ਰਸਤੇ ਵਿਚ ਲਿਬਲਾਨੀ ਬਜ਼ੁਰਗ ਜੋੜਾ ਤੀਜਾ ਮੰਜਿਲ ਤੇ ਰਹਿੰਦਾ ਸੀ। ਉਨਾਂ ਦੇ ਘਰ ਦਾ ਕੰਮ ਕਾਜ ਕਰਨ ਵਾਲੀ ਸ਼੍ਰੀ ਲੰਕਾ ਤੋਂ ਮਾਲਾ ਦੋ ਸਾਲ ਕੰਟਰੈਕਟਰ ਆਈ ਹੋਈ ਸੀ। ਬਜ਼ੁਰਗ ਜੋੜਾ ਕਾਫੀ ਸਖਤ ਸੁਭਾਅ ਦਾ ਸੀ। ਉਸ ਉਪਰ ਸਖਤ ਪਹਿਰਾ ਰਖਦੇ ਰਾਤ ਨੂੰ ਸੌਣ ਵਾਲੇ ਮੇਨ ਦਰਵਾਜੇ ਨੂੰ ਜਿੰਦਰਾ ਲਾ ਕੇ ਸੌਂਦੇ ਸਨ। ਕਿਉਂਕਿ ਸਮੇਂ ਦੀ ਹਵਾ ਐਸੀ ਸੀ।ਬਹੁਤ ਸ਼੍ਰੀ ਲੰਕਾ

ਵਾਲੀਆਂ ਪੰਜਾਬੀ ਮੁੰਡਿਆਂ ਨਾਲ ਭੱਜ ਰਹੀਆਂ ਸਨ।

ਇਕ ਦਿਨ ਮਾਲਾ ਬਾਲਕੋਨੀ ਵਿਚ ਖੜੀ ਵਾਲ ਸੁਕਾ ਰਹੀ ਸੀ। ਮਾਲਾ ਦੀ ਅੱਖ ਜਦੋਂ ਸੁੱਖੇ ਨਾਲ ਮਿਲੀ। ਹਰ ਰੋਜ਼ ਬਜੁਰਗ ਜੋੜੇ ਤੋਂ ਅੱਖ ਬਚਾ ਕੇ ਸੁੱਖੇ ਨਾਲ ਅੱਖ ਮਿਲਾਉਣ ਲਈ ਇੰਤਰਾਜ਼ ਕਰਦੀ।

ਇਕ ਦਿਨ ਸੁੱਖੇ ਨੇ ਗਿਆਰਾ ਵਜੇ ਵਕਤ ਲਿਖ ਕੇ ਰੋੜੇ ਪਾ ਕੇ ਪਰਚੀ ਸੁੱਟ ਦਿੱਤੀ। ਰਾਤ ਦੇ ਗਿਆਰਾਂ ਵਜੇ ਉਹ ਮੋਟਾ ਕੰਬਲ ਲੈ ਕੇ ਉੱਥੇ ਪਹੁੰਚ ਗਏ। ਬਜੁਰਗ ਜੋੜਾ ਗੂਹੜੀ ਨੀਂਦ ਵਿਚ ਸੌਂ ਰਿਹਾ ਸੀ। ਉਨਾਂ ਨੇ ਕੰਬਲ ਦੇ ਚਾਰੇ ਲੜ ਫੜ ਲਏ। ਮਾਲਾ ਆਪਣੇ ਚਾਰ ਕੱਪੜੇ ਬੈਗ ਵਿੱਚ ਪਾ ਕੇ ਪਹਿਲਾਂ ਹੀ ਇੰਤਜ਼ਾਰ ਕਰ ਰਹੀ ਸੀ। ਮਾਲਾ ਨੇ ਕੰਬਲ ਤੇ ਛਾਲ ਮਾਰ ਦਿੱਤੀ। ਮਾੜਕੂ ਜਿਹੇ ਪਾਲੇ ਤੋਂ ਕੰਬਲ ਦਾ ਲੜ ਛੁੱਟ ਗਿਆ। ਮਾਲਾ ਦਾ ਗੋਡਾ ਪੱਕੀ ਜਮੀਨ ਤੇ ਠੁੱਕ ਗਿਆ।

"ਚੱਜ ਨਾਲ ਨਹੀਂ ਫੜ ਹੁੰਦਾ ਥੋੜੀ ਝੁਲਸ ਲੈਂਦਾ।" ਸੁੱਖਾ ਝਈ ਲੈ ਕੇ ਪਿਆ।

ਦੇਖਿਆ ਆਉਂਦੀ ਦਾ ਹੀ ਹੇਜ ਆਉਣ ਲੱਗ ਪਿਆ। ਪਾਲੇ ਨੇ ਗੁੱਝੀ ਮਾਰੀ।

ਸਟਰੀਟ ਲਾਈਟ ਦੇ ਥੱਲਿਓ ਲੰਘਦਿਆਂ, ਪਾਲੇ ਨੇ ਮੁੜ ਕੇ ਦੇਖਿਆ ਸੁੱਖਾ ਲੱਤ ਘੜੀਸਦੀ ਮਾਲਾ ਨੂੰ ਸਹਾਰਾ ਦੇ ਕੇ ਤੁਰਿਆ ਆ ਰਿਹਾ ਸੀ। ਮਾਲਾ ਦੇ ਚੇਹਰੇ ਤੇ ਦਰਦ ਅਤੇ ਭੈਅ ਦੇ ਹਾਵ ਭਾਵ ਦੂਰੋਂ ਚਮਕ ਰਹੇ ਸਨ। ਪਾਲੇ ਨੇ ਥੋੜ੍ਹਾ ਰੁਕ ਕੇ ਉਨਾਂ ਨੂੰ ਨਾਲ ਰਲਾਉਂਦਿਆਂ ਮਜਾਕ ਕੀਤਾ..... "ਹੈ ਬਾਈ ਬਾਲਕੋਨੀ ਵਿਚ ਖੜੀ ਤਾਂ ਮੋਰਨੀ ਲੱਗਦੀ ਸੀ। ਹੁਣ ਤਾਂ ਜਾਣੀ ਖਰਸ ਖਾਧੀ ਗੁਟਾਰ ਵਾਂਗ ਲੱਗਦੀ ਆ।"

ਫੈਕਟਰੀ ਵਿੱਚ ਪਹੁੰਚ ਕੇ ਸੁੱਖੇ ਨੇ ਤੇਲ ਗਰਮ ਕਰਕੇ ਮਾਲਿਸ਼ ਸ਼ੁਰੂ ਕਰ ਦਿੱਤੀ ਸੇਰੀ ਨੇ ਪੰਜ ਪੈਗ ਬਣਾਏ, "ਨੈ ਬਈ ਸੁੱਖਿਆ ਪਿਲਾ ਘੁੱਟ ਭਰਜਾਈ ਨੂੰ ਇਹਦਾ ਵੀ ਦਰਦ ਦੂਰ ਹੋਵੇ।"

ਹੈਂ ਬਾਈ ਪਿੰਜਣੀਆਂ ਤਾਂ ਦੇਖ ਇਹਦੀਆਂ ਜਿਵੇਂ ਗਰਮ ਚਾਹ ਨਾਲ ਮੱਚੀਆਂ ਹੋਣ। ਸੇਰੀ ਨੇ ਪੈਗ ਅੰਦਰ ਸੁਟਦਿਆਂ ਕਿਹਾ। ਹੈਂ ਬਾਈ ਤੈਨੂੰ ਪਤਾ ਬਈ ਇਨ੍ਹਾਂ ਨੂੰ ਸਰਾਪ ਮਿਲਿਆ ਹੋਇਆ?... ਸੀਤਾ ਮਾਤਾ ਨੇ ਦਿੱਤਾ ਸੀ ਕਿ ਜਿਵੇਂ ਤੂੰ ਭਟਕਿਆ ਫਿਰਦੈਂ ਤੇਰੀਆਂ ਬਹੂ-ਬੇਟੀਆਂ ਵੀ ਇੱਦਾਂ ਹੀ ਭਟਕਣ।"

"ਹੇ ! ਮਾਤਾ ਇਧਰ ਵੀ ਨਜਰ ਸਵੱਲੀ ਕਰ।" ਵੰਤ ਨੇ ਹਾਉਕਾ ਭਰਦਿਆ ਕਿਹਾ। ਮਾਲਾ ਡੌਰ ਭੌਰ ਹੋਈ ਸੱਜ ਵਿਆਹੀ ਵਾਂਗ ਉਨਾਂ ਦੇ ਮੂੰਹ ਵੱਲ ਦੇਖੀ ਜਾ ਰਹੀ ਸੀ।

ਪਾਲਾ ਮਸਤੀ ਨਾਲ ਮਾਲਾ ਨੂੰ ਟੁੱਟੀ ਭੁੱਜੀ ਸ਼੍ਰੀ ਲੰਕਾ ਦੀ ਭਾਸਾ ਵਿੱਚ ਬੋਲਿਆ "ਇੰਡ-ਮਿੰਡ ਕਤਾ ਕਰਿੰਡ।" (ਇਧਰ ਆ ਜਾ ਗੱਲਾ ਕਰੀਏ) ਉਸਦੀ ਟੁੱਟੀ ਭੱਜੀ ਬੋਲੀ ਸੁਣ ਕੇ ਮਾਲਾ ਖਿੜ ਖਿੜਾਕੇ ਹੱਸੀ।

"ਤੈਨੂੰ ਤਾਂ ਇਨ੍ਹਾਂ ਦੀ ਬੋਲੀ ਵੀ ਆਉਂਦੀ ਏ?" ਸੇਰੀ ਨੇ ਹੈਰਾਨੀ ਨਾਲ ਪੁੱਛਿਆ।

"ਲੈ ਬਾਈ ਇਨ੍ਹਾਂ ਦੀ ਬੋਲੀ ਕੋਈ ਔਖੀ ਆ.... ਬੱਸ ਝੋਲੇ ਵਿਚ ਅੱਠ ਦਸ ਵੱਟੇ ਪਾ ਲਵੋ ਤੇ ਖੜਕਾਈ ਜਾਵੋ।" ਪਾਲਾ ਹੱਥ ਤੇ ਹੱਥ ਮਾਰਕੇ ਉੱਚੀ ਉੱਚੀ ਹੱਸਿਆ।

"ਚੱਲ ਬੱਸ ਕਰੋ ਸੌਂ ਜਾਵੋ। ਬਹੁਤ ਹੋ ਗਈਆਂ ਚਹੇਡਾ।" ਰੱਖੇ ਨੇ ਖਿਝ ਕੇ ਕਿਹਾ।

"ਆਹੋ ਤੈਨੂੰ ਤਾਂ ਅਸੀਂ ਕਬਾਬ ਵਿਚ ਹੱਡੀ ਲਗਦੇ ਹੋਵਾਂਗੇ। ਦੇਖਿਆ ਬਾਈ ਅੱਜੇ ਤੋੜ ਗਿਆ ਆੜੀ।"

ਇਬੇਤ ਪਾਰਟੀ ਦੇ ਕਾਰਕੁੰਨਾ ਨੂੰ ਪਤਾ ਸੀ ਕਿ ਕਿਹੜੇ ਪੰਜਾਬੀ ਕਿੱਥੇ ਰਹਿੰਦੇ। ਜੇ ਕਦੇ ਉਨਾ ਨੂੰ ਬੰਦਿਆਂ ਦੀ ਜਰੂਰਤ ਹੁੰਦੀ। ਉਹ ਕਦੇ ਉਨ੍ਹਾਂ ਨੂੰ ਰਸਤੇ ਵਿਚ ਉਠਾ ਲੈਂਦੇ। ਜੇ ਰਸਤੇ ਵਿਚ ਨਾ ਟੱਕਰਦੇ ਤਾਂ ਉਨ੍ਹਾਂ ਦੇ ਠਿਕਾਣਿਆਂ ਤੋਂ ਚੁੱਕ ਲੈਂਦੇ।

ਇਕ ਸ਼ਾਮ ਨੂੰ ਸੇਰੀ ਅਤੇ ਬੰਤ ਸ਼ਾਮ ਦਾ ਜੁਗਾੜ ਬਣਾਉਣ ਲਈ ਫੈਕਟਰੀ ਦੇ ਪਿਛਲੇ ਛੋਟੇ ਦਰਵਾਜੇ ਰਾਹੀਂ ਬਾਹਰ ਹੀ ਨਿਕਲੇ ਸਨ, ਮਾਲਾ ਦੀ ਮੱਛੀ ਮੁੱਕੀ ਹੋਣ ਕਰਕੇ ਉਹ ਵੀ ਉਨ੍ਹਾਂ ਦੇ ਪਿੱਛੇ-ਪਿੱਛੇ ਹੋ ਗਈ।

ਇੰਨੇ ਨੂੰ ਇਬੇਤ ਵਾਲਿਆਂ ਦਾ ਵੱਡਾ ਸਾਰਾ ਟਰੱਕ ਵੱਡੇ ਗੇਟ ਰਾਹੀਂ ਅੰਦਰ ਦਾਖਲ ਹੋਇਆ, ਚੀਕਵੇਂ ਬਰੇਕਾਂ ਨਾਲ ਮੁੱਖੇ ਅਤੇ ਪਾਲੇ ਦੇ ਕੋਲ ਆ ਕੇ ਰੁਕਿਆ ਚਾਰ ਬੰਦੇ ਹਥਿਆਰ ਲੈਸ ਮੁੱਖੇ ਅਤੇ ਪਾਲੇ ਦੇ ਆਲੇ ਦੁਆਲੇ ਖੜੇ ਹੋ ਗਏ। ਉਨ੍ਹਾਂ ਨੂੰ ਇਕ ਬੰਦੇ ਦੀ ਜਰੂਰਤ ਸੀ ਉਹ ਦੋਹਾਂ ਦੇ ਮੂੰਹਾਂ ਵੱਲ ਤੇ ਫੇਰ ਸਰੀਰਾਂ ਵੱਲ ਦੇਖਦੇ ਜਾਇਜ਼ਾ ਲੈ ਰਹੇ ਹਲ। ਕਿ ਕੌਣ ਉਨ੍ਹਾਂ ਦੇ ਕੰਮ ਦੀ ਤਾਬ ਝੱਲ ਸਕਦਾ ਹੈ।

ਸੁੱਖਾ ਮਧਰੇ ਕੱਦ ਦਾ, ਗਠਿਆ ਸਰੀਰ ਭਰਵੀਂ ਕੱਟੀ ਹੋਈ ਦਾੜ੍ਹੀ ਅਤੇ ਮੁੱਛ ਪੂਰੀ ਖੜੀ। ਪਾਲਾ ਪਤਲਾ ਇਕਹਰੇ ਸਰੀਰ ਵਾਲਾ ਪਰ ਦੇਖਣ ਨੂੰ ਚੀਹੜਾ ਜਾਪਦਾ ਸੀ।

ਇਕ ਨੂੰ ਜਾਣਾ ਤਾਂ ਪੈਣਾ ਸੀ, ਸੁੱਖਾ ਕਹੇ ਮੈਨੂੰ ਲੈ ਚੱਲੋ, ਪਾਲਾ ਕਹੇ ਮੈਂ ਤੁਹਾਡੇ ਨਾਲ ਚਲਦਾ ਹਾਂ। ਪਰ ਉਨ੍ਹਾਂ ਨੇ ਸੁੱਖੇ ਨੂੰ ਨਾਲ ਤੋਰ ਲਿਆ। ਸੁੱਖੇ ਨੇ ਆਪਣੀ ਆਦਤ ਮੁਤਾਬਿਕ ਮੁੱਛ ਨੂੰ ਵਟਾ ਦਿੱਤਾ।

ਇਬੇਤ ਵਾਲੇ ਪਤਲੇ-ਤਿੱਖੇ ਜਿਹੇ ਮੁੰਡੇ ਬੜੀ ਬੇਰਹਿਮੀ ਨਾਲ ਬੰਦੂਕ ਦਾ ਮੁੱਠਾ ਉਸਦੇ ਗੁੱਟ ਤੇ ਮਾਰਿਆਂ, ਵਜਦੇ ਸਾਰ ਹੀ ਗੁੱਟ ਦਾ ਹੱਡ ਬਾਹਰ ਆ ਗਿਆ।

"ਓਏ ਹਿੰਦੀ ਗਧੇ ਤੂੰ ਸਾਡੀ ਅਣਖ ਨੂੰ ਵੰਗਾਰਦਾ ਏ।ਮੁੱਛ ਥੱਲੇ ਕਰ ਹਰਾਮੀ।" ਕਹਿੰਦਿਆ ਉਸਨੇ ਹੋਰ ਬਹੁਤ ਜੋਰ-ਜੋਰ ਦੀ ਮਾਰਿਆ।

ਦਰਦ ਅਤੇ ਗੁੱਸੇ ਨਾਲ ਭਰਿਆ ਮੁੱਖਾ, ਬੜੀ ਮੁਸ਼ਕਿਲ ਨਾਲ ਆਪਦੇ ਆਪ ਤੇ ਕਾਬੂ ਕਰ ਸਕਿਆ।

ਉਨਾਂ ਨੇ ਪਾਲੇ ਨੂੰ ਨਾਲ ਤੋਰਦਿਆਂ ਕਿਹਾ, "ਤੂੰ ਚੱਲ ਓਏ ਅਸੀਂ ਹਟਾਉਨੇ ਆਂ ਤੁਹਾਡੀਆਂ ਆਦਤਾਂ।" ਉਹ ਹਫਤੇ ਦਸ ਦਿਨ ਬਾਦ ਬੰਦਾ ਵਾਪਸ ਭੇਜ ਦਿੰਦੇ।

ਪਰ ਪਾਲਾ ਵਾਪਸ ਨਹੀਂ ਆਇਆ।

ਪਾਲੇ ਨੂੰ ਉਡੀਕਦੇ ਉਡੀਕਦੇ ਕਿੰਨੇ ਹੀ ਦਿਨ ਗੁਜਰ ਗਏ ਸਨ। ਫੈਕਟਰੀ ਵਿਚ ਇਕ ਉਦਾਸੀ ਜਿਹੀ ਛਾ ਗਈ ਸੀ। ਪਾਲੇ ਬਿਨਾਂ ਮਹਿਫ਼ਲ ਲੱਗਣੋ ਬੰਦ ਹੋ ਗਈ ਸੀ। ਤਿੰਨੇ ਜਣੇ ਮੋਟੇ-ਮੋਟੇ ਪੈਗ ਮਾਰ ਕੇ ਰੋਟੀ ਖਾ ਕੇ ਸੌ ਜਾਂਦੇ। ਪੰਜਾਬ ਵਿੱਚ ਤਾਂ ਉਸਦੇ ਤਿੰਨੇ ਬੱਚੇ ਉਡੀਕ ਕਰਦੇ ਕਰਦੇ ਜਵਾਨ ਹੋ ਗਏ ਸੀ, ਘਰ ਵਾਲੀ ਬਹੁਤ ਪਹਿਲਾਂ ਮਰਿਆ ਸਮਝ ਖੁਦ ਜ਼ਿੰਦਗੀ ਜਿਉਣਾ ਸਿੱਖ ਗਈ।

ਇਕ ਦਿਨ ਸੇਰੀ ਅਤੇ ਸੁੱਖਾ ਨਹਿਰੇ ਇਬਰਾਹਿਮ ਗੁਰਦੁਆਰੇ ਗੁੱਟ ਬਨਵਾਉਣ ਗਏ। ਉਥੇ ਮੇਲੀ ਦੇ ਬਾਗ ਵਾਲਾ ਜੰਗੀਰਾ ਮਿਲ ਗਿਆ। ਜ਼ੋ ਇਬੇਤ ਵਾਲਿਆਂ ਨੇ ਦੋ ਹਫਤੇ ਬਾਅਦ ਛੱਡਿਆ, ਗੁਰੂ ਘਰ ਮੱਥਾ ਟੇਕਣ ਆਇਆ ਸੀ, ਉਸਨੇ ਮੁੱਖੇ ਨੂੰ ਦੱਸਿਆ ਕਿ "ਪਾਲੇ ਨਾਲ ਤਾਂ ਬਹੁਤ ਬੁਰੀ ਹੋਈ।"

"ਕੀ ਹੋਇਅ?" ਮੁੱਖੇ ਦਾ ਮੂੰਹ ਹੈਰਾਨੀ ਨਾਲ ਅੱਡਿਆ ਹੀ ਰਹਿ ਗਿਆ।

ਪੁੱਛ ਨਾ ਯਾਰ, ਸਾਰੀ ਰਾਤ ਵਿਚਾਰਾ ਮੇਰੇ ਨਾਲ, ਗੋਲੇ ਬਾਰੂਦ ਢਾਹੁੰਦਾ ਰਿਹਾ, ਉਪਰੋ ਜੋਰ ਜੋਰ ਦੀ ਮੀਂਹ ਪੈ ਰਿਹਾ ਸੀ। ਜਦੋਂ ਮੀਂਹ ਥੋੜਾ ਘਟਿਆ ਰਾਤ ਦੇ ਬਾਰਾਂ ਵੱਜ ਗਏ ਸੀ, ਦੋ ਬੰਦੇ ਮੈਨੂੰ ਛੱਡਣ ਤੁਰੇ, ਉਸਨੇ ਤਰਲਾ ਕੀਤਾ, "ਮੈਨੂੰ ਵੀ ਹੁਣ ਛੱਡ ਦੇਵੋ।"

ਮੇਰੇ ਨਾਲ ਤੁਰਿਆ ਆਉਂਦਾ ਇਕ ਪਤਲਾ ਤਿੱਖਾ ਜਿਹਾ ਲਿਬਨਾਨੀ ਉਸਨੂੰ ਭੱਜ ਕੇ ਪਿਆ, " ਚੁੱਪ ਓਏ ਤੇਰੀ ਵਾਰੀ ਵੀ ਆਊ। ਜਿੰਨਾ ਤੂੰ ਸਾਨੂੰ ਕਹੇਗਾਂ ਉਨੇ ਹੀ ਤੇਰੇ ਦਿਨ ਵਧਦੇ ਜਾਣਗੇ।"

ਅਸੀਂ ਅਜੇ ਮੋਰਚੇ ਤੋਂ ਬਾਹਰ ਹੀ ਨਿਕਲੇ ਹੋਵਾਂਗੇ, ਇਕ ਬੜਾ ਸਾਰਾ ਗੋਲਾ ਉਨ੍ਹਾਂ ਦੇ ਮੋਰਚੇ ਤੇ ਡਿੱਗਿਆ। ਉੱਥੇ ਦੋ ਤਿੰਨ ਆਪਣੇ ਮੁੰਡੇ ਅੱਠ ਦੱਸ ਲਿਬਨਾਨੀ ਸਭ ਖਖੜੀ-ਖਖੜੀ ਕਰਤੇ। ਯਾਰ ਮੈਨੂੰ ਪਾਲੇ ਦਾ ਲਿਬਲਾਨੀ ਅੱਗੇ ਕੀਤਾ ਤਰਲਾ ਜ਼ੋ ਆਖਰੀ ਵਾਰ ਮੇਰੇ ਕੰਨਾ ਵਿੱਚ ਪਿਆ, ਉਹੀ ਮੇਰੇ ਦਿਮਾਗ ਵਿੱਚ ਵੀ ਵਾਰ ਵਾਰ ਗੂੰਜੀ ਜਾਂਦਾ।

ਫਿਰ ਖਬਰ ਸੁਣਕੇ ਸੁੱਖਾ ਧੁਰ ਅੰਦਰ ਤੱਕ ਗੁੱਸੇ ਨਾਲ ਫਟ ਰਿਹਾ ਸੀ। ਫੇਰ ਇੱਕ ਦਮ ਗੁੰਮ-ਸੁੰਮ ਜਿਹਾ ਹੋ ਗਿਆ। ਫੇਰ ਜ਼ੋਰ ਦੀ ਚਲਾਉਂਦਾ ਹੋਇਆ ਬੋਲਿਆ, "ਮੈਨੂੰ ਉਹ ਪਤਲਾ ਜਿਹਾ ਕਮੀਨਾ ਇਕ ਵਾਰ ਟੱਕਰ ਜਾਵੇ ਫੇਰ ਦੇਖੀ ਉਸਦਾ ਮੈਂ ਕੀ ਕਰਦਾ।"

ਪਤਾ ਨਹੀਂ ਕਿਵੇਂ? ਬਹੁਤ ਪੁਰਾਣੀ ਚਿੱਠੀ ਰੁਲਦੀ-ਖੁਲਦੀ ਹੋਈ ਸੇਰੀ ਨੂੰ ਮਿਲੀ। ਚਿੱਠੀ ਦੇਖ ਕੇ ਉਹ ਬਹੁਤ ਭਾਵੁਕ ਹੋ ਗਿਆ, ਉਸਦੇ ਦੋ ਹੰਝੂ ਚਿੱਠੀ ਦੇ ਉਪਰ ਡਿੱਗੇ। ਉਸਨੇ ਘੁੱਟ ਕੇ ਛਾਤੀ ਨਾਲ ਲਾਈ।

ਤਾਏ ਦੇ ਮੁੰਡੇ ਦੀ ਲਿਖੀ ਹੋਈ ਸੀ, 'ਸੇਰੀ ਸਾਰਾ ਕੁਝ ਖਤਮ ਹੋ ਗਿਆ, ਤੇਰੀ ਘਰਵਾਲੀ ਭੱਜ ਗਈ, ਇਹ ਸਦਮਾ ਨਾ ਸਹਿੰਦਾ ਹੋਇਆ ਤੇਰੇ ਬਾਪੂ ਵੀ ਚੱਲ ਵਸਿਆ। ਤੇਰੀ ਮਾਂ ਦੇ ਦਿਮਾਗ ਤੇ ਡੂੰਘਾ ਅਸਰ ਪੈ ਗਿਆ, ਉਹ ਦਿਨ ਰਾਤ ਝੱਲਿਆਂ ਵਾਂਗ ਤੁਰੀ ਫਿਰੀ ਜਾਂਦੀ ਏ, ਤੈਨੂੰ ਯਾਦ ਕਰਦੀ ਕਿ 'ਮੇਰਾ ਸੇਰੀ ਤੁਸੀਂ ਦੇਖਿਆ....ਹਾਂ ਰਾਤ ਆਇਆ ਸੀ, ਬਹੁਤ ਪੈਸੇ ਲੈ ਕੇ ਆਇਆ। ਮੇਰੇ ਵਾਸਤੇ ਵਾਲੀਆਂ ਲੈ ਕੇ ਆਇਆ, ਆਪਦੇ ਬਾਪੂ ਨੂੰ ਘੜੀ।' ਤੂੰ ਤਾਂ ਯਾਰ ਨਿਰਮੋਹਾ ਹੀ ਹੋ ਗਿਆ। ਜੇ ਤੇ ਇਥੇ ਵਿਆਹ ਕਰਵਾ ਲਿਆ ਇਕ ਵਾਰ ਆ ਕੇ ਆਪਦੀ ਮਾਂ ਨੂੰ ਹੀ ਮਿਲਜਾ ਨਹੀਂ ਤਾਂ ਵਿਚਾਰੀ ਉਹ ਵੀ ਤੇਰੀ ਉਡੀਕ ਕਰਦੀ-ਕਰਦੀ ਚੱਲ ਵਸੇਗੀ। —ਤੇਰਾ ਆਪਣਾ ਜੁਗਰਾਜ

ਸੇਰੀ ਦੀ ਚਿੱਠੀ ਪੜ੍ਹਕੇ ਡੁੱਬ ਨਿਕਲ ਗਈ। ਉਸਦੇ ਅੰਦਰ ਅਚੋਤਾਈ ਲੱਗ ਗਈ। ਲਿਬਨਾਨ ਤੋਂ ਫਲਾਇਟਾਂ ਤਾਂ ਬੰਦ ਸਨ। ਪਰ ਕੁਝ ਕੁ ਬੰਦੇ ਸਾਈਪਰਸ ਤੱਕ ਸ਼ਿੱਪ ਵਿੱਚ ਉਥੋਂ ਫਲਾਇਟ ਲੈ ਕੇ ਗਏ ਸਨ। ਪਰ ਹੁਣ ਤਾਂ ਲੜਾਈ ਜਿਆਦਾ ਹੋਣ ਕਰਕੇ ਉਹ ਵੀ ਬੰਦ ਕਰ ਦਿੱਤਾ ਸੀ। ਉਸਦਾ ਦਿਲ ਕਰਦਾ ਖੰਭ ਲਾ ਕੇ ਉੱਡ ਜਾਵੇ। ਆਪਣੀ ਮਾਂ ਦੇ ਗੋਦ ਵਿੱਚ ਸਿਰ ਰੱਖ ਕੇ ਰੱਜ ਕੇ ਰੋਵੇ।

ਉਸਨੂੰ ਸੁਖੇ ਨੇ ਸਮਝਾਉਣਾ, "ਇਹੋ ਜਿਹੇ ਮੌਕੇ ਦਿਲ ਤੋਂ ਨਹੀਂ ਦਿਮਾਗ ਤੋਂ ਕੰਮ ਲਈਦਾ। ਲਗਦਾ ਹਾਲਤ ਸੁਧਰ ਜਾਣਗੇ ਫੌਜਾਂ ਦੇ ਜਰਨਲ ਮਸੇਨਲੋਹ ਦਾ ਫੇਰ ਬਿਆਨ ਆਇਆ ਸੀ ਬਈ ਜਲਦੀ ਸਾਰੇ ਕਾਸੇ ਦੇ ਕਾਬੂ ਪਾ ਲਿਆ ਜਾਵੇਗਾ।"

"ਯਾਰ ਮਸੇਨਲੋਨ ਦਾ ਵੀ ਦੋ ਵਾਰੀ ਬਿਆਨ ਆਇਆ। ਭਲਾ ਬਿਆਨਾ ਨਾਲ ਸ਼ਾਂਤੀ ਹੁੰਦੀ ਦੇਖੀ ਆ ਕਿਤੇ...।"

"ਇਹ ਇਬੇਤ ਵਾਲੇ ਸੈਕੜੇ ਘਰ ਰੋਜ਼ ਉਜਾੜ ਕੇ ਕਿਹੜੇ ਆਪਣੇ ਘਰ ਦੀ ਗੱਲ ਕਰਦੇ ਨੇ। ਕੁੱਤੀ ਦੇ ਪਹੁੰਚੇ ਜਿੰਨਾ ਲਿਬਨਾਨ, ਇਜ਼ਰਾਇਲ ਦੀ ਚੱਕ ਵਿੱਚ ਉਹਦੇ ਵਿੱਚ ਵੀ ਵੰਡੀਆਂ ਪਾਉਣ ਨੂੰ ਫਿਰਦੀ ਆ ਬੀਚਰੀ ਹੋਈ ਮੰਡੀਹਰ।" ਸੇਰੀ ਦਾ ਗੱਚ ਭਰ ਆਇਆ।

"ਜਿੰਨਾ ਚਿਰ ਇਨ੍ਹਾਂ ਦੇ ਮੁੱਖੀ ਸ਼ਮੀਰ ਜ਼ਾਜੇ ਨੂੰ ਨਹੀਂ ਫੜਦੇ ਜਾਂ ਮਾਰਦੇ ਉਨਾ ਚਿਰ ਨਹੀਂ ਸਿਰਫਿਰੀ ਮੰਡੀਹਰ ਕਾਬੂ ਆਉਂਦੀ।" ਵੰਤ ਨੇ ਸੌ ਦੀ ਇੱਕ ਸੁਣਾਈ।

"ਉਹ ਗੰਜਾ ਕਰੋੜਪਤੀ ਆ, ਪੈਸੇ ਵਾਲੇ ਨੂੰ ਕਾਬੂ ਕਰਨਾ ਇਨ੍ਹਾਂ ਸਰਕਾਰਾਂ ਦੇ ਵਸ ਨਹੀਂ? ਇਹ ਤਾਂ ਉਨਾਂ ਦੀਆਂ ਰਖੇਲਾਂ ਨੇ।" ਸੇਰੀ ਨੇ ਭੜਾਸ ਕੱਢੀ।

ਇਕ ਦਿਨ ਸੁੱਖੇ ਦੀ 'ਮਾਮਲ' ਕੋਲ ਤਿੰਨ ਗੋਲੇ ਡਿੱਗੇ। ਉਸੇ ਰਾਤ ਇਬੇਤ ਵਾਲਿਆਂ ਦਾ ਟਰੱਕ ਆਇਆ। ਉਹ ਸੁੱਖੇ ਤੋਂ ਪੁੱਛ ਪੜਤਾਲ ਕਰਨ ਲੱਗੇ। ਉਨਾਂ ਵਿਚ ਇਕ ਉਹੀ ਪਤਲਾ ਲਿਬਨਾਨੀ ਵੀ ਸੀ ਜਿਸਨੇ ਸੁੱਖੇ ਦਾ ਗੁੱਟ ਤੋੜਿਆ ਸੀ। ਸੁੱਖੇ ਦਾ ਉਸਨੂੰ ਦੇਖ ਕੇ ਖੂਨ ਉਬਾਲੇ ਖਾਣ ਲੱਗਿਆ। ਉਹ ਬਘਿਆੜ ਵਾਂਗ ਉਸਤੇ ਝਪਟ ਪਿਆ, ਉਸਦੀ ਵੱਖੀ ਵਿਚ ਹੁੱਜਾ ਮਾਰ ਮਾਰ ਕਹਿਣ ਲੱਗਿਆ, "ਸੂਰ ਦੇ ਹੱਡਾ ਕੱਢ ਮੇਰੇ ਵੀਰ ਪਾਲੇ ਨੂੰ...ਕੱਢ ਮੇਰੇ ਵੀਰ ਪਾਲੇ ਨੂੰ, ਮੈ ਤੇਰੇ ਵਿਚੋਂ ਕੱਢਣਾ ਆਪਦੇ ਵੀਰ ਪਾਲੇ ਨੂੰ।" ਲਿਬਨਾਨੀ ਡੌਰ ਭੌਰ ਹੋਏ ਉਸਨੂੰ ਹਟਾਉਣ ਦੀ ਕੋਸ਼ਿਸ਼ ਕਰਨ। ਪਰ ਉਸਦੇ ਝਲ ਪੁਣੇ ਨੇ ਸੁੱਕੇ ਲਿਬਨਾਨੀ ਨੂੰ ਲਹੂ ਲੁਹਾਨ ਕਰ

ਦਿੱਤਾ। ਫੇਰ ਦੂਜੇ ਲਿਬਨਾਨੀ ਨੇ ਇਕ ਗੋਲੀ ਉਸਦੇ ਸਿਰ ਤੇ ਮਾਰੀ ।ਸੁੱਖਾ ਥਾਈਂ ਢੇਰੀ ਹੋ ਗਿਆ।

ਦੂਜੇ ਦਿਨ ਸੁੱਖੇ ਨੂੰ ਨਹਿਰੇ ਇਬਰਾਹੀਮ ਗੁਰਦੁਆਰੇ ਕੋਲ ਦਾਗ ਲਾਇਆ। ਹਰੇਕ ਜ਼ੁਬਾਨ ਤੇ ਸੁੱਖੇ ਦੀ ਬਹਾਦਰੀ ਅਤੇ ਮਰਦਾ ਵਾਲੀ ਮੌਤ ਦੀਆਂ ਗੱਲਾਂ ਸਨ। ਮਾਲਾ ਦੀ ਕਰੁਣਾਮਈ ਕੁਰਲਾਹਟ ਸਾਰਿਆਂ ਦੇ ਅੰਦਰ ਧੂਹ ਪਾ ਰਹੀ ਸੀ।

ਫੇਰ ਮਾਲਾ ਸੇਰੀ ਨਾਲ ਰਹਿਣ ਲੱਗ ਪਈ। ਵੰਤ ਨੂੰ ਸੱਤੀਂ ਕੱਪੜੇ ਅੱਗ ਲੱਗ ਗਈ। " ਉਏ ਤੂੰ ਥੋੜਾ ਸਬਰ ਤਾਂ ਕਰ ਲੈਂਦਾ। ਇਹ ਤਾਂ ਹਲਕੀਆਂ ਫਿਰਦੀ ਆ ਨੇ ਤੂੰ ਇਨਾਂ ਤੋਂ ਵੀ ਵੱਧ....। ਅਕਸਰ ਨੂੰ ਸੁੱਖਾ ਆਪਣੇ ਭਰਾਵਾਂ ਵਰਗਾ ਸੀ। ਕੁਝ ਤਾਂ ਸ਼ਰਮ ਕਰਦਾ.....।" ਉਹ ਗੁੱਸੇ ਵਿੱਚ ਫਟਣ ਵਾਲਾ ਹੋਇਆ ਪਿਆ ਸੀ।

ਸੇਰੀ ਨੇ ਵੰਤ ਨੂੰ ਸਮਝਾਉਣਾ ਚਾਹਿਆ, "ਤੈਨੂੰ ਤਾਂ ਪਤਾ ਈ ਆ ਇਹ ਰੋਟੀ ਬਿਨਾ ਤਾਂ ਸਾਰ ਲੈਂਦੀਆਂ ਨੇ ਪਰ ਬੰਦੇ ਬਿਨ ਨਹੀਉਂ, ਮੈਂ ਸੋਚਿਆ ਬਈ ਘਰ ਦੀ ਕੰਧ ਬਾਹਰ ਡਿੱਗਣ ਤੋਂ ਪਹਿਲਾ ਘਰੇ ਹੀ ਸਿੱਟ ਲੈਂਦੇ ਹਾਂ।"

ਪਰ ਵੰਤ ਗੁਸੇ ਵਿੱਚ ਫੁੰਕਾਰੇ ਮਾਰ ਰਿਹਾ ਸੀ, ਪਤਾ ਨੀ ਕੀ ਕੁੱਝ ਬੋਲੀ ਜਾ ਰਿਹਾ ਸੀ। ਉਸਦੇ ਗੁੱਸੇ ਅਤੇ ਚਿਹਰੇ ਦੇ ਹਾਵ ਭਾਵ ਤੋਂ ਸਾਫ ਜਾਹਿਰ ਹੁੰਦਾ ਸੀ ਕਿ ਉਹ ਮਾਲਾ ਨਾਲ ਖੁੱਦ ਰਹਿਣਾ ਚਾਹੁੰਦਾ ਸੀ।

ਸੁੱਖੇ ਅਤੇ ਪਾਲੇ ਦੇ ਚਲੇ ਜਾਣ ਬਾਅਦ ਫੈਕਟਰੀ ਵਿੱਚ ਸੁੰਨ-ਸਰਾਂ ਵਰਤਾ ਗਈ ਸੀ। ਸੁੱਖੇ ਦੇ ਹੁੰਦਿਆਂ ਉਹ ਦੋ ਦਿਨ ਕੰਮ ਕਰ ਲੈਂਦੇ, ਜਿਸ ਨਾਲ ਤੋਰੀ ਫੁਲਕਾ ਚਲਦਾ ਰਹਿੰਦਾ। ਉਨਾਂ ਦੇ ਖੁਆਜੇ (ਮਾਲਕ) ਆਬੂ ਤੋਨੀ ਨੇ ਸੇਰੀ ਨੂੰ ਕਿਹਾ ਬਈ ਦੋ ਬੰਦੇ ਹੋਰ ਲੱਭ ਲਿਆਵੇ। ਇਸ ਕੰਮ ਲਈ ਘੱਟੋ ਘੱਟ ਚਾਰ ਬੰਦਿਆਂ ਦਾ ਹੋਣਾ ਜ਼ਰੂਰੀ ਸੀ। ਪਰ ਇਹ ਫੈਕਟਰੀ ਬਹੁਤ ਬਦਨਾਮ ਹੋਗਈ ਸੀ ਕਿ ਇੱਥੇ ਇਬੇਤ ਵਾਲਿਆਂ ਦੀ ਨਿਗਾਹ ਵਿੱਚ ਹੈ, ਇੱਥੇ ਇਬੇਤ ਵਾਲੇ ਅਕਸਰ ਹੀ ਆਉਂਦੇ ਰਹਿੰਦੇ ਸਨ। ਇਸ ਲਈ ਕਿਸੇ ਨੇ ਵੀ ਇੱਥੇ ਆਉਣ ਦੀ ਹਾਮੀ ਨਹੀਂ ਭਰੀ।

ਆਬੂ ਤੋਲੀ ਨੂੰ ਮਜ਼ਬੂਰਨ ਨਾ ਚਾਹੁੰਦੇ ਹੋਏ ਵੀ ਸੇਰੀ ਅਤੇ ਵੰਤ ਨੂੰ ਜਵਾਬ ਦੇਣਾ ਪਿਆ। ਉਸਨੇ ਚਾਰ ਬੰਦੇ ਸੀਰੀਆ ਦੇ ਰੱਖ ਲਏ। ਉਹ ਵੀ ਘੱਟ ਪੈਸਿਆਂ ਉਪਰ। ਸੀਰੀਆ ਦੀ ਲੇਬਰ ਸਸਤੀ ਮਿਲ ਜਾਂਦੀ ਸੀ। ਪਰ ਲਿਬਨਾਨੀ ਲੋਕ ਇਨ੍ਹਾਂ ਨੂੰ ਪਸੰਦ ਘੱਟ ਕਰਦੇ ਸਨ। ਸੀਰੀਆ ਵਾਲੇ ਚੋਰੀ ਕਰਨ ਕਰਕੇ ਬਹੁਤ ਬਦਨਾਮ ਸਨ। ਕਈ ਵਾਰ ਹੋਇਆ ਕਿ ਸੀਰੀਆ ਵਾਲੇ ਰਾਤੋ-ਰਾਤ ਫੈਕਟਰੀ ਦਾ ਕੀਮਤੀ ਸਮਾਨ ਵੇਚ ਕੇ ਵਾਪਸ ਸੀਰੀਆਂ ਜਾਂ ਵੜਦੇ। ਇਸ ਕਰਕੇ ਜਿਆਦਾਤਰ ਲਿਬਨਾਨੀ ਵੜਦੇ। ਇਸ ਕਰਕੇ ਜਿਆਦਾਤਰ ਲਿਬਨਾਨੀ ਉਨ੍ਹਾਂ ਨੂੰ ਕੰਮ ਤੇ ਰੱਖਣ ਤੋਂ ਕਤਰਾਉਂਦੇ ਸਨ। ਪਰ ਮਜਬੂਰੀ ਵੱਸ ਹੀ ਉਨ੍ਹਾਂ ਨੂੰ ਰੱਖਣਾ ਪੈਂਦਾ ਸੀ।

ਸੇਰੀ ਨੇ ਆਪਦੇ ਨਾਲ ਦੇ ਪਿੰਡ ਦੇ ਮੁੰਡੇ ਨਾਲ ਕੰਮ ਵਾਰੇ ਗਲ ਕੀਤੀ। ਮੇਲੀ ਬਾਗ ਵਿੱਚ ਮਾਲਿਮ (ਛੋਟਾ ਫੋਰਮੈਨ) ਸੀ। ਮੇਲੀ ਨੇ ਤੋਰੀ ਫੁਲਕਾ ਚਲਾਉਣ ਜੋਗੇ ਕੰਮ ਦੀ ਹਾਮੀ ਭਰੀ। ਵੰਤ ਆਪਣਾ ਸਮਾਨ ਚੁੱਕ ਕੇ ਕਿਸੇ ਹੋਰ ਇੱਟਾਂ ਬਣਾਉਣ ਵਾਲੀ ਫੈਕਟਰੀ ਵਿਚ ਚਲਾ ਗਿਆ।

ਸੇਰੀ ਆਪਣਾ ਸਮਾਨ ਬੰਨ੍ਹ ਕੇ ਕੰਮ ਤੇ ਗਈ ਮਾਲਾ ਨੂੰ ਉਡੀਕਣ ਲੱਗ ਪਿਆ। ਪਰ ਮਾਲਾ ਨਹੀਂ ਆਈ।

ਅੱਧੀ ਰਾਤ ਹੋ ਗਈ ਸੀ, ਮਾਲਾ ਅਜੇ ਤੱਕ ਨਹੀਂ ਆਈ ਸੀ। ਉਸਨੇ ਸੁੱਖੇ ਵਾਲੇ ਕਮਰੇ ਦਾ ਦਰਵਾਜਾ ਖੋਲ ਕੇ ਦੇਖਿਆ,ਮਾਲਾ ਦੇ ਕੱਪੜੇ ਵੀ ਨਹੀਂ ਸਨ। ਉਸਦਾ ਮੱਥਾ ਠਣਕਿਆ। ਉਸਨੇ ਠੰਡਾ ਹਾਉਂਕਾ ਭਰਿਆ,"ਕਿੰਨੀ ਕਮੀਨੀ ਆ ਇਹ ਦੁਨੀਆਂ, ਜੇ ਵੰਤ ਨਾਲ ਰਹਿਣਾ ਸੀ....ਘੱਟੋ-ਘੱਟ ਦੱਸ ਤਾਂ ਦਿੰਦੀ।" ਉਂਞ ਤਾਂ ਕਈ ਦਿਨਾਂ ਤੋਂ ਉਸ ਵਿੱਚ ਤਬਦੀਲੀ ਦੇਖ ਰਿਹਾ ਸੀ।

ਜਿਹਦੇ ਨਾਲ ਲਾਵਾਂ ਲਈਆਂ ਸਨ...ਉਹ ਨਹੀਂ ਮੇਰੀ ਹੋਈ ਫੇਰ ਇਹ ਕਲਮੂੰਹੀ ਤੇ ਕੀ ਆਪਣਾ ਜੋਰ...? ਉਸਨੇ ਆਪਣਾ ਸਮਾਨ ਚੁੱਕਿਆ ਤੇ ਸ਼ੌਰਟ ਕੱਟ ਰਸਤੇ ਰਾਹੀ ਮੇਲੀ ਦੇ ਬਾਗ ਵੱਲ ਚੱਲ ਪਿਆ।

ਅੱਧੀ ਰਾਤ ਨੂੰ ਮੇਲੀ ਹਰਤਾਸੀਏ ਦੇ ਬੂਟਿਆਂ ਨੂੰ ਪਾਣੀ ਲਾ ਰਿਹਾ ਸੀ ਸੇਰੀ ਨੇ ਵੱਡੇ ਵੱਡੇ ਜੇਲ੍ਹਨੁਮਾ ਜਾਲੀਦਾਰ ਦਰਵਾਜੇ ਦੀ ਘੰਟੀ ਵਜਾਈ। ਮੇਲੀ ਤੇਜ਼ ਕਦਮੀ ਸੇਰੀ ਨੂੰ ਦਰਵਾਜਾ ਖੋਹਲਣ ਲਈ ਬਹੁੜਿਆ। ਅਜੇ ਸੇਰੀ ਅੰਦਰ ਹੀ ਦਾਖਲ ਹੋਇਆ। ਅਚਾਨਕ ਇਕ ਬੰਬ ਦਾ ਖੜਾਕ ਹੋਇਆ। ਦਰਵਾਜੇ ਦੇ ਬਾਹਰ ਖੜਾ ਪੁਰਾਣਾ ਵੱਡਾ ਬਰੋਟੇ ਦੀ ਨਸਲ ਦਾ ਦਰੱਖਤ ਦੁਫਾੜ ਹੋ ਗਿਆ।

ਤੈਨੂੰ ਇਕੱਲੇ ਨੂੰ ਆਉਣ ਲਈ ਕਿਹਾ ਸੀ, ਆਹ ਕੀ ਨਾਲ ਲੈ ਆਇਆ। ਮੇਲੀ ਨੇ ਭੱਜਦੇ ਤੇ ਘਬਰਾਏ ਹੋਏ ਨੇ ਕਿਹਾ। ਉਨਾਂ ਨੇ ਅੰਦਰ ਜਾ ਕੇ ਸਾਹ ਲਿਆ। ਪਰ ਤੂੰ ਵੀ ਅੱਧੀ ਰਾਤ ਨੂੰ ਪਾਣੀ ਲਾਈ ਜਾਂਦਾ ਹੈ। ਸੇਰੀ ਦਾ ਸਾਹ ਵਿੱਚ ਸਾਹ ਨਹੀ ਰਲ ਰਿਹਾ ਸੀ। ਦਿਨ ਵੇਲੇ ਇਬੇਤ ਵਾਲੇ ਬਹੁਤ ਚੱਕਰ ਮਾਰਦੇ ਨੇ, ਬਸ ਵੇਲੇ ਕੁਵੇਲੇ ਹੀ ਪਾਣੀ ਲਾਉਣਾ ਪੈਂਦਾ। ਅੱਜ ਤਾਂ ਰੱਬ ਨੇ ਹੀ ਰੱਖ ਲਏ।

ਸੇਰੀ ਨੂੰ ਬਾਗ਼ ਵਿੱਚ ਰਹਿੰਦੇ ਤਿੰਨ-ਚਾਰ ਮਹੀਨੇ ਹੋ ਗਏ ਸੀ। ਇਕ ਦਿਨ ਖ਼ਬਰ ਆਈ ਕਿ ਇਬੇਤ ਪਾਰਟੀ ਦਾ ਮੁਖੀ ਸਮੀਰ ਜਾਜਾ ਫੌਜ਼ ਨੇ ਕਾਬੂ ਕਰ ਲਿਆ। ਇਬੇਤ ਪਾਰਟੀ ਥੋੜੀ ਕਮਜ਼ੋਰ ਹੋ ਗਈ।ਲੜਾਈ ਥੋੜ੍ਹੀ ਦੱਬ ਗਈ ਸੀ।

ਛੋਟੀਆਂ ਮੋਟੀਆਂ ਫਲਾਇਟਾਂ ਸ਼ੁਰੂ ਹੋ ਗਈਆਂ। ਸੇਰੀ ਉਸ ਦਿਨ ਤੋਂ ਮੇਲੀ ਦੇ ਖਹਿੜੇ ਪਿਆ ਹੋਇਆ ਸੀ, ਕਿਵੇਂ ਨਾ ਕਿਵੇਂ ਮੈਨੂੰ ਵਾਪਸ ਭੇਜ਼ ਦੇਣ। ਮੇਲੀ ਨੇ ਵਕੀਲ ਰਾਹੀ, ਉਸਦੇ ਪੇਪਰ ਤਿਆਰ ਕਰਵਾਏ... ਟਿਕਟ ਲੈ ਲਈ।

ਸੇਰੀ ਬਹੁਤ ਚਿਰ ਟਿਕਟ ਹੱਥ ਵਿਚ ਲੈ ਕੇ ਬੈਠਾ ਰਿਹਾ ਫਿਰ ਟਿਕਟ ਇਕ ਪਾਸੇ ਰੱਖ ਕੇ ਬੋਲਿਆ, "ਕੀ ਕਰਾਂਗੇ ਜਾ ਕੇ।"

◆ ◆

ਮੋਬਾ : 0014039932201



ਗ਼ਜ਼ਲਾਂ

## *ਸ਼ਸ਼ੀਕਾਂਤ ਉੱਪਲ*

—1—

ਅੱਡੀਆਂ ਚੁੱਕੀਆਂ ਤਾਂ ਉਹ ਕੁਝ ਹੋਰ ਉੱਚਾ ਹੋ ਗਿਆ।
ਹੋਰਨਾਂ ਤੋਂ ਇਸ ਤਰ੍ਹਾਂ ਉਂਗਲ ਕੁ ਵੱਡਾ ਹੋ ਗਿਆ।

ਧੁੱਪ ਦੀ ਕਾਤਰ ਨੂੰ ਫੜ ਕੇ ਭੱਜਦਾ ਹੈ ਥਾਂ-ਕੁਥਾਂ,
ਕੱਲ੍ਹ ਦਾ ਬੱਚਾ ਵੀ ਹੁਣ ਵੇਖੋ ਸਿਆਣਾ ਹੋ ਗਿਆ।

ਹੁਣ ਕਿਸੇ ਜਜ਼ਬੇ ਦੀ ਕੋਈ ਅਪਣੀ ਅਹਮੀਅਤ ਨਹੀਂ,
ਪਿਆਰ ਹੋਣਾ ਵੀ ਜਿਵੇਂ ਹੁਣ ਕੋਈ ਘਟਨਾ ਹੋ ਗਿਆ।

ਕੀ ਕਰੇਂਗਾ ਜਾਣ ਕੇ ਤੂੰ ਸੱਚ ਕੀ ਹੈ ਝੂਠ ਕੀ,
ਜ਼ਿੰਦਗੀ ਦਾ ਫ਼ਲਸਫ਼ਾ ਜੋ ਸੀ ਪੁਰਾਣਾ ਹੋ ਗਿਆ।

ਸੁਪਨਿਆਂ ਵਿਚ ਲੰਘਦੀ ਹੈ ਰੇਲ ਕੂਕਾਂ ਮਾਰਦੀ,
ਮੇਰੇ ਅੰਦਰ ਹਾਦਸੇ ਦਾ ਖ਼ੌਫ਼ ਦੂਣਾ ਹੋ ਗਿਆ।

•

—2—

ਜਿਸਮ ਦੇ ਜੁਗਰਾਫ਼ੀਏ ਦਾ ਪਾਠ ਹੀ ਪੜ੍ਹਦਾ ਰਿਹਾ।
ਆਪਣੇ ਅੰਦਰ ਦਾ ਬੰਜਰ ਇਉਂ ਮੈਂ ਤਰ ਕਰਦਾ ਰਿਹਾ।

ਸ਼ਹਿਰ ਤੋਂ ਜਾਂਦਾ ਸੀ ਜੋ ਰਾਹ ਪੀਰ ਦੀ ਦਰਗਾਹ ਵੱਲ,
ਉਮਰ ਭਰ ਖੌਰੇ ਮੈਂ ਕਿਉਂ ਉਸ ਰਾਹ ਤੋਂ ਡਰਦਾ ਰਿਹਾ।

ਪੁਲ ਨਾ ਕੋਈ ਧੜਕਿਆ, ਧੂਆਂ ਨਾ ਕਿਧਰੇ ਉੱਠਿਆ,
ਮੈਂ ਵਿਚਾਲੇ ਪਟੜੀਆਂ ਦੇ ਦੌੜਦਾ ਹਫ਼ਦਾ ਰਿਹਾ।

ਮੇਰੀਆਂ ਤਲੀਆਂ 'ਚੋਂ ਰਿਸਦੀ ਜਾ ਰਹੀ ਸੀ ਰੱਤ, ਮੈਂ
ਬੇਖ਼ਬਰ ਹਰ ਪੀੜ ਤੋਂ ਕਿਸ ਧੁਨ ਦੇ ਵਿਚ ਤੁਰਦਾ ਰਿਹਾ।

ਫੇਰ ਇਉਂ ਹੋਇਆ ਕਿ ਆਖ਼ਿਰ ਬੁਝ ਗਏ ਚਾਰੇ ਚਿਰਾਗ਼,
ਪੀਰ ਦੇ ਤਕੀਏ 'ਤੇ ਧਰਿਆ ਪੰਜਵਾਂ ਬਲਦਾ ਰਿਹਾ।

•

—3—

ਬੁਝਾਇਆਂ ਵੀ ਨਹੀਂ ਬੁਝਦੇ ਹਵਾ ਦਾ ਜ਼ੋਰ ਬੇਮਾਨੀ।
ਇਹ ਰੌਸ਼ਨ ਅੱਖਰਾਂ ਦੇ ਦੀਵਿਆਂ ਦੀ ਸ਼ਾਨ ਲਾਸਾਨੀ।

ਦਿਲਾ! ਨਾਜ਼ੁਕ ਸਮਾਂ ਹੋਵੇ ਤਾਂ ਸੰਜਮ ਹੀ ਸਿਆਣਪ ਹੈ,
ਅਜੇ ਗੁਸਤਾਖ਼ ਹੈ ਮੌਸਮ, ਅਜੇ ਸਾਗਰ ਹੈ ਤੂਫ਼ਾਨੀ।

ਕੋਈ ਬੁੱਲ੍ਹਾ, ਕੋਈ ਬਾਹੂ ਜਦੋਂ ਵੀ ਇਸ਼ਕ ਨੂੰ ਗਾਉਂਦੈ,
ਮੇਰੀ ਮਿੱਟੀ ਸਿਰਜਦੀ ਹੈ ਉਦੋਂ ਤਾਂ ਸਿਰਫ਼ ਹੈਰਾਨੀ।

ਨਹੀਂ ਕੁਝ ਬਦਲਿਆ, ਜੋ ਕੱਲ੍ਹ ਸੀ, ਹੈ ਅੱਜ ਵੀ ਓਹੋ,
ਅਜੇ ਵੀ ਦਿੱਸਦੀ ਹੈ ਸਾਫ਼ ਬੰਦੇ ਵਿਚ ਨਾਦਾਨੀ।

ਕੋਈ ਪੰਛੀ ਕਿਸੇ ਵੀ ਰੁੱਖ 'ਤੇ ਜਦ ਆਲ੍ਹਣਾ ਪਾਉਂਦੈ,
ਹਵਾਵਾਂ ਦੀ ਨਜ਼ਰ ਵਿਚ ਝਲਕਦੀ ਹੈ ਸਿਰਫ਼ ਸ਼ੈਤਾਨੀ।

ਇਨ੍ਹਾਂ ਪਤਝੜ ਦੇ ਰੰਗਾਂ ਦੀ ਹੈ ਆਭਾ ਵੱਖਰੀ ਸਭ ਤੋਂ,
ਇਨ੍ਹਾਂ ਦੀ ਹੋਂਦ ਹੈ ਨਿਰਛਲ ਤੇ ਹਰ ਤੇਵਰ ਹੈ ਸੁਲਤਾਨੀ।

•

—4—

ਇਹ ਖ਼ੁਸ਼ਬੋਆਂ ਦੀ ਸਾਜ਼ਿਸ਼, ਰੰਗਾਂ ਦੀ ਚਾਲਬਾਜ਼ੀ।
ਮੌਸਮ ਦੀ ਡਾਲ 'ਤੇ ਹੈ ਇਕ ਅਣਕਹੀ ਉਦਾਸੀ।

ਜੰਗਲ 'ਚ ਜਾ ਕੇ ਮੈਂ ਵੀ ਕੱਟੀ ਹੈ ਰਾਤ ਅਕਸਰ,
ਜੰਗਲ ਨੇ ਮੇਰੇ ਵਿਚ ਵੀ ਅਕਸਰ ਹੈ ਰਾਤ ਕੱਟੀ।

ਉਹ ਖ਼ੁਦਕੁਸ਼ੀ ਵੀ ਸਾਡੀ ਅਖਵਾਏਗੀ ਸ਼ਹੀਦੀ,
ਜੇ ਸਾਡੀ ਮੌਤ ਉੱਤੇ ਹੋ ਜਾਏ ਕਿਧਰੇ ਛੁੱਟੀ।

ਇਹ ਵਕਤ ਵੀ ਨਹੀਂ ਹੈ ਮੇਰੇ ਮੁੜਣ ਦਾ ਸ਼ਾਇਦ,
ਹੁਣ ਮੇਚ ਵੀ ਨਹੀਂ ਹੈ ਲਾਹੀ ਹੋਈ ਉਹ ਜੁੱਤੀ।

ਇਸ ਜ਼ਿੰਦਗੀ 'ਚ ਬੇਸ਼ੱਕ ਉਤਰਾਅ-ਚੜ੍ਹਾਅ ਵੀ ਆਏ,
ਅਪਣੀ ਰਹੀ ਹਮੇਸ਼ਾ ਇਹ ਚਾਲ ਵਿੰਗੀ-ਟੇਢੀ।

ਕਿੱਥੋਂ ਗ਼ਜ਼ਲ ਮਿਆਰੀ ਕੋਈ ਲੱਭ ਕੇ ਲਿਆਵਾਂ,
ਕੋਈ ਖਿੱਚ ਹੀ ਨਹੀਂ ਹੁਣ ਸ਼ਿਅਰਾਂ ਦੇ ਵਿਚ ਦਿਸਦੀ।

•

**ਮੋਬਾ :** 93563-20147

ਕਵਿਤਾ • *ਸਵਿੰਦਰ ਸੰਧੂ*

## ਟੀ.ਵੀ. ਦੀ ਗੋਸ਼ਟੀ



ਟੀ.ਵੀ. ਦੀ ਗੋਸ਼ਟੀ
ਗੋਤੇ ਖਾ ਕੇ ਮਰ ਗਈ
ਪਰਵਕਤੇ
ਅੱਖੀਂ ਘੱਟਾ ਪਾ ਜਾਂਦੇ
ਮੁਰਦਾ ਸੁਨੇਹੇ ਛੱਡ ਕੇ

ਟੈਲੀਵਿਜ਼ਨ ਦਾ ਬਟਨ
ਦੱਬਦਿਆਂ ਸਾਰ
ਕਾਵਾਂ ਰੌਲੀ
ਹੱਦੋਂ ਪਾਰ
ਦਿਲ ਕਰਦੈ
ਬੰਦ ਕੀਤਾ ਜਾਵੇ ਸਵਿੱਚ
ਜਾਂ ਫਿਰ
ਬੇਸੁਰਿਆਂ ਨੂੰ
ਬੇਸਿਰਿਆਂ ਨੂੰ
ਪੜ੍ਹਾਇਆ ਜਾਵੇ
ਤਬਸਰਾ

ਵਿਚਾਰਾਂ ਦੀਆਂ ਦੁਰਘਟਨਾਵਾਂ
ਰੂਬਰੂ ਵਾਪਰਦੀਆਂ
ਬਾਰੂਦੀ ਬੋਲਾਂ ਦੇ ਬਾਣ
ਵਾਕ ਯੁੱਧ ਦਾ ਜਖੀਰਾ
ਤਖ਼ਤ ਦੇ ਨਿਊਕਲੀਅਰ
ਯੁੱਧ ਦੇ ਸੰਕੇਤ ਦਿੰਦਾ
ਸਰਕਾਰੀ ਮਗਰਮੱਛ
ਟੱਡੀ ਬੈਠੇ ਜਬਾੜੇ
ਤਾਕਤ ਚਬਾਉਣ ਖ਼ਾਤਰ
ਤੇਰੀ ਮੇਰੀ
ਦਰਦ ਕਹਾਣੀ
ਅਣਦੇਖੀ, ਅਣਸੁਣੀ
ਸ਼ਬਦਾਂ ਦੇ ਕੋਹਰਾਮ 'ਚ
ਜਨ ਦਾ ਮਨ
'ਬਾਤ' ਵਰੋਲਦਾ

ਸੱਤਾ ਦੀ ਬੈਸਾਖੀ
ਮੀਡੀਆ
ਵਿਚਾਰਾਂ ਦੇ ਛੱਟਣ 'ਚੋਂ
ਮੰਦਰ ਮਸਜਿਦ ਦਾ
ਮੁੱਦਾ ਫਰੋਲਦਾ

ਲੋਕਤੰਤਰ ਕੰਬਦਾ ਕੰਬਦਾ
ਸਿਆਸੀ ਮੰਡੀ 'ਚ
ਦਮ ਤੋੜਦਾ
ਚੌਥਾ ਸਤੰਭ
ਰੋਜ਼ ਨਿਲਾਮ ਹੁੰਦਾ
ਅਤੇ ਸਸਤਾ ਵਿਕਦਾ
ਗੋਸ਼ਟੀ ਦਾ ਗੋਸ਼ਤ
ਬੇਸੁਆਦਾ

•

**ਮੋਬਾ** : 9663960845

ਕਵਿਤਾ • *ਜਸਪਾਲ ਕੌਰ*



## ਬੋਲ ਵੇ ਸਾਈਂ

ਬੋਲ ਵੇ ਸਾਈਂ
ਕਿਹੜਾ ਇਸ਼ਕ ਹਕੀਕੀ
ਜਿਹੜਾ ਜੰਗਲ ਬੇਲੇ ਚਰਦਾ ਏ
ਜਾਂ ਬਾਵਰੀ ਸੱਸੀ ਵਾਂਗੂੰ
ਵਿਚ ਥਲਾਂ ਦੇ ਸੜਦਾ ਏ
ਕਿ ਕੱਚਿਆਂ ਪੱਕਿਆਂ ਘੜਿਆਂ ਸੰਗ
ਇਸ਼ਕ ਝਨਾਂ ਵਿਚ ਤਰਦਾ ਏ
ਜਾਂ ਮਗ਼ਰੂਰੀ ਮਿਰਜ਼ਾ ਕੋਈ
ਹੇਠਾਂ ਜੰਡ ਦੇ ਮਰਦਾ ਏ

ਬੋਲ ਸਾਈਂ ਉਹ ਕੀ ਨਜ਼ਾਰਾ
ਕਿ ਸਿੰਘ ਭਗਤ ਕੋਈ
ਹੱਸ ਹੱਸ ਫਾਂਸੀ ਚੜ੍ਹਦਾ ਏ
ਜਾਂ ਗੋਬਿੰਦ ਦੇ ਬਾਲਾਂ ਵਾਂਗੂੰ
ਕਾਫ਼ਰ ਤੋਂ ਨਾ ਡਰਦਾ ਏ
ਸਾਈਂ ਵੇ ਉਹ ਕਿਹੜਾ ਮੰਜ਼ਰ
ਜਦ ਰੂਹ ਦਾ ਰਿਸ਼ਤਾ
ਅਣਖ ਅੱਗੇ ਨਾ ਹਰਦਾ ਏ
ਪੀਲੂ, ਹਾਸ਼ਮ, ਬੁੱਲ੍ਹਾ, ਬਾਹੂ
ਜਿਹਦੀ ਵਾਰਸ ਹਾਮੀ ਭਰਦਾ ਏ
ਨੇਰ੍ਹ ਸਵੇਰੇ ਅਬਲਾ ਦਾ ਕਿਉਂ

ਤਨ ਮਨ ਰਹਿੰਦਾ ਸੜਦਾ ਏ
ਲੀਰਾਂ ਲੀਰਾਂ ਜਿਸਮਾਂ ਦੇ ਨਾਲ
ਹਰ ਲਾਹਨਤ ਉਹ ਜਰਦਾ ਏ
ਪਰ ਮੁਹੱਬਤ ਦੇ ਰੰਗਾਂ ਦਾ
ਕੋਈ ਨਾ ਜਾਮਨ ਬਣਦਾ ਏ
ਜੱਗ ਦੇ ਫੋਕੇ ਵਹਿਮਾਂ ਖ਼ਾਤਰ
ਡਰਦਾ ਹਰਦਾ ਮਰਦਾ ਏ

ਦੱਸ ਸਾਈਂ ਇਹ ਔਖੇ ਪੈਂਡੇ
ਕਿੰਜ ਕੋਈ ਸਰ ਕਰਦਾ ਏ

•

**ਮੋਬਾ** : 90230-78868

ਕਹਾਣੀ / ਅਰਵਿੰਦਰ ਕੌਰ ਧਾਲੀਵਾਲ



# ਕੁਆਰ ਗੰਦਲ

"ਭਗਤ ਜਨ! ਚਲੀਏ ਪਹਿਲੇ ਓਮ ਕਾ ਜਾਪ ਕਰੇਂਗੇ," ਜਦੋਂ ਦੇਵੀ ਮਧੂਲਿਕਾ ਨੇ ਮਾਈਕ ਵਿਚੋਂ ਆਪਣੇ ਮਿੱਠੇ ਜਿਹੇ ਨਰਮ ਲਹਿਜੇ ਵਿਚ ਫੁਰਮਾਇਆ ਤਾਂ ਹਾਲ ਵਿਚ ਏਨੀ ਚੁੱਪ ਪਸਰ ਗਈ ਹੈ ਕਿ ਸੂਈ ਡਿੱਗਣ ਦੀ ਅਵਾਜ਼ ਵੀ ਆ ਸਕਦੀ ਹੈ।

"ਓਮ...ਮ...ਮ...ਮ...ਓ...ਮ...ਮ", ਮੈਂ ਗਹਿਨ ਮੁਦਰਾ ਵਿਚ ਆਪਣਾ ਮਨ ਓਮ ਨਾਲ ਜੋੜਨ ਦੀ ਕੋਸ਼ਿਸ਼ ਕਰਦਾ ਹਾਂ। ਮੇਰੀਆਂ ਸੋਚਾਂ ਦੇ ਘੋੜੇ ਪਿਛਾਂਹ ਨੂੰ ਦੌੜਨ ਲੱਗਦੇ ਹਨ।

ਜਦੋਂ ਮੈਂ ਸ਼ਿਵਰ ਵਿਚ ਪਹੁੰਚਿਆ ਤਾਂ ਮੇਰੇ ਅੱਗੇ ਕੋਈ ਵੀਹ-ਬਾਈ ਲੋਕਾਂ ਦੀ ਕਤਾਰ ਸੀ ਜੋ ਆਪਣਾ ਆਈ. ਡੀ. ਪਰੂਫ਼ ਤੇ ਰਜਿਸਟਰੇਸ਼ਨ ਨੰਬਰ ਲੈ ਕੇ ਸ਼ਿਵਰ ਦੇ ਅੰਦਰ ਜਾ ਰਹੇ ਸਨ।

ਪੰਡਾਲ ਅੰਦਰ ਅਨਾਊਂਸਮੈਂਟ ਹੋ ਰਹੀ ਸੀ।

"ਭਗਤ ਜਨੋ! ਜੋ ਜੋ ਭੀ ਅੰਦਰ ਆ ਰਹੇ ਹੈਂ, ਵਹ ਕ੍ਰਿਪਯਾ ਆਗੇ ਲਗੀ ਲਾਈਨੋਂ ਮੇਂ ਆ ਕੇ ਬਿਰਾਜਤੇ ਜਾਏਂ। ਕੁਛ ਹੀ ਪਲੋਂ ਮੇਂ ਸੁਸ਼੍ਰੀ ਮਧੂਲਿਕਾ ਦੇਵੀ ਹਮਾਰੇ ਬੀਚ ਪਧਾਰ ਰਹੀ ਹੈਂ। ਹਮ ਸਭੀ ਉਨਕੇ ਸਵਾਗਤ ਮੇਂ ਸ਼ਾਸ਼ਟਾਂਗ ਪ੍ਰਨਾਮ ਕੀ ਮੁਦ੍ਰਾ ਮੇਂ ਖੜ੍ਹੇ ਹੋਂਗੇ।

"ਟੀਂ ...ਟੀਂ...ਟੀਂ...", ਮਾਈਕ ਦੀ ਚੀਕਵੀਂ ਅਵਾਜ਼ ਨੇ ਸਾਰਿਆਂ ਦਾ ਧਿਆਨ ਹੋਰ ਪਾਸੇ ਕਰ ਦਿੱਤਾ ਸੀ।

ਮੈਂ ਹੈਰਾਨ ਹੋਇਆ ਸਾਂ ਕਿ ਇੰਨੇ ਵੱਡੇ ਪੱਧਰ 'ਤੇ ਹੋ ਰਹੇ ਸੋਹਣੇ-ਸੁਚੱਜੇ ਤੇ ਅਨੁਸ਼ਾਸਿਤ ਪ੍ਰੋਗਰਾਮ ਦਾ ਸਾਊਂਡ ਸਿਸਟਮ ਕਿੰਜ ਖ਼ਰਾਬ ਹੋ ਸਕਦਾ ਸੀ। ਦੋ-ਤਿੰਨ ਬੰਦੇ ਸਾਊਂਡ ਸਿਸਟਮ ਦੇ ਕੰਟਰੋਲਰ ਵੱਲ ਭੱਜ ਉੱਠੇ ਸਨ।

ਦੂਜੇ ਹੀ ਪਲ ਸੁਸ਼੍ਰੀ ਮਧੂਲਿਕਾ ਦੇਵੀ ਸੰਗਤ ਵਿਚੋਂ ਦੀ ਲੰਘ ਕੇ ਆਪਣੀਆਂ ਦੋ ਚੇਲੀਆਂ ਨਾਲ ਆ ਪਧਾਰੀ ਸੀ। ਚਾਰੇ ਪਾਸੇ ਸ਼ਾਂਤੀ ਵਰਤ ਗਈ ਸੀ। ਸਾਰੀਆਂ ਸੰਗਤਾਂ ਆਪੋ-ਆਪਣੇ ਸਥਾਨ 'ਤੇ ਖੜ੍ਹੀਆਂ ਹੋ ਗਈਆਂ ਸਨ। ਆਪਣੀ-ਆਪਣੀ ਜਗ੍ਹਾ ਖੜ੍ਹੇ ਸਾਰੇ ਲੋਕਾਂ ਨੇ ਦੋਵੇਂ ਬਾਹਵਾਂ ਉੱਪਰ ਨੂੰ ਚੁੱਕ ਕੇ ਹੱਥ ਜੋੜੇ ਤੇ ਸੱਜੀ ਲੱਤ ਚੁੱਕ ਕੇ ਖੱਬੀ ਲੱਤ 'ਤੇ ਖਲੋਣ ਦੀ ਕੋਸ਼ਿਸ਼ ਕੀਤੀ। ਇਨ੍ਹਾਂ 'ਚੋਂ ਬਹੁਤੇ ਅਜਿਹਾ ਕਰਨ ਵਿਚ ਕਾਮਯਾਬ ਨਹੀਂ ਹੋਏ।

ਦੇਵੀ ਮਧੂਲਿਕਾ ਨੇ ਸੰਗਤਾਂ ਦਾ ਪ੍ਰਨਾਮ ਕਬੂਲਦੇ ਹੋਏ ਦੋਵੇਂ ਬਾਹਵਾਂ ਖੜ੍ਹੀਆਂ ਕਰਕੇ ਆਸ਼ੀਰਵਾਦ ਦਿੱਤਾ। ਫਿਰ ਉਹ ਸਟੇਜ 'ਤੇ ਲੱਗੇ ਆਸਣ 'ਤੇ ਗੋਠ ਮੂਧੇ ਮਾਰ ਕੇ ਬੈਠ ਗਈ। ਇਹ ਆਸਣ ਇਕ ਬੜੀ ਖ਼ੂਬਸੂਰਤ ਮੀਨਾਕਾਰੀ ਵਾਲੇ ਸਾਗਵਾਨ ਦਾ ਤਖ਼ਤਪੋਸ਼ ਹੈ, ਜਿਸ ਉੱਤੇ ਚਿੱਟੀ ਚਾਦਰ ਵਿਛੀ ਹੋਈ ਹੈ। ਅਗਲੇ ਪਾਸੇ ਮਾਈਕ ਲੱਗਾ ਹੋਇਆ ਹੈ।

ਸਟੇਜ ਤੋਂ ਫਿਰ ਮਿੱਠੀ ਜਿਹੀ ਅਵਾਜ਼ ਉੱਭਰੀ ਹੈ।

"ਓਮ...ਓਮ...ਮ...ਮ...ਮ...ਮ।"

ਦੇਵੀ ਮਧੂਲਿਕਾ ਦੇ ਓਮ ਜਾਪ ਵਿਚ ਸਾਰੀ ਸੰਗਤ ਸ਼ਾਮਲ ਹੈ। ਉਸਦੀ ਅਵਾਜ਼ ਵਿਚ ਇਕ ਲਰਜ਼ ਹੈ, ਇਕ ਕੀਲ ਲੈਣ ਵਾਲੀ ਸ਼ਕਤੀ। ਚਿਹਰੇ 'ਤੇ ਰੂਹਾਨੀ ਨੂਰ ਝਲਕਦਾ ਹੈ। ਉਸਨੇ ਕੋਈ ਮੇਕਅੱਪ ਨਹੀਂ ਕੀਤਾ ਹੋਇਆ। ਬਦਾਮੀ ਫ਼ਿੱਕੇ ਰੰਗ ਦਾ ਚੋਲਾ ਤੇ ਬਦਾਮ ਰੰਗੀ ਫਿੱਕੀ ਜਿਹੀ ਚਾਦਰ ਚੁੰਨੀ ਵਾਂਗ ਲਵ੍ਹੇਟੀ ਹੋਈ ਹੈ। ਸ਼ਾਂਤ ਚਿਹਰਾ, ਸ਼ਾਂਤ ਬਸਤਰ। ਸਾਕਸ਼ਾਤ ਅਰਸ਼ੋਂ ਉੱਤਰੀ ਕੋਈ ਦੇਵੀ।

"ਗਰ...ਰ...ਰ...," ਮੇਰੀ ਜੇਬ ਵਿਚ ਫੋਨ ਵਾਈਬਰੇਟ ਹੋਇਆ ਹੈ। ਫੋਨ ਦੀ ਵਜ੍ਹਾ ਨਾਲ ਮੈਂ ਵਰਤਮਾਨ ਵਿਚ ਆਉਂਦਾ ਹਾਂ। ਮੈਂ ਜੇਬ ਵਿਚ ਹੱਥ ਪਾ ਕੇ ਅੰਦਾਜ਼ੇ ਨਾਲ ਫੋਨ ਬੰਦ ਕਰ ਦਿੱਤਾ ਹੈ।

ਦੇਵੀ ਮਧੂਲਿਕਾ ਦੇ ਹਰ ਸ਼ਿਵਰ ਦਾ ਆਰੰਭ ਇਸੇ ਤਰ੍ਹਾਂ ਹੁੰਦਾ ਹੈ। ਪਿਛਲੇ ਸਾਲ ਮੇਰੇ ਸ਼ਹਿਰ ਵਿਚ ਇਸਦਾ ਸ਼ਿਵਰ ਲੱਗਿਆ ਸੀ। ਪਰ ਮੈਂ ਉਸ ਵਿਚ ਸ਼ਾਮਲ ਨਹੀਂ ਸਾਂ ਹੋਇਆ। ਹੁੰਦਾ ਵੀ ਕਿਉਂ? ਮੈਂ ਇਨ੍ਹਾਂ ਸਾਧਾਂ-ਸਾਧਣੀਆਂ, ਡੇਰਿਆਂ ਦੇ ਮਗਰ ਲੱਗਣ ਵਾਲਾ ਬੰਦਾ ਹੀ ਨਹੀਂ ਹਾਂ।

ਮੇਰੀ ਪਤਨੀ ਨੇ ਤੇ ਉਸ ਦੀ ਸਹੇਲੀ ਨੇ ਇਨ੍ਹਾਂ ਦਾ ਸ਼ਿਵਰ ਲਗਾਇਆ ਸੀ। ਉਸਦੇ ਵਖਿਆਨ ਕਰਕੇ ਮੇਰੀ ਮਧੂਲਿਕਾ ਦੇਵੀ ਬਾਰੇ ਦਿਲਚਸਪੀ ਵਧੀ ਸੀ। ਇਸ ਲਈ ਮੈਂ ਇਕ ਪ੍ਰੋਪੋਜ਼ਲ ਬਣਾ ਕੇ ਆਪਣੇ ਚੈਨਲ ਨੂੰ ਭੇਜਿਆ ਸੀ। ਇਕ-ਦੋ ਮਹੀਨੇ ਮੈਂ ਪੰਜਾਬ ਦੇ ਡੇਰਿਆਂ ਬਾਰੇ ਜਾਣਕਾਰੀ ਇੰਟਰਨੈੱਟ ਤੇ ਅਖ਼ਬਾਰਾਂ ਤੋਂ ਹਾਸਲ ਕਰਦਾ ਰਿਹਾ। ਇਨ੍ਹਾਂ ਡੇਰਿਆਂ ਵਿਚ ਮਧੂਲਿਕਾ ਦੇਵੀ ਦੇ ਸ਼ਿਵਰਾਂ ਬਾਰੇ ਵੀ ਜਾਣਕਾਰੀ ਸੀ। ਮਧੂਲਿਕਾ ਦੇਵੀ ਦੀ ਤਸਵੀਰ ਵੇਖ ਕੇ ਮੈਂ ਕੁਝ ਸਮੇਂ ਲਈ ਰੁਕ ਕੇ ਸੋਚਣ ਲੱਗ ਪਿਆ ਸੀ। ਕੀ ਕਸ਼ਿਸ਼ ਸੀ ਉਸ ਵਿਚ। ਉਹ ਤਸਵੀਰ ਮੈਨੂੰ ਓਪਰੀ ਜਿਹੀ ਨਾ ਲੱਗੀ। ਮਧੂਲਿਕਾ ਦੇਵੀ ਬਾਰੇ ਜਾਣਕਾਰੀ ਹੌਲ਼ੀ-ਹੌਲ਼ੀ ਖੋਜ ਵਿਚ ਪਰਿਵਰਤਿਤ ਹੁੰਦੀ ਗਈ। ਤੇ ਅੱਜ ਪੂਰੇ ਇਕ ਸਾਲ ਬਾਦ ਮੈਂ ਆਪਣੇ ਸਹਿਰ ਤੋਂ ਇਕ ਸੌ ਪੰਜਾਹ ਕਿਲੋਮੀਟਰ ਦੂਰ ਨੀਮ ਪਹਾੜੀ ਇਲਾਕੇ ਵਿਚ ਸ਼ਿਵਰ ਵਿਚ ਬੈਠਾ ਹਾਂ।

"ਭਗਤਜਨ! ਆਪਕਾ ਮਨ ਅਬ ਓਮ ਕੀ ਤਰੰਗੋਂ ਸੇ ਭਰ ਗਿਆ ਹੈ। ਯੇ ਤਰੰਗੇਂ ਪਰਮ-ਪਿਤਾ ਪਰਮੇਸ਼ਵਰ ਕੇ ਦਵਾਰ ਤੱਕ ਆਪ ਕੋ ਲੇ ਜਾਤੀ ਹੈਂ। ਆਪ ਜੋ ਉਸ ਪਰਮ-ਪਿਤਾ ਕੀ ਸੰਤਾਨ ਹੈਂ, ਓਮ ਕੇ ਜਾਪ ਸੇ ਉਸ ਪਿਤਾ ਕੋ ਅਪਨੇ ਹੋਨੇ ਕਾ ਅਹਿਸਾਸ ਕਰਾਤੇ ਹੈਂ। ਜਬ ਪਰਮ-ਪਿਤਾ ਕੋ ਆਪ ਕੇ ਹੋਨੇ ਕਾ ਅਹਿਸਾਸ ਹੋਤਾ ਹੈ, ਤੋ ਵੋ ਆਪ ਕੇ ਪ੍ਰਤੀ ਭਾਵ ਆਪਨੇ ਬੱਚੇ ਕੇ ਪ੍ਰਤੀ ਸਚੇਤ ਹੋ ਜਾਤੇ ਹੈਂ। ਆਪ ਪਰ ਵੋ ਆਪਨੀ ਕ੍ਰਿਪਾ ਦ੍ਰਿਸ਼ਟੀ ਡਾਲਤੇ ਹੈਂ। ਇਸ ਪ੍ਰਕਾਰ ਇੱਕੀਸ ਓਮ ਕਾ

ਰੋਜ਼ ਜਾਪ ਆਪਕੋ ਪਰਮ-ਪਿਤਾ ਕੇ ਕਰੀਬ ਲੇ ਜਾਤਾ ਹੈ...ਆਜ ਕੇ ਲੀਏ ਕੇਵਲ ਓਮ ਕੇ ਜਾਪ ਹੀ ਹੋਂਗੇ। ਇਸਕੇ ਪਸ਼ਚਾਤ ਯਦੀ ਆਪ ਕੇ ਮਨ ਮੇਂ ਕੋਈ ਪ੍ਰਸ਼ਨ ਹੋ ਤੋ ਆਪ ਪੂਛ ਸਕਤੇ ਹੈਂ...ਓਮ... ਮ...ਮ...ਮ...ਮ " ਮਧੂਲਿਕਾ ਦੇਵੀ ਏਨੀ ਮਿੱਠੀ ਹੋਈ ਅਵਾਜ਼ ਵਿਚ ਬੋਲਦੀ ਹੈ ਕਿ ਜਿਵੇਂ ਫੁੱਲ ਕਿਰਦੇ ਹੋਣ ਤੇ ਸਰੋਤੇ ਕੀਲੇ ਹੋਏ ਉਵੇਂ ਕਰੀ ਜਾਂਦੇ ਹਨ ਜੋ ਉਹ ਉਨ੍ਹਾਂ ਨੂੰ ਕਰਨ ਲਈ ਆਖਦੀ ਹੈ।

ਭਾਵੇਂ ਕਿ ਮੇਰਾ ਇਸ ਸ਼ਿਵਰ ਨੂੰ ਲਗਾਉਣ ਦਾ ਮਕਸਦ ਡਾਕੂਮੈਂਟਰੀ ਬਣਾਉਣ ਤੱਕ ਸੀਮਤ ਹੈ ਪਰ ਇਸ ਸਥਾਨ ਦਾ ਮਾਹੌਲ, ਆਬੋ-ਹਵਾ ਤੇ ਮਧੂਲਿਕਾ ਦੇਵੀ ਦੀ ਵਾਣੀ ਦੀ ਤਾਕਤ ਨੇ ਮੈਨੂੰ ਵੀ ਮੇਰੇ ਸਥਾਨ ਤੋਂ ਹਿੱਲਣ ਨਹੀਂ ਦਿੱਤਾ।

ਓਮ ਦਾ ਜਾਪ ਖਤਮ ਕਰਨ ਉਪਰੰਤ ਸਾਰੀ ਸੰਗਤ ਨੇ ਸਾਤਵਿਕ ਭੋਜਨ ਕਰਨ ਲਈ ਲੰਗਰ ਦੇ ਪੰਡਾਲ ਵਿਚ ਚਲੇ ਜਾਣਾ ਹੈ। ਉਸ ਤੋਂ ਪਹਿਲਾਂ ਹੁਣ ਸਵਾਲਾਂ ਦਾ ਸੈਸ਼ਨ ਹੋਣਾ ਹੈ।

ਪਿੱਛੇ ਬੈਠੀ ਸੰਗਤ ਵਿਚੋਂ ਕਿਸੇ ਵਿਅਕਤੀ ਨੇ ਸਵਾਲ ਪੁੱਛਣ ਲਈ ਹੱਥ ਖੜ੍ਹਾ ਕੀਤਾ ਹੈ। ਉਸ ਕੋਲ ਇਕ ਸ਼ਿਵਰ ਦੇ ਕਰਤਾ ਨੇ ਕੌਰਡਲੈੱਸ ਮਾਈਕ ਪਹੁੰਚਾ ਦਿੱਤਾ ਹੈ।

"ਦੇਵੀ ਜੀ, ਜਬ ਮੈਂ ਓਮ ਕਾ ਜਾਪ ਕਰ ਰਹਾ ਥਾ ਤੋ ਮੇਰਾ ਮਨ ਮੇਰੇ ਘਰ, ਪਰਿਵਾਰ, ਬੱਚੇ, ਮਾਤਾ-ਪਿਤਾ ਔਰ ਕਾਰੋਬਾਰ ਕੀ ਓਰ ਭਾਗ ਰਹਾ ਥਾ," ਜਦੋਂ ਉਹ ਭਾਰਾ ਜਿਹਾ ਵਿਅਕਤੀ ਬੋਲਿਆ ਤਾਂ ਸੰਗਤ ਵਿਚ ਹਾਸੇ ਦੀ ਲਹਿਰ ਦੌੜ ਗਈ। ਮਧੂਲਿਕਾ ਦੇਵੀ ਮੁਸਕਰਾਈ। ਜਿਵੇਂ ਕੋਈ ਮਾਂ ਆਪਣੇ ਬੱਚੇ ਦੇ ਕਿਸੇ ਸਧਾਰਨ ਜਿਹੇ ਉਸ ਸਵਾਲ 'ਤੇ ਮੁਸਕਰਾ ਪੈਂਦੀ ਹੈ ਜਿਸਨੇ ਬੱਚੇ ਦੇ ਅੰਦਰ ਬੇਚੈਨੀ ਪੈਦਾ ਕੀਤੀ ਹੁੰਦੀ ਹੈ।

"ਆਪ ਬੈਠ ਜਾਏਂ ਔਰ ਸਭੀ ਯਹਾਂ ਬੈਠੇ ਹੂਏ ਭਗਤ-ਜਨ ਯੇ ਬਤਾਏਂ ਕਿ ਕਿਸਨੇ ਓਮ ਕਾ ਜਾਪ ਕਰਤੇ ਸਮੇਂ ਯੇ ਸਬ ਨਹੀਂ ਸੋਚਾ ਜੋ ਇਸ ਭਗਤ ਜੀ ਨੇ ਸੋਚਾ," ਏਨੀ ਸੁਰੀਲੀ ਅਵਾਜ਼ ਵਿਚ ਪੁੱਛੇ ਗਏ ਸਵਾਲ ਦੇ ਜਵਾਬ ਵਿਚ ਸਾਰੀ ਸੰਗਤ ਨੇ ਹੱਥ ਖੜ੍ਹੇ ਕਰ ਦਿੱਤੇ।

"ਫਿਕਰ ਨਾ ਕਰੇਂ, ਯੇ ਏਕ ਆਮ-ਨਾਰਮਲ ਅਭਿਆਸ ਹੈ, ਐਸਾ ਸ਼ੁਰੂ-ਸ਼ੁਰੂ ਮੇਂ ਹੋਤਾ ਹੀ ਹੈ। ਆਪ ਸਾਤ ਦਿਨੋਂ ਕੇ ਸ਼ਿਵਰ ਕੇ ਉਪਰੰਤ ਬਤਾਈਏਗਾ ਕਿ ਆਪ ਓਮ ਕੇ ਜਾਪ ਮੇਂ ਤਬ ਕਿਆ ਦੇਖਤੇ ਹੈਂ, ਯਹੀ ਜੋ ਆਪ ਤਬ ਦੇਖ ਰਹੇ ਹੋਂਗੇ, ਵਹੀ ਆਪ ਕੀ ਪ੍ਰਾਪਤੀ ਹੋਗੀ, ਔਰ ਕੋਈ ਭਗਤ-ਜਨ ਕੁਛ ਪੂਛਨਾ ਯਾ ਕਹਿਨਾ ਚਾਹਤੇ ਹੈਂ?" ਮਧੁਰ ਅਵਾਜ਼ ਨਾਲ ਬੰਨ੍ਹਿਆ ਹੋਇਆ ਮੈਂ ਆਪਣੀ ਥਾਂ ਤੋਂ ਉੱਠ ਖਲੋਤਾ ਹਾਂ। ਮੈਂ ਵੀ ਖੜ੍ਹਾ ਹਾਂ ਤੇ ਮੇਰਾ ਸੱਜਾ ਹੱਥ ਵੀ ਖੜ੍ਹਾ ਹੈ।

ਮਧੂਲਿਕਾ ਦੇਵੀ, ਜਿਸ ਦੀ ਮੇਰੇ ਤੋਂ ਦੂਰੀ ਕੋਈ ਪੰਜ ਕੁ ਮੀਟਰ ਦੀ ਹੋਵੇਗੀ, ਮੇਰੇ ਵੱਲ ਵੇਖ ਕੇ ਮੁਸਕਰਾਈ ਹੈ।

ਸ਼ਿਵਰ ਦਾ ਇਕ ਕਾਰਜਕਰਤਾ ਮੈਨੂੰ ਮਾਈਕ ਫੜਾਉਂਦਾ ਹੈ।

"ਜੀ, ਮੈਂ ਇਕ ਪੱਤਰਕਾਰ ਹੂੰ ਤੇ ਆਪਕੀ ਇੰਟਰਵਿਊ ਕਰਨੀ ਚਾਹਤਾ ਹੂੰ, ਮੈਂ ਇਕ ਡਾਕੂਮੈਂਟਰੀ ਬਨਾਂ ਰਹਾ ਹੂੰ, ਇਸ ਲਈ ਆਪਸੇ ਅਲਗ ਮਿਲਨਾ ਚਾਹਤਾ ਹੂੰ," ਮੈਂ ਬਿਨਾਂ ਰੁਕੇ ਕਹੀ ਜਾ ਰਿਹਾ ਹਾਂ।

"ਅਵਸ਼ਯ, ਆਪ ਇਨਸੇ ਮਿਲ ਲੇਂ," ਮਧੂਲਿਕਾ ਦੇਵੀ ਨੇ ਆਪਣੇ ਇਕ ਸਹਿਯੋਗੀ ਵੱਲ ਬੜੀ ਸਹਿਜਤਾ ਨਾਲ ਹੱਥ ਦਾ ਇਸ਼ਾਰਾ ਕਰਕੇ ਕਿਹਾ ਤੇ ਆਪਣੇ ਆਸਣ ਤੋਂ ਉੱਠ ਖੜ੍ਹੀ ਹੋਈ।

ਉਹ ਤੇ ਉਹਦੀਆਂ ਦੋ ਸਾਥਣਾਂ ਉਹਦੇ ਮਗਰ-ਮਗਰ ਮੰਚ ਦੇ ਪਿੱਛੇ ਜਾ ਕੇ ਅਲੋਪ ਹੋ ਗਈਆਂ। ਸੰਗਤਾਂ ਭੋਜਨ ਕਰਨ ਲਈ ਲੰਗਰ ਹਾਲ ਵੱਲ ਤੁਰੀਆਂ ਜਾ ਰਹੀਆਂ ਹਨ।

ਲੰਗਰ ਵਿਚ ਸੰਗਤਾਂ ਖਿਚੜੀ ਉਤੇ ਇੰਜ ਟੁੱਟ ਕੇ ਪਈਆਂ ਹਨ ਜਿਵੇਂ ਖਿਚੜੀ ਅੱਜ ਤੱਕ ਨਾ ਖਾਧੀ ਹੋਵੇ, ਸ਼ਾਇਦ ਭਾਂਤ-ਭਾਂਤ ਦੇ ਭੋਜਨ ਖਾ-ਖਾ ਕੇ ਮਨ ਅੱਕ ਚੁੱਕਾ ਹੋਵੇਗਾ। ਮੈਂ ਤੇ ਮੇਰੇ ਪੱਤਰਕਾਰ ਕੈਮਰਾਮੈਨ ਮਿੱਤਰ ਸੁਖਦੇਵ ਦੋਵਾਂ ਨੇ ਲੰਗਰ ਹਾਲ ਦੀ ਨੁੱਕਰ ਵਾਲੀ ਪੰਗਤ ਚੁਣੀ ਜੋ ਭੰਡਾਰੇ ਦੇ ਕਰੀਬ ਹੈ। ਇਸ ਨਾਲ ਸਾਰੇ ਹਾਲ 'ਤੇ ਝਾਤੀ ਵੀ ਪੈਂਦੀ ਹੈ, ਭੰਡਾਰੇ ਵਿਚ ਲੋਕ ਤੇ ਵਰਤਾਵੇ ਜੋ ਗੱਲਾਂ ਕਰਦੇ ਹਨ, ਉਹ ਵੀ ਸੁਣਾਈ ਦੇਂਦੀਆਂ ਹਨ।

ਭੰਡਾਰੇ ਅੰਦਰ ਕੰਮ ਕਰ ਰਹੇ ਲੋਕ ਆਪਸ 'ਚ ਮਿਲਦਿਆਂ ਕੇਵਲ 'ਓਮ ਨਮੋ ਸ਼ਿਵਾਏ' ਕਹਿ ਕੇ ਇਕ-ਦੂਜੇ ਨੂੰ ਨਮਸਕਾਰ ਕਰਦੇ ਹਨ। ਉੱਥੇ ਭਾਂਡਿਆਂ ਤੋਂ ਇਲਾਵਾ ਹੋਰ ਕੋਈ ਅਵਾਜ਼ ਨਹੀਂ ਹੋ ਰਹੀ।

ਸੁਖਦੇਵ ਨੇ ਕੈਮਰਾ ਚੁੱਕ ਕੇ ਇਕ-ਦੋ ਕਲਿੱਪ ਸੰਗਤ ਦੇ ਲੈ ਲਏ ਹਨ। ਖਿਚੜੀ ਵਾਲੀਆਂ ਥਾਲੀਆਂ ਭਾਂਡੇ ਧੋਣ ਵਾਲੀ ਥਾਂ 'ਤੇ ਫੜਾ ਕੇ ਅਸੀਂ ਵੀ ਬਾਹਰ ਆ ਗਏ ਹਾਂ।

ਮੈਂ ਕੁਝ ਅਜਿਹੇ ਲੋਕਾਂ ਨੂੰ ਵੀ ਇੰਟਰਵਿਊ ਕਰਨਾ ਚਾਹੁੰਦਾ ਹਾਂ, ਜਿਨ੍ਹਾਂ ਨੇ ਲੰਮੇਂ ਸਮੇਂ ਤੋਂ ਮਧੂਲਿਕਾ ਦੇਵੀ ਦੇ ਸ਼ਿਵਰ ਲਗਾਏ ਹਨ। ਬਹੁਤੇ ਲੋਕ ਜੋ ਦਰੱਖਤਾਂ ਦੀਆਂ ਛਾਵਾਂ ਥੱਲੇ ਜਾ ਲੇਟੇ ਹਨ, ਮੈਂ ਤੇ ਸੁਖਦੇਵ ਉਨ੍ਹਾਂ ਵੱਲ ਤੁਰ ਪਏ ਹਾਂ। ਜਿਉਂ ਹੀ ਅਸੀਂ ਇਕ ਬਜ਼ੁਰਗ ਜੋੜੇ, ਜੋ ਸ਼ਾਇਦ ਆਪਸ ਵਿਚ ਪਤੀ-ਪਤਨੀ ਹਨ, ਵੱਲ ਵੱਧਦੇ ਹਾਂ ਤਾਂ ਮਗਰੋਂ ਕਿਸੇ ਨੇ ਮੇਰੇ ਮੋਢੇ 'ਤੇ ਹੱਥ ਰੱਖ ਕੇ 'ਭਾਈ ਸਾਹਬ' ਆਖਿਆ ਹੈ।

"ਭਾਈ ਸਾਹਬ, ਸੁਸ਼੍ਰੀ ਮਧੂ ਜੀ ਨੇ ਆਪ ਕੋ ਬੁਲਵਾ ਭੇਜਾ ਹੈ," ਕਹਿੰਦਿਆਂ ਉਹ ਬੰਦਾ ਪੁੱਠੇ ਪੈਰੀਂ ਵਾਪਸ ਤੁਰ ਪਿਆ ਹੈ। ਮੈਂ ਤੇ ਸੁਖਦੇਵ ਆਪਣੇ ਬੈਗ ਸੰਭਾਲਦੇ ਉਹਦੇ ਪਿੱਛੇ ਤੁਰ ਪਏ ਹਾਂ।

ਉਹ ਜਿਸ ਥਾਂ 'ਤੇ ਆ ਕੇ ਰੁਕਿਆ ਹੈ ਉਹ ਕੱਚੀਆਂ ਪ੍ਰਤੀਤ ਹੁੰਦੀਆਂ ਕੰਧਾਂ ਦਾ ਪੱਕਾ ਮਕਾਨ ਹੈ, ਜਿਸ 'ਤੇ ਸ਼ਾਇਦ ਜਾਣ ਬੁੱਝ ਕੇ ਪੋਚੇ ਵਰਗਾ ਪਲਸਤਰ ਕੀਤਾ ਹੋਇਆ ਹੈ। ਉਸਦੇ ਬਾਹਰ ਨੇਮ ਪਲੇਟ ਦੀ ਥਾਂ 'ਕੁਟੀਆ' ਸ਼ਬਦ ਪੱਥਰ 'ਤੇ ਖੁਣ ਕੇ ਲਾਇਆ ਹੋਇਆ ਹੈ।

ਉਸ ਬੰਦੇ ਨੇ ਸਾਨੂੰ ਵਰਾਂਡੇ ਵਿਚ ਕੁਰਸੀਆਂ 'ਤੇ ਬੈਠਣ ਦਾ ਇਸ਼ਾਰਾ ਕੀਤਾ ਤੇ ਆਪ ਅੰਦਰ ਚਲਾ ਗਿਆ ਹੈ। ਪਲ ਕੁ ਮਗਰੋਂ ਇਕ ਸੇਵਕਾ ਜਾਲੀ ਵਾਲਾ ਬੂਹਾ ਖੋਲ੍ਹ ਕੇ ਖਲੋ ਗਈ ਹੈ, "ਅੰਦਰ

ਆ ਜਾਈਏ।"

ਮੈਂ ਤੇ ਸੁਖਦੇਵ ਬਿਜਲੀ ਦੀ ਫੁਰਤੀ ਨਾਲ ਅੰਦਰ ਬੈਠਕ ਵਿਚ ਲੰਘ ਆਏ ਹਾਂ।

ਅੰਦਰ ਖੁੱਲ੍ਹੀ ਜਿਹੀ ਬੈਠਕ ਵਿਚ ਚਾਰੇ ਪਾਸੇ ਕਰੀਮ ਰੰਗ ਦੇ ਸੋਫ਼ੇ ਲੱਗੇ ਹੋਏ ਹਨ। ਇਕ ਕਾਊਚਨੁਮਾ ਸੋਫ਼ੇ 'ਤੇ ਮਧੂਲਿਕਾ ਦੇਵੀ ਬਿਰਾਜਮਾਨ ਹੈ। ਉਹ ਜਿਸ ਪ੍ਰਕਾਰ ਪੈਰ ਉੱਤੇ ਕਰਕੇ ਢਾਸਣਾ ਲਾਈ ਬੈਠੀ ਹੈ, ਕਿਸੇ ਮਹਾਰਾਣੀ ਦੇ ਬੈਠੇ ਹੋਣ ਦਾ ਭੁਲੇਖਾ ਪਾਉਂਦੀ ਹੈ।

ਉਸਨੇ ਸਾਨੂੰ ਹੱਥ ਦੇ ਇਸ਼ਾਰੇ ਨਾਲ ਆਪਣੇ ਸਾਹਮਣੇ ਸੋਫ਼ੇ 'ਤੇ ਬੈਠਣ ਲਈ ਕਿਹਾ ਹੈ।

"ਮੇਰਾ ਔਰ ਮੇਰੇ ਮਿੱਤਰ ਸੁਖਦੇਵ ਕੇ ਯਹਾਂ ਆਨੇ ਕਾ ਮਕਸਦ ਆਪ ਸੇ ਭੇਂਟ ਕਰਨਾ ਥਾ," ਮੈਂ ਉਸਦੇ ਚਿਹਰੇ ਦੇ ਤੇਜ ਦੇ ਸਾਹਮਣੇ ਸਹਿਜ ਹੋਣ ਦਾ ਯਤਨ ਕਰਦਾ ਹਾਂ।

"ਯੇ ਤੋ ਆਪ ਨੇ ਵਹਾਂ ਭੀ ਬਤਾਯਾ ਥਾ, ਪੂਛਨਾ ਕਿਆ ਚਾਹਤੇ ਹੈਂ ਆਪ, ਵੋ ਬਤਾਈਏ," ਮਧੂਲਿਕਾ ਦੇਵੀ ਹਰੀ ਇਲਾਚੀ ਵਾਂਗ ਸ਼ਬਦ ਚਬਾ-ਚਬਾ ਕੇ ਪੇਸ਼ ਕਰਦੀ ਹੈ। ਉਸਦੇ ਅੰਦਾਜ਼ ਤੋਂ ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਹੁਣੇ ਹੀ ਉਸਦੇ ਕਹਿਣ 'ਤੇ ਇੰਦਰ ਦੇਵਤਾ ਦੇ ਦਰਬਾਰ ਦੀਆਂ ਅਪਸਰਾਵਾਂ ਇਥੇ ਨ੍ਰਿਤ ਕਰਨ ਲੱਗ ਪੈਣਗੀਆਂ। ਉਸਦੇ ਸ਼ਾਹੀ ਅੰਦਾਜ਼ ਤੋਂ ਮਨ ਬਾਗ਼-ਬਾਗ਼ ਹੋ ਉੱਠਦਾ ਹੈ।

ਮੈਂ ਉਸਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਹ ਸਾਧਵੀ ਕਿਉਂ ਬਣੀ, ਉਹ ਕੌਣ ਹੈ ਤੇ ਕਿੱਥੋਂ ਦੀ ਰਹਿਣ ਵਾਲੀ ਹੈ ਵਗ਼ੈਰਾ-ਵਗ਼ੈਰਾ। ਪਰ ਮੇਰਾ ਹਿਰਦਾ ਤੇ ਜ਼ਬਾਨ ਦਿਮਾਗ ਦੇ ਸਵਾਲਾਂ ਨੂੰ ਹੋਠਾਂ ਦੇ ਅੰਦਰ ਬੋਚ ਕੇ ਵਾਪਸ ਹਲਕ ਵਿਚ ਵਗਾਹ ਮਾਰਦੇ ਹਨ।

"ਜੀ ਮੇਰੀ ਪਤਨੀ ਨੇ ਆਪਕਾ ਸ਼ਿਵਰ ਲਗਾਇਆ ਥਾ, ਉਸਨੇ ਜੋ ਬਾਤੇਂ ਆਪਕੇ ਬਾਰੇ ਮੇਂ ਰੋਜ਼ ਘਰ ਆ ਕਰ ਬਤਾਈਂ, ਉਨ ਬਾਤੋਂ ਸੇ ਮੁਝੇ ਇਤਨਾ ਆਕਰਸ਼ਣ ਹੁਆ ਕਿ ਮੈਂ ਆਪ ਕਾ ਸ਼ਿਵਰ ਲਗਾਨੇ ਕੋ ਤਤਪਰ ਹੋ ਗਯਾ," ਮੈਂ ਆਪਣੇ ਸ਼ਬਦਾਂ 'ਤੇ ਹੈਰਾਨ ਹੋ ਰਿਹਾ ਹਾਂ।

"ਹਾ, ਹਾ ,ਹਾ" ਹਲਕੀ ਜਿਹੀ ਮੁਸਕਾਨ ਨਾਲ ਉਹ ਹੱਸਦੀ ਹੈ ਤਾਂ ਮੈਨੂੰ ਮੇਰੇ ਬਚਪਨ ਵਿਚ ਮੇਰੇ ਲਾਗੇ-ਬੰਨੇ ਵਿਚਰਦੀ ਰਹੀ ਕਿਸੇ ਔਰਤ ਦਾ ਭੁਲੇਖਾ ਪੈਂਦਾ ਹੈ।

"ਆਪ ਸ਼ਿਵਰ ਲਗਾਈਏ, ਜੋ ਆਪ ਕੀ ਪਤਨੀ ਕੋ ਪ੍ਰਾਪਤ ਹੁਆ ਵੋ ਆਪ ਕੋ ਭੀ ਅਵਸ਼ਯ ਪ੍ਰਾਪਤ ਹੋਗਾ," ਉਹ ਪ੍ਰਵਚਨਾਂ ਵਾਂਗ ਹੀ ਹਰ ਸੰਵਾਦ ਬੋਲਦੀ ਹੈ।

"ਤੁਹਾਡਾ ਨਾਮ ਸਰਬਜੀਤ ਤਾਂ ਨਹੀਂ ਹੈ? ਤੁਸੀਂ ਦਿੱਲੀ ਦੇ ਰਹਿਣ ਵਾਲੇ ਤਾਂ ਨਹੀਂ? ਤੁਹਾਡੇ ਪਿਤਾ ਦਾ ਨਾਂ ਅਮਰੀਕ ਸਿੰਘ ਤਾਂ ਨਹੀਂ ? " ਮੇਰੀਆਂ ਸੋਚਾਂ ਦੇ ਘੋੜੇ ਇੰਜ ਸਰਪਟ ਦੌੜ ਉੱਠੇ ਕਿ ਮੈਨੂੰ ਆਪਨੂੰ ਵੀ ਸਮਝ ਨਾ ਆਈ ਕਿ ਮੈਂ ਕੀ ਕਹਿ ਉੱਠਿਆਂ ਹਾਂ।

"ਕਯਾ...?" ਮਧੂਲਿਕਾ ਦੇਵੀ ਦੇ ਚਿਹਰੇ 'ਤੇ ਅਚਾਨਕ ਹਲਕੀ ਜਿਹੀ ਸ਼ਿਕਨ ਉਭਰਦੀ ਹੈ।

ਉਹ ਇਕਦਮ ਉੱਠੀ ਤੇ ਬੇਚੈਨ ਚਾਲ ਚੱਲਦਿਆਂ ਅੰਦਰ ਚਲੀ ਗਈ ਹੈ।

ਦਰਵਾਜ਼ੇ 'ਤੇ ਖੜ੍ਹੇ ਸੇਵਕ ਨੇ ਦੋਵੇਂ ਹੱਥਾਂ ਨਾਲ ਜਾਲੀ ਵਾਲੇ ਪੱਲੇ ਬਾਹਰ ਨੂੰ ਖੋਲ੍ਹ ਦਿੱਤੇ ਹਨ। ਉਸਦਾ ਅਰਥ ਹੈ ਕਿ ਅਸੀਂ ਹੁਣ ਚਲੇ ਜਾਈਏ।

ਮੈਂ ਅਜੇ ਵੀ ਸਕਤੇ ਵਿਚ ਹਾਂ। ਸੁਖਦੇਵ ਨੇ ਕੈਮਰਾ ਸੰਭਾਲਿਆ ਤੇ ਮੇਰਾ ਹੱਥ ਫੜ੍ਹ ਕੇ ਮੈਨੂੰ ਉਠਾ ਲਿਆ ਹੈ।

ਜਦੋਂ ਮੇਰੀ ਸੁਰਤ ਟਿਕਾਣੇ ਆਈ ਤਾਂ ਅਸੀਂ ਵਾਪਸ ਆਪਣੇ ਟੈਂਟ ਵਿਚ ਸਾਂ।

"ਮੂਰਖਾ! ਤੂੰ ਕੀ-ਕੀ ਬੋਲ ਆਇਆਂ, ਕੁਝ ਪਤਾ ਵੀ ਹੈ?" ਸੁਖਦੇਵ ਗੁੱਸਾ ਕਰ ਰਿਹਾ ਹੈ।

"ਯਾਰ! ਮੈਨੂੰ ਉਸਨੂੰ ਵੇਖ ਕੇ ਸਭ ਯਾਦ ਆ ਗਿਆ, ਮੈਂ ਕੀ ਕਰਦਾ? ਪੰਡਾਲ ਵਿਚ ਮੇਰੀ ਸੁਰਤ ਵਾਰ-ਵਾਰ ਮੈਨੂੰ ਮੇਰੇ ਉਨ੍ਹਾਂ ਸਮਿਆਂ ਵਿਚ ਲਈ ਜਾਂਦੀ ਸੀ, ਪਰ ਮੈਨੂੰ ਕੁਝ ਚੇਤੇ ਨਹੀਂ ਸੀ ਆਉਂਦਾ, ਜਿਉਂ ਹੀ ਮੈਂ ਉਸਨੂੰ ਲਾਗਿਉਂ ਵੇਖਿਆ, ਮੇਰੀ ਜ਼ਬਾਨ ਆਪੇ ਵਗ ਤੁਰੀ ..."

"ਪਰ ਤੂੰ ਉਹਨੂੰ ਨਰਾਜ਼ ਕਰ ਦਿੱਤਾ, ਉਹ ਗੁੱਸੇ ਵਿਚ ਉੱਠ ਕੇ ਚਲੀ ਗਈ, ਹੁਣ ਉਹ ਸਾਨੂੰ ਇਥੋਂ ਭਜਾ ਦੇਣਗੇ .. ਜਿਹੜੇ ਤੂੰ ਡੇਰੇਦਾਰਾਂ ਦੇ ਬਖੀਏ ਉਧੇੜਨ ਨੂੰ ਫਿਰਦਾਂ .. ਤੇਰਾ ਖੁਰਾ ਖੋਜ ਵੀ ਮਿਟਾ ਦੇਣਗੇ .. ਤੈਨੂੰ ਭਲਾ ਨਹੀਂ ਪਤਾ ਬਈ ਕਿੰਨੇ ਲੰਮੇਂ ਹੱਥ ਹੁੰਦੇ ਨੇ ਇਨ੍ਹਾਂ ਲੋਕਾਂ ਦੇ ...."

"ਵੇਖੀ ਜਾਊ ਹੁਣ ਜੋ ਹੋਊ, ਤੂੰ ਬੈਗ ਪੈਕ ਕਰ, ਆਪਾਂ ਸਵੇਰੇ ਹੀ ਨਿੱਕਲ ਤੁਰਾਂਗੇ .. .. ਪਰ ਇਕ ਗੱਲ ਈ, ਮੈਨੂੰ ਯਾਦ ਸਭ ਕੁਝ ਆ ਗਿਆ ਯਾਰ ..."

"ਕੀ ਯਾਦ ਆ ਗਿਆ, ਕੌਣ ਈ ਇਹ! ਤੂੰ ਕਿੱਦਾਂ ਜਾਣਦਾਂ ਇਸਨੂੰ?" ਸੁਖਦੇਵ ਸਵਾਲ ਦਰ ਸਵਾਲ ਦਾਗ਼ ਰਿਹਾ ਹੈ।

"ਮੇਰਾ ਦੋਸਤ ਸੀ ਬਚਪਨ ਵਿਚ ਇਕ, ਜਦੋਂ ਅਸੀਂ ਤਿਲਕ ਨਗਰ ਦਿੱਲੀ ਰਹਿੰਦੇ ਸੀ, ਉਹਦਾ ਨਾਂ ਸੀ ਅਜੀਤ, ਅਸੀਂ ਜੀਤਾ ਜੀਤਾ ਕਹਿੰਦੇ ਹੁੰਦੇ ਸੀ .. ਉਹਦੀ ਸਕੀ ਮਾਸੀ ਹੈ ਇਹ .. " ਮੈਂ ਆਪਣੇ ਦੱਸ-ਬਾਰਾਂ ਸਾਲ ਦੀ ਉਮਰ ਦਾ ਪੜਾਅ ਯਾਦ ਕਰਦਾ ਹਾਂ।

"ਅਜੀਤ ਦਾ ਅਤੇ ਉਸਦੇ ਨਾਨਕਿਆਂ ਦਾ ਘਰ ਸਾਡੇ ਤੋਂ ਅਗਲੀ ਗਲੀ ਵਿਚ ਸੀ ... .."

"ਅਜੀਤ ਦੀ ਨਾਨੀ ਤੇ ਉਹਦੀ ਮੰਮੀ ਇਕ ਦਿਨ ਸਾਡੇ ਘਰ ਆ ਕੇ ਮੇਰੀ ਮੰਮੀ ਨਾਲ ਬਹੁਤ ਲੜੀਆਂ। ਉਹ ਤਾਂ ਇਕ ਦੂਜੇ ਨਾਲ ਗੁੱਤੋ-ਗੁੱਤੀ ਹੋਣ ਤੱਕ ਗਈਆਂ। ਮੇਰੀ ਮੰਮੀ ਨੇ ਮੈਨੂੰ ਉਨ੍ਹਾਂ ਦੇ ਸਾਹਮਣੇ ਸੱਦ ਕੇ ਪੁੱਛਿਆ ਕਿ ਮੈਂ ਅਜੀਤ ਦੀ ਮਾਸੀ ਸਰਬਜੀਤ ਬਾਰੇ ਉਸਨੂੰ ਕੀ ਕਹਿ ਆਇਆ ਸੀ? ਤਾਂ ਮੈਂ ਆਪਣੀ ਮੰਮੀ ਨੂੰ ਕਿਹਾ ਕਿ ਤੁਸੀਂ ਹੀ ਤਾਂ ਕਹਿੰਦੇ ਸੀ ਕਿ ਉਹ ਸਰਬਜੀਤ ਨਾ ਬੰਦਾ ਏ ਨਾ ਜਨਾਨੀ ਹੈ .. ਮੇਰੀ ਮੰਮੀ ਪਾਣੀ-ਪਾਣੀ ਹੋ ਗਈ ....."

'ਮੰਮੀ ਉਨ੍ਹਾਂ ਸਾਹਮਣੇ ਤਾਂ ਮੁੱਕਰ ਗਈ, ਪਰ ਬਾਅਦ ਵਿਚ ਮੇਰੀ ਬੜੀ ਖੜਕਾਈ ਹੋਈ .....''

''ਦਰਅਸਲ ਮੈਂ ਆਪਣੀ ਮੰਮੀ ਨੂੰ ਆਪਣੇ ਡੈਡੀ ਨਾਲ ਇਹ ਗੱਲ ਕਰਦਿਆਂ ਸੁਣ ਲਿਆ ਸੀ .....''

''ਗੱਲ ਤਾਂ ਆਈ ਗਈ ਹੋ ਗਈ ਪਰ ਮੇਰੇ ਬਾਲ-ਮਨ ਵਿਚ ਇਹ ਕੁੱਟ ਤੇ ਇਸ ਗੱਲ ਦਾ ਅਸਲੀ ਕਾਰਨ ਹਮੇਸ਼ਾਂ-ਹਮੇਸ਼ਾਂ ਲਈ ਗੰਢ ਬਣ ਕੇ ਬੱਝ ਗਿਆ। ਮਗਰੋਂ ਮੇਰੇ ਐਮ. ਬੀ. ਬੀ. ਐਸ. ਕਰਦੇ ਇਕ ਮਿੱਤਰ ਨੇ ਇਸ ਗੰਢ ਨੂੰ ਖੋਲ੍ਹ ਕੇ ਸੁਲਝਾਇਆ ਕਿ ਇਸ ਪ੍ਰਕਿਰਤੀ ਦੇ ਵੀ ਲੋਕ ਪਰਮਾਤਮਾ ਨੇ ਪੈਦਾ ਕੀਤੇ ਹਨ। ਉਸਦੇ ਦੱਸਣ ਦੇ ਅਨੁਸਾਰ ਕਈ ਔਰਤਾਂ ਜਨਮ ਤੋਂ ਅਜਿਹੀਆਂ ਹੁੰਦੀਆਂ ਹਨ, ਜੋ ਸਰੀਰਕ ਬਣਤਰ ਪੱਖੋਂ ਪੂਰੀ ਤਰ੍ਹਾਂ ਔਰਤਾਂ ਵਰਗੀਆਂ ਹੁੰਦੀਆਂ ਹਨ ਪਰ ਉਨ੍ਹਾਂ ਵਿਚ ਬੱਚੇਦਾਨੀ ਵਿਕਸਿਤ ਨਹੀਂ ਹੋਈ ਹੁੰਦੀ, ਜਿਸ ਕਰਕੇ ਉਨ੍ਹਾਂ ਨੂੰ ਮਾਂਹਵਾਰੀ ਨਹੀਂ ਹੁੰਦੀ। ਅਜਿਹੀਆਂ ਲੜਕੀਆਂ ਦੇ ਮਾਪੇ ਅਕਸਰ ਡਾਕਟਰਾਂ ਤੋਂ ਛੋਟੀ ਜਿਹੀ ਸਰਜਰੀ ਕਰਾ ਕੇ ਉਨ੍ਹਾਂ ਨੂੰ ਕੁਝ ਹੱਦ ਤੱਕ ਗ੍ਰਹਿਸਥ ਦੇ ਕਾਬਲ ਬਣਾ ਲੈਂਦੇ ਹਨ ਪਰ ਉਨ੍ਹਾਂ ਨੂੰ ਔਲਾਦ ਪ੍ਰਾਪਤੀ ਨਹੀਂ ਹੋ ਸਕਦੀ ਹੁੰਦੀ ...''

''ਸਰਬਜੀਤ ਦੇ ਕੇਸ ਵਿਚ ਵੀ ਅਜਿਹਾ ਹੋਇਆ ਸੀ। ਇਸਦਾ ਵਿਆਹ ਇਕ ਫੌਜੀ ਨਾਲ ਕਰ ਦਿੱਤਾ ਗਿਆ ਸੀ , ਜਿਸਦੇ ਤਿੰਨ ਪੁੱਤਰ ਸਨ ਤੇ ਪਤਨੀ ਦੀ ਮੌਤ ਹੋ ਚੁੱਕੀ ਸੀ ...''

ਮੈਨੂੰ ਕੁੱਟ ਪੈਣ ਵਾਲੀ ਘਟਨਾ ਤੋਂ ਬਾਦ ਸਾਡਾ ਉਨ੍ਹਾਂ ਦੇ ਨਾਲ ਤੇ ਜੀਤੇ ਹੁਰਾਂ ਨਾਲ ਵੀ ਬੋਲਚਾਲ ਉੱਕਾ ਹੀ ਬੰਦ ਹੋ ਗਿਆ ਸੀ, ਉਨ੍ਹਾਂ ਦਿਨਾਂ ਵਿਚ ਵਾਪਰਿਆ ਘਟਨਾਕ੍ਰਮ ਹੂਬਹੂ ਇਕ-ਇਕ ਕਰਕੇ ਮੇਰੇ ਅੰਦਰੋਂ ਗੁਜ਼ਰ ਗਿਆ।

''ਇਹਦਾ ਮਤਲਬ ਕਿ ਬਚਪਨ ਤੋਂ ਹੀ ਤੇਰੀ ਪੰਗੇ ਲੈਣ ਦੀ ਆਦਤ ਹੈ,'' ਸੁਖਦੇਵ ਵਿਅੰਗ ਕਰਦਾ ਹੈ। ਅਸੀਂ ਜਾਣਦੇ ਹਾਂ ਕਿ ਇਹ ਡੇਰਿਆਂ ਵਾਲੇ ਤਾਂ ਕਈ ਵਾਰ ਬੰਦਾ ਮਾਰ ਕੇ ਨੱਪ ਦੇਣ ਤਾਂ ਉਹਦੀ ਕੋਈ ਉੱਘ-ਸੁੱਘ ਨਹੀਂ ਨਿਕਲਦੀ।

''ਕੋਈ ਨਾ, ਆਪਾਂ ਸਵੇਰੇ ਹੀ ਨਿਕਲ ਜਾਣਾ ਹੈ, ਪਹਿਲੀ ਬੱਸੇ .. ਦਫ਼ਾ ਕਰ ਆਪਾਂ ਨੀ ਬਣਾਉਂਦੇ ਕੋਈ ਡਾਕੂਮੈਂਟਰੀ .. ਪ੍ਰੋਜੈਕਟ ਕੈਂਸਲ ..,'' ਮੈਂ ਅੰਦਰਲੇ ਡਰ ਦਾ ਸਿਰ ਮਸਲਦਾ ਹਾਂ, ਫਿਰ ਵੀ ਇਕ ਥਿੜਕਣ ਪੈਦਾ ਹੋ ਗਈ ਹੈ।

ਅਸੀਂ ਦੋਵੇਂ ਆਪਣੇ-ਆਪਣੇ ਬਿਸਤਰੇ 'ਤੇ ਲੇਟੇ ਚੁੱਪ ਹਾਂ। ਕੋਈ ਘੰਟੇ ਕੁ ਬਾਦ ਸ਼ਾਮ ਦੀ ਪੂਜਾ ਲਈ ਬਾਹਰ ਅਨਾਊਂਸਮੈਂਟ ਹੁੰਦੀ ਹੈ।

ਸੁਖਦੇਵ ਸੁੱਤਾ ਪਿਆ ਹੈ।

ਮੈਂ ਦੁਚਿੱਤੀ ਵਿਚ ਪਿਆ ਰਹਿੰਦਾ ਹਾਂ। ਮੈਂ ਬਾਹਰ ਜਾਣ ਅਤੇ ਮਧੂਲਿਕਾ ਦੇਵੀ ਨਹੀਂ ਸਰਬਜੀਤ ... ਸਰਬਜੀਤ ਦਾ ਸਾਹਮਣਾ ਕਰਨ ਦਾ ਇਰਾਦਾ ਤਿਆਗ ਦਿੱਤਾ ਹੈ।

ਲਾਊਡ ਸਪੀਕਰ ਵਿਚ ਸਰਬਜੀਤ ਦੀ ਅਵਾਜ਼ ਆ ਰਹੀ ਹੈ।

''ਇਹ ਤਾਂ ਫੌਜੀ ਦੀ ਪਤਨੀ ਸੀ, ਇਹ ਸਾਧਵੀ ਕਿੱਦਾਂ ਬਣੀ? ਇਥੇ ਕਿਵੇਂ ਆ ਗਈ?'' ਮੇਰੇ ਅੰਦਰ ਫਿਰ ਸਵਾਲਾਂ ਦਾ ਪਹਾੜ ਉੱਸਰਨ ਲੱਗਾ ਹੈ।

ਇਕ ਖੁਤਖੁਤੀ ਜਿਹੀ ਮੇਰੀਆਂ ਸੋਚਾਂ ਦਾ ਪਿੱਛਾ ਕਰ ਰਹੀ ਹੈ।

ਮੈਂ ਲੰਮੀ ਦੇਰ ਤੱਕ ਚੁੱਪ ਰਹਿੰਦਾ ਹਾਂ।

ਬਾਹਰ ਸ਼ਿਵਰ ਸਮਾਪਤ ਹੋਣ ਦੀ ਅਨਾਊਂਸਮੈਂਟ ਹੋ ਗਈ ਹੈ। ਸਾਡੇ ਟੈਂਟ ਲਾਗੋਂ ਦੀ ਲੋਕਾਂ ਦੇ ਪੈਰਾਂ ਦਾ ਖੜਾਕ ਲੰਗਰ ਵੱਲ ਤੁਰਿਆ ਜਾ ਰਿਹਾ ਹੈ। ਸੁਖਦੇਵ ਸੌਂ ਰਿਹਾ ਹੈ।

ਮੈਂ ਅਜੇ ਵੀ ਅਹਿੱਲ ਪਿਆ ਹਾਂ। ਭੁੱਖ-ਪਿਆਸ ਖਤਮ ਹੋ ਗਈ ਹੈ। ਕੁਝ-ਕੁਝ ਸਹਿਮ ਤੇ ਚਿੰਤਾ ਭਾਰੂ ਹੈ ਕਿ ਸਵੇਰੇ-ਸਵੇਰੇ ਬਿਨਾ ਦੱਸੇ ਇਥੋਂ ਖਿਸਕਣਾ ਕਿੱਦਾਂ ਹੈ? ਰਾਤ ਕੋਈ ਦੁਰਘਟਨਾ ਨਾ ਵਾਪਰ ਜਾਵੇ।

ਮੈਂ ਸੋਚਦਾ ਹਾਂ ਕਿ ਘਰ ਫੋਨ ਕਰ ਲਵਾਂ।

''ਮੇਰਾ ਫੋਨ'' ..! ਅਚਾਨਕ ਮੈਨੂੰ ਯਾਦ ਆਇਆ ਹੈ, ਮੇਰਾ ਫੋਨ ਕਿੱਥੇ ਹੈ, ਬੜੀ ਦੇਰ ਤੋਂ ਰਿੰਗ ਨਹੀਂ ਵੱਜੀ। ਮੈਂ ਉਠ ਕੇ ਫੋਨ ਲੱਭਦਾ ਹਾਂ।

ਸਾਡੇ ਦੋਵਾਂ ਕੋਲ ਕੱਪੜਿਆਂ ਦੇ ਦੋ-ਦੋ ਜੋੜੇ ਹਨ। ਮੈਂ ਉਹ ਵੀ ਕੱਢ ਕੇ ਦੋਵੇਂ ਬੈਗ਼ ਖਾਲੀ ਕਰਕੇ ਵੇਖਦਾ ਹਾਂ।

ਫੋਨ ਨਹੀਂ ਹੈ, ਫੋਨ ਕਿੱਥੇ ਗਿਆ। ਮੈਂ ਦੁਪਹਿਰ ਦੇ ਭੋਜਨ ਤੋਂ ਬਾਦ ਤੱਕ ਦਾ ਸਾਰਾ ਘਟਨਾਕ੍ਰਮ ਮਨ ਹੀ ਮਨ ਦੁਹਰਾਉਂਦਾ ਹਾਂ। ਮੈਂ ਸੁਖਦੇਵ ਨੂੰ ਹਲੂਣ ਕੇ ਜਗਾਉਂਦਾ ਹਾਂ।

ਉਹ ਹਾਬੜਿਆ ਉੱਠਦਾ ਹੈ। ਅਸੀਂ ਮਿਲ ਕੇ ਫੋਨ ਲੱਭਦੇ ਹਾਂ। ਫੋਨ ਨਹੀਂ ਹੈ।

ਜਦੋਂ ਸਰਬਜੀਤ ਕਾਊਚ ਤੇ ਬੈਠੀ ਸੀ ਤਾਂ ਮੈਂ ਰਿਕਾਰਡਰ ਆਨ ਕਰਕੇ ਫੋਨ ਆਪਣੇ ਕੋਲ ਸੱਜੇ ਹੱਥ ਵਾਲੇ ਮੇਜ਼ 'ਤੇ ਰੱਖਿਆ ਸੀ। ਯਾਨੀ ਫੋਨ ਉੱਥੇ ਹੀ ਰਹਿ ਗਿਆ।

ਹੁਣ ਮੈਂ ਪਰੇਸ਼ਾਨ ਹਾਂ।

ਬਾਹਰ ਆਵਾਜਾਈ ਬੰਦ ਹੋ ਗਈ ਹੈ। ਪਸਰੀ ਹੋਈ ਸ਼ਾਂਤੀ ਰਾਤ ਦੇ ਉਤਰ ਆਉਣ ਦੀ ਸੂਚਨਾ ਦੇ ਰਹੀ ਹੈ।

ਮੈਂ ਤੇ ਸੁਖਦੇਵ ਟੈਂਟ ਵਿਚੋਂ ਬਾਹਰ ਨਿਕਲ ਆਏ ਹਾਂ। ਬਾਹਰਲੀ ਹਰੀ-ਹਰੀ ਘਾਹ ਉੱਤੇ ਤਰੇਲ ਪੈਣ ਲੱਗ ਪਈ ਹੈ। ਮੈਂ ਸਰਬਜੀਤ ਦੀ ਕੋਠੀ ਵੱਲ ਨਜ਼ਰ ਮਾਰਦਾ ਹਾਂ। ਕੋਠੀ ਦੀਆਂ ਬੱਤੀਆਂ ਬੁਝੀਆਂ ਹੋਈਆਂ ਹਨ। ਜਿਵੇਂ ਕਿ ਸਵੇਰੇ ਦੱਸਿਆ ਗਿਆ ਸੀ, ਇੱਥੇ ਜਲਦੀ ਸੌਣ ਤੇ ਸਵੇਰੇ ਜਲਦੀ ਉੱਠਣ ਦਾ ਰਿਵਾਜ ਹੈ। ਅਸੀਂ ਬਗੀਚੀ ਵਿਚੋਂ ਟਹਿਲ ਕੇ ਮੁੜ ਆਏ ਹਾਂ। ਸੁਖਦੇਵ ਦੇ ਦਿਲਾਸੇ ਮੇਰੇ ਕੰਮ ਨਹੀਂ ਆ ਰਹੇ। ਉਹ ਫਿਰ ਤੋਂ ਸੌਣ ਲਈ ਤਿਆਰ ਹੈ। ਮੈਂ ਆਪਣੇ ਫੋਨ ਬਾਰੇ ਚਿੰਤਤ ਹਾਂ। ਉਹ ਮੈਨੂੰ ਵੀ ਸੌਂ ਜਾਣ ਲਈ ਆਖ ਕੇ ਫਿਰ ਪੈ ਜਾਂਦਾ ਹੈ।

ਮੇਰੀ ਸੁਰਤੀ ਮੇਰੇ ਫੋਨ ਤੋਂ ਫਿਰ ਸਰਬਜੀਤ ਵੱਲ ਕੇਂਦਰਿਤ ਹੋ ਗਈ ਹੈ। ਬਾਹਰ ਕਦਮਾਂ ਦੀ ਆਹਟ ਸੁਣਾਈ ਦਿੱਤੀ ਹੈ। ਮੈਂ ਸੁਖਦੇਵ

ਵੱਲ ਵੇਖਦਾ ਹਾਂ। ਉਹ ਘੁਰਾੜੇ ਮਾਰਨ ਲੱਗ ਪਿਆ ਹੈ। ਪਿਛਲੀ ਸਾਰੀ ਰਾਤ ਸਫ਼ਰ ਦਾ ਥਕੇਵਾਂ ਹੋਣ ਕਰਕੇ ਉਹ ਜਲਦੀ ਸੌਂ ਗਿਆ ਹੈ।

ਮੈਂ ਛੇਤੀ ਨਾਲ ਟੈਂਟ ਦਾ ਕੱਪੜਾ ਹਟਾ ਕੇ ਵੇਖਿਆ ਹੈ। ਬਾਹਰ ਸਰਬਜੀਤ ਹੈ।

ਯਾਨੀ ਮੈਂ ਸਹੀ ਸੀ। ਇਹ ਸੱਚਮੁੱਚ ਉਹੀ ਹੈ।

ਉਸਨੇ ਮੈਨੂੰ ਬਾਹਰ ਆਉਣ ਦਾ ਇਸ਼ਾਰਾ ਕੀਤਾ ਹੈ। ਮੈਂ ਉਸਦੇ ਮਗਰੇ-ਮਗਰ ਤੁਰਦਾ ਆਇਆ ਹਾਂ ਜਿਵੇਂ ਕਿਸੇ ਗਾਂ ਦੇ ਮਗਰ ਉਸਦਾ ਵਛੇਰੂ ਤੁਰਦਾ ਆਉਂਦਾ ਹੈ।

ਅਸੀਂ ਸ਼ਿਵਰ ਵਾਲਾ ਹਿੱਸਾ ਲੰਘ ਕੇ ਢਲਾਨ ਵੱਲ ਨੂੰ ਤੁਰਨ ਲੱਗੇ ਹਾਂ। ਉਹ ਇਕ ਨਿੱਕੇ ਜਿਹੇ ਮੰਦਰ ਦੇ ਬਾਹਰਵਾਰ ਬਣੇ ਥੜ੍ਹੇ 'ਤੇ ਬੈਠ ਗਈ ਹੈ।

"ਤੁਸੀਂ ਸਰਬਜੀਤ ਨੂੰ ਕਿਵੇਂ ਜਾਣਦੇ ਹੋ?" ਉਸਦਾ ਸਵਾਲ ਸਪਸ਼ਟ ਹੈ, ਕੋਈ ਭੂਮਿਕਾ ਨਹੀਂ।

" ਜੀ ਮੈਂ, ਮੈਂ ਬਚਪਨ ਵਿਚ ਤੁਹਾਡੇ ਸ਼ਹਿਰ , ਤੁਹਾਡੇ ਮਹੱਲੇ ਵਿਚ ਰਹਿੰਦਾ ਰਿਹਾ ਹਾਂ। ਮੈਂ ਤੁਹਾਡੇ ਭਾਣਜੇ ਜੀਤ ਦਾ ਬਚਪਨ ਦਾ ਦੋਸਤ ਹਾਂ। ਮੈਂ ਜਾਣਦਾ ਹਾਂ ਕਿ ਤੁਸੀਂ ਇਕ ਫੌਜੀ ਨਾਲ ਵਿਆਹੇ ਗਏ ਸੀ, ਅਸੀਂ ਉਦੋਂ ਛੋਟੇ-ਛੋਟੇ ਹੁੰਦੇ ਸਾਂ," ਮੈਂ ਡਰਦੇ-ਡਰਦੇ ਭੇਦ ਖੋਲ੍ਹਦਾ ਹਾਂ।

"ਕਿਹੜਾ ਮਿੱਤਰ?" ਉਸਨੇ ਦੋ ਟੁੱਕ ਪੁੱਛਿਆ ਹੈ। ਉਸਦੇ ਚਿਹਰੇ 'ਤੇ ਕੋਈ ਭਾਵ ਨਹੀਂ।

ਮੈਂ ਵਿਸਥਾਰ ਨਾਲ ਉਸਨੂੰ ਆਪਣੇ ਤੇ ਆਪਣੇ ਮਾਪਿਆਂ ਬਾਰੇ ਦੱਸਦਾ ਹਾਂ।

"ਕੀ ਤੂੰ ਇੱਥੇ ਆਉਣ ਤੋਂ ਪਹਿਲਾਂ ਵੀ ਜਾਣਦਾ ਸੀ ਕਿ ਮੈਂ ਕੌਣ ਹਾਂ?" ਉਸਦੇ ਇਸ ਸਵਾਲ ਨਾਲ ਮੇਰੇ ਅੰਦਰ ਕਈ ਡਰ ਸਿਰ ਚੁੱਕਦੇ ਹਨ। ਕੀ ਸੱਚਮੁੱਚ ਇਹ ਸਾਨੂੰ ਮਰਵਾ ਵੀ ਸਕਦੀ ਹੈ।

ਮੈਨੂੰ ਉਸੇ ਸਮੇਂ ਇਕ ਤਾਜ਼ਾ-ਤਾਜ਼ਾ ਜੇਲ੍ਹ ਅੰਦਰ ਡੱਕੇ ਡੇਰੇਦਾਰ ਨਾਲ ਜੁੜੀਆਂ ਕਈ ਦੁਰਘਟਨਾਵਾਂ ਯਾਦ ਆਉਣ ਲੱਗੀਆਂ ਹਨ ਕਿ ਇਨਵੇਸਟੀਗੇਟਿੰਗ ਟੀਮ ਨੂੰ ਉਸਦੇ ਡੇਰੇ ਅੰਦਰੋਂ ਕਈ ਸੁਰੰਗਾਂ ਮਿਲੀਆਂ ਸਨ, ਕਈ ਬੰਦੇ ਮਰਵਾਏ ਸਨ ਉਸਨੇ, ਕਈ ਬਲਾਤਕਾਰ ਤੇ ਜਿਨਸੀ ਸ਼ੋਸ਼ਣ ਦੇ ਮਾਮਲੇ ਦਾਇਰ ਹੋਏ ਸਨ।

"ਤੂੰ ਅਜੀਤ ਦਾ ਉਹੀ ਦੋਸਤ ਹੈਂ। ਤੇਰੇ ਕਰਕੇ ਸਾਡੇ ਦੋਹਾਂ ਘਰਾਂ ਵਿਚ ਫਿੱਕ ਪੈ ਗਈ ਸੀ," ਉਸਨੇ ਮੈਨੂੰ ਪਛਾਣ ਲਿਆ ਹੈ।

" ਜੀ .. .. ਜੀ ..," ਮੈਂ ਕੁਝ ਝਿਜਕਦਾ ਹਾਂ। ਮੇਰੇ ਚਿਹਰੇ 'ਤੇ ਉਸ ਦਿਨ ਦੀ ਗ਼ਲਤੀ ਪ੍ਰਤੀ ਸ਼ਰਮਿੰਦਗੀ ਦਾ ਭਾਵ ਹੈ। "ਪਰ ਮੈਨੂੰ ਤੁਹਾਡਾ ਇਹ ਸਰੂਪ ਵੇਖ ਕੇ ਬਹੁਤ ਹੈਰਾਨੀ ਹੋ ਰਹੀ ਹੈ ਤੇ ਅਚੰਭਾ ਵੀ," ਮੈਂ ਸਹਿਜ ਹੋਣ ਦੀ ਕੋਸ਼ਿਸ਼ ਕਰਦਾ ਹਾਂ।

"ਤੂੰ ਤਾਂ ਆਪਣਾ ਹੀ ਨਿਕਲਿਉਂ... ਬੜੇ ਸਾਲਾਂ ਬਾਦ ਵੇਖਿਆ ਹੈ ਤੈਨੂੰ, ਤੂੰ ਤਾਂ ਬਚਪਨ ਤੋਂ ਹੀ ਵਕਤ ਤੋਂ ਪਹਿਲਾਂ ਚੀਜ਼ਾਂ ਬਾਰੇ ਜਾਣਨ ਦਾ ਆਦੀ ਹੈਂ," ਉਸਨੇ ਤਨਜ਼ ਭਰੀ ਨਜ਼ਰ ਮੇਰੇ ਵੱਲ ਸੁੱਟੀ ਹੈ।

"ਨਹੀਂ, ਨਹੀਂ ਤੁਸੀਂ ਨਾ ਦੱਸਣਾ ਚਾਹੋ ਤਾਂ ਰਹਿਣ ਦਿਉ , ਪਰ ਮੈਂ ਅਜੀਤ ਹੋਰਾਂ ਬਾਰੇ ਤੇ ਤੁਹਾਡੇ ਪਰਿਵਾਰ ਬਾਰੇ ਵੀ ਜਾਣਨਾ ਚਾਹੁੰਦਾ ਹਾਂ," ਮੇਰੀ ਝਿਜਕ ਕੁਝ ਘਟਣ ਲੱਗੀ।

ਉਸਨੇ ਮੈਨੂੰ ਅਜੀਤ ਤੇ ਉਸਦੇ ਪਰਿਵਾਰ ਬਾਰੇ ਕੁਝ ਕੁ ਗੱਲਾਂ ਦੱਸੀਆਂ ਕਿ ਉਹ ਲੋਕ ਹੁਣ ਕਿੱਥੇ ਸੈੱਟ ਹੋਏ ਹਨ। ਉਨ੍ਹਾਂ ਦੇ ਭੈਣ-ਭਰਾਵਾਂ ਦੇ ਪਰਿਵਾਰਾਂ ਬਾਰੇ ਦੱਸਿਆ ਪਰ ਮੇਰੀ ਅਸਲ ਜਿਗਿਆਸਾ ਤਾਂ ਉਸਦੇ ਨਿੱਜੀ ਜੀਵਨ ਬਾਰੇ ਜਾਣਨ ਦੀ ਸੀ।

ਉਹ ਮੇਰੇ ਨਾਲ ਪੁਰਾਣੇ ਸਮੇਂ ਦੀਆਂ ਬੀਤੀਆਂ ਗੱਲਾਂ ਕਰਕੇ ਕੁਝ ਸਹਿਜ ਹੋ ਗਈ।

"ਤੁਹਾਡੇ ਪਤੀ ਤੇ ਬੱਚੇ ਕਿੱਧਰ ਗਏ, ਤੁਸੀਂ ਇਸ ਥਾਂ 'ਤੇ ਇਨ੍ਹਾਂ ਲੋਕਾਂ ਵਿਚ ਕਿਵੇਂ ਪਹੁੰਚੇ, ਤੁਹਾਡੀ ਨੌਕਰੀ, ਸਭ ਕਿਵੇਂ ਬਦਲ ਗਿਆ?" ਮੈਂ ਲਗਾਤਾਰ ਉਨ੍ਹਾਂ ਸਾਰੇ ਸਵਾਲਾਂ ਦਾ ਭਾਰ ਉਸ 'ਤੇ ਲੱਦ ਦਿੱਤਾ, ਜਿਨ੍ਹਾਂ ਦੀ ਕਸ਼ਮਕਸ਼ ਵਿਚ ਮੈਂ ਪਿਛਲੇ ਕੁਝ ਘੰਟਿਆਂ ਤੋਂ ਉਲਝਿਆ ਰਿਹਾ ਸੀ।

ਉਸਦੇ ਪਰਿਵਾਰ ਦੀ ਸਾਡੇ ਬਾਪੂ ਜੀ ਤੇ ਬੀਜੀ ਨਾਲ ਚੰਗੀ ਸਾਂਝ ਸੀ, ਜਿਸ ਕਰਕੇ ਅਸੀਂ ਦੋਵੇਂ ਪਰਿਵਾਰਾਂ ਦੇ ਬੱਚੇ ਇਕੱਠੇ ਹੀ ਖੇਡਦੇ ਹੁੰਦੇ ਸੀ। ਪਰ ਪਿਛਲੇ ਪੰਦਰਾਂ ਸਾਲਾਂ ਤੋਂ ਬਹੁਤ ਕੁਝ ਬਦਲ ਗਿਆ ਸੀ।

ਇਸ ਗੱਲ ਦਾ ਮੈਂ ਉਸਨੂੰ ਭਰੋਸਾ ਦਵਾਇਆ ਕਿ ਉਹ ਮੇਰੇ 'ਤੇ ਹੁਣ ਕਿਸੇ ਹੱਦ ਤੱਕ ਵਿਸ਼ਵਾਸ ਕਰ ਸਕਦੀ ਹੈ।

"ਤੂੰ ਜਾਣਦਾਂ ਏਂ ਨਾ ਕਿ ਮੇਰਾ ਵਿਆਹ ਜਿਸ ਆਦਮੀ ਨਾਲ ਹੋਇਆ ਸੀ ਉਹ ਫ਼ੌਜ ਵਿਚ ਮੇਜਰ ਸੀ ਤੇ ਉਸਦੀ ਪਹਿਲੀ ਪਤਨੀ ਮਰ ਚੁੱਕੀ ਸੀ। ਉਸਦੇ ਤਿੰਨੇ ਬੱਚੇ ਮੈਨੂੰ ਪਿਆਰ ਕਰਦੇ ਸੀ। ਜਿੰਨੀ ਕੁ ਇੱਜ਼ਤ ਇਕ ਪੜ੍ਹੀ-ਲਿਖੀ ਦੂਜੀ ਮਾਂ ਦੀ ਕੀਤੀ ਜਾ ਸਕਦੀ ਹੈ, ਉਹ ਕਰਦੇ ਸੀ, ਜ਼ਿੰਦਗੀ ਸਾਵੀਂ ਤੁਰੀ ਜਾ ਰਹੀ ਸੀ। ਬੱਚੇ ਵੱਡੇ ਹੋ ਰਹੇ ਸੀ....."

"ਤਾਂ ਫਿਰ ਤੁਸੀਂ ਇਸ ਥਾਂ ਇਸ ਬਾਣੇ ਵਿਚ ਕਿਉਂ ਹੋ?" ਮੈਂ ਵਿਚੋਂ ਟੋਕਦਾ ਹਾਂ। ਮੈਂ ਜਿਹੜੀਆਂ ਗੱਲਾਂ ਜਾਣਦਾ ਹਾਂ ਉਨ੍ਹਾਂ ਬਾਰੇ ਦੁਬਾਰਾ ਨਹੀਂ ਜਾਣਨਾ ਚਾਹੁੰਦਾ।

"ਬਹੁਤ ਵਾਰ ਜ਼ਿੰਦਗੀ ਵਿਚ ਬਹੁਤਾ ਕੁਝ ਅਣਚਾਹਿਆ ਹੀ ਘਟ ਜਾਂਦਾ ਹੈ, ਜਦੋਂ ਮੈਂ ਵੱਡੀ ਹੋਈ ਅੰਮੀ ਹਮੇਸ਼ਾਂ ਮੇਰੇ ਵਿਆਹ ਬਾਰੇ ਚਿੰਤਤ ਰਹਿੰਦੇ ਸਨ। ਮੈਨੂੰ ਛੋਟੇ ਹੁੰਦਿਆਂ ਮੇਰੀਆਂ ਆਪਣੀਆਂ ਭੈਣਾਂ ਦੀਆਂ ਸਹੇਲੀਆਂ ਨਾਲ ਵੀ ਅੰਮੀ ਜੀ ਘੁਲਣ ਮਿਲਣ ਨਹੀਂ ਸੀ ਦਿੰਦੇ ਹੁੰਦੇ। ਉਹ ਹਮੇਸ਼ਾਂ ਮੇਰੇ 'ਤੇ ਵਿਸ਼ੇਸ਼ ਨਜ਼ਰ ਰੱਖਦੇ। ਪਰ ਕਈ ਗੱਲਾਂ ਉਨ੍ਹਾਂ ਨੂੰ ਵੀ ਨਹੀਂ ਸੀ ਪਤਾ ਲੱਗਦੀਆਂ। ਕਈ ਥਾਂ ਮੈਨੂੰ ਅੰਮੀ ਜੀ ਦੇ ਡਰ ਤੇ ਸ਼ੰਕੇ ਹਕੀਕੀ ਰੂਪ ਵਿਚ ਟੱਕਰ ਜਾਂਦੇ ਸਨ। ਮਤਲਬ..., ਮਤਲਬ ਇਹੀ ਕਿ ਜਿਸਮਾਨੀ ਤੌਰ 'ਤੇ ਕਈ ਵਾਰ

ਕਈ ਬੰਦਿਆਂ ਨੇ ਮੇਰੇ ਸਰੀਰ ਨਾਲ ਛੂਹ ਕੇ ਜਾਂ ਮੈਨੂੰ ਭੱਦੇ ਅਵਾਜ਼ੇ ਕੱਸ ਕੇ ਮੇਰੀ ਸੈਲਫ਼ ਰਿਸਪੈਕਟ ਨੂੰ ਚੋਟ ਪੁਚਾਈ ਸੀ। ਪਰ ਮੈਂ ਡਰਦਿਆਂ ਨਾ ਆਪਣੀਆਂ ਭੈਣਾਂ ਤੇ ਨਾ ਹੀ ਅੰਮੀ ਜੀ ਨੂੰ ਕੁਝ ਦੱਸਦੀ। ਬੇਸ਼ੱਕ ਅੰਮੀ ਜੀ ਨੂੰ ਮੇਰੀ ਜ਼ਿੰਦਗੀ ਲਈ ਰੱਬ 'ਤੇ ਵਿਸ਼ਵਾਸ ਸੀ ਤਾਂ ਵੀ ਮੇਰੇ ਨਾਲ ਘਟੀਆਂ ਘਟਨਾਵਾਂ ਨੇ ਮੇਰੇ ਮਨ ਵਿਚ ਇਹ ਗੱਲ ਬਿਠਾ ਦਿੱਤੀ ਸੀ ਕਿ ਮੇਰੇ ਰਾਹ ਕੋਈ ਸੌਖੇ ਨਹੀਂ, ਸ਼ਾਇਦ ਅਜਿਹੇ ਲੋਕ ਮੈਨੂੰ ਜ਼ਿੰਦਗੀ ਭਰ ਮਿਲਦੇ ਰਹਿਣਗੇ..ਹੂੰ...'' ਉਸਨੇ ਲੰਮਾ ਜਿਹਾ ਹੌਕਾ ਭਰਿਆ ਹੈ।

''ਆਪਣੇ ਭਵਿੱਖ ਬਾਰੇ ਜਦ ਕਦੇ ਮੈਂ ਜ਼ਿਆਦਾ ਚਿੰਤਾ ਕਰਦੀ ਤਾਂ ਅੰਮੀ ਜੀ ਮੈਨੂੰ ਕਹਿੰਦੇ ਕਿ ਤੂੰ ਤਾਂ ਮੇਰੇ ਵਿਹੜੇ ਵਿਚ ਲੱਗੀ ਕੁਆਰ ਗੰਦਲ ਐਂ .. ..ਕੁਆਰ ਗੰਦਲ ਵੱਲ ਬਹੁਤਾ ਧਿਆਨ ਨਹੀਂ ਜਾਂਦਾ ਕਿਸੇ ਦਾ, ਪਰ ਉਹਦੀ ਤਾਸੀਰ ਬੜੀ ਨਰੋਈ ਹੁੰਦੀ ਏ। ਭਾਵੇਂ ਕੋਈ ਛਿੱਲ ਕੇ ਖਾ ਲਵੇ ਤੇ ਭਾਵੇਂ ਕੋਈ ਚਮੜੀ ਤੇ ਲਾ ਲਵੇ। ਸੌ ਰੋਗਾਂ ਦਾ ਦਾਰੂ ਐ .. .. ਇਹਦੇ ਕੰਡੇ ਤਾਂ ਬੱਸ ਇਕ ਕਿਸਮ ਦੀ ਭਰਮ ਈ ਹੁੰਦੇ ਨੇ .. .. ਮੈਨੂੰ ਬੁੱਕਲ 'ਚ ਘੁੱਟ ਲੈਂਦੇ .. .. ਮੇਰੀ ਸਰਬਜੀਤ ਤਾਂ ਕੁਆਰ ਗੰਦਲ ਐ...''

''ਜਵਾਨੀ ਦੀ ਦਹਿਲੀਜ਼ 'ਤੇ ਪੈਰ ਧਰਦਿਆਂ ਮੇਰੀਆਂ ਭੈਣਾਂ ਵਿਚ ਜੋ ਤਬਦੀਲੀਆਂ ਹੋਈਆਂ, ਉਨ੍ਹਾਂ ਵਿਚੋਂ ਬਹੁਤੀਆਂ ਮੇਰੇ ਨਾਲ ਨਾ ਹੋ ਸਕੀਆਂ। ਜਦੋਂ ਮੇਰੀ ਕਿਸੇ ਭੈਣ ਨੂੰ ਮਾਂਹਵਾਰੀ ਦੀਆਂ ਪੀੜਾਂ ਹੋਣੀਆਂ ਤਾਂ ਮੇਰੀ ਬੇਚੈਨੀ ਹੋਰ ਵੱਧ ਜਾਣੀ। ਮੇਰੇ ਕੋਲੋਂ ਆਪਣਾ ਆਪ ਜਰਿਆ ਨਾ ਜਾਂਦਾ। ਮੈਂ ਬਾਥਰੂਮ ਵਿਚ ਚਲੀ ਜਾਂਦੀ। ਟੂਟੀ ਛੱਡ ਕੇ ਰੋਂਦੀ ਰਹਿੰਦੀ ਤੇ ਆਪਣੇ ਸਰੀਰ ਨੂੰ ਟੋਂਹਦੀ ਰਹਿੰਦੀ। ਨਾ ਆਦਮੀ ਚੰਗੇ ਲੱਗਦੇ ਨਾ ਔਰਤਾਂ। ਬੜੀ ਕਠਿਨ ਅਵਸਥਾ ਬਣਦੀ .. ਅੰਮੀ ਜੀ ਕੁਝ ਕੁ ਸਾਲ ਤਾਂ ਇੰਤਜ਼ਾਰ ਕਰਦੇ ਰਹੇ, ਫਿਰ ਇਕ ਦਿਨ ਇੱਕ ਲੇਡੀ ਡਾਕਟਰ ਕੋਲ ਲੈ ਗਏ। ਉਸਨੇ ਸਾਰਾ ਚੈਕਅੱਪ ਕੀਤਾ ਤੇ ਅੰਮੀ ਜੀ ਨੂੰ ਬੜੇ ਧੀਰਜ ਨਾਲ ਮੇਰੇ ਲਾਗੇ ਬਿਠਾ ਕੇ ਸਭ ਕੁਝ ਸਮਝਾਇਆ। ਉਸਨੇ ਕਿਹਾ ਕਿ ਔਲਾਦ ਦਾ ਸੁੱਖ ਤਾਂ ਇਹਨੂੰ ਕਦੇ ਨਹੀਂ ਮਿਲ ਸਕੇਗਾ .. ਕਿਸੇ ਗਰੀਬ ਦੇ ਜਾਂ ਕਿਸੇ ਦੁਹਾਜੂ ਦੇ ਘਰ ਵਸਾ ਦਿਉ।

ਮੈਂ ਆਪਣੇ ਛੇ ਭੈਣ-ਭਰਾਵਾਂ ਵਿਚੋਂ ਚੌਥੇ ਨੰਬਰ 'ਤੇ ਸੀ। ਅੰਮੀ ਜੀ ਨੇ ਮੇਰਾ ਸੱਚ ਜੱਗ ਜ਼ਾਹਿਰ ਹੋਣ ਤੋਂ ਪਹਿਲਾਂ-ਪਹਿਲਾਂ ਮੇਰੀਆਂ ਵੱਡੀਆਂ ਭੈਣਾਂ ਦੇ ਵਿਆਹ ਕਰ ਦਿੱਤੇ। ਉਸੇ ਲੇਡੀ ਡਾਕਟਰ ਨੇ ਹੀ ਮੇਰਾ ਇਲਾਜ ਕੀਤਾ ਤੇ ਮੇਰਾ ਇਕ ਮੇਜਰ ਨਾਲ ਰਿਸ਼ਤਾ ਕਰਵਾ ਦਿੱਤਾ। ਉਸ ਮੇਜਰ ਦੇ ਤਿੰਨ ਪੁੱਤਰ ਸਨ। ਮੈਂ ਮੇਜਰ ਸਾਹਿਬ ਦੇ ਪਰਿਵਾਰ ਨੂੰ ਪਾਲਦੀ ਰਹੀ ਤੇ ਉਨ੍ਹਾਂ ਮੇਰਾ ਢਾਕ ਢੱਕੀ ਰੱਖਿਆ .. ਬੱਚੇ ਜਵਾਨ ਹੋ ਰਹੇ ਸਨ ..'' ਕਹਿ ਕੇ ਉਹ ਲੰਮੀਂ ਦੇਰ ਲਈ ਚੁੱਪ ਕਰ ਗਈ।

''ਫਿਰ ..?'' ਮੈਂ ਬਹੁਤਾ ਕੁਝ ਨਹੀਂ ਕਹਿ ਸਕਿਆ।

ਦੋਹਾਂ ਦੇ ਸਾਹਾਂ ਦੀ ਅਵਾਜ਼ ਰਾਤ ਦੀ ਖ਼ਾਮੋਸ਼ੀ ਨੂੰ ਚੀਰ ਰਹੀ ਹੈ।

''ਮੈਂ ਕਿਹਾ ਨਾ ਬਹੁਤ ਵਾਰ ਜ਼ਿੰਦਗੀ ਤੁਹਾਡੇ ਲਈ ਹਰ ਮੋੜ 'ਤੇ ਕੁਝ ਵੱਖਰਾ ਲਈ ਖੜ੍ਹੀ ਹੁੰਦੀ ਹੈ...ਬੱਚੇ ਜਵਾਨ ਹੋ ਰਹੇ ਸਨ, ਮਨਤੇਜ, ਜਸਤੇਜ ਤੇ ਹਰਤੇਜ। ਉਹ ਜਿਉਂ-ਜਿਉਂ ਵੱਡੇ ਹੋ ਰਹੇ ਸਨ ਤਿਉਂ-ਤਿਉਂ ਉਨ੍ਹਾਂ ਦਾ ਮੇਰੇ ਨਾਲ ਲਗਾਓ ਘਟ ਰਿਹਾ ਸੀ। ਸ਼ਾਇਦ ਕਿਧਰੇ ਦੂਜੀ ਮਾਂ ਦਾ ਅਹਿਸਾਸ ਹੋਵੇ। ਮਨਤੇਜ ਤਾਂ ਝੱਟਪੱਟ ਆਰਮੀ ਟ੍ਰੇਨਿੰਗ ਵਿਚ ਸਿਲੈਕਟ ਹੋ ਗਿਆ, ਜਸਤੇਜ ਨੇ ਅਮਰੀਕਾ ਜਾਣ ਦਾ ਨਿਸ਼ਚਾ ਕਰ ਲਿਆ ਤੇ ਉਹ ਛੇਤੀ ਹੀ ਚਲਾ ਵੀ ਗਿਆ ਸੀ। ਘਰ ਵਿਚ ਰਹਿ ਗਏ ਸੀ ਤਾਂ ਹਰਤੇਜ, ਮੇਜਰ ਸਾਹਬ ਜੋ ਹੁਣ ਕਰਨਲ ਬਣ ਗਏ ਸੀ ਤੇ ਮੈਂ। ਹਰਤੇਜ ਉਨ੍ਹੀਂ ਦਿਨੀਂ ਗਿਆਰ੍ਹਵੀਂ ਵਿਚ ਪੜ੍ਹਦਾ ਸੀ। ਉਸਦੇ ਸ਼ੌਕ ਤੇ ਆਦਤਾਂ ਉਮਰ ਤੋਂ ਬਹੁਤ ਪਹਿਲਾਂ ਵੱਡੀਆਂ ਹੋ ਰਹੀਆਂ ਸਨ। ਕਰਨਲ ਸਾਹਬ ਦੀ ਪੋਸਟਿੰਗ ਕਲਕੱਤੇ ਹੋ ਗਈ ਸੀ। ਮੈਂ ਤੇ ਹਰਤੇਜ ਨੇ ਗਰਮੀਆਂ ਦੀਆਂ ਛੁੱਟੀਆਂ ਵਿਚ ਕਲਕੱਤੇ ਚਲੇ ਜਾਣਾ ਸੀ।

ਜਾਣ ਤੋਂ ਦੋ ਦਿਨ ਪਹਿਲਾਂ ਸ਼ਾਮ ਦਾ ਘੁਸਮੁਸਾ ਸੀ ਕਿ ਹਰਤੇਜ ਨੇ ਘਰ ਦੀ ਬੈੱਲ ਵਜਾਈ। ਮੈਂ ਦਰਵਾਜ਼ਾ ਖੋਲ੍ਹਿਆ ਤਾਂ ਉਸਦੇ ਨਾਲ ਉਸਦੇ ਦੋ ਹੋਰ ਦੋਸਤ ਵੀ ਅੰਦਰ ਆ ਗਏ। ਉਹ ਬਹੁਤ ਸ਼ਰਾਬੀ ਹਾਲਤ ਵਿਚ ਸਨ। ਮੈਂ ਹਰਤੇਜ ਦੇ ਦੋਵੇਂ ਦੋਸਤਾਂ ਨੂੰ ਬਾਹਰੋਂ ਹੀ ਮੁੜ ਜਾਣ ਲਈ ਕਿਹਾ। ਹਰਤੇਜ ਉਨ੍ਹਾਂ ਦਾ ਪੱਖ ਲੈਣ ਲੱਗਾ। ਉਹ ਬਹਿਸ ਰਿਹਾ ਸੀ ਕਿ ਉਸਦੇ ਦੋਸਤ ਰਾਤ ਨੂੰ ਸਾਡੇ ਘਰ ਰੁਕਣਗੇ। ਮੈਂ ਸ਼ਰਾਬੀ ਹੋਇਆਂ ਨਾਲ ਬਹਿਸ ਕਰਕੇ ਕੋਈ ਬਖੇੜਾ ਨਾ ਖੜ੍ਹਾ ਕਰਨ ਦੀ ਸੋਚੀ। ਰੋਟੀ ਪਕਾਉਣ ਵਾਲਾ ਮਹੇਸ਼ ਰੋਟੀ ਪਕਾ ਕੇ ਜਾ ਚੁੱਕਾ ਸੀ। ਇਹ ਸੋਚ ਕੇ ਕਿ ਮੈਂ ਸਵੇਰੇ ਕਰਨਲ ਸਾਹਬ ਨੂੰ ਫੋਨ ਕਰਕੇ ਹਰਤੇਜ ਬਾਰੇ ਦੱਸਾਂਗੀ, ਮੈਂ ਆਪਣੇ ਕਮਰੇ ਵਿਚ ਸੌਣ ਲਈ ਚਲੀ ਗਈ। ਬੱਸ ਇਥੇ ਹੀ ਮੇਰੇ ਕੋਲੋਂ ਗ਼ਲਤੀ ਹੋ ਗਈ ...'' ਸਰਬਜੀਤ ਰੋਣ ਲੱਗੀ ਹੈ।

ਮੈਂ ਆਪਣੀ ਜਗ੍ਹਾ 'ਤੇ ਇੰਜ ਅਹਿੱਲ ਬੈਠਾ ਹਾਂ ਜਿਵੇਂ ਕਿਸੇ ਨੇ ਮੈਨੂੰ ਉਸੇ ਥਾਂ ਕਿੱਲ ਠੋਕ ਦਿੱਤੇ ਹੋਣ। ਉਸਦੀ ਸੁਣਾਈ ਹਰ ਗੱਲ ਮੇਰੇ ਸਾਹਮਣੇ ਫ਼ਿਲਮ ਦੀ ਰੀਲ ਵਾਂਗ ਚੱਲ ਰਹੀ ਹੈ।

ਕੁਝ ਦੇਰ ਬਾਦ ਉਹ ਆਪੇ ਹੀ ਸ਼ਾਂਤ ਹੋ ਗਈ ਹੈ।

''ਮੈਂ ਜੋ ਕੁਝ ਵੀ ਸੀ, ਕਰਨਲ ਸਾਹਬ ਨੇ ਮੈਨੂੰ ਉਂਜ ਹੀ ਸਵੀਕਾਰ ਕੀਤਾ ਸੀ, ਕਦੇ-ਕਦੇ ਮੈਂ ਉਨ੍ਹਾਂ ਦੀ ਅਹਿਸਾਨਮੰਦ ਹੁੰਦੀ ਕਿ ਜੇਕਰ ਉਹ ਨਾ ਹੁੰਦੇ ਤਾਂ ਮੈਂ ਕਿੱਥੇ ਜਾਂਦੀ .. ਮੈਨੂੰ ਹਿਜੜਿਆਂ ਤੋਂ ਬੜਾ ਡਰ ਲੱਗਦਾ ਸੀ ... ਲੱਗਦਾ ਜੇ ਕਰਨਲ ਸਾਹਬ ਨਾ ਹੁੰਦੇ ਤਾਂ ਸ਼ਾਇਦ ਹਿਜੜੇ ਮੈਨੂੰ ਚੁੱਕ ਕੇ ਲੈ ਜਾਂਦੇ .. .. .''

ਕਰਨਲ ਸਾਹਬ ਦੇ ਵੱਡੇ ਦੋਵੇਂ ਪੁੱਤਰ ਵੀ ਪਿਉ ਦਾ ਅਕਸ ਹੀ ਸਨ। ਸ਼ਾਇਦ ਉਹ ਜੇ ਮੇਰੇ ਬਾਰੇ ਜਾਣਦੇ ਵੀ ਰਹੇ ਹੋਣਗੇ ਤਾਂ ਉਨ੍ਹਾਂ ਨੇ ਇਹ ਕਦੇ ਜਤਾਇਆ ਨਹੀਂ ਸੀ। ਕਰਨਲ ਸਾਹਬ ਦਾ ਬੜਾ ਰੋਹਬ ਸੀ। ਉਹਨਾਂ ਦੀ ਹਸਤੀ ਘਰ ਵਿਚ ਇਕ ਪਹਾੜ ਵਰਗੀ ਸੀ, ਐਸਾ ਪਹਾੜ ਜਿਸਦੇ ਆਸਰੇ ਕਈ ਨਿੱਕੀਆਂ-ਵੱਡੀਆਂ ਚੋਟੀਆਂ ਠਹਿਰੀਆਂ ਹੁੰਦੀਆਂ ਹਨ। ਮੈਂ ਵੀ ਉਨ੍ਹਾਂ ਦੇ ਆਸਰੇ ਹੀ ਟਿਕੀ ਹੋਈ ਸਾਂ।''

''ਪਰ ਹਰਤੇਜ ਨੇ ਜਦੋਂ ਦਾ ਜਵਾਨੀ ਵਿਚ ਪੈਰ ਧਰਿਆ ਸੀ, ਉਹ

ਬਦਲ ਰਿਹਾ ਸੀ। ਜਦੋਂ ਮੈਂ ਉਸਨੂੰ ਕੁਝ ਕਹਿੰਦੀ ਉਹ ਭੈੜਾ ਜਿਹਾ ਝਾਕਦਾ। ਉਹ ਮੇਰੇ ਆਖੇ ਵਿਚ ਨਾ ਰਹਿੰਦਾ। ਨਾ ਹੀ ਬਹੁਤਾ ਬੋਲਚਾਲ ਰੱਖਦਾ। ਬਹੁਤੀਆਂ ਮਨਆਈਆਂ ਹੀ ਕਰਦਾ। ਮਾਂ ਦੇ ਤੌਰ 'ਤੇ ਮੈਂ ਉਸਨੂੰ ਸਮਝਾਉਣ ਦੀ ਕੋਸ਼ਿਸ਼ ਕਰਦੀ ਉਹ ਮੈਨੂੰ ਅੱਗੋਂ ਖਾਣ ਨੂੰ ਪੈਂਦਾ। ਮੈਨੂੰ ਲੱਗਣ ਲੱਗ ਪਿਆ ਸੀ ਕਿ ਉਹ ਮੇਰੇ ਬਾਰੇ ਕੁਝ ਜਾਣ ਗਿਆ ਹੈ ਇਸ ਲਈ ਮੈਂ ਉਸਨੂੰ ਬੁਲਾਉਣਾ ਘੱਟ ਕਰ ਦਿੱਤਾ ਸੀ।

ਉਸ ਰਾਤ ਜਦੋਂ ਅਜੇ ਮੇਰੀ ਅੱਖ ਲੱਗੀ ਹੀ ਸੀ ਕਿ ਮੇਰਾ ਦਰਵਾਜ਼ਾ ਨੱਕ ਹੋਇਆ। ਝਕਦਿਆਂ-ਝਕਦਿਆਂ ਮੈਂ ਦਰਵਾਜ਼ਾ ਖੋਲ੍ਹਿਆ। ਹਰਤੇਜ ਨੇ ਮੈਨੂੰ ਅੰਦਰ ਵੱਲ ਧੱਕਾ ਦਿੱਤਾ ਤੇ ਉਹਦੇ ਦੋਵੇਂ ਦੋਸਤ ਵੀ ਅੰਦਰ ਆ ਗਏ। ਮੈਂ ਉਹਨੂੰ ਧੱਕਾ ਮਾਰ ਕੇ ਬਾਹਰ ਕੱਢਣਾ ਚਾਹਿਆ, ਧਮਕਾਇਆ ਵੀ, ਜੋ ਵੀ ਮੇਰੇ ਹੱਥ ਵਿਚ ਆਇਆ ਮੈਂ ਵਗਾਹ ਮਾਰਿਆ, ਪਰ ਮੈਂ ਉਨ੍ਹਾਂ ਨੂੰ ਰੋਕ ਨਾ ਸਕੀ। ਉਸਦੇ ਬੋਲਾਂ ਵਿਚੋਂ ਵਰ੍ਹਦੇ ਅੰਗਿਆਰਾਂ ਨੇ ਮੈਨੂੰ ਜੜ੍ਹ ਕਰ ਦਿੱਤਾ।

"ਕਿਉਂ ਰੋਕਦੀ ਏਂ .. ਤੈਨੂੰ ਕਿਹੜਾ ਫਰਕ ਪੈ ਚੱਲਿਆ .. ਤੈਨੂੰ ਵੇਖ ਕੇ ਜਿਹੜੀ ਅੱਗ ਮੱਚਦੀ ਏ, ਉਹ ਠੰਡੀ ਕਰਨੀ ਏ ਮੈਂ ਵੀ ਤੇ ਮੇਰੇ ਯਾਰਾਂ ਨੇ ਵੀ .. ..

"ਹਰਤੇਜ ਮੈਂ ਤੇਰੀ ਮਾਂ ਵਾਂ, ਰੱਬ ਦੇ ਵਾਸਤੇ ਇਹ ਜ਼ੁਲਮ ਨਾ ਕਰ, ਇਹ ਪਾਪ ਆ , ਤੇਰੀ ਮਾਂ ਨਾ ਸਹੀ, ਮੈਂ ਤੇਰੇ ਪਾਪਾ ਦੀ ਵਾਈਫ਼ ਤਾਂ ਹਾਂ .. .."

"ਨਾ ਨਾ ਨਾ ... ਨਾ ਤੂੰ ਮਾਂ ਤੇ ਨਾ ਤੂੰ ਪਾਪਾ ਦੀ ਵਾਈਫ਼, ਜੇ ਮੈਂ ਚਾਹਵਾਂ ਤਾਂ ਤੇਰੇ ਪੈਰਾਂ ਵਿਚ ਕੱਲ੍ਹ ਹੀ ਘੁੰਗਰੂ ਬੰਨ੍ਹਾ ਕੇ ਵਿਹੜੇ 'ਚ ਨਚਾ ਸਕਦਾਂ ..."

ਉਹ ਤਿੰਨੇ ਮੇਰੇ 'ਤੇ ਟੁੱਟ ਪਏ। ਮੇਰੇ ਕੱਪੜੇ ਲੀਰਾਂ-ਲੀਰਾਂ ਕਰ ਦਿੱਤੇ। ਮੈਂ ਹੱਥ ਜੋੜਦੀ ਰਹਿ ਗਈ। ਉਨ੍ਹਾਂ ਵਹਿਸ਼ੀਆਂ ਨੇ ਮੇਰੀ ਇਕ ਨਾ ਸੁਣੀ। ਮੇਰੀ ਰੂਹ ਲੀਰਾਂ-ਲੀਰਾਂ ਹੋ ਗਈ, ਮੈਂ ਨਸ਼ਰ ਹੋ ਗਈ .. ਮੈਂ ਥਾਏਂ ਮਰ ਗਈ .. ਮੈਂ ਉਸ ਦਿਨ ਉਥੇ ਹੀ ਮਰ ਗਈ .. ਸਰਬਜੀਤ ਉਥੇ ਹੀ ਮਰ ਗਈ .. ..।"

ਜ਼ਾਰੋਜਾਰ ਹੋ ਰਹੀ ਸਰਬਜੀਤ ਦੇ ਹੱਥ ਨੂੰ ਮੈਂ ਆਪਣੇ ਬਚਪਨ ਵਾਲੀ ਛੋਹ ਨਾਲ ਛੋਹਿਆ ਤਾਂ ਉਹ ਮੇਰੇ ਗਲ ਧਾਹ ਕਰਕੇ ਲੱਗ ਗਈ ਤੇ ਜ਼ਾਰ ਜ਼ਾਰ ਰੋਣ ਲੱਗ ਪਈ। ਮੈਂ ਉਸਨੂੰ ਰੋਣ ਤੋਂ ਰੋਕਣਾ ਨਹੀਂ ਚਾਹੁੰਦਾ ਪਤਾ ਨਹੀਂ ਕਿੰਨ੍ਹੇ ਕੁ ਸਾਲਾਂ ਦਾ ਗ਼ੁਬਾਰ ਹੈ ਜੋ ਅੱਜ ਵਹਿ ਤੁਰਿਆ ਹੈ।

ਮੈਂ ਘੜੀ ਵੱਲ ਵੇਖਦਾ ਹਾਂ, ਰਾਤ ਦਾ ਇਕ ਵੱਜ ਚੁੱਕਾ ਹੈ। ਖ਼ਾਮੋਸ਼ ਰਾਤ ਵਿਚ ਸਿਰਫ਼ ਉਸਦੇ ਹਟਕੋਰੇ ਸੁਣਾਈ ਦੇ ਰਹੇ ਹਨ। ਉਹ ਆਪ ਹੀ ਮੈਥੋਂ ਅਲੱਗ ਹੁੰਦੀ ਹੈ।

"ਅਗਲੇ ਦਿਨ ਮੈਂ ਹਿੰਮਤ ਕਰਕੇ ਉੱਠੀ ਤਾਂ ਮੈਂ ਵੇਖਿਆ ਕਿ ਹਰਤੇਜ ਕਿਤੇ ਜਾ ਚੁੱਕਾ ਸੀ...ਮੈਂ ਘਰ ਵਿਚ ਇਕੱਲੀ ਸਾਂ...ਮੇਰੇ ਜਿਊਣ ਦਾ ਕੋਈ ਹੱਜ ਨਹੀਂ ਰਿਹਾ...ਮੈਂ ਕਰਨਲ ਸਾਹਬ ਨੂੰ ਫੋਨ ਕੀਤਾ ਤੇ ਉਨ੍ਹਾਂ ਨੂੰ ਸਾਰੀ ਵਿਥਿਆ ਦੱਸ ਦਿੱਤੀ। ਮੈਂ ਉਸ ਦਿਨ ਪਹਾੜ ਢਹਿੰਦਾ ਵੇਖਿਆ ਸੀ। ਅੰਮੀ ਕਹਿੰਦੇ ਹੁੰਦੇ ਸੀ ਕਿ ਪਹਾੜ ਸਿਰਫ਼ ਦੋ ਸੂਰਤਾਂ ਵਿਚ ਢਹਿੰਦਾ ਹੈ ਜਾਂ ਤਾਂ ਉਹਦੇ ਉਤੋਂ ਹੌਲੀ-ਹੌਲੀ ਕਰਕੇ ਸਾਰੇ ਰੁੱਖ ਪੁੱਟ ਸੁੱਟੋ ਤੇ ਜਾਂ ਉਹਦੇ ਪੈਰਾਂ ਵਿਚ ਬੰਬ ਬੰਨ੍ਹ ਕੇ ਉਡਾ ਦਿਓ। ਅੱਜ ਹਰਤੇਜ ਨੇ ਪਹਾੜ ਨੂੰ ਬੰਬ ਬੰਨ੍ਹ ਕੇ ਉਡਾ ਦਿੱਤਾ ਸੀ। ਕਰਨਲ ਸਾਹਬ ਫੋਨ 'ਤੇ ਚੁੱਪਚਾਪ ਸਭ ਕੁਝ ਸੁਣਦੇ ਰਹੇ। ਫਿਰ ਉਨ੍ਹਾਂ ਫੋਨ ਬੰਦ ਕਰ ਦਿੱਤਾ। ਮੈਨੂੰ ਸਮਝ ਨਾ ਆਵੇ ਕਿ ਮੈਂ ਕੀ ਕਰਾਂ।"

"ਅੱਜ ਅੰਮੀ ਦੀ ਕੁਆਰ ਗੰਦਲ ਪੈਰਾਂ ਥੱਲੇ ਮਧੋਲੀ ਜਾ ਚੁੱਕੀ ਸੀ। ਮੈਂ ਘਰੋਂ ਨਹਾ-ਧੋ ਕੇ ਤਿਆਰ ਹੋ ਕੇ ਨਿੱਕਲ ਤੁਰੀ। ਕੁਝ ਪਤਾ ਨਹੀਂ ਸੀ ਕੀ ਕਰਾਂਗੀ। ਟਰੇਨ 'ਤੇ ਬੈਠ ਗਈ। ਟਰੇਨ ਕਿਸੇ ਸਟੇਸ਼ਨ 'ਤੇ ਰੁਕੀ। ਬਾਹਰ ਵੇਖਿਆ ਤਾਂ ਹਰਿਦੁਆਰ ਦਾ ਸਟੇਸ਼ਨ ਸੀ। ਸੋਚਿਆ ਗੰਗਾ ਵਿਚ ਡੁੱਬ ਮਰਦੀ ਹਾਂ। ਫਿਰ ਕਰਨਲ ਸਾਹਬ ਦਾ ਖ਼ਿਆਲ ਆਇਆ। ਉਨ੍ਹਾਂ ਦਾ ਕੀ ਕਸੂਰ ਸੀ। ਟਰੇਨ ਤੋਂ ਉੱਤਰ ਕੇ ਇਕ ਪੀ. ਸੀ. ਓ. ਤੋਂ ਕਰਨਲ ਸਾਹਬ ਨੂੰ ਫੋਨ ਮਿਲਾਇਆ। ਉਨ੍ਹਾਂ ਨਾਲ ਗੱਲ ਹੋਈ ਨੂੰ ਛੇ ਸੱਤ ਘੰਟੇ ਬੀਤ ਗਏ ਸਨ, ਕਿਸੇ ਮਾਤਹਿਤ ਨੇ ਫੋਨ ਚੁੱਕਿਆ ਸੀ ਜਿਸਨੇ ਦੱਸਿਆ ਕਿ ਕਰਨਲ ਸਾਹਬ ਨੇ ਆਪਣੇ ਆਪ ਨੂੰ ਗੋਲੀ ਮਾਰ ਲਈ ਸੀ..."

"ਹਰਤੇਜ ਦਾ ਦਿੱਤਾ ਜ਼ਖ਼ਮ ਸਦਾ ਲਈ ਮੇਰੇ ਸੀਨੇ ਦਾ ਨਾਸੂਰ ਬਣ ਜਾਣਾ ਸੀ, ਇਸ ਲਈ ਮੈਂ ਰਾਤ ਦੇ ਹਨ੍ਹੇਰੇ ਵਿਚ ਗੰਗਾ ਜੀ ਵਿਚ ਛਾਲ ਮਾਰਨ ਦੀ ਸੋਚੀ। ਰਾਤ ਪੈਣ ਤੱਕ ਮੈਂ ਗੰਗਾ ਘਾਟ 'ਤੇ ਬੈਠੀ ਅੰਮੀ ਜੀ ਤੇ ਕਰਨਲ ਸਾਹਬ ਨੂੰ ਯਾਦ ਕਰਦੀ ਰਹੀ ਤੇ ਰੋਂਦੀ ਰਹੀ..."

"ਗੰਗਾ ਘਾਟ 'ਤੇ ਕਈ ਤੈਰਾਕ ਵੀ ਬੈਠੇ ਰਹਿੰਦੇ ਹਨ, ਮੈਂ ਇਹ ਗੱਲ ਨਹੀਂ ਜਾਣਦੀ ਸੀ। ਜਿਉਂ ਹੀ ਮੈਂ ਗੰਗਾ ਵਿਚ ਛਾਲ ਮਾਰੀ ਮੈਨੂੰ ਗੋਤਾਖੋਰਾਂ ਨੇ ਬਾਹਰ ਕੱਢ ਲਿਆਂਦਾ। ਉਨ੍ਹਾਂ ਮੈਨੂੰ ਬਚਾ ਲਿਆ ਸੀ ਕਿਉਂਕਿ ਸ਼ਾਇਦ ਮੇਰੇ ਜ਼ਿੰਮੇ ਲੱਗਾ ਅਸਲੀ ਕੰਮ ਅਜੇ ਕਰਨਾ ਬਾਕੀ ਸੀ। ਮੈਂ ਗੰਗਾ ਘਾਟ 'ਤੇ ਰਹਿੰਦੀ ਇਕ ਬਜ਼ੁਰਗ ਵਿਧਵਾ ਕੋਲ ਰਹਿਣ ਲੱਗੀ। ਫਿਰ ਮੈਂ ਅਜਿਹੀਆਂ ਹੋਰ ਔਰਤਾਂ ਦੇ ਸੰਪਰਕ ਵਿਚ ਆਈ ਜੋ ਗੰਗਾ ਜੀ ਵਿਚ ਜ਼ਿੰਦਗੀ ਖ਼ਤਮ ਕਰਨ ਲਈ ਆਉਂਦੀਆਂ ਸਨ। ਭਾਂਤ-ਭਾਂਤ ਦੇ ਦੁੱਖਾਂ ਮਾਰੇ ਲੋਕਾਂ ਨੂੰ ਮਿਲ ਕੇ ਮੇਰਾ ਜੀਵਨ ਬਦਲ ਗਿਆ। ਮੈਂ ਆਪਣਾ ਆਪਾ ਲੋਕਾਂ ਦੀ ਸੇਵਾ ਵਿਚ ਲਾਉਣ ਦੀ ਸੋਚੀ, ਬੱਸ .. .. ਉਹ ਦਿਨ ਸੀ ਤੇ ਇਹ ਅੱਜ ਦਾ ਦਿਨ ਹੈ। ਜ਼ਿੰਦਗੀ ਬਦਲ ਗਈ। ਪਹਿਲਾ ਬੀਤਿਆ ਸਾਰਾ ਕੁਝ ਮੈਂ ਗੰਗਾ ਜੀ ਵਿਚ ਰੋੜ੍ਹ ਦਿੱਤਾ। ਇਸਨੇ ਮੈਨੂੰ ਬਹੁਤ ਬੱਲ ਦਿੱਤਾ। ਬਾਕੀ ਸਾਰਾ ਕੁਝ ਤੇਰੇ ਸਾਹਮਣੇ ਹੈ ... ," ਗੱਲ ਮੁਕਾਉਂਦਿਆਂ ਉਸਦੇ ਚਿਹਰੇ ਦੇ ਭਾਵ ਬੜੇ ਸ਼ਾਂਤ ਹਨ।

ਮੇਰੀਆਂ ਸਾਰੀਆਂ ਜਿਗਿਆਸਾਂ ਦਾ ਅੰਤ ਹੋ ਗਿਆ ਹੈ। ਸਰਬਜੀਤ ਦੀ ਅੰਮੀ ਜੀ ਦੀ ਕੁਆਰ ਗੰਦਲ ਅੱਜ ਮਧੂਲਿਕਾ ਦੇਵੀ ਦੇ ਰੂਪ ਵਿਚ ਸ਼ਾਂਤ ਭਾਵ ਨਾਲ ਆਪਣਾ ਕਰਮ ਕਰ ਰਹੀ ਹੈ।

ਉਸਨੇ ਆਪਣੇ ਹੱਥ ਵਿਚ ਫੜੀ ਪੋਟਲੀ ਵਿਚੋਂ ਮੇਰਾ ਫੋਨ ਕੱਢ ਕੇ ਫੜਾ ਦਿੱਤਾ ਹੈ।



ਆਰਟੀਕਲ / ਹਰਪਾਲ ਸਿੰਘ ਪੰਨੂ

# ਰਿਟਾਇਰਮੈਂਟ

ਥੋੜ੍ਹੇ ਜਿਹੇ ਮੁਲਾਜ਼ਮ ਅਜਿਹੇ ਦੇਖੇ ਜਿਨ੍ਹਾਂ ਵਾਸਤੇ ਰਿਟਾਇਰਮੈਂਟ ਮੌਤ ਵਾਂਗ ਸਾਹਮਣੇ ਨਹੀਂ ਆਈ। ਵਧੀਕ ਗਿਣਤੀ ਅਜਿਹੇ ਮਹਾਂਪੁਰਖਾਂ ਦੀ ਹੈ ਜਿਹੜੇ ਇਸ ਸਮੇਂ ਮਾਨਸਿਕ ਤਵਾਜ਼ਨ ਗੁਆ ਬੈਠਦੇ ਹਨ। ਜਿਥੇ ਨੌਕਰੀ ਕੀਤੀ ਉਸ ਦਫਤਰ ਵਿੱਚ ਜਾ ਬੈਠਦੇ ਹਨ ਪਰ ਕੋਈ ਆਖਾ ਨਹੀਂ ਮੰਨਦਾ, ਕਿਸੇ ਕੋਲ ਗੱਲ ਕਰਨ ਸੁਣਨ ਦੀ ਫੁਰਸਤ ਨਹੀਂ, ਦੁਖੀ ਹੋ ਕੇ ਘਰ ਆ ਜਾਂਦੇ ਹਨ ਤਾਂ ਘਰ ਵਾਲਿਆਂ ਲਈ ਮੁਸੀਬਤ ਬਣਦੇ ਹਨ। ਤੁਰਦੇ ਤੁਰਦੇ ਧੁੱਪ ਵਿੱਚ ਰੁਕ ਜਾਂਦੇ ਹਨ ਹਨ, ਫਿਰ ਪਿਛੇ ਵੱਲ ਮੁੜਦੇ ਹਨ, ਕੋਈ ਚੀਜ਼ ਭੁੱਲ ਆਏ ਹਨ ਇਸ ਕਰਕੇ ਨਹੀਂ, ਸਗੋਂ ਕੁਝ ਵੀ ਯਾਦ ਨਹੀਂ ਰਿਹਾ, ਇਸ ਕਰਕੇ ਪਰਤਦੇ ਹਨ। ਜਿਧਰ ਜਾ ਰਹੇ ਸਨ, ਪਤਾ ਨਹੀਂ ਲੱਗਿਆ ਕਿਉਂ ਜਾ ਰਹੇ ਹਨ। ਇਨਾਂ ਦੀ ਹਾਲਤ ਐਨ ਉਸ ਤਰ੍ਹਾਂ ਦੀ ਹੁੰਦੀ ਹੈ ਜਿਵੇਂ ਅਚਾਨਕ, ਮਾਂ, ਬੱਚੇ ਤੋਂ ਦੁਧ ਛੁਡਾ ਲਵੇ। ਬੱਚਾ ਬੌਂਦਲ ਜਾਂਦਾ ਹੈ, ਉਸ ਨੂੰ ਪਤਾ ਨਹੀਂ ਲਗਦਾ ਉਸ ਤੋਂ ਕੀ ਪਾਪ ਹੋ ਗਿਆ। ਉਹ ਕਦੀ ਚੁਗਾਠ ਨਾਲ ਲੱਗਾ ਗਲੀ ਵਲ ਦੇਖਦਾ ਰਹਿੰਦਾ ਹੈ, ਕਦੀ ਰੋ ਪੈਂਦਾ ਹੈ ਕਦੀ ਬਿਨਾ ਕਾਰਨ ਹੱਸ ਪੈਂਦਾ ਹੈ। ਇਹ ਤਾਂ ਬੱਚੇ ਦੀ ਹਾਲਤ ਹੋਈ, ਬੁੱਢੇ ਦੀ ਹਾਲਤ ਵੀ ਰਿਟਾਇਰਮੈਂਟ ਵੇਲੇ ਅਜਿਹੀ ਕਿਉਂ ਹੋ ਜਾਂਦੀ ਹੈ? ਇਹ ਸਵਾਲ ਕੱਲ੍ਹ ਨਾਗਸੈਨ ਨੂੰ ਪੁੱਛਿਆ।

ਨਾਗਸੈਨ ਨੇ ਦੱਸਿਆ- ਬਹੁਤ ਸਾਰੇ ਅਜਿਹੇ ਸਰਕਾਰੀ ਡਾਕਟਰ ਦੇਖੋਗੇ ਜਿਹੜੇ ਆਪਣੇ ਕਿੱਤੇ ਵਿੱਚ ਨਿਪੁੰਨ ਹਨ। ਉਨ੍ਹਾਂ ਦੀ ਇੱਛਾ ਹੁੰਦੀ ਹੈ ਕਿ ਪ੍ਰਾਈਵੇਟ ਪ੍ਰੈਕਟਿਸ ਕਰਨ, ਪਰ ਅਜਿਹੀ ਆਗਿਆ ਨਹੀਂ। ਉਨ੍ਹਾਂ ਦੀ ਇੱਛਾ ਅਸਤੀਫਾ ਦੇ ਕੇ ਪ੍ਰੈਕਟਿਸ ਕਰਨ ਦੀ ਨਹੀਂ ਹੁੰਦੀ, ਚਾਹੁੰਦੇ ਹਨ ਕਿ ਰਿਟਾਇਰਮੈਂਟ ਤੱਕ ਦੇ ਪੈਨਸ਼ਨ ਆਦਿਕ ਲਾਭ ਲੈਕੇ ਫਿਰ ਆਪਣਾ ਕੰਮ ਕਰਨ। ਉਨ੍ਹਾਂ ਦੀ ਇੱਛਾ ਜਲਦੀ ਰਿਟਾਇਰ ਹੋਣ ਦੀ ਹੁੰਦੀ ਹੈ ਤੇ ਜਿਥੇ ਅਜਿਹੀ ਸੁਵਿਧਾ ਹੋਵੇ ਕਿ ਵਲੰਟਰੀ ਰਿਟਾਇਰਮੈਂਟ ਮਿਲ ਸਕੇ ਉਹ ਰਿਟਾਇਰਮੈਂਟ ਲੈ ਲੈਂਦੇ ਹਨ। ਪਰ ਨਾਲਾਇਕ ਬੰਦਾ ਚਾਹੇਗਾ ਕਿ ਰਿਟਾਇਰਮੈਂਟ ਦੀ ਉਮਰ ਹੱਦ ਸੱਠ ਸਾਲ ਦੀ ਥਾਂ ਪੈਂਹਠ ਸਾਲ ਹੋ ਜਾਵੇ। ਸੱਤਰ ਸਾਲ ਹੋ ਜਾਵੇ ਫਿਰ ਤਾਂ ਕਹਿਣੇ ਹੀ ਕੀ। ਨਾਲਾਇਕ ਬੱਚਾ ਸਾਰੀ ਉਮਰ ਲਈ ਸਰਕਾਰੀ ਚੁੰਘਣੀ ਚਾਹੇਗਾ।

ਬਾਪੂ ਜੀ ਮੈਨੂੰ ਸਕੂਲ ਵਿੱਚ ਦਾਖਣ ਕਰਵਾਉਣ ਵਾਸਤੇ ਲੈ ਗਏ। ਮਾਸਟਰ ਜੀ ਨੇ ਨਾਮ ਪੁੱਛਿਆ, ਉਮਰ ਪੁੱਛੀ। ਬਾਪੂ ਜੀ ਨੇ ਕਿਹਾ- ਦੇਖ ਲੋ ਤੁਸੀਂ ਆਪੇ। ਸੱਤ ਕੁ ਸਾਲ ਦਾ ਹੋਣੈ ਇਹ। ਮਾਸਟਰ ਜੀ ਨੇ ਕਿਹਾ- ਸੱਤ ਸਾਲ ਦਾ ਕਿਥੇ ਐ ਇਹ? ਮਸਾਂ ਪੰਜ ਸਾਲ ਦਾ ਹੋਣੈ। ਦਿਸਦਾ ਨੀਂ? ਨਿਕਾ ਜਿਹਾ ਤਾਂ ਹੈ। ਬਾਪੂ ਜੀ ਨੇ ਕਿਹਾ- ਤਾਂ ਫੇਰ ਪੰਜ ਸਾਲ ਦਾ ਹੋਊਗਾ। ਜੀ ਸਾਨੂੰ ਅਨਪੜ੍ਹਾਂ ਨੂੰ ਕੀ ਪਤਾ। ਮਾਸਟਰ ਜੀ ਨੇ ਮੈਨੂੰ ਕਿਹਾ- ਮੈਂ ਤੇਰਾ ਬਹੁਤ ਵੱਡਾ ਫਾਇਦਾ ਕਰ ਦਿਤੈ ਮੁੰਡਿਆ। ਜਦੋਂ ਤੂੰ ਅਫਸਰ ਬਣਕੇ ਪੈਨਸ਼ਨ ਲਵੇਂਗਾ ਨਾ, ਉਦੋਂ ਮੈਨੂੰ ਯਾਦ ਕਰੇਂਗਾ ਕਿ ਬਾਪੂ ਨੇ ਨੁਕਸਾਨ ਕਰਵਾ ਦੇਣਾ ਸੀ, ਮਾਸਟਰ ਨੇ ਬਚਾ ਲਿਆ। ਘਰ ਆ ਕੇ ਖੂਬ ਹੱਸੇ। ਅੱਵਲ ਤਾਂ ਮੈਨੂੰ ਪੜ੍ਹਨਾ ਆਏਗਾ ਹੀ ਨਹੀਂ। ਚਿਠੀ ਲਿਖਣੀ-ਪੜ੍ਹਨੀ ਆ ਜਾਵੇ ਬਸ ਹੋਰ ਕੀ ਚਾਹੀਦੈ? ਵਿਦਿਆ ਕਰਮਾਂ ਵਾਲਿਆਂ ਦੇ ਨਸੀਬਾਂ ਵਿੱਚ ਹੋਇਆ ਕਰਦੀ ਹੈ। ਸਾਡੇ ਗਰੀਬਾਂ ਦੇ ਕਰਮ ਕਿਥੇ? ਚਲੋ ਫਰਜ਼ ਕਰ ਲਉ, ਪੜ੍ਹ ਲਿਖ ਵੀ ਗਏ। ਫੇਰ ਨੌਕਰੀ ਧਰੀ ਪਈ ਐ? ਇਹਨਾਂ ਮਾਸਟਰਾਂ ਨੂੰ ਤੇ ਸਾਰੇ ਵਡੇਰਿਆਂ ਨੂੰ ਬਸ ਅਸੀਸਾਂ ਜਿਹੀਆਂ ਦੇਣ ਦੀ ਆਦਤ ਪਈ ਹੋਈ ਹੁੰਦੀ ਹੈ। ਕੁਝ ਨਾ ਕੁਝ ਕਹਿਣਾ ਤਾਂ ਹੁੰਦਾ ਈ ਐ, ਚਲੋ ਅਸੀਸ ਹੀ ਸਹੀ।

ਮੇਰੇ ਇਹ ਮਾਸਟਰ ਜੀ ਅਜੇ ਚੰਗੀ ਸਿਹਤ ਵਿੱਚ ਹਨ। ਜਦੋਂ ਮਿਲਦੇ ਹਾਂ, ਇਹ ਗੱਲ ਯਾਦ ਕਰਕੇ ਦੋਵੇਂ ਖੂਬ ਹੱਸਦੇ ਹਾਂ।

ਚਲੋ ਆਪਣੇ ਕਿੱਤੇ, ਆਪਣੇ ਭਾਈਚਾਰੇ ਦੀ ਗੱਲ ਕਰੀਏ। ਸਾਡੇ ਵਿਭਾਗ ਵਿੱਚ ਬੰਗਾਲ ਤੋਂ ਆਈ ਪ੍ਰੋਫੈਸਰ ਭਾਸਵਤੀ ਭੱਟਾਚਾਰੀਆਂ ਬੜੀ ਹੱਸਮੁਖ ਮੈਡਮ ਸੀ। ਗੱਲਾਂ ਕਰਦਿਆਂ ਇਕ ਦਿਨ ਮੈਂ ਕਿਹਾ- ਕਈ ਅਧਿਆਪਕ ਅਜਿਹੇ ਦੇਖੇ ਹਨ, ਜੇ ਕਿਤੇ ਹੁਣ ਨੌਕਰੀ ਲੈਣੀ ਪੈ ਜਾਵੇ, ਉਨ੍ਹਾਂ ਨੂੰ ਕੋਈ ਕਲਰਕ ਵੀ ਨਾ ਰੱਖੇ। ਉਹ ਬੋਲੀ- ਇਸੀ ਲੀਏ ਤੋਂ ਪ੍ਰੋਫੈਸਰੀ ਕਰਨੀ ਪੜ ਰਹੀ ਹੈ, ਅਗਰ ਕਹੀਂ ਕਲਰਕ ਲਗ ਸਕਤੇ ਤੋਂ ਜਰੂਰ ਲਗ ਜਾਤੇ। ਕਿਉਂਕਿ ਔਰ ਕਹੀਂ ਨੌਕਰੀ ਮਿਲੇਗੀ ਨਹੀਂ, ਸੋ ਯਹੀ ਠੀਕ ਹੈ।

ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਨੇ ਸਿਫਾਰਿਸ਼ ਕੀਤੀ ਹੈ ਕਿ ਅਧਿਆਪਕਾਂ ਦੀ ਉਮਰ ਹੱਦ ਸੱਠ ਤੋਂ ਪੈਂਹਠ ਸਾਲ ਕਰ ਦਿੱਤੀ ਜਾਵੇ। ਪੰਜਾਬੀ ਯੂਨੀਵਰਸਿਟੀ ਆਪਣੇ ਤੌਰ ਤੇ ਫੈਸਲਾ ਕਰ ਚੁਕੀ ਹੈ ਕਿ ਕਿ 30 ਜੂਨ ਅਤੇ 31 ਦਸੰਬਰ, ਸਾਲ ਵਿੱਚ ਕੇਵਲ ਦੋ ਵਾਰ ਅਧਿਆਪਕਾਂ ਦੀ ਰਿਟਾਇਰਮੈਂਟ ਹੋਇਆ ਕਰੇਗੀ ਤਾਂ ਕਿ ਕਲਾਸਾਂ ਦਾ ਨੁਕਸਾਨ ਨਾ ਹੋਵੇ। ਸੱਠ ਸਾਲ ਤੋਂ ਬਾਦ ਖੋਜ ਦਾ ਕੰਮ ਕਰਨ ਲਈ ਦੋ ਸਾਲ ਹੋਰ ਵੀ ਦਿਤੇ ਜਾਂਦੇ ਹਨ। ਇਸ ਨਾਲ ਸਬਰ ਨਹੀਂ ਆਉਂਦਾ। ਆਪਣੇ ਆਲੇ ਦੁਆਲੇ ਮੈਂ ਅਜਿਹੇ ਅਧਿਆਪਕ ਦੇਖ ਰਿਹਾ ਹਾਂ ਜਿਨ੍ਹਾਂ ਨੇ ਸਾਰੀ ਉਮਰ ਧਰਮ, ਗੁਰਬਾਣੀ ਉਪਰ ਕੰਮ ਕੀਤਾ, ਮਾਇਆ ਤੋਂ ਮੁਕਤ ਰਹਿਣ ਦੇ ਉਪਦੇਸ਼ ਦਿਤੇ, ਦੇਖਣ ਨੂੰ ਪੂਰੇ ਧੂਪੀਏ ਜਾਪੀਏ ਲਗਦੇ ਹਨ, ਉਮਰ 65 ਸਾਲ ਕਰਵਾਉਣ ਵਾਸਤੇ ਉਹ ਅਦਾਲਤਾਂ ਦੇ ਚੱਕਰ ਲਾ ਰਹੇ ਹਨ, ਸਰਕਾਰ ਖਿਲਾਫ

ਵਕੀਲਾਂ ਕੋਲ ਮੁਕੱਦਮਾ ਦਾਇਰ ਕਰਨ ਲਈ ਸਾਹੋ ਸਾਹ ਹੋਏ ਪਏ ਹਨ। ਉਨਾਂ ਦੀ ਇਹ ਹਾਲਤ ਦੇਖਦਿਆਂ ਮੇਰੇ ਮਨ ਵਿੱਚ ਆਉਂਦਾ ਹੈ ਕਿ ਇਸ ਹਿਸਾਬ ਤਾਂ ਇਨਾਂ ਨੇ ਚੋਲਾ ਛੱਡਣੋ ਵੀ ਮੁਨਕਿਰ ਹੋ ਜਾਣਾ ਹੈ। ਜਦੋਂ ਜਮਦੂਤ ਆਇਆ ਇਹ ਹਾਈਕੋਰਟ ਦਾ ਸਟੇਅ ਆਰਡਰ ਉਸ ਦੇ ਹੱਥ ਫੜਾ ਦੇਣਗੇ।

ਮੋਹਨ ਸਿੰਘ ਸੰਧੂ ਅੰਗਰੇਜ਼ੀ ਦਾ ਪ੍ਰੋਫੈਸਰ ਹੁੰਦਾ ਸੀ। ਕਿਹਾ ਕਰਦਾ- ਰਿਟਾਇਰ ਹੋਇਆ ਪ੍ਰੋਫੈਸਰ ਮੈਨੂੰ ਸਬਜੀ ਮੰਡੀ ਦਾ ਸਾਨ੍ਹ ਲਗਦਾ ਹੁੰਦੈ। ਕਦੀ ਏਸ ਰੇਹੜੀ ਤੇ ਬੁਰਕ ਮਾਰ ਲਿਆ, ਫਿਰ ਅਗਲੀ ਤੇ ਚਲਾ ਗਿਆ। ਜੇ ਦੁਕਾਨਦਾਰ ਤੱਕੜੀ ਦੀ ਡੰਡੀ ਨੱਕ ਤੇ ਮਾਰ ਦੇਵੇ ਤਾਂ ਵੀ ਬੁਰਾ ਨਹੀਂ ਮਨਾਏਗਾ, ਰਤਾ ਕੰਨ ਹਲਾਏਗਾ, ਪੂਛ ਘੁਮਾਏਗਾ, ਅਗਲੀ ਰੇਹੜੀ ਕੋਲ ਜਾ ਖਲੋਏਗਾ।

ਲੰਘੇ ਜਾਂਦੇ ਦੋਸਤ ਨੇ ਇੱਕ ਪ੍ਰੋਫੈਸਰ ਨੂੰ ਪੁੱਛ ਲਿਆ- ਪਤਾ ਲੱਗੈ ਤੁਸੀਂ ਪੈਨਸ਼ਨ ਲੈ ਲਈ? ਪ੍ਰੋਫੈਸਰ ਨੇ ਕਿਹਾ- ਪੈਨਸ਼ਨ ਤਾਂ ਸਾਰੀ ਉਮਰ ਲਈ ਹੈ। ਹੁਣ ਕੰਮ ਕਰਨ ਦਾ ਮਨ ਬਣਾ ਰਿਹਾਂ।

ਇਟਾਲੀਅਨ ਲੇਖਕ ਕੁਲੌਦੀ ਦਾ ਨਾਵਲ ਪਿਨਾਕੀਓ ਜਿਸ ਨੇ ਹੁਣ ਤਕ ਨਹੀਂ ਪੜ੍ਹਿਆ ਜ਼ਰੂਰ ਪੜ੍ਹੇ। ਲਿਖਿਆ ਤਾਂ ਉਸਨੇ ਬੱਚਿਆਂ ਲਈ ਸੀ ਪਰ ਵੱਡਿਆਂ ਦੇ ਵੀ ਕੰਮ ਦੀ ਚੀਜ਼ ਹੈ। ਸਕੂਲੀਏ ਮੁੰਡੇ ਪਿਨਾਕੀਓ ਨੂੰ ਗ੍ਰਿਫਤਾਰ ਕਰਨ ਵਾਸਤੇ ਹੌਲਦਾਰ ਨੇ ਪੁਲਸ ਦਾ ਕੁੱਤਾ ਉਸ ਮਗਰ ਦੌੜਾ ਦਿਤਾ। ਪਿਨਾਕੀਓ ਦੂਰ ਤੱਕ ਤੇਜ਼ ਦੌੜਦਾ ਰਿਹਾ, ਅੱਗੇ ਸਮੁੰਦਰ ਆ ਗਿਆ, ਉਸਨੇ ਸਮੁੰਦਰ ਵਿੱਚ ਛਾਲ ਲਾ ਦਿਤੀ। ਜੋਸ਼ ਵਿੱਚ ਆਏ ਕੁੱਤੇ ਨੇ ਵੀ ਮਗਰੇ ਛਾਲ ਮਾਰ ਦਿੱਤੀ। ਕੁੱਤਾ ਪਿਨਾਕੀਓ ਵਾਂਗ ਵਧੀਆ ਤੈਰਾਕ ਨਾ ਹੋਣ ਕਰਕੇ ਡੁੱਬਣ ਲੱਗਾ ਤਾਂ ਪਿਨਾਕੀਓ ਅਗੇ ਬਚਾਉਣ ਦੀਆਂ ਮਿੰਨਤਾਂ ਕਰਨ ਲੱਗਾ। ਪਿਨਾਕੀਓ ਨੇ ਹੱਸਦਿਆਂ ਕਿਹਾ- ਮੈਨੂੰ ਵੱਢਣ ਲੱਗਾ ਸੀ ਤੂੰ ਤਾਂ। ਤੈਨੂੰ ਪਤਾ ਈ ਨੀ ਕਿ ਮੈਂ ਬੇਕਸੂਰ ਆਂ। ਕੁੱਤੇ ਨੇ ਕਿਹਾ- ਪਹਿਲਾ ਬਾਹਰ ਤਾਂ ਕੱਢ ਮੈਨੂੰ। ਫੇਰ ਦੱਸਾਂਗਾ। ਪਿਨਾਕੀਓ ਨੇ ਤਰਸ ਖਾ ਕੇ ਕੁੱਤਾ ਬਾਹਰ ਕੱਢ ਲਿਆਂਦਾ। ਕੁੱਤੇ ਨੇ ਕਿਹਾ- ਤੂੰ ਮੇਰੇ ਘਰ ਆ ਕੇ ਦੇਖੀਂ। ਠਾਣੇ ਵਿਚੋਂ ਛੁਟੀ ਮਿਲਣ ਸਾਰ ਮੈਂ ਗਲੀ ਦੇ ਬੱਚਿਆਂ ਨਾਲ ਖੇਡਿਆਂ ਕਰਦਾਂ। ਕੋਈ ਮੇਰੇ ਕੰਨ ਪੁਟਦੈ, ਕੋਈ ਪੂਛ ਖਿਚਦੈ, ਕੋਈ ਮੇਰੀ ਪਿਠ ਤੇ ਸਵਾਰ ਹੋ ਜਾਂਦੈ। ਮੈਨੂੰ ਬੱਚੇ ਚੰਗੇ ਲਗਦੇ ਨੇ। ਪਿਨਾਕੀਓ ਨੇ ਪੁੱਛਿਆ- ਪਰ ਮੈਂ ਤੇਰਾ ਕੀ ਵਿਗਾੜਿਆ ਸੀ ਓਏ? ਮੇਰੇ ਪਿਛੇ ਕਿਉਂ ਲੱਗਾ ਸੀ ਤੂੰ? ਕੁੱਤੇ ਨੇ ਕਿਹਾ- ਮੇਰੀ ਰਿਟਾਇਰਮੈਂਟ ਵਿੱਚ ਬਸ ਦੋ ਮਹੀਨੇ ਰਹਿੰਦੇ ਨੇ। ਜੇ ਹੌਲਦਾਰ ਦਾ ਹੁਕਮ ਨਾ ਮੰਨਦਾ, ਫੇਰ ਉਹਨੇ ਮੇਰੀ ਪੈਨਸ਼ਨ ਬੰਦ ਕਰਵਾ ਦੇਣੀ ਸੀ। ਮੈਂ ਆਪਣੇ ਕਤੂਰਿਆਂ ਨੂੰ ਕੀ ਖੁਵਾਉਂਦਾ ਫੇਰ? ਹੁਣ ਤੂੰ ਨੱਠ। ਹੌਲਦਾਰ ਵੀ ਭੱਜਿਆ ਆਉਂਦਾ ਹੋਣੈ। ਜੇ ਗੱਲਾਂ ਕਰਦਿਆਂ ਦੇਖ ਲਿਆ, ਆਪਾਂ ਦੋਵਾਂ ਨੂੰ ਕੁੱਟੇਗਾ।

ਰਜਨੀਸ਼ ਨੇ ਕਿਹਾ ਸੀ- ਸਾਰੀ ਦੁਨੀਆਂ ਮੈਨੂੰ ਬਿਮਾਰਾਂ ਦਾ ਹਸਪਤਾਲ ਲਗਦੀ ਹੈ। ਹਸਪਤਾਲ ਵੀ ਏਸ ਤਰ੍ਹਾਂ ਦਾ ਜਿਥੇ ਮਰੀਜ਼ ਬਹੁਤੇ ਨੇ ਤੇ ਮੰਜੇ ਥੋੜ੍ਹੇ। ਫਰਸ਼ ਤੇ ਪਏ ਮਰੀਜ਼ ਉਡੀਕੀ ਜਾਂਦੇ ਨੇ ਕਿ ਬੈਂਡ ਉਪਰਲਾ ਮਰੀਜ਼ ਮਰੇ ਤਾਂ ਮੰਜਾ ਮਿਲੇ। ਜਦੋਂ ਬੈਂਡ ਵਾਲਾ ਕੋਈ ਮਰੀਜ਼ ਮਰਦਾ ਹੈ ਤਾਂ ਹੇਠਾਂ ਲੇਟੇ ਮਰੀਜ਼ ਆਪਸ ਵਿੱਚ ਲੜ ਪੈਂਦੇ ਨੇ, ਹਰੇਕ ਖਾਲੀ ਮੰਜੇ ਉਪਰ ਆਪਣਾ ਹੱਕ ਜਮਾਉਂਦਾ ਹੈ। ਸਭ ਨੂੰ ਪਤਾ ਹੈ ਮਰਨਾ ਹੈ ਪਰ ਹਰੇਕ ਮੰਜੇ ਉਪਰ ਮਰਨ ਦਾ ਇਛੁਕ ਹੈ। ਬਿਮਾਰੀ ਨਾਲ ਮਰਨ ਦੀ ਥਾਂ ਮੰਜੇ ਵਾਸਤੇ ਲੜਾਈ ਕਰਨ ਕਰਕੇ ਬਹੁਤੇ ਮਰੀਜ਼ ਮਰਦੇ ਦੇਖੇ!

ਅਨੰਦਪੁਰ, ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਚਾਰ ਬੰਦੇ ਅਰਥੀ ਚੁੱਕੀ ਲਈ ਜਾਂਦੇ ਦੇਖੇ। ਪੁੱਛਿਆ- ਕਿਸਦੀ ਮ੍ਰਿਤੂ ਹੋ ਗਈ? ਦੱਸਿਆ- ਜੀ ਗੇਂਦਾ ਰਾਮ ਦੀ। ਉੱਧਰ ਰਹਿੰਦਾ ਸੀ। ਮਹਾਰਾਜ ਨੇ ਪੁਛਿਆ- ਦੀਵਾਨ ਵਿਚ ਆਇਆ ਦੇਖਿਆ ਨਹੀਂ ਕਦੀ। ਦੱਸਿਆ- ਜੀ ਕਿਹਾ ਕਰਦਾ ਸੀ ਗੁਰੂ ਜੀ ਦੇ ਲਾਗੇ ਗਏ ਤਾਂ ਮੁਗਲ ਮਾਰ ਦੇਣਗੇ। ਮਹਾਰਾਜ ਹੱਸ ਪਏ, ਫੁਰਮਾਇਆ- ਏਨਾ ਸਿਆਣਾ ਸੀ ਫਿਰ ਇਸਦੇ ਟਿਕਾਣੇ ਦਾ ਸਿਰਨਾਵਾਂ ਜਮਰਾਜ ਨੂੰ ਕੌਣ ਦੱਸ ਆਇਆ?

◆

ਮੋਬਾ : 91642-51454

### ਗ਼ਜ਼ਲ : ***ਸਰਦਾਰ ਪੰਛੀ***

ਹਮਨੇ ਤੋ ਜੁਦਾਈ ਮੇਂ ਯੂੰ ਰਾਤ ਬਿਤਾਈ ਹੈ।
ਇਕ ਸ਼ੱਮਅ ਜਲਾਈ ਹੈ, ਇਕ ਸ਼ੱਮਅ ਬੁਝਾਈ ਹੈ।

ਇਸ ਦਿਲ ਕਾ ਲਹੂ ਦੇਕਰ ਹਸਤੀ ਭੀ ਮਿਟਾਈ ਹੈ।
ਤਬ ਤੇਰੀ ਅਧੂਰੀ ਸੀ ਤਸਵੀਰ ਬਨਾਈ ਹੈ।

ਵੁਹ ਲਮਹੇ ਨਹੀਂ ਭੂਲੇ ਬਾਕ਼ੀ ਹੈਂ ਖ਼ੁਮਾਰ ਅਬ ਤਕ,
ਕਲ ਰਾਤ ਜੋ ਸਾਕ਼ੀ ਨੇ ਆਂਖੋਂ ਸੇ ਪਿਲਾਈ ਹੈ।

ਕਯਾ ਕਯਾ ਯਿਹ ਜਹਾਂ ਵਾਲੇ ਇਲਜ਼ਾਮ ਧਰੇਂ ਹਮ ਪਰ;
ਫ਼ਰਿਆਦ ਹੈ ਐ ਮਾਲਿਕ ਐ ਇਸ਼ਕ ਦੁਹਾਈ ਹੈ।

ਵੁਹ ਖ਼ਵਾਬ ਸੁਹਾਨਾ ਫਿਰ ਆਤਾ ਭੀ ਤੋ ਕਯਾ ਆਤਾ;
ਜਬ ਹਿਜ੍ਰ ਕੀ ਸ਼ਬ ਆਈ ਫਿਰ ਨੀਂਦ ਨ ਆਈ ਹੈ।

ਕੁਛ ਅਸ਼ਕ ਹੈਂ ਆਂਖੋਂ ਮੇਂ, ਹੈਂ ਆਹੇਂ ਲਬੋਂ ਪਰ ਭੀ,
ਅਪਨੀ ਤੋ ਅਰੇ 'ਪੰਛੀ' ਯਿਹ ਪਹਿਲੀ ਕਮਾਈ ਹੈ॥

ਮੋਬਾ : 94170-91668



ਕਵਿਤਾਵਾਂ

*ਨਿਰੰਜਨ*

## ਮੋਕਸ਼

ਹੇ ਗੌਤਮ !
ਤੂੰ ਘਰ ਛੱਡ ਕੇ ਗਿਆ
ਬੁੱਧ ਬਣ ਕੇ ਮੁੜਿਆ
ਅਤੇ ਮੁਕਤ ਹੋਇਆ
ਤਨ ਦੇ ਸੰਤਾਪ ਤੋਂ
ਮਨ ਦੇ ਵਿਰਲਾਪ ਤੋਂ

ਪਰ ਅਸੀਂ ਨਿਕਰਮੇ
ਤੇਰੇ ਅਸ਼ਟ ਮਾਰਗ ਤੋਂ ਬੇਮੁਖ
ਤੁਰੇ ਜਾਂਦੇ ਹਾਂ ਉਸ ਡੰਡੀ 'ਤੇ
ਪੇਟ ਨੂੰ ਝੁਲਕਾ ਦੇਣ ਦਾ ਜਿਹੜੀ
ਪਤਾ ਹੈ ਦੱਸਦੀ

ਤੂੰ ਕੀਤੇ ਸਨ ਦਰਸ਼ਨ
ਬੁਢਾਪੇ ਦੇ
ਬਿਮਾਰੀ ਦੇ
ਮੌਤ ਦੇ

ਅਸੀਂ ਤਾਂ ਜਮਾਂਦਰੂ ਹੀ
ਭੋਖੜੇ ਦੀ ਬਿਮਾਰੀ ਨੂੰ ਪਰਣਾਏ
ਨਿਪੁੰਸਕ ਜੁਆਨੀ ਸਾਡੀ ਹੋਣੀ
ਅਣਹੋਇਆਂ ਜਿਹੀ ਅਉਧ ਹੰਢਾਉਂਦੇ
ਸਾਰੀ ਉਮਰਾ ਮੌਤ ਨੂੰ ਢੋਂਦੇ
ਕਿਸੇ ਭੋਗ ਦਾ ਕਿਸੇ ਜੋਗ ਦਾ
ਸਾਨੂੰ ਪਤਾ ਨਾ ਕਾਈ

ਹੇ ਬੁੱਧ !
ਤੈਨੂੰ ਵੀ ਕਾਹਦਾ ਉਲਾਂਭਾ
ਇਥੇ ਤਾਂ ਦੇਵਤੇ ਬੋਲੇ
ਭਗਵਾਨ ਅੰਨ੍ਹੇ
ਨਾਨਕ ਯਰਗਮਾਲ
ਆਇਤਾਂ 'ਤੇ ਕਾਬਜ਼ ਸ਼ੈਤਾਨ
ਤੇ ਈਸਾ ਲਹੂ ਲੁਹਾਨ

ਪਛਾਣ ਦਾ ਸੰਕਟ ਕੀ ਹੁੰਦਾ ਹੈ ?
ਜਿਉਣ ਦਾ ਸੰਕਟ ਉਸ ਤੋਂ ਵੀ ਭਾਰੀ
ਮੁਕਤ ਹੋਏ ਜਦ ਇਸ ਸੰਕਟ ਤੋਂ
ਮੋਕਸ਼ ਬਾਰੇ ਵੀ ਸੋਚ ਲਵਾਂਗੇ

## ਜੀਵਨ

ਰੁਮਕਦੀ ਪੌਣ
ਰੁੰਡ ਮਰੁੰਡ ਰੁੱਖ
ਪਰ ਫ਼ਿਜ਼ਾ 'ਚ ਪਈ ਗੂੰਜੇ
ਸੁਰਾਂ ਦੀ ਸਰਗਮ

ਧਰਤੀ 'ਤੇ ਬਿਖਰੇ ਪਏ
ਸੁੱਕੇ ਜੋ ਪੱਤਰ
ਸਰਸਰਾਹਟ ਉਨ੍ਹਾਂ ਦੀ

ਫੁੱਟਦੀਆਂ ਕਰੂੰਬਲਾਂ ਨੂੰ
ਜਾਪਣ ਪਏ ਦੇਵਣ
ਜੀਵਨ ਸੁਨੇਹਾ

## ਬੁੱਧੀਜੀਵੀ

ਮੈਂ ਅੱਜ ਕੱਲ੍ਹ
ਬਹੁਤ ਕੰਮ ਕਰਦਾ ਹਾਂ
ਵਾਤਾਨੁਕੂਲ ਬੈਠਕ 'ਚ
ਹਾਈਡਰੌਲਿਕ ਚੇਅਰ ਦੀ ਗੋਦ 'ਚ
ਕਾਫ਼ੀ ਦੀਆਂ ਘੁੱਟਾਂ ਭਰਦਾ ਹਾਂ
'ਰੋਟੀ ਦੀ ਕਾਣੀ-ਵੰਡ' ਵਿਸ਼ੇ 'ਤੇ
ਸੰਦਰਭ ਕੋਸ਼ਾਂ ਦੀ ਓਟ 'ਚ
ਸ਼ੋਧ ਗ੍ਰੰਥ ਤਿਆਰ ਕਰਦਾ ਹਾਂ
ਮੈਂ ਅੱਜ ਕੱਲ੍ਹ ਬਹੁਤ ਕੰਮ ਕਰਦਾ ਹਾਂ
•

ਮੋਬਾ : 98729-09932

ਕਵਿਤਾ : *ਸੋਮਾ ਸਬਲੋਕ*

## ਮੇਰਾ ਗਣਿਤ

ਹਿਸਾਬ ਦੀ ਕਿਤਾਬ ਮੇਰੀ
ਮੈਨੂੰ
ਜਮ੍ਹਾਂ-ਘਟਾਉ
ਗੁਣਾ-ਤਕਸੀਮ
ਨਹੀਂ ਸਿਖਾਉਂਦੀ
ਮੇਰੇ ਵਿਚੋਂ ਇਹ ਮਨਫ਼ੀ ਹਨ
ਅਰਥਚਾਰੇ ਦੇ ਰੂਪ ਵਿਚ

ਮੇਰੀ ਜ਼ਿਹਨੀ ਹਿਸਾਬ ਦੀ ਕਿਤਾਬ ਨੇ
ਚੇਤੀ ਹੈ ਮੇਰੀ
ਨਿੱਠ
ਨੀਝ
ਤੇ
ਸਵੈ-ਉਕਤੀ

ਇਸ ਮੈਨੂੰ ਸਿਖਾਇਆ ਹੈ—
ਗ਼ਲਤੀ ਸਵੀਕਾਰ ਕਰਨ ਦੇ ਹੁਨਰ ਨੂੰ
ਜਮ੍ਹਾਂ ਕਰਨਾ
ਆਪਣੇ ਅੰਦਰ ਸਮਾਉਣ ਲਈ
ਪਰ ਪੀੜ ਨੂੰ
ਗੁਣਾ ਕਰਨਾ
ਰਹੱਸ-ਦਰ-ਰਹੱਸ ਨੂੰ
ਤਕਸੀਮ ਕਰਨਾ
ਨੀਯਤ ਖਰਾਬੀ ਨੂੰ ਜ਼ੀਰੋ ਡਿਗਰੀ ਤਕ
ਮਨਫ਼ੀ ਕਰਨਾ
ਧੁਰ ਅੰਦਰੋਂ
•

ਮੋਬਾ : 98146-93992



# ਧੋਬੀ ਪਟਕਾ

–ਅਮਰਜੀਤ ਸਿੰਘ ਮਾਨ

"ਆ ਬਈ ਬੰਸੀ..ਕਿਵੇਂ ਲੇਟ ਹੋ ਗਿਆ?" ਚੌਂਕ 'ਚ ਆਉਂਦਿਆਂ ਹੀ ਨਾਥਾ ਬੰਸੀ ਨੂੰ ਅੱਗੇ ਹੋ ਟਕਰਿਆ।

ਪਰ ਬੰਸੀ ਨੇ ਉਸਦਾ ਜਵਾਬ ਦਿੱਤੇ ਬਿਨ੍ਹਾਂ ਅਗਲੀ ਗੱਲ ਛੇੜ ਲਈ,"ਕਿਮੇਂ ਆਇਆ ਨੀ ਕੋਈ ਕੋਈ ਠੇਕੇਦਾਰ ਮਾਲਕ..ਕਿ ਓਵੇਂ ਈ ਮੁੜਨਾ ਪਊ..ਜਿਵੇਂ ਚਾਰ-ਪੰਜ ਦਿਨਾਂ ਦੇ ਮੁੜੀ ਜਾਂਨੇ ਆਂ?"

"ਦੇਖੋ 'ਡੀਕੀ ਜਾਂਨੇ ਆਂ..ਹੁਣ ਵੀ ਆਇਆ..ਕੋਈ ਹੁਣ ਵੀ ਆਇਆ।" ਕੋਲੋਂ ਇੱਕ ਮਜਦੂਰ ਹੋਰ ਬੋਲਿਆ.."ਮੰਦਾ ਬੜੈ ਯਾਰ..ਕੰਮ ਹੈ ਨੀ ਕੋਈ। ਘਰੋਂ ਟਿਫਨ ਲੈ ਕੇ ਆਈਦੈ..ਐਥੇ ਬਹਿ ਕੇ ਖਾ ਕੇ ਮੁੜ ਜਾਈਦੈ।"

"ਸਾਨੂੰ ਵੀ ਬਰੇਤੀ ਦੀ ਟਾਲ ਆਲਿਆਂ ਨੇ ਜਵਾਬ ਦੇ'ਤਾ। ਟਰੈਕਟਰ ਲਿਆਇਆ ਓਮੀ ਸੇਠ..ਲੋਡਰ ਲੱਗਿਆ-ਲਗਾਇਆ। ਦੋ ਬਾਸਕਟਾਂ ਭਰਕੇ ਆਪ ਈ ਮਾਰਦੈ..'ਤੇ ਟਰਾਲੀ ਦੀ ਟੀਸੀ ਨਿੱਕਲ ਜਾਂਦੀ ਐ" ਕਿਸੇ ਹੋਰ ਨੇ ਅਪਣਾ ਝੋਰਾ ਜਾਹਰ ਕੀਤਾ।

"ਮਸ਼ੀਨਾਂ ਘਟਾਈ ਜਾਂਦੀਐਂ ਬੰਦਿਆਂ ਦਾ ਕੰਮ.." ਬੰਸੀ ਬੋਲਿਆ," ..ਕੱਲ ਮੈਂ ਤੜਕੇ-ਤੜਕੇ ਖ਼ੇਤ ਗਿਆ ਸੀ ਗੇੜਾ ਮਾਰਨ, ਪਥੇਰ 'ਤੇ ਮਸ਼ੀਨ ਖ਼ੜੀ ਸੀ..ਉੱਤੇ ਲਿਖਿਆ ਸੀ ਮੱਡ ਮਿਕਸਰ..।"

" ...ਏਹ ਕੀ ਨਵੀਂ ਭੱਸੂੜੀ ਐ?" ਨਾਥਾ ਹੈਰਾਨ ਹੋ ਗਿਆ।

"ਇੱਟਾਂ ਪੱਥਣ ਲਈ ਘਾਣ ਬਣਾਉਂਣ ਵਾਲੀ ਮਸ਼ੀਨ..।" ਬੰਸੀ ਦੀ ਗੱਲ ਅੱਧ ਵਿਚਕਾਰ ਹੀ ਸੀ..ਉਹਨ੍ਹਾਂ ਕੋਲ ਇੱਕ ਮੋਟਰਸਾਇਕਲ ਆ ਕੇ ਰੁਕਿਆ। ਗੋਭਲਾ ਜਿਹਾ ਸੇਠ ਦਿਖਾਈ ਦਿੰਦਾ ਬੰਦਾ ਸੀ। ਕੰਮ ਦੀ ਉਡੀਕ 'ਚ ਖੜੇ ਮਜਦੂਰਾਂ ਦੀਆਂ ਤਿਰਹਾਈਆਂ ਅੱਖਾਂ ਵਿੱਚ ਚਮਕ ਆ ਗਈ। ਸ਼ਾਇਦ ਦੋ-ਚਾਰਾਂ ਨੂੰ ਲੈ ਜਾਵੇ ਤੇ ਆਥਣੇ ਉਹਨ੍ਹਾਂ ਦੀ ਰੋਟੀ ਪੱਕਦੀ ਹੋ ਜਾਵੇ! ਦੋ-ਤਿੰਨ ਜਣਿਆਂ ਨੇ ਉਸ ਵੱਲ ਦੇਖ ਕੇ ਨਮਸ਼ਕਾਰ ਵਜੋਂ ਸਿਰ ਝੁਕਾ ਦਿੱਤਾ।

ਸੇਠ ਸਾਰਿਆਂ ਨੂੰ ਅੱਖਾਂ ਨਾਲ ਤੋਲਣ ਲੱਗਿਆ। ਪਰ ਕੋਈ ਉਸ ਨੂੰ ਜੱਚ ਨਹੀਂ ਰਿਹਾ ਸੀ,ਕਿਉਂਕਿ ਤਕੜੇ ਮਜ਼ਦੂਰਾਂ ਨੂੰ ਪਹਿਲਾਂ ਹੀ ਮਾਲਕ,ਮਿਸਤਰੀ ਅਤੇ ਠੇਕੇਦਾਰ ਛਾਂਟ ਕੇ ਲੈ ਜਾਂਦੇ ਹਨ।

ਅਖੀਰ ਸੇਠ ਦੀ ਨਿਗ੍ਹਾ ਬੰਸੀ 'ਤੇ ਜਾ ਕੇ ਅਟਕ ਗਈ।

ਪਹਿਲੀ ਨਜ਼ਰੇ ਬੰਸੀ ਨੂੰ ਉਹ ਬੰਦਾ ਆਵਦੇ ਆੜ੍ਹਤੀਏ 'ਸ਼ੋਕੀ ਵਰਗਾ ਲੱਗਿਆ ਸੀ। ਸ਼ੋਕੀ ਅਪਣੇ ਦਰਮਿਆਨੇ ਕੱਦ,ਸਾਂਵਲੇ ਰੰਗ,ਦਾਹੜ੍ਹੀ ਸ਼ੇਵ ਕਰਕੇ ਰੱਖੀਆਂ ਮੋਟੀਆਂ ਮੁੱਛਾਂ ਕਾਰਨ ਸਧਾਰਨ ਦਿੱਖ ਵਾਲਾ ਹੀ ਸੀ ਪਰ ਪੈਂਟ 'ਤੇ ਲੱਗੀ ਬੈਲਟ ਤੋਂ ਹੇਠਾਂ ਡਿੱਗਦੀ ਗੋਗੜ ਅਤੇ ਹੇਠਾਂ ਪਤਲੀਆਂ ਲੱਤਾਂ ਪਹਿਲੀ ਵਾਰ ਸੁਭਾਇਕੀ ਦੇਖਣ ਵਾਲੇ ਨੂੰ ਦੁਬਾਰਾ ਦੇਖਣ ਦੇ ਲਈ ਇੱਕ ਤਰ੍ਹਾਂ ਮਜ਼ਬੂਰ ਕਰ ਦਿੰਦੀਆਂ। ਜਦੋਂ ਉਹ ਭਾਰ ਘਟਾਉਂਣ ਲਈ ਸਾਇਕਲ ਚਲਾਉਂਦਾ ਤਾਂ ਵਧਿਆ ਢਿੱਡ ਸਾਇਕਲ ਦੇ ਡੰਡੇ 'ਤੇ ਟਿੱਕ ਜਾਂਦਾ।

ਬੰਸੀ ਨੂੰ ਸ਼ੋਕੀ ਨਾਲ ਇੱਕ ਵਾਰ ਹੋਈ ਸਰਸਰੀ ਵਾਰਤਾਲਾਪ ਯਾਦ ਆ ਗਈ, ਜਦੋਂ ਉਹ ਅਪਣੇ ਨਰਮੇ ਦੀ ਛੋਟੀ ਜਿਹੀ ਢੇਰੀ ਕੋਲ ਮੰਜੇ 'ਤੇ ਬੈਠਾ ਸੀ। ਨਰਮੇ ਦੀ ਬੋਲੀ ਅਜੇ ਦੂਰ ਦੀਆਂ ਦੁਕਾਨਾਂ 'ਤੇ ਲੱਗ ਰਹੀ ਸੀ। ਸ਼ੋਕੀ ਮੰਜੇ ਦੇ ਸਿਰਾਹਣੇ ਵਾਲੇ ਪਾਸੇ ਆ ਕੇ ਘੁਸੜ ਕੇ ਬੈਠ ਗਿਆ।ਉਸ ਦੇ ਬੈਠਣ ਨਾਲ ਮੰਜੇ 'ਤੇ ਜਗ੍ਹਾ ਤੰਗ ਹੋ ਗਈ 'ਤੇ ਬੰਸੀ ਨੂੰ ਦੌਣ ਵਾਲੇ ਪਾਸੇ ਸਰਕਣਾ ਪੈ ਗਿਆ ਸੀ। ਉਹਨਾਂ ਦਰਮਿਆਨ ਛੋਟੀਆਂ-ਛੋਟੀਆਂ ਗੱਲਾਂ ਚੱਲ ਪਈਆਂ। "ਸੇਠ ਜੀ..ਤੁਸੀਂ ਦਸਵੀਂ ਕਿਹੜੇ ਸਾਲ'ਚ ਕੀਤੀ ਸੀ?" ਚਲਦੀਆਂ ਗੱਲਾਂ ਵਿੱਚ ਬੰਸੀ ਨੇ ਸ਼ੋਕੀ ਦੇ ਚਿਹਰੇ ਨੂੰ ਕਿਸੇ ਨਾਲ ਮਿਲਾਣ ਦੀ ਕੋਸ਼ਿਸ਼ ਵਜੋਂ ਸੁਆਲ ਕੀਤਾ ਸੀ।

"ਦਸਵੀਂ-ਦੁਸਵੀਂ ਤਾਂ ਮੈਂ ਕਿਹੜੀ ਕੀਤੀ ਐ,ਵੈਸੇ ਜਿਹੜੇ ਸਾਲ ਵੋਟਾਂ ਕੈਂਸਲ ਹੋਈਐਂ,ਉਦੋਂ ਮੈਂ ਦਸਵੀਂ 'ਚ ਹੁੰਦਾ ਸੀ,ਕੀ ਨਾਂ।" ਅਪਣੇ ਤਕੀਆ ਕਲਾਮ 'ਕੀ ਨਾਂ' ਨਾਲ ਗੱਲ ਕਰਦਿਆਂ ਸੇਠ ਦਾ ਅਕਾਰਨ ਹੀ ਹਾਸਾ ਨਿੱਕਲ ਗਿਆ।

"ਕਿਹੜੇ ਸਕੂਲ 'ਚ?"

"ਕੀ ਨਾਂ, ਸਕੂਲ ਤਾਂ ਸਾਲ 'ਚ ਤਿੰਨ ਬਦਲ ਗਏ ਸੀ। ਕੀ ਨਾਂ, ਹਰਬੰਸ ਸਿਆਂ।"

ਹਰਬੰਸ ਨੂੰ ਆਪਣੇ ਖਿਆਲਾਂ ਵਾਲਾ ਚਿਹਰਾ ਮਿਲਦਾ-ਜਲਦਾ ਜਾਪਿਆ। ਉਸ ਨੇ ਗੱਲ ਅੱਗੇ ਤੋਰੀ, "ਜਦੋਂ ਦਾ ਮੈਂ ਸੋਡੀ ਦੁਕਾਨ 'ਤੇ ਆਉਂਣ ਲੱਗਿਆ 'ਤੇ ਪਹਿਲੀ ਵਾਰੀ ਸੋਨੂੰ ਦੇਖਿਆ,ਮੈਨੂੰ ਇੰਝ ਲੱਗਦੈ ਜਿਵੇਂ...।" ਬੰਸੀ ਨੇ ਗੱਲ ਵਿਚਕਾਰ ਛੱਡ ਕੇ ਅਗਲੀ ਗੱਲ ਛੇੜ ਲਈ, " ...ਦਸਵੀਂ ਮੈਂ ਵੀ ਉਸੇ ਸਾਲ ਕੀਤੀ ਆ। ਇੱਕ ਵਾਰ ਇੱਕ ਸੇਠ ਆਵਦੇ ਗੋਲ-ਮਟੋਲ ਜਿਹੇ ਮੁੰਡੇ ਨੂੰ ਸਾਡੀ ਜਮਾਤ ਵਿੱਚ ਛੱਡਣ ਆਇਆ ਸੀ। ਉਹ ਮੁੰਡਾ ਦੋ ਕੁ ਦਿਨ ਹੀ ਸਕੂਲ ਆਇਆ। ਹੁਣ ਮੈਨੂੰ ਲੱਗਦੈ ਜਿਵੇਂ ਉਹ ਤੁਸੀਂ ਹੀ ਸੀ।" ਬੰਸੀ ਨੇ ਅਪਣਾ ਸ਼ੱਕ ਜ਼ਾਹਿਰ ਕਰ ਦਿੱਤਾ ਸੀ।

"ਹਾਂ ਮੈਂ ਤਿੰਨ ਦਿਨ ਉਸ ਸਕੂਲ ਵਿੱਚ ਜਾਂਦਾ ਰਿਹਾ ਸੀ,ਕੀ ਨਾਂ। ਉਸ ਮਗਰੋਂ ਤਾਂ ਮੈਂ ਪੜ੍ਹਨੋਂ ਈ ਹਟ ਗਿਆ ਸੀ। ਕੀ ਨਾਂ,ਦਸਵੀਂ ਵੀ ਵਿਚਾਲੇ ਹੀ ਛੱਡ ਦਿੱਤੀ ਸੀ।"

"ਅੱਛਿਆ ਜੀ.. ..!" ਬੰਸੀ ਨੂੰ ਹੈਰਾਨੀ ਹੋਈ, " .. ..ਪਰ ਮੈਂ ਉਸੇ ਸਾਲ ਸਕੂਲ ਵਿੱਚੋਂ ਫਸਟ ਆਇਆ ਸੀ।" ਕਹਿੰਦਿਆਂ ਉਸ ਨੇ

ਅਪਣੀ ਗੱਲ ਦਾ ਤੋੜਾ ਝਾੜ ਦਿੱਤਾ ਸੀ।

ਸ਼ੋਕੀ ਨੂੰ ਆਵਦੇ ਉਹ ਦਿਨ ਚੇਤੇ ਆ ਗਏ।

"ਕੀ ਨਾਂ,ਮੇਰੇ ਬਾਰੇ ਤਾਂ ਅੰਕਲ ਸਾਡੇ ਲਾਲੇ ਨੂੰ ਕਹਿੰਦਾ.. ..ਬਥੇਰਾ ਕਾਰੋਬਾਰ ਐ,ਕੀ ਨਾਂ। ਆਪੇ ਤਜ਼ਰਬੇ ਨਾਲ ਸਿੱਖ ਜਾਊ.. ..ਕੀ ਨਾਂ..ਇੱਕ ਵਾਰ ਗੱਦੀ 'ਤੇ ਬੈਠਣ ਲਾ ਲਓ। ਦੇਖ ਲਾ ਹੁਣ, ਕੀ ਨਾਂ...ਜਿਹੜੀ ਤਕਸੀਮਾਂ-ਜ਼ਰਬਾਂ ਦਸਵੀਂ ਤੱਕ ਨੀ ਸੀ ਆਈਆਂ...ਆਪੇ ਸਿੱਖ ਗਏ...ਕੀ ਨਾ... ਤਜ਼ਰਬੇ ਨਾਲ। ਹੁਣ ਤਾਂ ਸਧਾਰਨ ਵਿਆਜ, ਮਿਸ਼ਰਤਵਿਆਜ...ਕੀ ਨਾਂ..ਬੈਠੇ-ਬੈਠੇ ਉਂਗਲਾਂ 'ਤੇ ਜੋੜ ਲਈਦਾ... ਕੈਲਕੁਲੇਟਰ ਭਾਵੇਂ ਨਾਂ ਵੀ ਹੋਵੇ ਕੀ ਨਾਂ।" ਸ਼ੋਕੀ ਨੂੰ ਦਸਵੀਂ ਅੱਧੀ ਰਹਿ ਜਾਣ ਦਾ ਕੋਈ ਝੋਰਾ-ਪਛਤਾਵਾ ਨਹੀਂ ਸੀ।

ਝੋਰਾ ਤਾਂ ਬੰਸੀ ਨੂੰ ਲੱਗਿਆ ਸੀ। ਜਦੋਂ ਕਮਜ਼ੋਰ ਆਰਥਿਕਤਾ ਕਾਰਨ ਦਸਵੀਂ ਬਾਅਦ ਦਾਖਲਾ ਨਹੀਂ ਭਰਿਆ ਗਿਆ ਸੀ। 'ਆਪਾਂ ਨੂੰ ਨੌਕਰੀਆਂ ਧਰੀਆਂ ਪਈਐਂ?..ਜੱਟ ਦੇ ਪੁੱਤ ਨੇ ਬਾਹਲਾ ਪੜ੍ਹ ਕੇ ਤਾਂ ਸਗੋਂ ਖ਼ਰਾਬ ਈ ਹੋਣੈਂ..ਨਾ ਬਾਹੀ ਜੋਗਰਾ ਰਹਿਣਾਂ..ਨਾ ਹੋਰ ਪਾਸੇ ਦਾ।" ਇੱਕ ਦਿਨ ਉਹਦਾ ਬਾਪੂ ਸੱਥ 'ਚ ਖੜਾ ਬੋਲ ਰਿਹਾ ਸੀ।

ਬੰਸੀ ਨੂੰ 'ਸ਼ੋਕੀ ਨਾਲ ਈਰਖਾ ਹੋਈ ਸੀ। ਸਿਰਫ ਅਪਣੇ ਘਰਾਂ ਦੀ ਆਰਥਿਕਤਾ ਕਾਰਨ ਅੱਜ ਦਸਵੀਂ ਫੇਲ੍ਹ,ਦਸਵੀਂ ਫਸਟ ਵਾਲੇ ਦਾ 'ਸੇਠ ਜੀ' ਬਣਿਆ ਬੈਠਾ ਸੀ।

"ਹਾਂ ਬਈ ਚੱਲੀਏ...।" ਮੋਟਰਸਾਇਕਲ ਵਾਲੇ ਦੀ ਉੱਚੀ ਅਵਾਜ਼ ਨਾਲ ਬੰਸੀ ਦੀ ਸੋਚ ਸ਼ੋਕੀ ਦੀ ਆੜ੍ਹਤ ਦੀ ਦੁਕਾਨ ਤੋਂ ਮਜ਼ਦੂਰ ਚੌਂਕ ਵਿੱਚ ਮੁੜ ਆਈ। ਉਹ ਦਿਹਾੜੀ 'ਤੇ ਕੰਮ ਦੀ ਗੱਲ ਖੋਲ ਕੇ ਮੋਟਰਸਇਕਲ ਮਗਰ ਬੈਠ ਗਿਆ।

"ਨਾਂ ਕੀ ਐ ਤੇਰਾ?" ਸੇਠ ਨੇ ਮੋਟਰਸਇਕਲ ਤੋਰਦਿਆਂ ਹੀ ਗੱਲਾਂ ਛੇੜ ਲਈਆਂ।

"ਨਾਂ...ਨਾਂ ਤਾਂ ਜੀ ਹਰਬੰਸ ਸਿੰਘ ਬੋਲਦੈ ਕਾਗਜਾਂ 'ਤੇ...ਵੈਸੇ ਬੰਸੀ-ਬੰਸੀ ਈ ਕਹਿੰਦੇ ਨੇ ਸਾਰੇ।"

"ਮੈਂ ਬਲਵੰਤ ਸਿੰਘ...ਹੌਲਦਾਰ ਆਂ ਪੰਜਾਬ ਪੁਲਸ 'ਚ। ਬਾਪੂ ਫੌਜ 'ਚ ਰਿਹਾ ਪਹਿਲਾਂ।" ਥੋੜਾ ਸਾਹ ਭਰ ਕੇ ਹੌਲਦਾਰ ਨੇ ਅਗਲੇ ਸਵਾਲ ਦੀ ਗੋਲੀ ਚਲਾ ਦਿੱਤੀ, " ਪਿੰਡ ਕਿਹੜਾ?"

"ਵੱਡੀ ਖ਼ਾਰੀ ਆ ਜੀ।"

"ਅੱਛਾ-ਅੱਛਾ। ਗੁਆਂਢੀ ਆਂ ਫੇਰ ਤਾਂ,ਮੇਰਾ ਛੋਟੀ ਖ਼ਾਰੀ ਆ...ਨਾਲੇ ਮੇਰਾ ਸਾਲਾ ਵਿਆਹਿਆ ਹੋਇਐ ਥੋਡੇ ਭਗਤਾਂ ਦੇ ਲਾਣੇ 'ਚ" ਕਾਹਲੀ-ਕਾਹਲੀ ਬੋਲਦਾ ਹੌਲਦਾਰ 'ਭਗਤਾਂ ਦੇ ਲਾਣੇ' ਕਹਿ ਤਾਂ ਗਿਆ,ਪਰ ਫੇਰ ਇੱਕ ਦਮ ਚੁੱਪ ਹੋ ਗਿਆ..ਜਿਵੇਂ ਕਿਸੇ ਭੇਦ ਤੋਂ ਪਰਦਾ ਚੁੱਕੇ ਜਾਣ ਦਾ ਖਿਆਲ ਆ ਗਿਆ ਹੋਵੇ।

'ਭਗਤਾਂ ਦੇ ਲਾਣੇ 'ਚ' ਦਾ ਨਾ ਆਉਂਦਿਆਂ ਹਰਬੰਸ ਸਿੰਘ ਨੂੰ ਸੁਣਾਈ ਦੇਣਾ ਬੰਦ ਹੋ ਗਿਆ,ਜਿਵੇਂ ਕਿਸੇ ਨੇ ਪਾਰਾ ਪਿੰਘਲਾ ਕੇ ਕੰਨਾ 'ਚ ਪਾ ਦਿੱਤਾ ਹੋਵੇ।

ਬਲਵੰਤ ਸਿੰਘ ਛੋਟੀ ਖ਼ਾਰੀ ਤੋਂ ਫੌਜੀ ਬਾਪੂ ਦਾ ਇਕਲੋਤਾ ਪੁੱਤਰ ਸੀ। ਉਸ ਦੇ ਦਾਦੇ-ਪੜਦਾਦੇ ਭਾਵੇਂ ਖ਼ੇਤ ਮਜ਼ਦੂਰ ਹੀ ਸਨ ਪਰ ਬਲਵੰਤ ਦਾ ਬਾਪੂ ਫੌਜ ਵਿੱਚ ਭਰਤੀ ਹੋ ਗਿਆ ਸੀ।

ਕਹਿੰਦੇ ਨੇ ਫੌਜੀ ਆਦਮੀ ਪੰਦਰਾਂ-ਵੀਹ ਸਾਲ ਘਰ-ਪਰਿਵਾਰ ਨਾਲੋਂ ਵੱਖ ਹੋ ਕੇ ਬਨਵਾਸ ਭੋਗਦਾ ਹੈ,ਪਰ ਉਸ ਦੇ ਬੱਚੇ-ਔਲਾਦ ਸੁਖ ਭੋਗਦੀ ਹੈ। ਇੱਕ ਫੌਜੀ ਦਾ ਆਸ਼ਰਿਤ ਹੋਣ ਦੇ ਕੋਟੇ ਕਾਰਨ ਹੀ ਘੱਟ ਨੰਬਰਾਂ ਦੇ ਬਾਵਜੂਦ ਵੀ ਬਲਵੰਤ ਸਿੰਘ ਪੁਲਸ ਵਿਭਾਗ ਵਿੱਚ ਨੌਕਰੀ ਪ੍ਰਾਪਤ ਕਰਨ ਵਿੱਚ ਸਫਲ ਹੋ ਗਿਆ ਸੀ। ਹੁਣ ਉਸ ਨੂੰ ਪਿੰਡ ਵਿਹੜੇ ਵਿਚਲੇ ਸਕੇ-ਸਬੰਧੀ ਚੰਗੇ ਲੱਗਣੋਂ ਹਟ ਗਏ ਸੀ। ਇਸੇ ਲਈ ਉਸ ਨੇ ਮੰਡੀ ਵਿੱਚ ਇੱਕ ਪਲਾਟ ਖ਼ਰੀਦ ਕੇ ਉੱਥੇ ਰਹਿਣਯੋਗ ਮਕਾਨ ਬਣਾ ਲਿਆ ਸੀ। ਇੱਥੇ ਉਸ ਦੇ ਬੱਚੇ ਵੀ ਕਾਂਨਵੈਂਟ ਸਕੂਲ ਵਿੱਚ ਪੜ੍ਹਦੇ ਸਨ। ਅੱਜ ਇੱਕ ਨਵੇਂ ਬਣਾਏ ਕਮਰੇ ਵਿੱਚ ਫ਼ਰਸ਼ ਲਾਉਂਣ ਤੋਂ ਪਹਿਲਾਂ ਮਿੱਟੀ ਕੁੱਟਣ ਲਈ ਬੰਸੀ ਨੂੰ ਦਿਹਾੜੀ 'ਤੇ ਲੈ ਕੇ ਆਇਆ ਸੀ।

'ਬੰਦਾ ਭਗਤਾਂ ਦਾ ਰਿਸ਼ਤੇਦਾਰ ਐ..ਤਾਂ ਜਾਤ ਵੀ ਓਹੀ ਹੋਊ..ਪਰ ਲੱਗਦੈ ਸੇਠਾਂ ਵਰਗੈ..।' ਹਰਬੰਸ ਸਿੰਘ ਨੂੰ ਬੰਦਾ ਪਛਾਨਣ ਦੀ ਅਪਣੀ ਬੁੱਧੀ 'ਤੇ ਯਕੀਨ ਨਹੀਂ ਆ ਰਿਹਾ ਸੀ।

'ਬਈ ਜਦੋਂ ਬੰਦਾ ਪੈਸੇ ਬੰਨੀਓਂ ਸੌਖਾ ਹੋਵੇ..ਉਹਦੀ ਜਾਤ-ਬਰਾਦਰੀ ਦਿਖਾਈ ਦੇਣੋਂ ਹਟ ਜਾਂਦੀ ਐ।' ਹਰਬੰਸ ਨੂੰ ਸੱਥ ਵਿੱਚੋਂ ਸੁਣੀ ਇਹ ਗੱਲ ਅੱਜ ਸੱਚੀ ਲੱਗੀ ਸੀ,ਜਿਸ ਨਾਲ ਪਹਿਲਾਂ ਉਹ ਸਹਿਮਤ ਨਹੀਂ ਹੁੰਦਾ ਸੀ।

ਬਲਵੰਤ ਨੇ ਅਪਣੇ ਮਕਾਨ ਅੱਗੇ ਜਾ ਕੇ ਮੋਟਰਸਇਕਲ ਰੋਕ ਲਿਆ।

"ਲੈ ਬੰਸੀ ਇਹ ਕਮਰੈ...ਭਰਤ ਹੁਣੇ ਪਾਈ ਐ..ਤੂੰ ਦੁਰਮਟ ਲਾਉਂਣੈ ਇਹਦੇ ਵਿੱਚ.. ਆਹ ਪਿਐ ਦੁੱਰਮਟ ਤੇ ਬੱਸ ਸ਼ੁਰੂ ਹੋ ਜਾ। ਮੈਂ ਲਿਅਉਂਨਾ ਚਾਹ ਤੇਰੇ ਵਾਸਤੇ...।" ਹੌਲਦਾਰ ਇੱਕ ਸਾਹ ਹੀ ਬੋਲ ਗਿਆ।

"ਠੀਕ ਆ" ਹਰਬੰਸ ਨੇ 'ਜੀ' ਨਾ ਕਿਹਾ।

"ਹਾਂ ਸੱਚ...ਜੇ ਕੋਈ ਨਸ਼ਾ-ਪੱਤਾ ਲੈਨੈਂ...ਹੈ'ਗਾ ਅਪਣੇ ਕੋਲ ਸਭ ਕੁੱਝ..ਵਾਧੂ ਮਿਲ ਜਾਂਦੈ ਆਪਾਂ ਨੂੰ।" ਹੌਲਦਾਰ ਮੁੜ ਆਇਆ ਜਿਵੇਂ ਕੋਈ ਬਹੁਤਾ ਜਰੂਰੀ ਕੰਮ ਤਾਂ ਭੁੱਲ ਹੀ ਗਿਆ ਹੋਵੇ।

"ਨਾ ਬੱਸ.. ..ਬਚੇ ਹੋਏ ਆਂ ਅਜੇ ਤੱਕ ਤਾਂ।" 'ਅੱਜ ਤਾਂ ਮੁਫ਼ਤ ਦਾ ਖਾ ਲਵਾਂਗੇ,ਫੇਰ ਕੱਲ-ਪਰਸੋਂ ਨੂੰ ਕੌਣ ਦੇਊ।' ਸੋਚਦਿਆਂ ਬੰਸੀ ਨੇ ਜਵਾਬ ਦੇ ਦਿੱਤਾ।

ਬੰਸੀ ਅੱਜ ਕੋਈ ਪਹਿਲੀ ਵਾਰੀ ਦਿਹਾੜੀ 'ਤੇ ਨਹੀਂ ਆਇਆ ਸੀ। ਕਬੀਲਦਾਰ ਦਾ ਗੱਡਾ ਰੁੜਦਾ ਰੱਖਣ ਲਈ ਪਿੱਛਲੇ ਕਾਫੀ ਸਮੇਂ ਤੋਂ ਮੰਡੀ ਆ ਕੇ ਦਿਹਾੜੀ ਕਰਨ ਲੱਗਾ ਸੀ। ਹੋਰ ਕੋਈ ਚਾਰਾ ਹੈ ਵੀ ਨਹੀਂ ਸੀ। ਘਰ ਦੇ ਕਿੱਲੇ-ਸਵਾ ਕਿੱਲੇ ਖ਼ੇਤ ਵਿੱਚੋਂ ਗੁਜਾਰੇ ਜੋਗਰੀ ਕਣਕ-ਤੂੜੀ ਤਾਂ ਘਰ ਦੀ ਹੋ ਜਾਂਦੀ ਸੀ,ਪਰ ਰੋਜ਼ਾਨਾਂ ਦੇ ਨਿੱਕ-ਸੁੱਕ ਖ਼ਰਚਿਆਂ ਵਾਸਤੇ ਉਸ ਨੂੰ ਇਹ ਅੱਕ ਚੱਬਣਾ ਪਿਆ ਸੀ।

ਬੰਸੀ ਨੇ ਦੁਰਮਟ ਫੜ੍ਹ ਲਿਆ। ਹੌਲੀ-ਹੌਲੀ ਕੰਮ ਸ਼ੁਰੂ ਕਰ ਦਿੱਤਾ। ਕੰਮ ਕਰਦਿਆਂ ਉਸ ਨੂੰ ਘੁੱਟਣ ਮਹਿਸੂਸ ਹੋ ਰਹੀ ਸੀ ਤੇ ਕੰਮ ਕਰਨ

ਵਿੱਚ ਮਨ ਲੱਗ ਨਹੀਂ ਰਿਹਾ ਸੀ। ਅੰਦਰਲਾ ਜੱਟ 'ਹਰਬੰਸ ਸਿੰਘ' ਡੰਡ ਬੈਠਕਾਂ ਮਾਰਦਾ ਉਸ ਨਾਲ ਦਸਤ ਪੰਜਾ ਲੈਣ ਲੱਗ ਪਿਆ, "ਜੱਟ ਵਿਹੜੇ ਵਾਲਿਆਂ ਦੇ ਦਿਹਾੜੀ ਕਿਵੇਂ ਕਰ ਸਕਦੈ.. .."ਚਲਦਾ ਦੁੱਰਮਟ ਹੋਰ ਹੌਲੀ ਹੋ ਗਿਆ, 'ਭਗਤ ਤਾਂ ਸਾਡੇ ਵਡੇਰਿਆਂ ਨਾਲ ਸੀਰੀ ਰਲਦੇ ਰਹੇ ਨੇ.. ਇਹ ਉਨ੍ਹਾਂ ਦਾ ਰਿਸ਼ਤੇਦਾਰ ਐ..ਇਹ ਕਿਵੇਂ ਹੋ ਸਕਦੈ ਅੱਜ ਤੂੰ ਇਹਨਾਂ ਦੇ ਅਧੀਨ ਕੰਮ ਕਰੇਂ.. ..ਨਹੀਂ ਇਹ ਕੰਮ ਨ੍ਹੀਂ ਹੋ ਸਕਦਾ।" ਹਰਬੰਸ ਸਿੰਘ ਨੇ ਬੰਸੀ ਦੀ ਲੱਤ ਨੂੰ ਹੱਥ ਪਾਉਂਣ ਦੀ ਕੋਸ਼ਿਸ਼ ਕੀਤੀ।

ਬਲਵੰਤ ਸਿੰਘ ਚਾਹ ਲੈ ਆਇਆ। "ਕਿੰਨੀ ਕੁ ਪਾ ਦਿਆਂ?" ਥਰਮੋਸ ਵਿੱਚੋਂ ਗਲਾਸ ਵਿੱਚ ਚਾਹ ਪਾਉਂਦਿਆਂ ਉਸਨੇ ਬੰਸੀ ਨੂੰ ਪੁੱਛਿਆ।

ਬੰਸੀ ਬਿਨ੍ਹਾਂ ਕੁੱਝ ਬੋਲਿਆਂ ਹੌਲਦਾਰ ਵੱਲ ਝਾਕੀ ਗਿਆ.. ..ਇੱਕ ਟਕ। ਹੌਲਦਾਰ ਗਲਾਸ ਕਿਨਾਰਿਆਂ ਤੱਕ ਭਰ ਕੇ ਚਲਾ ਗਿਆ।

ਬੰਸੀ ਨੂੰ ਲੱਗਿਆ ਕਿ ਉਹ ਦੁੱਰਮਟ ਰੱਖ ਦੇਵੇ 'ਤੇ ਬਿਨ੍ਹਾਂ ਚਾਹ ਪੀਤਿਆਂ ਇੱਥੋਂ ਚਲਾ ਜਾਵੇ,ਪਰ ਫੇਰ ਉਸ ਦੀ ਸੋਚ ਘਰ ਵੱਲ ਮੋੜਾ ਖਾ ਗਈ। 'ਘਰੇ ਲੂਣ-ਤੇਲ ਮੁੱਕਿਆ ਪਿਐ..ਦੋ ਡੰਗਾਂ ਦਾ ਮਿੱਠਾ-ਪੱਤੀ ਵੀ ਹੈ ਨ੍ਹੀਂ..ਦਿਹਾੜੀ ਲੱਗੇ ਨਾ ਲੱਗੇ ਪਰ ਇਹਨਾਂ ਚੀਜ਼ਾਂ ਬਗੈਰ ਨ੍ਹੀਂ ਸਰਨਾ ਆਥਣੇ..ਆਏ-ਗਏ ਦਾ ਘਰ ਐ।' ਸਵੇਰੇ ਘਰੋਂ ਤੁਰਨ ਲੱਗਿਆ ਪਿੱਛਿਓਂ ਆਈ ਪਤਨੀ ਦੀ ਅਵਾਜ਼ ਜਿਵੇਂ ਉਸ ਨੂੰ ਦੁਬਾਰਾ ਸੁਣਾਈ ਦਿੱਤੀ ਹੋਵੇ। ਬੰਸੀ ਨੇ ਲੱਤ ਵੱਲ ਆਉਂਦਾ 'ਹਰਬੰਸ ਸਿੰਘ' ਦਾ ਹੱਥ ਝਟਕ ਦਿੱਤਾ।

"ਗੁਆਂਢ ਤਾਂ ਨ੍ਹੀਂ ਮਰਿਆ.. ..ਦੋ ਡੰਗਾਂ ਦਾ ਉਧਾਰ ਲੈ ਲਵਾਂਗੇ।" ਹਰਬੰਸ ਸਿੰਘ ਹਾਲੇ ਅੜਿਆ ਹੋਇਆ ਸੀ।

"ਉਧਾਰਾਂ ਤਾਂ ਪਹਿਲਾਂ ਵਾਲੀਆਂ ਹੀ ਮੋੜ ਲੈ..ਓਹੀ ਬਹੁਤ ਐ।" ਬੰਸੀ ਨੇ 'ਹਰਬੰਸ ਸਿੰਘ' ਨੂੰ ਸੁੱਟਣ ਦਾ ਦਾਅ ਖੇਡਿਆ.."ਜੇ ਅੱਜ ਦਿਹਾੜੀ ਛੱਡ ਦਿੱਤੀ..ਕੀ ਪਤਾ ਕੱਲ ਨੂੰ ਕੰਮ ਮਿਲੇ ਨਾ ਮਿਲੇ।ਅੱਜ ਵੀ ਚਾਰ ਦਿਨਾਂ ਬਾਅਦ ਦਿਨ ਲੱਗਿਆ।"

ਹਰਬੰਸ ਸਿੰਘ ਕੁੱਝ ਥਿੜਕਿਆ ਪਰ ਉਹ ਹਾਰਨ ਵਾਲਾ ਨਹੀਂ ਸੀ.."ਇਹਨਾਂ ਥੱਲੇ ਕੰਮ ਕਰਨ ਨਾਲੋਂ ਤਾਂ ਭੁੱਖੇ ਮਰਨਾ ਚੰਗੈ.. ..।"

"ਮਰੀ ਤਾਂ ਜੱਟ ਜਾਂਦੇ ਈ ਐ..ਵਿੱਚੋ ਤੂੰ ਸਹੀ..ਪਰ ਅਸਲ ਗੱਲ ਤਾਂ ਜਿਉਂਣ ਦੀ ਐ ਹਰਬੰਸ ਸਿਆਂ।" ਬੰਸੀ ਦਾ ਇਹ ਦਾਅ 'ਹਰਬੰਸ' ਨੂੰ ਝੁਲਾ ਗਿਆ। ਪਰ ਹਰਬੰਸ ਨੇ ਓਹੀ ਦਾਅ ਦੁਬਾਰਾ ਖੇਡਿਆ.."ਨਾ ਜੱਟ ਕਿਤੇ ਧੋਤਿਆਂ ਲਹਿਣ ਵਾਲੀ ਗੱਲ ਤਾਂ ਨ੍ਹੀਂ। ਹਾਂ ਤਾਂ ਜੱਟ ਹੀ.. ..ਜਰੂਰੀ ਤਾਂ ਨ੍ਹੀਂ ਏਥੇ ਈ ਕੰਮ ਕਰੇ..ਕਿਤੇ ਹੋਰ ਮਿਲਜੂ।'

ਲਗਾਤਾਰ ਦੂਜੀ ਵਾਰੀ ਪਏ ਉਸੇ ਦਾਅ ਨਾਲ ਬੰਸੀ ਕਮਜ਼ੋਰ ਪੈਣ ਲੱਗ ਪਿਆ। ਉਸ ਨੂੰ ਦੁੱਰਮਟ ਨੂੰ ਕੰਧ ਨਾਲ ਖੜਾਉਂਣ ਜਾਂ ਕੰਮ ਜਾਰੀ ਰੱਖਣ ਬਾਰੇ ਦੁੱਬਿਧਾ ਹੋਰ ਪੱਕੀ ਹੋ ਗਈ ।ਗਲਾਸ ਵਿੱਚ ਪਈ ਚਾਹ ਠੰਡੀ ਹੋ ਰਹੀ ਸੀ।

ਦੁਚਿੱਤੀ ਵਿੱਚ ਪਿਆਂ ਉਸਦੀ ਹਾਲਤ ਸੱਪ ਦੇ ਮੂੰਹ ਕੋਹੜ ਕਿਰਲੀ ਵਾਲੀ ਹੋ ਗਈ..ਖਾਏ ਤਾਂ ਕੋਹੜੀ..ਛੱਡੇ ਤਾਂ ਕਲੰਕੀ..।

'ਦੁਚਿੱਤੀ 'ਚ ਪਿਆ ਬੰਦਾ ਕਿਸੇ ਪਾਸੇ ਦਾ ਨ੍ਹੀਂ ਰਹਿੰਦਾ। ਜੋ ਵੀ ਹੋਵੇ..ਫੈਸਲਾ ਤਾਂ ਛੇਤੀ ਕਰ ਲਈਏ।'

ਸੱਥ 'ਚੋਂ ਸੁਣੀ ਗੱਲ ਬੰਸੀ ਦੇ ਅੱਗੇ ਆ ਗਈ।

"ਭਾਪਾ..ਜੇ ਅਕੈਡਮੀ ਦੀ ਫੀਸ ਨਾ ਭਰੀ ਤਾਂ ਕੋਚ ਕਹਿੰਦਾ ਦੋ ਦਿਨਾਂ ਬਾਅਦ ਨਾਂ ਕੱਟਿਆ ਜਾਊ।" ਕੱਲ ਸ਼ਾਮੀ ਹਾਕੀ ਲੈ ਕੇ ਗਰਾਉਂਡ ਵੱਲ ਜਾਂਦੇ ਮੁੰਡੇ ਦੇ ਕਹੇ ਬੋਲ ਚੇਤੇ ਆਉਂਦਿਆਂ ਹੀ ਬੰਸੀ ਨੇ ਹਰਬੰਸ ਸਿੰਘ ਨੂੰ ਧੋਬੀ ਪਟਕਾ ਮਾਰਿਆ..'ਤੇ ਢਿੱਲੇ ਪੈ ਰਹੇ ਹੱਥ ਕਰੜੇ ਕਰਕੇ ਦੁੱਰਮਟ ਨੂੰ ਦੁਬਾਰਾ ਸਾਂਭ ਲਿਆ।

"ਬੰਸੀ..ਮੈਂ ਜਰਾ ਬਜਾਰ ਜਾ ਕੇ ਅਉਨਾਂ..ਸੱਟ ਕਰੜੇ ਹੱਥ ਨਾਲ ਲਾਈਂ..ਕਿਤੇ ਮਗਰੋਂ ਫਰਸ਼ ਬੈਠੀ ਨਾ ਜਾਵੇ।" ਹੌਲਦਾਰ ਬਲਵੰਤ ਸਿੰਘ ਉਂਗਲ 'ਤੇ ਮੋਟਰਸਾਇਕਲ ਦੀ ਚਾਬੀ ਘੁੰਮਾਉਂਦਾ ਉਸ ਦੇ ਕੋਲ ਦੀ ਲੰਘ ਗਿਆ।

ਹਰਬੰਸ ਸਿੰਘ ਨੂੰ ਸੁੱਟੀ ਬੈਠਾ ਬੰਸੀ ਜੋਸ਼ ਨਾਲ ਬੋਲਿਆ," ਕੋਈ ਨ੍ਹੀਂ ਜੀ ਤੁਸੀਂ ਵੀ ਯਾਦ ਰੱਖੋਗੇ ਕਿ ਦੁੱਰਮਟ ਲਾਇਆ ਸੀ ਕਿਸੇ ਜੱਟ ਨੇ।" ਪਰ 'ਜੱਟ' ਸ਼ਬਦ ਵਰਤਦਿਆਂ ਉਹ ਸੰਭਲ ਗਿਆ ਅਤੇ ਵਰਤਿਆ ਨਹੀਂ।

ਤੇ ਉਸ ਨੇ ਠੰਡੀ ਹੋ ਚੁੱਕੀ ਚਾਹ ਦਾ ਗਿਲਾਸ ਮੂੰਹ ਨੂੰ ਲਾ ਲਿਆ ।

• •

ਸੰਪ : 94634-45092

ਕਵਿਤਾ : ***ਵੀਨਾ ਸਾਮਾ***

ਏਨਾ ਸੌਖਾ ਤੇ ਨਹੀਂ ਕਿਸੇ ਦਾ ਹੋ ਜਾਣਾ  
ਨਿਰਾ ਤਿਆਗ ਹੁੰਦਾ ਏ ਆਪਣੀ ਮੈਂ ਦਾ, ਹਉਮੈ ਦਾ  
ਆਪਣੀਆਂ ਇੱਛਾਵਾਂ ਨੂੰ ਮਾਰ ਲੈਣਾ  
ਏਨਾ ਸੌਖਾ ਤੇ ਨਹੀਂ ਕਿਸੇ ਦਾ ਹੋ ਜਾਣਾ  
ਖ਼ੁਦ ਨੂੰ ਸਮਰਪਿਤ ਕਰਨਾ  
ਨਾ ਤੇਰਾ ਨਾ ਮੇਰਾ  
ਇਕ ਸ਼ਬਦ ਵਿਚ ਤਬਦੀਲ ਹੋਣਾ  
ਏਨਾ ਸੌਖਾ ਤੇ ਨਹੀਂ ਕਿਸੇ ਦਾ ਹੋ ਜਾਣਾ  
ਨਿਰਾ ਬਲੀਦਾਨ ਹੁੰਦਾ ਏ  
ਆਪਣੇ ਜਜ਼ਬਾਤਾਂ ਦਾ  
ਆਪਣੇ ਸੁਨਿਆਂ ਦਾ  
ਏਨਾ ਸੌਖਾ ਤੇ ਨਹੀਂ ਕਿਸੇ ਦਾ ਹੋ ਜਾਣਾ  
ਖ਼ੁਦ ਨੂੰ ਹਾਰਨਾ ਹੁੰਦਾ ਏ  
ਉਸਦੀ ਜਿੱਤ ਲਈ  
ਟੁੱਟ ਜਾਣਾ ਉਸਦੀ ਮਜਬੂਤੀ ਲਈ  
ਏਨਾ ਸੌਖਾ ਤੇ ਨਹੀਂ ਕਿਸੇ ਦਾ ਹੋ ਜਾਣਾ

ਮੋਬਾ : 91155-89290



# ਪਾਪ ਦਾ ਪਰਛਾਵਾਂ

–ਵਿਪਨ ਗਿੱਲ

ਆਥਣ ਦੇ ਢਲ਼ ਰਹੇ ਪਰਛਾਵਿਆਂ ਨੇ ਚਾਰ ਚੁਫ਼ੇਰੇ ਉਦਾਸੀ ਤੇ ਬੇਚੈਨੀ ਖਿਲਾਰ ਦਿੱਤੀ ਸੀ। ਥੱਕੀਆਂ ਟੁੱਟੀਆਂ ਦੇਹਾਂ ਨੂੰ ਢੋਂਦੇ ਸਾਬਤ ਵਜੂਦ ਸੰਗ ਪੰਛੀ ਆਪਣੇ ਆਲ੍ਹਣਿਆਂ ਨੂੰ ਪਰਤ ਰਹੇ ਸਨ। ਖੇਤਾਂ ਦੇ ਵਿਚ ਬਣੀ ਸੰਤ ਹਰਦਿਆਲ ਸਿੰਘ ਦੀ ਸਮਾਧ ਤੇ ਇਕੱਤਰ ਹੋਈ ਸੰਗਤ ਵੀ ਹੁਣ ਖਿੰਡ-ਪੁੰਡ ਗਈ ਸੀ। ਬਸ ਚਾਰ ਪੰਜ ਤੀਵੀਆਂ ਸੰਗਮਰਮਰੀ ਸਮਾਧ ਨੂੰ ਕੱਚੀ ਲੱਸੀ ਡੋਲ੍ਹ ਕੇ ਧੋ ਰਹੀਆਂ ਸਨ। ਸਮਾਧ ਦੇ ਖੱਬੇ ਪਾਸੇ ਅੰਬ ਦੇ ਰੁੱਖ ਥੱਲੇ ਇਕ ਪਲੰਘਨੁਮਾ ਵਿਛਾਉਣੇ 'ਤੇ ਬੈਠੀ ਮਾਤਾ ਤੇਜ ਕੌਰ ਦੀ ਸੁਰਤੀ ਅਤੀਤ ਦੀਆਂ ਟੁੱਟਦੀਆਂ ਜੁੜਦੀਆਂ ਤੰਦਾਂ 'ਚ ਉਲਝੀ ਹੋਈ ਸੀ। ਇਸ ਸਮੇਂ ਉਸ ਦਾ ਮਨ ਅਜੀਬੋ ਗਰੀਬ ਅਚੇਤ-ਸੁਚੇਤ ਅਵਸਥਾ ਨੂੰ ਭੋਗ ਰਿਹਾ ਸੀ।

ਉਂਝ ਤਾਂ ਹਰ ਐਤਵਾਰ ਸੰਤਾਂ ਦੀ ਸਮਾਧ 'ਤੇ ਮਾਤਾ ਤੇਜ ਕੌਰ ਦੀ ਚੌਂਕੀ ਲੱਗਦੀ ਹੈ ਪਰ ਜੇਠੇ ਐਤਵਾਰ ਦੇ ਦਿਹਾੜੇ ਭਾਰੀ ਸੰਗ ਜੁੜਦਾ ਹੈ। ਇਸ ਦਿਨ ਬੜੀ ਦੂਰੋਂ ਦੂਰੋਂ ਸੰਗਤ ਆਉਂਦੀ ਹੈ। ਹੁਣ ਤਾਂ ਇਸ ਦਿਨ ਸਮਾਧ ਨੂੰ ਜਾਂਦੇ ਪੱਕੇ ਪਹੇ 'ਤੇ ਨਿਕਸੁੱਕ ਸਮਾਨ ਤੇ ਖਾਣ ਪੀਣ ਦੀਆਂ ਚੀਜ਼ਾਂ ਵੇਚਣ ਵਾਲੇ ਰੇਹੜੀਆਂ ਵੀ ਲੱਗਣ ਲੱਗ ਪਈਆਂ ਹਨ। ਇਸ ਦਿਨ ਲਾਗਲੇ ਕਸਬੇ ਨੂਰਗੜ੍ਹ ਤੋਂ ਤਪਸਥਾਨ ਤੇ ਆਉਣ ਜਾਣ ਲਈ ਖਾਸ ਟੈਂਪੂ ਵੀ ਚੱਲਣ ਲੱਗ ਪਏ ਹਨ। ਔਲਾਦ ਜਾਂ ਪੁੱਤਰ ਦੀ ਮੁਰਾਦ ਪਾਉਣ ਵਾਲੇ ਜੋੜੇ ਢੋਲ-ਢਮੱਕਿਆਂ ਨਾਲ ਨਵਜੰਮੇ ਬੱਚੇ ਨੂੰ ਮੱਥਾ ਟਿਕਾਉਣ ਆਉਂਦੇ ਹਨ। ਸੋ ਐਤਵਾਰ ਦੇ ਦਿਨ ਸੁੰਨਸਾਨ ਖੇਤਾਂ 'ਚ ਬਣੀ ਇਹ ਜਗ੍ਹਾ ਜੰਗਲ 'ਚ ਮੰਗਲ ਵਾਂਗ ਲੱਗਦੀ ਹੈ।

ਅੱਜ ਚੇਤ ਮਹੀਨੇ ਦਾ ਜੇਠਾ ਐਤਵਾਰ ਸੀ। ਇਸ ਕੋਸੇ ਮੌਸਮ ਵਿਚ ਚਾਨਣੀ ਲਾਉਣ ਦੀ ਲੋੜ ਨਹੀਂ ਸੀ, ਇਸ ਲਈ ਸਮਾਧ ਦੇ ਸਾਹਮਣੇ ਦਰੀਆਂ ਵਿਛਾ ਦਿੱਤੀਆਂ ਸਨ। ਮਾਤਾ ਜੀ ਦਾ ਪਲੰਘ ਹਮੇਸ਼ਾ ਵਾਂਗ ਖੱਬੇ ਪਾਸੇ ਅੰਬ ਦੇ ਰੁੱਖ ਥੱਲੇ ਸੱਜਿਆ ਹੋਇਆ ਸੀ। ਅੱਜ ਵੀ ਭਾਰੀ ਗਿਣਤੀ 'ਚ ਸੰਗਤਾਂ ਦਰਸ਼ਨਾਂ ਲਈ ਆਈਆਂ ਸਨ। ਪੰਜ ਛੇ ਵਾਰ ਤਾਂ ਬੈਂਡ ਵਾਜੇ ਵਾਲੇ ਪੁੱਤਰਾਂ ਦੀਆਂ ਦਾਤਾਂ ਪਾਉਣ ਵਾਲੀਆਂ ਸੰਗਤਾਂ ਨਾਲ ਹੌਲੀ-ਹੌਲੀ ਤੁਰਦਾ ਵਾਜਾ ਵਜਾਉਂਦੇ ਸਮਾਧ ਤਕ ਛੱਡ ਕੇ ਗਏ ਸਨ। ਇਸ ਦਿਨ ਇਹ ਵਾਜੇ ਵਾਲੇ ਪਹੇ 'ਤੇ ਖੜ੍ਹੇ ਹੋ ਜਾਂਦੇ ਹਨ। ਇਨ੍ਹਾਂ ਦਾ ਬੱਝਵਾਂ ਰੇਟ ਪੰਜ ਸੌ ਰੁਪਈਏ ਹੈ, ਜਿਸ ਵਿਚੋਂ ਇਨ੍ਹਾਂ ਦੇ ਮਾਸਟਰ ਨੇ ਹਰ ਵਾਰੀ ਦੋ ਸੌ ਰੁਪਈਏ ਸਮਾਧ ਦੀ ਗੋਲਕ ਵਿਚ ਪਾਉਣੇ ਹੁੰਦੇ ਹਨ।

ਮਧਰੀ ਜਿਹੀ ਸਫ਼ੈਦ ਸੰਗਮਰਮਰ ਦੀ ਗੁੰਬਦਨੁਮਾ ਸਮਾਧ ਨੂੰ ਚਾਰ ਚੁਫ਼ੇਰੇ ਲਗਭਗ ਪੰਜ ਫੁੱਟ ਦੀ ਥਾਂ ਛੱਡ ਕੇ ਨਿੱਕੀ ਨਿੱਕੀ ਕੰਧ ਨਾਲ ਵਲ਼ਿਆ ਹੋਇਆ ਹੈ। ਸਮਾਧ ਦੇ ਅੰਦਰ ਦੇਸੀ ਘਿਓ ਦੀ ਜੋਤ ਜਗਦੀ ਰਹਿੰਦੀ ਹੈ। ਇਸ ਜੋਤ ਦੇ ਅੱਗੇ ਵੱਡੀ ਸਾਰੀ ਗੋਲਕ ਰੱਖੀ ਹੋਈ ਹੈ। ਸੰਗਤਾਂ ਪਹਿਲਾਂ ਸਮਾਧ ਤੇ ਮੱਥਾ ਟੇਕਦੀਆਂ ਹਨ ਤੇ ਫਿਰ ਪਰਿਕਰਮਾ ਕਰਕੇ ਪਲੰਘ 'ਤੇ ਬੈਠੀ ਮਾਤਾ ਤੇਜ ਕੌਰ ਦੇ ਚਰਨਾਂ 'ਚ ਸਿਰ ਨਿਵਾਉਂਦੀਆਂ ਹਨ। ਭਰਵੇਂ ਸਰੀਰ ਤੇ ਸੂਹੇ ਗੋਰੇ ਚਿਹਰੇ ਵਾਲੀ ਮਾਤਾ ਕਿਸੇ ਰੱਬੀ ਰੂਹ ਦਾ ਅਵਤਾਰ ਜਾਪਦੀ ਹੈ। ਉਹ ਹਮੇਸ਼ਾ ਹੱਥ 'ਚ ਮਾਲਾ ਫੜੀ ਜਾਪ ਕਰਦੀ ਰਹਿੰਦੀ ਹੈ। ਆਮ ਤੌਰ 'ਤੇ ਉਸਦੇ ਨੇਤਰ ਅੱਧਖੁੱਲ੍ਹੀ ਅਵਸਥਾ ਵਿਚ ਰਹਿੰਦੇ ਹਨ ਪਰ ਕਦੇ-ਕਦੇ ਉਹ ਨੇਤਰਾਂ ਨੂੰ ਚੰਗੀ ਤਰ੍ਹਾਂ ਉਘੇੜ ਕੇ ਸੰਗਤ ਵੱਲ ਦੇਖਦੀ ਹੈ। ਇਸ ਨੂੰ ਸੰਗਤ ਮਾਤਾ ਦੀ ਕ੍ਰਿਪਾ ਦ੍ਰਿਸ਼ਟੀ ਕਹਿ ਕੇ ਸਿਰ ਝੁਕਾਉਂਦੀ ਹੈ ਅਤੇ ਜਿਸ ਜੀਵ ਤੇ ਇਹ ਕ੍ਰਿਪਾ ਦ੍ਰਿਸ਼ਟੀ ਪੈਂਦੀ ਹੈ, ਉਹ ਆਪਣੇ ਆਪ ਨੂੰ ਕਰਮਾਂ ਵਾਲਾ ਸਮਝਦਾ ਹੈ।

ਹਰ ਐਤਵਾਰ ਸਮਾਧ ਦਾ ਸਾਰਾ ਪ੍ਰੋਗਰਾਮ ਨੇਮ 'ਚ ਬੱਝਿਆ ਆਪਣੇ ਆਪ ਹੁੰਦਾ ਰਹਿੰਦਾ ਹੈ। ਪ੍ਰੋਗਰਾਮ ਦੀ ਸ਼ੁਰੂਆਤ ਮਹਿੰਦਰ ਕੌਰ ਆਪਣੀਆਂ ਕੁਝ ਸਾਥਣਾਂ ਨਾਲ ਢੋਲਕੀ ਦੀ ਤਾਲ 'ਤੇ ਸ਼ਬਦ ਗਾਉਣ ਨਾਲ ਸ਼ੁਰੂ ਕਰਦੀ ਹੈ। ਸੰਗਤਾਂ ਪਿੱਛੇ-ਪਿੱਛੇ ਬੋਲ ਕੇ ਉਸ ਦਾ ਸਾਥ ਦਿੰਦੀਆਂ ਹਨ। ਸ਼ਬਦਾਂ ਦੀ ਲੜੀ ਨਿਰੰਤਰ ਚੱਲਦੀ ਹੈ। ਇਕ ਸ਼ਬਦ ਪਿੱਛੋਂ ਦੂਜਾ ਸ਼ਬਦ ਸ਼ੁਰੂ ਹੋ ਜਾਂਦਾ ਹੈ। ਸੰਗਤਾਂ ਲੈਅ 'ਚ ਗਾਉਂਦੀਆਂ ਹਨ—

ਗੁਰੂ ਜੀ ਤੇਰੇ ਦਰਸ਼ਨ ਨੂੰ
ਅਸੀਂ ਦੂਰੋਂ ਚੱਲ ਕੇ ਆਈਆਂ
ਗੁਰੂ ਜੀ ਤੇਰੇ ਚਰਨਾਂ ਤੋਂ
ਅਸੀਂ ਮੰਗੀਆਂ ਮੁਰਾਦਾਂ ਪਾਈਆਂ

ਪਲੰਘ 'ਤੇ ਬਿਰਾਜਮਾਨ ਮਾਤਾ ਤੇਜ ਕੌਰ ਦੇ ਬੁੱਲ੍ਹ ਫਰਕਣ ਲੱਗ ਪੈਂਦੇ ਹਨ ਤੇ ਉਹ ਹੌਲੀ ਹੌਲੀ ਆਪਣਾ ਸਿਰ ਹਿਲਾਉਣਾ ਸ਼ੁਰੂ ਕਰ ਦਿੰਦੀ ਹੈ। ਸੰਗਤ ਸਮਝ ਜਾਂਦੀ ਹੈ ਕਿ ਮਾਤਾ ਦੇ ਸਿਰ 'ਤੇ ਸੰਤਾਂ ਦਾ ਪਹਿਰਾ ਆ ਗਿਆ ਹੈ। ਇਸੇ ਤਰ੍ਹਾਂ ਦਾ ਪਹਿਰਾ ਸੰਗਤ 'ਚ ਬੈਠੀਆਂ ਕਈ ਨੌਜਵਾਨ ਕੁੜੀਆਂ, ਇਸਤਰੀਆਂ ਅਤੇ ਮਰਦਾਂ ਦੇ ਸਿਰ 'ਤੇ ਵੀ ਆ ਜਾਂਦਾ ਹੈ। ਕਿੰਨੇ ਸਾਰੇ ਸਿਰ ਤੇ ਜਿਸਮ ਲਗਭਗ ਇਕੋ ਜਿਹੀ ਮਾਨਸਿਕ ਅਵਸਥਾ ਨੂੰ ਭੋਗਣ ਲੱਗਦੇ ਹਨ। ਖੁੱਲ੍ਹੇ ਵਾਲਾਂ ਵਾਲੇ ਸਿਰ ਚੱਕੀ ਵਾਂਗ ਗੋਲ-ਗੋਲ ਘੁੰਮਣ ਲੱਗਦੇ ਹਨ।

ਇਹ ਮਾਤਾ ਜੀ ਦਾ ਪੁੱਛਾਂ ਦੇਣ ਦਾ ਵਕਤ ਹੈ। ਸੰਗਤ 'ਚੋਂ ਵਾਰੀ ਵਾਰੀ ਰੋਗੀ ਤੇ ਮੁਰੀਦ ਮਾਤਾ ਦੇ ਪਲੰਘ ਦੀ ਬਾਹੀ ਨਾਲ ਸਿਰ ਜੋੜ ਕੇ ਤੇ ਨੀਵੀਂ ਪਾ ਕੇ ਆਪਣੀਆਂ ਦੁੱਖ-ਤਕਲੀਫ਼ਾਂ ਬਿਆਨ ਕਰਦੇ ਹਨ। ਮਾਤਾ ਜੀ ਮੌਨ ਰਹਿੰਦੇ ਹਨ। ਉਹ ਸਿਰਫ਼ ਉਸ ਇਸਤਰੀ ਜਾਂ ਮਰਦ ਦੇ ਸਿਰ ਨੂੰ ਫੜ ਕੇ ਇਕ ਖ਼ਾਸ ਅੰਦਾਜ਼ ਨਾਲ ਝਟਕਾ ਜਿਹਾ ਦਿੰਦੇ ਹਨ। ਇਸ ਦਾ ਅਰਥ ਸੰਗਤ ਸਮਝ ਜਾਂਦੀ ਹੈ ਕਿ ਸੰਤਾਂ ਦੀ ਮਿਹਰ ਹੋਵੇਗੀ। ਪਲੰਘ ਦੇ ਸੱਜੇ ਤੇ ਖੱਬੇ ਪਾਸੇ ਬੈਠੇ ਮਾਤਾ ਦੇ ਨੂੰਹ-ਪੁੱਤਰ, ਜਿਨ੍ਹਾਂ ਨੂੰ ਸੰਗਤ ਛੋਟੇ ਮਾਤਾ ਜੀ ਤੇ ਬਾਬਾ ਜੀ ਕਹਿ ਕੇ ਬੁਲਾਉਂਦੀ ਹੈ, ਉਸ ਰੋਗੀ ਜਾਂ ਮੁਰੀਦ ਨੂੰ ਇਸ਼ਾਰੇ ਨਾਲ ਆਪਣੇ ਕੋਲ ਸੱਦ ਲੈਂਦੇ ਹਨ। ਉਹ ਸਮੱਸਿਆ ਦੇ ਮੁਤਾਬਕ ਕਾਲਾ ਧਾਗਾ, ਤਵੀਤ, ਪਵਿੱਤਰ ਜਲ ਜਾਂ ਦਵਾਈ ਦੀ ਪੁੜੀ ਉਸ ਤੀਵੀਂ ਜਾਂ ਮਰਦ ਦੀ ਮੁੱਠ 'ਚ ਫੜਾ ਦਿੰਦੇ ਹਨ। ਬੇਔਲਾਦ ਜਾਂ ਪੁੱਤਰ ਦੀ ਦਾਤ ਮੰਗਣ ਵਾਲਿਆਂ ਨੂੰ ਸਿਰਫ਼ ਫਲ ਰੂਪੀ ਪ੍ਰਸ਼ਾਦ ਦਿੱਤਾ ਜਾਂਦਾ ਹੈ। ਚਾਰ-ਪੰਜ ਵਜੇ ਤਕ ਸਾਰੀ ਸੰਗਤ ਦੁੱਖਾਂ ਤੋਂ ਨਵਿਰਤ ਹੋ ਕੇ ਚਲੇ ਜਾਂਦੀ ਹੈ। ਇਸ ਤੋਂ ਬਾਅਦ ਸਮਾਧ ਨੂੰ ਕੱਚੀ ਲੱਸੀ ਨਾਲ ਧੋ ਕੇ ਸੰਤਾਂ ਦਾ ਸੁਖ ਆਸਣ ਕਰ ਦਿੱਤਾ ਜਾਂਦਾ ਹੈ। ਇਸ ਦਿਨ ਮਾਤਾ ਜੀ ਹਨੇਰਾ ਹੋਣ ਤਕ ਸਮਾਧੀ 'ਚ ਲੀਨ ਹੋ ਕੇ ਸਮਾਧ 'ਤੇ ਬੈਠੇ ਰਹਿੰਦੇ ਹਨ।

ਅੰਬ ਦੇ ਰੁੱਖ ਥੱਲੇ ਪਲੰਘ ਤੇ ਬੈਠੀ ਮਾਤਾ ਤੇਜ ਕੌਰ ਜਾਂ ਤੇਜੋ ਗੂੜ੍ਹੀਆਂ ਸੋਚਾਂ 'ਚ ਲੀਨ ਹੈ। ਉਸ ਦੀਆਂ ਅੱਖਾਂ ਕਦੇ ਖੁੱਲ੍ਹਦੀਆਂ ਹਨ ਤੇ ਕਦੇ ਬਿਲਕੁਲ ਬੰਦ ਹੋ ਜਾਂਦੀਆਂ ਹਨ। ਇਸ ਜਾਗੋ-ਮੀਟੀ ਅਵਸਥਾ 'ਚ ਉਸਦੇ ਕੰਨਾਂ 'ਚ ਕਾਲਜ 'ਚ ਪੜ੍ਹਦੇ ਪੋਤਰੇ ਸਿਮਰਨ ਦੀ ਆਵਾਜ਼ ਗੂੰਜ ਰਹੀ ਹੈ—"ਡੈਡੀ, ਦਾਦੀ ਨੂੰ ਕਿਸੇ ਡਾਕਟਰ ਕੋਲ ਦਿਖਾਓ। ਇਹ ਮਾਨਸਿਕ ਰੋਗ ਦਾ ਸ਼ਿਕਾਰ ਨੇ। ਇਨ੍ਹਾਂ ਨੇ ਬਾਬਿਆਂ ਦੇ ਡੇਰਿਆਂ ਤੋਂ ਠੀਕ ਨਹੀਂ ਹੋਣਾ। ਇਨ੍ਹਾਂ ਨੂੰ ਇਲਾਜ ਦੀ ਲੋੜ ਹੈ।" ਅੱਜ ਤੋਂ ਕੋਈ ਚਾਰ ਕੁ ਸਾਲ ਪਹਿਲਾਂ ਜਦੋਂ ਉਹ ਢਿੱਲੀ ਮੱਠੀ ਰਹਿਣ ਲੱਗ ਪਈ ਸੀ ਉਦੋਂ ਸਿਮਰਨ ਨੇ ਇਹ ਗੱਲ ਆਪਣੇ ਮਾਂ-ਪਿਓ ਨੂੰ ਸਮਝਾਈ ਸੀ।

ਸ਼ਿੰਦੇ ਦੀ ਮੌਤ ਪਿੱਛੋਂ ਉਹ ਬਿਮਾਰ ਰਹਿਣ ਲੱਗ ਪਈ ਸੀ। ਮੰਜੇ 'ਤੇ ਪਈ ਅਵਾ-ਤਵਾ ਬੋਲਦੀ ਰਹਿੰਦੀ ਸੀ। ਕਦੇ-ਕਦੇ ਅੱਧੀ ਰਾਤੀਂ ਉੱਠ ਕੇ ਸ਼ਿੰਦੇ ਤੇ ਹਰਦਿਆਲ ਨੂੰ ਆਵਾਜ਼ਾਂ ਮਾਰਦੀ ਤੇ ਫਿਰ ਚੀਕਾਂ ਮਾਰਦੀ, ਕੁਰਲਾਉਂਦੀ ਬੇਹੋਸ਼ ਹੋ ਜਾਂਦੀ ਸੀ। ਉਦੋਂ ਗਲੀ-ਗੁਆਂਢ 'ਚ ਉਸ ਨੂੰ ਓਪਰੀ ਕਸਰ ਹੋਣ ਦੀਆਂ ਗੱਲਾਂ ਹੋਣ ਲੱਗ ਪਈਆਂ ਸਨ। ਕੁਝ ਸਿਆਣੀਆਂ ਤੀਵੀਆਂ ਦੇ ਕਹਿਣ 'ਤੇ ਗੁਰਮੇਜ ਉਸ ਨੂੰ ਝਿੜੀ ਵਾਲੇ ਸੰਤਾਂ ਦੇ ਡੇਰੇ 'ਤੇ ਲੈ ਗਿਆ ਸੀ ਤੇ ਉਥੇ ਪੰਜ ਚੁਪਹਿਰੇ ਕੱਟਣ ਤੋਂ ਬਾਅਦ ਉਹ ਨੌਂ-ਬਰ-ਨੌਂ ਹੋ ਗਈ ਸੀ। ਸੰਤਾਂ ਦੀ ਭਾਖਿਆ ਤੇ ਹੀ ਉਨ੍ਹਾਂ ਨੇ ਆਪਣੀ ਪੈਲ਼ੀ ਵਿਚ ਸੰਤ ਹਰਦਿਆਲ ਸਿੰਘ ਦੀ ਸਮਾਧ ਬਣਾਈ ਸੀ।

ਮਾਤਾ ਤੇਜ ਕੌਰ ਦੇ ਬੁੱਲ੍ਹ ਫਰਕੇ। ਉਹ ਹੌਲੀ ਜਿਹੀ ਬੁੜਬੁੜਾਈ, 'ਹਰਦਿਆਲ' ਤੇ ਫਿਰ ਸੋਚਾਂ ਦੀਆਂ ਘੁੰਮਣਘੇਰੀਆਂ 'ਚ ਗੁਆਚ ਗਈ।

ਕਿੰਨਾ ਦਰਸ਼ਨੀ ਪੁਰਸ਼ ਸੀ, ਉਹਦਾ ਘਰਵਾਲਾ ਹਰਦਿਆਲ ਸਿਹੁੰ। ਪੂਰਾ ਭਗਤ ਬੰਦਾ। ਲੋਕੀ ਉਹਨੂੰ ਵਡਿਆ ਕੇ ਕਹਿੰਦੇ ਸਨ ਕਿ ਏਸ ਭਗਤ ਨੇ ਤਾਂ ਕਦੇ ਕਿਸੇ ਕੀੜੇ-ਮਕੌੜੇ ਨੂੰ ਵੀ ਦੁੱਖ ਨਹੀਂ ਦਿੱਤਾ ਹੋਣਾ। ਆਪ ਵੀ ਕਿਹੜਾ ਉਹ ਘੱਟ ਸੋਹਣੀ ਸੀ। ਹਰਦਿਆਲ ਉਸ ਨੂੰ ਮੋਰਨੀ ਕਹਿ ਕੇ ਛੇੜਦਾ। ਦੋਵੇਂ ਤੀਵੀਂ-ਆਦਮੀ ਹੰਸਾਂ ਦੀ ਜੋੜੀ ਵਾਂਗ ਲੱਗਦੇ ਸਨ। ਉਸਦੇ ਸੱਸ-ਸਹੁਰਾ ਰੱਬ ਨੂੰ ਪਿਆਰੇ ਹੋ ਚੁੱਕੇ ਸਨ। ਬਸ ਹਰਦਿਆਲ ਦਾ ਵੱਡਾ ਭਰਾ ਛਿੰਦਾ ਸੀ, ਜਿਸ ਨੂੰ ਇਕ ਲੱਤੋਂ ਥੋੜ੍ਹਾ ਨੁਕਸ ਹੋਣ ਕਰਕੇ ਸਾਕ ਨਹੀਂ ਸੀ ਜੁੜਿਆ। ਹਰਦਿਆਲ ਕਿਰਸੀ ਬੰਦਾ ਸੀ। ਖੇਤੀ 'ਚ ਮਿੱਟੀ ਨਾਲ ਮਿੱਟੀ ਹੋਇਆ ਰਹਿੰਦਾ। ਫ਼ਸਲ ਵੀ ਉਹਦੀ ਸਭ ਤੋਂ ਵਧੀਆ ਤੇ ਭਰਵੀਂ ਹੁੰਦੀ। ਲੋਕੀ ਉਨ੍ਹਾਂ ਦੀ ਫ਼ਸਲ ਦੇਖ ਕੇ ਸੜ ਮਰ ਜਾਂਦੇ। ਤੇਜੋ ਨੂੰ ਵੀ ਖਾਣ-ਪੀਣ ਤੇ ਹੰਢਾਉਣ ਦੀ ਕੋਈ ਰੋਕ-ਟੋਕ ਨਹੀਂ ਸੀ। ਹਰਦਿਆਲ ਦਾ ਝਿੜੀ ਵਾਲੇ ਸੰਤਾਂ ਨਾਲ ਡਾਹਢਾ ਪ੍ਰੇਮ ਸੀ। ਕੰਮਕਾਰ ਤੋਂ ਵਿਹਲਿਆਂ ਹੁੰਦਿਆਂ ਸਾਰ ਹੀ ਕਹਿੰਦਾ, "ਮੈਂ ਸੰਤਾਂ ਵੱਲ ਫੇਰਾ ਮਾਰਨ ਚੱਲਿਆਂ, ਤੇਜੋ।" ਉਹ ਮਨ੍ਹਾ ਤਾਂ ਨਾ ਕਰਦੀ ਪਰ ਅੰਦਰੋਂ ਸੜਦੀ ਤਪਦੀ ਰਹਿੰਦੀ। ਕਈ ਵਾਰ ਹਰਦਿਆਲ ਸੰਤਾਂ ਵੱਲ ਕਈ-ਕਈ ਦਿਨ ਲਾ ਆਉਂਦਾ , ਉਸ ਦੀਆਂ ਜਵਾਨ ਸੱਧਰਾਂ ਕੁਰਲਾਉਂਦੀਆਂ ਰਹਿੰਦੀਆਂ। ਵਿਆਹ ਦੇ ਚਾਰ ਵਰ੍ਹਿਆਂ ਪਿੱਛੋਂ ਵੀ ਉਸ ਦੀ ਕੁੱਖ ਹਾਲੇ ਸੱਖਣੀ ਸੀ।

ਦਿਨ-ਬਦਿਨ ਹਰਦਿਆਲ ਦਾ ਸੰਤਾਂ ਵੱਲ ਝੁਕਾਅ ਵਧਦਾ ਗਿਆ। ਕਦੇ ਕਦੇ ਤਾਂ ਉਹ ਦਸ-ਪੰਦਰਾਂ ਦਿਨਾਂ ਬਾਅਦ ਘਰ ਮੁੜਦਾ ਤੇ ਪਤਾ ਨਹੀਂ ਕਿਹੜੇ ਕਰਮਾਂ, ਜੂਨਾਂ ਤੇ ਮੰਡਲਾਂ ਦੀਆਂ ਗੱਲਾਂ ਉਸ ਨੂੰ ਸਮਝਾਉਂਦਾ ਰਹਿੰਦਾ। ਪਰ ਉਹ ਤਾਂ ਇਕੋ ਸੱਚ ਨੂੰ ਜਾਣਦੀ ਤੇ ਸਮਝਦੀ ਸੀ ਤੇ ਉਹ ਸੀ—ਉਸ ਦੀ ਸੱਖਣੀ, ਤਪਦੀ ਤੇ ਦਿਨ-ਬਦਿਨ ਵੀਰਾਨ ਹੋ ਰਹੀ ਦੇਹ ਦਾ ਸੱਚ। ਡੁੱਬਦੇ ਨੂੰ ਤਿਣਕੇ ਦੇ ਸਹਾਰੇ ਵਾਂਗ ਤੇਜੋ ਨੂੰ ਵੀ ਛਿੰਦੇ ਦਾ ਮਾੜਾ ਮੋਟਾ ਸਹਾਰਾ ਸੀ। ਹਰਦਿਆਲ ਦੀ ਗ਼ੈਰਹਾਜ਼ਰੀ ਵਿਚ ਛਿੰਦਾ ਘਰ-ਬਾਹਰ ਦੋਵੇਂ ਸਾਂਭਦਾ। ਕਈ ਵਾਰ ਇੰਝ ਵੀ ਵਾਪਰਿਆ ਕਿ ਸਿਆਲ ਦੀਆਂ ਠੰਡੀਆਂ ਰਾਤਾਂ, ਸਾਉਣ ਦੇ ਭਿੱਜੇ ਦਿਨਾਂ ਤੇ ਪੱਤਝੜ ਦੀਆਂ ਦੀਆਂ ਉਦਾਸ ਤ੍ਰਿਕਾਲਾਂ 'ਚ ਉਹ ਹਰਦਿਆਲ ਨੂੰ ਭੁੱਲ ਕੇ ਸ਼ਿੰਦੇ ਨੂੰ ਜਾ ਚਿੰਬੜੀ ਸੀ। ਹਰਦਿਆਲ ਦੀ ਸੁਰਤੀ ਦੀ ਧੁਨ ਤਾਂ ਕਿਸੇ ਦੂਜੇ ਜਹਾਨ 'ਚ ਲੱਗੀ ਹੋਈ ਸੀ। ਉਹ ਉਸ ਨੂੰ ਵੀ ਘਰ-ਬਾਹਰ ਦਾ ਮੋਹ ਤਿਆਗ ਕੇ ਸੰਤਾਂ ਦੇ ਚਰਨਾਂ ਨਾਲ ਜੁੜਨ ਲਈ ਪ੍ਰੇਰਦਾ। ਇਕ ਦੋ ਵਾਰ ਤਾਂ ਉਸ ਨੇ ਆਪਣੇ ਹਿੱਸੇ ਦੀ ਪੈਲ਼ੀ ਵੀ ਕੁਟੀਆ ਦੇ ਨਾਂ ਲਾਉਣ ਦੀ ਗੱਲ ਵੀ ਕੀਤੀ ਸੀ। ਇਸ ਗੱਲ ਦਾ ਛਿੰਦੇ ਨੂੰ ਵੀ ਤੜਿੰਗ ਚੜ੍ਹਦਾ ਸੀ।

...ਤੇ ਉਸ ਰਾਤ ਹਰਦਿਆਲ ਲਗਭਗ ਮਹੀਨੇ ਬਾਅਦ ਘਰ ਪਰਤਿਆ ਸੀ। ਵਾਢੀਆਂ ਤੋਂ ਬਾਅਦ ਦਾਣਾ-ਫੱਕਾ ਸਾਂਭ ਕੇ ਉਹ

ਡੇਰੇ ਦੇ ਲੰਗਰ ਦੀ ਉਗਰਾਹੀ ਲਈ ਘਰੋਂ ਨਿਕਲ ਗਿਆ ਸੀ। ਉਸ ਦਿਨ ਉਹ ਕਾਫ਼ੀ ਗੰਭੀਰ ਤੇ ਸ਼ਾਂਤ ਚਿੱਤ ਲੱਗ ਰਿਹਾ ਸੀ। ਉਹ ਤੇ ਛਿੰਦਾ ਚੌਂਕੇ ਕੋਲ ਡੱਠੀ ਮੰਜੀ 'ਤੇ ਬੈਠੇ ਰੋਟੀ ਖਾ ਰਹੇ ਹਨ। ਰੋਟੀ ਖਾਂਦਿਆਂ-ਖਾਂਦਿਆਂ ਹਰਦਿਆਲ ਨੇ ਛਿੰਦੇ ਨੂੰ ਤੇ ਉਸ ਨੂੰ ਜਿਵੇਂ ਆਪਣਾ ਫ਼ੈਸਲਾ ਸੁਣਾ ਦਿੱਤਾ ਸੀ, "ਮੈਂ ਆਪਣੇ ਹਿੱਸੇ ਦੀ ਪੈਲ਼ੀ ਝਿੜੀ ਵਾਲੇ ਡੇਰੇ ਦੇ ਨਾਂ ਲਵਾ ਦੇਣੀ ਹੈ। ਤੇਜੋ, ਤੂੰ ਵੀ ਚੱਲ ਮੇਰੇ ਨਾਲ। ਸੰਤਾਂ ਦੇ ਚਰਨਾਂ 'ਚ ਰਹਿ ਕੇ ਜੂਨ ਸੁਆਰ ਲਈਏ ਦੋਵੇਂ। ਛਿੰਦਾ ਆਪਣਾ ਹਿੱਸਾ ਤੇ ਘਰ ਆਪੇ ਸਾਂਭ ਲਵੇਗਾ।"

ਉਹ ਚੁੱਪ ਰਹੀ ਪਰ ਉਹਦੀਆਂ ਅੱਖਾਂ 'ਚੋਂ ਕਿਰਦੇ ਅੱਥਰੂਆਂ ਵੱਲ ਵੇਖ ਕੇ ਛਿੰਦਾ ਕਚੀਚੀਆਂ ਵੱਟਣ ਲੱਗ ਪਿਆ। ਰੋਟੀ ਖਾਣ ਤੋਂ ਬਾਅਦ ਹਰਦਿਆਲ ਅੰਦਰ ਬੈਠਕ 'ਚ ਜਾ ਕੇ ਸੌਂ ਗਿਆ। ਤੇਜੋ ਨਲਕੇ ਮੂਹਰੇ ਬੈਠੀ ਭਾਂਡੇ ਮਾਂਜ ਰਹੀ ਸੀ। ਛਿੰਦਾ ਉਹਦੇ ਕੋਲ ਆਇਆ। ਦੋਹਾਂ ਦੀਆਂ ਅੱਖਾਂ ਮਿਲੀਆਂ ਤੇ ਝਟਪਟ ਇਕ ਭਿਆਨਕ ਜੁਗਤ ਬਣਾਈ ਤੇ ਇਕ ਅਜੀਬ ਜਿਹੀ ਡਰਾਉਣੀ ਲਿਸ਼ਕ ਹਨੇਰੀ ਰਾਤ ਦੀ ਦੇਹ 'ਤੇ ਲਿਸ਼ਕੀ। ਛਿੰਦੇ ਨੇ ਆਪਣੇ ਗੰਡਾਸੇ ਦੀ ਧਾਰ ਨੂੰ ਉਂਗਲ ਫੇਰ ਕੇ ਪਰਖਿਆ ਤੇ ਉਸਨੇ ਵੀ ਸਾਥ ਦਿੱਤਾ। ਰਾਤੋ-ਰਾਤ ਉਨ੍ਹਾਂ ਨੇ ਹਰਦਿਆਲ ਨੂੰ ਵੱਢ ਕੇ ਇਕ ਬੋਰੀ ਵਿਚ ਬੰਨ੍ਹ ਦਿੱਤਾ। ਛਿੰਦਾ ਬੋਰੀ ਨੂੰ ਗੱਡੇ 'ਤੇ ਲੱਦ ਕੇ ਗਿੱਠ-ਗਿੱਠ ਹੋਏ ਨਵੇਂ ਬੀਜੇ ਕਮਾਦ ਦੇ ਖੇਤ 'ਚ ਦੱਬ ਆਇਆ ਤੇ ਉਸ ਨੇ ਬੈਠਕ ਦਾ ਫਰਸ਼ ਧੋ ਕੇ ਸਾਰੇ ਸਬੂਤ ਮਿਟਾ ਦਿੱਤੇ। ਅਗਲੀ ਸਵੇਰ ਛਿੰਦਾ ਕਮਾਦ 'ਚ ਦੱਬੀ ਲਾਸ਼ 'ਤੇ ਨਿਸ਼ਾਨੀ ਵਜੋਂ ਅੰਬ ਦਾ ਬੂਟਾ ਲਾ ਆਇਆ ਤਾਂ ਕਿ ਕਿਤੇ ਹਲ ਨਾਲ ਸਿਆੜ ਕੱਢਦਿਆਂ ਕੁਤਾਹੀ ਨਾ ਹੋ ਜਾਵੇ। ਫੇਰ ਦੋਹਾਂ ਨੇ ਗੁਆਚਣ ਤੇ ਲੱਭਣ-ਲਭਾਉਣ ਦੇ ਪਾਖੰਡ ਕੀਤੇ ਤੇ ਅਗਲੇ ਸਾਲ ਸ਼ਰੀਕੇ ਦੇ ਕੁਝ ਸਿਆਣਿਆਂ ਤੇ ਰਿਸ਼ਤੇਦਾਰਾਂ ਦੀ ਹਾਜ਼ਰੀ 'ਚ ਛਿੰਦੇ ਨੇ ਉਹਦੇ 'ਤੇ ਚਾਦਰ ਪਾ ਲਈ।

ਪਲ-ਛਿਣ, ਘੜੀਆਂ, ਦਿਨ, ਮਹੀਨੇ, ਸਾਲ ਖੰਭ ਲਾ ਕੇ ਉੱਡਦੇ ਗਏ। ਉਸਨੇ ਛਿੰਦੇ ਦੇ ਨਿਆਣੇ ਜੰਮੇ, ਪੜ੍ਹਾਏ-ਲਿਖਾਏ ਤੇ ਵਿਆਹੇ। ਪਰ ਇਕ ਪਾਪ ਦਾ ਫੋੜਾ ਉਸਦੇ ਅੰਦਰ ਭਰਦਾ-ਫਿਸਦਾ ਰਹਿੰਦਾ। ਜੇ ਕਦੇ ਉਹ ਹੌਲੀ ਜਿਹੀ ਛਿੰਦੇ ਨਾਲ ਇਸ ਬਾਰੇ ਗੱਲ ਕਰਦੀ ਤਾਂ ਉਹ ਝਿੜਕ ਕੇ ਚੁੱਪ ਕਰਾ ਦਿੰਦਾ। ਕਦੇ-ਕਦੇ ਉਹ ਸੋਚਦੀ 'ਹੋ ਸਕਦਾ, ਉਹ ਵੀ ਮੇਰੇ ਵਾਂਗ ਅੰਦਰੋ-ਅੰਦਰੀ ਝੂਰਦਾ ਹੋਵੇ'। ਜੁਆਨੀ ਦੀਆਂ ਰੰਗੀਨ ਗਲੀਆਂ 'ਚੋਂ ਨਿਕਲ ਕੇ ਉਹ ਦੋਵੇਂ ਬੁਢਾਪੇ ਦੇ ਉਘੜ-ਦੁੱਘੜੇ ਰਾਹਾਂ 'ਤੇ ਪੈਰ ਪੁੱਟ ਰਹੇ ਸਨ ਕਿ ਅਚਾਨਕ ਇਕ ਦਿਨ ਛਿੰਦੇ ਨੂੰ ਦਿਲ 'ਚੋਂ ਝਟਕੇ ਵਾਂਗ ਪੀੜ ਉੱਠੀ ਤੇ ਪਲਾਂ 'ਚ ਹੀ ਉਹ ਉਸ ਨੂੰ ਇਕੱਲੀ ਝੂਰਦੀ ਛੱਡ ਕੇ ਇਸ ਮਾਇਆ-ਜਗਤ ਤੋਂ ਉਡਾਰੀ ਮਾਰ ਗਿਆ।

ਮਾਤਾ ਤੇਜ ਕੌਰ ਨੇ ਅੱਖਾਂ ਖੋਲ੍ਹੀਆਂ। ਸਮਾਧ ਦੀ ਧੁਆਈ ਦਾ ਕੰਮ ਮੁੱਕ ਗਿਆ ਸੀ। ਮੰਮਟੀ ਦੇ ਸਿਰ 'ਤੇ ਲਿਖੇ ਅੱਖਰ 'ਤਪਸਥਾਨ ਸੰਤ ਹਰਦਿਆਲ ਸਿੰਘ' ਲਿਸ਼ਕ ਰਹੇ ਸਨ। ਪਾਖੰਡ ਦਾ ਚੋਗਾ ਪਾਈ ਮਾਤਾ ਤੇਜ ਕੌਰ ਨੂੰ ਇੰਝ ਲੱਗਿਆ ਜਿਵੇਂ ਇਹ ਅੱਖਰ ਉਸ ਨੂੰ ਫਿਟ-ਲਾਹਨਤਾਂ ਪਾ ਰਹੇ ਹੋਣ। ਉਸਨੇ ਅੱਖਾਂ ਬੰਦ ਕਰ ਲਈਆਂ ਤੇ ਫਿਰ ਆਪਣੀਆਂ ਸੋਚਾਂ ਵਿਚ ਗੁਆਚ ਗਈ।

ਕਿੰਨਾ ਝੂਠ ਬੋਲਿਆ ਸੀ ਉਹਨੇ ਜ਼ਿੰਦਗੀ ਭਰ। ਕਿੰਨੇ ਆਡੰਬਰ ਰਚੇ ਉਹਨੇ। ਹੁਣ ਵੀ ਤਾਂ ਉਹੀ ਕਰ ਰਹੀ ਹੈ—ਝੂਠ ਤੇ ਆਡੰਬਰ ਰਚ ਰਹੀ ਹੈ। ਪਹਿਲਾਂ ਉਸਨੇ ਛਿੰਦੇ ਨਾਲ ਰਲ ਕੇ ਆਡੰਬਰ ਰਚਾਏ ਤੇ ਹੁਣ ਉਹ ਆਪਣੇ ਨੂੰਹ-ਪੁੱਤਰ, ਨਾਲ ਰਲ ਕੇ ਰਚ ਰਹੀ ਹੈ।

ਸਿਮਰਨ ਠੀਕ ਹੀ ਤਾਂ ਕਹਿੰਦਾ ਹੈ। ਮੈਂ ਸੱਚਮੁੱਚ ਮਨੋਰੋਗਣ ਹਾਂ। ਰੋਮ-ਰੋਮ 'ਚ ਭਰੇ ਪਾਪ ਨੇ ਮੈਨੂੰ ਮਨੋਰੋਗਣ ਬਣਾ ਦਿੱਤਾ ਹੈ ਪਰ ਮੈਂ ਇਹ ਗੱਲ ਮੰਜ਼ੂਰ ਕਿਉਂ ਨਹੀਂ ਕਰਦੀ। ਪਾਪ ਦੇ ਪਰਛਾਵੇਂ ਨੇ ਮੇਰੇ ਮਨ ਦੀਆਂ ਕੁੰਦਰਾਂ ਨੂੰ ਇੰਨਾ ਕਾਲਾ ਕਰ ਦਿੱਤਾ ਹੈ ਕਿ ਮੈਂ ਆਪਣੇ ਆਪ ਨੂੰ ਵੀ ਦੇਖ ਨਹੀਂ ਸਕਦੀ।

ਮੈਂ ਕਿੰਨੀ ਵਾਰ ਗੁਰਮੇਜ ਤੇ ਜਸਬੀਰ ਨੂੰ ਕਿਹਾ ਕਿ ਮੇਰੇ ਤੋਂ ਹੋਰ ਪਾਪ ਨਾ ਕਰਾਓ। ਮੈਨੂੰ ਕਠਪੁਤਲੀ ਵਾਂਗ ਨਾ ਨਚਾਓ ਪਰ ਉਹ ਨੀ ਸੁਣਦੇ। ਉਨ੍ਹਾਂ ਨੂੰ ਤਾਂ ਘਰ ਰੁਪਈਏ ਆਉਂਦੇ ਦਿਸਦੇ ਆ। ਪਤਾ ਨਹੀਂ ਦੋਵੇਂ ਤੀਵੀਂ-ਖਸਮ ਲੋਕਾਂ ਨੂੰ ਕਿਹੜੀ ਖੇਹ-ਸੁਆਹ ਦੀਆਂ ਪੁੜੀਆਂ ਬਣਾ ਕੇ ਵੰਡੀ ਜਾਂਦੇ ਆ।

ਉਹ ਪਲੰਘ ਤੋਂ ਉੱਠੀ ਤੇ ਸਮਾਧ ਕੋਲ ਚਲੇ ਗਈ। ਉਸ ਨੇ ਝੁਕ ਕੇ ਸਮਾਧ ਨੂੰ ਆਪਣਾ ਮੱਥਾ ਛੁਹਾਇਆ। ਉਸ ਨੂੰ ਠੰਡ ਜਿਹੀ ਪਈ ਤੇ ਉਹਦੇ ਥੱਕੇ ਜਿਸਮ 'ਚ ਝੁਣਝੁਣੀ ਜਿਹੀ ਛਿੜ ਗਈ। ਉਹ ਬੁੜਬੁੜਾਉਣ ਲੱਗੀ—"ਮਾਫ਼ ਕਰ ਦਿਓ ਮਹਾਰਾਜ, ਬਖਸ਼ ਦਿਓ, ਇਸ ਪਾਪਣ ਨੂੰ। ਇਸ ਦੇਹ ਤੋਂ ਮੁਕਤੀ ਦਿਓ ਹੁਣ। ਬਖ਼ਸ਼ ਲਓ ਜੀ।"

"ਬੀਬੀ ਚਲੀਏ ਹੁਣ।" ਗੁਰਮੇਜ ਉਸ ਦੇ ਮੋਢੇ ਨੂੰ ਝੰਜੋੜ ਕੇ ਕਹਿ ਰਿਹਾ ਸੀ ਤੇ ਫਿਰ ਜਸਬੀਰ ਵੱਲ ਮੂੰਹ ਘੁਮਾ ਕੇ ਬੋਲਿਆ, "ਡਾਕਟਰ ਨੂੰ ਦਿਖਾਈਏ ਬੀਬੀ ਨੂੰ। ਬੀ.ਪੀ. ਵਧ ਗਿਆ ਲੱਗਦਾ।"

ਚੰਦ ਦੀ ਚਾਨਣੀ 'ਚ ਉਹ ਤਿੰਨੇ ਜਣੇ ਪਹੇ ਵੱਲ ਨੂੰ ਤੁਰ ਪਏ। ਉਸ ਨੇ ਪੈਰਾਂ ਵੱਲ ਦੇਖਿਆ, ਕਿੰਨਾ ਲੰਮਾ ਸੀ ਉਸਦਾ ਪਰਛਾਵਾਂ। ਉਸਦੇ ਪੈਰਾਂ ਨਾਲ ਜੁੜਿਆ ਤੇ ਅਤੀਤ ਨਾਲ ਬੱਝਾ ਪਾਪ ਦਾ ਪਰਛਾਵਾਂ। ਇਹ ਪਰਛਾਵਾਂ ਉਸ ਨੂੰ ਘਸੀਟ ਕੇ ਕਿਸ ਪਾਸੇ ਲਿਜਾ ਰਿਹਾ ਸੀ। ਗੁਰਮੇਜ ਤੇ ਜਸਬੀਰ ਦਾ ਟੁਣਕਦਾ ਹਾਸਾ ਉਸਦੇ ਕੰਨਾਂ 'ਚ ਕਿਰਚਾਂ ਵਾਂਗ ਚੁਭ ਰਿਹਾ ਸੀ। ਇਹ ਕੀ, ਇਹ ਤਿੰਨੋਂ ਪਰਛਾਵੇਂ ਇਕੋ ਦਿਸ਼ਾ ਤੇ ਇਕੋ ਰਾਹ ਵੱਲ ਕਿਉਂ ਤੁਰ ਰਹੇ ਸਨ ?

ਉਸ ਨੇ ਹਉਕਾ ਭਰਿਆ ਤੇ ਆਪਣੇ ਆਪ ਨੂੰ ਕਿਹਾ—ਪਾਪ ਦੇ ਰਾਹ 'ਤੇ ਤੁਰਦਿਆਂ ਜ਼ਿੰਦਗੀ ਦੀਆਂ ਵਾਟਾਂ ਕਿਉਂ ਨਹੀਂ ਮੁੱਕਦੀਆਂ। ਏਨੀਆਂ ਲੰਮੀਆਂ ਕਿਉਂ ਹੋ ਜਾਂਦੀਆਂ।

ਉਸ ਨੂੰ ਹਾਲੇ ਇਸ ਰਾਹ 'ਤੇ ਪਤਾ ਨਹੀਂ ਕਿੰਨਾ ਕੁ ਚਿਰ ਤੁਰਦੇ ਰਹਿਣਾ ਪੈਣਾ ਸੀ।

◆◆

ਮੋਬਾ : 9463223251



# ਤਾਂ ਜ਼ਿੰਦਗੀ ਹੋਰ ਹੋਣੀ ਸੀ...

–ਹਰਜਿੰਦਰ ਸੂਰੇਵਾਲੀਆ

ਕਿਹੜੀ ਗੱਲ 'ਤੇ ਖ਼ੁਦੀ ਗੁਮਾਨ ਕਰਦਾ / ਸਦਾ ਨਹੀਂ ਹੁਸਨ ਦੀ ਝੜੀ ਰਹਿਣੀ
ਆਖ਼ਰ ਉਮਰ ਦੀ ਡੋਰ ਨੇ ਟੁੱਟ ਜਾਣਾ / ਗੁੱਡੀ ਜੱਗ 'ਤੇ ਸਦਾ ਨਹੀਂ ਚੜ੍ਹੀ ਰਹਿਣੀ
*-ਸਾਧੂ ਦਯਾ ਸਿੰਘ ਆਰਿਫ਼*

ਕੇਲ ਕਰੇਂਦੇ ਹੰਝ ਨੋ ਅਚਿੰਤੇ ਬਾਜ ਪਏ ਵਾਂਗ ਅਚਾਨਕ ਇਕ ਦਿਨ ਹੈਡਮਾਸਟਰ ਐਸ. ਪੀ. ਜੈਨ ਸਕੂਲ ਵਿਚ ਜੁਆਇਨ ਕਰ ਗਿਆ ਤੇ ਪਿਤਾ ਜੀ ਦੀ ਹੈਡਮਾਸਟਰੀ ਵਾਲੀ ਕੁਰਸੀ ਖੁੱਸ ਗਈ। ਪਿਤਾ ਜੀ ਤਾਂ ਸੀਨੀਅਰ ਹੋਣ ਕਰਕੇ ਮਿਡਲ ਸਕੂਲ ਦੇ ਮੁਖੀ ਸਨ ਤੇ ਸਕੂਲ ਅਪਗਰੇਡ ਹੋਣ ਤੱਕ ਵੀ ਉਹ ਸਕੂਲ ਦੇ ਮਾਸਟਰ ਕੇਡਰ ਦੇ ਸੀਨੀਅਰ ਅੱਧਿਆਪਕ ਸਨ ਤੇ ਸਕੂਲ ਦੇ ਹੈੱਡ ਬਣੇ ਹੋਏ ਸਨ। ਨਵੇਂ ਹੈਡਮਾਸਟਰ ਦਾ ਆਉਣਾ ਤਾਂ ਸਾਡੇ ਭਾਣੇ ਇਕ ਰਾਜ ਪਲਟਾ ਹੀ ਸੀ। ਜੈਨ ਜਗਰਾਵਾਂ ਦਾ ਸੀ ਤੇ ਪਹਿਲਾਂ ਕਿਤੇ ਨੇੜੇ ਦੇ ਸਕੂਲ ਵਿਚ ਸ਼ਾਇਦ ਸਿੱਧਵਾਂ ਬੇਟ ਲੱਗਿਆ ਹੋਇਆ ਸੀ ਜਿੱਥੇ ਉਸ ਨੇ ਕੋਈ ਬਹੁਤ ਵੱਡਾ ਵਿਤੀ ਘੱਪਲਾ ਕੀਤਾ ਹੋਇਆ ਸੀ। ਓਥੇ ਸਕੂਲ ਦੇ ਨਾਂ ਕੁਝ ਜ਼ਮੀਨ ਵੀ ਸੀ ਜਿਸਦੀ ਉਹ ਖੇਤੀ ਕਰਵਾਉਂਦੇ ਹੁੰਦੇ ਸਨ ਤੇ ਉਸ ਦੀ ਆਮਦਨ ਛੱਕ-ਛਕਾ ਜਾਂਦੇ ਸਨ। ਇਕ ਵਾਰ ਉਹਨਾਂ ਨੇ ਜ਼ਮੀਨ ਦੀ ਖੇਤੀ ਲਈ ਰਾਜਸਥਾਨ ਦੇ ਨਗਰ ਨਗੌਰ ਤੋਂ ਦੋ ਨਗੌਰੀ ਬਲਦ ਮੰਗਵਾਏ ਜੋ ਟਰੱਕ 'ਤੇ ਵਾਪਸੀ ਸਮੇਂ ਹਾਦਸੇ ਦਾ ਸਿਕਾਰ ਹੋ ਕੇ ਮਾਰੇ ਗਏ। ਅਸਲ ਵਿਚ ਉਹਨਾਂ ਨੇ ਬਲਦ ਤਾਂ ਖਰੀਦੇ ਹੀ ਨਹੀਂ ਸਨ ਤੇ ਉਹਨਾਂ ਦੀ ਕੀਮਤ ਤੋਂ ਇਲਾਵਾ ਨਗੌਰ ਤੱਕ ਟਰੱਕ ਦਾ ਫਰਜੀ ਭਾੜਾ ਵੀ ਆਪਣੀ ਜੇਬ ਵਿਚ ਪਾ ਕੇ ਰਜਿਸਟਰ ਵਿਚ ਇੰਟਰੀਆਂ ਕਰ ਦਿੱਤੀਆਂ ਸਨ। ਸ਼ਕਾਇਤ ਹੋਣ ਉਪਰੰਤ ਮਹਿਕਮੇ ਨੇ ਪੜਤਾਲ ਕਰਕੇ ਪ੍ਰਬੰਧਕੀ ਆਧਾਰ 'ਤੇ ਉਹਨਾਂ ਨੂੰ ਕਾਲੇ ਪਾਣੀ ਭਾਵ ਭੁੰਬੇ ਭੇਜ ਦਿੱਤਾ ਸੀ। ਜਗਰਾਵਾਂ ਦੇ ਵਸਨੀਕ ਲਈ ਭੁੰਬਾ ਫਿਰੋਜ਼ਪੁਰ ਜ਼ਿਲੇ ਦਾ ਆਖਰੀ ਪਿੰਡ ਹੋਣ ਕਰਕੇ ਕਾਲੇ ਪਾਣੀ ਬਰੋਬਰ ਹੀ ਸੀ। ਕਿੱਥੇ ਜਗਰਾਵਾਂ ਠੰਡੀਆਂ ਛਾਵਾਂ ਤੇ ਕਿੱਥੇ ਭੁੰਬਾ ਜਿੱਥੇ ਬਰਬਰ ਉੱਡਦੀ ਸੀ ਤੇ ਲੋਅ ਵਗਦੀ ਸੀ।

ਉਹ ਸੇਵਾ ਮੁਕਤੀ ਦੇ ਨੇੜੇ ਤੇੜੇ ਹੀ ਸਨ ਪਰ ਸਰੀਰ ਚੁਸਤ ਫੁਰਤ ਸੀ। ਨਜ਼ਰ ਦੀ ਐਨਕ ਵੀ ਨਹੀਂ ਸੀ ਲਾਉਂਦੇ। ਉਹ ਹਰ ਰੋਜ ਸਵੇਰੇ ਆਪਣੀਆਂ ਅੱਖਾਂ ਰਾਤੀਂ ਭਿਉਂਤੇ ਹੋਏ ਸੁੱਕੇ ਆਉਲਿਆਂ ਦੇ ਪਾਣੀ ਨਾਲ ਧੋਂਦੇ ਸਨ। ਉਹਨਾਂ ਦਾ ਰੰਗ ਗੋਰਾ ਸੀਂ ਤੇ ਨੈਣ-ਨਕਸ਼ ਤਿੱਖੇ ਸਨ। ਉਹ ਹਮੇਸ਼ਾ ਅੰਗਰੇਜ਼ਾਂ ਵਰਗਾ ਵੱਡਾ ਟੋਪ ਆਪਣੇ ਸਿਰ ਉਪਰ ਪਹਿਨਦੇ ਤੇ ਵੇਖਣ ਨੂੰ ਅੰਗਰੇਜ਼ ਹੀ ਲੱਗਦੇ। ਉਹਨਾਂ ਦੇ ਨੂੰਹ ਪੁੱਤ ਕਾਲਜ ਦੇ ਪ੍ਰੋਫੈਸਰ ਸਨ। ਪਹਿਲੇ ਦਿਨ ਤੋਂ ਹੀ ਉਹ ਸਾਡੇ ਘਰ ਰਹਿਣ ਲੱਗ ਪਏ ਸਨ। ਸ਼ਾਇਦ ਪ੍ਰਾਇਮਰੀ ਸਕੂਲ ਦੀ ਬਿਲਡਿੰਗ ਉੱਤੇ ਵੀ ਆਪਣਾ ਹੈਡਮਾਸਟਰੀ ਵਾਲਾ ਹੱਕ ਸਮਝਦੇ ਹੋਏ ਉਹਨਾਂ ਵੱਡੇ ਹਾਲ ਕਮਰੇ ਦੇ ਇਕ ਸਿਰੇ 'ਤੇ ਆਪਣਾ ਮੰਜਾ ਡਾਹ ਲਿਆ ਸੀ ਤੇ ਇਸ ਦੇ ਸਰਾਣੇ ਵਾਲੇ ਪਾਸੇ ਸਕੂਲ ਤੋਂ ਡੈਸਕ ਮੰਗਾ ਕੇ ਰੱਖ ਲਿਆ ਸੀ। ਉਹ ਇੱਕ ਤਰ੍ਹਾਂ ਨਾਲ ਧੱਕੇ ਦੇ ਮਹਿਮਾਨ ਬਣ ਕੇ ਬੈਠ ਗਏ ਸਨ। ਪੰਦਰਾਂ ਕੁ ਦਿਨਾਂ ਬਾਅਦ ਉਹ ਆਪਣੇ ਸ਼ਹਿਰ ਜਾਂਦੇ ਤੇ ਕੁੱਝ ਦਿਨ ਲਾ ਕੇ ਵਾਪਸੀ 'ਤੇ ਕਾਫੀ ਸਮਾਨ ਲੈ ਕੇ ਆਉਂਦੇ। ਇਕ ਤਾਂ ਕਿਸੇ ਨਾ ਕਿਸੇ ਕਿਸਮ ਦੀ ਮਿਠਿਆਈ ਦਾ ਡੱਬਾ ਜਰੂਰ ਹੁੰਦਾ ਜੋ ਮੈਂ ਤੇ ਉਹ ਕਈ ਦਿਨ ਖਾਂਦੇ ਰਹਿੰਦੇ ਪਰ ਮੇਰੇ ਦਾਰਜੀ ਅਤੇ ਬੀਬੀ ਉਸ ਨੂੰ ਕਦੇ ਵੀ ਹੱਥ ਨਾ ਲਾਉਂਦੇ। ਦੂਜੀ ਚੀਜ, ਉਹ ਕਿਸੇ ਨਾ ਕਿਸੇ ਜਮਾਤ ਲਈ ਕੋਈ ਸਫ਼ਲਤਾ ਦੀ ਕੁੰਜੀ ਵਰਗੀ ਹੈਲਪ ਬੁੱਕ ਲੈ ਕੇ ਆਉਂਦੇ ਤੇ ਉਸ ਜਮਾਤ ਦੇ ਸਾਰੇ ਵਿਦਿਆਰਥੀਆਂ ਨੂੰ ਉਹ ਖਰੀਦਣੀ ਪੈਂਦੀ। ਇਸ ਤਰ੍ਹਾਂ ਉਹ ਆਪਣਾ ਜਾਣ ਆਉਣ ਦਾ ਕਿਰਾਇਆ ਕੱਢ ਲੈਂਦੇ ਸਨ। ਇਕ ਵਾਰ ਸਾਡੀ ਦਸਵੀਂ ਜਮਾਤ ਲਈ ਉਹ ਸਾਡੇ ਇਕ ਵਿਸ਼ੇ 'ਖੇਤੀਬਾੜੀ' ਦੀ ਕੋਈ ਹੈਲਪ ਬੁੱਕ ਲੈ ਆਏ ਸਨ ਜਿਸ ਦੀ ਸਾਨੂੰ ਉੱਕਾ ਹੀ ਜਰੂਰਤ ਨਹੀਂ ਸੀ ਪਰ ਅਸੀਂ ਸਾਰਿਆਂ ਨੇ ਬਿਨਾਂ ਚੂੰ-ਚਰਾਂ ਕੀਤਿਆਂ ਉਹ ਹੈਲਪ ਬੁੱਕ ਖਰੀਦ ਲਈ। ਇਹਨਾਂ ਹੀ ਦਿਨਾਂ ਵਿਚ ਦੋ ਘਟਨਾਵਾਂ ਵਾਪਰ ਗਈਆਂ। ਸਾਡੀ ਕਲਾਸ ਦੇ ਇਕ ਹੁਸ਼ਿਆਰ ਵਿਦਿਆਥੀ ਦਰਸ਼ਨ ਸਿੰਘ ਤਿਉਣਾ ਨੇ ਪੰਜਾਬੀਆਂ ਦੇ ਹੱਥ ਨਿੱਚਲੇ ਨਾ ਰਹਿਣ ਵਾਲੀ ਗੱਲ ਸਿੱਧ ਕਰਦੇ ਹੋਏ ਇਕ ਦਿਨ ਐਂਵੇਂ ਹੀ ਬੈਠੇ ਬੈਠੇ ਨੇ ਇਕ ਛੋਟਾ ਜਿਹਾ ਫੁੱਲਦਾਰ ਬੂਟਾ ਆਪਣੇ ਬਲੇਡ ਨਾਲ ਛਾਂਗ ਦਿੱਤਾ ਸੀ ਜੋ ਜੈਨ ਸਾਹਿਬ ਦੇ ਨਜ਼ਰੀਂ ਪੈ ਗਿਆ ਤੇ ਉਹਨਾਂ ਨੇ ਉਸ ਨੂੰ ਸਜਾ ਦੇ ਤੌਰ 'ਤੇ ਪੰਜ ਰੁਪਏ ਜ਼ੁਰਮਾਨਾ ਕਰ ਦਿੱਤਾ। ਜ਼ੁਰਮਾਨੇ ਵਾਲੀ ਗੱਲ ਪੇਂਡੂ ਵਿਦਿਆਰਥੀਆਂ ਲਈ ਨਵੀਂ ਵੀ ਸੀ ਤੇ ਇਕ ਤਰ੍ਹਾਂ ਨਾਲ ਇਸ ਨੂੰ ਚਰਿਤਰ ਤੇ ਲੱਗਿਆ ਦਾਗ ਵੀ ਸਮਝਿਆ ਜਾਂਦਾ ਸੀ। ਦੂਜੀ ਘਟਨਾ ਇਹ ਸੀ ਕਿ ਉਸ ਦਿਨ ਹੀ ਜਾਂ ਇਕ ਅੱਧਾ ਦਿਨ ਪਹਿਲਾਂ ਜੈਨ ਨੇ ਮੇਰੀ ਬੇਇਜ਼ਤੀ ਕਰ ਦਿੱਤੀ ਸੀ। ਕਲਾਸ ਵਿਚ ਕਿਸੇ ਗੱਲ ਤੇ ਮੈਂ ਉੱਚੀ ਬੋਲਿਆ ਤਾਂ ਜੈਨ ਨੇ ਸਾਰੀ ਜਮਾਤ ਨੂੰ ਸੰਬੋਧਨ ਕਰਕੇ ਕਿਹਾ ਸੀ ਕਿ ਕੀ ਤੁਹਾਨੂੰ ਪਤਾ ਹੈ ਕਿ ਇਹ ਉੱਚੀ ਕਿਉਂ ਬੋਲਦਾ ਹੈ, ਕਿਉਂਕਿ ਇਹ ਆਪ ਬੋਲਾ ਹੈ। ਪੀ.ਟੀ. ਆਈ. ਹਰਜੀਤ ਸਿੰਘ ਜੋ ਸਾਨੂੰ ਖੇਤੀਬਾੜੀ ਪੜ੍ਹਾਉਂਦੇ ਸਨ, ਨੇ ਵੀ ਸਾਨੂੰ

ਜੈਨ ਦੇ ਖਿਲਾਫ ਭੜਕਾ ਦਿੱਤਾ ਤੇ ਨਾਲ ਹੱਲਾਸ਼ੇਰੀ ਦੇ ਦਿੱਤੀ ਕਿ ਤੁਸੀਂ ਉਸ ਦੀਆਂ ਲਿਆਂਦੀਆਂ ਹੈਲਪ ਬੁੱਕਾਂ ਉਸ ਨੂੰ ਹੀ ਮੋੜ ਆਓ, ਇਹਨਾਂ ਦੀ ਕੋਈ ਲੋੜ ਹੀ ਨਹੀਂ ਤੇ ਅਸੀਂ ਸਾਰੀ ਜਮਾਤ ਨੇ ਇਕੱਠੇ ਹੋ ਕੇ ਖੇਤੀਬਾੜੀ ਦੀ ਉਹ ਹੈਲਪ ਬੁੱਕ ਦਾ ਜੈਨ ਦੀ ਕੁਰਸੀ ਕੋਲ ਉਸ ਦੇ ਪੈਰਾਂ ਵਿਚ ਸਿੱਟ ਕੇ ਢੇਰ ਲਾ ਦਿੱਤਾ ਸੀ। ਉਹ ਸਕੂਲ ਦਾ ਹੈਡਮਾਸਟਰ ਹੋ ਕੇ ਵੀ 'ਕਾਣਾ' ਹੋਣ ਕਾਰਨ ਸਾਡੇ ਮੂੰਹਾਂ ਵੱਲ ਵੇਖਦਾ ਰਹਿ ਗਿਆ ਸੀ।

ਜੈਨ ਪਹਿਲਾਂ ਪਹਿਲ ਤਾਂ ਚਾਹ ਪਾਣੀ ਤੇ ਦੋਨੇ ਵਕਤ ਦਾ ਰੋਟੀ ਟੁੱਕ ਸਾਡੇ ਘਰੋਂ ਹੀ ਖਾਂਦਾ ਰਿਹਾ ਪਰ ਫਿਰ ਹੌਲੀ ਹੌਲੀ ਉਸ ਨੇ ਪਿੰਡ ਵਿਚ ਆਪਣੀ ਪਛਾਣ ਬਣਾਉਣੀ ਸ਼ੁਰੂ ਕਰ ਦਿੱਤੀ ਤੇ ਸਕੂਲ ਟਾਈਮ ਤੋਂ ਬਾਅਦ ਪਿੰਡ ਵਿਚ ਗੇੜਾ ਲਾਉਣ ਲੱਗਿਆ। ਪਿੰਡ ਵਿਚ ਜੈਨੀਆਂ ਦੇ ਵੀ ਕੁੱਝ ਘਰ ਸਨ। ਉਸ ਨੇ ਪਿੰਡ ਦੇ ਸੱਭ ਤੋਂ ਅਮੀਰ ਜੈਨ ਪਰੀਵਾਰ ਨਾਲ ਆਪਣੀ ਨੇੜਤਾ ਵਧਾ ਲਈ ਤੇ ਸ਼ਾਮ ਦਾ ਖਾਣਾ ਉਹਨਾਂ ਦੇ ਘਰ ਜਾ ਕੇ ਖਾਣ ਲੱਗ ਪਿਆ। ਪਿਤਾ ਜੀ ਨੂੰ ਉਹ ਸਕੂਲ ਵਿਚ ਪੂਰਾ ਸਤਿਕਾਰ ਦਿੰਦਾ ਸੀ ਤੇ ਹਮੇਸ਼ਾ ਹੀ ਸਰਦਾਰ ਗੁਰਦੇਵ ਸਿੰਘ ਜੀ ਕਹਿ ਕੇ ਸੰਬੋਧਨ ਕਰਦਾ ਸੀ ਤੇ ਹਰ ਕੰਮ ਉਹਨਾਂ ਦੀ ਰਾਇ ਨਾਲ ਹੀ ਕਰਦਾ ਸੀ। ਪਿਤਾ ਜੀ ਨੂੰ ਉਹ ਆਪਣੇ ਨਾਲ ਵਾਲੀ ਕੁਰਸੀ ਉਪਰ ਹੀ ਬਿਠਾਉਂਦਾ ਸੀ।

ਗਰਮੀਆਂ ਦੀ ਦੁਪਹਿਰ ਉਹ ਸਕੂਲ ਵਿਚ ਹੀ ਬਿਤਾ ਕੇ ਸ਼ਾਮ ਨੂੰ ਘਰ ਆਉਂਦਾ ਤੇ ਕਪੜੇ ਬਦਲ ਕੇ ਜੈਨੀਆਂ ਦੇ ਘਰ ਰੋਟੀ ਖਾਣ ਚਲਾ ਜਾਂਦਾ। ਛੁੱਟੀ ਮਿਲਣ ਤੋਂ ਬਾਅਦ ਉਹ ਦਫ਼ਤਰ ਦੇ ਸਾਹਮਣੇ ਟਾਹਲੀਆਂ ਦੇ ਦਰਖਤਾਂ ਦੇ ਹੇਠਾਂ ਮੰਜਾ ਵਿਛਾ ਕੇ ਆਰਾਮ ਕਰਦਾ। ਪੜ੍ਹਾਉਣ ਦੇ ਬਹਾਨੇ ਸਾਨੂੰ ਕਈ ਜਣਿਆਂ ਨੂੰ ਉਹ ਆਪਣੇ ਕੋਲ ਰੋਕ ਲੈਂਦਾ। ਕਦੇ ਉਹ ਸਾਨੂੰ ਸੌਖੇ ਤਰੀਕੇ ਨਾਲ ਗੁਣਾ ਕਰਨੀ ਸਿਖਾਉਂਦਾ ਤੇ ਕਦੇ ਹਿਸਾਬ ਦੇ ਕੋਈ ਹੋਰ ਗੁਰ ਦੱਸਦਾ। ਪਿਤਾ ਜੀ ਨੇ ਜੋ ਮਹਿਰਾ ਸਿੱਖ ਪੱਕੇ ਤੌਰ ਤੇ ਸਕੂਲ ਵਿਚ ਵਾਟਰਮੈਨ ਰੱਖ ਲਿਆ ਸੀ, ਜੈਨ ਨੇ ਉਸ ਦੇ ਮੁੰਡੇ ਦਾਰੀ ਨੂੰ ਚਾਟ 'ਤੇ ਲਾ ਕੇ ਆਪਣੀ ਟਹਿਲ ਸੇਵਾ ਲਈ ਰੱਖ ਲਿਆ ਸੀ। ਦਾਰੀ ਉਸ ਸਮੇਂ ਪੰਜਵੀਂ ਜਾਂ ਛੇਵੀਂ ਵਿਚ ਪੜ੍ਹਦਾ ਸੀ ਤੇ ਛੁੱਟੀ ਮਿਲਣ ਤੋਂ ਬਾਅਦ ਉਹ ਜੈਨ ਦੀ ਸੇਵਾ ਵਿਚ ਹਾਜ਼ਰ ਹੋ ਜਾਂਦਾ ਸੀ। ਜੈਨ ਉਸ ਨੂੰ ਵੀ ਸਵਾਲ ਸਮਝਾਉਂਦਾ ਤੇ ਕਦੇ ਅੰਗਰੇਜ਼ੀ ਪੜ੍ਹਾਉਂਦਾ ਪਰ ਦਾਰੀ ਏਨੇ ਮੋਟੇ ਦਿਮਾਗ ਦਾ ਸੀ ਕਿ ਸਾਰਾ ਕੁੱਝ ਉਸ ਦੇ ਸਿਰ ਉੱਤੋਂ ਦੀ ਲੰਘ ਜਾਂਦਾ ਸੀ। ਜੈਨ ਆਪਣੀ ਬਣਾਈ ਹੋਈ ਸਕੀਮ ਨਾਲ ਚੱਲ ਰਿਹਾ ਸੀ। ਅਸਲ ਵਿਚ ਜਗਰਾਵਾਂ ਸ਼ਹਿਰ ਵਿਚ ਜੈਨ ਪਰੀਵਾਰ ਨੂੰ ਘਰੇਲੂ ਨੌਕਰ ਦੀ ਜਰੂਰਤ ਸੀ ਜੋ ਮਿਲ ਨਹੀਂ ਸੀ ਰਿਹਾ ਜਾਂ ਬਹੁਤ ਤਨਖਾਹ ਮੰਗਣ ਵਾਲਾ ਮਿਲਦਾ ਸੀ ਤੇ ਜੈਨ ਦੀ ਅੱਖ ਹੁਣ ਦਾਰੀ 'ਤੇ ਸੀ। ਗਰਮੀਆਂ ਦੀਆਂ ਛੁੱਟੀਆਂ ਹੋਣ ਸਾਰ ਉਸ ਨੇ ਦਾਰੀ ਦੇ ਨਵੇਂ ਕਪੜੇ ਪਵਾਏ ਤੇ ਆਪਣੇ ਨਾਲ ਜਗਰਾਵਾਂ ਲੈ ਗਿਆ। ਪਰ ਦਸ ਕੁ ਦਿਨਾਂ ਬਾਅਦ ਹੀ ਦਾਰੀ ਡੁੰਬੇ ਭੱਜ ਆਇਆ ਤੇ ਜੈਨ ਦੀ ਕੀਤੀ ਕਰਾਈ 'ਤੇ ਪਾਣੀ ਫੇਰ ਆਇਆ।

ਮੇਰੇ ਦਾਰਜੀ ਨੇ ਕਦੇ ਵੀ ਪੈਂਟ ਅਤੇ ਪਜਾਮੇ ਤੋਂ ਬਿਨਾਂ ਕਦੇ ਤੇੜ ਹੋਰ ਕੁੱਝ ਨਹੀਂ ਪਾਉਂਦੇ ਸੀ। ਜੱਟ ਦਾ ਪੁੱਤ ਹੋਣ ਦੇ ਬਾਵਯੂਦ ਉਹਨਾਂ ਨੇ ਕਦੇ ਚਾਦਰਾ ਵੀ ਨਹੀਂ ਸੀ ਬੰਨਿਆ ਪਰ ਜੈਨ ਸਕੂਲੋਂ ਆ ਕੇ ਸਾਡੇ ਘਰ ਲੰਡੀ ਜਿਹੀ ਧੋਤੀ ਜਾਂ ਲੁੰਗੀ ਹੀ ਬੰਨੀ ਰੱਖਦਾ। ਬਜ਼ੁਰਗ ਬੰਦਾ ਜਾਣ ਕੇ ਪਿਤਾ ਜੀ ਚੁੱਪ ਰਹਿੰਦੇ ਪਰ ਆਪਣੇ ਮਨ ਵਿਚ ਉਹਨਾਂ ਨੇ ਕੋਈ ਫੈਸਲਾ ਕਰ ਲਿਆ ਸੀ। ਥੋੜੇ ਸਮੇਂ ਬਾਅਦ ਹੀ ਅਸੀਂ ਜੈਨ ਤੋਂ ਖਹਿੜਾ ਛੁਡਾ ਲਿਆ ਜਾਂ ਕਹਿ ਸਕਦੇ ਹਾਂ ਆਪ ਹੀ ਉਸ ਨੂੰ ਛੱਡ ਆਏ। ਸਾਲ ਡੇੜ ਸਾਲ ਪਹਿਲਾਂ ਮੇਰੀ ਬੀਬੀ ਨੇ ਕਿਸੇ ਤੋਂ ਬੂਰੀ ਝੋਟੀ ਮੁੱਲ ਲੈ ਕੇ ਖਿਉਵਾਲੀ ਪਿਤਾ ਜੀ ਦੇ ਮਾਮੇ ਘਰ ਭੇਜ ਦਿੱਤੀ ਸੀ। ਪਿਤਾ ਜੀ ਦਾ ਮਾਮਾ ਸੌ ਕਿੱਲੇ ਜ਼ਮੀਨ ਦਾ ਮਾਲਕ ਵੱਡਾ ਜ਼ਿਮੀਦਾਰ ਸੀ ਤੇ ਉਹਨਾਂ ਦੇ ਅੱਠ ਦਸ ਪਸ਼ੂਆਂ ਵਿਚ ਝੋਟੀ ਤੁਰੀ ਫਿਰਦੀ ਹੀ ਬਣ ਜਾਣੀ ਸੀ। ਉਹ ਝੋਟੀ ਹੁਣ ਸੂਣ ਵਾਲੀ ਸੀ ਤੇ ਸਾਨੂੰ ਕਿਸੇ ਅਜੇਹੇ ਘਰ ਦੀ ਤਲਾਸ਼ ਸੀ ਜਿੱਥੇ ਇਕ ਮੱਝ ਦੇ ਬੰਨ੍ਹਣ ਜੋਗਾ ਥਾਂ ਅਤੇ ਤੂੜੀ ਵਾਲਾ ਕੋਠਾ ਹੋਵੇ। ਸਾਨੂੰ ਪਹਿਲੇ ਘਰ ਕੋਲ ਜਿਸਦਾ ਮੈਂ ਪਹਿਲਾਂ ਜਿਕਰ ਕੀਤਾ ਸੀ ਕਿ ਇਕ ਨਿਹਿੰਗ ਸਿੰਘ ਦਾ ਘਰ ਖਾਲੀ ਪਿਆ ਹੁੰਦਾ ਸੀ, ਦੀ ਚਾਬੀ ਮਿਲ ਗਈ ਤੇ ਅਸੀਂ ਉਸ ਘਰੇ ਸ਼ਿਫਟ ਕਰ ਗਏ। ਮੈਂ ਆਪਣੇ ਪੁਰਾਣੇ ਸਾਥੀਆਂ ਦੇ ਗੁਆਂਢ ਆ ਕੇ ਪੂਰਾ ਖੁਸ਼ ਸਾਂ। ਇਸ ਸਮੇਂ ਮੈਂ ਨੌਵੀਂ ਜਮਾਤ ਵਿਚ ਹੋ ਗਿਆ ਸੀ। ਇਸ ਨਵੇਂ ਮਕਾਨ ਦੀ ਨੁੱਕਰ 'ਤੇ ਇਕ ਪੰਦਰਾਂ ਬਾਈ ਤੇਰਾਂ ਦੀ ਪੱਕੀ ਬੈਠਕ ਸੀ ਜਿਸ ਦੇ ਵਿਚ ਇੱਟਾਂ ਦਾ ਫਰਸ਼ ਲੱਗਿਆ ਹੋਇਆ ਸੀ ਤੇ ਗਲੀ ਵਾਲੇ ਇਕ ਕੋਨੇ 'ਤੇ ਨਹਾਉਣ ਲਈ ਵੱਖਰਾ ਫਰਸ਼ ਲੱਗਿਆ ਹੋਇਆ ਸੀ। ਬੈਠਕ ਦਾ ਬੂਹਾ ਪੂਰਬ ਵੱਲ ਸੀ ਤੇ ਉਸ ਦੇ ਮੂਹਰੇ ਸੱਤ ਫੁੱਟ ਚੌੜਾ ਥੜਾ ਬਣਿਆ ਹੋਇਆ ਸੀ ਜਿਸ 'ਤੇ ਮੰਜਾ ਡਹਿ ਸਕਦਾ ਸੀ। ਬੈਠਕ ਦਾ ਫਰਸ਼ ਵਿਹੜੇ ਤੋਂ ਦੋ ਫੁੱਟ ਦੇ ਕਰੀਬ ਉੱਚਾ ਸੀ। ਬੈਠਕ ਦੇ ਅੱਗਲੇ ਥੜੇ ਦੇ ਨਾਲ ਹੀ ਗਲੀ ਵਿਚ ਵੱਡਾ ਬਾਰ ਸੀ ਤੇ ਬੈਠਕ ਦੇ ਸਾਹਮਣੇ ਇਕ ਕੱਚਾ ਕਮਰਾ ਸੀ ਜਿਸ ਵਿਚ ਤੂੜੀ ਪਾਈ ਜਾਂਦੀ ਸੀ ਤੇ ਸਿਆਲਾਂ ਵਿਚ ਮੱਝ ਵੀ ਬੰਨ ਲਈ ਜਾਂਦੀ ਸੀ। ਵਿਹੜੇ ਵਿਚ ਇਕ ਨਿੰਮ ਦਾ ਪੁਰਾਣਾ ਦਰਖ਼ਤ ਸੀ। ਇਕ ਗੋਲ ਕੱਚੀ ਖੁਰਲੀ ਨਿੰਮ ਦੇ ਤਣੇ ਦੇ ਦੁਆਲੇ ਬਣੀ ਹੋਈ ਸੀ ਤੇ ਇਕ ਵੱਡੀ ਖੁਰਲੀ ਘਰ ਦੀ ਪਿੱਛਲੀ ਲੰਮੀ ਕੰਧ ਨਾਲ ਬਣੀ ਹੋਈ ਸੀ। ਬੈਠਕ ਦੇ ਸਾਹਮਣੇ ਵਾਲੇ ਪਾਸੇ ਬਿਲਕੁਲ ਪਿੱਛਲੀ ਕੰਧ ਨਾਲ ਜੁੜੀ ਇਕ ਲੰਮੀ ਕੱਚੀ ਸਵਾਤ ਸੀ ਤੇ ਸਵਾਤ ਦੇ ਨਾਲ ਛੋਟੀ ਜਿਹੀ ਛੱਤੜੀ ਸੀ ਜੋ ਮੀਂਹ ਕਣੀ ਵਿਚ ਰੋਟੀ-ਟੁੱਕ ਕਰਨ ਦੇ ਕੰਮ ਆਉਂਦੀ। ਇਸ ਦੇ ਮੂਹਰੇ ਚੁੱਲਾ ਚੌਂਤਰਾ ਬਣਿਆ ਹੋਇਆ ਸੀ। ਸਵਾਤ ਅਤੇ ਛੱਤੜੀ ਰਸੋਈ ਦਾ ਕੰਮ ਦਿੰਦੀਆਂ ਪਰ ਬਹੁਤਾ ਸਮਾਂ ਅਸੀਂ ਬੈਠਕ ਵਿਚ ਹੀ ਗੁਜਾਰਦੇ। ਉਨੀ ਸੋ ਇਕੱਤਰ ਵਾਲੀ ਪਾਕ ਨਾਲ ਜੰਗ ਸਮੇਂ ਅਸੀਂ ਇਸ ਬੈਠਕ ਵਿਚ ਹੀ ਸੌਂਦੇ ਹੁੰਦੇ ਸਾਂ ਤੇ ਬਲੈਕ ਆਊਟ ਕਾਰਨ ਦੀਵਾ ਬੱਤੀ ਵੀ ਨਹੀਂ ਬਾਲਦੇ ਸਾਂ। ਲੜਾਈ ਲੱਗਣ ਤੋਂ ਪਹਿਲਾਂ ਅਤੇ ਬਾਅਦ ਮੈਂ ਆਪਣੇ ਸਰ੍ਹਾਣੇ ਲੈਂਪ ਰੱਖ ਕੇ ਦੇਰ ਰਾਤ ਤੱਕ ਪੜ੍ਹਦਾ ਰਹਿੰਦਾ ਸਾਂ।

ਸਕੂਲ ਬੰਗਲੇ ਦੇ ਸਾਹਮਣੇ ਇਕ ਕੱਚੀ ਸਵਾਤ ਜਿਹੀ ਦੇ ਮੂਹਰੇ ਸਵਾਤ ਜਿੰਨਾਂ ਹੀ ਵਿਹੜਾ ਸੀ ਜਿਸ ਵਿਚ ਰਮੇਸ਼ ਚੰਦਰ ਸ਼ਾਸ਼ਤਰੀ, ਉਹਨਾਂ ਦੀ ਪਤਨੀ ਸਤਿਆ ਦੇਵੀ ਤੇ ਉਹਨਾ ਦਾ ਭਾਣਜਾ ਕੇਵਲ ਰਹਿੰਦੇ ਸਨ। ਉਹਨਾਂ ਤੋਂ ਪਹਿਲਾਂ ਇਸ ਮਰਲੇ ਕੁ ਦੇ ਮਕਾਨ ਵਿਚ ਪ੍ਰਾਣ ਕ੍ਰਿਸ਼ਨ ਦਾ ਛੋਟਾ ਜਿਹਾ ਪਰੀਵਾਰ ਰਹਿੰਦਾ ਸੀ। ਉਹਨਾਂ ਦੀ ਪਤਨੀ ਕਮਲਾ ਇਕ ਘਰੇਲੂ ਔਰਤ ਸੀ ਤੇ ਉਹ ਬਹੁਤ ਹੀ ਸਚਿਆਰੀ ਜਨਾਨੀ ਸੀ। ਸੌ ਕੁ ਵਰਗ ਫੁੱਟ ਦੇ ਵਿਹੜੇ ਵਿਚ ਉਸ ਦਾ ਚੁੱਲਾ ਚੌਂਤਰਾ ਵੀ ਸੀ ਪਰ ਕਦੇ ਕਿਸੇ ਨੇ ਉਸ ਦੇ ਇਸ ਛੋਟੇ ਜਿਹੇ ਵਿਹੜੇ ਵਿਚ ਖਲਾਰਾ ਤਾਂ ਕੀ ਇਕ ਡੱਕਾ ਵੀ ਆਸੇ ਪਾਸੇ ਪਿਆ ਨਹੀਂ ਵੇਖਿਆ ਸੀ। ਚੁੱਲੇ ਵਿਚ ਬਾਲਣ ਵਾਲੀਆਂ ਛੱਟੀਆਂ ਦੇ ਉਹ ਬਾਹਰੋਂ ਹੀ ਦੋ ਦੋ ਫੁੱਟ ਦੇ ਮੋਟੇ ਅਤੇ ਪਤਲੇ ਡੱਕੇ ਬਣਾ ਕੇ ਚੁੱਲੇ ਮੂਹਰੇ ਵੱਖੋ ਵੱਖ ਚਿਣ ਕੇ ਰੱਖ ਲੈਂਦੀ ਸੀ। ਅਸੀਂ ਸਕੂਲ ਬੰਗਲਾ ਛੱਡ ਆਏ ਤਾਂ ਸ਼ਾਸ਼ਤਰੀ ਜੀ ਉਸ ਬੰਗਲੇ ਵਿਚ ਚਲੇ ਗਏ ਤੇ ਜੈਨ ਸਾਹਿਬ ਆਪਣੇ ਆਪ ਹੀ ਉਹਨਾਂ ਦੇ ਮਹਿਮਾਨ ਜਾਂ ਪਰੀਵਾਰ ਦਾ ਜੀਅ ਬਣ ਗਏ। ਵੈਸੇ ਵੀ ਸ਼ਾਸ਼ਤਰੀ ਜੀ ਹਿੰਦੂ ਹੋਣ ਦੇ ਨਾਤੇ ਉਹਨਾਂ ਨਾਲ ਪਹਿਲਾਂ ਹੀ ਨੇੜਤਾ ਰੱਖਣ ਲੱਗ ਪਏ ਸਨ।

ਇਸ ਗਲੀ ਵਿਚ ਮੇਰੇ ਹੁਣ ਪਹਿਲਾਂ ਵਾਲੇ ਦੋਸਤ ਮੇਘਾ, ਗੇਲਾ ਤੇ ਗੁਰਦੀਪ ਨਹੀਂ ਸਨ। ਉਹ ਤਾਂ ਮੇਰੇ ਤੋਂ ਛੋਟੇ ਸਨ ਤੇ ਪਿਛਲੀਆਂ ਜਮਾਤਾਂ ਵਿਚ ਹੀ ਰਹਿ ਗਏ ਸਨ। ਸਾਡੀਆਂ ਖੇਡਾਂ ਵੀ ਹੁਣ ਉਹ ਨਹੀਂ ਰਹਿ ਗਈਆਂ ਸਨ। ਛੁੱਟੀ ਮਿਲਣ ਤੋਂ ਬਾਅਦ ਘਰੇ ਬਸਤਾ ਰੱਖ ਕੇ ਤੇ ਚਾਹ ਪਾਣੀ ਪੀ ਕੇ ਮੈਂ ਫਿਰ ਸਕੂਲ ਨੂੰ ਭੱਜ ਜਾਂਦਾ ਸਾਂ ਤੇ ਅਸੀਂ ਵਾਲੀਬਾਲ ਖੇਡਦੇ। ਮੇਰੇ ਪਿਤਾ ਜੀ ਵਾਲੀਬਾਲ ਦੇ ਬਹੁਤ ਵਧੀਆ ਪਲੇਅਰ ਸਨ ਤੇ ਸ਼ੁਰੂ ਸ਼ੁਰੂ ਵਿਚ ਜਦੋਂ ਝੁੰਬੇ ਆਏ ਸਾਂ ਤਾਂ ਉਹ ਵੀ ਰੋਜ਼ਾਨਾ ਵਾਲੀਬਾਲ ਖੇਡਣ ਜਾਂਦੇ ਸਨ। ਮੈਂ ਵੀ ਉਹਨਾਂ ਵਾਲੇ ਪਾਸੇ ਨੈੱਟ ’ਤੇ ਖੜਾ ਰਹਿੰਦਾ ਤੇ ਬਾਲ ਦੀ ਉਡੀਕ ਕਰਦਾ ਪਰ ਮੇਰੇ ’ਤੇ ਕੋਈ ਬਾਲ ਨਾ ਆਉਂਦੀ। ਜੇ ਕਦੇ ਮੇਰੇ ’ਤੇ ਕੋਈ ਬਾਲ ਆਉਂਦੀ ਤਾਂ ਮੈਂ ਤਿਆਰੀ ਵੱਟਦਾ ਹੀ ਰਹਿ ਜਾਂਦਾ ਤੇ ਕੋਈ ਉਪਰੋਂ ਹੀ ਹੱਥ ਮਾਰ ਕੇ ਬਾਲ ਨੈੱਟ ਟਪਾ ਦਿੰਦਾ। ਇਕ ਦਿਨ ਇਕ ਬਾਲ ਮੈਂ ਨੈੱਟ ਦੇ ਪਾਰ ਲੰਘਾ ਦਿੱਤੀ ਸੀ ਤਾਂ ਮੈਨੂੰ ਅੰਤਾਂ ਦੀ ਖੁਸ਼ੀ ਹੋਈ ਸੀ। ਘੰਟੇ ਭਰ ਦੀ ਗੇਮ ਦੌਰਾਨ ਮੈਂ ਕੁੱਤੇ ਝਾਕ ’ਚ ਹੀ ਖੜਾ ਰਹਿੰਦਾ। ਪਰ ਹੌਲੀ ਮੈਂ ਵੱਡਾ ਹੁੰਦਾ ਗਿਆ ਤੇ ਮੈਂ ਵਾਲੀਬਾਲ ਦਾ ਵਧੀਆ ਖਿਡਾਰੀ ਬਣ ਗਿਆ। ਨੌਵੀਂ ਵਿਚ ਜਾ ਕੇ ਤਾਂ ਮੈਂ ਬੀ ਟੀਮ ਦਾ ਕੈਪਟਨ ਬਣ ਕੇ ਸੈਂਟਰ ਖੇਡਣ ਲੱਗ ਪਿਆ ਸਾਂ। ਮੇਰੇ ਪਿਤਾ ਜੀ ਬਹੁਤ ਪਹਿਲਾਂ ਹੀ ਖੇਡਣਾ ਛੱਡ ਚੁੱਕੇ ਸਨ।

ਵਾਲੀਬਾਲ ਤਾਂ ਅਕਤੂਬਰ ਨਵੰਬਰ ਤੋਂ ਫਰਵਰੀ ਮਾਰਚ ਤੱਕ ਹੀ ਖੇਡਿਆ ਜਾਂਦਾ ਸੀ ਤੇ ਬਾਕੀ ਦਿਨਾਂ ਦੀਆਂ ਸ਼ਾਮਾਂ ਵਿਚ ਅਸੀਂ ਸਕੂਲ ਗੱਲਾਂ ਮਾਰਕੇ ਹੀ ਮੁੜ ਆਉਂਦੇ ਸਾਂ। ਇਕ ਵਾਰ ਇਕ ਹਾਕੀ ਕੋਚ ਦੀ ਨਿਯੁਕਤੀ ਵੀ ਕੀਤੀ ਗਈ ਸੀ ਤੇ ਕਈ ਮਹੀਨੇ ਉਹ ਸਾਨੂੰ ਹਾਕੀ ਖੇਡਣੀ ਸਿਖਾਉਂਦਾ ਵੀ ਰਿਹਾ ਸੀ ਪਰ ਫਿਰ ਪਤਾ ਨਹੀਂ ਕੀ ਹੋਇਆ ਉਹ ਅਚਾਨਕ ਹੀ ਚਲਾ ਗਿਆ ਤੇ ਸਾਡੀ ਹਾਕੀ ਦੀ ਗੇਮ ਵਿਚ ਵਿਚਾਲੇ ਹੀ ਰਹਿ ਗਈ। ਇਹਨਾਂ ਦਿਨਾਂ ਵਿਚ ਸਾਡੀ ਜਮਾਤ ਵਿਚ ਤਿੰਨ ਗੁਰਮੇਲ ਹੁੰਦੇ ਸਨ– ਇਕ ਦਾ ਕੱਦ ਲੰਮਾ ਸੀ ਤੇ ਉਸ ਦਾ ਨੱਕ ਤੋਤੇ ਦੀ ਚੁੰਝ ਵਰਗਾ ਸੀ। ਅਸੀਂ ਉਸ ਨੂੰ ਪਿੱਠ ਪਿੱਛੇ ਤੋਤੇ ਨੱਕਾ ਕਹਿ ਦਿੰਦੇ ਸਾਂ। ਤੇ ਦੂਜਾ ਗੁਰਮੇਲ ਮੇਰਾ ਸ਼ੁਰੂ ਤੋਂ ਹੀ ਜਮਾਤੀ ਸੀ ਤੇ ਬੇਲੀ ਵੀ, ਉਸ ਨੂੰ ਬਰਾੜ ਕਹਿੰਦੇ ਸਾਂ ਤੇ ਤੀਜੇ ਗੁਰਮੇਲ ਨੂੰ ਗੁਰਮੇਲ ਚੀਨੀ ਕਹਿੰਦੇ ਸਨ। ਸੱਭ ਤੋਂ ਵੱਧ ਗੱਲਾਂ ਚੀਨੀ ਮਾਰਦਾ ਤੇ ਹਸਾਉਂਦਾ ਵੀ ਉਹ ਬਹੁਤ ਸੀ। ਉਹ ਕਈ ਵਾਰ ਅਜੇਹੇ ਵਾਕ ਬੋਲਦਾ ਜਿਨ੍ਹਾਂ ਨੂੰ ਪਹਿਲੀ ਵਾਰ ਸੁਣ ਕੇ ਛੇਤੀ ਕੀਤੇ ਬੰਦਾ ਸਮਝ ਨਹੀਂ ਸਕਦਾ ਸੀ ਕਿ ਉਹ ਕੀ ਕਹਿ ਰਿਹਾ ਹੈ। ਉਦਾਹਰਣ ਦੇ ਤੌਰ ’ਤੇ ਜੇ ਕੋਈ ਟਾਈਮ ਪੁੱਛਦਾ ਤਾਂ ਉਹ ਦਸਦਾ, ‘ਨੌਂਣੇ ਪੌਂ।’ ਜੇ ਕੋਈ ਕੰਮ ਖਰਾਬ ਹੋ ਜਾਂਦਾ ਤਾਂ ਉਹ ਬੋਲਦਾ, ‘ਲੌਂ ਟੱਟ ਲੋ ਪੱਟੇ’ ਜਾਂ ‘ਲੜ ਲੋ ਫੰਨ’ ਹੁਣ ਯਾਦ ਨਹੀਂ ਕਿ ਉਸ ਨੂੰ ਚੀਨੀ ਕਿਉਂ ਕਹਿੰਦੇ ਸਨ। ਉਸ ਦਾ ਕੱਦ ਮੱਧਰਾ ਸੀ ਸ਼ਾਇਦ ਤਾਂ ਹੀ ਕਿਸੇ ਨੇ ਉਸ ਦੇ ਨਾਂ ਨਾਲ ਚੀਨੀ ਜੋੜ ਦਿੱਤਾ ਸੀ। ਉਹ ਸਾਰੇ ਮੇਰੇ ਤੋਂ ਦੋ ਦੋ ਤਿੰਨ ਤਿੰਨ ਸਾਲ ਵੱਡੇ ਸਨ ਤੇ ਸਾਰਿਆਂ ’ਤੇ ਜਵਾਨੀ ਦਾ ਹੜ੍ਹ ਆਇਆ ਹੋਇਆ ਸੀ। ਅਸੀਂ ਬੈਠੇ ਗੱਲਾਂ ਕਰਕੇ ਹੀ ਮਨ ਪ੍ਰਚਾਵਾ ਕਰੀ ਜਾਂਦੇ। ਚੀਨੀ ਨੂੰ ਅਨੇਕਾਂ ਹੀ ਲੁੱਚੀਆਂ ਬਾਤਾਂ ਯਾਦ ਸਨ ਪਤਾ ਨਹੀਂ ਉਹ ਨਿੱਤ ਨਵੀਆਂ ਕਿਸ ਤੋਂ ਸੁਣ ਕੇ ਆਉਂਦਾ ਸੀ। ਮਾਲਵੇ ਦੀ ਕੋਈ ਅਜੇਹੀ ਲੁੱਚੀ ਬਾਤ ਨਹੀਂ ਹੋਣੀ ਜੋ ਮੈਂ ਨਾ ਸੁਣੀ ਹੋਵੇ!

ਸਾਡੇ ਗੁਆਂਢ ਹੁਣ ਮੇਰੀ ਦੋਸਤੀ ਇਕ ਨਵੇਂ ਮਿੱਤਰ ਜੈਬੀ ਨਾਲ ਪੈ ਗਈ ਸੀ। ਉਹਨਾਂ ਦਾ ਘਰ ਵੀ ਅਜਮੇਰ ਸਿੰਘ ਕੇ ਘਰ ਕੋਲ ਹੀ ਸੀ। ਜਦੋਂ ਅਸੀਂ ਪਹਿਲਾਂ ਉਸ ਮੁਹੱਲੇ ਵਿਚ ਰਹਿੰਦੇ ਸਾਂ ਤਾਂ ਉਸ ਵਕਤ ਤਾਂ ਉਸ ਨੂੰ ਕਦੇ ਵੇਖਿਆ ਹੀ ਨਹੀਂ ਸੀ ਤੇ ਸ਼ਾਇਦ ਉਹ ਆਪਣੇ ਨਾਨਕੀਂ ਪੜ੍ਹਦਾ ਸੀ ਤੇ ਹੁਣ ਨੌਵੀਂ ਵਿਚੋਂ ਹਟ ਕੇ ਘਰ ਬੈਠ ਗਿਆ ਸੀ। ਉਹ ਕੋਈ ਘਰਦਾ ਕੰਮ ਵੀ ਨਹੀਂ ਕਰਦਾ ਸੀ ਤੇ ਹਮੇਸ਼ਾ ਹੀ ਛੱਪੜੀ ਕੰਢੇ ਖੁੱਲੀ ਜਗ੍ਹਾ ਵਿਚ ਭੁੰਜੇ ਪੈਰਾਂ ਭਾਰ ਬੈਠਾ ਡੱਕੇ ਨਾਲ ਧਰਤੀ ਖੁਰਚਦਾ ਰਹਿੰਦਾ ਜਾਂ ਕਿਸੇ ਬੁੱਢੇ ਠੇਰੇ ਨਾਲ ਗੱਲੀ ਲੱਗਿਆ ਹੁੰਦਾ। ਝੁੰਬੇ ਤੋਂ ਆਉਣ ਤੋਂ ਬਾਅਦ ਮੈ ਹੁਣ ਤੱਕ ਤਿੰਨ ਕੁ ਵਾਰ ਹੀ ਜਾ ਸਕਿਆ ਹਾਂ ਤੇ ਇਕ ਦੋ ਵਾਰ ਤਾਂ ਭੂਆ ਕੇ ਘਰੋਂ ਹੀ ਮੁੜਿਆ ਆਇਆ ਸਾਂ। ਸਾਲ ਦੋ ਹਜ਼ਾਰ ਚੌਦਾਂ ਵਿਚ ਅਸੀਂ ਦੋਵੇਂ ਜੀ ਭੂਆ ਦੀ ਸੱਸ ਪੰਜਾਬ ਕੌਰ ਦੇ ਭੋਗ ’ਤੇ ਗਏ ਤਾਂ ਮੈਂ ਪਹਿਲਾਂ ਉਸ ਗਲੀ ਵਿਚੋਂ ਵਿਚੋਂ ਦੀ ਕਾਰ ਲੰਘਾਈ ਜਿਸ ਗਲੀ ਦੇ ਦੋ ਘਰ ਝੁੰਬੇ ਦੀ ਠਹਿਰ ਦੌਰਾਨ ਸਾਡਾ ਪਹਿਲਾ ਤੇ ਆਖਰੀ ਟਿਕਾਣਾ ਬਣੇ ਸਨ। ਹੁਣ ਨਹਿੰਗ ਵਾਲੇ ਘਰ ਦੀ ਅਤੇ ਅਮੀ ਚੰਦ ਦੇ ਘਰ ਦੀ ਹੋਂਦ ਮਿਟ ਚੁੱਕੀ ਸੀ ਤੇ ਮੇਘੇ ਦੇ ਭਰਾ ਦਾ ਨਵਾਂ ਘਰ ਹੋਂਦ ਵਿਚ ਆ ਗਿਆ ਸੀ। ਪਹਿਲਾ ਘਰ ਜੋ ਬਾਵਿਆਂ ਨੇ ਖਰੀਦ ਲਿਆ ਸੀ, ਦੀ ਹੋਂਦ ਕਾਇਮ ਸੀ ਪਰ ਉਸ ਦੀ ਕੰਧਾਂ ਪੱਕੀਆਂ ਹੋ ਚੁੱਕੀਆਂ ਸਨ। ਘੁੱਦੇ ਵਾਲੇ ਰਾਹ ਆ ਕੇ ਕਾਰ ਹੌਲੀ ਹੌਲੀ ਚਲਾਉਂਦਾ ਤੇ ਆਸੇ ਪਾਸੇ ਵੇਖਦਾ ਜਦੋਂ ਛੱਪੜੀ ਕੋਲ ਵਾਲੀ ਖੁੱਲੀ ਥਾਂ ’ਤੇ ਆਇਆ ਤਾਂ ਸਾਹਮਣੇ ਇਕ ਬੰਦਾ ਪੈਰਾਂ ਭਾਰ ਬੈਠਾ ਨੀਂਵੀਂ ਪਾਈ ਧਰਤੀ ਖੁਰਚੀ ਜਾ ਰਿਹਾ ਸੀ।

ਮੈਂ ਉਸ ਦੇ ਬੈਠਣ ਦੇ ਢੰਗ ਅਤੇ ਸਰੀਰਕ ਢਾਂਚੇ ਤੋਂ ਪਹਿਚਾਣ ਗਿਆ ਸਾਂ ਕਿ ਉਹ ਜੈਬੀ ਹੀ ਹੈ। ਮੈਨੂੰ ਇਸ ਤਰਾਂ ਲੱਗਿਆ ਕਿ ਜਿਵੇਂ ਪਿਛਲੇ ਚਾਲੀ ਸਾਲਾਂ ਤੋਂ ਮੈਂ ਤਾਂ ਕਿਤੇ ਦੀ ਕਿਤੇ ਦੇ ਚੱਕਰ ਲਾ ਕੇ ਤੇ ਅਨੇਕਾਂ ਘਰ ਬਦਲ ਕੇ ਕਿੱਥੇ ਜਾ ਵਸਿਆ ਹਾਂ ਪਰ ਇਹ ਓਦੋਂ ਦਾ ਇੱਥੇ ਹੀ ਬੈਠਾ ਹੈ....। ਮੈਂ ਉਸ ਦਾ ਤਾਸ਼ ਦਾ ਸਾਥੀ ਸਾਂ ਤੇ ਉਸ ਨਾਲ ਸੀਪ ਖੇਡਦਾ ਸਾਂ। ਗਰਮੀਆਂ ਵਿਚ ਅਸੀਂ ਛੱਪੜੀ ਵਾਲੇ ਪਿੱਪਲ ਹੇਠਾਂ ਘੰਟਿਆਂ ਬੱਧੀ ਸੀਪ ਖੇਡੀ ਜਾਂਦੇ। ਕਦੇ ਉਹ ਬਾਜੀ ਕਰ ਜਾਂਦਾ ਕਦੇ ਮੈਂ ਬਾਜੀ ਕਰ ਜਾਂਦਾ। ਤਾਸ਼ ਖੇਡਦੇ ਅਸੀਂ ਨਿੱਕੀਆਂ ਨਿੱਕੀਆਂ ਗੱਲਾਂ ਵੀ ਕਰਦੇ ਰਹਿੰਦੇ। ਹੌਲੀ ਹੌਲੀ ਉਹ ਮੇਰੇ ਕੋਲ ਆਪਣੇ ਸਾਰੇ ਭੇਦ ਸਾਂਝੇ ਕਰਨ ਲੱਗ ਪਿਆ ਸੀ। ਉਹ ਬਚਨੋ ਕੋਲ ਜਾਂਦਾ ਹੁੰਦਾ ਸੀ। ਛੱਪੜੀ ਕੋਲ ਨੀਵੀਂ ਪਾਈ ਉਹ ਏਸੇ ਤਾਕ ਵਿਚ ਬੈਠਾ ਰਹਿੰਦਾ ਸੀ ਕਿ ਪੰਡਿਤ ਅਮੀਂ ਚੰਦ ਕਦੋਂ ਬਾਹਰ ਜਾਂਦਾ ਹੈ ਤੇ ਕਿੱਥੇ ਜਾਂਦਾ ਹੈ। ਉਸ ਦੇ ਦੂਰ ਨਿਕਲ ਜਾਣ 'ਤੇ ਉਹ ਅਮੀਂ ਚੰਦ ਕੇ ਘਰੇ ਜਾ ਵੜ੍ਹਦਾ ਤੇ ਜੇ ਬਚਨੋ ਬਾਹਰ ਵਿਹੜੇ ਵਿਚ ਹੁੰਦੀ ਤਾਂ ਉਸ ਦੀ ਬਾਂਹ ਫੜਕੇ ਅੰਦਰ ਸਵਾਤ ਵਿਚ ਲੈ ਜਾਂਦਾ ਤੇ ਮੰਜੇ 'ਤੇ ਜਾ ਸਿੱਟਦਾ। ਬਚਨੋ ਤਾਂ ਵਿਚਾਰੀ ਅੱਗੋਂ ਕੋਈ ਵੀ ਵਿਰੋਧ ਨਹੀਂ ਕਰਦੀ ਸੀ ਤੇ ਨਾਂਹ ਨੁੱਕਰ ਕਰਨੀ ਤਾਂ ਸ਼ਾਇਦ ਉਹ ਭੁੱਲ ਹੀ ਗਈ ਸੀ। ਸੰਤਾਲੀ ਦੇ ਦੰਗਿਆਂ ਵੇਲੇ ਪਤਾ ਨਹੀਂ ਉਸ ਨਾਲ ਕੀ ਬੀਤੀ ਸੀ ਜਿਸਦਾ ਦਰਦ ਅੱਜ ਵੀ ਕਦੇ ਕਦੇ ਦਰਦਮਈ ਚੀਕਾਂ ਦੇ ਰੂਪ ਵਿਚ ਉਸਦੇ ਅੰਦਰੋਂ ਨਿਕਲਦਾ ਰਹਿੰਦਾ ਸੀ।

'ਤੂੰ ਵੀ ਜਾਇਆ ਕਿਸੇ ਦਿਨ।' ਇਕ ਦਿਨ ਉਸ ਨੇ ਮੈਨੂੰ ਉਕਸਾਉਂਦੇ ਹੋਏ ਕਿਹਾ। ਪਰ ਮੈਂ ਕੰਨਾਂ ਨੂੰ ਹੱਥ ਲਾ ਲਏ। ਮੇਰੇ ਬਚਪਨ ਵਾਲੀ ਘਟਨਾ ਭੁੱਲੀ ਨਹੀਂ ਸੀ ਜਦੋਂ ਬਚਨੋ ਨੂੰ ਛੇੜਿਆ ਤਾਂ ਹੋਰ ਮੁੰਡਿਆਂ ਨੇ ਸੀ ਪਰ ਮੇਰਾ ਨਾਂ ਐਵੇਂ ਹੀ ਵਿਚ ਆ ਗਿਆ ਸੀ ਤੇ ਪੰਡਿਤ ਦੰਦੀਆਂ ਕਰੀਚਦਾ ਮੇਰੀ ਬੀਬੀ ਨੂੰ ਉਲਾਂਭਾ ਦੇ ਆਇਆ ਸੀ। ਮੈਨੂੰ ਤਾਂ ਅਮੀਂ ਚੰਦ ਨੂੰ ਵੇਖ ਕੇ ਹੀ ਭੈਅ ਆਉਂਦਾ ਸੀ। ਦੂਜੀ ਗੱਲ ਸ਼ੁਰੂ ਤੋਂ ਹੀ ਮੈਨੂੰ ਬਚਨੋ ਤੇ ਤਰਸ ਆਉਂਦਾ ਸੀ। ਉਸ ਦੀਆਂ ਮਾਰੀਆਂ ਕੂਕਾਂ 'ਹਾਏ ਮੇਰਾ ਪੂ ਹਾਏ ਮੇਰਾ ਬੰਦਾ' ਕਿਸੇ ਵੀ ਸੰਵੇਦਨਸ਼ੀਲ ਬੰਦੇ ਦੀਆਂ ਅੱਖਾਂ ਨਮ ਕਰ ਦਿੰਦੀਆਂ ਸਨ।

ਇਕ ਵਾਰ ਕੱਚੀ ਸਵਾਤ 'ਤੇ ਪਤੰਗ ਉਡਾਉਣ ਲਈ ਚੜ੍ਹਿਆ ਤਾਂ ਮੇਰੀ ਨਜ਼ਰ ਅਮੀਂ ਚੰਦ ਦੇ ਵਿਹੜੇ ਵਿਚ ਚਲੀ ਗਈ। ਬਚਨੋ ਨਹਾ ਕੇ ਖੜੀ ਆਪਣੇ ਕੇਸ ਨਿਚੋੜ ਰਹੀ ਸੀ। ਉਸ ਦਾ ਪਿੰਡਾ ਦੁੱਧ ਵਾਂਗ ਚਿੱਟਾ ਸੀ। ਪਲ ਛਿਣ ਤਾਂ ਮੈਂ ਖੜਾ ਉਸ ਨੂੰ ਦੇਖਦਾ ਰਿਹਾ ਪਰ ਫਿਰ ਅਮੀਂ ਚੰਦ ਦਾ ਭੈਅ ਮਨ ਵਿਚ ਆਉਂਦਿਆਂ ਹੀ ਮੈਂ ਪਤੰਗ ਉਡਾਉਣਾ ਛੱਡ ਕੇ ਕੋਠੇ ਤੋਂ ਹੇਠਾਂ ਉੱਤਰ ਆਇਆ। ਕਈ ਸਾਲ ਬਾਅਦ ਜਦੋਂ ਜਦੋਂ ਮੈਂ ਸਰਕਾਰੀ ਕਾਲਜ ਮੁਕਤਸਰ ਵਿਖੇ ਬੀ.ਐਸ. ਸੀ. ਕਰ ਰਿਹਾ ਸੀ ਤਾਂ ਅਸੀਂ ਸਾਇੰਸ ਵਿਭਾਗ ਵਾਲੇ ਦੋ ਰੋਜ਼ਾ ਟੂਰ 'ਤੇ ਪਹਿਲਾਂ ਚੰਡੀਗੜ੍ਹ ਤੇ ਫਿਰ ਪਟਿਆਲੇ ਗਏ ਸਾਂ। ਪਹਿਲੇ ਦਿਨ ਅਸੀਂ ਚੰਡੀਗੜ੍ਹ ਪੰਜਾਬ ਯੂਨੀਵਰਸਿਟੀ, ਰੌਕ ਗਾਰਡਨ ਅਤੇ ਸੁਖਨਾ ਝੀਲ ਆਦਿ ਵੇਖੀ ਤੇ ਦੂਜੇ ਦਿਨ ਅਸੀਂ ਪਹਿਲਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੇਖੀ ਤੇ ਫਿਰ ਬਾਰਾਂਦਰੀ ਦਾ ਚੱਕਰ ਲਾਇਆ। ਉਹਨਾਂ ਸਮਿਆਂ ਵਿਚ ਬਾਰਾਂਦਰੀ ਵਿਚ ਔਰਤ ਦਾ ਚਿੱਟੇ ਸੰਗਮਰਮਰ ਦਾ ਨਗਨ ਬੁੱਤ ਲੱਗਿਆ ਹੁੰਦਾ ਸੀ। ਬੁੱਤ ਨੂੰ ਵੇਖ ਕੇ ਮੈਨੂੰ ਨਗਨ ਖੜੀ ਬਚਨੋ ਯਾਦ ਆ ਗਈ ਸੀ।

ਸਾਡੇ ਬਾਰ ਦੇ ਸਾਹਮਣੇ ਗਲੀ ਦੇ ਦੂਜੇ ਪਾਸੇ ਬਾਬੇ ਬੂਟੇ ਕਾ ਘਰ ਸੀ। ਉਹ ਸਰਸੇ ਵਾਲੇ ਡੇਰੇ ਦਾ ਪੱਕਾ ਸ਼ਰਧਾਲੂ ਸੀ। ਪਿੰਡ ਵਿਚ ਹੋਰ ਵੀ ਅਨੇਕਾਂ ਘਰ ਡੇਰੇ ਦੇ ਸ਼ਰਧਾਲੂ ਸਨ। ਜਦੋਂ ਵੀ ਡੇਰੇ ਦੇ ਸ਼ਰਧਾਲੂ ਆਪੋ ਵਿਚ ਮਿਲਦੇ ਸਨ ਤਾਂ ਉਹ 'ਧੰਨ ਧੰਨ ਸਤਿਗੁਰੂ, ਤੇਰਾ ਹੀ ਆਸਰਾ' ਦਾ ਨਾਹਰਾ ਬੁਲੰਦ ਕਰਦੇ ਸਨ। ਇਕ ਜਣਾ 'ਧੰਨ ਧੰਨ ਸਤਿਗੁਰੂ' ਕਹਿੰਦਾ ਤੇ ਦੂਜਾ 'ਤੇਰਾ ਹੀ ਆਸਰਾ' ਕਹਿ ਕੇ ਜਵਾਬ ਦਿੰਦਾ। ਇਕ ਵਾਰ ਪਿੰਡ ਵਿਚ ਬਹੁਤ ਵੱਡੀ 'ਸਤਿਸੰਗ' ਵੀ ਕਰਵਾਈ ਗਈ ਸੀ ਜਿਸ ਵਿਚ ਸਰਸੇ ਵਾਲੇ ਗੁਰੂ ਸ਼ਾਹ ਸਤਿਨਾਮ ਆਪ ਆਏ ਸਨ। ਉਸ ਸਤਿਸੰਗ ਵਿਚ ਇਕ ਤੇਰਾਂ ਚੌਦਾਂ ਸਾਲ ਦੇ ਬਾਲਕ ਨੇ ਗੁਰੂ ਦੇ ਸਾਹਮਣੇ ਬਹੁਤ ਸੋਹਣਾ ਨਾਚ ਕੀਤਾ ਸੀ ਤੇ ਕਹਿੰਦੇ ਸਨ ਕਿ ਗੁਰੂ ਜੀ ਇਸ ਨੂੰ ਬਹੁਤ ਪਿਆਰ ਕਰਦੇ ਹਨ ਤੇ ਗੁਰ-ਗੱਦੀ ਇਸੇ ਨੂੰ ਸੌਂਪਣਗੇ। ਡੇਰੇ ਦੇ ਸ਼ਰਧਾਲੂ ਰਾਤ ਨੂੰ ਵੀ ਆਪਣੇ ਘਰਾਂ ਵਿਚ ਪਿੰਡ ਪੱਧਰੀ ਸਤਿਸੰਗ ਕਰਦੇ ਸਨ। ਵਾਰੀ ਸਿਰ ਪੰਦਰਾਂ ਪੰਦਰਾਂ ਵੀਹ ਵੀਹ ਦਿਨ ਇਹ ਸਤਿਸੰਗ ਕਿਸੇ ਨਾ ਕਿਸੇ ਘਰੇ ਚਲਦੀ ਹੀ ਰਹਿੰਦੀ ਸੀ। ਰਾਤ ਨੂੰ ਰੋਟੀ ਟੁੱਕ ਖਾਣ ਤੋਂ ਬਾਅਦ ਵੀਹ ਤੀਹ ਬੰਦੇ ਬੁੜੀਆਂ ਸਤਿਸੰਗ ਵਾਲੇ ਘਰੇ ਇਕੱਠੇ ਹੁੰਦੇ ਤੇ ਵਿਹੜੇ ਵਿਚ ਵਿਛਾਈਆਂ ਪੱਲੀਆਂ 'ਤੇ ਬੈਠ ਕੇ ਡੇਰੇ ਵੱਲੋਂ ਛਾਪੀ ਧਾਰਮਿਕ ਪੁਸਤਕ ਦਾ ਪਾਠ ਸੁਣਦੇ। ਜਦੋਂ ਬਾਬੇ ਬੂਟੇ ਕੇ ਘਰ ਸਤਿਸੰਗ ਲੱਗਦੀ ਤਾਂ ਮੈਂ ਤੇ ਮੇਰੀ ਬੀਬੀ ਵੀ ਚਲੇ ਜਾਂਦੇ ਸਾਂ ਪਰ ਮੇਰੇ ਪਿਤਾ ਜੀ ਕਦੇ ਨਹੀਂ ਗਏ ਸਨ। ਕਈ ਵਾਰ ਤਾਂ ਧਾਰਮਿਕ ਪੁਸਤਕ ਦਾ ਪਾਠ ਵੀ ਮੈਂ ਹੀ ਕਰਦਾ। ਹਰ ਅਧਿਆਏ ਪੜ੍ਹਨ ਤੋਂ ਪਹਿਲਾਂ ਇਕ ਧਾਰਮਿਕ ਗੀਤ ਹੁੰਦਾ ਸੀ ਜੋ ਕਿਸੇ ਪ੍ਰਚੱਲਿਤ ਪੰਜਾਬੀ ਗੀਤ ਦੀ ਪੈਰੋਡੀ ਹੁੰਦੀ ਸੀ ਤੇ ਲਿਖਿਆ ਹੁੰਦਾ ਸੀ ਕਿ ਇਹ ਇਸ ਗੀਤ ਦੀ ਤਰਜ 'ਤੇ ਗਾਉਣਾ ਹੈ। ਬਹੁਤੇ ਧਾਰਮਿਕ ਗੀਤ ਤਾਂ ਬਾਬੂ ਸਿੰਘ ਮਾਨ ਮਰਾੜ੍ਹਾਂ ਵਾਲੇ ਦੇ ਗੀਤਾਂ ਦੀ ਤਰਜ ਦੇ ਹੀ ਹੁੰਦੇ ਸਨ। ਇਕ ਧਾਰਮਿਕ ਗੀਤ ਅਤੇ ਉਸ ਦੀ ਪੈਰਡੀ ਦੀਆਂ ਕੁੱਝ ਲਾਈਨਾਂ ਅੱਜ ਵੀ ਯਾਦ ਹਨ-

ਗੀਤ- ਲਹੂ ਵਿਚ ਭਿੱਜੀ ਪਈ ਲੋਥ ਸੀ ਜੁਝਾਰ ਦੀ,
ਚੰਨ ਬੱਦਲਾਂ 'ਚ ਰੋਇਆ ਅੱਜ ਲੁੱਕ ਲੁੱਕ ਲੁੱਕ।

ਡੇਰੇ ਦਾ ਗੀਤ- ਬੰਦਾ ਬੰਦਗੀ ਨੂੰ ਆਇਆ,
ਮੋਹ ਮਾਇਆ ਜਾਲ ਪਾਇਆ,
ਦੇਸ਼ ਆਪਣੇ ਨੂੰ ਗਿਆ ਭੁੱਲ ਭੁੱਲ ਭੁੱਲ।

ਲਾਲਟੈਣ ਦੇ ਚਾਨਣ ਵਿਚ ਮੋਟੇ ਅੱਖਰਾਂ ਤੇ ਸਰਲ ਜਿਹੀ ਭਾਸ਼ਾ ਵਿਚ ਲਿਖੇ ਪ੍ਰਵਚਨ ਅੱਧਾ ਕੁ ਘੰਟਾ ਪੜ੍ਹ ਕੇ ਸਤਿਸੰਗ ਦੀ ਸਮਾਪਤੀ ਕਰ ਦਿੱਤੀ ਜਾਂਦੀ ਤੇ ਸਟੀਲ ਦੇ ਗਿਲਾਸਾਂ ਵਿਚ ਚਾਹ

ਪੀ ਕੇ ਸੰਗਤ ਆਪੋ ਆਪਣੇ ਘਰ ਚਲੀ ਜਾਂਦੀ। ਉਹਨਾਂ ਸਮਿਆਂ ਵਿਚ 'ਭੋਲੂ ਕਾਕਾ' ਵਾਲਾ ਕੈਲੰਡਰ ਤਕਰੀਬਨ ਹਰ ਘਰ ਵਿਚ ਵੇਖਿਆ ਜਾ ਸਕਦਾ ਸੀ ਜਿਸ ਵਿਚ ਇਕ ਗੋਲ ਮਟੋਲ ਬਾਲਕ ਚੌਂਕੜੀ ਮਾਰੀ ਬੈਠਾ ਹੈ ਤੇ ਉਸ ਦੇ ਆਸ ਪਾਸ ਇਕ ਟੋਕਰੀ ਵਿਚ ਕੇਲੇ ਸੇਬ ਸੰਤਰੇ ਆਦਿ ਅਨੇਕਾਂ ਹੀ ਫਲ ਪਏ ਹੁੰਦੇ ਸਨ। ਡੇਰੇ ਦੇ ਸ਼ਰਧਾਲੂਆਂ ਦੇ ਘਰ ਵਿਚ ਇਸ ਕੈਲੰਡਰ ਦੇ ਨਾਲ ਇਕ ਹੋਰ ਕੈਲੰਡਰ ਲੱਗਿਆ ਹੁੰਦਾ ਸੀ ਜਿਸ ਦੇ ਉੱਪਰ ਲਿਖਿਆ ਹੁੰਦਾ ਸੀ – ਜੈਸੀ ਕਰਨੀ ਵੈਸੀ ਭਰਨੀ। ਇਕ ਪਾਸੇ ਸ਼ਰਾਬ ਪੀਂਦਾ ਬੰਦਾ ਹੁੰਦਾ ਤੇ ਦੂਜੇ ਪਾਸੇ ਉਸ ਬੰਦੇ ਨੂੰ ਤਸੀਹੇ ਦਿੰਦੇ ਯਮਦੂਤ ਵਿਖਾਏ ਜਾਂਦੇ। ਇਸੇ ਤਰ੍ਹਾਂ ਮੀਟ ਖਾਣ ਵਾਲੇ ਬੰਦੇ ਨੂੰ ਵੀ ਯਮਦੂਤ ਸਜਾ ਦਿੰਦੇ ਵਿਖਾਏ ਜਾਂਦੇ ਸਨ। ਇਹ ਕੈਲੰਡਰ ਵੇਖ ਕੇ ਬਾਲ ਮਨ ਭੈਭੀਤ ਹੋ ਜਾਂਦਾ ਸੀ। ਮੀਟ ਸਾਡੇ ਘਰ ਕਦੇ ਮਹੀਨਿਆਂ ਬਾਅਦ ਹੀ ਬਣਦਾ ਸੀ ਪਰ ਕੈਲੰਡਰ ਦੇ ਭੈ ਕਰਕੇ ਮੈਨੂੰ ਮੀਟ ਤੋਂ ਨਫਰਤ ਹੋ ਗਈ ਸੀ ਤੇ ਫਿਰ ਸਾਡੇ ਘਰੇ ਵੀ ਮੀਟ ਬਣਨਾ ਬੰਦ ਹੋ ਗਿਆ ਸੀ। ਜਿੰਨਾਂ ਚਿਰ ਅਸੀਂ ਝੁੰਬੇ ਰਹੇ ਅਸੀਂ ਮੀਟ ਨਹੀਂ ਬਣਾਇਆ ਸੀ।

ਅਸੀਂ ਬੂਰੀ ਝੋਟੀ ਦੇ ਸੂਣ ਤੋਂ ਕੁੱਝ ਦਿਨ ਪਹਿਲਾਂ ਹੀ ਉਸ ਨੂੰ ਖਿਓਵਾਲੀ ਤੋਂ ਲੈ ਆਏ ਸਾਂ। ਉਸ ਦੇ ਸਿੰਗ ਕੁੰਢੇ ਸਨ ਤੇ ਪਿੰਡੇ ਤੋਂ ਮੱਖੀ ਤਿਲਕਦੀ ਸੀ। ਤੀਜੇ ਸੂਏ ਇਹ ਛੇ ਸੱਤ ਕਿਲੋ ਇਕ ਡੰਗ ਦਾ ਦੁੱਧ ਦਿੰਦੀ ਸੀ। ਪਰ ਅਸੀਂ ਕਦੇ ਦੁੱਧ ਵੇਚਿਆ ਨਹੀਂ ਸੀ ਤੇ ਓਦੋਂ ਦੁੱਧ ਵੇਚਣ ਦਾ ਬਹੁਤਾ ਰਿਵਾਜ ਵੀ ਨਹੀਂ ਸੀ ਤੇ ਕਿਹਾ ਜਾਂਦਾ ਸੀ ਕਿ ਦੁੱਧ ਅਤੇ ਪੁੱਤ ਕਦੇ ਵੇਚੇ ਨਹੀਂ ਜਾਂਦੇ। ਬੀਬੀ ਘਿਓ ਜੋੜੀ ਜਾਂਦੀ ਸੀ ਤੇ ਜਾਪਾ ਕੱਟਣ ਆਈ ਕਿਸੇ ਕੁੜੀ ਦੀ ਮਾਂ ਉਸ ਤੋਂ ਘਿਓ ਇਕੱਠਾ ਹੀ ਖਰੀਦ ਲਿਜਾਂਦੀ ਸੀ। ਪਿੰਡ ਦੀਆਂ ਸਾਰੀਆਂ ਕੁੜੀਆਂ ਬੁੜੀਆਂ ਨੂੰ ਪਤਾ ਹੁੰਦਾ ਸੀ ਕਿ ਬਲਬੀਰ ਕੌਰ ਦਾ ਘਿਓ ਬਿੱਲਕੁਲ ਖਾਲਸ ਹੁੰਦਾ ਹੈ। ਸਾਡੀ ਇਸ ਬੂਰੀ ਮੱਝ ਵਿਚ ਇਕ ਛੋਟਾ ਜਿਹਾ ਨੁਕਸ ਵੀ ਸੀ ਕਿ ਇਹ ਔਰਤਾਂ ਤੋਂ ਡਰ ਜਾਂਦੀ ਸੀ ਖਾਸ ਤੌਰ 'ਤੇ ਲਾਲ ਚੁੰਨੀ ਵਾਲੀਆਂ ਤੋਂ ਤਾਂ ਡਰ ਕੇ ਭੂਸਰ ਹੀ ਜਾਂਦੀ ਸੀ। ਗੱਡੀਆਂ ਵਾਲੀ ਇਕ ਔਰਤ ਜਦੋਂ ਸਾਡੇ ਪਿੰਡ ਸੂਰੇਵਾਲੇ ਸਾਡੇ ਘਰ ਆਈ ਤਾਂ ਸਾਡੀ ਮੱਝ ਨੂੰ ਫੁਕਾਰੇ ਮਾਰਦੀ ਵੇਖ ਕੇ ਕਹਿਣ ਲੱਗੀ ਕਿ ਤੁਸੀਂ ਪਹਿਲਾਂ ਝੁੰਬੇ ਪਿੰਡ ਰਹਿੰਦੇ ਸੀ । ਉਸ ਨੇ ਸਾਡੀ ਮੱਝ ਪਛਾਣ ਲਈ ਸੀ। ਪਿੰਡ ਆ ਕੇ ਇਹ ਬੂਰੀ ਮੱਝ ਸਾਡੇ ਕੋਲ ਸੱਤ ਅੱਠ ਸੂਏ ਸੂਈ। ਆਖਰੀ ਸੂਏ ਵੇਲੇ ਇਸ ਦਾ ਪਹਿਲਾਂ ਇਕ ਥਣ ਬੰਦ ਹੋਇਆਂ ਤੇ ਫਿਰ ਦੂਜਾ ਵੀ ਬੰਦ ਹੋ ਗਿਆ ਸੀ। ਉਂਝ ਵੀ ਉਹ ਹੁਣ ਬੁੱਢੀ ਹੋ ਗਈ ਸੀ ਤੇ ਇਕ ਦਿਨ ਪਿਤਾ ਜੀ ਨੇ ਉਸ ਦਾ ਸੰਗਲ ਕੱਟਿਆਂ ਵਾਲਿਆਂ ਨੂੰ ਫੜਾ ਦਿੱਤਾ ਤਾਂ ਉਸ ਨੂੰ ਜਾਂਦੀ ਵੇਖ ਕੇ ਮੇਰਾ ਰੋਣ ਨਿਕਲ ਗਿਆ ਸੀ।

ਨਹਿੰਗ ਦੇ ਘਰ ਵਿਚ ਆਇਆਂ ਨੂੰ ਸਾਨੂੰ ਸਾਲ ਤੋਂ ਉੱਤੇ ਹੋ ਗਿਆ ਸੀ। ਪਿੰਡ ਵਾਲੇ ਮੇਰੇ ਦੋਵੇਂ ਚਾਚੇ ਵੀ ਅੱਡ ਹੋ ਗਏ ਸਨ ਤੇ ਅਸੀਂ ਤਾਂ ਪਹਿਲਾਂ ਹੀ ਅੱਡ ਵਾਂਗ ਹੀ ਸਾਂ। ਇਸੇ ਕਰਕੇ ਪਿਛਲੀਆਂ ਦੋ ਤਿੰਨ ਗਰਮੀਆਂ ਦੀਆਂ ਛੁੱਟੀਆਂ ਵਿਚ ਅਸੀਂ ਪਿੰਡ ਨਹੀਂ ਗਏ ਸਾਂ ਤੇ ਇਸ ਸਾਲ ਤਾਂ ਮੱਝ ਕਰਕੇ ਜਾ ਹੀ ਨਹੀਂ ਸਕਦੇ ਸਾਂ। ਮੱਝ ਸੰਭਾਲਣ ਲਈ ਅਸੀਂ ਇਕ ਗਿਆਰਾਂ ਬਾਰਾਂ ਸਾਲ ਦਾ ਮੁੰਡਾ ਪਾਲੀ ਰੱਖ ਲਿਆ ਸੀ। ਹਰ ਰੋਜ਼ ਸ਼ਾਮ ਨੂੰ ਹਰੇ ਦਾ ਭਰਿਆ ਵੱਡਾ ਟੋਕਰਾ ਸ.ਸਾਧੂ ਸਿਘ ਖਰੌੜ ਕਾ ਕੋਈ ਸੀਰੀ ਸਿੱਟ ਜਾਂਦਾ ਸੀ। ਬਰਸੀਮ ਅਸੀਂ ਕਦੇ ਮੁੱਲ ਵੀ ਲੈ ਲੈਂਦੇ ਸਾਂ ਤੇ ਬਾਬੇ ਬੂਟੇ ਕੇ ਟੋਕੇ 'ਤੇ ਕੁਤਰ ਲੈਂਦੇ ਸਾਂ। ਪੱਠੇ ਕੁਤਰਨ ਦਾ ਕੰਮ ਤੇ ਲਿਆਉਣ ਦਾ ਕੰਮ ਚੌਕੀਦਾਰ ਰਾਮ ਸਿੰਘ ਕਰਦਾ ਸੀ ਜਾਂ ਪਾਲੀ ਮੁੰਡਾ। ਰਾਮ ਜਾਣ ਲੱਗਿਆ ਦੁੱਧ ਦੀ ਗੜਵੀ ਲੈ ਜਾਂਦਾ ਸੀ। ਇਕ ਦਿਨ ਉਹ ਹਰੇ ਰੰਗ ਦੀ ਨਵੀਂ ਸ਼ਰਟ ਪਹਿਲੀ ਵਾਰੀ ਪਾ ਕੇ ਆਇਆ ਤੇ ਉਤਸ਼ਾਹ ਵਿਚ ਟੋਕੇ ਦੀ ਹੱਥੀ ਨੂੰ ਜਿਆਦਾ ਹੀ ਜੋਰ ਨਾਲ ਘੁਮਾ ਬੈਠਾ ਤਾਂ ਉਸਦੀ ਸ਼ਰਟ ਹੱਥੀ ਵਿਚ ਅੜ ਕੇ ਪਾਟ ਗਈ । ਮੈਂ ਰੁੱਗ ਲਾ ਰਿਹਾ ਸਾਂ। ਮੇਰਾ ਮਨ ਬੜਾ ਉਦਾਸ ਹੋਇਆ, ਉਸ ਦਾ ਤਾਂ ਹੋਣਾ ਹੀ ਸੀ। ਕੁੱਝ ਮਹੀਨੇ ਲਾ ਕੇ ਗਿਆਰਾਂ ਬਾਰਾਂ ਸਾਲ ਦਾ ਪਾਲੀ ਮੁੰਡਾ ਸਾਡੇ ਨਾਲੋਂ ਹਟ ਕੇ ਕਿਸੇ ਹੋਰ ਘਰ ਦੇ ਨਾਲ ਜਾ ਲੱਗਾ ਸੀ। ਇਕ ਦਿਨ ਸ਼ਾਮ ਦੇ ਵਕਤ ਖਾਓ–ਪੀਓ ਸਮੇਂ ਸਾਡੀ ਨਿੰਮ ਵਿਚ ਬਾਹਰੋਂ ਇਕ ਰੋੜਾ ਆ ਕੇ ਵੱਜਾ। ਇਹ ਸਿਲਸਿਲਾ ਦੋ ਤਿੰਨ ਦਿਨ ਚਲਦਾ ਰਿਹਾ। ਰੋੜੇ ਵੱਜਣ ਦਾ ਸਮਾਂ ਓਹੀ ਹੁੰਦਾ ਸੀ। ਚੌਥੇ ਦਿਨ ਮੈਂ ਘਰੋਂ ਬਾਹਰ ਨਿਕਲ ਕੇ ਘੁੱਦੇ ਨੂੰ ਜਾਣ ਵਾਲੇ ਰਾਹ 'ਤੇ ਲੁਕ ਕੇ ਖੜੋ ਗਿਆ। ਸਾਡਾ ਪਾਲੀ ਰਿਹਾ ਮੁੰਡਾ ਆਇਆ ਤੇ ਉਸ ਨੇ ਸਾਡੇ ਘਰ ਵੱਲ ਇਕ ਰੋੜਾ ਚਲਾ ਦਿੱਤਾ। ਮੈਂ ਉਸ ਨੂੰ ਫੜਨ ਲਈ ਦੌੜਿਆ ਪਰ ਉਹ ਮੇਰੇ ਹੱਥ ਨਾ ਆਇਆਤੇਆਪਣ ਵਿਹੜੇ ਵਿਚ ਕਿਧਰੇ ਅਲੋਪ ਹੋ ਗਿਆ। ਮੈਨੂੰ ਬੜਾ ਗੁੱਸਾ ਆਇਆ ਤੇ ਮੈਂ ਚੜਦੀ ਜਵਾਨੀ ਦੇ ਜੋਸ਼ ਵਿਚ ਉਸ ਨੂੰ ਕਾਫੀ ਦੇਰ ਗੰਦੀਆਂ ਗਾਲਾਂ ਕੱਢਦਾ ਰਿਹਾ। ਉਸ ਦਿਨ ਤੋਂ ਬਾਅਦ ਫਿਰ ਸਾਡੇ ਘਰ ਵਿਚ ਕਦੇ ਕੋਈ ਰੋੜਾ ਨਾ ਡਿੱਗਿਆ। ਬਚਪਣ ਮਾਣ ਰਹੇ ਪਾਲੀ ਨੂੰ ਸਾਡੇ ਪਰੀਵਾਰ ਪ੍ਰਤੀ ਜਰੂਰ ਹੀ ਕੋਈ ਨਰਾਜ਼ਗੀ ਹੋਵੇਗੀ ਤਾਂ ਹੀ ਤਾਂ ਉਹ ਸਾਡੇ ਘਰ ਕੋਲੋਂ ਲੰਘਣ ਲੱਗਿਆ ਰੋੜੇ ਮਾਰ ਕੇ ਜਾਂਦਾ ਸੀ।

ਮੱਝ ਦਾ ਗੋਹਾ ਕੂੜਾ ਕਰਨ ਇਕ ਮੇਰੀ ਹੀ ਹਾਨਣ ਕੁੜੀ ਭੂੰਡੀ ਆਇਆ ਕਰਦੀ ਸੀ। ਉਸ ਦਾ ਰੰਗ ਤਾਂ ਬਹੁਤ ਹੀ ਕਾਲਾ ਸੀ ਪਰ ਨੈਣ–ਨਕਸ਼ ਤਿੱਖੇ ਸਨ। ਗੋਹਾ ਕੂੜਾ ਕਰਨ ਸਮੇਂ ਉਹ ਨਜ਼ਰਾਂ ਮੇਰੇ 'ਤੇ ਹੀ ਗੱਡੀ ਰੱਖਦੀ। ਜਿੰਨਾਂ ਚਿਰ ਉਹ ਕੰਮ ਕਰਦੀ ਰਹਿੰਦੀ ਮੈਂ ਆਪਣੇ ਦਾਰਜੀ ਤੋਂ ਡਰਦਾ ਬੈਠਕ ਵਿਚੋਂ ਨਾ ਨਿਕਲਦਾ। ਜੇ ਦਾਰਜੀ ਘਰ ਨਾ ਹੁੰਦੇ ਤਾਂ ਵਿਹੜੇ ਵਿਚ ਬੈਠਾ ਕਦੇ ਉਸ ਦੀਆਂ ਨਜ਼ਰਾਂ ਨਾਲ ਨਜ਼ਰਾਂ ਮਿਲਾ ਵੀ ਲੈਂਦਾ ਸੀ। ਬੀਬੀ ਤੋਂ ਮੈਨੂੰ ਕੋਈ ਡਰ ਨਹੀਂ ਲੱਗਦਾ ਸੀ ਕਿਉਂਕਿ ਉਸ ਨੇ ਤਾਂ ਮੈਨੂੰ ਕਦੇ ਕੁਟਿਆ ਜਾਂ ਝਿੜਕਿਆ ਵੀ ਨਹੀਂ ਸੀ। ਜੇ ਕੁਟਿਆ ਨਹੀਂ ਸੀ ਤਾਂ ਉਸ ਨੇ ਮੈਨੂੰ ਕਦੇ ਪਿਆਰ ਵੀ ਨਹੀਂ ਕੀਤਾ ਸੀ ਮੇਰੇ ਨਹੀਂ ਯਾਦ ਕਿ ਉਸ ਨੇ ਕਦੇ ਮੇਰਾ ਮੂੰਹ ਚੁੰਮਿਆ ਹੋਵੇ। ਉਲਟਾ ਅਸੀਂ ਲੜਦੇ ਰਹਿੰਦੇ ਸਾਂ। ਮੈਨੂੰ ਉਸ ਦਾ ਬਹੁਤਾ ਬੋਲਣਾ ਬੁਰਾ ਲੱਗਦਾ ਸੀ। ਉਸ ਨੇ ਇਕ ਇਮਤਿਹਾਨ 'ਬੁੱਧੀਮਾਨੀ' ਦਾ ਵੀ ਪਾਸ ਕੀਤਾ ਹੋਇਆ ਸੀ ਤੇ ਮੈਂ

ਉਸ ਨੂੰ ਕਹਿ ਦਿੰਦਾ ਹੁੰਦਾ ਸੀ ਕਿ ਬੀਬੀ ਤੂੰ ਬੁਧੀਮਾਨੀ ਨਹੀਂ 'ਕਮਲਮਾਨੀ' ਪਾਸ ਕੀਤੀ ਹੈ। ਇਕ ਦਿਨ ਜਦੋਂ ਭੂੰਡੀ ਗੋਹਾ ਕੂੜਾ ਕਰਨ ਆਈ ਤਾਂ ਬੀਬੀ ਅਤੇ ਦਾਰਜੀ ਦੋਵੇਂ ਹੀ ਘਰ ਨਹੀਂ ਸਨ ਤੇ ਸ਼ਾਇਦ ਕਿੱਧਰੇ ਬਾਹਰ ਗਏ ਹੋਏ ਸਨ। ਭੂੰਡੀ ਓਸੇ ਤਰ੍ਹਾਂ ਨਜ਼ਰਾਂ ਮੇਰੇ ਚਿਹਰੇ 'ਤੇ ਗੱਡੀ ਆਪਣਾ ਕੰਮ ਕਰ ਰਹੀ ਸੀ।ਮੈਂ ਵੀ ਚੁੱਪ ਚਾਪ ਉਸ ਨੂੰ ਵੇਖ ਰਿਹਾ ਸਾਂ। ਨਾ ਤਾਂ ਕੁੱਝ ਉਹ ਬੋਲਦੀ ਸੀ ਤੇ ਨਾ ਹੀ ਮੈਂ ਉਸ ਨੂੰ ਬੁਲਾਇਆ। ਨਾ ਹੀ ਇਹ ਹਿੰਮਤ ਹੋ ਰਹੀ ਸੀ ਕਿ ਉਸ ਨੂੰ ਬੁਲਾਇਆ ਜਾਵੇ ਤੇ ਜੇ ਬੁਲਾਇਆ ਜਾਵੇ ਤਾਂ ਕੀ ਕਿਹਾ ਜਾਵੇ। ਪਹਿਲਾਂ ਉਸਨੇ ਗੋਹਾ ਸੁੱਟਿਆ ਤੇ ਫਿਰ ਬਹੁਕਰ ਫੜ ਕੇ ਵਿਹੜਾ ਸੁੰਭਰਨ ਲੱਗ ਪਈ ਸੀ। ਉਸ ਦਾ ਕੰਮ ਤਾਂ ਖਤਮ ਹੋਣ ਵਾਲਾ ਸੀ ਤੇ ਮੈਨੂੰ ਉਮੀਦ ਸੀ ਕਿ ਉਹ ਹੀ ਮੈਨੂੰ ਬੁਲਾਊਗੀ ਪਰ ਨਾ ਤਾਂ ਉਹ ਕੁੱਝ ਬੋਲੀ ਤੇ ਨਾ ਹੀ ਮੈਂ ਉਸ ਨੂੰ ਬੁਲਾ ਸਕਿਆ। ਫਿਰ ਮੈਂ ਬੋਰ ਵਾਲੀ ਟੱਟੀ ਜਿਸ ਦੀ ਪਰਦੀ ਚਾਰ ਕੁ ਫੁੱਟ ਉੱਚੀ ਸੀ, ਦੇ ਵਿਚ ਖੜਕੇ ਪਿਸ਼ਾਬ ਕਰਨ ਲੱਗਿਆ। ਪਰ ਪਿਸ਼ਾਬ ਤਾਂ ਕਿਧਰੇ ਹੋਰ ਪਾਸੇ ਚੜ੍ਹਿਆ ਫਿਰਦਾ ਸੀ।ਭੂੰਡੀ ਓਸੇ ਤਰਾਂ ਹੀ ਆਸੇ ਪਾਸੇ ਬਹੁਕਰ ਫੇਰਦੀ ਫੇਰਦੀ ਮੇਰੇ ਵੱਲ ਵੇਖਦੀ ਰਹੀ ਤੇ ਅਖੀਰ ਕੰਮ ਨਿਬੇੜ ਕੇ ਬਹੁਕਰ ਰੱਖ ਕੇ ਤੁਰਦੀ ਬਣੀ ਤੇ ਮੈਂ ਵੀ ਹੌਲਾ ਜਿਹਾ ਹੋ ਕੇ ਟੱਟੀ ਵਿਚੋਂ ਖੜਾ ਖੜੋਤਾ ਬਾਹਰ ਨਿਕਲ ਆਇਆ। ਇਸ ਤੋਂ ਬਾਅਦ ਕਦੇ ਅਜੇਹਾ ਮੌਕਾ ਦੁਬਾਰਾ ਨਾ ਆਇਆ ਕਿ ਅਸੀਂ ਘਰ ਵਿਚ ਇਕੱਲੇ ਹੀ ਹੋਈਏ।

ਤੇ ਫਿਰ ਇਕ ਦਿਨ ਅਚਾਨਕ ਪਤਾ ਲੱਗਿਆ ਕਿ ਪਿਤਾ ਜੀ ਨੇ ਆਪਣੀ ਬਦਲੀ ਫਿਰ ਹਰੀ ਕੇ ਕਲਾਂ ਦੀ ਕਰਵਾ ਲਈ ਹੈ ਤੇ ਹੁਣ ਅਸੀਂ ਪੱਕੇ ਤੌਰ ਤੇ ਮੁੱਦਕੀ ਵਾਂਗ ਝੁੰਬੇ ਨੂੰ ਵੀ ਅਲਵਿਦਾ ਕਹਿ ਜਾਣੀ ਸੀ।

•

**ਮੋਬਾ :** 9501050016

ਕਵਿਤਾ : ***ਦੀਪਕ ਸ਼ਰਮਾ ਚਨਾਰਥਲ***



## ਤਿਰੰਗਾ

ਤੜਕਸਾਰ ਮੂੰਹ ਹਨੇਰੇ
ਲਾਲ ਕਿਲ੍ਹੇ ਦੇ ਪਿੱਛੇ
ਮੈਂ ਗੁਫ਼ਤਗੂ ਕਰਦਿਆਂ ਸੁਣਿਆ
ਬੱਕਰੇ ਤੇ ਖਜੂਰ ਨੂੰ

ਬੱਕਰਾ ਬੋਲਿਆ—
'ਮੈਂ ਕਿਵੇਂ ਸਾਬਤ ਕਰਾਂਗਾ
ਆਪਣੀ ਨਾਗਰਿਕਤਾ
ਮੈਨੂੰ ਵੀ ਤਾਂ ਹੁਣ...'

ਖਜੂਰ ਬੋਲੀ—
'ਕਿਤੇ ਮੈਨੂੰ ਵੀ ਐਲਾਨ ਨਾ ਦੇਣ
ਘੁਸਪੈਠੀਆ'

ਅਚਾਨਕ ਸਹਿਮਿਆ ਹੋਇਆ
ਇਕ ਹੋਰ ਪਰਛਾਵਾਂ ਸਾਹਮਣੇ
ਆਇਆ
ਕੰਬਦੀ ਆਵਾਜ਼ ਵਿਚ ਸੇਵੀਆਂ
ਬੋਲੀਆਂ
'ਮੈਨੂੰ ਵੀ ਕਰ ਨਾ ਦੇਵਣ
ਕਿਤੇ ਬਾਹਰਾ'

ਬੱਕਰੇ ਦੇ ਹੱਕ ਵਿਚ
ਗਊ ਆ ਖਲੋਤੀ
ਤੇ ਖਜੂਰ ਦੇ ਹੱਕ ਵਿਚ
ਨਾਰੀਅਲ
ਸੇਵੀਆਂ ਦੀ ਪਿੱਠ 'ਤੇ
ਆ ਖਲੋਤਾ
ਕੜਾਹ

ਉਨ੍ਹਾਂ ਦੇ ਫ਼ਿਕਰਾਂ ਨੂੰ ਸੁਣਦਿਆਂ
ਮੈਂ ਲਹਿਰਾਉਣਾ ਭੁੱਲ ਗਿਆ ਸਾਂ
ਜਦ ਮੈਂ ਬੋਲਿਆ
ਤਾਂ ਸਭਨਾਂ ਨੇ
ਉਪਰ ਤੱਕਿਆ
ਮੈਂ ਕਿਹਾ—

ਜੇ ਰਾਜੇ ਦਾ ਵਸ ਚੱਲੇ
ਤਾਂ ਮੇਰੇ ਵਿਚੋਂ ਵੀ
ਮਨਫ਼ੀ ਕਰ ਦੇਵਣ
ਹਰੇ ਰੰਗ ਨੂੰ
ਹਰਿਆਲੀ ਦੇ ਪ੍ਰਤੀਕ
ਇਸ ਰੰਗ ਨੂੰ ਵੀ ਤਾਂ
ਉਹ ਸਮਝਦੇ ਨੇ...

ਸੋਚ ਜ਼ਰਾ
ਜੇ ਮੇਰੇ ਵਿਚੋਂ
ਇਕ ਰੰਗ ਵੀ ਹੋ ਗਿਆ ਮਨਫ਼ੀ
ਫਿਰ ਮੈਂ ਕਿੰਝ ਰਹਾਂਗਾ
ਤਿਰੰਗਾ

•

**ਮੋਬਾ :** 98770-47924



# ਨਿਰਾਲਾ—ਕਦੇ ਕਤਰਾ ਕਦੇ ਸਮੁੰਦਰ

–ਡਾ. ਅਮਰ ਕੋਮਲ

ਜੋਗਿੰਦਰ ਸਿੰਘ ਨਿਰਾਲਾ ਨੂੰ ਮੈਂ ਉਸ ਵੇਲੇ ਤੋਂ ਜਾਣਦਾ ਹਾਂ, ਜਦੋਂ ਉਹ ਬੱਚਿਆਂ ਵਾਂਗ ਸੀ, ਮੈਂ ਉਸ ਨੂੰ ਹੁਣ ਵੀ ਜਾਣਦਾ ਹਾਂ, ਜਦ ਉਹ ਆਪ ਬੱਚਿਆਂ ਵਾਲਾ ਹੈ ਪਰ ਮੈਂ ਉਸ ਦੀ ਪੂਰੀ ਤਰ੍ਹਾਂ ਪਹਿਚਾਣ ਨਹੀਂ ਕਰ ਸਕਿਆ।ਉਹ ਆਪਣੇ ਤਖ਼ੱਲਸ ਵਾਂਗ ਨਿਰਾਲਾ ਹੀ ਹੈ।

ਨਿਰਾਲਾ ਇੱਕ ਵਿਅਕਤੀ ਦੇ ਤੌਰ ਤੇ ਨਿਰਾਲਾ ਤਾਂ ਹੈ ਹੀ, ਜਿਵੇਂ ਇੱਕ ਸਵੈ-ਚਾਲਕ ਯੰਤਰ ਹੋਵੇ, ਇੱਕ ਲੇਖਕ ਦੇ ਤੌਰ ਤੇ ਵੀ ਨਿਰਾਲਾ ਹੈ। ਉਹ ਜਦ ਮਿਲਦਾ ਹੈ, ਚੰਗਾ ਦੋਸਤ ਲੱਗਦਾ ਹੈ ਪਰ ਜਦ ਕਦੇ ਉਹ ਨਹੀਂ ਮਿਲਦਾ ਦੂਜੇ ਉਹਦੀਆਂ ਗੱਲਾਂ ਸੁਣਾਉਂਦੇ ਤੇ ਕਰਦੇ ਹਨ, ਤਾਂ ਉਹ ਇੱਕ ਖ਼ਤਰਨਾਕ ਆਦਮੀ ਜਾਪਦਾ ਹੈ। ਕਦੇ ਉਹ ਸਾਊ ਬੀਬਾ ਤੇ ਗੰਭੀਰ ਪਰ ਕਦੇ ਵਿਅੰਗਾਤਮਿਕ ਰੁਚੀਆਂ ਵਾਲਾ, ਕਟਾਖ ਕਰਨ ਵਾਲਾ, ਕੰਡੇ ਵਰਗਾ ਤਿੱਖਾ ਤੇਜ਼ ਤਰਾਰ। ਕਦੇ ਉਹ ਭੋਲਾ-ਭਾਲਾ ਤੇ ਕਦੇ ਹੁਸ਼ਿਆਰ ਜਾਪਦਾ ਹੈ। ਕਿਸੇ ਸਮੇਂ ਉਹ ਤੁਹਾਡਾ ਵਿਰੋਧੀ ਤਰਕਸ਼ੀਲ ਲਹਿਜੇ ਵਿੱਚ ਬੋਲਦਾ ਹੋਇਆ ਵੀ ਤੁਹਾਡੇ ਨਾਲ ਸਹਿਮਤ ਹੋ ਸਕਦਾ ਹੈ।ਉਹ ਆਪਣੇ ਆਪ ਵਿੱਚ ਤੂਫ਼ਾਨ ਵੀ ਹੈ, ਪੁਰੇ ਦੀ ਠੰਢੀ ਵਗਦੀ 'ਵਾ ਵਾਂਗ ਧੀਮੇ ਸੁਰ ਵਾਲਾ ਵੀ। ਕਦੇ ਤੱਤਾ ਹੈ, ਕਦੇ ਠੰਢਾ ਹੈ। ਇਹ ਮਨੁੱਖੀ ਪ੍ਰਕਿਰਤੀ ਦੇ ਸਾਰੇ ਤੱਤ ਉਸ ਵਿੱਚ ਹਨ, ਕਿਉਂਕਿ ਉਹ ਇੱਕ ਸਾਧਾਰਣ ਵਿਅਕਤੀ ਹੀ ਹੈ। ਨਿਰਾਲਾ-ਨਿਰਾਲਾ ਹੈ।

ਨਿਰਾਲਾ ਆਪਣੇ ਜੀਵਨ ਦੇ ਆਰੰਭ ਤੋਂ ਹੀ ਨਿਰਾਲਾ ਹੈ। ਜਦੋਂ ਉਹ ਵਿਦਿਆਰਥੀ ਸੀ ਤਾਂ ਉਸਦੇ ਮਨ ਵਿੱਚ ਨਵੀਆਂ-ਨਵੀਆਂ ਅਲੋਕਾਰ ਕੁਤਕੁਤਾੜੀਆਂ ਉੱਠਦੀਆਂ ਸਨ। ਜ਼ਿੰਦਗੀ ਉਸ ਲਈ ਇੱਕ ਪ੍ਰਯੋਗਸ਼ਾਲਾ ਵਾਂਗ ਸੀ। ਮੈਂ ਉਸ ਨੂੰ ਬਚਪਨ ਤੋਂ ਅੱਲ੍ਹੜ ਜਵਾਨੀ ਵੱਲ ਪੈਰ ਧਰਦੇ ਵੇਖਦਾ ਰਿਹਾ ਹਾਂ। ਉਸ ਵਿੱਚ ਬਾਗ਼ੀਆਨਾ ਪ੍ਰਕਿਰਤੀ ਦੇ ਤੱਤ ਵਿਕਸਤ ਹੁੰਦੇ ਰਹੇ ਹਨ।ਉਹ ਕਦੇ ਆਪਣੇ ਆਪ ਤੋਂ, ਆਪਣੇ ਸਮਾਜ ਤੋਂ ਬਗ਼ਾਵਤ ਕਰਦਾ ਰਿਹਾ ਹੈ। ਕਦੇ ਉਹ ਇਕੱਲਾ-ਇਕੱਲਾ ਰਹਿ ਗਿਆ ਜਾਪਦਾ ਹੈ। ਪਰ ਉਹਦੀ ਮਾਨਸਿਕਤਾ ਵਿੱਚ ਜਦੋਂ ਜਜ਼ਬਿਆਂ ਦਾ ਹੜ੍ਹ ਆਉਂਦਾ ਹੈ ਉਹ ਸ਼ੂਕਦਾ ਦਰਿਆ ਵੀ ਬਣ ਜਾਂਦਾ ਜਾਪਦਾ ਹੈ। ਪਹਾੜ ਵਾਂਗ ਪਰਪੱਕ, ਚੁੱਪ-ਚਪੀਤਾ ਅਡੋਲ ਤੇ ਨਿਸ਼ਚਿਤ।

ਨਿਰਾਲਾ ਨੂੰ ਭਰੋਸੇ ਵਿੱਚ ਲੈਣਾ ਬਹੁਤ ਹੀ ਔਖਾ ਕਾਰਜ ਹੈ। ਕਦੇ-ਕਦੇ ਤਾਂ ਇੰਜ ਲੱਗਦਾ ਹੈ, ਨਿਰਾਲਾ ਜਦੋਂ ਤੁਹਾਡੇ ਨਾਲ ਗੱਲਾਂ ਕਰਦਾ ਹੈ, ਤੁਹਾਡਾ ਆਪਣਾ ਬੇਲੀ ਹੈ। ਪਰ ਕਦੇ-ਕਦੇ ਦੂਰ-ਦੂਰ। ਇਹ ਉਹਦੀ ਖੁਸ਼ਕਿਸਮਤੀ ਹੈ ਕਿ ਸਾਹਿਤ ਦੀ ਗੁੜ੍ਹਤੀ ਉਹਨੂੰ ਘਰ ਵਿੱਚੋਂ ਮਿਲੀ ਹੈ। ਪ੍ਰੋ. ਪ੍ਰੀਤਮ ਸਿੰਘ ਰਾਹੀ, ਜਦੋਂ ਕਵਿਤਾ ਲਿਖਦਾ ਸੀ, ਉਹ ਛੋਟਾ ਜਿਹਾ ਸੀ। ਪਰ ਉਹ ਕਵੀ ਨਹੀਂ ਬਣ ਸਕਿਆ। ਸਾਹਿਤ ਦੇ ਕਹਾਣੀ ਰੂਪ ਨਾਲ ਉਸ ਨੇ ਦੋਸਤੀ ਪਾ ਲਈ। ਸ਼ਾਇਦ ਉਸਨੇ ਆਪਣੇ ਬਚਪਨ ਦੀ ਉਦਾਸੀ ਅਤੇ ਹਨੇਰੇ ਨੂੰ ਆਪਣੇ ਮਨ ਵਿੱਚ ਕਲਪੀਆਂ ਕਹਾਣੀਆਂ ਨਾਲ ਰੌਸ਼ਨ ਕੀਤਾ ਹੋਵੇ। ਮੈਨੂੰ ਯਾਦ ਹੈ, ਅੱਜ ਤੋਂ 25-27 ਸਾਲ ਪਹਿਲਾਂ, ਜਦ ਮੈਂ ਉਸ ਦੀਆਂ ਕਾਕੜੇ ਬੇਰਾਂ ਵਰਗੀਆਂ ਕਹਾਣੀਆਂ ਦੀ ਮਹਿਕ ਪ੍ਰਾਪਤ ਕਰਦਾ ਸਾਂ। ਉਹ ਉਸ ਸਮੇਂ ਜਦੋਂ ਮੈਨੂੰ ਕਹਾਣੀਆਂ ਸੁਣਾਇਆ ਕਰਦਾ ਸੀ, ਮੈਨੂੰ ਜਾਪਦਾ ਸੀ ਕਿ ਉਹਦੀਆਂ ਅੱਖਾਂ ਵਿੱਚ, ਉਹਦੀ ਚੰਗੀ ਕਹਾਣੀ ਦਾ ਉਜਲਾ ਭਵਿੱਖ ਹੈ ਤੇ ਇਹ ਕਿਸੇ ਹੱਦ ਤੱਕ ਠੀਕ ਵੀ ਹੈ। ਉਸ ਨੇ ਕੇਵਲ ਕਹਾਣੀਆਂ ਲਿਖ ਕੇ ਆਪਣੀ ਕਹਾਣੀ ਨੂੰ ਸਥਾਪਿਤ ਕੀਤਾ ਹੈ ਤੇ ਕਰ ਰਿਹਾ ਹੈ। ਉਸ ਨੇ ਕਹਾਣੀ ਲਿਖਣ ਦੇ ਜੋ ਨਵੇਂ-ਨਵੇਂ ਤਜ਼ਰਬੇ ਕੀਤੇ ਹਨ- ਇਹ ਉਸ ਦੀ ਕਹਾਣੀ ਨੂੰ ਨਵੀਂ ਕਹਾਣੀ ਕਹਿਣ ਦੇ ਮੁੱਖ ਕਾਰਨ ਬਣਦੇ ਹਨ।

ਜਿਵੇਂ ਮੈਂ ਪਹਿਲਾਂ ਕਿਹਾ ਹੈ, ਉਹ ਸਾਧਾਰਣ ਵਿਅਕਤੀ ਹੈ। ਉਸ ਦੀਆਂ ਲੋਚਾਂ ਨੇ ਵੀ ਮਹਿਕ ਦੇ ਘੁੱਟ ਭਰਨ ਦੇ ਯਤਨ ਕੀਤੇ ਹੋਣਗੇ। ਉਸ ਨੇ ਵੀ ਬ੍ਰਿਹਾ ਵਿੱਚ ਪਿਆਸੇ-ਪਲਾਂ ਦਾ ਦਰਦ ਹੰਢਾਇਆ ਹੋਵੇਗਾ। ਉਹਨੇ ਦੂਜਿਆਂ ਦੀਆਂ ਨਜ਼ਰਾਂ ਵਿੱਚ ਗ਼ਲਤ ਕਾਰਜ ਕੀਤਾ ਕਿ ਉਸਨੇ ਆਪਣੀ ਕਲਮ ਰਾਹੀਂ ਮਨੁੱਖੀ ਮਨ ਦੀ ਹਰ ਲੋਚ ਨੂੰ ਕਲਾਤਮਿਕ ਵਿਧੀ ਨਾਲ ਅਭਿਵਿਅਕਤ ਕੀਤਾ ਹੈ। ਜੋ ਇਸ ਨੂੰ ਅਸ਼ਲੀਲ ਕਹਿੰਦੇ ਹਨ, ਉਸ ਵੱਲ ਇਸ ਨੇ ਵੇਖਣ ਦਾ ਜੇਰਾ ਵੀ ਨਹੀਂ ਕੀਤਾ। ਉਸ ਦੀਆਂ ਕਈ ਕਹਾਣੀਆਂ ਵਿੱਚ ਮਨੁੱਖੀ ਜਜ਼ਬਾ, ਸ਼ੂਕਦੇ ਪਹਾੜੀ ਨਾਲੇ ਵਾਂਗ ਵੀ ਲੱਗਦਾ ਹੈ, ਕਈ ਕਹਾਣੀਆਂ ਵਿੱਚ ਪੇਸ਼ ਵਿਚਾਰ ਬੁੱਢੇ ਦਰਿਆ ਦੀ ਧੀਰਜ ਭਰੀ ਰਵਾਨਗੀ ਵਾਂਗ ਗਹਿਰ ਗੰਭੀਰ ਵੀ।

ਹਰ ਵਿਅਕਤੀ ਆਪਣੇ ਜੀਵਨ ਵਿੱਚ ਤਜ਼ਰਬੇ ਕਰਦਾ ਹੈ, ਤੇ ਕੋਈ ਵੱਧ ਕੋਈ ਘੱਟ। ਨਿਰਾਲਾ ਨੇ ਵੀ ਆਪਣੇ ਜੀਵਨ ਵਿੱਚ ਅਨੇਕਾਂ ਤਜਰਬੇ ਕੀਤੇ ਹਨ, ਜਿਵੇਂ ਕਿ ਇਕੱਲਾ ਤੇ ਉਦਾਸ ਰਹਿ ਕੇ ਸੋਚਣ ਦੇ। ਪਿਆਰ ਦੀ ਪੀਂਘ ਝੂਟਣ ਦੇ, ਆਪਣੀ ਮਨਚਾਹੀ ਨੌਕਰੀ ਕਰਨ ਦੇ, ਅੰਗਰੇਜ਼ੀ ਦੀ ਐਮ.ਏ. ਕਰਨ ਦੇ ਕਈ ਯੂਨੀਵਰਸਿਟੀਆਂ ਵਿੱਚ ਪੀ.ਐਚ.ਡੀ. ਕਰਨ ਦੇ ਪਰ ਇਹਨਾਂ ਸਾਰੇ ਤਜਰਿਬਆਂ ਵਿੱਚ ਉਸਨੇ ਆਪਣੇ ਸਵੈ ਨੂੰ ਹੰਢਾ ਕੇ, ਪੱਥਰ ਵਾਂਗ

ਘਸਾ ਕੇ, ਕੁੱਝ ਗਵਾਇਆ ਨਹੀਂ, ਪ੍ਰਾਪਤ ਹੀ ਕੀਤਾ ਹੈ। ਮੈਂ ਕਿਹਾ ਸੀ ਨਾ, ਨਿਰਾਲਾ ਨਿਰਾਲਾ ਹੀ ਹੈ ਤੇ ਉਸਨੇ ਨਿਰਾਸ਼ਤਾ ਵਿੱਚੋਂ ਕੁੱਝ ਸਬਕ ਸਿੱਖ ਲੈਣ ਦੀ ਜੁਗਤ ਹੀ ਲੱਭੀ ਹੈ। ਇਹੋ ਤਜ਼ਰਬਿਆਂ ਦੀ ਕਾਰਜਸ਼ੀਲਤਾ ਉਸਨੂੰ ਇੱਕ ਲੇਖਕ ਲਈ ਵਿਚਾਰ ਸਮੱਗਰੀ ਪ੍ਰਦਾਨ ਕਰਦੀ ਹੈ। ਇਹ ਕੋਈ ਘੱਟ ਪ੍ਰਾਪਤੀ ਨਹੀਂ।

ਇੱਕ ਗੱਲ ਜਿਹੜੀ ਮੈਨੂੰ ਚੰਗੀ ਲੱਗਦੀ ਹੈ, ਉਹ ਇਹ ਹੈ ਕਿ ਨਿਰਾਲਾ ਨੂੰ ਕੰਡਿਆਂ ਵਾਲੀ ਟਹਿਣੀ ਉੱਪਰ ਲੱਗੇ ਗੁਲਾਬ ਦੇ ਫੁੱਲਾਂ ਦੀ ਮਹਿਕ ਪ੍ਰਾਪਤ ਕਰਨ ਦੀ ਆਦਤ ਵੀ ਹੈ। ਜਦ ਉਹ ਇੰਜ ਕਰਦਾ ਹੈ ਤਾਂ ਉਹ ਕੰਡਿਆਂ ਤੋਂ ਬਚਣ ਦੇ ਉਪਰਾਲੇ ਨਹੀਂ ਕਰਦਾ ਬਲਕਿ ਕੰਡਿਆਂ ਨਾਲ ਖਹਿੰਦਾ ਹੈ। ਉਹਨਾਂ ਦੇ ਚੁਭਣ ਦਾ ਅਹਿਸਾਸ ਕਰਦਾ ਹੈ। ਅਵੱਲੜੇ ਦਰਦ ਨੂੰ ਝੱਲਦਾ ਹੈ। ਇਸ ਦਰਦ ਦੀਆਂ ਘੜੀਆਂ ਵਿੱਚ ਬਣੇ ਉਸ ਦੇ ਅਨੁਭਵਾਂ ਦੀਆਂ ਅਭਿਵਿਅਕਤੀਆਂ ਹੀ ਉਸ ਨੂੰ ਲਿਖਣ ਲਈ ਪ੍ਰੇਰਦੀਆਂ ਹੈ। ਨਿਰਾਲਾ ਨੇ ਆਪਣੀ ਸਾਹਿਤ ਸਿਰਜਣਾ ਦੀ ਉਮਰ ਮੁਤਾਬਕ ਬਹੁਤ ਘੱਟ ਲਿਖਿਆ ਹੈ। ਜੋ ਲਿਖਿਆ ਹੈ, ਵਧੀਆ ਲਿਖਿਆ ਹੈ।

ਨਿਰਾਲਾ ਵਿੱਚ ਕਈ ਘਾਟਾਂ ਹਨ, ਜਿਵੇਂ ਉਹ ਜੇ ਇੱਕ ਵਿਅਕਤੀ ਹੈ ਤਾਂ ਉਸਨੂੰ ਰਾਜਨੀਤੀ ਦੇ ਪੈਂਤੜੇ ਨਹੀਂ ਆਉਂਦੇ। ਜੇ ਉਹ ਇੱਕ ਲੇਖਕ ਹੈ ਤਾਂ ਲੇਖਕ ਹੀ ਹੈ, ਪੱਤਰਕਾਰ ਨਹੀਂ, ਪੋਪ ਲੀਲਾ ਕਰਨ ਵਾਲਾ ਜੋਕਰ ਨਹੀਂ। ਉਸਨੂੰ ਵਿਖਾਵੇ ਨਹੀਂ ਕਰਨੇ ਆਉਂਦੇ। ਜੇ ਉਹ ਕਿਸੇ ਦੀ ਸਾਹਿਤਕ ਚੁਗਲੀ ਕਰਦਾ ਹੈ ਤਾਂ ਬਸ ਆਪਣੇ ਮਨ ਦੀ ਭੜਾਸ ਕੱਢਣ ਲਈ ਹੀ, ਇਸ ਤੋਂ ਵੱਧ ਕੁੱਝ ਨਹੀਂ। ਉਹ ਫੋਕੀ ਸ਼ੋਹਰਤ ਪ੍ਰਾਪਤ ਕਰਨ ਲਈ ਗੁਟਬੰਦੀ ਬਣਾਉਂਦਾ ਹੈ, ਨਾ ਹੀ ਸਾਰੀ ਰਾਤ ਕਹਾਣੀਆਂ ਪੜ੍ਹਨ ਦੀ ਮਹਿਫਲ ਵਿੱਚ ਸ਼ਾਮਿਲ ਹੁੰਦਾ ਹੈ। ਨਾ ਉਸ ਕੋਲ ਟੀ.ਵੀ. ਰੇਡੀਓ ਲਈ ਸਿਫਾਰਸ਼ ਕਰਨ ਦੀ ਕਲਾ ਹੈ। ਅੱਜ ਦੇ ਲੇਖਕਾਂ ਦੀਆਂ ਉਹ ਗੱਲਾਂ ਕਰਦਾ ਤੇ ਗੱਲਾਂ ਕਰਕੇ ਹੀ ਸੰਤੁਸ਼ਟ ਹੋ ਜਾਂਦਾ ਹੈ।

ਨਿਰਾਲਾ ਬਾਰੇ ਆਮ ਚਰਚਾ ਹੈ ਕਿ ਉਹ ਆਪਣੀ ਢਾਣੀ ਦਾ ਮੋਹਰੀ ਬਣਨ ਲਈ ਯਤਨਸ਼ੀਲ ਰਹਿੰਦਾ ਹੈ। ਪਰ ਸਫ਼ਲ ਨਹੀਂ ਹੁੰਦਾ। ਨਿਰਾਲਾ ਇਕ ਕਤਰਾ ਹੈ, ਜੋ ਸਮੁੰਦਰ ਬਣਨ ਦਾ ਯਤਨ ਕਰਦਾ ਹੈ। ਇਹੋ ਇਹਦੀ ਖ਼ੂਬੀ ਹੈ।

ਨਿਰਾਸ਼ਾ, ਉਪਰਾਮਤਾ, ਉਦਾਸੀ ਉਸਦੇ ਜੀਵਨ ਦਾ ਅੰਗ ਹਨ, ਪਰ ਇਹਨਾਂ ਨਾਲ ਦੋਸਤੀ ਪਾਉਣੀ ਸਿੱਖ ਗਿਆ ਹੈ। ਨਿਰਾਲਾ ਸਾਧਾਰਣ ਵਿਅਕਤੀ ਹੁੰਦਾ ਹੋਇਆ ਵੀ ਆਪਣੇ ਆਪ ਵਿੱਚ ਇਸ ਲਈ ਵਿਸ਼ੇਸ ਹੈ ਕਿ ਉਹਦੀ ਜਿੰਦ ਕਹਾਣੀ ਔਕੜਾਂ ਦੇ ਅੱਗੇ ਨਿਰੰਤਰ ਮਿਹਨਤ ਕਰੀ ਜਾਣ ਦੀ ਕਹਾਣੀ ਹੈ। ਉਸ ਦੀ ਪ੍ਰਤਿਭਾ ਵਿੱਚ ਜੋ ਕੁੱਝ ਹੈ, ਉਹ ਯਤਨ ਕਰੀ ਜਾਣ ਦੀ ਲਗਨ ਹੈ। ਉਸਨੇ ਆਪਣੀ ਉਮਰ ਵਿੱਚ ਪੈਰਾਂ ਪਰਨੇ ਖੜ੍ਹੇ ਹੋਣ ਦਾ ਜਦ ਵੀ ਅਭਿਆਸ ਕੀਤਾ ਹੈ, ਉਹ ਅੱਗੇ ਵਧਿਆ ਹੈ। ਹਾਲਾਤ ਨਾਲ ਸਮਝੌਤਾ ਕੀਤਾ ਹੈ। ਆਰਥਿਕ ਸੰਕਟਾਂ ਨੂੰ ਸਮੇਟਿਆ ਹੈ। ਉਸ ਕੋਲ ਆਪਣਾ ਸਵੈਮਾਨ ਹੀ ਉਸਦੀ ਪੂੰਜੀ ਹੈ। ਜਿਸ ਨੂੰ ਉਹ ਬੜੀ ਚੌਕਸੀ ਨਾਲ ਖ਼ਰਚ ਕਰਦਾ ਹੈ।

ਨਿਰਾਲਾ ਸੁਤੰਤਰ ਸੋਚ ਦਾ ਮਾਲਕ ਹੈ। ਪ੍ਰਤਿਬੱਧਤ ਵੀ ਹੈ। ਆਪਣੀ ਹੀ ਉਸ ਦੀ ਮੌਲਿਕ ਦ੍ਰਿਸ਼ਟੀ ਹੈ। ਉਸ ਨੇ ਜੋ ਵੀ ਬੌਧਿਕ ਪ੍ਰਾਪਤੀ ਕੀਤੀ ਹੈ, ਅਜੇ ਸਮੁੰਦਰ ਦੇ ਇੱਕ ਕਤਰੇ ਵਾਂਗ ਹੈ। ਉਸਨੇ ਆਪਣੇ ਅੰਦਰ ਅਜੇ ਹੋਰ ਸ਼ਕਤੀ, ਪ੍ਰਤਿਭਾ ਜਗਾਉਣੀ ਹੈ। ਉਸਨੇ ਦਿਮਾਗੀ ਮੁਸ਼ੱਕਤ ਰਾਹੀਂ ਅਨੇਕਾਂ ਪ੍ਰਯੋਜਨ ਪ੍ਰਾਪਤ ਕਰਨੇ ਹਨ।

ਨਿਰਾਲਾ ਦੀਆਂ ਆਪਣੀਆਂ ਮੁਸ਼ਕਲਾਂ ਤੇ ਔਕੜਾਂ ਹਨ, ਜੋ ਅੱਜ ਦੇ ਸਮਾਜ ਵਿੱਚ ਰਹਿੰਦੇ ਭਲੇ ਮਾਣਸ ਆਦਮੀ ਦੀਆਂ ਔਕੜਾਂ ਵਾਂਗ ਹਨ। ਸੰਵੇਦਨਸ਼ੀਲ ਵਿਅਕਤੀ ਹਾਲਾਤੇ ਹਾਜ਼ਰਾ ਤੋਂ ਵਧੇਰੇ ਤਨਾਅ ਗ੍ਰਸਿਆ ਹੋ ਜਾਂਦਾ ਹੈ। ਪਰੰਤੂ ਅਸੀਂ ਲੇਖਕਾਂ ਨੇ ਇਹਨਾਂ ਅਨੁਭਵਾਂ ਨੂੰ ਹੰਢਾਉਣ ਦਾ ਤਜ਼ਰਬਾ ਪ੍ਰਾਪਤ ਕਰਨਾ ਹੈ। ਨਿਰਾਲਾ ਆਪਣੇ ਭਵਿੱਖ ਵਿੱਚ ਕੁੱਝ ਕਰੇਗਾ, ਇਹੋ ਮੈਨੂੰ ਆਸ ਹੈ।

ਮੇਰੀ ਦਿਲੀ ਤਮੰਨਾ ਹੈਃ

"'ਨਿਰਾਲਾ ਆਪਣੀ ਕਲਮ ਨੂੰ ਕੰਜੂਸੀ ਨਾਲ, ਪਰ ਸਿਆਣਪ ਨਾਲ ਵਰਤੇ।'

ਮੈਂ ਚਾਹੁੰਦਾ ਹਾਂ।

"ਨਿਰਾਲਾ ਆਪਣੇ ਅੰਦਰ ਸੁੱਤੀ ਹੋਈ ਪ੍ਰਤਿਭਾ ਨੂੰ ਜਗਾਵੇ ਤੇ ਕੁੱਝ ਕਰਦਾ ਰਹੇ।" ਮੇਰੀਆਂ ਸ਼ੁਭ ਇਛਾਵਾਂ।

੦ ੦

ਆਧੁਨਿਕਤਾ ਦੇ ਉੱਤਰ ਕਾਲ ਦਾ ਕਹਾਣੀਕਾਰ, ਜੋਗਿੰਦਰ ਸਿੰਘ ਨਿਰਾਲਾ ਪੁਸਤਕ 'ਮੈਂ' 1993 ਈ. ਵਿੱਚ ਸੰਪਾਦਨ ਕੀਤੀ ਸੀ, ਜਿਸ ਵਿੱਚ ਜਿੱਥੇ ਉਸ ਸਮੇਂ ਤੱਕ ਨਿਰਾਲਾ ਦੀਆਂ ਪ੍ਰਕਾਸ਼ਤ ਹੋਈਆਂ ਕਹਾਣੀਆਂ ਦੇ ਵੱਖ-ਵੱਖ ਸੰਗ੍ਰਹਿਾਂ ਦੇ ਆਧਾਰ 'ਤੇ ਵਿਵੇਚਣਾਤਮਿਕ ਮੁਲਾਂਕਣ ਵੱਖ-ਵੱਖ ਵਿਦਵਾਨਾਂ ਦਾ ਲਿਖਿਆ, ਪ੍ਰਕਾਸ਼ਿਤ ਕੀਤਾ ਗਿਆ ਹੈ। ਉੱਥੇ ਜੋਗਿੰਦਰ ਸਿੰਘ ਨਿਰਾਲਾ, ਦੇ ਵਿਅਕਤਿੱਤਵ ਦੇ ਬਹੁਪੱਖੀ ਚਰਿੱਤਰ ਅਤੇ ਪ੍ਰਕਿਰਤੀ ਨੂੰ ਜਾਣਨ ਸਮਝਣ ਅਤੇ ਪਾਠਕਾਂ ਨੂੰ ਉਸ ਦੇ ਦਰਸ਼ਨ ਕਰਵਾਉਣ ਲਈ 'ਸ਼ਬਦ ਚਿੱਤਰ' ਵੀ ਲਿਖਵਾਏ ਗਏ ਸਨ। ਇਨ੍ਹਾਂ ਸ਼ਬਦਾਂ ਚਿੱਤਰਾਂ ਦੀ ਅੱਜ 2019 ਈ. ਦੇ ਆਖਰੀ ਮਹੀਨਿਆਂ ਵਿੱਚ ਅੱਜ ਵੀ ਓਨੀ ਹੀ ਮਹੱਤਤਾ ਹੈ, ਜਿੰਨੀ ਕਿ ਉਸ ਸਮੇਂ ਸੀ। ਭਾਵੇਂ ਅੱਜ ਤੋਂ ਲਗਭਗ ਢਾਈ ਦਹਾਕੇ ਪਹਿਲਾਂ, ਪਾਠਕ ਬਦਲ ਗਏ ਹਨ। ਦੇਸ਼ (ਪੰਜਾਬ) ਦੇ ਰਾਜਨੀਤਿਕ, ਸਭਿਆਚਾਰਕ, ਆਰਥਿਕ ਅਤੇ ਸਮਾਜਿਕ ਹਾਲਾਤ ਬਦਲ ਗਏ ਹਨ। 21 ਵੀਂ ਸਦੀ ਦੇ ਵਿਗਿਆਨਕ ਕਾਲ ਤੇ ਗਿਆਨ ਵਿਗਿਆਨ ਦੀਆਂ ਕਾਢਾਂ ਨੇ ਅੱਜ ਦੇ ਮਨੁੱਖ ਦੀ ਸੋਚ ਚੱਲਣ ਅਤੇ ਪ੍ਰਕਿਰਤੀ ਬਦਲ ਦਿੱਤੀ ਹੈ, ਪਰ ਨਿਰਾਲਾ ਕਹਾਣੀਕਾਰ ਵਜੋਂ ਆਪਣੀ ਸੋਚ, ਤਜ਼ਰਬੇ ਅਤੇ ਅਧਿਆਪਨ ਤਜ਼ਰਬਿਆਂ ਕਾਰਨ ਵਧੇਰੇ ਸੂਝਵਾਨ ਪਰਪੱਕ ਹੋਇਆ ਹੈ। ਉਸ ਅੰਦਰ ਆਲੋਚਕ, ਵਿਚਾਰਵਾਨ, ਸੂਝਵਾਨ ਅਤੇ ਅਧਿਆਪਨ

ਅਧਿਐਨ ਅਤੇ ਵਿਵੇਚਣ ਕਾਰਨ, ਚਿੰਤਨ ਤੇ ਚੇਤਨਾਂ ਦਾ ਵਿਕਾਸ ਹੋਇਆ ਹੈ। ਉਹ ਇੱਕ ਨਵੀਂ ਸੋਚ ਵਾਲਾ ਪੰਜਾਬੀ ਕਹਾਣੀ ਦਾ ਵਿਵੇਚਣਾਤਮਿਕ ਅਧਿਅਨ ਕਰਨ ਵਾਲਾ ਇੱਕੀਵੀਂ ਸਦੀ ਦਾ ਆਲੋਚਕ ਬਣ ਕੇ ਹਾਜ਼ਰੀ ਲਵਾ ਚੁੱਕਾ ਹੈ।

ਮੈਂ ਉਸ ਨੂੰ ਆਧੁਨਿਕਤਾ ਦੇ ਉੱਤਰ ਕਾਲ ਦਾ ਪੰਜਾਬੀ ਕਹਾਣੀਕਾਰ ਕਿਹਾ ਹੈ। ਅੱਜ ਮੇਰਾ ਇਹ ਕਥਨ, ਉਸ ਦੀਆਂ ਸਮੁੱਚੀਆਂ ਕਹਾਣੀਆਂ ਪੜ੍ਹਕੇ ਇਸ ਕਥਨ ਦੀ ਅਸਲੀਅਤ ਨੂੰ ਸਹੀ ਸਾਬਤ ਕਰਦਾ ਹੈ। ਹੁਣ ਤੱਕ ਨਿਰਾਲਾ ਦੇ ਕਹਾਣੀ ਸੰਗ੍ਰਹਿ ਦਾ ਵੇਰਵਾ ਪੇਸ਼ ਹੈ। ਪਰਿਸਥਿਤੀਆਂ 1968, ਨਾਇਕ ਦੀ ਖੋਜ (1973), ਸੰਤਾਪ (1983) ਰੱਜੇ-ਪੁੱਜੇ ਲੋਕ (1985), ਉੱਤਰ ਕਥਾ (1990) ਚੋਣਵੀਆਂ ਕਹਾਣੀਆਂ (2002) ਸ਼ੁਤਰਮੁਰਗ ਦੀ ਵਾਪਸੀ (2002) ਜ਼ਿੰਦਗੀ ਦਾ ਦਰਿਆ (2013)। ਉਸ ਵੱਲੋਂ ਸੰਪਾਦਿਤ ਪੁਸਤਕਾਂ ਦੇ ਨਾਂ ਹਨ। ਕਾਕੜੇ ਬੇਰ (1962), ਦਾਇਰੇ (1990), ਨਾਰਦ ਡਉਰੂ ਵਾਇਆ (1991) ਕਥਨ (1991) ਅਤੇ ਆਲੋਚਕ ਵਜੋਂ ਉਸ ਦੀਆਂ ਪੁਸਤਕਾਂ ਦਾ ਵੇਰਵਾ ਇਹ ਹੈ। ਪੰਜਾਬੀ ਕਹਾਣੀ ਵਿੱਚ ਤਣਾਓ (1990) ਕਹਾਣੀ ਦੀ ਰੂਪ-ਰੇਖਾ (2008), ਨੌਂਵੇਂ ਦਹਾਕੇ ਤੋਂ ਬਾਅਦ ਦੀ ਕਹਾਣੀ (2011)। (2015) ਈ. ਵਿੱਚ ਉਸ ਦੀਆਂ ਸਮੁੱਚੀਆਂ ਕਹਾਣੀਆਂ, "ਕਥਾ ਪਰਿਕਰਮਾ' ਸੰਗ੍ਰਹਿ, ਡਾ. ਅਮਰ ਕੋਮਲ ਨੇ ਸੰਪਾਦਕ ਕੀਤਾ ਹੈ। ਸੰਪਾਦਕ ਦਾ ਇਹ ਅਨੂਠਾ-ਸੰਗ੍ਰਹਿ, ਡਾ. ਜੋਗਿੰਦਰ ਸਿੰਘ ਨਿਰਾਲਾ ਦੀਆਂ ਸਮੁੱਚੀਆਂ ਕਹਾਣੀਆਂ ਦੇ ਸਮੁੱਚੇ ਜਗਤ ਦੇ ਸ਼ਬਦ ਦਰਪਨ ਰਾਹੀਂ ਦਰਸ਼ਨ ਵੀ ਕਰਵਾਉਂਦਾ ਹੈ, ਬਲਕਿ ਨਿਰਾਲਾ ਦੇ ਸਮੁੱਚੇ ਕਹਾਣੀਆਂ ਦੇ ਸੰਸਾਰ ਨੂੰ ਅੰਤਰੀਵ ਚਿੰਤਨ ਤੇ ਚੇਤਨਾ ਨਾਲ ਮੁਲਾਂਕਣ ਹੋਇਆ ਵੀ ਪੇਸ਼ ਕਰਦਾ ਹੈ।'

ਡਾ. ਜੋਗਿੰਦਰ ਸਿੰਘ ਨਿਰਾਲਾ, ਲਗਭਗ, ਚਾਰ ਦਰਜਨ ਸਾਲਾਂ ਤੋਂ ਪੰਜਾਬੀ ਸਾਹਿਤ ਦੇ ਕਥਾ-ਜਗਤ ਨਾਲ ਅਤਿ ਨੇੜਤਾ ਦਾ ਰਿਸ਼ਤਾ ਬਣਾਉਣ ਵਾਲਾ ਅਜਿਹਾ ਕਹਾਣੀਕਾਰ ਹੈ ਜਿਸ ਨੂੰ ਨੇੜਿਓਂ ਹੋ ਕੇ ਬਚਪਨ ਤੋਂ ਕਿਸ਼ੋਰ ਅਵਸਥਾ, ਜਵਾਨੀ ਤੋਂ ਪ੍ਰੋੜਤਾ ਉਮਰ ਅਤੇ ਹੁਣ ਬੁਢਾਪਾ ਹੰਢਾਉਣਾ ਵੇਖਿਆ ਹੀ ਨਹੀਂ, ਅਨੁਭਵ ਵੀ ਕੀਤਾ ਹੈ। ਪਰਖਿਆ, ਪੜਚੋਲਿਆ ਹੈ। ਨੇੜੇ ਤੋਂ ਦੂਰ ਤੋਂ ਪੜ੍ਹਿਆ ਵਾਚਿਆ ਹੈ।ਉਸ ਦੇ ਨਿਰਾਸ਼ਾ ਪਲਾਂ ਵਿੱਚ ਠੁੰਮਣੇਂ ਦੇਣ ਦੇ ਯਤਨ ਕੀਤੇ ਹਨ। ਅਧਿਆਪਕ ਪ੍ਰੀਧਿਆਪਕ ਵਜੋਂ ਸਾਹਿਤ ਸਲਾਹਕਾਰ ਹੋਣ ਦੇ ਫਰਜ਼ ਵੀ ਨਿਭਾਏ ਹਨ।ਉਸ ਨੂੰ ਨੇੜੇ ਅਤੇ ਦੂਰ ਰਹਿ ਕੇ ਪਰਖਿਆ, ਵਾਚਿਆ ਅਤੇ ਸਮਝਾਇਆ ਵੀ ਹੈ ਪਰ ਉਹ ਸਿਰਫ਼ ਨਿਰਾਲਾ ਹੈ।ਸਭ ਤੋਂ ਨਿਰਾਲਾ ਹੈ।ਉਸ ਦੇ ਨਿਰਾਲੇ ਵਿਚਾਰ ਹਨ। ਨਿਰਾਲੇ ਕਥਨ ਹਨ। ਨਿਰਾਲੀਆਂ ਹੀ ਕਹਾਣੀਆਂ ਹਨ। ਜ਼ਿੰਦਗੀ ਵਿੱਚ ਉਸ ਨੇ ਨਿਰਾਲਾ ਬਣ ਕੇ ਰਹਿ ਕੇ ਵਿਚਰਕੇ ਠੋਕਰਾਂ ਵੀ ਖਾਦੀਆਂ ਹਨ। ਨਵੇਕਲੇ ਨਿਰਾਲੇ ਉਹ ਕਾਰਜ ਕੀਤੇ ਹਨ, ਜਿਹੜਾ ਆਮ ਖਾਸ ਵਿਅਕਤੀ ਨਹੀਂ ਕਰਦਾ। ਉਹ ਚਲਦਾ-ਚਲਦਾ ਡਿੱਗਿਆ ਵੀ ਹੈ ਪਰ ਆਪੇ ਉੱਠ ਕੇ ਚੱਲਿਆ ਹੈ, ਦੌੜਿਆ ਹੈ। ਕਦਮ-ਕਦਮ ਚੱਲ ਕੇ ਉਸ ਨੇ ਲੰਮੇ ਪੰਧ ਤਹਿ ਕੀਤੇ ਹਨ। ਤੀਜੇ ਚੌਥੇ ਦਰਜੇ ਦੇ ਮੁਲਾਜ਼ਮ ਤੋਂ ਲੈ ਕੇ ਉਸ ਨੇ ਪ੍ਰਿੰਸੀਪਲ ਬੀ.ਐਡ. ਕਾਲਜ ਵਜੋਂ ਅਤੇ ਹੋਰ ਅਨੇਕਾਂ ਜ਼ਿੰਮੇਵਾਰੀਆਂ ਵਾਲੀਆਂ ਸੇਵਾਵਾਂ ਨੂੰ ਸਫ਼ਲਤਾ ਪੂਰਵਕ ਸੰਪੰਨ ਕੀਤਾ ਹੈ। ਉਹ ਮਨ ਮੌਜੀ ਵੀ ਹੈ, ਪਰ ਆਪਣੀ ਸਲਤਨਤ ਨੂੰ ਸੰਭਾਲਣ ਦੀ ਉਸ ਵਿੱਚ ਤੌਫ਼ੀਕ ਹੈ। ਉਹ ਨਿਰਲੇਪ ਰਹਿ ਕੇ ਵੀ ਫਰਜ਼ਾਂ ਪ੍ਰਤਿ ਜਾਗਰੂਕ ਰਹਿੰਦਾ ਹੈ।

ਡਾ. ਜੋਗਿੰਦਰ ਸਿੰਘ ਨਿਰਾਲਾ, ਪਿਛਲੇ 45-50 ਸਾਲਾਂ ਤੋਂ ਬਰਨਾਲਾ ਦੀ ਸਾਹਿਤਕ ਲਹਿਰ ਇੱਕ ਅਨਿੱਖੜਵਾਂ ਅੰਗ ਰਿਹਾ ਹੈ। ਜਿਵੇਂ ਉਸਨੇ ਇਸ ਇਲਾਕੇ ਦੀ ਸਾਹਿਤਕ ਲਹਿਰ ਤੋਂ ਜਨਮ ਸਮੇਂ ਹੀ ਸਾਹਿਤ ਦੀ ਜਨਮ ਗੁੜ੍ਹਤੀ ਲਈ ਹੋਵੇ। ਵੱਡਾ ਭਰਾ ਪ੍ਰੀਤਮ ਸਿੰਘ ਰਾਹੀਂ ਉਸ ਸਮੇਂ ਕਵੀ ਬਣ ਚੁੱਕਾ ਸੀ, ਜਦ ਉਸਨੇ ਆਪਣੇ ਬਚਪਨ ਨੂੰ ਪਾਰ ਕਰਦਿਆਂ ਉਸ ਦੇ ਸਾਹਿਤਕ ਦੋਸਤਾਂ ਮਿੱਤਰਾਂ ਦੀ ਪਹਿਚਾਣ ਕਰਨੀ ਆਰੰਭ ਕਰ ਦਿੱਤੀ ਸੀ। ਸਵਰਗ ਵਾਸੀ ਗੁਰਮੇਲ ਮੁਡਾਹੜ, ਏਸ ਇਲਾਕੇ ਦੀ ਸਾਹਿਤਕ ਲਹਿਰ ਦਾ ਪ੍ਰਸਿੱਧ ਕਹਾਣੀਕਾਰ ਅਤੇ ਸ਼ਬਦ ਚਿੱਤਰਾਂ ਦਾ ਚਤੇਰਾ ਸੀ। ਉਹ ਆਪਣੇ, ਸਾਹਿਤਕ-ਮਿੱਤਰ, ਨਿਰਾਲੇ ਨੂੰ ਇੰਜ ਪਰਿਭਾਸ਼ਤ ਕਰਕੇ, ਉਸ ਦਾ ਦਰਸ਼ਨ-ਦੀਦਾਰ ਕਰਵਾਉਂਦਾ ਹੈ, "ਆਮ ਆਦਮੀਆਂ ਵਰਗਾ ਆਦਮੀ ਹੈ, ਜੋਗਿੰਦਰ ਸਿੰਘ ਨਿਰਾਲਾ, ਗੋਲ, ਭਰਵਾਂ ਚਿਹਰਾ, ਬਦਾਮੀ ਰੰਗ, ਕੱਛੂ ਦੇ ਆਂਡਿਆਂ ਵਰਗੀਆਂ ਗੋਲ-ਗੋਲ ਅੱਖਾਂ, ਜਿਹੜੀਆਂ ਦੂਰ ਦੀ ਨਜ਼ਰ ਵਾਲੇ ਸ਼ੀਸ਼ਿਆਂ ਵਾਲੀ ਐਨਕ ਵਿੱਚ ਦੀ ਹੋਰ ਮੋਟੀਆਂ-ਮੋਟੀਆਂ ਦਿਖਾਈ ਦੇਣ ਲੱਗ ਪੈਂਦੀਆਂ ਹਨ। ਨੱਕ ਉਸ ਦਾ ਹਲ ਦੇ ਚਉ ਵਰਗਾ ਤਿੱਖਾ ਤੇ ਦੰਦ ਬਰਨਾਲੇ ਦੇ ਪਾਣੀ ਦੀ ਮਾਰ ਹੇਠ ਆਏ, ਪੀਲੇ ਆਂਡੇ ਦੀ ਜਰਦੀ ਵਰਗੇ। ਦਾਹੜੀ ਕਦੇ ਵਧਾ ਦਿੰਦਾ ਹੈ, ਕਦੇ ਦਿਹਾੜੀ 'ਤੇ ਲਿਆਂਦੇ ਵਢਾਵਿਆਂ ਦੀ ਵੱਢੀ ਕਣਕ ਦੀ ਤਰ੍ਹਾਂ ਕਤਰਕੇ ਜੜ੍ਹੀ ਲਗਾ ਦਿੰਦਾ ਹੈ। ਕਦੇ ਕੰਬਾਈਨ ਦੀ ਕੱਟੀ ਜੀਰੀ ਵਾਂਗੂ ਅੱਧ ਵਿਚਾਲਿਓਂ ਮੁੱਛ ਦਿੰਦਾ ਹੈ।"

ਨਿਰਾਲਾ ਦੇ ਦਿਲ, ਦਿਮਾਗ ਨੂੰ ਜਾਣਨਾ ਮੁਸ਼ਕਲ ਹੈ ਕਿਸੇ ਵੀ ਦੂਜੇ ਆਮ ਜਾਂ ਵਿਸ਼ੇਸ ਵਿਅਕਤੀ ਦਾ ਪ੍ਰਭਾਵ ਉਹ ਨਹੀਂ ਕਬੂਲਦਾ। ਮੇਰੇ ਵਰਗਾ ਉਸ ਦੇ ਬਚਪਨ ਤੋਂ ਉਸ ਨੂੰ ਜਾਣਨ ਵਾਲੇ ਉਸ ਨੂੰ ਸਾਹਿਤਕ ਸਲਾਹਾਂ ਦੇਣ ਵਾਲਾ ਕਲਮਕਾਰ ਹੋਵੇ ਜਾਂ ਉਸ ਦੇ ਪੀ.ਐਚ.ਡੀ. ਵਿਸ਼ੇ ਦਾ ਕੋਈ ਵੀ ਪੰਜਾਬੀ ਦਾ ਸੁਹਿਰਦ ਪ੍ਰੋਫੈਸਰ ਹੋਵੇ, ਉਹ ਉਸ ਦੀ ਦਲੀਲ ਸੁਣ ਤਾਂ ਲੈਂਦਾ ਹੈ ਪਰ ਆਪਣੇ ਵਿਚਾਰਾਂ ਅਨੁਸਾਰ ਅਮਲ ਕਰਦਾ ਹੈ। ਜਵਾਨੀ ਸਮੇਂ ਤੋਂ ਪੜ੍ਹਾਈ ਖੇਤਰ ਹੋਵੇ। ਨੌਕਰੀ ਦੇ ਸੇਵਾ-ਕਾਲ ਸਮੇਂ ਉਸ ਦੀ ਕਾਰਜ ਸ਼ੀਲਤਾ ਆਪ ਹੁਦਰੀ ਸੁਤੰਤਰ ਰਹੀ ਹੈ। ਘਰ ਪਰਿਵਾਰ ਹੋਵੇ ਜਾਂ ਵੱਖ-ਵੱਖ ਅਦਾਰਿਆਂ ਵਿੱਚ ਕੰਮ ਕਰਨ ਦੀ ਉਸ ਦੀ ਕਾਰਜਸ਼ੈਲੀ ਆਪਣੀ ਹੀ ਹੁੰਦੀ ਹੈ।

ਉਸ ਨੇ ਆਮ ਖ਼ਾਸ ਵਿਅਕਤੀਆਂ ਵਿੱਚ ਭਾਵੁਕ ਅਵੱਸਥਾ ਵਿੱਚ ਆਪਣੇ ਜੀਵਨ ਦੇ ਅਹਿਮ ਫੈਸਲੇ, ਆਪਣੀ ਮਰਜ਼ੀ, ਇੱਛਾ ਅਨੁਸਾਰ ਲਏ ਹਨ। ਗ਼ਲਤੀਆਂ ਕੀਤੀਆਂ ਹਨ, ਪਰ ਉਹ ਆਮ

ਖ਼ਾਸ ਵਿਅਕਤੀਆਂ ਵਾਂਗ ਆਪਣੀਆਂ ਗ਼ਲਤੀਆਂ ਨੂੰ ਲਕੋਂਦਾ ਨਹੀਂ ਬਲਕਿ ਸਵੀਕਾਰਦਾ ਹੈ। ਨਾ ਪੱਛੋਤਾਉਂਦਾ ਹੈ। ਉਸ ਦੀ ਕਿਸ਼ੋਰ ਅਵਸਥਾ ਦੇ ਸਮੇਂ ਨੂੰ ਉਸ ਵੱਲੋਂ ਕੀਤੀਆਂ ਗ਼ਲਤੀਆਂ ਦਾ ਸਮਾਂ ਕਹਿ ਸਕਦੇ ਹਾਂ। ਜਿਨ੍ਹਾਂ ਸੰਬੰਧੀ ਜੇ ਹੁਣ ਚਰਚਾ ਕੀਤੀ ਜਾਵੇ ਉਹ ਸਵੀਕਾਰਦਾ ਹੈ ਸ਼ਰਮ ਮਹਿਸੂਸ ਨਹੀਂ ਕਰਦਾ। ਨਾ ਛੁਪਾਉਂਦਾ ਹੈ।ਉਸ ਦੀ ਵਿਗਿਆਨਕ ਸਮਝ-ਸੂਝ ਗ਼ਲਤੀਆਂ ਦਾ ਵਿਸ਼ਲੇਸ਼ਣ ਇੰਜ ਕਰਦੀ ਹੈ। ਅਸੀਂ ਆਮ ਤੌਰ ਤੇ ਆਲੇ-ਦੁਆਲੇ ਅਜਿਹੇ ਕੱਜਣਾਂ ਦੀ ਰੂਪ ਰੇਖਾ ਉਸਾਰ ਦਿੰਦੇ ਹਾਂ ਕਿ ਕੱਜਣ ਹੀ ਮਹੱਤਵਪੂਰਨ ਹੋ ਜਾਂਦਾ ਹੈ। ਸਰੀਰ ਜਾਂ ਸਰੀਰ ਦੀ ਭਾਵਨਾ ਬਹੁਤ ਥੱਲੇ ਚਲੀ ਜਾਂਦੀ ਹੈ ਅਤੇ ਇੱਕ ਮੌਕਾ ਅਜਿਹਾ ਆ ਜਾਂਦਾ ਹੈ ਕਿ ਵਾਸਤਵਿਕਤਾ ਵੱਲੋਂ ਅੱਖਾਂ ਮੀਟ, ਅਸੀਂ ਕੱਜਣ ਨੂੰ ਹੀ ਜ਼ਿੰਦਗੀ ਸਮਝਣ ਲੱਗ ਪੈਂਦੇ ਹਾਂ।ਸਾਡਾ ਨਿੱਜੀ ਜਾਂ ਗੁਪਤ ਕੀ ਹੁੰਦਾ ਹੈ?

ਮੇਰੇ ਵਿਚਾਰ ਅਨੁਸਾਰ ਇਹ ਸਾਡੀ ਹੀਣ ਭਾਵਨਾ ਹੀ ਹੁੰਦੀ ਹੈ। ਜਿਹੜੀ ਸਾਨੂੰ ਸ਼ੀਸ਼ੇ ਸਾਹਮਣੇ ਨਹੀਂ ਖੜ੍ਹਨ ਦਿੰਦੀ। ਠੀਕ ਹੈ, ਅਸੀਂ ਚਾਹੁੰਦੇ ਹਾਂ ਕਿ ਸਮਾਜ ਦੀ ਅੱਖ ਵਿੱਚ ਪਰਮਾਤਮਾ ਬਣੇ ਰਹਿਣ ਲਈ ਇਨ੍ਹਾਂ ਪਾਪਾਂ ਉੱਪਰ ਪਰਦਾ ਪਿਆ ਰਹੇ ਤਾਂ ਚੰਗਾ ਹੀ ਹੈ। ਗੰਦ ਨੂੰ ਕੁਰੇਦਣ ਨਾਲ ਮੁਸ਼ਕ ਹੀ ਮਾਰਦਾ ਹੈ ਪਰ ਮੇਰੇ ਵਿਚਾਰ ਅਨੁਸਾਰ ਇੱਕ ਆਦਮੀ, ਜੋ ਜੀਵਨ ਜਿਉਂਦਾ ਹੈ ਉਹ ਉਸ ਦੇ ਸਮਾਜਿਕ ਆਲੇ-ਦੁਆਲੇ ਦੀ ਦੇਣ ਹੈ। ਕੀਤੀਆਂ ਅਤੇ ਅਣ-ਕੀਤੀਆਂ ਗੱਲਾਂ ਦਾ ਸੰਤਾਪ, ਜੋ ਸਾਡੇ ਮਨਾਂ ਉੱਪਰ ਪਿਆ ਹੈ ਅਤੇ ਇਹ ਅਸਾਨੂੰ ਏਥੋਂ ਤੰਗ ਕਰਦਾ ਹੈ, ਤਾਂ ਚੰਗਾ ਇਹੋ ਹੈ ਕਿ ਇਸ ਨੂੰ ਪਰ੍ਹੇ ਵਗਾਹ ਕੇ ਮਾਰੋ। ਕਿੱਡੀ ਵੀ ਗੰਭੀਰ ਤੋਂ ਗੰਭੀਰ ਗ਼ਲਤੀ, ਜਦੋਂ ਸਵੀਕਾਰ ਕਰ ਲਈ ਜਾਂਦੀ ਹੈ ਤਾਂ ਉਹ ਗ਼ਲਤੀ ਨਹੀਂ ਰਹਿੰਦੀ। ਇਹ ਉਦੋਂ ਤੀਕ ਹੀ ਤੁਹਾਡੇ ਮਨ ਨੂੰ ਤੰਗ ਕਰਦੀ ਰਹਿੰਦੀ ਹੈ। ਜਦੋਂ ਤੀਕ ਤੁਸੀਂ ਤੋਂ ਖਹਿੜਾ ਛੁਡਵਾਉਣ ਦੀ ਸੋਚਦੇ ਰਹਿੰਦੇ ਹੋ। ਉਦੋਂ ਤੀਕ ਹੀ ਇਹ ਤੁਹਾਨੂੰ ਬਹੁਤ ਵੱਡੀ ਤੇ ਔਖੀ ਜਾਪੇਗੀ, ਪ੍ਰੰਤੂ ਜਦੋਂ ਤੁਸੀਂ ਇਸ ਨੂੰ ਸਾਧਾਰਣ ਸਮਝ ਕੇ ਇੱਕ ਵਿਗਿਆਨੀ ਵਾਂਗ ਇਸ ਦਾ ਅੰਗ ਨਿਖੇੜ ਕਰੋਗੇ, ਤਾਂ ਇਹ ਤੁਹਾਨੂੰ ਬਿਲਕੁਲ ਹੀ ਆਮ ਵਾਂਗ ਜਾਪਣ ਲੱਗੀ ਪਵੇਗੀ।

ਨਿਰਾਲਾ ਦੇ ਆਪਣੇ ਵਿਚਾਰ ਹਨ, ਆਪਣਾ ਫਲਸਫਾ ਹੈ। ਪਰ ਉਸ ਦਾ ਕਹਿਣਾ ਹੈ, ਉਹ ਸੱਚੀ ਗੱਲ ਕਹਿੰਦਾ ਹੈ, ਸੱਚ ਕੌੜਾ ਹੁੰਦਾ ਹੈ। ਅਕਸਰ ਨਿਰਾਲੇ ਵੱਲੋਂ ਚੰਗੇ ਆਰੰਭ ਕੀਤੇ ਕੰਮਾਂ ਦਾ ਹਮੇਸ਼ਾ ਵਿਰੋਧ ਹੀ ਹੁੰਦਾ ਰਿਹਾ ਹੈ।ਉਸ ਦੀ ਸੱਚੀ ਗੱਲ ਕਹਿਣ ਦੀ ਕੁੜੱਤਣ ਨੂੰ ਅਨੁਭਵ ਕਰਦੇ ਹੋਏ ਉਸਦੇ ਨੇੜੇ ਦੇ ਮਿੱਤਰ ਵੀ ਉਸ ਨਾਲ ਮੂੰਹ ਮੋਟਾ ਕਰਦੇ ਰਹੇ ਹਨ ਪਰ ਉਸ ਦਾ ਕਥਨ ਹੈ ਕਿ ਉਹ ਹਮੇਸ਼ਾ ਆਪਣੇ ਅੰਤਹਰਕਣ ਕਰਨ ਦੀ ਆਵਾਜ਼ ਅਨੁਸਾਰ ਹੀ ਸੰਵਾਦ ਰਚਾਉਂਦਾ ਹੈ। ਉਹਜੋ ਪਰਚਾਰਦਾ ਹੈ, ਪਹਿਲਾਂ ਆਪ ਕਰਦਾ ਹੈ। ਇਹ ਨਿਰਾਲੇ ਵਿੱਚ ਹੀ ਹਿੰਮਤ ਤੇ ਦਲੇਰੀ ਹੈ ਕਿ ਉਹ ਆਪਣੇ ਹੱਕ ਅਤੇ ਸੱਚ ਲਈ ਆਪਣੇ ਭਰਾਵਾਂ ਵਿਰੁੱਧ ਵੀ ਲੜ ਸਕਦਾ ਹੈ। ਉਹ ਆਪ ਧੱਕਾ ਨਹੀਂ ਕਰਦਾ, ਦੂਜਾ ਕੋਈ ਉਸ ਨਾਲ ਬੇਇਨਸਾਫੀ ਕਰੇ, ਉਹ ਉਸ ਲਈ ਧੱਕਾ ਹੈ।

ਨਿਰਾਲਾ ਲਈ ਸਾਹਿਤ ਜਾਂ ਸਾਹਿਤ ਸਭਾਵਾਂ ਕਿਸੇ ਖ਼ਾਸ ਵਿਅਕਤੀ ਦੀ ਮਲਕੀਤਅਤ ਨਹੀਂ। ਸਾਹਿਤ ਸਭਾ ਦਾ ਪਰਧਾਨ, ਜੇਕਰ ਇਨਾਮ ਸਨਮਾਨ ਲੈਣ ਲਈ ਆਪਣਾ ਸਵੈ ਸਲੂਕ ਵਰਤਕੇ, ਆਪਣਾ ਇਨਾਮ ਸਨਮਾਨ ਕਰਵਾਉਂਦਾ ਹੈ ਤਾਂ ਇਹ ਸਾਹਿਤ ਸਾਧਨਾਂ ਦੀ ਦੁਰਵਰਤੋਂ ਹੈ। ਉਹ ਇਨਾਮਾਂ ਸਨਮਾਨਾਂ ਨੂੰ ਪ੍ਰਾਪਤ ਕਰਨ ਲਈ ਜੁਗਾੜ ਨਹੀਂ ਬਣਦਾ। ਉਸ ਨੇ ਹੁਣ ਤੱਕ ਪੰਜਾਬੀ ਕਹਾਣੀ ਲਿਖੀ ਹੈ ਜਾਂ ਉਸ ਉੱਪਰ ਜੋ ਆਲੋਚਨਾ ਕੀਤੀ ਹੈ। ਉਸ ਉੱਪਰ ਉਸ ਨੂੰ ਫ਼ਖ਼ਰ ਹੈ।

ਕੇ.ਐੱਲ. ਗਰਗ ਦੇ ਇੱਕ ਸਵਾਲ ਦੇ ਉੱਤਰ ਵਿੱਚ ਡਾ. ਨਿਰਾਲਾ ਆਪਣੀਆਂ ਕਹਾਣੀਆਂ ਵਿੱਚ ਨਵਾਂ ਕੀ ਹੈ? ਦੇ ਉੱਤਰ ਵਿੱਚ ਕਹਿੰਦਾ ਹੈ, "ਇਹ ਕਹਾਣੀਆਂ ਦਾ ਨਵਾਂ-ਪਣ ਇਨ੍ਹਾਂ ਵਿਚਲਾ ਪਰਿਵਰਤਨ ਹੀ ਹੈ। 'ਸ਼ੁਤਰ-ਮੁਗਰ' ਦੀਆਂ ਕੁੱਝ ਕਹਾਣੀਆਂ ਦਾ ਪੰਜਾਬੀ ਵਿੱਚ ਸਾਹਿਤਕ-ਸਭਿਆਚਾਰ ਨਹੀਂ ਲੱਭਿਆ ਨਹੀਂ ਜਾ ਸਕਦਾ। ਇਹ ਕਿਸੇ 'ਪਰੰਪਰਾ' ਦਾ ਵਿਕਾਸ ਨਹੀਂ ਹਨ। ਕਦੇ-ਕਦੇ ਮੈਨੂੰ ਜਾਪਦਾ ਹੈ ਕਿ ਇਹ ਜਿਸ ਤਰ੍ਹਾਂ ਦੀਆਂ ਹਨ, ਉਸ ਤਰ੍ਹਾਂ ਦੀਆਂ ਕਿਸੇ ਹੋਰ ਨੇ ਨਹੀਂ ਲਿਖੀਆਂ, ਪਰ ਕਦੇ-ਕਦੇ ਲੱਗਦਾ ਹੈ, ਇਹ ਮੇਰਾ ਭਰਮ ਹੀ ਹੈ ਅਤੇ ਇਹ ਬੜੀਆਂ ਸਾਧਾਰਣ ਕਿਸਮ ਦੀਆਂ ਰਚਨਾਵਾਂ ਹਨ। ਬਸ, ਇਹ ਹੋਣ ਜਾਂ ਨਾ ਹੋਣ ਦੀਆਂ ਕ੍ਰਿਆ/ਸਥਿਤੀ ਹੀ ਇਨ੍ਹਾਂ ਦੀ ਨਵੀਨਤਾ ਹੋ ਸਕਦੀ ਹੈ।" ਨਿਰਾਲਾ ਦੀਆਂ ਕਹਾਣੀਆਂ ਸਾਧਾਰਣ ਮਨੁੱਖ ਤੋਂ ਲੈ ਕੇ ਵਿਸ਼ੇਸ ਮੰਨੇ ਜਾਂਦੇ ਮਨੁੱਖਾਂ ਸੰਬੰਧੀ ਕਹਾਣੀਆਂ ਹਨ। ਔਰਤ, ਮਰਦ ਦੇ ਰਿਸ਼ਤਿਆਂ ਦੇ ਅੰਦਰੂਨੀ ਰਹੱਸਾਂ ਦੀਆਂ ਕਹਾਣੀਆਂ ਵੀ ਲਿਖੀਆਂ ਹਨ, ਜਿਸ ਵਿੱਚ ਉਸ ਨੇ ਖੁੱਲ੍ਹ ਕੇ ਕਾਮ ਸੰਬੰਧਾਂ ਦਾ ਜ਼ਿਕਰ ਕੀਤਾ ਹੈ। ਪਰ ਉਹ ਔਰਤ ਦੀ ਵਕਾਲਤ ਕਰਦਾ ਹੈ। ਉਸ ਅਨੁਸਾਰ ਵੀਹਵੀਂ ਸਦੀ ਦੇ ਪਿਛਲੇ ਦਹਾਕੇ ਤੋਂ ਲੈ ਕੇ ਇੱਕੀਵੀਂ ਸਦੀ ਦੇ ਪਹਿਲੇ ਦੋ ਦਹਾਕੇ 'ਨਵੀਆਂ ਸੋਚਾਂ, ਕਾਢਾਂ, ਉਪਲੱਭਦੀਆਂ ਦਾ ਸਮਾਂ, ਪਰਿਵਰਤਨ ਦਾ ਸਮਾਂ ਹੈ। ਸੋਚ ਬਦਲੀ ਹੈ। ਵਿਚਾਰਧਾਰਾ ਪਰਿਵਰਤਤ ਹੋ ਰਹੀ ਹੈ। ਵਿਸ਼ੇ ਅਤੇ ਅਭਿਵਿਅਕਤੀ ਵਿਧੀਆ ਬਦਲ ਰਹੀਆਂ ਹਨ। ਉਸ ਦੇ ਕਥਨ ਅਨੁਸਾਰ ਨਵੀਂ ਪੀੜ੍ਹੀ ਦੀ ਔਰਤ ਨੂੰ ਜਿਸ ਤਰ੍ਹਾਂ ਮੈਂ ਸਮਝਿਆ ਹੈ। ਉਹ ਏਦਾਂ ਦੀ ਹੀ ਮੈਨੂੰ ਲੱਗੀ ਹੈ। ਨਵੀਂ ਔਰਤ ਮਾਡਰਨ ਹੈ, ਕਿਉਂਕਿ ਜੋ ਸਥਿਤੀਆਂ ਪ੍ਰਤੀ ਚੇਤੰਨ ਹੈ, ਲੇਕਿਨ ਮੈਂ ਉਸ ਕੋਲੋਂ ਕੋਈ ਵਿਦਰੋਹ ਕਰਵਾ ਕੇ ਉਸ ਨੂੰ ਪਰਿਵਾਰਕ ਸੰਕਟ ਜਾਂ ਕਿਸੇ ਹੋਰ ਸੰਕਟ ਵਿੱਚ ਨਹੀਂ ਪਾ ਸਕਦਾ। ਪ੍ਰੇਮ ਅਤੇ ਵਾਸ਼ਨਾ ਦੋਵੇਂ ਅਲੱਗ-ਅਲੱਗ ਹਨ। ਮੈਂ ਨਹੀਂ ਕਹਿੰਦਾ ਕਿ ਔਰਤ ਹੋਰ ਮੱਦਾਂ ਵਿੱਚ ਨਹੀਂ ਵਿਚਰਦੀ ਪਰ ਮੈਨੂੰ ਲੱਗਦਾ ਹੈ ਕਿ ਔਰਤ ਦਾ ਸਭ ਤੋਂ ਬਲਵਾਨ ਰੂਪ 'ਪ੍ਰੇਮ ਤੇ ਵਾਸ਼ਨਾ' ਦਾ ਹੀ ਲੱਗਦਾ ਹੈ। ਇਹ ਸਾਰਾ ਕੁੱਝ ਮੇਰਾ ਭਰਮ ਵੀ ਹੋ ਸਕਦਾ ਹੈ ਪਰ ਬਣ ਚੁੱਕੇ ਨੂੰ ਕੋਈ ਕਿਵੇਂ ਤੋੜੇ?

ਨਿਰਾਲਾ ਸਵੀਕਾਰਦਾ ਹੈ ਕਿ ਉਹ ਕਹਾਣੀਆਂ ਕੇਵਲ ਇੱਕੋ ਵਿਧੀ ਨਾਲ ਨਹੀਂ ਲਿਖਦਾ, ਜਿਹੜਾ ਸਮੇਂ ਸਥਿਤੀ ਜਾਂ ਪ੍ਰਸੰਗ ਵਿਸ਼ੇਸ ਵਿੱਚ ਉਸ ਨੂੰ ਉੱਚਿਤ ਲੱਗਦਾ ਹੈ ਉਸ ਦੀ ਵਰਤੋਂ ਕਰਦਾ ਹੈ। ਪੰਜਾਬੀ ਕਹਾਣੀਕਾਰਾਂ ਨੇ ਫੈਂਟੇਸੀ ਵਿਧੀ ਦੀ ਵਰਤੋਂ ਘੱਟ ਕੀਤੀ ਹੈ ਪਰ ਇਹ ਰੂਪ ਜ਼ਬਰਦਸਤ ਹੈ। ਨਿਰਾਲਾ ਇਸ ਸੰਬੰਧੀ ਸਲਾਹ ਦਿੰਦਾ ਹੈ ਕਿ ਨਵੇਂ ਲੇਖਕਾਂ ਨੂੰ ਇੱਕ ਜੁਗਤ ਨਹੀਂ, ਸਗੋਂ ਹੋਰ ਨਵੀਆਂ ਜੁਗਤਾਂ ਦਾ ਪ੍ਰਯੋਗ ਕਰਨਾ ਚਾਹੀਦਾ ਹੈ। ਨਿਰਾਲਾ ਦੀਆਂ ਕਹਾਣੀਆਂ ਵਰਤਮਾਨ ਸਮੇਂ ਸੰਕਟ ਵਿੱਚ ਫਸੇ ਅੱਧੇ ਅਧੂਰੇ ਲੋਕਾਂ ਦੇ ਦੁਖਾਂਤ ਪੇਸ਼ ਕਰਨ ਵਾਲੀਆਂ ਹਕੀਕਤ ਪਸੰਦ ਕਹਾਣੀਆਂ ਹਨ ਜੋ ਜ਼ਿੰਦਗੀ ਜਿਊਣ ਲਈ ਹਾਲਾਤ ਨਾਲ ਨਿੱਕੇ ਮੋਟੇ ਸਮਝਾਉਤੇ ਕਰ ਲੈਂਦੇ ਹਨ। ਇਹ ਸਮੇਂ ਦਾ ਯਥਾਰਥ ਹੈ, ਹਕੀਕਤ ਹੈ।

ਡਾ. ਜੋਗਿੰਦਰ ਸਿੰਘ ਨਿਰਾਲਾ ਦੀ ਵਿਚਾਰਧਾਰਾ ਦਾ ਸੰਬੰਧ ਨਾ ਆਦਰਸਵਾਦੀ ਹੈ ਤੇ ਹੀ ਸੁਧਾਰਵਾਦੀ ਦੀ ਰੁਮਾਂਸਵਾਦੀ ਉਹ ਮਾਰਕਸਾਵਾਦੀ ਸਿਧਾਂਤ ਨੂੰ ਸਵੀਕਾਰਦਾ ਹੈ ਕਿ ਇਹ ਵਿਗਿਆਨਕ ਸਿਧਾਂਤ ਹੈ, ਪਰ ਉਸ ਦੀਆਂ ਕਹਾਣੀਆਂ ਅਥਵਾ ਆਲੋਚਨਾ ਵਿਧੀਆ, ਆਪਣੇ ਆਧੁਨਿਕਵਾਦੀ ਵਿਗਿਆਨਕ ਦ੍ਰਿਸ਼ਟੀਕੋਣ ਉੱਪਰ ਆਧਾਰਿਤ ਹਨ, ਉਸ ਨੇ ਫਰਾਇਡਵਾਦੀ ਦ੍ਰਿਸ਼ਟੀਕੋਣ ਤੋਂ ਵੀ ਕਈ ਕਹਾਣੀਆਂ ਦੀ ਰਚਨਾ ਕੀਤੀ ਹੈ। ਉਹ ਚੜ੍ਹਦੀ ਜਵਾਨੀ ਤੋਂ ਲੈ ਕੇ ਅਨੇਕਾਂ ਸਾਲ ਐਸ.ਐਫ.ਆਈ. ਪੰਜਾਬ ਦਾ ਸਰਗਰਮ ਮੈਂਬਰ ਤੇ ਅਹੁਦੇਦਾਰ ਵੀ ਰਿਹਾ ਹੈ।

ਉਸਨੇ ਪੰਜਾਬ ਵਿੱਚ ਚੱਲੀ ਨਕਸਲਾਈਟ ਲਹਿਰ ਪ੍ਰਤੀ ਆਪਣਾ ਝੁਕਾਅ ਵੀ ਬਣਾ ਕੇ ਰੱਖਿਆ ਸੀ। ਪਰ ਉਸਨੇ ਕਦੇ ਅਜਿਹੀ ਭਾਵੁਕਤਾ ਵਿੱਚ ਆ ਕੇ ਅਥਵਾ ਉਪਭਾਵੁਕੀ ਕੱਟੜ ਲਹਿਜੇ ਵਿੱਚ ਬਿਨਾਂ ਸੋਚੇ ਕਿਸੇ ਲਹਿਰ ਨੂੰ ਕੱਟਣ ਦੀ ਗ਼ਲਤੀ ਨਹੀਂ ਕੀਤੀ। ਫਿਰ ਵੀ ਜਿਸ ਤਰ੍ਹਾਂ ਉਸਨੇ ਕਹਾਣੀਆਂ ਦੀ ਰਚਨਾ ਕੀਤੀ ਹੈ, ਉਨਾਂ ਦਾ ਵਧੇਰੇ ਸੰਬੰਧ ਮੱਧ ਵਰਗੀ ਸ੍ਰੇਣੀਆਂ ਦੀਆਂ ਆਲੋਚਨਾਤਮਿਕ ਤੇ ਵਿਅੰਗਾਤਮਕ ਦ੍ਰਿਸ਼ਟੀ ਧਾਰਣ ਕੀਤੀ ਹੈ।

ਨਿਰਾਲਾ ਕਿਸੇ ਇੱਕ ਧਾਰਾ, ਇੱਕ ਸਾਹਿਤ ਸਭਾ, ਇੱਕ ਗੁੱਟ ਜਾਂ ਇੱਕ ਧੜੇ ਨਾਲ ਨਹੀਂ ਜੁੜ ਸਕਦਾ, ਕਿਸ਼ੋਰ ਅਵਸਥਾ ਵਿੱਚ ਜਦ ਉਸ ਨੇ ਪਹਿਲਾਂ ਕਵਿਤਾ, ਫਿਰ ਕਹਾਣੀਆਂ ਲਿਖਣੀਆ ਆਰੰਭ ਕੀਤੀਆਂ। ਉਸ ਦੀ ਇਕੱਲੇ ਦੀ ਆਪਣੇ ਹਾਣੀਆਂ ਵਿੱਚ ਵੱਖਰੇ ਪਣ ਦੀ ਪਹਿਚਾਣ ਸੀ, ਲਿਖਾਰੀ ਸਭਾ ਦਾ ਮੈਂਬਰ ਬਣ ਕੇ ਉਹ ਪੰਜਾਬੀ ਸਾਹਿਤ ਸਭਾ ਬਰਨਾਲਾ ਦਾ ਸਹਿਯੋਗੀ ਰਿਹਾ ਹੈ। ਕੇਂਦਰੀ ਸਭਾ ਸੇਖੋਂ ਦਾ ਅਹੁਦੇਦਾਰ ਬਣ ਕੇ ਵੀ ਉਸਨੇ ਦੂਜੀਆਂ ਸਭਾਵਾਂ ਨਾਲ ਸਾਂਝ ਬਣਾਈ ਹੋਈ ਹੈ। ਉਹ ਸਭਨਾਂ ਨਾਲ ਸਹਿਯੋਗ ਕਰਦਾ ਹੈ। ਸਭ ਥਾਂ ਹਾਜ਼ਰੀ ਲਵਾਉਂਦਾ ਹੈ। ਅੱਜ ਕੱਲ੍ਹ ਬਰਨਾਲਾ ਅਨੇਕਾਂ ਸਾਹਿਤ ਸਭਾਵਾਂ ਦਾ ਮੱਕਾ ਬਣ ਗਿਆ ਹੈ। ਨਿਰਾਲਾ ਨੂੰ ਜੋ ਬੁਲਾਂਦੇ ਹਨ, ਉਨਾਂ ਸਭਾਵਾਂ ਦੇ ਸਮਾਗਮਾਂ ਉੱਪਰ ਜਾ ਹਾਜ਼ਰੀ ਲਵਾਉਂਦਾ ਹੈ। ਗੁੱਟ ਬੰਦੀ ਦਾ ਉਹ ਸਖ਼ਤ ਵਿਰੋਧੀ ਹੈ। ਉਸ ਦੀ ਪ੍ਰਕਿਰਤੀ ਸ਼ਾਂਤਮਈ ਹੈ, ਪਰ ਚਿੰਤਨਮਈ ਅਤੇ ਚੇਤਨਾਮਈ ਹੈ। ਏਸੇ ਲਈ ਉਸ ਦੀ ਕੋਈ ਕਹਾਣੀ ਪੜ੍ਹ ਲਵੋ, ਉਹ ਹਟਕੇ ਕੋਈ ਨਵਾਂ ਵਿਸ਼ੇਸ਼ ਸਬਕ ਸਿਖਾਉਂਦੀ ਹੈ। ਉਸ ਦੀਆਂ ਅਨੇਕਾਂ ਕਹਾਣੀਆਂ ਦੂਜਿਆਂ ਦੀ ਕਥਨ ਸ਼ੈਲੀ ਤੇ ਵਿਸ਼ੇ ਪੱਖੋਂ ਵੱਖਰੀਆਂ ਅਤੇ ਵਿਸ਼ੇਸ਼ ਧਿਆਨ ਦੀ ਮੰਗ ਕਰਦੀਆਂ ਹਨ।

ਬਰਨਾਲਾ : ਸਾਹਿਤ ਸਿੱਖਿਆ ਸਾਹਿਤ ਸਾਧਨਾ, ਸਾਹਿਤਕ ਪ੍ਰਾਪਤੀਆਂ ਅਤੇ ਸਾਹਿਤਕ ਦੋਸਤਾਂ ਸਦਕੇ ਮੇਰੀ ਕਰਮਭੂਮੀ ਰਿਹਾ ਹੈ। ਦਰਜ਼ਨਾਂ ਸਾਹਿਤ ਦੇ ਮੇਰੇ ਸਾਥੀ ਸਵਰਗ ਸੁਧਾਰ ਗਏ ਹਨ, ਜਿਨ੍ਹਾਂ ਤੋਂ ਕੁੱਝ ਨਾ ਕੁੱਝ ਸਿੱਖਿਆ ਹੈ, ਸਿਖਾਇਆ ਵੀ ਹੋਵੇਗਾ। ਨਿਰਾਲਾ ਨਾਲ ਮੇਰਾ ਰਿਸ਼ਤਾ ਅਜੀਬ ਹੈ। ਬਚਪਨ ਵਿੱਚ ਮੈਂ ਉਸ ਦੀ ਅੰਦਰਲੀ ਸਾਹਿਤਕ ਚਿਣਗ ਅਨੁਭਵ ਕਰਕੇ ਉਸਨੂੰ ਲਿਖਣ ਦੀ ਪ੍ਰੇਰਣਾ ਦਿੰਦਾ ਰਿਹਾ ਸੀ। ਕਿਸ਼ੋਰ ਅਵਸਥਾ ਸਮੇਂ ਜਦ ਉਹ ਮੇਰੇ ਕੋਲ ਕਹਾਣੀ ਲਿਖ ਕੇ ਲਿਆਉਂਦਾ ਸੀ। ਸਲਾਹਕਾਰ ਵਜੋਂ ਉਸ ਉੱਪਰ ਵਿਚਾਰ ਪੇਸ਼ ਕਰਦਾ ਸੀ। ਚੜ੍ਹਦੀ ਜਵਾਨੀ ਸਮੇਂ ਨੌਕਰੀ ਕਰਦਿਆਂ ਜਾਂ ਉਚੇਰੀ ਪੜ੍ਹਾਈ ਕਰਨ ਸਮੇਂ ਜਦ ਉਹ ਮੇਰੇ ਨਾਲ ਸੰਪਰਕ ਕਰਦਾ, ਮੈਂ ਇੱਕ ਸਲਾਹਕਾਰ ਵਜੋਂ ਉਸ ਅੰਦਰ ਪੈਦਾ ਹੋਈ ਨਿਰਾਸ਼ਾ ਦੇ ਚੱਕਰਵਿਊ ਵਿੱਚੋਂ ਨਿਕਲਣ ਦੇ ਮੈਂ ਅਨੇਕਾਂ ਢੰਗ ਤਰੀਕੇ ਦੱਸੇ ਸਨ। ਨੌਕਰੀਆਂ ਕਰਦਿਆਂ ਉਹ ਮੇਰੇ ਨਾਲ ਸੰਪਰਕ ਰੱਖਿਆ ਹੈ। ਹੁਣ ਤੱਕ ਉਸ ਦੇ ਸਾਹਿਤ ਵਿੱਚ ਪ੍ਰਵੇਸ਼ ਕਰਨ ਤੋਂ ਲੈ ਕੇ ਸੇਵਾ ਮੁਕਤ ਹੋਣ ਤੱਕ ਅਸੀਂ ਦੂਰ ਹੁੰਦੇ ਹੋਏ ਵੀ ਨੇੜੇ ਹਾਂ। ਮੈਂ ਜਦ ਉਸ ਨੂੰ ਟੈਲੀਫ਼ੋਨ ਕਰਦਾ ਹਾਂ, ਹਮੇਸ਼ਾ ਕਹਿੰਦਾ ਹਾਂ, ਹੈਲੋ ਨਿਰਾਲਾ। ਮੇਰੇ ਲਈ ਉਹ ਮੇਰਾ ਵਿਦਿਆਰਥੀ, ਮੇਰਾ ਸਾਥੀ, ਮੇਰਾ ਕਹਾਣੀਕਾਰ ਮੇਰਾ ਸ਼ੁਭ ਚਿੰਤਕ ਹੈ। ਖ਼ਰਾ ਬੰਦਾ ਹੈ। ਆਪਣੀਆਂ ਕਮਜ਼ੋਰੀਆਂ ਲਕੋਂਦਾ ਨਹੀਂ, ਨਾ ਆਦਰਸ਼ਵਾਦੀ ਹੈ, ਨਾ ਮਾਰਕਸਵਾਦੀ ਹੈ। ਉਹ ਕੇਵਲ ਆਧੁਨਿਕ ਕਹਾਣੀ ਹੈ। ਉਸ ਦੀਆਂ ਅਨੇਕਾਂ ਪੁਸਤਕਾਂ ਦਾ ਸੰਪਾਦਨ ਕੀਤਾ ਹੈ, ਆਧੁਨਿਕਤਾ ਦੇ ਉੱਤਰ ਕਾਲ ਦਾ ਕਹਾਣੀਕਾਰ, ਜੋਗਿੰਦਰ ਸਿੰਘ ਨਿਰਾਲਾ (1993) ਅਤੇ ਕਥਾ ਪਰਿਕਰਮਾ (ਸਮੁੱਚੀਆਂ ਕਹਾਣੀਆਂ ਪੰਨੇ 515) ਪ੍ਰਸਿੱਧ ਸਾਹਿਤਕ ਕਾਰਜ ਹਨ।

ਅਜਿਹੇ ਇਨਸਾਨ ਘੱਟ ਹਨ, ਹਉਮੈਂ ਰਹਿਤ, ਨਿਰਲੇਪ, ਇਨਾਮਾਂ, ਸਨਮਾਨਾਂ ਲਈ ਜਿਸ ਨੇ ਕੋਈ ਜੁਗਾੜ ਨਹੀਂ ਕੀਤੀ। ਆਪਣੇ ਆਪ ਨੂੰ ਕਿਸੇ ਯੋਗਤਾ ਪ੍ਰਤੀਯੋਗਤਾ ਤੋਂ ਦੂਰ ਰੱਖਿਆ। ਸਾਹਿਤ ਸੇਵਾ ਕਰਦਿਆਂ ਆਪਣੀ ਉਮਰ ਦੇ ਕੀਮਤੀ ਸਾਲ ਲੇਖੇ ਲਾਏ। ਸਾਹਿਤ ਸੇਵਾ ਕੀਤੀ। ਗਿਆਨ ਵੰਡਿਆਂ ਅਤੇ ਕਿਸੇ ਸ਼ੋਹਰਤ ਇਨਾਮ ਜਾਂ ਅਹੁਦੇ ਲਈ ਗ਼ਲਤ ਢੰਗ ਨਹੀਂ ਵਰਤੇ ਅਜਿਹੇ ਪੰਜਾਬੀ ਸਾਹਿਤ ਦੇ ਸੇਵਕ ਪ੍ਰਤੀ ਮੇਰੀਆਂ ਸ਼ੁੱਭ ਇੱਛਾਵਾਂ !

ਆਮੀਨ !

• •

ਸੰਪ : 8437873565





# ਤੈਨੂੰ ਤਾਪ ਚੜ੍ਹੇ ਮੈਂ ਹੂੰਗਾਂ... (ਭਾਗ 2)

(ਪਿਛਲੇ ਅੰਕ ਤੋਂ ਅੱਗੇ...)

ਥੋੜ੍ਹੀ ਦੇਰ ਬਾਅਦ ਦਸ ਕੁ ਸਾਲ ਦੇ ਅਰਮਾਨ ਦਾ ਵਟਸਅਪ ਮੈਸੇਜ ਆ ਗਿਆ—"ਮਾਈ ਮੌਮ-ਡੈਡ ਆਰ ਟੇਕਿੰਗ ਡਾਈਵੋਰਸ, ਵੱਡੇ ਮੰਮਾ ! ਦੇਅ ਫੌਟ ਵਿਦ ਈਚ ਅਦਰ !"

ਨਸੀਬ ਨੇ ਤਾਬੜਤੋੜ ਜੁਆਕ ਨੂੰ ਫ਼ੋਨ ਮਿਲਾ ਲਿਆ ਤੇ ਪੂਰੇ ਜਬ੍ਹੇ ਨਾਲ ਬੋਲੀ, "ਬਿਲਕੁਲ ਘਬਰਾ ਨਾ ਅਰਮਾਨ ! ਮੈਂ ਵੀ ਤਾਂ ਤੇਰੀ ਮੰਮਾ ਹਾਂ, ਬਸ ਮੈਂ ਆਈ ਲੈ...।" ਉਹ ਕਾਫ਼ੀ ਦੇਰ ਉਹਨੂੰ ਧੀਰਜ ਦਿੰਦੀ ਰਹੀ।

"ਬੱਚਿਆਂ ਬਾਰੇ ਵੀ ਨਾ ਸੋਚਿਆ ਕਮਲ਼ੀ ਨੇ..." ਮੈਨੂੰ ਆਪਣੀ ਆਵਾਜ਼ ਵੀ ਓਪਰੀ ਜਿਹੀ ਲੱਗੀ।

"ਦੁੱਧ ਤੇ ਬੁੱਧ ਫਿਟਦਿਆਂ ਦੇਰ ਨਹੀਂ ਲੱਗਦੀ, ਸਹੀ ਕਿਹੈ ਸਿਆਣਿਆਂ ਨੇ।" ਰਾਜੇਸ਼ ਦੋਵੇਂ ਹੱਥਾਂ ਨਾਲ ਅੱਖਾਂ ਢੱਕੀ ਬੈਠਾ ਸੀ।

"ਇਹ ਵੀ ਤਾਂ ਹੋ ਸਕਦੈ ਕਿ ਕੋਈ ਗ਼ਲਤ ਫਹਿਮੀ ਹੋਵੇ, ਦੋਵਾਂ ਦੀ ਮਾੜੀ ਮੋਟੀ ਜਾਣ-ਪਛਾਣ ਹੋਵੇ ਤੇ ਉਹਦੀ ਪਤਨੀ ਨੇ ਬਾਤ ਦਾ ਬਤੰਗੜ ਬਣਾ ਲਿਆ ਹੋਵੇ।" ਦੇਵ ਨੇ ਆਪਣੀ ਆਦਤ ਅਨੁਸਾਰ ਜ਼ਖ਼ਮਾਂ 'ਤੇ ਮਲ੍ਹਮ ਲਾਣ ਦੀ ਕੋਸ਼ਿਸ਼ ਕੀਤੀ।

"ਹੁਣ ਤਾਂ ਓਥੇ ਈ ਜਾ ਕੇ ਪਤਾ ਲੱਗੂ, ਤੂੰ ਮਿਹਰ ਕਰੀਂ ਦਾਤਿਆ ।" ਨਸੀਬ ਨੇ ਉਪਰ ਵੱਲ ਮੂੰਹ ਕਰਕੇ ਹੱਥ ਜੋੜੇ ਤੇ ਸੂਟਕੇਸਾਂ ਨੂੰ ਦੂਰੋਂ ਦਿਸ ਜਾਣ ਵਾਲੇ ਰਿਬਨ ਬੰਨ੍ਹਣ ਲੱਗੀ। ਤਾਂਹੀਓਂ ਖਬਰੇ ਰਾਹੁਲ ਦਾ ਫ਼ੋਨ ਆ ਗਿਆ, ਨਸੀਬ ਨੇ ਸਪੀਕਰ ਆਨ ਕਰਦਿਆਂ ਕਿਹਾ, "ਪੁੱਤ ਅਸੀਂ ਤਾਂ ਤੇਰੀ 'ਵਾਜ ਸੁਣਨ ਨੂੰ ਤਰਸੇ ਪਏ ਆਂ, ਕੀ ਹਾਲ ਐ ਤੇਰਾ ?"

"ਸਭ ਖ਼ਤਮ ਹੋ ਗਿਆ ਮੰਮੀ !" ਤੇ ਉਹ ਭੁੱਬਾਂ ਮਾਰ ਮਾਰ ਰੋਣ ਲੱਗ ਪਿਆ। ਅਸੀਂ ਸਾਰੇ ਵੀ ਬੇਵੱਸ ਜਿਹੇ ਹੋਏ ਅੱਖਾਂ ਪੂੰਝਦੇ ਰਹੇ।

"ਮੈਂ ਫ਼ੋਨ ਤਾਂ ਇਸ ਲਈ ਕੀਤਾ ਸੀ ਕਿ..." ਕਾਫ਼ੀ ਦੇਰ ਬਾਅਦ ਉਹਦੇ ਹਉਕਿਆਂ ਨੇ ਬੋਲਾਂ ਦਾ ਵੇਸ ਪਹਿਨਿਆ, "ਸੀਰਤ ਨਾਲ ਮੇਰੀ ਹੋਰ ਟਾਕ ਹੋਈ ਸੀ, ਮੈਂ ਉਹਨੂੰ ਆਪਣੇ ਮੂੰਹੋਂ ਸਭ ਸੱਚੋ-ਸੱਚ ਦੱਸਣ ਲਈ ਕਿਹਾ, ਬਟ ਸ਼ੀ ਕੈਪਟ ਮਮ, ਮੈਂ ਕਿਹਾ ਫਿਰ ਜੀਹਨੂੰ ਲਵ ਕਰਦੀ ਐਂ ਉਸੇ ਕੋਲ ਜਾਹ।"

"ਸਾਨੂੰ ਆ ਲੈਣ ਦੇ ਪੁੱਤ। ਵਾਧਾ ਨਾ ਵਧਾ...।"

"ਉਹ ਸੂਈਸਾਈਡ ਦੀ ਧਮਕੀ ਦੇ ਕੇ ਗਈ ਐ, ਤੁਸੀਂ ਉਹਦੇ ਪੇਰੈਂਟਸ ਨੂੰ ਦੱਸ ਕੇ ਕਹੋ ਕਿ ਏਥੇ ਐਬਸਫੋਰਡ ਜਾਂ ਹੋਰ ਨੇੜੇ ਕਿਤੇ ਜਿਥੇ ਵੀ ਕੋਈ ਉਨ੍ਹਾਂ ਦਾ ਜਾਣੂ ਐ, ਸੀਰਤ ਨੂੰ ਉਹਦੀ ਫਰੈਂਡ ਦੇ ਘਰੋਂ ਲਿਜਾ ਕੇ ਉਹਦੀ ਟੇਕ ਕੇਅਰ ਕਰੇ, ਜਿਹੜੀ ਫਰੈਂਡ ਕੋਲ ਠਹਿਰੀ ਐ ਉਹਦਾ ਫ਼ੋਨ ਨੰਬਰ ਤੇ ਐਡਰੈੱਸ ਨੋਟ ਕਰ ਲਉ।"

"ਨਹੀਂ ਕਰਦੀ ਸੂਈਸਾਈਡ ਬੇਟਾ ! ਉਹ ਬੱਚਿਆਂ ਵਾਲੀ ਐ...।" ਮੈਂ ਦਿਲਾਸਾ ਦੇਣਾ ਚਾਹਿਆ।

"ਅੱਛਾ ਤੁਸੀਂ ਓ ਡਾਕਟਰ ਮੰਮਾ ? ਪਲੀਜ਼ ਡੂ ਸਮਥਿੰਗ। ਮੈਨੂੰ ਡਰ ਲੱਗ ਰਿਹੈ, ਕਿਤੇ ਉਹ ਸੱਚੀਂ ਆਪਣੇ-ਆਪ ਨੂੰ ਹਾਰਮ ਨਾ ਕਰ ਬੈਠੇ, ਇਫ ਸਮਥਿੰਗ ਹੈਪਨਜ਼ ਟੂ ਹਰ, ਵਟ ਵਿਲ ਵੁਈ ਡੂ ?"

"ਅਸੀਂ ਉਹਦੇ ਪੇਰੈਂਟਸ ਨਾਲ ਸਲਾਹ ਕਰਦੇ ਆਂ ਰਾਹੁਲ ! ਪਰ ਤੁਹਾਡੇ ਵੱਲ ਤਾਂ ਕਹਿੰਦੇ ਕੋਈ ਐਮਰਜੈਂਸੀ ਹੋਵੇ ਤਾਂ 911 'ਤੇ ਕਾਲ ਕਰਕੇ ਮਦਦ ਮਿਲ ਜਾਂਦੀ ਐ।"

"ਹਾਂ ਜੀ ਡਾਕਟਰ ਮੰਮਾ ! ਮੈਂ ਕਰਦਾਂ ਉਥੇ ਫੋਨ...ਪਰ ਤੁਸੀਂ ਇਮੀਜੇਟਲੀ ਛੇਹਰਟੇ ਕਾਂਟੈਕਟ ਕਰਕੇ ਦੱਸੋ, ਪਿੱਛੋਂ ਪਛਤਾਉਣਾ ਨਾ ਪੈ ਜੇ, ਪਲੀਜ਼...ਪਲੀਜ਼...।"

ਕਿੰਨਾ ਪਿਆਰ ਕਰਦਾ ਸੀ ਰਾਹੁਲ ਆਪਣੀ ਸੀਰਤ ਨੂੰ। ਐਨਾ ਕੁਝ ਹੋ ਜਾਣ 'ਤੇ ਵੀ ਉਹਦੇ ਬਾਰੇ ਅੰਤਾਂ ਦਾ ਫ਼ਿਕਰਮੰਦ ਸੀ।

"ਪਰ ਰਾਹੁਲ ! ਹੁਣ ਤੂੰ ਸੀਰਤ ਨੂੰ ਚੰਗਾ-ਮੰਦਾ ਕੁਝ ਨਾ ਕਹੀਂ... ਵੇਲਾ ਸੰਭਾਲ ਬੇਟਾ, ਇਹ ਹੱਥ ਨਹੀਂ ਆਉਣਾ।"

"ਜੀ ਡਾਕਟਰ ਪਾਪਾ...।" ਆਈਫੋਨ ਵਿਚੋਂ ਜਿਵੇਂ ਸੱਤੇ ਸਮੁੰਦਰ ਹਟਕੋਰੇ ਲੈ ਰਹੇ ਸਨ।

ਮੈਂ ਹੀ ਉਹਦੇ ਸਹੁਰੀਂ ਫ਼ੋਨ ਕੀਤਾ, ਪੂਰੀ ਕਹਾਣੀ ਤਾਂ ਨਾ ਦੱਸੀ, ਇਹੋ ਕਿਹਾ ਕਿ ਰਾਹੁਲ ਤੇ ਸੀਰਤ ਦੀ ਕਿਸੇ ਗੱਲੋਂ ਲੜਾਈ ਹੋ ਗਈ ਐ ਤੇ ਉਹ ਆਪਣੇ ਕਿਸੇ ਦੋਸਤ ਨੂੰ ਕਹਿਣ ਕਿ ਸੀਰਤ ਨੂੰ ਆਪਣੇ ਘਰ ਲਿਜਾ ਕੇ ਉਹਦਾ ਖ਼ਿਆਲ ਰੱਖੇ। ਉਹਦੇ ਸਹੁਰਿਆਂ ਨਾਲ ਵੀ ਸਾਡਾ ਕਈ ਓਹਲਾ ਨਹੀਂ ਸੀ। ਉਹ ਬਹੁਤ ਮਾਣ-ਤਾਣ ਕਰਦੇ ਸਨ ਸਾਡਾ, ਸਗੋਂ ਜੇ ਨਸੀਬ ਹੁਣਾਂ ਵੱਲ ਸੰਧਾਰੇ ਵਜੋਂ ਬਿਸਕੁਟ, ਮਿਠਾਈ ਆਦਿ ਲੈ ਕੇ ਆਉਂਦੇ ਤਾਂ ਉਹੋ ਜਿਹਾ ਡੱਬਾ ਸਾਡੇ ਲਈ ਵੀ ਲਿਆਉਂਦੇ ਤੇ ਜ਼ਰੂਰ ਮਿਲ-ਗਿਲ ਕੇ ਜਾਂਦੇ।

ਥੋੜ੍ਹੀ ਦੇਰ ਬਾਅਦ ਸੀਰਤ ਦੀ ਨਿੱਕੀ ਭੈਣ ਦਾ ਫ਼ੋਨ ਆ ਗਿਆ, "ਸਾਰੀ ਇਨਸੀਡੈਂਟ ਦੱਸ ਦਿਓ ਪਲੀਜ਼ ਆਂਟੀ ਜੀ ! ਝਾਈ ਤੜਪੀ ਜਾਂਦੀ ਐ, ਕਿਤੇ ਭੈਣ ਦਾ ਕਿਸੇ ਹੋਰ ਥਾਂ ਚੱਕਰ-ਵੱਕਰ ਤਾਂ ਨਹੀਂ ?"

"ਏਦਾਂ ਕਿਉਂ ਕਹਿੰਨੀ ਐਂ ਰਵੀਨਾ ਬੇਟਾ...?"

"ਬਸ ਮੈਨੂੰ ਸ਼ੱਕ ਜਿਹਾ ਪੈਂਦੈ...ਏਧਰ ਤਾਂ ਸੌ ਬੰਦਸ਼ਾਂ ਨੇ, ਸਹੁਰਿਆਂ

ਪੇਕਿਆਂ ਦੀ ਸ਼ਰਮ ਐ, ਬਾਹਰਲੇ ਮੁਲਕਾਂ 'ਚ ਤਾਂ ਕਹਿੰਦੇ ਜਮ੍ਹਾ ਈ ਖੁੱਲ੍ਹ-ਖੇਡ ਐ, ਸੁਣਿਆ ਜ਼ਨਾਨੀਆਂ ਆਪ-ਹੁਦਰੀਆਂ ਹੋਈਆਂ ਫਿਰਦੀਐਂ।" ਸ਼ਾਇਦ ਕੁੜੀ ਨੂੰ ਆਪਣੀ ਭੈਣ ਦੇ ਵਤੀਰੇ ਜਾਂ ਗੱਲਬਾਤ ਵਿਚੋਂ ਕੋਈ ਇਸ਼ਾਰਾ ਲੱਭਿਆ ਸੀ। ਉਹਦੇ ਵਾਰ ਵਾਰ ਖੁਰਚਣ 'ਤੇ ਮੈਨੂੰ ਇਸ ਕੌੜੇ ਸੱਚ ਤੋਂ ਪਰਦਾ ਚੁੱਕਣਾ ਹੀ ਪਿਆ।

"ਹੇ ਭਗਵਾਨ! ਦੇਵਤਿਆਂ ਵਰਗਾ ਮੇਰਾ ਜੀਜਾ...।"

"ਸਭ ਠੀਕ ਹੋ ਜੂ ਰਵੀਨਾ! ਤੁਸੀਂ ਕਿਸੇ ਤਰ੍ਹਾਂ ਸੀਰਤ ਦੀ ਸੇਫਟੀ ਦਾ ਪ੍ਰਬੰਧ ਕਰੋ।"

ਪਹਿਲਾਂ ਅਸੀਂ ਇਕ-ਦੂਜੇ ਦੇ ਵਿਦੇਸ਼ ਜਾਣ ਵੇਲੇ ਘਰ ਤੋਂ ਹੀ ਅਲਵਿਦਾ ਕਹਿ ਦਿਆ ਕਰਦੇ ਸਾਂ, ਪਰ ਇਸ ਵਾਰੀ ਦਿੱਲੀ ਹਵਾਈ ਅੱਡੇ ਤਕ ਗਏ, ਜਦੋਂ ਉਹ ਟਰਾਲੀ ਲੈ ਕੇ ਸ਼ੀਸ਼ੇਦਾਰ ਦਰਵਾਜ਼ੇ ਤੋਂ ਅੰਦਰ ਵੱਲ ਹੋਈ ਤਾਂ ਮੇਰੇ ਮੂੰਹੋਂ ਨਿਕਲ ਗਿਆ, "ਜਾਹ ਸਹੇਲੀਏ! ਤੂੰ ਦੁੱਖਾਂ ਦੇ ਹਵਾਲੇ...।"

ਤਿੰਨ ਦਿਨ ਤਕ ਉਨ੍ਹਾਂ ਵੱਲੋਂ ਕੋਈ ਸੁੱਖ-ਸੁਨੇਹਾ ਨਾ ਆਇਆ। ਫ਼ੋਨ ਮਾੜਾ ਜਿਹਾ ਟੂੰ-ਟੂੰ ਕਰਦਾ ਤਾਂ ਮੈਂ ਭੱਜ ਕੇ ਚੁੱਕਦੀ, ਦੇਵ ਨੇ ਕਈ ਵਾਰ ਇਸ ਬਾਰੇ ਪੁੱਛਿਆ। ਹਾਰ ਕੇ ਮੈਂ ਆਪ ਹੀ ਜੂਹੀ ਦਾ ਨੰਬਰ ਮਿਲਾਇਆ, "ਡਾਕਟਰ ਮੰਮਾ! ਠੀਕ ਠਾਕ ਪਹੁੰਚ ਗਏ ਸੀ ਮੰਮੀ ਡੈਡੀ।"

"ਬਾਕੀ ਦਾ ਹਾਲ-ਹਵਾਲ ਦੱਸ ਬਿਟੀਆ।"

"ਕੀ ਦੱਸਾਂ...?" ਤੇ ਉਹ ਸੁਬ੍ਹਕਣ ਲੱਗ ਪਈ।

"ਅਸੀਂ ਆਉਨੇ ਆਂ ਛੇਤੀ ਤੋਂ ਛੇਤੀ ਟਿਕਟ ਲੈ ਕੇ, ਵੀਜ਼ਾ ਤਾਂ ਹੈਗਾ ਈ ਐ ਸਾਡੇ ਦੋਵਾਂ ਕੋਲ।"

"ਨਹੀਂ ਡਾਕਟਰ ਮੰਮਾ! ਡੌਂਟ ਟੇਕ ਟਰੱਬਲ! ਨੋ ਯੂਜ਼...ਜਿੰਨੇ ਸਟਰੇਂਜਰ ਅਸੀਂ ਆਂ ਇਸ ਸਿਟੀ ਵਿਚ ਏਨੀ ਈ ਤੁਸੀਂ ਓ।"

"ਨਹੀਂ, ਕੋਈ ਮੁਸ਼ਕਿਲ ਨਹੀਂ ਹੋਣੀ, ਕਿੰਨੀ ਵਾਰ ਤਾਂ ਅਸੀਂ ਹੋ ਕੇ ਗਏ ਆਂ ਏਧਰ, ਸਾਰੇ ਰਾਹ ਪਤਾ ਨੇ ਸਾਨੂੰ।"

"ਪਰ ਜਿਹੜੇ ਰਾਹ ਅਸੀਂ ਪੈ ਗਏ ਆਂ, ਉਹ ਨਹੀਂ ਨਾ ਪਤਾ ਤੁਹਾਨੂੰ ਡਾਕਟਰ ਮੰਮਾ!"

"ਜੂਹੀ! ਤੂੰ ਸਾਫ਼ ਸਾਫ਼ ਦੱਸਦੀ ਕਿਉਂ ਨੀ ਬੇਟਾ? ਬੀਤ ਕੀ ਰਹੀ ਐ ਉਥੇ?"

"ਵੀਰ ਜੀ ਪੁਲਿਸ ਕਸਟਡੀ ਵਿਚ ਨੇ...।"

ਮੇਰੇ ਕੰਨ ਵਿਚ ਜਿਵੇਂ ਕੋਈ ਵਿਸਫ਼ੋਟ ਹੋਇਆ, "ਹੈਂ...? ਇਹ ਕੀ ਕਿਹਾ ਤੂੰ ਜੂਹੀ?"

"ਤਿੰਨ ਦਿਨਾਂ ਤੋਂ ਲੱਭਣ ਦੀ ਕੋਸ਼ਿਸ਼ ਕਰ ਰਹੇ ਆਂ, ਨੋ ਬਾਡੀ ਟੈਲਜ਼ ਵੇਅਰ ਇਜ਼ ਹੀ? ਇਕ ਕਾਲ ਆਈ ਸੀ ਓਨਲੀ, ਦੈਟ ਹੀ ਇਜ਼ ਅਰੈਸਿਟਡ...।"

"ਜੂਹੀ...? ਬੱਚੜੀਏ!" ਮੈਂ ਜਿਥੇ ਖੜ੍ਹੀ ਸੀ, ਧੰਮ ਕਰਕੇ ਉਥੇ ਈ ਬਹਿ ਗਈ, ਅੱਖਾਂ ਅੱਗੇ ਹਨੇਰਾ ਆ ਗਿਆ, ਮੇਰੀ ਸਖੀ ਦਾ ਕੀ ਹਾਲ ਹੋਊ? ਦੁਖਿਆਰੀ ਮਾਂ ਦਾ? ਪੂਰਾ ਯਤਨ ਕਰਕੇ ਆਪਣੀ ਘਬਰਾਹਟ ਨੂੰ ਸ਼ਬਦ ਦਿੱਤੇ, "ਨਸੀਬ ਕਿਵੇਂ ਐ?"

"ਮੰਮੀ ਤਾਂ ਜਦੋਂ ਦੇ ਆਏ ਨੇ ਸ਼ੌਕ ਜਿਹੇ ਵਿਚ ਨੇ, ਕਿਸੇ ਨਾਲ ਬੋਲਦੇ-ਕੂੰਦੇ ਈ ਨੀ, ਬੈਠੇ ਸਤਿਨਾਮ-ਵਾਹਿਗੁਰੂ ਕਰੀ ਜਾਂਦੇ ਐ... ਜਦੋਂ ਅਸੀਂ ਏਅਰਪੋਰਟ 'ਤੇ ਲੈਣ ਗਏ ਤਾਂ ਉਥੇ ਈ ਪੁੱਛਣ ਲੱਗੇ ਕਿ ਰਾਹੁਲ ਕਿਉਂ ਨਹੀਂ ਆਇਆ ਲੈਣ? ਆਈ ਹੈਡ ਨੋ ਆਪਸ਼ਨ, ਹੈਡ ਟੂ ਟੈਲ ਦਾ ਟਰੁੱਥ, ਕਹਿੰਦੇ—ਘਰ ਨੀ ਜਾਣਾ, ਸਣੇ ਸਾਮਾਨ ਪੁਲਿਸ ਸਟੇਸ਼ਨ ਚੱਲੋ, ਪਰ ਪੁਲਿਸ ਵਾਲੇ ਤਾਂ ਕੁਝ ਦੱਸਦੇ ਈ ਨਹੀਂ, ਅਖੇ ਸਕਿਓਰਟੀ ਰੀਜ਼ਨ ਐ, ਵੂਈ ਆਰ ਨਾਟ ਐਲੌਅਡ...ਡਾਕਟਰ ਮੰਮਾ! ਆਈ ਕਾਂਟ ਗੋ ਥਰੂ ਆਲ ਦਿਸ...।"

"ਪਰ ਫੜ ਕਿਉਂ ਲਿਆ ਪੁਲਿਸ ਨੇ?"

"ਐਕਚੂਅਲੀ ਵੀਰ ਜੀ ਨੇ ਫੇਸਬੁੱਕ ਤੋਂ ਉਸ ਆਦਮੀ ਦੀ ਫੋਟੋ ਸਰਚ ਕਰ ਲਈ ਤੇ ਬਸ ਰੋਹ ਵਿਚ ਆ ਗਏ। ਭਰਜਾਈ ਜੀ ਨੂੰ ਉਹਦੀ ਫੋਟੋ ਸੈਂਡ ਕਰਕੇ ਮੈਸੇਜ ਕਰ'ਤਾ ਕਿ ਆਈ ਨੋਅ ਹਿਜ਼ ਐਡਰੈਸ, ਕਮ ਐਂਡ ਐਕਸਪਲੇਨ ਦਾ ਫੈਕਟਸ, ਅਦਰਵਾਈਜ਼ ਆਈ ਵਿਲ ਗੋ ਐਂਡ ਕਿੱਲ ਹਿਮ ਔਰ ਕਿੱਲ ਮਾਈਸੈੱਲਫ, ਦੇਅਰ ਵਿੱਲ ਬੀ ਬਲੱਡ-ਸ਼ੈਡ।"

"ਤੂੰ ਰੋਕਣਾ ਸੀ ਬੇਟਾ!"

"ਆਈ ਕੁਡ ਨਾਟ ਗੈੱਸ ਕਿ ਇਉਂ ਕਰਨਗੇ, ਓਦਣ ਮਾਰਨਿੰਗ 'ਚ ਸ਼ਰਾਬ ਬਹੁਤ ਪੀ ਲਈ, ਉੱਤੋਂ ਅਰਮਾਨ ਤੇ ਮੁਸਕਾਨ ਵੀਡੀਓ-ਗੇਮ ਖੇਡਦੇ ਜ਼ੋਰ ਜ਼ੋਰ ਦੀ ਲੜ ਪਏ। ਵੀਰ ਜੀ ਨੂੰ ਹੋਰ ਗੁੱਸਾ ਆ ਗਿਆ, ਕਹਿੰਦੇ 'ਲੜੋ...ਲੜੋ...ਤੁਹਾਡੀ ਮਾਂ ਤਾਂ ਚਲੀ ਗਈ ਐ...ਮੈਂ ਵੀ ਚੱਲਿਆਂ...ਹੁਣ ਤੁਸੀਂ ਮੈਨੂੰ ਔਰੈਂਜ ਕੱਪੜਿਆਂ 'ਚ ਦੇਖੋਗੇ...' ਤੇ ਮੇਰੇ ਰੋਕਦਿਆਂ ਰੋਕਦਿਆਂ ਘਰੋਂ ਨਿਕਲ ਗਏ।"

"ਉਫ਼...।"

"ਯੂ ਨੋਅ ਡਾਕਟਰ ਮੰਮਾ! ਏਥੇ ਕੈਦੀਆਂ ਦੇ ਔਰੈਂਜ-ਰੈੱਡ ਡਰੈੱਸ ਪੁਆ ਦਿੰਦੇ ਐ, ਮੈਂ ਬਹੁਤ ਹਰਫਲ 'ਗੀ, ਵੀਰ ਜੀ ਦੇ ਦੋਸਤ ਨੂੰ ਹੈਲਪ ਲਈ ਫ਼ੋਨ ਕੀਤਾ ਤਾਂ ਉਹ ਕਹਿੰਦਾ 911 ਕਾਲ ਕਰ ਛੇਤੀ...।"

"ਫਿਰ ਤਾਂ ਪੁਲਿਸ ਨੇ ਸਾਂਭ ਈ ਲਈ ਹੋਣੀ ਐ ਗੱਲ।"

"ਸੁਆਹ ਸਾਂਭ ਲਈ, ਉਹ ਸਿੱਧੇ ਭਰਜਾਈ ਜੀ ਕੋਲ ਪਹੁੰਚ ਗਏ, ਵੀਰ ਜੀ ਨੇ ਪਹਿਲਾਂ ਐਮਰਜੈਂਸੀ ਕਾਲ ਕਰਕੇ ਐਡਰੈਸ ਦਿੱਤਾ ਹੋਇਆ ਸੀ ਉਨ੍ਹਾਂ ਨੂੰ। ਉਦੋਂ ਈ ਕਿਤੇ ਵੀਰ ਜੀ ਦੇ ਅੰਦਰ ਕੋਈ ਉਬਾਲਾ ਉਠਿਆ ਤੇ ਉਨ੍ਹਾਂ ਭਰਜਾਈ ਜੀ ਨੂੰ ਫ਼ੋਨ ਕਰ'ਤਾ। ਪੁਲਿਸ ਨੇ ਸਪੀਕਰ 'ਤੇ ਲੁਆ ਲਿਆ। ਵੀਰ ਜੀ ਵਿਚਾਰੇ ਨੂੰ ਕੀ ਖ਼ਬਰ ਸੀ ਬਈ ਅੱਗੇ ਜਮਦੂਤ ਬੈਠੇ ਐ? ਵੀਰ ਜੀ ਨੇ ਜਿਹੜੀਆਂ ਗੱਲਾਂ ਮੈਸੇਜ 'ਚ ਲਿਖੀਆਂ ਸੀ, ਉਹ ਕਹਿ ਦਿੱਤੀਆਂ ਤੇ ਪੁਲਿਸ ਨੇ ਥਰੈਟ ਕਰਨ ਦੇ ਦੋਸ਼ 'ਚ ਉਨ੍ਹਾਂ ਨੂੰ ਜਾ ਕੇ ਅਰੈਸਟ ਕਰ ਲਿਆ।"

"ਪਰ ਜਿਵੇਂ ਤੂੰ ਦੱਸਿਐ ਰਾਹੁਲ ਨੇ ਧਮਕੀ ਤਾਂ ਉਸ ਬੰਦੇ ਨੂੰ

ਮਾਰਨ ਦੀ ਦਿੱਤੀ ਸੀ ਜਾਂ ਆਪ ਮਰਨ ਦੀ...ਸੀਰਤ ਨੂੰ ਤਾਂ ਕੁਝ ਨਹੀਂ ਕਿਹਾ ਸੀ...ਹੈ ਨਾ ?''

''ਹਾਂ ਡਾਕਟਰ ਮੰਮਾ ! ਭਰਜਾਈ ਜੀ ਨੂੰ ਤਾਂ ਬਸ ਇਹੋ ਕਿਹਾ ਕਿ ਤੂੰ ਘੰਟੇ ਦੇ ਵਿਚ ਵਿਚ ਮੈਨੂੰ ਆ ਕੇ ਮਿਲ, ਨਹੀਂ ਤਾਂ ਮੈਂ ਇਹ ਕੁਝ ਕਰੂੰ, ਹੋਰ ਕੋਈ ਚੰਗਾ ਮੰਦਾ ਨੀ ਬੋਲਿਆ, ਜਿਸ ਫਰੈਂਡ ਕੋਲ ਭਰਜਾਈ ਜੀ ਠਹਿਰੇ ਨੇ ਉਹਨੇ ਦੱਸਿਆ ਇਹ ਸਭ, ਪਰ ਏਥੋਂ ਦਾ ਲਾਅ ਐਸਾ ਈ ਐ...।''

''ਹੱਦ ਐ ਲਾਅ ! ਮੁੰਡੇ ਨੇ ਸੀਰਤ ਨੂੰ ਕੋਈ ਧੱਫਾ-ਮੁੱਕਾ ਨੀ ਮਾਰਿਆ, ਗਾਲ੍ਹ ਦੁੱਪੜ ਨੀ ਕੀਤੀ। ਨਾ ਕੋਈ ਹੋਰ ਧਮਕੀ ਦਿੱਤੀ, ਕਿਸੇ ਦੂਜੇ ਬੰਦੇ ਲਈ ਦਿੱਤੀ ਧਮਕੀ, ਉਹ ਵੀ ਫ਼ੋਨ 'ਤੇ ਈ...ਤੇ ਏਸੇ ਦੋਸ਼ 'ਚ ਫੜ ਲਿਆ ਮੁੰਡੇ ਨੂੰ ?''

''ਜੀ ਡਾਕਟਰ ਮੰਮਾ !''

''ਕਮਾਲ ਐ, ਏਦਾਂ ਤਾਂ ਕਦੇ ਸੁਣਿਆ ਨੀ...।''

''ਅਜੇ ਖ਼ਬਨੀ ਕੀ ਕੁਸ਼ ਸੁਣਨਾ ਪੈਣੈ, ਕੱਲ੍ਹ ਨੂੰ ਸਵੇਰੇ ਫਿਰ ਜਾਵਾਂਗੇ ਪੁਲਿਸ ਸਟੇਸ਼ਨ, ਸ਼ਾਇਦ ਕਿਸੇ ਦੇ ਮਨ ਮੇਹਰ ਪੈ'ਜੇ, ਦੱਸ ਦਵੇ ਬਈ ਵੀਰ ਜੀ ਹੈਗੇ ਕਿੱਥੇ ?''

''ਤੇਰੀ ਤਾਂ ਜੁਆਕੜੀ ਰੁਲ ਜੂ ਏਦਾਂ, ਫੁੱਲ-ਭਰ ਤਾਂ ਹੈਗੀ ਐ, ਮਸਾਂ ਛੇ ਮਹੀਨਿਆਂ ਦੀ ਹੋਊ, ਹੈ ਨਾ ?''

''ਉਹਨੂੰ ਤਾਂ ਗੌਰਵ ਨਾਲ ਲੈ ਕੇ ਚਲਾ ਗਿਆ ਮੌਂਟਰੀਅਲ, ਹੋਰ ਛੁੱਟੀ ਨਹੀਂ ਮਿਲੀ ਨਾ ! ਉਥੇ ਇਕ ਕੇਅਰ-ਟੇਕਰ ਹੈਗੀ ਐ, ਉਹਦੇ ਕੋਲ ਈ ਛੱਡਦੇ ਹੁੰਦੇ ਆਂ ਅੱਗੇ ਵੀ, ਗੌਰਵ ਕਹਿੰਦਾ ਤੂੰ ਏਥੇ ਰਹਿ ਕੇ ਸਭ ਨੂੰ ਸੰਭਾਲ।''

''ਚੰਗੇ ਕਰਮਾਂ ਨੂੰ ਪ੍ਰਾਹੁਣਾ ਐਨਾ ਸਿਆਣਾ ਮਿਲ ਗਿਆ।''

''ਓ.ਕੇ. ਡਾਕਟਰ ਮੰਮਾ ! ਮੈਂ ਫੇਰ ਕਰੂੰਗੀ ਤੁਹਾਨੂੰ ਫ਼ੋਨ...।''

''ਠੀਕ ਐ ਧੀਏ ! ਆਪਣੀ ਮੰਮੀ ਦਾ ਖ਼ਿਆਲ ਰੱਖੀਂ ਤੇ ਮੈਨੂੰ ਸਾਰਾ ਕੁਝ ਦੱਸਦੀ ਰਹੀਂ।''

ਅਗਲਾ ਸਾਰਾ ਦਿਨ ਅਜੀਬ ਉਧੇੜ-ਬੁਣ ਵਿਚ ਲੰਘਿਆ । ਅਸੀਂ ਦੋਵੇਂ ਜਿਵੇਂ ਏਥੇ ਹੋ ਕੇ ਵੀ ਏਥੇ ਨਹੀਂ ਸਾਂ । ਕਿਸੇ ਨਾਲ ਬਾਤਚੀਤ ਵੀ ਕਰਦੇ ਤਾਂ ਓਪਰਿਆਂ ਵਾਂਗ...।

ਰਾਤ ਨੂੰ ਗਿਆਰਾਂ ਕੁ ਵਜੇ ਫ਼ੋਨ ਆ ਗਿਆ, ''ਡਾਕਟਰ ਮੰਮਾ ! ਵੀਰ ਜੀ ਬਾਰੇ ਇਨਫਾਰਮੇਸ਼ਨ ਮਿਲ ਗਈ, ਡਿਊਟੀ 'ਤੇ ਕੋਈ ਪੰਜਾਬਣ ਸੀ, ਉਹਨੇ ਕੋਰਟ ਦੀ ਲੋਕੇਸ਼ਨ ਦੱਸ 'ਤੀ...ਜਿਥੇ ਇਹੋ ਜਿਹੇ ਕੇਸ ਜਾਂਦੇ ਨੇ, ਚੱਲ ਅੱਗੋਂ ਉਨ੍ਹਾਂ ਨੇ ਵੀ ਦੱਸ ਤਾਂ ਕਿ ਪਰਸੋਂ 'ਜਸਟਿਸ ਆਫ਼ ਪੀਸ' ਦੇ ਪੇਸ਼ ਕੀਤਾ ਸੀ ਵੀਰ ਜੀ ਨੂੰ ਤੇ ਹੁਣ ਕੱਲ੍ਹ ਨੂੰ ਦੂਜੀ ਕੋਰਟ ਵਿਚ ਪੇਸ਼ ਕਰਨਗੇ ਸਵੇਰੇ ਦਸ ਵਜੇ...।''

''ਥੈਂਕ ਗਾਡ ! ਮੁੰਡਾ ਠੀਕ-ਠਾਕ ਤਾਂ ਹੈਗ੍ਹਾ...'' ਜਦੋਂ ਮਾਰੂਥਲ ਵਿਚ ਸਿਖ਼ਰ ਦੁਪਹਿਰੇ ਨੰਗੇ ਪੈਰਾਂ ਨੂੰ ਤਪਦੀ ਰੇਤ ਲੂਹ ਰਹੀ ਹੋਵੇ ਤੇ ਉਪਰ ਇਕ ਕਣੀ ਵੀ ਡਿੱਗ ਪਵੇ ਤਾਂ ਕਿੰਨੀ ਰਾਹਤ ਮਿਲਦੀ ਐ, ਇਹ ਅਹਿਸਾਸ ਮੈਨੂੰ ਉਸ ਵਕਤ ਹੋਇਆ।

ਜੂਹੀ ਨੇ ਬਹੁਤੀ ਗੱਲਬਾਤ ਬਿਨਾਂ ਫੋਨ ਬੰਦ ਕਰ ਦਿੱਤਾ। ਸਿਰਫ਼ ਐਨਾ ਦੱਸਿਆ ਕਿ ਨਸੀਬ ਪਹਿਲਾਂ ਨਾਲੋਂ ਠੀਕ ਐ ਤੇ ਅੱਜ ਰੋਟੀ ਦੀ ਬੁਰਕੀ ਵੀ ਖਾਧੀ ਐ।

ਘੜੀਆਂ ਪਲ ਗਿਣ ਗਿਣ ਕੇ ਅਗਲਾ ਦਿਨ ਲੰਘਿਆ, ਉਤਰਦੀ ਉਤਰਦੀ ਰਾਤ ਉੱਤਰ ਆਈ, ਚੜ੍ਹਦਾ ਚੜ੍ਹਦਾ ਦਿਨ ਚੜ੍ਹ ਗਿਆ। ਸੱਤ ਕੁ ਵੱਜੇ ਤਾਂ ਦੇਵ ਕਹਿੰਦਾ, ''ਹੁਣ ਤਾਂ ਉਥੇ ਸ਼ਾਮ ਹੋ ਗਈ ਹੋਣੀ ਐ, ਦਿਨ ਦੀ ਕਾਰਗੁਜ਼ਾਰੀ ਤਾਂ ਪਤਾ ਕਰ।''

ਫ਼ੋਨ ਨਸੀਬ ਨੇ ਚੁੱਕਿਆ, ਜਿਵੇਂ ਕਬਰ ਵਿਚੋਂ ਕੋਈ ਮੁਰਦਾ ਬੋਲਿਆ ਹੋਵੇ, ਬਿਲਕੁਲ ਹੀ ਸਾਹ-ਸੱਤਹੀਣ, ''ਤਕੜੀ ਹੋ ਬਹਾਦਰ ਸਿੰਘਣੀਏ ! ਭੀੜਾਂ ਰਾਜਿਆਂ ਰਾਣਿਆਂ 'ਤੇ ਵੀ ਆਈਆਂ।''

ਚੰਦਰੀ ਦਾ ਜਿਵੇਂ ਕੜ ਈ ਪਾਟ ਗਿਆ, ਜਦੋਂ ਰੋ ਕੇ ਹੌਲੀ ਹੋ ਗਈ ਤਾਂ ਬੋਲੀ, ''ਸ਼ਾਇਦ ਛੁੱਟ ਈ ਜਾਵੇ ਕੱਲ੍ਹ ਨੂੰ ਰਾਹੁਲ।''

''ਢਿੱਡ ਦੀਆਂ ਗੰਢਾਂ ਖੋਲ੍ਹ 'ਲਾ ਨਸੀਬ ! ਮੈਨੂੰ ਦੱਸ ਕੀ ਕੀ ਹੋਈ ਬੀਤੀ ?''

''ਪਹਾੜ ਤਾਂ ਮੇਰੇ 'ਤੇ ਉਦੋਂ ਈ ਡਿੱਗ ਪਿਆ ਸੀ ਜਦੋਂ ਏਅਰਪੋਰਟ ਪਹੁੰਚੇ।''

''ਹਾਂ, ਜੂਹੀ ਨੇ ਦੱਸਿਆ ਸੀ ਸਾਰਾ ਕੁਸ਼...।''

''ਅੜੀਏ ! ਏਥੇ ਤਾਂ ਕਾਨੂੰਨ ਈ ਬਾਹਲੇ ਕਾਲੇ ਨੇ, ਸਭ ਲਿੱਪਾ-ਪੋਚੀ ਐ ਉਤੋਂ ਉਤੋਂ, ਪੰਜਾਬ 'ਚ ਜਿਵੇਂ ਅੱਤਵਾਦ ਦੇ ਦਿਨਾਂ ਵੇਲੇ ਮਾਪੇ ਮੁੰਡਿਆਂ ਨੂੰ ਲੱਭਦੇ ਫਿਰਦੇ ਸੀ, ਅਸੀਂ ਤਾਂ ਏਦਾਂ ਲੱਭਦੇ ਫਿਰੀਏ । ਬਹੁਤ ਪੱਥਰ-ਦਿਲ ਨੇ ਏਥੋਂ ਦੇ ਪੁਲਿਸ ਆਲੇ, ਕੋਈ ਅੜਿੱਕੇ ਆ'ਜੇ ਸਹੀ...ਤੇ ਜੱਜ ਵਕੀਲ ਕਿਹੜਾ ਘੱਟ ਨੇ। ਖ਼ਬਨੀਂ ਕਿਹੜੇ ਮਾੜੇ ਵੇਲੇ ਦੇ ਪਾਪ ਅੱਗੇ ਆ'ਗੇ।''

''ਅੱਜ ਕੋਰਟ 'ਚ ਕੀ ਹੋਇਆ ਫਿਰ ?''

''ਕੱਲ੍ਹ ਕਹਿੰਦੇ ਸੀ ਦਸ ਵਜੇ ਪੇਸ਼ੀ ਐ, ਸਾਡੀ ਤਾਂ ਰਾਤ ਅੱਖਾਂ 'ਚ ਲੰਘੀ, ਰਾਜੇਸ਼ ਤਾਂ ਅੱਠ ਵਜੇ ਈ ਤਿਆਰ ਹੋ ਕੇ ਬਹਿ ਗਿਆ, ਕਹਿੰਦਾ ਕੁਸ਼ ਨੀ ਪਰ ਅੰਦਰੋਂ ਟੁੱਟਿਆ ਪਿਐ, ਜਮ੍ਹਾ ਈ ਭੁਰ ਗਿਐ।''

''ਹਾਂ ! ਮਰਦ ਆਵਦਾ ਦੁੱਖ ਨੀ ਦਿਸਣ ਦਿੰਦੇ ਹੁੰਦੇ...।''

''ਅਸੀਂ ਤਾਂ ਨੌਂ ਵਜੇ ਈ ਪਹੁੰਚ ਗਏ ਕੋਰਟ, ਉਥੇ ਸਾਨੂੰ ਭੋਰਾ ਸਮਝ ਨਾ ਲੱਗੇ, ਬਿਟਰ-ਬਿਟਰ ਆਉਂਦੇ-ਜਾਂਦਿਆਂ ਵੱਲ ਦੇਖੀ ਜਾਈਏ।''

''ਨਾਲ ਨੀ ਸੀ ਥੋਡੇ ਕੋਈ ?''

''ਕੌਣ ਹੋਵੇ ਬੇਗਾਨੇ ਦੇਸ 'ਚ ? ਅਸੀਂ ਦੋਵੇਂ...ਜੂਹੀ...ਤੇ ਮੇਰੀ ਮਾਸੀ ਦਾ ਮੁੰਡਾ ਪ੍ਰਸ਼ਾਂਤ...ਉਹ ਭਲਾ ਲੋਕ ਵੀ ਓਨਾ ਈ ਸਾਊ, ਉਹਨੂੰ ਵੀ ਕੋਈ ਨਾ ਭੇਤ ਕੋਰਟ-ਕਚਹਿਰੀਆਂ ਦਾ, ਸਾਡੇ ਵਾਂਗੂੰ

ਅਣਜਾਣ, ਪਰ ਥਮ੍ਹਲਾ ਬਣ ਕੇ ਸਾਡੇ ਨਾਲ ਖੜ੍ਹਾ ਰਿਹਾ, ਜੁਗ-ਜੁਗ ਜੀਵੇ, ਪਰਮਾਤਮਾ ਉਹਦੀਆਂ ਆਸਾਂ ਮੁਰਾਦਾਂ ਪੂਰੀਆਂ ਕਰੇ।"

ਇਹੋ ਜਿਹੀਆਂ ਅਸੀਸਾਂ ਸੁਣ ਕੇ ਮੈਨੂੰ ਉਮੀਦ ਹੋ ਗਈ ਕਿ ਲਟੋ-ਲਟ ਭਾਂਬੜ ਨੇ ਉਹਨੂੰ ਸਬੂਤੀ ਨੂੰ ਨਹੀਂ ਸਾੜਿਆ, ਕਿਤੇ ਕੋਈ ਹਰਿਆਵਲ ਵੀ ਬਾਕੀ ਹੈ।

"ਸਾਹਮਣੇ ਇਨਕੁਆਰੀ 'ਤੇ ਕੋਈ ਮੇਮ ਬੈਠੀ ਸੀ, ਉਹਨੂੰ ਰਿਕੁਐਸਟ ਕੀਤੀ, ਸਾਡੇ ਬੇਟੇ 'ਤੇ ਲੱਗੇ ਚਾਰਜਾਂ ਬਾਰੇ ਕੁਝ ਦੱਸ ਦਿਓ ਤਾਂ ਕਹਿੰਦੀ, 'ਸੌਰੀ ! ਆਈ ਡੌਂਟ ਨੋਅ...।' ਕਰਮਾਂ ਨੂੰ ਰੋਂਦੇ ਫਿਰ ਆ ਬੈਠੇ ਬੈਂਚ 'ਤੇ, ਮੈਂ ਤਾਂ ਘੜੀ-ਮੁੜੀ ਪਾਣੀ ਪੀਵੀ ਜਾਵਾਂ, ਵਾਸ਼ਰੂਮ ਜਾਈ ਜਾਵਾਂ, ਰਾਜੇਸ਼ ਵਾਰ ਵਾਰ ਹੱਥ ਮਲ਼ੀ ਜਾਵੇ, ਕਦੇ ਪਿੱਛੇ ਕੰਧ ਨੂੰ ਢੋਅ ਲਾ ਲਵੇ, ਕਦੇ ਅੱਗੇ ਨੂੰ ਹੋ ਕੇ ਬਹਿ'ਜੇ, ਜਿਵੇਂ ਬਾਹਲੀ ਅੱਚਵੀ ਲੱਗੀ ਤੋਂ ਕਰਦਾ ਹੁੰਦੈ, ਪ੍ਰਸ਼ਾਂਤ ਤੇ ਜੂਹੀ ਸਾਨੂੰ ਢਾਰਸ ਬੰਨ੍ਹਾਈ ਜਾਣ, ਇਕ ਭਲੇ ਜਹੇ ਬੰਦੇ ਨੂੰ ਸ਼ਾਇਦ ਤਰਸ ਆ ਗਿਆ, ਕੋਲ ਆ ਕੇ ਬੋਲਿਆ—'ਬੀਬੀ ! ਮੇਰਾ ਨਾਉਂ ਹਰਨਾਮ ਸਿੰਘ ਐ, ਮੈਂ ਏਥੇ ਇੰਟਰਪਰੈਟਰ ਹਾਂ, ਜਿਹੜੇ ਐਕਿਊਜ਼ਡ ਨੂੰ ਇੰਗਲਿਸ਼ ਨਹੀਂ ਆਉਂਦੀ, ਉਹਨੂੰ ਪੰਜਾਬੀ ਵਿਚ ਟਰਾਂਸਲੇਟ ਕਰਕੇ ਦੱਸਦਾਂ ਤੇ ਫਿਰ ਅਗਲੇ ਦਾ ਬਿਆਨ ਜੱਜਾਂ ਵਕੀਲਾਂ ਨੂੰ ਦੱਸਦਾਂ, ਤੁਹਾਨੂੰ ਗੁਆਚੇ ਜਹੇ ਦੇਖ ਕੇ ਏਧਰ ਆ ਗਿਆਂ, ਮੈਂ ਤੁਹਾਡੀ ਕੋਈ ਹੈਲਪ ਕਰ ਸਕਦਾਂ ?' ਅਸੀਂ ਉਹਦੇ ਮੂਹਰੇ ਦੋਵੇਂ ਹੱਥ ਜੋੜ ਕੇ ਖੜ੍ਹ'ਗੇ। ਸੱਚੀਂ ਇਉਂ ਲੱਗਿਆ, ਜਿਵੇਂ ਡੁੱਬਦੇ ਨੂੰ ਤੀਲ੍ਹੇ ਦਾ ਸਹਾਰਾ ਮਿਲਿਆ ਹੋਵੇ। ਉਹ ਬਿਨਾਂ ਦਮ ਲਏ ਦੁੱਖਾਂ ਦੇ ਗਲੋਟੇ ਮੇਰੇ ਮੂਹਰੇ ਧਰ ਰਹੀ ਸੀ।

"ਦੇਖਿਆ ! ਭੇਜ ਦਿੰਦੈ ਨਾ ! ਉੱਪਰ ਵਾਲਾ ਕੋਈ ਨਾ ਕੋਈ ਆਸਰਾ...।" ਮੈਂ ਉਹਦੀ ਢਹਿੰਦੀ ਕਲਾ ਨੂੰ ਠੁੰਮ੍ਹਣਾ ਦੇਣ ਲਈ ਕਿਹਾ।

"ਹਾਂ, ਉਹ ਸਾਡੀ ਵਿਥਿਆ ਸੁਣ ਕੇ ਪੁੱਛਣ ਲੱਗਾ, ਤੁਸੀਂ ਵਕੀਲ ਕੀਤੈ ਕੋਈ ? ਮੈਂ ਕਿਹਾ, "ਵੀਰਾ ! ਅਸੀਂ ਤਾਂ ਜਾਣਦੇ ਈ ਨਹੀਂ ਕਿਸੇ ਨੂੰ ਏਥੇ, ਕਿਹੜਾ ਵਕੀਲ ਕਰੀਏ ? ਕਿਵੇਂ ਕਰੀਏ ? ਉਤੋਂ ਇਹ ਵੀ ਨਹੀਂ ਜਾਣਦੇ ਮੁੰਡੇ 'ਤੇ ਦੋਸ਼ ਕੀ ਲੱਗੇ ਐ, ਕਿਸੇ ਵਕੀਲ ਨੂੰ ਕੀ ਦੱਸੀਏ ? ਕਹਿੰਦਾ, ਕੋਈ ਪ੍ਰਾਬਲਮ ਨਹੀਂ, ਜਿਨ੍ਹਾਂ ਕੋਲ ਵਕੀਲ ਨਹੀਂ ਹੁੰਦਾ, ਏਥੇ ਲੀਗਲ-ਏਡ ਵਾਲੇ ਹੁੰਦੇ ਨੇ, ਉਹ ਪੂਰੀ ਹੈਲਪ ਕਰਦੇ ਨੇ, ਉਹਨੂੰ ਸ਼ਾਇਦ ਪੰਜਾਬੀ ਹੋਣ ਕਰਕੇ ਸਾਡਾ ਦੁੱਖ ਦਿਸ ਪਿਆ।"

"ਚੱਲ ਇਹ ਤਾਂ ਚੰਗਾ ਹੋਇਆ।" ਮੈਨੂੰ ਵੀ ਰਾਹਤ ਜਿਹੀ ਮਹਿਸੂਸ ਹੋਈ।

"ਸੁਣ ਤਾਂ ਸਹੀ, ਰਾਜੇਸ਼ ਪੁੱਛਦਾ, ਕੌਣ ਨੇ ਲੀਗਲ-ਏਡ ਵਾਲੇ ? ਕੀ ਉਨ੍ਹਾਂ ਨੂੰ ਮਿਲਣਾ ਚਾਹੀਦੈ ਸਾਨੂੰ ? ਉਸ ਬੰਦੇ ਨੇ ਦੋ ਨਾਂ ਦੱਸੇ, ਕਹਿੰਦਾ—ਇਨ੍ਹਾਂ ਵਿਚੋਂ ਇਕ ਜਣਾ ਲਊਗਾ ਤੁਹਾਡਾ ਕੇਸ, ਇਹ ਨੀ ਮਾਲੂਮ ਕਿਹੜਾ ? ਮੈਂ ਆਖਿਆ, "ਵੀਰਾ ! ਤੂੰ ਫ਼ਰਿਸ਼ਤਾ ਬਣ ਕੇ ਟੱਕਰਿਐਂ, ਤੇਰਾ ਕਰਜ਼ਾ ਨੀ ਲਾਹ ਸਕਦੇ ਉਮਰ ਭਰ, ਸਾਡੀ ਮਦਦ ਕਰ।" ਕਹਿੰਦਾ—"ਡੌਂਟ ਵਰੀ, ਮੈਂ ਕਰਦਾਂ ਟਰਾਈ...। ਥੋੜ੍ਹੇ ਚਿਰ ਪਿੱਛੋਂ ਆ ਕੇ ਬੋਲਿਆ—ਔਹ ਜਿਹੜਾ ਮਧਰਾ ਜਿਹਾ ਗੰਜਾ ਗੋਰਾ ਤੁਰਿਆ ਆਉਂਦੈ, ਉਹ ਐ ਤੁਹਾਡਾ ਲੀਗਲ-ਏਡ।" ਗੋਰਾ ਸਾਡੇ ਕੋਲ ਆਇਆ ਤਾਂ ਅਸੀਂ ਸਾਰੇ ਜਣੇ ਹੱਥ ਬੰਨ੍ਹ ਕੇ ਖੜ੍ਹੇ ਹੋ ਗਏ। ਉਹ ਸਵਾਲ ਕਰੀ ਗਿਆ, ਅਸੀਂ ਜਵਾਬ ਦੇਈ ਗਏ, ਜਿੰਨਾ ਕੁ ਇਸ ਮਾਮਲੇ ਬਾਰੇ ਜਾਣਦੇ ਸੀ, ਉਹਨੂੰ ਦੱਸ'ਤਾ। ਉਹ ਹੈਲਪ ਦਾ ਭਰੋਸਾ ਦੇ ਕੇ ਚਲਿਆ ਗਿਆ।" ਨਸੀਬ ਹੌਲੀ ਹੌਲੀ ਉਧੜ ਰਹੀ ਸੀ।

ਮੈਂ ਵਿਚੋਂ ਮਾੜਾ-ਮੋਟਾ ਹੁੰਗਾਰਾ ਭਰਦੀ ਰਹੀ। ਉਹ ਅਚਾਨਕ ਖ਼ਾਮੋਸ਼ ਹੋ ਗਈ। ਸ਼ਾਇਦ ਪਾਣੀ ਪੀ ਰਹੀ ਸੀ ਜਾਂ ਅੱਖਾਂ 'ਚੋਂ ਵਗਦੇ ਪਾਣੀ ਨੂੰ ਬੰਨ੍ਹ ਲਾ ਰਹੀ ਸੀ। "ਨਸੀਬ ! ਚੁੱਪ ਕਿਉਂ ਹੋ'ਗੀ ?"

"ਭੈਣੇ ! ਮੈਨੂੰ ਲੱਗੇ ਆਵਦੇ ਦੇਸ 'ਚ ਰਾਜੇ ਸੀ, ਏਥੇ ਕੱਖਾਂ ਤੋਂ ਹੌਲੇ ਹੋਏ ਪਏ ਆਂ, ਕੀ ਔਕਾਤ ਐ ਸਾਡੀ ? ਜਮ੍ਹਾ ਈ ਮਿੱਟੀ ਬਣਗੇ।"

(ਬਾਕੀ ਅਗਲੇ ਅੰਕ ਵਿਚ)

**ਮੋਬਾ : 98720 03658**

---

ਕਵਿਤਾ : *ਸਰਿਤਾ ਤੇਜੀ*

## ਵਕਤ ਤੋਂ ਪਿਛਾਂਹ

ਸੁਣਿਐ, ਤੂੰ ਰੁਕਦਾ ਨਹੀਂ, ਮੁੜਦਾ ਵੀ ਨੀ
ਤੈਨੂੰ ਕੋਈ ਬੰਨ੍ਹਣ ਨੀ
ਨਾਵਾਂ, ਥਾਵਾਂ ਨਾਲ ਨਾ ਮੋਹ
ਇਨਾਮਾਂ ਇਕਰਾਮਾਂ ਦਾ ਨਾ ਲਾਲਚ

ਤੇਰੀ ਹੋਂਦ ਅਦੁੱਤੀ, ਚਾਲ ਤਿਖੇਰੀ
ਲੰਘਦਾ ਜਾਂਦੈ, ਬੀਤਦਾ ਜਾਂਦੈ, ਮੁੱਕਦਾ ਜਾਂਦੈ
ਘੜੀ, ਪਲ, ਛਿਣ, ਦਿਨ, ਮਹੀਨੇ, ਸਾਲ
ਪਲ ਪਲ ਰੂਪ ਵਟਾਉਂਦੈ

ਚੱਲ ਲੰਘ...ਜੀ ਸਦਕੇ
ਮੈਂ ਕਦ ਰੋਕਿਐ ??
ਲੰਘ...ਪਰ ਮੇਰੇ ਸਮੇਤ
ਬਸ ਊਂ ਈ...ਜ਼ਿਦ ਆ
ਮੈਂ 'ਪਿਛਾਂਹ' ਨੀ ਰਹਿਣਾ
ਕਿ ਪਿਛਾਂਹ ਰਹਿ ਜਾਣ ਵਾਲੇ ਫਾਡੀ ਹੁੰਦੇ
ਪਤੈ ? ਦਰਿਆਵਾਂ ਦਾ ਉਫਾਨ ਜਦ ਮੁੜਦੈ
ਕਿੰਨਾ ਕੁਝ ਗਲਿਆ ਸੜਿਆ, ਰੁਲਿਆ ਖੁੱਸਿਆ
ਰਹਿ ਜਾਂਦਾ ਐ ਪਿਛਾਂਹ...

**ਮੋਬਾ : 96468-48766**



# ਉਜੜੇ ਪਲਾਂ ਦੀਆਂ ਖੇਤੀਆਂ

ਮੈਨੂੰ ਉਹਦਾ ਨਾਂ ਪਤਾ ਨਹੀਂ। ਉਹ ਵੀ ਉਨ੍ਹਾਂ ਦੁੱਖੀਆਂ ਵਿਚੋਂ ਇਕ ਸੀ।

ਉਸ ਦਿਨ ਉਹ ਪਸੇਂਜਰ ਸ਼ੈਂਡ ਵਿਚ ਬੈਠੀ ਹੋਈ ਸੀ, ਜੋ ਬਸ ਅੱਡੇ ਦੇ ਇਕ ਪਾਸੇ ਬਣਿਆ ਸੀ। ਉਸਦਾ ਮੂੰਹ ਲਹਿੰਦੇ ਪਾਸੇ ਸੀ ਅਤੇ ਉਹ ਲਹੂ-ਲੁਹਾਨ, ਲਾਲ ਸੂਰਜ ਦੇ ਗੋਲੇ ਨੂੰ ਪਹਾੜ ਵਿਚ ਡੁਬਦਿਆਂ ਤਕ ਰਹੀ ਸੀ ਅਤੇ ਤਕਦਿਆਂ ਹੋਇਆਂ ਸੋਚ ਰਹੀ ਸੀ। ਬੇ-ਧਿਆਨੇ, ਘੜੀ ਦੇ ਪੈਂਡਲਮ ਵਾਂਗ ਹਿਲ ਵੀ ਰਹੀ ਸੀ। ਜਾਂ ਇੰਝ ਕਹੋ ਕਿ ਉਹ ਆਪਣਿਆਂ ਦੁੱਖਾਂ ਸੁੱਖਾਂ ਨੂੰ ਝੂਟੇ ਦੇ ਰਹੀ ਸੀ। ਸ਼ਾਇਦ ਉਹਨੂੰ ਇਸ ਮੰਜ਼ਰ ਵਿਚੋਂ ਆਪਣੀ ਬੀਤੀ, ਹਯਾਤੀ ਦਾ ਟੁਕੜਾ ਵੀ ਦਿਸ ਰਿਹਾ ਸੀ।

ਉਸ ਸਮੇਂ ਬੱਸ ਅੱਡੇ ਵਿਚ ਕੋਈ ਗੱਡੀ ਮੌਜੂਦਾ ਨਹੀਂ ਸੀ। ਪੋਹ ਦੀ ਠੁਠਰਦੀ ਹੋਈ ਮਲਗੱਜੀ ਲੋਅ ਵਿਚ ਲੋਕਾਂ ਦੀ ਇਕ ਭੀੜ ਗੱਡੀ ਦਾ ਇੰਤਜ਼ਾਰ ਕਰ ਰਹੀ ਸੀ। ਲੋਕ ਬੇਚੈਨੀ ਦੇ ਆਲਮ ਵਿਚ, ਧੁੰਦਲੀ ਜਿਹੀ ਉਮੀਦ ਨਾਲ, ਇੱਧਰ ਉੱਧਰ ਫਿਕਰਾਂ ਵਿਚ ਟਹਿਲ ਰਹੇ ਸਨ। ਸ਼ਾਇਦ ਇਹ ਉਹੀ ਲੋਕ ਸਨ ਜਿਨ੍ਹਾਂ ਦੇ ਘਰ ਦੀ ਮਸਾਫਤ ਦਸ ਕਿਲੋਮੀਟਰ ਤੋਂ ਘੱਟ ਨਹੀਂ ਸੀ। ਨਹੀਂ ਤਾਂ ਇਹ ਵੀ ਹੋਰਾਂ ਲੋਕਾਂ ਵਾਂਗ ਪੈਦਲ ਹੀ ਤੁਰ ਗਏ ਹੁੰਦੇ।

ਜਿਵੇਂ ਜਿਵੇਂ ਸਮਾਂ ਬੀਤਦਾ ਜਾ ਰਿਹਾ ਸੀ, ਔਰਤ ਹੋਰ ਵੀ ਪਰੇਸ਼ਾਨ ਹੁੰਦੀ ਜਾ ਰਹੀ ਸੀ। ਬਾਰ ਬਾਰ ਸੈੱਲ ਫ਼ੋਨ ਦੀ ਘੜੀ ਨੂੰ ਵੇਖਦੀ ਤੇ ਫਿਰ ਸੈੱਲ ਫ਼ੋਨ ਰੱਖ ਦੇਂਦੀ। ਲੱਤਾਂ ਆਕੜ ਜਾਂਦੀਆਂ ਤਾਂ ਦੋ-ਚਾਰ ਕਦਮ ਤੁਰ ਕੇ ਆਕੜ ਭੰਨ ਲੈਂਦੀ। ਫਿਰ ਵਾਪਸ ਆ ਕੇ ਸ਼ੈਂਡ ਵਿਚ ਬੈਠ ਜਾਂਦੀ ਅਤੇ ਟੁੱਟੀ ਸੋਚ ਦੀ ਲੜੀ ਨੂੰ ਜੋੜ ਲੈਂਦੀ।

ਜਦੋਂ ਘਰੋਂ ਤੁਰੀ ਸੀ ਤਾਂ ਉਸ ਸੋਚਿਆ ਵੀ ਨਹੀਂ ਸੀ ਕਿ ਉਹਨੂੰ ਇਸ ਕਦਰ ਚਿਰ ਹੋ ਜਾਏਗਾ। ਰੋਜ਼ਮਰਾ ਦੀਆਂ ਵਸਤਾਂ ਤੋਂ ਛੁੱਟ ਉਸ ਇਕ ਕੇਕ ਵੀ ਖ਼ਰੀਦਿਆ ਸੀ। ਅੱਜ ਉਹਦੇ ਪੋਤੇ ਦਾ ਜਨਮ ਦਿਨ ਸੀ। ਪੁੱਤਰ ਦੀ ਨਿਸ਼ਾਨੀ। ਨਹੀਂ, ਪੁੱਤਰਾਂ ਦੀ ਨਿਸ਼ਾਨੀ। ਹਾਂ, ਉਹ ਇਸੇ ਤਰ੍ਹਾਂ ਹੀ ਸੋਚਦੀ ਸੀ। ਉਸਦੇ ਦੋ ਪੁੱਤਰ ਤੇ ਉਨ੍ਹਾਂ ਦਾ ਪਿਉ, ਸੜ ਰਹੀ ਬਸਤੀ ਦਾ ਬਾਲਨ ਬਣ ਗਏ ਸੀ।

ਚਿਲੇਕਲਾਨ ਦੀ ਖ਼ੂਨ ਜਮਾ ਦੇਣ ਵਾਲੀ ਰਾਤ ਸੀ। ਬਸਤੀ ਦੇ ਸਾਰੇ ਲੋਕ ਬੂਹੇ ਬਾਰੀਆਂ ਢੋਹ ਕੇ, ਦੁਬਕੇ ਹੋਏ ਅੰਦਰ ਹੀ ਬੈਠੇ ਹੋਏ ਸਨ। ਆਪਣੀ ਆਪਣੀ ਦੁਨੀਆਂ ਰਚਾਉਣ ਬਸਾਉਣ ਦੀ ਕੋਸ਼ਿਸ਼ ਵਿਚ। ਦਰਵਾਜ਼ੇ 'ਤੇ ਦਸਤਕ ਹੋਈ। ਖੋਲ੍ਹਿਆ। ਸਾਹਮਣੇ ਬੇਚਿਹਰਾ, ਹਥਿਆਰਬੰਦ ਕੁਝ ਆਦਮੀ ਖੜ੍ਹੇ ਸਨ। ਅੰਦਰ ਆਏ। ਔਰਤ ਦੇ ਘਰ ਵਾਲੇ ਨੂੰ ਨਾਲ ਚੱਲਣ ਲਈ ਕਿਹਾ। ਉਹ ਸੋਚੀਂ ਪੈ ਗਿਆ। ਇਕ ਨੇ ਚੱਲਣ ਲਈ ਦਾਬਾ ਮਾਰਿਆ ਤੇ ਉਹ ਹਿਚਕਚਾਉਂਦਾ ਹੋਇਆ ਤੁਰ ਪਿਆ। ਔਰਤ ਨੇ ਸੋਚਿਆ ਸ਼ਾਇਦ ਰਸਤਾ ਪੁੱਛਣ ਲਈ ਲੈ ਗਏ ਹੋਣ, ਵਾਪਸ ਆ ਜਾਏਗਾ। ਦੱਸ ਮਿੰਟ, ਵੀਹ ਮਿੰਟ ਤੇ ਫਿਰ ਇਕ ਘੰਟਾ ਵੀ ਲੰਘ ਗਿਆ, ਉਹ ਵਾਪਸ ਨਹੀਂ ਪਰਤਿਆ। ਫਿਰ ਅਚਾਨਕ ਦੋ ਗੋਲੀਆਂ ਚੱਲੀਆਂ। ਭਿਆਨਕ ਜਿਹੀ ਆਵਾਜ਼ ਆਈ। ਰਾਤ ਦੇ ਸਨਾਟੇ ਨੂੰ ਚੀਰਦੀ ਹੋਈ ਦੂਰ ਤੱਕ ਚਲੀ ਗਈ। ਪੰਛੀ ਆਲ੍ਹਣਿਆਂ ਵਿੱਚ ਜਾਂ ਰੁੱਖਾਂ ਦੀਆਂ ਟਹਿਣੀਆਂ ਉਪਰ ਬੈਠੇ ਫੜ ਫੜਾ ਕੇ ਰਹਿ ਗਏ। ਚਿਰ ਤੀਕ ਚੀਕ ਚਿਹਾੜਾ ਪਾਈ ਰੱਖਿਆ ਤੇ ਫਿਰ ਖਾਮੋਸ਼ ਹੋ ਗਏ। ਔਰਤ ਦੇ ਘਰ ਦੀਆਂ ਦੀਵਾਰਾਂ ਇਸ ਤਰ੍ਹਾਂ ਹਿੱਲੀਆਂ ਕਿ ਘਰ ਘਰ ਨ ਰਿਹਾ। ਘਰ ਦੀ ਛੱਤ ਉੱਡ ਗਈ। ਠੁਰ ਠੁਰ ਕਰਦੀ ਕਾਲੀ ਰਾਤ ਐਸੀ ਦਰਾਜ਼ ਹੋਈ ਕਿ ਦਹਾਕਿਆਂ ਬਾਅਦ ਵੀ ਮੁਕੀ ਨਾ। ਉਹ ਅੱਜ ਤੱਕ ਇਹ ਵੀ ਨ ਜਾਣ ਸਕੀ ਕਿ ਉਸਦੇ ਖਾਵੰਦ ਨੂੰ ਕਿਸ ਜ਼ੁਰਮ ਵਿਚ ਉਸਦੇ ਲਹੂ ਦੇ ਛੱਪੜ ਵਿਚ ਹੀ ਮਿੱਟੀ ਦੀ ਢੇਰੀ ਬਣਾ ਦਿੱਤਾ ਗਿਆ। ਰੱਬ ਰੱਬ ਕਰਦੀ ਨੇ ਦਰ ਦਰ ਦੀ ਖਾਕ ਛਾਣੀ। ਆਪਣਾ ਬਹੁਤ ਕੁੱਝ ਲੁਟਾ ਕੇ ਆਖਰ ਇਕ ਦਿਨ ਮਾਸਟਰਾਣੀ ਹੋ ਗਈ।

ਪੈਸਾ ਧੇਲਾ ਮੁੱਠੀ 'ਚ ਆਇਆ, ਢਿੱਡ ਦਾ ਤੰਦੂਰ ਬਲਦਾ ਰਿਹਾ। ਸਾਹਾਂ ਦੀ ਡੋਰੀ ਵੀ ਚਲਦੀ ਰਹੀ। ਰਿਸ਼ਤੇ, ਨਾਤੇ ਤੇ ਮੁਹਬੱਤਾਂ ਨਜ਼ਦੀਕੀਆਂ ਵੀ ਕਾਇਮ ਰਹੀਆਂ। ਪਰ ਵੱਡੇ ਪੁੱਤਰ ਦੇ ਕੰਨਾਂ ਵਿਚ ਉਸ ਰਾਤ ਦੀਆਂ ਚੱਲੀਆਂ ਗੋਲੀਆਂ ਸਲ੍ਹਦੀਆਂ ਰਹੀਆਂ ਸਨ। ਬੇਕਰਾਰ ਪੁੱਤਰ ਇਕ ਰਾਤ ਥੱਕੀ ਮਾਂਦੀ ਮਾਂ ਤੇ ਸੋਹਲ ਜਿਹੇ ਭਰਾ ਨੂੰ ਸੁੱਤੇ ਹੋਏ ਛੱਡ ਕੇ ਰਾਤ ਦੇ ਬੇਚਿਹਰੇ ਦਰਿੰਦਿਆਂ ਦੀ ਸਰਕੋਬੀ ਲਈ ਕਿਤੇ ਖਾਲੀ ਹੱਥ ਤੁਰ ਗਿਆ। ਬਸ ਤਨ ਦੇ ਦੋ ਢਾਈ ਕਪੜੇ ਤੇ ਪੈਰਾਂ 'ਚ ਫੱਟਿਆ ਹੋਇਆ ਬੂਟ ਸੀ। ਉਹ ਦੋਵਾਂ ਲੱਤਾਂ ਉਪਰ ਟੁਰਦਾ ਹੋਇਆ ਕਿਸੇ ਸਰਹੱਦ ਜਾਂ ਖ਼ੂਨੀ ਲਕੀਰ ਨੂੰ ਪਾਰ ਵੀ ਕਰ ਸਕਿਆ ਕਿ ਨਾ? ਕਿਸੇ ਨੂੰ ਨਹੀਂ ਪਤਾ। ਉਹਨੂੰ ਅਸਮਾਨ ਨਿਗਲ ਗਿਆ ਜਾਂ ਧਰਤ ਖਾ ਗਈ, ਉਹਦਾ ਤਾਂ ਨਿਸ਼ਾਨ ਵੀ ਨਾ ਲੱਭਾ। ਕਈਆਂ ਨੇ ਆਖਿਆ ਉਸ ਹੋਰਾਂ ਦੇ ਬਾਰੂਦ ਵਿਚ ਆਪਣੀ ਅੱਗ ਵੀ ਸ਼ਾਮਿਲ ਕੀਤੀ ਤੇ ਹੋਰਾਂ ਸੰਗ ਇਸ ਤਰ੍ਹਾਂ ਫੱਟਿਆ ਕਿ ਚਿੰਦੀ ਚਿੰਦੀ ਹੋਕੇ ਬਿਖਰ ਗਿਆ। ਖਾਕ ਹੋ ਗਿਆ...।

ਮਾਂ ਦੇ ਸੀਨੇ ਵਿਚ ਇਕ ਹੋਰ ਜ਼ਖ਼ਮ ਉੱਗ ਆਇਆ। ਉਸ ਇਕ ਹੱਥ ਜ਼ਖ਼ਮ ਉੱਤੇ ਅਤੇ ਦੂਜਾ ਦੂਜੇ ਪੁੱਤਰ ਦੇ ਸਿਰ ਉੱਤੇ ਰੱਖ

ਦਿੱਤਾ। ਸਕੂਲ ਪਠਨ ਪਾਠਣ ਲਈ ਜਾਂਦੀ ਤਾਂ ਨਾਲ ਲੈ ਜਾਂਦੀ। ਰਾਤੀਂ ਸੀਨੇ ਨਾਲ ਲਾ ਕੇ ਰੱਖਦੀ ਅਤੇ ਜਗਰਾਤੇ ਕੱਢਦੀ। ਪੁੱਤਰ ਜਦੋਂ ਪੜ੍ਹ ਲਿਖ ਗਿਆ ਜਵਾਨ ਹੋਇਆ ਤੇ ਉਹਨੂੰ ਪਹਿਲੀ ਫੁਰਸਤ ਵਿਚ ਵਿਆਹ ਦੇ ਬੰਦਨ ਵਿਚ ਬੰਨ੍ਹ ਦਿੱਤਾ। ਸੋਚਿਆ, ਚੱਲ ਦੋ ਹੱਥ, ਦੋ ਪੈਰ ਅਤੇ ਦੋ ਅੱਖਾਂ ਹੋਰ ਵੱਧ ਜਾਣਗੀਆਂ। ਜੋ ਰਖਵਾਲੀ ਕਰਨਗੀਆਂ। ਅੱਗੇ ਪਿੱਛੇ ਘੁੰਮਣਗੀਆਂ ਤੇ ਘਰ ਦੇ ਆਖਰੀ ਚਿਰਾਗ ਨੂੰ ਗੁਲ ਨਹੀਂ ਹੋਣ ਦੇਣਗੀਆਂ। ਇਹ ਤ੍ਰੇਹ ਮੋਹ ਦੇ ਧਾਗੇ ਘਰ ਨਾਲ ਬਨ੍ਹੀ ਰੱਖਣਗੇ।...

ਪਰ ਸੁਨਾਮੀ ਨੂੰ ਕੋਈ ਬੰਨ੍ਹ ਨ ਰੋਕ ਸਕਿਆ। ਕਿਸੇ ਦੀ ਕੋਈ ਪੇਸ਼ ਨ ਗਈ। ਦੋ 'ਜੰਗਜੂ' ਛਿਪਦੇ ਭਾਲਦੇ ਔਰਤ ਦੇ ਘਰ ਦਾਖ਼ਲ ਹੋ ਗਏ। ਇਨ੍ਹਾਂ ਦੇ ਪਿੱਛੇ ਇਨ੍ਹਾਂ ਦੇ 'ਸ਼ਿਕਾਰੀ' ਵੀ ਸਨ। ਉਨ੍ਹਾਂ ਨੇ ਆਪਣੀਆਂ ਬੰਦੂਕਾਂ 'ਚੋਂ ਇਹੋ ਜਿਹੀ ਅੱਗ ਵਰ੍ਹਾਈ ਜਿਸ ਨਾਲ ਘਰ ਦਾ ਆਖਰੀ ਚਿਰਾਗ ਵੀ ਨ ਬੱਚ ਸਕਿਆ। ਔਰਤ ਦੇ ਸਿਰ ਤੋਂ ਦੁੱਖਾਂ ਦਰਦਾਂ ਦਾ ਦਰਿਆ ਟੱਪ ਗਿਆ। ਪੁਰਾਣੇ ਜ਼ਖ਼ਮ ਵੀ ਉੱਖੜ ਆਏ। ਅੰਦਰੋਂ ਇਕ ਟੀਮ ਉਠਦੀ ਤੇ ਪੁੱਛਦੀ : ਕਿਉਂ ਮਾਰਿਆ ਗਿਆ ਮੇਰਾ ਪੁੱਤ ਬੇਕਸੂਰ ? ਬਚ ਨਹੀਂ ਸੀ ਸਕਦਾ? ਅਸੀਂ ਕਿਵੇਂ ਬਚ ਗਈਆਂ???...

ਗੁੰਗੇ ਉੱਤਰ ਫਿਜ਼ਾ 'ਚੋਂ ਵੀ ਤੁਰ ਤੁਰ ਤਕਦੇ। ਬੋਲਦੇ ਨਾ। ਕਾਲਜੇ ਬੱਸ ਅੱਗ ਦੇ ਕੜਛੂ ਪੈਂਦੇ।

ਬੀਜੀ ਜ਼ਿੰਦਗੀ ਫਿਰ ਉੱਜੜ ਗਈ। ਸਵਾਹ ਨੂੰ ਫਰੋਲਦੀਆਂ ਬੱਸ ਦੋ, ਨੂੰਹ ਸੱਸ ਹੀ ਰਹਿ ਗਈਆਂ। ਕੁਦਰਤ ਨੇ ਵੀ ਆਪਣੀ ਕਾਰੀਗਰੀ ਨੂੰ ਰੁਸਵਾ ਨਹੀਂ ਹੋਣ ਦਿੱਤਾ। ਸੁਆਹ ਵਿਚੋਂ ਵੀ ਇਕ ਚਿੰਗਾਰੀ ਐਸੀ ਨਿਕਲ ਆਈਜਿਸ ਘਰ ਦਾ ਚਿਰਾਗ ਮੁੜ ਰੋਸ਼ਨ ਕਰ ਦਿੱਤਾ। ਪੁੱਤਰ ਦੇ ਮਰਨ ਤੋਂ ਸੱਤ ਮਹੀਨੇ ਬਾਅਦ ਨੂੰਹ ਦੀ ਝੋਲੀ ਭਰੀ ਗਈ। ਜ਼ਿੰਦਗੀ ਫਿਰ ਧੜਕਨ ਲੱਗੀ।...

ਗੋਲੀ ਚੱਲਣ ਦੀ ਆਵਾਜ਼ ਆਈ। ਆਸੇ-ਪਾਸੇ ਦੇ ਪਹਾੜਾਂ ਨਾਲ ਟਕਰਾਉਂਦੀ ਹੋਈ ਦੂਰ ਤੀਕ ਗੂੰਜ ਉੱਠੀ। ਬੱਸ ਅੱਡੇ ਵਿਚ ਵੀ ਅਫਰਾ ਤਫ਼ਰੀ ਮੱਚ ਗਈ। ਸੋਚਾਂ ਦੀਆਂ ਢੱਕੀਆਂ ਚੜਦੀ ਉਤਰਦੀ ਔਰਤ ਤ੍ਰਬਕੀ। ਹਾਏ ਕੀ ਹੋਇਆ? ਉਸਦੇ ਮੂੰਹੋ ਆਖ ਹੋ ਗਿਆ। ਉਸ ਸੌਦਾ ਸਲਫ ਦੇ ਥੈਲੇ ਸੰਭਾਲੇ ਤੇ ਭੀੜ ਵਾਲੇ ਪਾਸੇ ਦੌੜ ਗਈ। ਉਸੇ ਸਮੇਂ ਵਿਚ ਮਿੰਨੀ ਬੱਸ ਵੀ ਅੱਡੇ ਵਿੱਚ ਦਾਖ਼ਲ ਹੋ ਗਈ। ਮਿੰਨੀ ਬੱਸ ਹਾਲੀ ਰੁਕੀ ਵੀ ਨਹੀਂ ਸੀ ਪੂਰੀ ਤਰ੍ਹਾਂ ਕਿ ਲੋਕ ਚੜ੍ਹ ਗਏ। ਜਿਵੇਂ ਇਹ ਹਜ਼ਰਤ ਨੂੰਹ ਦੀ ਆਖਰੀ ਕਿਸ਼ਤੀ ਸੀ ਅਤੇ ਇਸ ਵਿਚ ਚੜ੍ਹ ਕੇ ਹਰ ਕੋਈ ਆਪਣੀ ਜਾਨ ਬਚਾ ਰਿਹਾ ਸੀ ਜੋ ਅੱਡੇ 'ਚ ਮੌਜੂਦ ਸੀ। ਜਦ ਤੱਕ ਸਾਰੀਆਂ ਸਵਾਰੀਆਂ ਚੜ੍ਹ ਨਾ ਗਈਆਂ ਔਰਤ ਵੀ ਚੜ੍ਹਨ ਵਿਚ ਸਫਲ ਨਾ ਹੋਈ। ਸਾਰੀਆਂ ਸਵਾਰੀਆਂ ਤੋਂ ਬਾਅਦ ਚੜ੍ਹੀ। ਡਰਾਇਵਰ ਵੀ ਘੱਟ ਘਬਰਾਇਆ ਹੋਇਆ ਨਹੀਂ ਸੀ। ਛੇਤੀ ਤੋਂ ਛੇਤੀ ਨਿਕਲ ਕੇ ਬੱਚ ਜਾਣਾ ਚਾਹੁੰਦਾ ਸੀ। ਗੱਡੀ ਭਰ ਗਈ ਅਤੇ ਡਰਾਇਵਰ ਨੇ ਸਟਾਰਟ ਕਰ ਲਈ। ਉਹ ਕੋਈ ਖਤਰਾ ਮੁਲ ਲੈਣਾ ਨਹੀਂ ਸੀ ਚਾਹੁੰਦਾ। ਬਦਕਿਸਮਤੀ ਨਾਲ, ਉਸੇ ਸਮੇਂ, ਤਿੰਨ ਚਾਰ ਸਿਪਾਹੀ ਵੀ ਹਥਿਆਰਾਂ ਸਮੇਤ ਤੇਜ਼ ਤੇਜ਼ ਕਦਮੀ, ਦਗੜ ਦਗੜ ਕਰਦੇ ਭਾਰੀ ਬੂਟਾਂ ਨਾਲ ਧਰਤੀ ਨੂੰ ਮਦੋਲਦੇ ਹੋਏ ਉਥੇ ਪੁੱਜ ਗਏ।

''ਡਰਾਈਵਰ! ਗਾੜੀ ਰੋਕੋ!''

ਇਕ ਸਪਾਹੀ ਨੇ ਉੱਚੀ ਆਵਾਜ਼ ਵਿੱਚ ਕਿਹਾ। ਡਰਾਇਵਰ ਨੇ ਹੌਲੀ ਹੌਲੀ ਤੁਰ ਰਹੀ ਗੱਡੀ ਰੋਕ ਦਿੱਤੀ। ਗੱਡੀ ਵਿਚ ਬੈਠੀਆਂ ਹੋਈਆਂ ਸਵਾਰੀਆਂ ਸਹਿਮ ਗਈਆਂ। ਸਾਰਿਆਂ ਨੇ ਅਗਲੇ ਹੁਕਮ ਨੂੰ ਸੁਣਨ ਲਈ ਕੰਨ ਸੁਰ ਕਰ ਰੱਖੇ ਸਨ।

''ਸਭੀ ਸਵਾਰੀਆਂ ਗਾੜੀ ਸੇ ਬਾਹਰ ਆ ਜਾਉ, ਗਾੜੀ ਖਾਲੀ ਕਰੋ !''

ਇਸ ਵਾਰੀ : ਦੂਜੇ ਸਿਪਾਹੀ ਨੇ ਉਸੇ ਲਹਿਜੇ ਵਿਚ ਸਭ ਨੂੰ ਹੁਕਮ ਕੀਤਾ। ਲੋਕ ਇਕ ਦੂਜੇ ਦੇ ਮੂੰਹ ਵੱਲ ਵੇਖਣ ਲੱਗ ਪਏ। ਉਹ ਨਜ਼ਰਾਂ ਹੀ ਨਜ਼ਰਾਂ ਵਿਚ ਪੁੱਛ ਰਹੇ ਸਨ।

''ਇਹ ਕੇ ਕਰਨ ਲਗੇਣ? ਅਸੀਂ ਕੀਆਂ ਉਤਰੀਏ??''

ਜਲਦੀ ਬੱਸ ਰੋਕ ਕੇ ਕਦੀ ਕਦੀ, ਇਸ ਤਰ੍ਹਾਂ ਦਾ ਹੁਕਮ ਦਿੱਤਾ ਜਾਂਦਾ ਰਿਹਾ ਸੀ। ਸਵਾਰੀਆਂ ਨੂੰ ਉਤਾਰ ਕੇ ਸਭ ਦੇ ਵਸਤਰਾਂ ਅਤੇ ਥੈਲਿਆਂ ਆਦਿ ਦੀ ਤਲਾਸ਼ੀ ਲਈ ਜਾਂਦੀ ਸੀ। ਪਰ ਇਸ ਵਾਰੀ ਦੇਰ ਬਹੁਤ ਹੋ ਚੁੱਕੀ ਸੀ ਅਤੇ ਉਹ ਹੁਣੇ ਹੀ ਤਾਂ ਬੱਸ ਅੱਡੇ 'ਚੋਂ ਸਵਾਰ ਹੋਏ ਸਨ, ਘਰ ਜਾਣ ਲਈ। ਉਨ੍ਹਾਂ ਨੂੰ ਆਖਰ ਲੱਗਣ ਲੱਗ ਪਿਆ ਕਿ ਬੰਦੂਕ 'ਚੋਂ ਨਿਕਲੀ ਗੋਲੀ ਅਜੇ ਵੀ ਉਨ੍ਹਾਂ ਦਾ ਪਿੱਛਾ ਕਰ ਰਹੀ ਹੈ ਅਤੇ ਉਨ੍ਹਾਂ ਦੇ ਸੀਨਿਆਂ ਨੂੰ ਹੀ ਸਲ੍ਹੇਗੀ। ਉਨ੍ਹਾਂ ਦੇ ਚਿਹਰਿਆਂ ਦੇ ਰੰਗ ਉੱਡੇ ਗਏ।

''ਬਹਿਰੇ ਹੋ? ਸੁਨਤੇ ਨਹੀਂ?''

ਹਵਾਲਦਾਰ ਆਪੇ ਤੋਂ ਬਾਹਰ ਹੋ ਰਿਹਾ ਸੀ। ਇਕ ਚਿੱਟੀ ਦਾਹੜੀ ਵਾਲੇ ਬਜ਼ੁਰਗ ਨੇ ਜ਼ੁਰਤ ਕੀਤੀ ਤੇ ਮਖਾਤਬ ਹੋਇਆ :

''ਸਾਹਬ! ਹਮ ਗਾੜੀ ਸੇ ਕਿਉਂ ਉਤਰੇਂ ? ਹਮਾਰੀ ਕਿਆ ਗ਼ਲਤੀ ਹੈ??''

''ਬਾਬਾ ਪੁੱਛੋ ਮਤ...ਸਮਝੋ ਜ਼ਰਾ...ਗਾੜੀ ਹਮੇਂ ਜ਼ਰੂਰਤ ਹੈ!'' ਇਸ ਵਾਰ ਹਵਾਲਦਾਰ ਨੇ ਕਦਰੇ ਨਰਮੀ ਨਾਲ ਕਿਹਾ।

''ਯਹ ਆਖਰੀ ਗਾੜੀ ਹੈ!''

ਇਕ ਨੌਜਵਾਨ ਦਾ ਹੌਂਸਲਾ ਵੀ ਵੱਧ ਗਿਆ ਅਤੇ ਉਹ ਵਿਚੋਂ ਬੋਲ ਪਿਆ।

''ਆਜ ਰੋਜ਼ੂੰ ਕੇ ਦਿਨ ਹੈਂ...ਵਕਤ ਪਰ ਘਰ ਪਹੁੰਚਨਾ ਜ਼ਰੂਰੀ ਹੈ।

...ਪੈਦਲ ਚਲਨੇ ਸੇ ਕਬ ਪਹੁੰਚੇਂਗੇ?...ਹਮਾਰਾ ਗਾਂਵ ਯਹਾਂ ਸੇ ਦਸ ਮੀਲ ਸੇ ਭੀ ਜਿਆਦਾ ਦੂਰੀ ਪਰ ਹੈ...।''

''ਯਹ ਸਰਾਸਰ ਜ਼ੁਲਮ ਹੈ...ਨਾ ਇਨਸਾਫ਼ੀ ਹੈ...ਇਸ ਠੰਡ ਮੇਂ! ...ਅਪਨੀ ਗਾੜੀ ਕਿਉਂ ਨਹੀਂ ਲੇ ਜਾਤੇ? ਪਬਲਿਕ ਕੀ ਗਾੜੀਉਂ ਕੇ ਪੀਛੇ ਪੜੇ ਹੈਂ ਔਰ...।''

ਇਕ ਹੋਰ ਨੌਜਵਾਨ ਜਜ਼ਬਾਤੀ ਹੋ ਗਿਆ ਅਤੇ ਉਸਦੇ ਮੂੰਹ 'ਚੋਂ ਝੱਗ ਵੀ ਖੁਟ ਆਈ।

ਹੁਣ ਸਿਪਾਹੀਆਂ ਦਾ ਗੁੱਸਾ ਵੀ ਸਤਵੇਂ ਆਸਮਾਨ ਪੁੱਜ ਗਿਆ। ਉਹ ਨੰਗੀਆਂ ਨੰਗੀਆਂ ਗਾਲਾਂ ਕੱਢਣ ਲੱਗ ਪਏ।

''...ਸਾਲੇ ਜ਼ਿਆਦਾ ਸ਼ੋਰ ਕੀਆ ਤੋਂ ਗੋਲੀਉਂ ਸੇ ਭੂਨ ਡਾਲੂੰਗਾ।

ਪੂਰਾ ਬਰਸਟ ਸੀਨੇ ਮੇਂ ਘੁਸੇੜ ਦੂੰਗਾ ਔਰ ਪਹੁੰਚਾ ਦੂੰ ਗਾ ਹੂਰੋਂ ਕੀ ਗੋਦੀ ਮੇਂ..ਨਖਰੇ ਬੰਦ ਕਰੋ, ਔਰ ਚੁੱਪ-ਚਾਪ ਗਾੜੀ ਸੇ ਉਤਰ ਜਾਓ...ਹਮੇਂ ਮਜ਼ਬੂਰ ਮਤ ਕਰੋ ਕਿ ਹਮ...।'' ਸਾਰੇ ਚੁੱਪ ਹੋ ਗਏ ਅਤੇ ਗੱਡੀ 'ਚੋਂ ਉਤਰਨ ਲਈ ਆਪਣਾ ਆਪਣਾ ਸਾਮਾਨ ਟਟੋਲਣ ਲੱਗੇ।

ਗੱਡੀ ਦੀ ਪਿਛਲੀ ਸੀਟ ਉੱਤੇ ਬੈਠੀ ਔਰਤ ਸਭ ਕੁਝ ਵੇਖ ਸੁਣ ਰਹੀ ਸੀ। ਇਸਦੇ ਜਿਸਮ ਵਿਚੋਂ ਵੀ ਨਫ਼ਰਤ ਅਤੇ ਗੁੱਸੇ ਦੀਆਂ ਲਹਿਰਾਂ ਦੌੜਨ ਲੱਗ ਪਈਆਂ ਸਨ। ਅੱਖਾਂ ਵਿੱਚੋਂ ਅੱਗ ਦੇ ਭਾਂਬੜ ਉਠ ਰਹੇ ਸਨ। ਉਸ ਪਿਛਲੇ ਕਈ ਦਹਾਕਿਆਂ ਦੀ ਝਿਜਕ ਤੇ ਖ਼ੌਫ਼ ਲਾਹ ਕੇ ਪਰੇ ਸੁੱਟਿਆ। ਉਹ ਹੁਣ ਮਰਦਾਂ ਦੇ ਨਾਲ ਸੀਨਾ ਸੱਪਰ ਸੀ। ਸਿਪਾਹੀਆਂ ਦੀ ਜ਼ਿਆਦਤੀ ਤੇ ਸੀਨਾਜ਼ੋਰੀ ਹੋਰ ਬਰਦਾਸ਼ ਕਰਨ ਨੂੰ ਤਿਆਰ ਨਹੀਂ ਸੀ। ਉਸ ਆਪਣੇ ਜਬਾੜਿਆਂ ਨੂੰ ਇਸ ਤਰ੍ਹਾਂ ਕੱਸਿਆ ਹੋਇਆ ਸੀ ਜਿਵੇਂ ਉਹ ਕਿਸੇ ਹੱਡੀ ਵਾਲੇ ਗੋਸ਼ਤ ਦੇ ਟੁਕੜੇ ਨੂੰ ਚਬਾ ਰਹੀ ਹੋਵੇ।

ਇਕ ਬਜ਼ੁਰਗ ਡਰ ਦੇ ਮਾਰੇ ਗੱਡੀ 'ਚੋਂ ਉਤਰਨ ਲੱਗਾ। ਔਰਤ ਸ਼ੇਰਨੀ ਵਾਂਗ ਗਰਜ਼ੀ!

''ਚਾਚਾ! ਉੱਤਰੀ ਨਾ!! ਬੈਠਾ ਰਹੀਂ...ਮੈਂ ਦਿਖ ਸਾਂ, ਅਸਾਂ ਕੂ ਗੱਡੀ 'ਚੋਂ ਕੌਣ ਉਤਾਰਸੀ...ਉਸਦੇ ਮੈਂ ਡੱਕਰੇ ਕਰਸਾਂ...ਪੱਥਰ ਮਾਰ ਕੇ ਸਿਰ ਭੰਨਸਾਂ ਉਸਦਾ...ਇਨ੍ਹਾਂ ਕੋ ਜੋ ਮਰਜ਼ੀ ਆ ਕਰਨ...ਅਸੀਂ ਪਾਲਤੂ ਜਾਨਵਰ ਤਾਂ ਨਾ...ਜ਼ਿਲ੍ਹੇ ਕੋਈ ਚਾਹਵਾ ਤਾਂ ਉਲੇ ਅਸਾਂ ਕੂ ਹੱਕਾ ਦੁੱਖ ਦੇਵਾ! ...ਡਰੋ ਨਾ...ਮਾਰਨ ਗੋਲੀ...।''

''ਲੌਂਡੀ! ਹੋਸ਼ ਮੇਂ ਆ!!...ਕਿਆ ਬਕਵਾਸ ਬੱਕ ਰਹੀ ਹੈ?'' ਗੁਸੈਲ ਸਿਪਾਹੀ ਬੇਹਯਾਈ ਨਾਲ ਬੋਲਿਆ।

''ਅਰੇ ਓ ਭਾੜੇ ਕੇ ਟੱਟੂ! ਮੂੰਹ ਸੰਭਾਲ ਕਰ ਬਾਤ ਕਰ...ਅਗਰ ਹਕੀਕਤ ਮੇਂ ਤੂੰ ਦੇਸ਼ ਕਾ ਸਿਪਾਹੀ ਹੋਤਾ ਤੋਂ ਅਪਨੇ ਦੇਸ਼ ਕੀ ਬੇਟੀ ਸੇ ਤਮੀਜ਼ ਸੇ ਬਾਤ ਕਰਤਾ...ਇਨ ਬਜ਼ੁਰਗੋਂ ਕੀ ਬੇਇੱਜ਼ਤੀ ਨ ਕਰਤਾ...ਔਰ...।''

ਹੁਣ ਔਰਤ ਸਿਪਾਹੀਆਂ ਦੀ ਕੋਈ ਗਲ ਸੁਣਨ ਦੇ ਰੌਂ 'ਚ ਨਹੀਂ ਸੀ। ਸਵਾਰੀਆਂ ਦੇ ਅੰਦਰ ਹੌਂਸਲਾ ਵੱਧ ਗਿਆ। ਹਰ ਕੋਈ ਬੋਲਣ ਲੱਗ ਪਿਆ। ਦਿਲ ਦੀ ਭੜਾਸ ਕੱਢਣ ਲੱਗੇ। ਸ਼ੋਰ ਬੱਸ ਤੋਂ ਬਾਹਰ ਵੀ ਸੁਣਾਈ ਦੇਣ ਲੱਗਾ। ਲੱਗ ਰਿਹਾ ਸੀ ਕੋਈ ਵੱਡਾ ਵਿਸਫੋਟ ਹੋਣ ਵਾਲਾ ਹੈ।

ਬਹੁਤ ਜ਼ਿਆਦਾ ਬੋਲਣ ਨਾਲ ਔਰਤ ਦਾ ਗਲਾ ਬਹਿ ਗਿਆ। ਮੂੰਹ ਸੁੱਕ ਗਿਆ। ਉਹ ਚੁੱਪ ਹੋ ਗਈ ਪਰ ਉਸਦੇ ਅੰਦਰ ਅਜੇ ਵੀ ਜੰਗ ਜਾਰੀ ਸੀ। ਸੋਚਦੀ ਰਹੀ ਸੀ:

''ਜਿੰਨ੍ਹਾਂ ਸਿਪਾਹੀਆਂ ਮਦਦ ਕਰਨੀ ਆਸੀ ਉਹੀ ਵੈਰੀਆਂ ਵਾਲਾ ਸਲੂਕ ਕਰਦੇ ਸਨ...ਆਪਣੇ ਸੁੱਖਾਂ ਵਾਸਤੇ ਬਜ਼ੁਰਗਾਂ ਕੋ ਵੀ ਨੀ ਬਖਸ਼ਦੇ...ਇਹ ਜਮਹੂਰੀਅਤ ਹੈ? ਇਹ ਹੱਕ ਹੈਨ ਸ਼ਹਿਰੀਆਂ ਦੇ...??...ਈਜੇ ਨਜ਼ਾਮ ਕੋਲੋਂ ਨਜਾਤ ਹਾਸਲ ਕਰਨੀ ਚੰਗੀ ਆ...ਇਹ ਜ਼ੁਲਮ ਹੁਣ ਹੋਰ ਬਰਦਾਸ਼ਤ ਨੀ ਹੁੰਦਾ...।''

ਸਿਪਾਹੀ ਤੇ ਹਵਾਲਦਾਰ ਬਸ ਵਿਚ ਪੈਦਾ ਹੁਈ ਸੂਰਤੇਹਾਲ ਨੂੰ ਵੇਖ ਕੇ ਘਬਰਾ ਗਏ। ਹਵਾਲਦਾਰ ਕੋਈ ਪੇਸ਼ ਨ ਜਾਂਦੀ ਵੇਖ ਕੇ ਆਪਣੇ ਆਫ਼ੀਸਰ ਨੂੰ ਖ਼ਬਰ ਦੇਣ ਚਲਾ ਗਿਆ। ਅਜੇ ਉਹ ਮਸੀਂ ਕੁਝ ਕਦਮ ਹੀ ਤੁਰਿਆ ਸੀ ਕਿ ਆਫ਼ੀਸਰ ਅੱਗੋਂ ਆਉਂਦਾ ਮਿਲ ਗਿਆ। ਬਿਨਾਂ ਗੱਡੀ ਦੇ ਉਹ ਭੱਜਾ ਭੱਜਾ ਆ ਰਿਹਾ ਸੀ। ਸ਼ਾਇਦ ਬੱਸ ਵਿਚਲਾ ਸ਼ੋਰ ਉਸ ਤੀਕ ਵੀ ਪੁੱਜ ਗਿਆ ਸੀ। ਕਰਨਲ ਸਾਹਿਬ ਨੇ ਗੱਡੀ 'ਚ ਚੜ੍ਹ ਕੇ ਸਾਰੀ ਸੂਰਤੇ ਹਾਲ ਦਾ ਜਾਇਜ਼ਾ ਲਿਆ। ਫਿਰ ਸਾਰੀਆਂ ਸਵਾਰੀਆਂ ਨੂੰ ਨਿਮਰਤਾ ਨਾਲ ਬਸ ਖਾਲੀ ਕਰਨ ਦੀ ਗੁਜ਼ਾਰਸ਼ ਕੀਤੀ ਅਤੇ ਕਾਰਨ ਵੀ ਦੱਸਿਆ।

ਕੁਝ ਸਿਪਾਹੀ ਇਕ ਜ਼ਖ਼ਮੀਂ ਸਿਪਾਹੀ ਨੂੰ ਚੁੱਕ ਕੇ ਪਹੁੰਚ ਗਏ। ਜ਼ਖ਼ਮੀਂ ਸਿਪਾਹੀ ਦੇ ਸਿਰ ਵਿਚ ਗੋਲੀ ਲੱਗੀ ਦੀ ਸੀ। ਪਤਾ ਚੱਲਿਆ ਕਿ ਗੋਲੀ ਆਪਣੀ ਹੀ ਸਰਵਿਸ ਰਾਇਫਲ ਨਾਲ ਲੱਗੀ ਸੀ। ਸੜਕ 'ਤੇ ਖੜ੍ਹਾ ਸਿਪਾਹੀ ਆਪਣੀ ਹੀ ਪ੍ਰੇਸ਼ਾਨੀ ਦਾ ਸ਼ਿਕਾਰ ਸੀ ਜਾਂ ਕੁਝ ਹੋਰ? ਕੁਝ ਕਿਹਾ ਨਹੀਂ ਜਾ ਸਕਦਾ। ਅਜੇ ਇਹ ਗੱਲ ਰਾਜ਼ ਵਿਚ ਸੀ। ਸਿਪਾਹੀ ਕੋਮਾ ਵਿਚ ਸੀ। ਲਹੂ ਬੰਡੇਜ਼ ਵਿਚੋਂ ਵੀ ਰਿਸ ਰਿਹਾ ਸੀ। ਉਸਦੇ ਸਾਥੀ ਚਾਹੁੰਦੇ ਸਨ ਕਿ ਬਿਨਾਂ ਦੇਰੀ ਦੇ ਜ਼ਖ਼ਮੀਂ ਸਿਪਾਹੀ ਨੂੰ ਨੇੜੇ ਦੇ ਕਿਸੇ ਸਿਵਲ ਹਸਪਤਾਲ ਵਿਚ ਦਾਖ਼ਲ ਕੀਤਾ ਜਾਵੇ ਤਾਂਕਿ ਉਸਦੀ ਜਾਨ ਬਚ ਸਕੇ। ਬਹੁਤ ਕੁਝ ਸੋਚ ਕੇ ਉਨ੍ਹਾਂ ਸਿਵਲ ਗੱਡੀ ਵਿਚ ਹੀ ਲੈ ਜਾਣਾ ਮੁਨਾਸਬ ਸਮਝਿਆ ਸੀ।...

ਔਰਤ ਵੀ ਇਹ ਸਭ ਕੁਝ ਦੇਖ ਸੁਣ ਰਹੀ ਸੀ। ਉਸਦੀਆਂ ਅੱਖਾਂ ਵਿਚੋਂ ਹੁਣ ਫਰਨ ਫਰਨ ਅਥਰੂ ਡਿਗਣੇ ਸ਼ੁਰੂ ਹੋ ਗਏ। ਉਹ ਖੜ੍ਹੀ ਹੋ ਗਈ ਅਤੇ ਹੁਬਕੀਂ ਹੁਬਕੀਂ ਸਭ ਨੂੰ ਕਹਿਣ ਲੱਗੀ:

''ਭਰਾਵੋ ਉਠੋਂ ਹੁਣ, ਭੈਣੋਂ ਉੱਠੋ...ਦੇਰ ਨ ਕਰੋ...ਕਿਸੇ ਦੇ ਘਰੇ ਦਾ ਚਿਰਾਗ ਨਾ ਬੁੱਝ ਜੁਲਾ...ਬਦ ਕਿਸਮਤ ਮਾਂ ਅੰਨ੍ਹੀ ਨਾ ਹੋ ਗੱਛਾ ਤਾਂ ਬੀਵੀ ਦਾ ਸੁਹਾਗ ਨ ਲੁੱਟਿਆ ਜਾਵੇ...ਭੈਣ ਨ ਤੜਪਾ... ਉੱਠੋ ਕਰੋ ਗੱਡੀ ਖਾਲੀ...ਖੜਨ ਦਿਉ ਹਸਪਤਾਲ...ਅਸੀਂ ਪੈਦਲ ਜੁਲਸਾ...।''

ਵੇਖਦਿਆਂ ਹੀ ਵੇਖਦਿਆਂ ਸਾਰੀ ਬਸ ਖਾਲੀ ਹੋ ਗਈ। ਜ਼ਖ਼ਮੀਂ ਸਿਪਾਹੀ ਨੂੰ ਮਿੰਨੀ ਬੱਸ ਵਿਚ ਚੜ੍ਹਾਇਆ ਗਿਆ। ਉਸ ਨਾਲ ਜਾਣ ਵਾਲੇ ਸਿਪਾਹੀ ਤੇ ਅਫ਼ਸਰ ਵੀ ਬਹਿ ਗਏ ਅਤੇ ਬੱਸ ਤੇਜ਼ੀ ਨਾਲ ਨਿਕਲ ਗਈ।

ਨੇੜੇ ਦੀ ਇਕ ਮਸਜਦ ਵਿਚੋਂ ਅਜ਼ਾਂ ਦੀ ਆਵਾਜ਼ ਆਈ। ਹੁਣ ਰੋਜ਼ਾ ਖੋਲ੍ਹਣ ਦਾ ਸਮਾਂ ਹੋ ਗਿਆ ਸੀ। ਔਰਤ ਨੇ ਕੇਕ ਦੇ ਨਿੱਕੇ ਨਿੱਕੇ ਟੋਟੇ ਕੀਤੇ ਅਤੇ ਮੌਜੂਦ ਲੋਕਾਂ ਵਿਚ ਵੰਡ ਦਿੱਤੇ। ਅੱਖਾਂ ਪੂੰਝਦਿਆਂ ਤੇ ਕੇਕ ਵੰਡਦਿਆਂ ਉਹ ਬੇਧਿਆਨੇ ਹੀ ਗੁਣਗੁਣਾ ਬੈਠੀ ਸੀ:

''ਹੈਪੀ ਬਰਥ ਡੇਅ ਟੂ ਯੂ''

ਪਤਾ ਨਹੀਂ ਔਰਤ ਦੇ ਇਹ ਬੋਲ ਕਿਸੇ ਸੁਣੇ ਸਨ ਜਾਂ ਨਹੀਂ।

◆

ਮੋਬਾ : 09858433957



# ਯਾਰੀ ਵਾਲਾ ਨਰਮ ਮੁੰਡਾ...!

ਗੱਲ ਜੋ ਯਾਰੀ ਦੀ ਹੁੰਦੀ ਤਾਂ ਸਿਰ ਲੈਣ ਤੇ ਸਿਰ ਦੇਣ ਬਾਜ਼ੀ ਲੱਗਦੀ ਐ। ਗੱਲ ਤਾਂ ਦੇਹ ਦੀ ਐ। ਦੇਹ ਨੂੰ ਜਦੋਂ ਤੱਕ ਉਹ ਮਿਲਦੀ ਐ। ਇਹ ਯਾਰੀ ਐ, ਛੋਲਿਆਂ ਦਾ ਵੱਢ ਨਹੀਂ, ਵਰਗੀਆਂ ਗੱਲਾਂ ਕਰਦੀ ਐ। ਦੇਹ ਫੇਰ ਮੱਝਾਂ ਵੀ ਚਾਰਦਾ ਐ। ਕੰਨ ਪੜਵਾ ਕੇ ਜੋਗੀ ਵੀ ਬਣਦਾ। ਪਰ ਇੰਦਰ ਬਾਣੀਆਂ ਕੋਈ ਨੀ ਬਣਦਾ। ਸਭ ਤਵੇ ਟਿੱਕੀ ਲਾ ਕੇ ਤੁਰ ਜਾਂਦੇ, ਜਹਾਜ਼ ਵਿੱਚ ਉਡ ਜਾਂਦੇ। ਸੱਜਣਾ ਦੇ ਫੁਲਕੇ ਨੂੰ ਪਿੰਡ ਦੇ ਪਲੇਥਣ ਲਾਉਣ ਵਾਲੀਆਂ ਰੂਹਾਂ ਗੁਆਚ ਗਈ ਆਂ। ਮਜਬੂਰ, ਔਖਾ, ਸੰਕ ਕਰਦਾ। ਕਰਦੀ ਵਰਗੇ ਸ਼ਬਦਾਂ ਦੀ ਬਰਸਾਤ ਹੋਈ ਲੱਗਦੀ ਐ ਕਿੱਥੇ ਗਏ ਉਹ ਦਿਨ ਵਰਗੀਆਂ ਗੱਲਾਂ ਕਾਲੇ ਬੱਦਲਾਂ ਵਾਂਗ ਆਉਦੀਆਂ ਨੇ ਟੁੱਟ ਗਈ ਯਾਰੀ ਦੇ ਕੀਰਨੇ ਨੀ ਗੜੇ ਵਰਸਾਉਂਦੀਆਂ। ਸ਼ਾਇਰ ਕਵਿਤਾ ਵਿੱਚ ਤਲਾਸ਼ ਦੇ ਨੇਦੇਹ ਨੂੰ। ਕਾਗਜ਼ ਕਾਲੇ ਹੁੰਦੇ ਨੇ। ਕਾਗਜ਼ ਗੁੜ ਦੀਆਂ ਭਾਫਾਂ ਨਿਕਲਦੀਆਂ ਨੇ। ਪੱਗ ਤੇ ਸੂਟ ਨਾਲ ਦੀਆਂ ਚੁੰਨੀਆਂ ਰੰਗੀਆਂ ਤੇ ਪੱਗਾਂ ਕੀਲੀਆਂ ਉੱਤੇ ਲਟਕਦੀਆਂ ਰਹਿ ਜਾਂਦੀਆਂ ਨੇ।

ਜਦੋਂ ਬਦਲ ਜਾਵੇ ਦੋਰ, ਫੋਰ ਵਧੀ ਤੇ ਜੰਡ ਥੱਲੇ ਲੈ ਜਾਂਦੀ ਐ। ਗੱਲਾਂ ਫੇਰ "ਵੇ ਤੇਰਾ ਲਾਰਾ ਸ਼ਰਾਬੀਆਂ ਦੀ ਗੱਪ ਵਰਗ।" ਪਰ ਕਦੇ ਗ਼ਲਤ ਨੀ ਹੁੰਦਾ, ਜਦੋਂ ਘੁੰਡੀ ਫਸਦੀ ਐ ਫੇਰ, ਬੰਦਾ ਉਹਨਾਂ ਦੇ ਦੁਆਲੇ ਹੁੰਦਾ ਐ, ਜਿਹੜੇ ਕੈਦੋਂ ਬਣੇ ਹੁੰਦੇ ਆ। ਪਿਆਰ, ਸਤਿਕਾਰ ਸਭ ਮੋਹ ਪਿਆਰ ਹੀ ਨਹੀਂ, ਰੂਹ ਦੀ, ਰੂਪ ਦੀ ਖੁਰਾਕ ਐ। ਬਾਕੀ ਦੀਆਂ ਗੱਲਾਂ ਛੱਡੋ ਦਿਲ ਸਾਫ ਹੋਣਾ ਚਾਹੀਦਾ, ਦੇਹ ਕੋਈ ਵੀ ਹੋਵੇ। ਗੱਲਾਂ ਬੜੀਆਂ ਨੇ ਮਿਰਚਾਂ ਵਾਂਗ ਕਾਲਜੇ ਲੜੀਆਂ ਨੇ। ਦੱਸ ਕਿਹੜੀਆਂ ਕਿਤਾਬਾਂ ਪੜ੍ਹੀਆਂ ਨੇ।

ਪਿਆਰ, ਸਿਆਸਤ ਤੇ ਜੰਗ ਵਿੱਚ ਸਭ ਕੁੱਝ ਸਦੀਵੀ ਨੀ ਹੁੰਦਾ। ਸਮਾਂ, ਸਥਾਨ ਤੇ ਗਰਜ ਨਾਲ ਰਿਸ਼ਤੇ ਸਾਂਝਾ, ਦੋਸਤੀ ਸਥਿਤੀ ਬਦਲਣ ਵਿੱਚ ਦੇਰ ਸੀ ਲੱਗਦੀ।

ਕਹਿੰਦੇ ਆ ਕਿ ਜਦੋਂ ਮਨੁੱਖ ਦਾ ਜਨਮ ਹੁੰਦਾ ਹੈ ਤੇ ਉਸ ਦਾ ਅੰਨ-ਜਲ, ਪੌਣ-ਪਾਣੀ ਤੇ ਮੌਤ ਸਭ ਦਾ ਲੇਖਾ ਉਸ ਵੇਲੇ ਹੋ ਜਾਂਦਾ ਹੈ। ਘਰ ਦੇ ਹਾਲਾਤ ਉਸ ਨੂੰ ਉਸਾਰਦੇ ਤੇ ਵਿਗਾੜਦੇ ਹਨ। ਮਨੁੱਖ ਦੀ ਉਸਾਰੀ ਵਿੱਚ ਜੇਕਰ ਕੋਈ ਚੰਗਾ ਉਸਤਾਦ ਮਿਲ ਜਾਵੇ ਤਾਂ ਉਸ ਦੀ ਦਿੱਖ ਤਾਜ ਮਹਿਲ ਬਣ ਸਕਦੀ ਹੈ ਜਿਸ ਨੂੰ ਲੋਕਾਂ ਵਿਚ ਦੂਰੋਂ-ਦੂਰੋਂ ਤੱਕਣ ਆਉਂਦੇ ਹਨ।

ਜੇ ਕੋਈ ਮਾੜਾ ਮਿਸਤਰੀ ਮਿਲ ਜਾਵੇ ਫੇਰ ਉਹ ਉਸ ਦੀ ਜੀਵਨ ਲੀਲਾ ਵਿੱਚ ਅਜਿਹੀ ਵਾਲ ਫਾਲ ਠੋਕ ਦਿੰਦਾ ਹੈ, ਫਿਰ ਉਹੀ ਮਨੁੱਖ ਸਾਰੀ ਜ਼ਿੰਦਗੀ ਚੀਕੀ ਜਾਂਦਾ ਹੈ, ਪਰ ਸਾਡੇ ਵਿੱਚ ਕਈਆਂ ਨੂੰ ਬਿਨਾਂ ਲੋੜ ਤੇ ਗੱਲ ਉਤੇ ਚੀਕਣ ਦੀ ਆਦਤ ਹੁੰਦੀ ਹੈ।

ਉਹ ਚੰਗੇ ਭਲੇ ਹੀ ਚੀਕੀ ਜਾਂਦੇ ਹਨ। ਉਨ੍ਹਾਂ ਦੀਆਂ ਨਿੱਤ ਦੀਆਂ ਚੀਕਾਂ ਸੁਣ ਕੇ ਲੋਕੀ ਵੀ ਆਖਣ ਲੱਗ ਪੈਂਦੇ ਹਨ, ਇਹ ਤਾਂ ਐਵੇਂ ਭੈਂਕੀ ਜਾਂਦੇ ਤੇ ਬੂਕੀ ਜਾਂਦਾ ਹੈ। ਸਾਡੇ ਸੁਭਾਅ ਵਿੱਚ ਇਹ ਬਿਰਤੀ ਆਲੇ-ਦੁਆਲੇ ਵਿੱਚੋਂ ਹੀ ਆਉਂਦੀ ਹੈ, ਉਂਝ ਮਨੋਵਿਗਿਆਨੀਆਂ ਅਨੁਸਾਰ 'ਹਾਲਾਤ' ਹੀ ਮਨੁੱਖ ਦੇ ਦਿਮਾਗ਼ ਦੀ ਉਸਾਰੀ ਕਰਦੇ ਹਨ।

ਅਸੀਂ ਜਿਸ ਨੂੰ ਮਨ ਕਹਿੰਦੇ ਹਾਂ, ਇਹ ਅੱਥਰਾ ਘੋੜਾ ਐ, ਇਸ ਦੇ ਉਪਰ ਜੇ ਤਾਂ ਕੋਈ 'ਸਿਕੰਦਰ' ਵਰਗਾ ਸਵਾਰ ਹੈ ਤਾਂ ਉਹ ਦੁਨੀਆਂ ਨੂੰ ਜਿੱਤ ਸਕਦਾ, ਜੋ ਉਸ ਦੇ ਉਪਰ ਰਾਵਣ ਚੜ ਜਾਵੇ ਫਿਰ ਉਹ ਆਪਣੀ ਲੰਕਾ ਵੀ ਆਪ ਵਾਹ ਲੈਂਦਾ ਹੈ, ਪਰ ਇਹ ਸਭ ਹੁੰਦਾ ਹੈ, ਉਸਤਾਦ ਦੀ ਕ੍ਰਿਪਾ ਦੇ ਨਾਲ।

ਜਦੋਂ ਕੋਈ ਕਿਸੇ ਦੇ ਕੰਮ ਵਿੱਚ ਵਿਘਨ ਪਾਉਂਦਾ ਹੈ, ਅਸੀਂ ਉਸ ਨੂੰ ਨਹੀਂ, ਉਸਦੇ 'ਉਸਤਾਦਾਂ' ਨੂੰ ਪੁਣਦੇ ਆ। ਫਿਰ ਸਾਡੇ ਆਲੇ-ਦੁਆਲੇ ਅਜਿਹੇ 'ਉਸਤਾਦਾਂ' ਦੀ ਭੀੜ ਵੱਧ ਜਾਂਦੀ ਹੈ, ਜਿਹੜੇ ਤੁਹਾਡੇ ਨਾਲ ਹਮੇਸ਼ਾਂ ਹੀ ਉਸਤਾਦੀ ਕਰਨ ਦੀ ਤਾਕ ਵਿੱਚ ਰਹਿੰਦੇ ਹਨ। ਭਾਵੇਂ ਇਸ ਸੰਸਾਰ ਉੱਤੇ ਰਹਿਣਾ ਕਿਸੇ ਵੀ ਨਹੀਂ, ਪਰ ਅਸੀਂ ਦੂਜਿਆਂ ਦੀ ਜ਼ਿੰਦਗੀ 'ਚ ਖਲਲ ਪਾਉਣ ਲਈ ਹਰ ਵੇਲੇ ਪੈਰਾਂ ਭਾਰ ਹੋਏ ਰਹਿੰਦੇ।

ਜਦੋਂ ਬੰਦੇ ਦੀ ਸੋਚ ਦੂਜਿਆਂ ਦੀਆਂ ਟਾਕੀਆਂ ਲਾਉਣ ਦੀ ਬਈ ਜਾਵੇ ਤਾਂ ਉਹ ਫੇਰ ਹਰ ਵੇਲੇ ਹੱਥਾਂ ਦੀ ਸਫ਼ਾਈ ਦਿਖਾਉਂਦਾ ਰਹਿੰਦਾ ਹੈ। ਜਿਨਾਂ ਦੇ ਹੱਥ ਤੇ ਮੂੰਹ ਖ਼ੂਨ ਦੇ ਲਿਬੜੇ ਹੁੰਦੇ ਹਨ, ਉਹ ਹੀ ਦੂਜਿਆਂ ਨੂੰ ਖ਼ੂਨ ਪੀਣ ਤੋਂ ਰੋਕਣ ਦੀਆਂ ਨਸੀਹਤਾਂ ਦੇਂਦੇ ਹਨ। ਉਹ ਆਪਣਾ ਮੂੰਹ ਨਾ ਵੇਖਦੇ ਤੇ ਨਾ ਹੀ ਹੱਥ, ਉਹ ਤਾਂ ਹਰ ਵੇਲੇ ਸ਼ੀਸ਼ਾ ਚੁੱਕੀ ਫਿਰਦੇ ਰਹਿੰਦੇ ਹਨ। ਜਿੱਥੇ ਦਾਅ ਲੱਗਿਆ, ਉਸ ਨੂੰ ਵਿਖਾ ਕੇ ਦਾੜੀ ਮੁੰਨ ਲੈਂਦੇ ਹਨ।

ਸਮਾਜ ਵਿੱਚ ਕਈਆਂ ਦਾ ਕਾਰੋਬਾਰ ਵੀ ਹੁਣ ਇਹ ਰਹਿ ਗਿਆ ਕਿ ਉਹ ਬਾਹਰੋਂ ਬਾਹਰੀ ਹੀ ਟੋਪੀ ਘੁਮਾਈ ਜਾਂਦੇ ਹਨ। ਹਰ ਵੇਲੇ ਉਹ ਹੱਥ ਵਿੱਚ ਹੈਪੀ ਲਈ ਫਿਰਦੇ ਹਨ, ਜਿਸ ਦੇ ਵੀ ਵਿਟ ਆ ਗਈ ਪਾ ਦਿੰਦੇ ਹਨ। ਉਹ ਆਪਣਾ ਮੂੰਹ ਤੇ 'ਕਾਰ ਸੇਵਾ' ਦਾ ਫੱਟਾ ਲਾ ਕੇ ਰੱਖਦੇ ਹਨ। ਉਨ੍ਹਾਂ ਦਾ 'ਟੋਕਰਾ' ਹਮੇਸ਼ਾਂ ਅਸਮਾਨ ਦੇ ਦਰਸ਼ਨ ਕਰਦਾ ਰਹਿੰਦਾ ਤੇ ਭਰਦਾ ਰਹਿੰਦਾ ਹੈ। ਉਹ ਜਾਂਦੇ ਚੋਰ ਦੀ ਤੜਾਂਗੀ ਲਾਉਣੀ ਵੀ ਨਹੀਂ ਭੁੱਲਦੇ। ਇਹੋ ਜਿਹੇ ਆਦਮੀ ਦੀ ਮੋਚ 'ਜੋਗੀ' ਵਰਗੀ ਹੁੰਦੀ ਹੈ। ਜਿਹੜੀ ਹਮੇਸ਼ਾਂ ਦਰ-ਦਰ ਭਟਕਦੀ ਰਹਿੰਦੀ ਹੈ। (**ਬਾਕੀ ਪੰਨਾ 82 'ਤੇ**)

# ਧਰਮਾਂ ਮਜ਼ਹਬਾਂ ਦਾ ਇਨਸਾਨੀਅਤ ਦਾ ਪੈ.ਗਾਮ

ਸਭ ਧਰਮਾਂ, ਮਜ਼ਹਬਾਂ ਦਾ ਆਧਾਰ ਰੱਬ ਹੈ ਅਤੇ ਉਹ ਰੱਬ ਰੂਪੀ ਧੁਰੇ ਦੇ ਇਰਦ ਗਿਰਦ ਘੁੰਮਦੇ ਹਨ। ਦੁਨੀਆਂ ਭਰ ਦੇ ਧਰਮ ਮੁੱਖ ਰੂਪ ਵਿਚ ਤਿੰਨ ਸਿਧਾਂਤਾਂ ਦੀ ਵਕਾਲਤ ਕਰਦੇ ਹਨ-ਇਕ ਰੱਬ ਦੀ ਇਬਾਦਤ, ਇਨਸਾਨੀਅਤ ਨਾਲ ਮੁਹੱਬਤ ਅਤੇ ਖਲਕੇ ਖੁਦਾ ਦੀ ਖਿਦਮਤ। ਬਹੁਤ ਹੀ ਦੁੱਖ ਦੀ ਗੱਲ ਹੈ ਕਿ ਕਈ ਧਰਮਾਂ, ਮਜ਼ਹਬਾਂ ਦੇ ਕੱਟੜ ਪੰਥੀ ਲੋਕ ਜੋ ਮਜ਼ਹਬ ਪ੍ਰਸਤੀ ਤੇ ਜਨੂੰਨ ਹੇਠ ਗੁੰਮਰਾਹ ਹੋ ਜਾਂਦੇ ਹਨ ਉਹ ਦੂਜੇ ਧਰਮਾਂ, ਮਜ਼ਹਬਾਂ ਦੇ ਲੋਕਾਂ ਨੂੰ ਕਤਲ ਕਰਨਾ, ਆਤੰਕ ਫੈਲਾਉਣਾ, ਦਹਿਸ਼ਤ ਪੈਦਾ ਕਰਨੀ ਅਤੇ ਫਿਤਨੇ ਫਸਾਦ ਲੈਂਦੇ ਹਨ। ਇਸ ਨੂੰ ਉਹ ਆਪਣੀ ਧਾਰਮਿਕ ਭਾਸ਼ਾ ਵਿਚ ਜ਼ਿਹਾਦ ਕਹਿੰਦੇ ਹਨ। ਐਸੇ ਗੁੰਮਰਾਹ ਹੋਏ ਜ਼ਾਲਮ ਅਤੇ ਅੱਤਿਆਚਾਰੀ ਲੋਕ ਜੋ ਇਨਸਾਨੀਅਤ ਦੇ ਕਾਲਤ ਹਨ ਕਈ ਧਰਮਾਂ ਵਿਚ ਅਕਸਰ ਮਿਲ ਜਾਂਦੇ ਹਨ।

ਧਰਮਾਂ ਦੇ ਨਾਂ ਤੇ ਨਫ਼ਰਤ ਫ਼ੈਲਾਉਣੀ, ਦੂਜੇ ਧਰਮਾਂ ਨੂੰ ਜ਼ਬਰਦਸਤੀ ਧਰਮ ਬਦਲਣ ਲਈ ਮਜ਼ਬੂਰ ਕਰਨਾ ਜੇ ਨਾ ਮੰਨਣ ਤਾਂ ਕਤਲ ਕਰਨਾ, ਇਹ ਜਿਹਾਦ ਨਹੀਂ, ਜ਼ੁਲਮ ਹੈ, ਅਤਿਆਚਾਰ ਹੈ। ਕੁਰਆਨ ਮਜੀਦ ਦੀ ਸੂਰ ਅਲ ਬਕਰ ਦੀ ਆਇਤ ਨੰਬਰ 256 ਵਿਚ ਇਰਸ਼ਾਦ ਹੈ, ''ਦੀ ਦੇ ਮਾਮਲੇ ਵਿਚ ਕੋਈ ਜ਼ੋਰ-ਜ਼ਬਰਦਸਤੀ ਨਹੀਂ ਹੈ।''

ਅਰਥਾਤ : ਜਦੋਂ ਨੀਤੀ ਦੇ ਸਾਰੇ ਢੰਗ ਤਰੀਕਿਆਂ ਤੋਂ ਕੰਮ ਨਾ ਬਣੇ ਤਾਂ ਤਲਵਾਰ ਚੁੱਕਣਾ ਜਾਇਜ਼ ਹੈ।

ਦਰਅਸਲ ਹਕੀਕਤ ਇਹ ਲੋਕ ਧਾਰਮਿਕ ਬਿਰਤੀ ਵਾਲੇ ਤਾਂ ਕੀ...

ਇਨਸਾਨੀਅਤ ਦੇ ਇਹਨਾਂ ਦੁਸ਼ਮਣਾਂ ਨੂੰ ਪਤਾ ਹੀ ਨਹੀਂ ਹੈ ਕਿ ਜਿਹਾਦ ਕੀ ਹੈ? ਜਦੋਂ ਦੀਨ-ਧਰਮ ਅਤੇ ਜਾਨ ਨੂੰ ਖ਼ਤਰਾ ਪੈਦਾ ਹੋ ਜਾਵੇ ਤਾਂ ਸਵੈ ਰੱਖਿਆ ਲਈ ਲੜਨ ਨੂੰ ਜਿਹਾਦ ਕਹਿੰਦੇ ਹਨ। ਬੇਕਸੂਰਾਂ ਨੂੰ ਮਾਰਨਾ ਜ਼ਿਹਾਦ ਨਹੀਂ। ਜਿਹਾਦ ਬਾਰੇ ਕੁਰਆਨ ਮਜੀਦ ਦੀ ਸੂਰਤ ਅਲ ਬਕਰਹ ਦੀ ਆਇਤ ਨੰਬਰ 190 ਵਿਚ ਹਦਾਇਤ ਆਈ ਹੈ :

''ਤੁਸੀਂ ਅੱਲਾਹ ਦੇ ਰਾਹਤ ਵਿਚ ਉਨ੍ਹਾਂ ਲੋਕਾਂ ਨਾਲ ਲੜੋ ਜਿਹੜੇ ਤੁਹਾਡੇ ਨਾਲ ਲੜਦੇ ਹਨ। ਲੇਕਿਨ ਧਿਆਨ ਰੱਖਣਾ ਵਧੀਕੀ ਨਾ ਕਰਨਾ ਕਿਉਂਕਿ ਅੱਲਾਹ ਵਧੀਕੀ ਕਰਨ ਵਾਲਿਆਂ ਨੂੰ ਪਸੰਦ ਨਹੀਂ ਕਰਦਾ।''

ਦੀਨ ਧਰਮ ਅਤੇ ਸਵੈ ਰੱਖਿਆ ਲਈ ਦੁਸ਼ਮਣ ਦਾ ਮੁਕਾਬਲਾ ਕਰਨਾ ਹੀ ਜਿਹਾਦ ਹੈ ਜੋ ਹਰ ਧਰਮ ਵਿਚ ਪ੍ਰਚਲਤ ਹੈ। ਐਸਾ ਜਿਹਾਦ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਮੁਗਲਾਂ ਅਤੇ ਪਹਾੜੀ ਰਾਜਿਆਂ ਵਿਰੁੱਧ ਕੀਤਾ ਸੀ। ਆਪ ਨੇ ਆਪਣੀ ਰਚਨਾ ਜ਼ਫ਼ਰਨਾਮਾ ਵਿਚ ਬਾਦਸ਼ਾਹ ਔਰੰਗਜ਼ੇਬ ਨੂੰ ਲਿਖਿਆ ਸੀ :

ਚੂ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ।।
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਆਸਤ।।

ਜ਼ਫਰਨਾਮਾ ਸਟੀਕ, ਪੰਨਾ 164 (ਟੀਕਾਕਾਰ ਪੰਡਤ ਨਰੈਣ ਸਿੰਘ)

ਇਹਨਾਂ ਨੂੰ ਧਰਮ, ਮਜ਼ਹਬ ਦੀ 'ਅਲਫ', ਬੇ ਵੀ ਪਤਾ ਨਹੀਂ ਹੁੰਦਾ। ਅਸਲ ਵਿੱਚ ਇਹਨਾ ਲੋਕਾਂ ਦਾ ਕੋਈ ਧਰਮ ਨਹੀਂ ਹੈ, ਇਹ ਆਧਾਰਮਿਕ ਅਤੇ ਇਨਸਾਨੀਅਤ ਦੇ ਦੁਸ਼ਮਣ ਸ਼ੈਤਾਨ ਜਿਸਦਾ ਇਕ ਨਾ ਇਬਲੀਸ ਵੀ ਹੈ, ਉਸ ਦੇ ਪੈਰੋਕਾਰ ਹਨ।

ਜਿੱਥੋਂ ਤੱਕ ਇਸ ਲੇਖਕ ਨੂੰ ਧਰਮਾਂ, ਮਜ਼ਹਬਾਂ ਅਤੇ ਇਲਮ ਹੈ, ਮੈਂ ਇਹ ਗੱਲ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਸਭ ਧਰਮਾਂ ਦੀ ਰੂਹਾਨੀਅਤ ਸਾਂਝੀ ਹੈ। ਵੱਖ ਹੋ ਵੀ ਕਿਵੇਂ ਸਕਦੀ ਹੈ ਜਦੋਂ ਰੱਬ ਇਕ ਹੈ ਤਾਂ ਰੂਹਾਨੀਅਤ ਵੀ ਇਕੋ ਹੈ। ਸਭ ਧਰਮਾਂ ਦੇ ਸਦਾਚਾਰ ਵਾਲੇ ਸਿਧਾਂਤ ਮਿਲਦੇ ਜੁਲਦੇ ਹਨ। ਸਭ ਧਰਮ ਮੇਲ ਮਿਲਾਪ, ਆਪਸੀ ਭਾਈਚਾਰੇ ਅਤੇ ਰਵਾਦਾਰੀ ਦੀ ਹਮਾਇਤ ਕਰਦੇ ਹਨ। ਜਿੱਥੋਂ ਤੱਕ ਮੈਨੂੰ ਜਾਣਕਾਰੀ ਹੈ, ਸ੍ਰਿਸ਼ਟੀ ਦੀ ਉਤਪਤੀ ਬਾਰੇ ਜੋ ਧਾਰਮਿਕ ਗ੍ਰੰਥਾਂ, ਮਜ਼ਹੂਬੀ ਕਿਤਾਬਾਂ ਵਿਚ ਜ਼ਿਕਰ ਹੈ ਉਹ ਵੀ ਮਿਲਦਾ ਜੁਲਦਾ ਹੈ ਕਿ ਰੱਬ ਨੂੰ ਇੱਛਾ ਪੈਦਾ ਹੋਈ ਕਿ ਮੈਂ ਆਪਣੀ ਪਹਿਚਾਣ ਪੈਦਾ ਕਰਾਂ, ਇਕ ਤੋਂ ਅਨੇਕ ਹੋ ਜਾਵਾਂ ਤਾਂ ਉਸ ਨੇ ਸ੍ਰਿਸ਼ਟੀ ਦੀ ਰਚਨਾ ਕਰਨ ਦਾ ਮਨ ਬਣਾਇਆ।

ਇਸਲਾਮ ਵਿਚ ਕੁਰਆਨ ਮਜੀਦ, ਹਦੀਸ ਸ਼ਰੀਫ਼ ਅਤੇ ਸੁੰਨਤ-ਏ-ਰਸੂਲ ਧਰਮ ਦਾ ਮੂਲ ਆਧਾਰ ਹਨ। ਹਦੀਸ ਸ਼ਰੀਫ਼ ਹਜ਼ਰਤ ਮੁਹੰਮਦ ਸਾਹਿਬ ਦੇ ਵਚਨ ਹਨ ਜੋ ਉਹਨਾਂ ਦੇ ਸਹਾਬੀਆਂ, ਸਾਥੀਆਂ ਨੇ ਲਿਖੇ ਅਤੇ ਹੁਣ ਤੱਕ ਸਾਂਭੇ ਹੋਏ ਹਨ। ਹਜ਼ਰਤ ਮੁਹੰਮਦ ਸਾਹਿਬ ਦਾ ਇਰਸ਼ਾਦ ਹੈ ਕਿ ਸਾਰੀ ਮਖ਼ਲੂਕ ਖ਼ੁਦਾ ਦਾ ਕੁਨਬਾ ਹੈ। ਕੁਰਆਨ ਮਜੀਦ ਦੀ ਪਹਿਲੀ ਆਇਤ ਹੈ :

ਅਲ-ਹਮਦੁ ਲਿਲਲਾਹਿ ਰਬਿੱਲ-ਆਲਮੀਨ।

ਅਥਰਾਤ : ਸਭ ਤਰ੍ਹਾਂ ਦੀ ਵਡਿਆਈ ਅੱਲਾਹ ਲਈ ਹੈ ਜੋ ਸਭ ਖੰਡਾਂ ਬ੍ਰਹਿਮੰਡਾਂ ਨੂੰ ਪਾਲਨੇ ਵਾਲਾ ਹੈ।

ਇਸ ਦਾ ਮਤਲਬ ਹੈ ਕਿ ਰੱਬ ਇਕ ਹੈ ਜੋ ਸਭ ਆਲਮ ਭਾਵ ਦੁਨੀਆਂ ਦਾ ਹੈ ਅਤੇ ਸਾਰੀ ਦੁਨੀਆਂ ਰੱਬ ਦਾ ਪਰਿਵਾਰ ਹੈ ਤੇ ਫਿਰ ਗ਼ੈਰ ਕੌਣ ਹੋਇਆ?

ਵੇਦ ਕਹਿੰਦਾ ਹੈ ਕਿ ਰੱਬ ਖੰਡਾਂ-ਬ੍ਰਹਿਮੰਡਾਂ ਦਾ ਮਾਲਕ ਹੀ ਨਹੀਂ, ਇਸ ਵਿਚ ਵਿਚਰ ਵੀ ਰਿਹਾ ਹੈ।

ਈਸ਼ਾ ਵਾਸਿਉ ਉਪਨਿਸ਼ਟ ਦਾ ਪਹਿਲਾ ਹੀ ਮੰਤਰ ਹੈ :

ਈਸ਼ਾ ਵਾਸ਼ਿਅਮ ਇਦਮ ਸਰਵਗੁ

ਯਤ ਕਿੰਚ ਜਗਤਿਆਮ ਜਗਤ

ਈਸ਼ਾਆਦਿ ਨੌ ਉਪਨਿਸ਼ਦ, (ਪੰਨਾ 2)

ਅਰਥਾਤ : ਸਮੁੱਚੇ ਬ੍ਰਹਿਮੰਡ ਵਿਚ ਜੋ ਵੀ ਜੜ ਚੇਤਨ ਜਗਤ ਹੈ ਇਸ ਸਭ ਵਿਚ ਈਸ਼ਵਰ ਵਿਆਪਤ ਹੈ।

ਈਸ਼ਵਰ ਰੂਪੀ ਪਰਮਸੱਤਾ ਨੂੰ ਅਨੇਕਾਂ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ ਅਸਲ ਵਿਚ ਉਸ ਦਾ ਕੋਈ ਨਾਮ ਨਹੀਂ। ਪਾਣੀ ਨੂੰ ਕੋਈ ਜਲ ਕਹੇ, ਨੀਰ ਕਹੇ, ਆਬ ਕਹੇ, ਵਾਟਰ ਕਹੇ ਜਾਂ ਕਿਸੇ ਹੋਰ ਨਾਂ ਨਾਲ ਪੁਕਾਰੇ ਕੀ ਉਸਦੀ ਹਕੀਕਤ ਬਦਲ ਜਾਏਗੀ? ਇਸੀ ਤਰ੍ਹਾਂ ਰਾਮ, ਰਹੀਮ, ਅੱਲਾਹ, ਵਾਹਿਗੁਰੂ ਆਦਿ ਉਸ ਦੇ ਅਨੇਕਾਂ ਸਿਫਾਤੀ ਨਾਮ ਹੈ। ਉਸ ਦਾ ਜਾਤੀ ਨਾਮ ਕੀ ਹੈ, ਉਹ ਕੋਈ ਰੱਬ ਨੂੰ ਪਹੁੰਚਿਆ ਹੋਇਆ ਮਹਾਂਪੁਰਸ਼ ਹੀ ਬਿਆਨ ਕਰ ਸਕਦਾ ਹੈ।

ਸਿੱਖ ਧਰਮ, ਸੂਫ਼ੀਆਂ ਦੀ ਤਰ੍ਹਾਂ ਸੁਲਹਕੁੱਲ ਨੀਤੀ ਦਾ ਪ੍ਰਚਾਰ ਕਰਨ ਵਾਲਾ ਧਰਮ ਹੈ, ਸਭ ਨਾਲ ਮੇਲ ਮਿਲਾਪ ਤੇ ਭਾਈਚਾਰੇ ਨਾਲ ਰਹਿਣ ਵਾਲੀ ਨੀਤੀ ਦਾ ਸਿੱਖ ਗੁਰਦੁਆਰਿਆਂ ਦੇ ਆਮ ਕਰਕੇ ਚੌਹਾਂ ਦਿਸ਼ਾਵਾਂ ਵੱਲ ਦਰਵਾਜ਼ੇ ਹੁੰਦੇ ਹਨ। ਗੁਰੂ ਨਾਨਕ ਦੇਵ ਜੀ ਮਹਾਰਾਜ ਜਪੁਜੀ ਸਾਹਿਬ ਵਿਚ ਫਰਮਾਉਂਦੇ ਹਨ :

ਗੁਰਾ ਇਕ ਦੇਹ ਬੁਝਾਈ॥

ਸਭਨਾ ਜੀਆ ਕਾ ਇਕ ਦਾਤਾ ਸੋ ਮੈਂ ਵਿਸਰਿ ਨਾ ਜਾਈ॥

ਅਰਥਾਤ : ਹੇ ਸਤਿਗੁਰ! ਮੈਨੂੰ ਇਹ ਸਮਝ ਦੇਹਿ ਕਿ ਮੈਨੂੰ ਰੱਬ ਨਾ ਭੁੱਲੇ ਜੋ ਸਭ ਜੀਵਾਂ ਦਾ ਦਾਤਾ ਹੈ।

ਗੁਰੂ ਸਾਹਿਬ ਨੇ ਉਸ ਪਰਮਸੱਤਾ ਨੂੰ ਸੱਭ ਧਰਮਾਂ ਦੀ ਸਾਂਝੀ ਮੰਨਿਆ ਹੈ। ਸਾਰੇ ਉਸ ਇਕ ਰੱਬੀ ਜਾਤ ਦੀ ਬੰਦਗੀ ਕਰਦੇ ਹਨ। ਗੁਰੂ ਸਾਹਿਬਾਨ ਨੇ ਤਾਂ ਉਸ ਪਰਮਸੱਤਾ ਬਾਰੇ ਕਿਹਾ ਹੈ ਕਿ ਉਹ ਕੱਲ ਕਾਇਨਾਤ ਦੇ ਪ੍ਰਾਣੀਆਂ ਵਿਚ ਵੀ ਵਿਚਰ ਰਹੀ ਹੈ। ਆਪਣੀ ਵਿਸ਼ਵ ਪ੍ਰਸਿੱਧ ਆਰਤੀ ਵਿਚ ਗੁਰੂ ਨਾਨਕ ਦੇਵ ਜੀ ਮਹਾਰਾਜ ਫਰਮਾਉਂਦੇ ਹਨ :

ਸਭ ਮਹਿ ਜੋਤਿ ਜੋਤਿ ਹੈ ਸੋਇ॥

ਤਿਸ ਕੈ ਚਾਨਣ ਸਭ ਮਹਿ ਚਾਨਣ ਹੋਇਆ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 663)

ਅਰਥਾਤ : ਸਾਰੇ ਪ੍ਰਾਣੀਆਂ ਵਿਚ ਇਕੋ ਪਰਮਾਤਮਾ ਦੀ ਜੋਤਿ ਵਕਤ ਰਹੀ ਹੈ। ਉਸੇ ਜੋਤਿ ਦੇ ਪ੍ਰਕਾਸ਼ ਨਾਲ ਸਭ ਨੀਵਾਂ ਵਿਚ ਚਾਨਣ ਅਰਥਾਤ ਸੂਝਬੂਝ ਹੈ।

ਦੁਨੀਆਂ ਦੇ ਜਿਨ੍ਹਾਂ ਮਹਾਨ ਵਿਅਕਤੀਆਂ ਨੇ ਰੱਬੀ ਜੋਤ ਦਾ ਕੋੜ੍ਹਾ ਜਿਹਾ ਵੀ ਅਨੁਭਵ ਕੀਤਾ ਹੈ, ਉਹ ਸਮਝ ਗਏ ਕਿ ਇਸ ਕਾਇਨਾਤ ਨੂੰ ਚਲਾਉਣ ਵਾਲੀ ਹਸਤੀ ਇਕੋ ਹੈ। ਪੰਜਾਬ ਵਿਚ ਆਮ ਕਹਾਵਤ ਹੈ, ਸੌ ਸਿਆਣਿਆ ਇਕੋ ਮੱਤ, ਮੂਰਖਾ ਆਪੋ ਆਪਣੀ। ਸੁਲਝੇ ਹੋਏ ਸਿਆਣੇ ਲੋਕ ਜਾਤਾ ਪਾਤਾਂ, ਕੌਮਾਂ ਮਜ਼ਹਬਾਂ, ਧਰਮਾਂ ਇਲਾਕਿਆਂ ਦੇ ਭਿੰਨ ਭੇਦ ਤੋਂ ਉਪਰ ਉੱਠ ਚੁੱਕੇ ਹੁੰਦੇ ਹਨ। ਤਦੇ ਤਾਂ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੇਲੇ ਬਿਨ੍ਹਾਂ ਕਿਸੇ ਵਿਤਕਰੇ ਅਤੇ ਭਿੰਨ ਭੇਦ ਦੇ ਉਹਨਾਂ ਮਹਾਂਪੁਰਸ਼ਾਂ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤਾ ਜੋ ਰੱਬ ਨੂੰ ਪਹੁੰਚੇ ਹੋਏ ਸਨ। ਨਾ ਜਾਤਾਂ-ਪਾਤਾਂ, ਨਾ ਕੌਮਾਂ, ਮਜ਼ਹਬਾਂ, ਧਰਮਾਂ ਅਤੇ ਇਲਾਕਿਆਂ ਨੂੰ ਦੇਖਿਆ, ਸਿਰਫ਼ ਉਹਨਾਂ ਦਾ ਰੂਹਾਨੀ ਅਨੁਭਵ ਦੇਖਿਆ।

ਕੁਰਆਨ ਮਜੀਦ ਦੀ 112ਵੀਂ ਸੂਰਤ, ਸੂਰਤ ਇਖਲਾਸ ਦੀਆਂ ਪਹਿਲੀਆਂ ਦੋ ਆਇਦਾਂ ਹਨ :

ਕੁੱਲ ਹੂਣ ਅੱਲਾਹੂ ਅਹਦ।

ਅੱਲਾਹੁ ਸ ਸਮੱਦ॥

ਅਰਥਾਤ : ਅੱਲਾਹ ਇਕ ਹੈ। ਉਹ ਬੇਨਿਆਜ਼ ਹੈ ਅਰਥਾਤ ਕਿਸੇ ਦਾ ਮੁਹਤਾਜ ਨਹੀਂ।

ਪਰਮਸੰਤ ਕਬੀਰ ਸਾਹਿਬ ਦੀ ਬਾਣੀ ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ 'ਚ ਜ਼ਿਕਰ ਆਇਆ ਹੈ ਕਿ ਅੱਲਾਹ ਪਾਕਿ ਪਵਿੱਤਰ ਹੈ ਅਤੇ ਇਕ ਹੈ। ਮੈਂ ਸ਼ੱਕ ਤਾਂ, ਤਾਂ ਕਰਾਂ ਜੇ ਉਚ ਦੇ ਵਰਗਾ ਕੋਈ ਹੋਰ ਹੋਵੇ। ਉਸ ਰੱਬ ਨੂੰ ਦ੍ਰਿਸ਼ ਹੀ ਸਮਝ ਸਕਦਾ ਹੈ ਜਿਸ ਨੂੰ ਉਹ (ਰੱਬ) ਸਮਝਣਯੋਗ ਬਣਾਵੇ :

ਅਲਹ ਪਾਕੰਪਾਕ ਹੈ ਸਨ ਕਰਉ ਜੇ ਦੂਸਰ ਹੋਇ॥

ਕਬੀਰ ਕਰਮ ਕਰੀਮ ਕਾ, ਉਹ ਕਰੈਂ ਜਾਨੈ ਸੋਇ॥

ਪਰਮਸੰਤ ਕਬੀਰ ਸਾਹਿਬ ਆਪਣੀ ਬਾਣੀ ਵਿਚ ਫ਼ਰਮਾਉਂਦੇ ਹਨ ਕਿ ਚਾਹੇ ਕੋਈ ਹਿੰਦੂ ਹੈ ਤੇ ਚਾਹੇ ਕੋਈ ਮੁਸਲਮਾਨ, ਰੱਬ ਦਾ ਸਾਂਝਾ ਹੈ। ਮੁੱਲਾਂ, ਸ਼ੇਖ ਦੇ ਕਹਿਣ ਜਾਂ ਨਾ ਕਹਿਣ ਨਾਲ ਕੋਈ ਫ਼ਰਨ ਨਹੀਂ ਪੈਂਦਾ :

ਹਿੰਦੂ ਤੁਰਕ ਕਾ ਸਾਹਿਬ ਏਕ॥

ਕਹ ਕਰੈ ਮੁੱਲਾਂ, ਕਹ ਕਰੈ ਸ਼ੇਖ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1158)

ਸੰਤਾਂ- ਮਹਾਂਪੁਰਸ਼ਾਂ, ਅੱਲਾਹ ਦੇ ਵਲੀਆਂ, ਪੈਗੰਬਰਾਂ ਨੂੰ ਇਨਸਾਨੀਅਤ ਨਾਲ ਮੁਹੱਬਤ ਦਾ ਪੈਗਾਮ ਦਿੱਤਾ ਹੈ। ਸੁਲਹਕੁਲ ਦੀ ਨੀਤੀ ਦਾ ਪ੍ਰਚਾਰ ਕੀਤਾ ਹੈ। ਆਪਸੀ ਭਾਈਚਾਰੇ ਦੀ ਵਕਾਲਤ ਕੀਤੀ ਹੈ। ਅਣਵੰਡੇ ਪੰਜਾਬ ਦਾ ਪ੍ਰਸਿੱਧ ਸੂਫ਼ੀ ਸੰਤ ਸਾਈਂ ਬੁੱਲ੍ਹੇ ਸ਼ਾਹ ਤਾਂ ਇਥੋਂ ਤੱਕ ਕਹਿੰਦਾ ਹੈ ਕਿ ਨਾ ਮੈਂ ਹਿੰਦੂ ਹਾਂ, ਨਾ ਮੁਸਲਮਾਨ, ਨਾ ਸੁੰਨੀ ਹਾਂ ਤੇ ਨਾ ਸ਼ੀਆ। ਮੇਰਾ ਮਾਰਗ ਸੁਲਹਕੁਲ ਭਾਵ ਸਭ ਨਾਲ ਮੇਲ ਮਿਲਾਪ ਵਾਲਾ ਹੈ :

ਹਿੰਦੂ ਨਹੀਂ ਨਾ ਮੁਸਲਮਾਨ /ਬਹੀਏ ਤ੍ਰਿੰਜਣ ਤਜ ਅਭਿਮਾਨ,

ਸੁੰਨੀ ਨਾ ਨਹੀਂ ਹਮ ਸ਼ੀਆ, ਸੁਲ੍ਹਾ ਕੁੱਲ ਕਾ ਮਾਰਗ ਲੀਆ

(ਸਾਈਂ ਬੁੱਲ੍ਹੇ ਸ਼ਾਹ, ਪੰਨਾ 258)

ਮਾਰਚ 2020 ਦੇ ਅਖ਼ੀਰਲੇ ਹਫ਼ਤੇ ਵਿਚ ਅਫ਼ਗਾਨਿਸਤਾਨ ਦੇ ਸ਼ਹਿਰ ਕਾਬੁਲ ਵਿਚ ਦਿਲ ਦਹਿਲਾ ਦੇਣ ਵਾਲੀ ਘਟਨਾ ਵਾਪਰੀ ਕਿ

ਕਾਬੁਲ ਦੇ ਗੁਰਦੁਆਰੇ 'ਤੇ ਇਨਸਾਨੀਅਤ ਦੇ ਦੁਸ਼ਮਣ ਅੰਤਕਵਾਦੀਆਂ ਨੇ ਹਮਲਾ ਕਰਕੇ 27 ਨਿਰਦੋਸ਼ ਸਿੱਖਾਂ ਨੂੰ ਸ਼ਹੀਦ ਕਰ ਦਿੱਤਾ। ਗੁਰਦੁਆਰਾ ਸਾਹਿਬ ਵਿਚ 150 ਦੇ ਲਗਪਗ ਸਿੱਖ ਕਰੋਨਾ ਮਹਾਂਮਾਰੀ ਤੋਂ ਬਚਾਅ ਲਈ ਪਰਮਾਤਮਾ ਅੱਗੇ ਅਰਦਾਸ ਕਰ ਰਹੇ ਸਨ, ਸੁਖਮਨੀ ਸਾਹਿਬ ਦਾ ਪਾਠ ਕਰ ਰਹੇ ਸਨ। ਇਹ ਲੋਕ ਕਰੋਨਾ ਮਹਾਂਮਾਰੀ ਤੋਂ ਇਨਸਾਨੀਅਤ ਦੇ ਬਚਾਅ ਲਈ ਪਾਠ ਕਰ ਰਹੇ ਸਨ ਸਿਰਫ਼ ਆਪਣੇ ਲਈ ਨਹੀਂ! ਸਿੱਖ ਧਰਮ ਵਿਚ ਸਰਬੱਤ ਦਾ ਭਲਾ ਮੰਗਿਆ ਜਾਂਦਾ।

ਪਿਛਲੇ ਸਾਲਾਂ ਵਿਚ ਭਾਰਤ ਵਿਚ ਸੂਫ਼ੀ ਸਿਲਸਿਲਾ ਚਿਸ਼ਤੀਆਂ ਦੇ ਬਾਨੀ ਖ਼ਵਾਜਾ ਏ ਆਜ਼ਮ, ਹਿੰਦ-ਉਲ ਵਲੀ ਹਜ਼ਰਤ ਸ਼ੇਖ਼ ਮੁਈਨੁਦੀਨ ਹਸਨ ਚਿਸ਼ਤੀ ਦੀ ਦਰਗਾਹ ਨਜ਼ਦੀਕ ਬੰਬ ਧਮਾਕਾ ਕਰਕੇ ਲੋਕਾਂ ਨੂੰ ਜਾਨ ਅਤੇ ਮਾਲ ਦਾ ਨੁਕਸਾਨ ਪਹੁੰਚਾਇਆ ਗਿਆ। ਅਜਮੇਰ ਸ਼ਰੀਫ ਵਿਖੇ ਸਥਿਤ ਇਹ ਦਰਗਾਹ ਭਾਰਤ ਦੀ ਸਭ ਤੋਂ ਮਕਬੂਲ ਦਰਗਾਹ ਹੈ ਪਿਛਲੇ ਸਾਲਾਂ ਦੌਰਾਨ ਪਾਕਿਸਤਾਨ ਦੇ ਪ੍ਰਸਿੱਧ ਸ਼ਹਿਰ ਲਾਹੌਰ ਵਿਖੇ ਹਜ਼ਰਤ ਅਲੀ ਹੁਜ਼ਵੀਰੀ ਦਾਤਾ ਗੰਜਬਖ਼ਸ਼ ਦੀ ਦਰਗਾਹ, ਦਾਤਾ ਦਰਬਾਰ ਵਿਖੇ ਦਹਿਸ਼ਤਗਰਦਾਂ ਨੇ ਧਮਾਕੇ ਕੀਤੇ। ਪਾਕਿਸਤਾਨ ਵਿਖੇ ਸੂਬਾ ਸਿੰਧ ਵਿਚ ਸਹਿਵਾਨ ਸ਼ਰੀਫ਼ ਵਿਖੇ ਹਜ਼ਰਤ ਲਾਲ ਸਾਹਿਬ ਕਲੰਦਰ ਦੀ ਦਰਗਾਹ ਨੇੜੇ ਬੰਬ ਧਮਾਕੇ ਹੋਏ।

ਸੋਚਣਾ ਬਣਦਾ ਹੈ ਕਿ ਇਹੋ ਜਿਹੇ ਜ਼ੁਲਮ ਅਤਿਆਚਾਰੀ ਲੋਕਾਂ ਦਾ ਕਿਸੇ ਧਰਮ ਨਾਲ ਸੰਬੰਧ ਹੋ ਸਕਦਾ। ਇਹ ਲੋਕ ਅਧਾਰਮਿਕ ਹਨ ਅਤੇ ਇਨਸਾਨੀਅਤ ਦੇ ਦੁਸ਼ਮਣ ਹਨ। ਸ਼ੈਤਾਨ ਦੀਆਂ ਫ਼ੌਜਾਂ, ਉਸ ਦੇ ਪੈਰੋਕਾਰ ਅਤੇ ਉਸ ਦੇ ਕਰਿੰਦੇ ਹਨ। ਸ਼ੈਤਾਨ ਜਿਸ ਨੂੰ ਇਬਲੀਸ ਅਤੇ ਅਜਾਜੀਲ ਦੇ ਨਾਂ ਨਾਲ ਵੀ ਇਸਲਾਮ, ਸੂਫ਼ੀਅਤ ਅਤੇ ਇਸਾਈ ਧਰਮ ਵਿਚ ਜਾਣਿਆ ਜਾਂਦਾ ਹੈ ਉਹ ਇਨਸਾਨੀਅਤ ਅਤੇ ਆਦਮੀਅਤ ਦਾ ਦੁਸ਼ਮਣ ਹੈ।

ਕੁਰਆਨ ਮਜੀਦ ਵਿਚ ਜ਼ਿਕਰ ਹੈ ਕਿ ਜਦੋਂ ਰੱਬ ਨੇ ਹਜ਼ਰਤ ਆਦਮ ਜੋ ਦੁਨੀਆਂ ਦਾ ਪਹਿਲਾ ਇਨਸਾਨ ਸੀ ਦੀ ਸਿਰਜਣਾ ਕੀਤੀ ਤਾਂ ਫਰਿਸ਼ਤਿਆਂ ਅਤੇ ਇਬਲੀਸ ਨੂੰ ਕਿਹਾ ਕਿ ਇਸ ਨੂੰ ਸਿਜਦਾ ਕਰੋ, ਕਿਉਂਕਿ ਇਨਸਾਨ ਮੇਰੀ ਸਭ ਤੋਂ ਉੱਤਮ ਰਚਨਾ ਹੈ। ਧਰਤੀ ਉੱਤੇ ਮੇਰਾ ਨਾਇਬ, ਮੇਰਾ ਖ਼ਲੀਫਾ ਹੈ। ਫ਼ਰਿਸ਼ਤਿਆਂ ਨੇ ਸਿਜਦਾ ਕੀਤਾ। ਇਬਲੀਸ ਨੇ ਸਿਜਦਾ ਤਾਂ ਕੀ ਕਰਨਾ ਸੀ ਸਗੋਂ ਰੱਬ ਨੂੰ ਹੁੱਜਤਾਂ ਕਰਨ ਲੱਗਾ। ਆਖਰਕਾਰ ਰੱਬ ਦਾ ਹੁਕਮ ਨਾ ਮੰਨਣ ਕਰਕੇ, ਇਸ ਸ਼ੈਤਾਨ ਨੂੰ ਇਸ ਦੇ ਗੱਲ ਵਿਚ ਲਾਹਣਤ ਦਾ ਤੌਕ ਪਾ ਕੇ ਦਰਗਾਹ ਵਿਚੋਂ ਕੱਢ ਦਿੱਤਾ। ਸ਼ੈਤਾਨ ਨੇ ਰੱਬ ਨੂੰ ਚੈਲੰਜ ਕੀਤਾ ਕਿ ਮੈਂ ਆਦਮ ਦੀ ਔਲਾਦ ਨੂੰ ਗੁੰਮਰਾਹ ਕਰਾਂਗਾ। ਰੱਬ ਨੇ ਕਿਹਾ ਕਿ ਤੂੰ ਮੇਰੇ ਮੰਨਣ ਵਾਲਿਆਂ ਨੂੰ ਗੁੰਮਰਾਹ ਨਹੀਂ ਕਰ ਸਕੇਗਾ। ਸੋ ਇਹ ਆਤੰਕੀ ਦਹਿਸ਼ਤਗਰਦ ਸ਼ੈਤਾਨ ਦੇ ਚੇਲੇ ਹਨ ਅਤੇ ਸਭ ਮਜ਼ਹਬਾਂ ਵਿਚ ਹਨ। ਧਰਮਾਂ ਦੇ ਸਹੀ ਪੈਰੋਕਾਰ ਤਾਂ ਇਨਸਾਨੀਅਤ ਨੂੰ ਮੁਹੱਬਤ ਕਰਨ ਦਾ ਪੈਗਾਮ ਦਿੰਦੇ ਹਨ।

ਮੋਬਾ : 94636-63193

**(ਪੰਨਾ 79 ਦਾ ਬਾਕੀ)**

ਉਹ ਕਿਸੇ ਔਰਤ ਵਾਂਗ ਛਾਂਵਾਂ ਨਹੀਂ ਕਰਦੇ। ਜਿਨ੍ਹਾਂ ਨੂੰ ਜ਼ਿੰਦਗੀ ਨੂੰ ਬਾਣੀਏ ਅਦਾ ਦਿੱਤਾ ਹੁੰਦਾ ਹੈ, ਉਨ੍ਹਾਂ ਦੇ ਹੱਥ ਹਮੇਸ਼ਾਂ ਅੱਡੇ ਹੀ ਰਹਿੰਦੇ ਹਨ। ਜਿਨ੍ਹਾਂ ਦੀ ਜ਼ਿੰਦਗੀ ਨੂੰ ਸਮੇਂ ਨੇ 'ਟੱਪਰੀ' ਬਣਾ ਦਿੱਤਾ, ਉਹ ਹਮੇਸ਼ਾਂ ਇੱਕ ਥਾਂ ਤੋਂ ਦੂਜੀ ਥਾਂ ਭਟਕਦੇ ਨਹੀਂ ਸਗੋਂ ਜ਼ਿੰਦਗੀ ਦੇ ਵੱਖ-ਵੱਖ ਰੰਗ ਮਾਣਦੇ ਹਨ, ਪਰ ਜਿਹੜੇ ਹਰ ਵੇਲੇ ਦੂਜੇ ਦੀਆਂ ਟਾਕੀਆ ਲਾਉਣ ਤੇ ਰਹਿੰਦੇ ਹਨ, ਉਹ ਕਹਿੰਦੇ ਹਨ ਕਿ ਇਹ ਤਾਂ 'ਭੱਠ ਛਾਣ ਦੇ' ਫਿਰਦਾ, ਪਰ ਉਨ੍ਹਾਂ ਦਾ ਆਪਣੇ ਭੱਠ 'ਚ ਪਿਆ ਸੋਨਾ ਕੰਨਾਂ ਨੂੰ ਵੱਢ-ਵੱਢ ਖਾਈ ਜਾਂਦਾ ਹੈ, ਪਰ ਉਹ ਦੂਜੇ ਦੀ ਭੱਠੀ ਉੱਤੇ ਪਕੌੜ ਤਲਣ ਦੀ ਤਾਕ 'ਚ ਰਹਿੰਦੇ ਹਨ।

ਜਿਨ੍ਹਾਂ ਨੂੰ ਬੇਗਾਨਿਆ ਤੰਦੂਰਾਂ 'ਤੇ ਰੋਟੀਆਂ ਸੇਕਣ ਦੀ ਆਦਤ ਹੁੰਦੀ ਹੈ, ਉਹ ਘਰ ਕਦੇ ਚੁੱਲਾਂ ਨੀ ਬਾਲਦੇ, ਉਹ ਰਮਤੇ ਜੋਗੀ ਵਾਂਗ ਤੁਰਦੇ ਰਹਿੰਦੇ ਪਰ ਉਨ੍ਹਾਂ ਦਾ ਜੋਗ ਦੇ ਨਾਲ ਕੋਈ ਰਿਸ਼ਤਾ ਨਹੀਂ ਹੁੰਦਾ। ਉਹ ਰਿਸਤੇ ਤਾਂ ਉਨ੍ਹਾਂ ਨਾਲ ਜੋੜਦੇ ਜਿਨ੍ਹਾਂ ਦੀ ਉਨ੍ਹਾਂ 'ਬਿੱਕ' ਲਾਉਣੀ ਹੁੰਦੀ ਤੇ ਮੋਛੇ ਪਾਉਣੇ ਹੁੰਦੇ ਹਨ।

ਉਹ ਆਪਣੇ ਘਰਾਂ ਨੂੰ 'ਗੋਦਾਮ' ਬਣਾਉਂਦੇ ਰਹਿੰਦੇ ਹਨ, ਪਰ ਉਹ ਆਪਣੇ ਮੋਦੀਖਾਨੇ ਵਿੱਚ ਬਾਬੇ ਨਾਨਕ ਵਾਂਗ 'ਤੇਰਾ ਤੇਰਾ ਤੇਰਾ' ਨਹੀਂ ਤੋਲਦੇ। ਸਗੋਂ ਉਹ ਤਾਂ ਹਮੇਸ਼ਾਂ ਵਿਚ ਆਖਦੇ 'ਮੇਰਾ ਆ, ਮੇਰਾ ਓ' ਕਰਦੇ ਹਨ। ਇਸੇ ਕਰਕੇ ਉਨ੍ਹਾਂ ਨੂੰ ਧਰਤੀ ਤੇ ਫਿਰਦੀਆਂ ਨਿੱਕੀਆਂ-ਨਿੱਕੀਆਂ ਕੀੜੀਆਂ ਨਹੀਂ ਦਿਖਦੀਆਂ।

ਉਹ ਬਿਜੜੇ ਵਾਂਗ ਆਲਣੇ ਨਹੀਂ ਬਣਾਉਂਦੇ, ਉਹ ਤਾਂ ਕਾਂ ਵਾਂਗ ਦੂਜਿਆਂ ਦੇ ਆਲਣਿਆਂ 'ਚ ਆਂਡੇ ਦੇ ਕੇ ਉਡਾਰੀ ਮਾਰ ਜਾਂਦੇ ਹਨ। ਜਾਂਦੇ ਹੋਏ ਉਹ ਸਿਰਨਾਵਾਂ ਨਹੀਂ ਦੇ ਕੇ ਜਾਂਦੇ, ਪਰ ਉਹ ਭੁੱਲ ਜਾਂਦੇ ਹਨ ਕਿ ਸਿਰਨਾਵਾਂ ਤਾਂ ਪਹਿਲਾਂ ਹੀ ਲਿਖਿਆ ਗਿਆ ਸੀ। ਇਸੇ ਕਰਕੇ ਅਸੀਂ ਆਪਣੇ ਹੀ ਸਿਰਨਾਵੇਂ ਉਤੇ ਦੂਜਿਆਂ ਦਾ ਨਾਂ ਲਿਖ ਕੇ ਚਿੱਠੀਆਂ ਪਾਉਂਦੇ ਰਹਿੰਦੇ ਹਾਂ। ਜਦੋਂ ਬੇਰੰਗ ਮੁੜਦੀਆਂ ਚਿੱਠੀਆਂ ਦਾ ਫੇਰ ਲੱਗਦਾ ਹੈ, ਫੇਰ ਅਸੀਂ ਆਖਦੇ ਹਾਂ।

'ਯਾਰੀ ਤੋੜਗੇ ਬੱਕਰੀਆਂ ਵਾਲੇ, ਦੁੱਧ ਦੇ ਗਲਾਸ ਬਦਲੋਂ।'

ਇੱਥੇ ਨਾ ਦੁੱਧ ਹੀ ਰਿਹਾ ਤੇ ਨਾ ਹੀ ਬੱਕਰੀਆਂ ਵਾਲੇ ਤੇ ਮਨ ਪ੍ਰਚਾਵੇ ਲਈ ਅਸੀਂ ਇਹ ਬੋਲੀ ਪਾ ਕੇ ਆਪਣਾ ਰਾਂਝਾ ਰਾਜੀ ਕਰ ਲੈਂਦੇ ਹਾਂ। ਹੁਣ ਤੁਸੀਂ ਆਪਣਾ ਰਾਂਝਾ ਰਾਜੀ ਕਰੋ।

ਹੁਣ ਤੇ ਅਗਲਿਆਂ ਨੇ ਪੰਜਾਬ ਦੀ ਚੁਗਾਠ ਈ ਪੁੱਟ ਦਿੱਤੀ ਐ। ਸਾਰੇ ਗੜਵਈ, ਝੋਲੀ ਚੱਕ, ਸੇਵਾਦਾਰ, ਟਕਸਾਲੀ, ਪੰਜਾਬ ਦੇ ਦੁਸ਼ਮਣ ਬਣ ਗਏ ਹਨ।

ਪਰ ਪੰਜਾਬ ਦਾ ਗੁਰਾਂ ਦੇ ਨਾਂ 'ਤੇ

ਪੰਜਾਬ ਫਿਰ ਲੈ ਰਿਹਾ ਅੰਗੜਾਈਆਂ ਦੇਰ ਐ ਨੇਰ ਨੀ। ਲੋਕ ਆਪਣੀ ਸ਼ਕਤੀ ਦੀ ਪਛਾਣ ਕਰਨਗੇ ਪੰਜਾਬ ਲਈ ਫਿਰ ਹਿੱਕ ਤਾਣ ਲੜਣਗੇ। ਮੋਬਾ : 94643-70823



ਕਵਿਤਾਵਾਂ

*ਬਖ਼ਤੌਰ ਧਾਲੀਵਾਲ*

## ਸ਼ਹੀਦ ਦਾ ਬੁੱਤ

ਸ਼ਹੀਦ ਦੇ ਬੁੱਤ ਨੂੰ ਕਹੋ—ਹੁਣ ਘਰ ਜਾਵੇ
ਸ਼ਹੀਦ ਬਿਲਕੁਲ ਸੁਰੱਖਿਅਤ ਹੈ
ਤਾਬੂਤ ਅੰਦਰ, ਝੰਡੇ ਅੰਦਰ, ਤਿਰੰਗੇ ਅੰਦਰ

ਅਸੀਂ ਵੀ ਬਿਲਕੁਲ ਸੁਰੱਖਿਅਤ ਹਾਂ
ਦਿੱਲੀ ਅੰਦਰ, ਪੰਜਾਬ ਅੰਦਰ
ਕਸ਼ਮੀਰ ਤੇ ਗੁਜਰਾਤ ਅੰਦਰ

ਸ਼ਹੀਦ ਦੇ ਬੁੱਤ ਨੂੰ ਕਹੋ, ਹੁਣ ਘਰ ਜਾਵੇ
ਸ਼ਹੀਦ ਬਿਲਕੁਲ ਸੁਰੱਖਿਅਤ ਹੈ
ਤਾਬੂਤ ਅੰਦਰ, ਝੰਡੇ ਅੰਦਰ, ਤਿਰੰਗੇ ਅੰਦਰ

## ਮੱਠ ਉਦਾਸ ਨੇ

ਜੋਗੀ
ਜੋਗ ਸਮੇਤ ਵਾਪਸ ਕਿਉਂ ਨਹੀਂ ਪਰਤੇ
ਮੁੰਦਰਾਂ, ਕੰਨਾਂ ਸਮੇਤ ਲਾਪਤਾ ਨੇ
ਮੱਠ ਅੱਜ ਕੱਲ੍ਹ ਬਹੁਤ ਉਦਾਸ ਨੇ
ਜੰਗਲ ਉਦਾਸ ਨੇ

ਰੁੱਖ
ਛਾਵਾਂ ਸਮੇਤ ਵਾਪਸ ਕਿਉਂ ਨਹੀਂ ਪਰਤੇ
ਪੰਛੀ, ਆਲ੍ਹਣਿਆਂ ਸਮੇਤ ਲਾਪਤਾ ਨੇ
ਜੰਗਲ ਅੱਜ ਕੱਲ੍ਹ ਬਹੁਤ ਉਦਾਸ ਨੇ
ਚੌਂਕ ਉਦਾਸ ਨੇ

ਰਾਹੀ
ਰਾਹਾਂ ਸਮੇਤ ਵਾਪਸ ਕਿਉਂ ਨਹੀਂ ਪਰਤੇ
ਖੜਾਵਾਂ, ਪੈੜਾਂ ਸਮੇਤ ਲਾਪਤਾ ਨੇ
ਚੌਂਕ ਅੱਜ ਕੱਲ੍ਹ ਬਹੁਤ ਉਦਾਸ
ਦਰਿਆ ਉਦਾਸ ਨੇ

ਮਲਾਹ
ਬੇੜੀਆਂ ਸਮੇਤ ਵਾਪਸ ਕਿਉਂ ਨਹੀਂ ਪਰਤੇ
ਪਾਣੀ, ਪੁਲਾਂ ਸਮੇਤ ਲਾਪਤਾ ਨੇ
ਦਰਿਆ ਅੱਜ ਕੱਲ੍ਹ ਬਹੁਤ ਉਦਾਸ ਨੇ

ਘਰ ਉਦਾਸ ਨੇ
ਹਾਸੇ, ਕਿਲਕਾਰੀ ਸਮੇਤ
ਵਾਪਸ ਕਿਉਂ ਨਹੀਂ ਪਰਤੇ
ਧੀਆਂ, ਕੁੱਖਾਂ ਸਮੇਤ ਲਾਪਤਾ ਨੇ
ਘਰ ਅੱਜ-ਕੱਲ੍ਹ ਬਹੁਤ ਉਦਾਸ ਨੇ
ਘਰ ਸੱਚਮੁੱਚ ਬਹੁਤ ਉਦਾਸ ਨੇ

## ਬਾਬਾ

ਬਾਬਾ
ਭਾਈ ਗੁਰਦਾਸ ਜੀ ਨੂੰ ਕੀ ਉਲ੍ਹਾਮਾ ਦੇਵਾਂ
ਉਹ ਮੇਰਾ ਵੱਡ ਵਡੇਰਾ ਹੈ
ਉਸ ਕਿਹਾ ਸੀ—
ਸਤਿਗੁਰੂ ਨਾਨਕ ਪ੍ਰਗਟਿਆ
ਮਿਟੀ ਧੁੰਦ ਜਗ ਚਾਨਣ ਹੋਆ
ਪਰ ਹਨੇਰ ਤਾਂ ਹੋਰ ਵੀ ਵਧ ਗਿਆ ਹੈ
ਅਸੀਂ ਤੇਰੇ ਸਭ ਕੁਝ ਲੱਗਣ ਵਾਲੇ
ਮੱਤ ਉੱਚੀ ਕਰਨ ਦੇ ਆਹਰ 'ਚ
ਮਨ ਉੱਚਾ ਕਰੀ ਬੈਠੇ ਹਾਂ

ਤਨ ਤੇ ਧਨ ਨਾਲ ਤਿਆਰ ਕੀਤਾ
ਤੇਰਾ ਘਰ ਪੱਕਾ ਤੇ ਬਹੁਤ ਹੈ
ਉਸ ਉੱਤੇ ਲਿਖਿਆ ਦਾਸਾਂ ਦਾ ਨਾਮ
ਲਿਸ਼ਕਦਾ ਵੀ ਬਹੁਤ ਹੈ

ਬਾਬਾ,
ਤੂੰ ਕਿਰਤ ਦਾ ਹੋਕਾ ਦਿੱਤਾ
ਅਸੀਂ ਤੈਨੂੰ ਇਥੇ ਵੀ ਧੋਖਾ ਦਿੱਤਾ
ਤੂੰ ਵੰਡ ਛਕਣ ਦੀ ਗੱਲ ਕੀਤੀ
ਅਸੀਂ ਖੋਹਣ ਦੀ ਗੱਲ ਕੀਤੀ
ਨਾਮ ਜਪਣ ਤੇ ਜਪਾਉਣ ਦਾ ਉਲ੍ਹਾਮਾ
ਅਸੀਂ ਆਪਣੇ ਸਿਰ ਨਹੀਂ ਰਹਿਣ ਦਿੱਤਾ
ਬਹੁਤ ਜਪਿਆ ਹੈ
ਬਹੁਤ ਜਪਾਇਆ ਹੈ

ਗਿਣਤੀ
ਲੱਖ ਆਗਾਸਾਂ ਆਗਾਸ
ਲੱਖ ਪਾਤਾਲਾਂ ਪਾਤਾਲ ਤੋਂ ਪਰ੍ਹੇ ਹੈ, ਬਾਬਾ

ਬਾਬਾ, ਤੂੰ ਸਾਨੂੰ ਸੂਰਜ ਸ਼ਬਦ 'ਚੋਂ
ਲਪੇਟ ਕੇ ਦਿੱਤਾ ਸੀ
ਅਸੀਂ ਕਿੱਥੇ ਵਰਤਿਆ ਹੈ ਉਸ ਨੂੰ
ਉਹ ਨਵਾਂ ਨਕੋਰ ਕੋਰੇ ਦਾ ਕੋਰਾ
ਸਾਂਭਿਆ ਹੋਇਆ ਹੈ ਅਸੀਂ
ਅਸੀਂ ਅਮਾਨਤ 'ਚੋਂ ਖ਼ਿਆਨਤ ਕਿਵੇਂ
ਕਰ ਸਕਦੇ ਹਾਂ
ਅਸੀਂ ਤੇਰਾ ਸ਼ਬਦ 'ਚੋਂ ਲਪੇਟਿਆ
ਹੋਇਆ ਸੂਰਜ
ਰੁਮਾਲਿਆਂ 'ਚ ਲਪੇਟ ਲਿਆ ਹੈ ਬਾਬਾ

ਬਾਬਾ, ਤੂੰ ਸੁਰਤ ਲਾਉਣ ਦੀ ਗੱਲ ਕਹੀ ਸੀ
ਬਾਬਾ ਸਾਡੇ ਕੋਲ ਵਿਹਲੇ ਕਿੱਥੇ
ਅਸੀਂ ਤਾਂ ਤੇਰਾ ਸ਼ਬਦ ਪ੍ਰਕਾਸ਼ਣ ਤੇ
ਸੰਤੋਖਣ 'ਚ ਹੀ ਉਲਝੇ ਹੋਏ ਹਾਂ

ਬਾਬਾ
ਤੇਰੇ ਜਨਮ ਵੇਲੇ ਜਿਹੜੀ ਧੁੰਦ ਮਿਟੀ ਸੀ
ਅੱਜ ਤਾਂ ਹੋਰ ਸੰਘਣੀ ਹੋ ਗਈ ਹੈ
ਹੱਥ ਨੂੰ ਹੱਥ ਨਹੀਂ ਦਿਸਦਾ
ਭਾਈ ਮਰਦਾਨਾ ਜੀ ਨੂੰ
ਰਬਾਬ ਛੇੜਨ ਲਈ ਨਾ ਕਹਿਣਾ
ਰਬਾਬ ਛਿੜੀ ਤਾਂ
ਬਾਲੜੀਆਂ ਦਾ ਰੁਦਨ ਛਿੜੇਗਾ
ਧੀਆਂ ਦਾ ਵਿਰਲਾਪਸੁਣਿਆ ਨਹੀਂ ਜਾਣਾ
ਤੈਥੋਂ

ਤੂੰ ਕਿਹਾ ਸੀ
ਏਤੀ ਮਾਰ ਪਈ ਕੁਰਲਾਣੈ
ਬਾਬਾ, ਅੱਜ ਮੈਂ ਪੁੱਛਦਾ ਹਾਂ ਤੈਨੂੰ
ਤੈਂ ਕੀ ਦਰਦ ਨਾ ਆਇਆ

ਬਾਬਾ, ਰਾਜੇ ਉਦੋਂ ਵੀ ਸ਼ੀਂਹ ਸੀ
ਤੇ ਰਾਜੇ ਅੱਜ ਵੀ ਸ਼ੀਂਹ ਨੇ
ਮਕੱਦਮ ਉਦੋਂ ਵੀ ਕੁੱਤੇ ਸੀ
ਤੇ ਮਕੱਦਮ ਅੱਜ ਵੀ ਕੁੱਤੇ ਨੇ
ਲੋਕ ਉਦੋਂ ਵੀ ਸੁੱਤੇ ਸੀ
ਤੇ ਲੋਕ ਅੱਜ ਵੀ ਸੁੱਤੇ ਨੇ

•

ਮੋਬਾ : 84274 66488



ਪਰਵਾਸ ਦੇ ਮਸਲੇ / ਨੇਚਰਦੀਪ ਕਾਹਲੋਂ

# ਪੰਜਾਬ ਲਈ ਪਰਵਾਸ—ਕਿੰਨਾ ਮਾਰੂ ਕਿੰਨਾ ਉਸਾਰੂ

ਪੰਜਾਬ ਤਾਂ ਮੁੱਢ ਕਦੀਮ ਤੋਂ ਸਹਿੰਦਾ ਆਇਆ। ਕਦੀ ਸੰਤਾਲੀ ਦੀ ਵੰਡ ਟੁੱਕ, ਕਦੀ ਅੱਤਵਾਦ, ਕਦੀ ਸਾਕਾ ਨੀਲਾ ਤਾਰਾ। ਕਦੀ ਕੁਦਰਤੀ ਆਫ਼ਤਾਂ। ਬੜਾ ਕੁਝ ਏਥੋਂ ਦਿਆਂ ਵਸਨੀਕਾਂ ਸਿਹਾ, ਪਰ ਹੁਣ ਸਮਾਂ ਆ ਗਿਆ ਉਹ ਸ਼ਾਇਦ ਉਨ੍ਹਾਂ ਸਭ ਸਮਿਆਂ ਤੋਂ ਡਰਾਵਣਾ ਆ ਗਿਆ। ਉਦੋਂ ਤਕ ਤਾਂ ਘਰੋਂ ਬਾਹਰ ਗਿਆਂ ਨੂੰ ਕੋਈ ਘਰ ਉਡੀਕਦਾ ਹੁੰਦਾ ਸੀ ਪਰ ਹੁਣ ਪੰਜਾਬ ਇਸ ਉਡੀਕ ਤੋਂ ਵੀ ਖ਼ਾਲੀ ਤੇ ਕੰਗਾਲ ਹੋਈ ਜਾ ਰਿਹਾ। ਆਪਣੇ ਮਹਾਨ ਵਿਰਸੇ, ਆਪਣੀ ਸਭਿਅਤਾ ਦੇ ਹੁੰਦਿਆਂ ਵੀ। ਇਕ ਵਾਰ ਅੰਗਰੇਜ਼ਾਂ ਦਾ ਰਾਜ ਆਇਆ ਸੀ ਤੇ ਹੁਣ ਏਥੇ ਬਾਹਰੀ ਮਜ਼ਦੂਰਾਂ ਦਾ ਰਾਜ ਆ ਰਿਹਾ ਜੋ ਏਥੇ ਆ ਕੇ ਏਥੋਂ ਦੇ ਪੱਕੇ ਵਸਨੀਕ ਬਣ ਗਏ ਨੇ ਤੇ ਸਾਡੇ ਪੰਜਾਬੀ ਉਨ੍ਹਾਂ ਦੀ ਤਰ੍ਹਾਂ ਪਰਵਾਸੀ ਮਜ਼ਦੂਰ।

ਬਹੁਤਾ ਪਹਿਲਾਂ ਨਹੀਂ ਤਾਂ ਸੱਤਰ ਦੇ ਦਹਾਕੇ ਤੋਂ ਹੀ ਲਾ ਲਵੋ, ਸ਼ਾਇਦ ਸਾਡੇ ਪੈਦਾ ਹੋਣ ਦੇ ਸਮੇਂ ਤੋਂ ਪਹਿਲਾਂ ਦੀਆਂ ਗੱਲਾਂ ਦੁਆਬਾ ਬੈਲਟ ਦੇ ਤਕਰੀਬਨ ਹਰ ਪਿੰਡ 'ਚੋਂ ਹੌਲੀ ਹੌਲੀ ਕਰਕੇ ਇਕ-ਦੋ ਇਕ-ਦੋ ਜੀਅ ਬਾਹਰ ਜਾਣਾ ਸ਼ੁਰੂ ਹੋ ਗਏ ਸਨ ਤੇ ਉਥੇ ਬਾਹਰਲੇ ਮੁਲਕਾਂ 'ਚ ਜਾ ਉਨ੍ਹਾਂ ਬਹੁਤ ਮਿਹਨਤਾਂ ਕੀਤੀਆਂ ਤੇ ਬਥੇਰੇ ਡਾਲਰ, ਪੌਂਡ, ਦਰਾਮ, ਯੂਰੋ ਵੀ ਭੇਜੇ ਤੇ ਏਥੇ ਹਰ ਘਰ ਪੱਕਾ ਵੱਡਾ ਆਲੀਸ਼ਾਨ ਤੇ ਦੋ-ਤਿੰਨ ਮੰਜ਼ਲੀ ਬਣ ਗਿਆ ਤੇ ਇਨ੍ਹਾਂ ਦੀ ਪਹਿਚਾਣ ਹੋ ਗਈ ਪਾਣੀ ਵਾਲੀ ਟੈਂਕੀਆਂ ਦੀ ਥਾਂ ਹਵਾਈ ਜਹਾਜ਼ ਦਾ ਮਾਡਲ, ਬਲਦਾਂ ਦਾ ਜੌੜਾ, ਬਾਜ਼, ਘੋੜਾ, ਸ਼ੇਰ, ਹਲ ਵਾਹੁੰਦੇ ਕਿਸਾਨ ਦੇ ਬੁੱਤ ਲੱਗਣੇ ਸ਼ੁਰੂ ਹੋ ਗਏ ਤੇ ਇਹ ਦੁਆਬੇ ਦੀ ਪਛਾਣ ਬਣ ਗਈ ਸੀ। ਦੁਆਬੇ ਨੂੰ ਅਮੀਰਾਂ 'ਚ ਗਿਣਿਆ ਜਾਂਦਾ ਸੀ। ਜ਼ਮੀਨਾਂ ਖਰੀਦੀਆਂ ਗਈਆਂ, ਘਰਾਂ ਦੀ ਨੁਹਾਰ ਬਦਲ ਗਈ। ਫਿਰ ਨੰਬਰ ਆਇਆ ਮਾਲਵੇ ਦਾ। ਉਨ੍ਹਾਂ ਦਾ ਰੁਝਾਨ ਵੀ ਹੋ ਗਿਆ ਬਾਹਰ ਪਰਵਾਸ ਕਰਨ ਵੱਲ ਤੇ ਸਭ ਤੋਂ ਬਾਅਦ ਮਾਝੇ ਦਾ। ਪੁੱਤ ਕਮਾਈਆਂ ਕਰਦੇ ਤੇ ਭੇਜਦੇ ਤੇ ਜ਼ਮੀਨਾਂ ਖਰੀਦਣੀਆਂ, ਧੀਆਂ ਦੇ ਸੌਖੇ ਵਿਆਹ ਕਰਨੇ। ਧੀ ਨੂੰ ਬਾਹਰ ਵਿਆਹੁਣਾ ਚੰਗਾ ਗਿਣਿਆ ਜਾਣ ਲੱਗਾ। ਬਾਹਰ ਦਾ ਰਿਸ਼ਤਾ ਹੋਣ ਦਾ ਮਤਲਬ ਧੀ ਸੌਖੀ ਰਹੇਗੀ, ਪੈਸੇ ਦੀ ਕਮੀ ਨਹੀਂ ਹੋਵੇਗੀ, ਪਰ ਹੁਣ ਤਾਂ ਸਭ ਪਾਸੇ ਇਕੋ ਹੋੜ ਹੈ, ਕਿਸੇ ਨਾ ਕਿਸੇ ਰੂਪ ਵਿਚ ਕਿਸੇ ਤਰ੍ਹਾਂ ਬਾਹਰ ਜਾਣਾ—ਕੈਨੇਡਾ, ਅਮਰੀਕਾ, ਆਸਟ੍ਰੇਲੀਆ, ਬਸ। ਹਰ ਬੱਚਾ ਦਸਵੀਂ ਬਾਰ੍ਹਵੀਂ ਤੋਂ ਬਾਦ ਬਾਹਰ ਜਾਣ ਦੇ ਸੁਪਨੇ ਸੁਜਾਉਣ ਲੱਗਦਾ ਹੈ।

ਬਹੁਤ ਸਾਰੇ ਆਈਲੈਟਸ ਸੈਂਟਰ ਖੁੱਲ੍ਹ ਗਏ ਹਨ। ਸੌਖਾ ਤਰੀਕਾ ਆਈਲੈਟਸ ਕਰੋ, ਬਾਹਰ ਜਾਓ, ਨਹੀਂ ਤਾਂ ਸਪਾਊਸ ਵੀਜ਼ੇ 'ਤੇ, ਹੋਰ ਨਹੀਂ ਤਾਂ ਦੋ ਨੰਬਰ 'ਚ। ਇਹ ਰੁਝਾਨ ਬੱਚਿਆਂ ਦਾ ਜਿੰਨਾ, ਓਨਾ ਹੀ ਵੱਡਿਆਂ ਦਾ ਵੀ ਹੈ। ਚੰਗੀਆਂ ਭਲੀਆਂ ਨੌਕਰੀਆਂ ਛੱਡ ਬਾਹਰ ਜਾ ਰਹੇ ਨੇ। ਕਈ ਬੱਚਿਆਂ ਦੇ ਮਾਪੇ ਪੈਦਾ ਹੁੰਦਿਆਂ ਹੀ ਬੱਚੇ ਦੇ ਮਨ 'ਚ ਇਕ ਗੱਲ ਭਰ ਦੇਂਦੇ ਨੇ ਅਤੇ ਉਨ੍ਹਾਂ ਆਪਣਾ ਮਨ ਪਹਿਲਾਂ ਹੀ ਪੱਕਾ ਕੀਤਾ ਹੋਇਆ ਕਿ ਅਸੀਂ ਬੱਚਾ ਬਾਹਰ ਭੇਜਣਾ। ਬੱਚੇ ਦਾ ਕੋਈ ਧਿਆਨ ਨਹੀਂ ਪੜ੍ਹਾਈ ਵਿਚ, ਨਾ ਘਰ ਦੇ ਕੰਮਾਂ ਵਿਚ, ਨਾ ਹੀ ਮਾਪੇ ਕੰਮ ਵੱਲ ਪ੍ਰੇਰਿਤ ਕਰਦੇ ਹਨ। ਉਨ੍ਹਾਂ ਦਾ ਟਾਰਗੇਟ ਬਸ ਬਾਹਰ ਜਾਣਾ ਤੇ ਉਥੇ ਸੈੱਟ ਹੋਣਾ। ਹੁਣ ਧਿਆਨ ਦੇਣਾ, ਪਹਿਲਾਂ ਤਾਂ ਬਾਹਰ ਜਾ ਕੇ ਲੋਕ ਕੰਮ ਕਰਦੇ ਸੀ, ਖ਼ੂਬ ਮਿਹਨਤ ਕਰਦੇ ਸੀ, ਪੈਸਾ ਬਾਹਰੋਂ ਆਉਂਦਾ ਸੀ ਜਿਨ੍ਹਾਂ ਨਾਲ ਜ਼ਮੀਨਾਂ ਖ਼ਰੀਦਣੀਆਂ, ਘਰ ਬਣਾਉਣੇ, ਕਰਜ਼ੇ ਲਾਹੁਣੇ, ਨਵੇਂ ਕੰਮ ਧੰਦੇ ਸ਼ੁਰੂ ਕਰਨੇ ਪਰ ਹੁਣ ਦੱਸੋ ਕੀ ਹੋ ਰਿਹਾ। ਪੈਸੇ ਬਾਹਰ ਦੇ ਦੇਸ਼ਾਂ ਵਿਚ ਜਾ ਰਹੇ ਨੇ ਫ਼ੀਸਾਂ ਦੇ ਰੂਪ ਵਿਚ, ਜ਼ਮੀਨਾਂ ਵੇਚ ਕੇ, ਗਹਿਣੇ ਪਾ ਕੇ, ਵਿਆਜ਼ੀ ਚੁੱਕ ਕੇ, ਉਧਾੜ ਫੜ ਕੇ, ਬੈਂਕਾਂ ਤੋਂ ਕਰਜ਼ਾ ਲੈ ਕੇ। ਹਿਸਾਬ ਲਾਓ ਤਾਂ ਸਾਲ ਦਾ ਹੀ ਕਰੋੜਾਂ 'ਚ ਪੈਸਾ ਬਾਹਰ ਜਾ ਰਿਹਾ। ਫਿਰ ਜੋ ਦੋ ਨੰਬਰ 'ਚ ਜਾਂਦੇ ਨੇ, ਉਹ ਪਹਿਲਾਂ ਤਾਂ ਕਈ ਵਰ੍ਹੇ ਆ ਹੀ ਨਹੀਂ ਸਕਦੇ, ਲੁਕ ਛਿਪ ਗੁਜ਼ਾਰੇ ਜੋਗਾ ਕੰਮ ਕਰਦੇ ਨੇ। ਉਥੇ ਸਟੇਅ ਲੈਂਦੇ ਨੇ, ਮਸਾਂ ਗ੍ਰੀਨ ਕਾਰਡ ਮਿਲਦਾ। ਫਿਰ ਮਸਾਂ ਓਥੇ ਪੱਕੇ ਹੁੰਦੇ ਨੇ। ਫਿਰ ਸ਼ਾਇਦ ਕਰਜ਼ਾ ਲੱਥਦਾ ਹੋਵੇ। ਫਿਰ ਜੋ ਪੜ੍ਹਦੇ ਨੇ, ਉਨ੍ਹਾਂ ਨੂੰ ਪੀ.ਆਰ. ਜਦੋਂ ਮਿਲਦੀ ਹੈ ਉਹ ਬਾਹਰ ਸੈਟਲ ਹੋਣ ਦੀ ਸੋਚਦੇ ਨੇ। ਯਕੀਨਨ ਸਹੂਲਤਾਂ ਓਥੇ ਬੜੀਆਂ ਨੇ। ਉਹ ਵਿਆਹ ਕਰਵਾਉਂਦੇ ਨੇ, ਆਪਣੇ ਸਪਾਊਸ ਨੂੰ ਲੈ ਕੇ ਜਾਂਦੇ ਨੇ। ਫਿਰ ਘਰ ਪਰਿਵਾਰ ਉਨ੍ਹਾਂ ਦਾ ਉਥੇ ਸੈਟਲ ਹੋ ਜਾਂਦਾ, ਕਿਉਂਕਿ ਉਹ ਉਥੇ ਸੈਟਲ ਹੋਏ ਨੇ। ਬੱਚੇ ਉਥੋਂ ਦੇ ਵਸਨੀਕ ਨੇ, ਉਨ੍ਹਾਂ ਦੀ ਪਰਵਰਿਸ਼ ਉਥੋਂ ਦੇ ਹਿਸਾਬ ਨਾਲ ਹੋਈ ਹੈ। ਉਨ੍ਹਾਂ ਨੂੰ ਆਪਣੀ ਬੋਲੀ ਦਾ, ਸਭਿਆਚਾਰ ਦਾ ਕੋਈ ਇਲਮ ਨਹੀਂ ਰਹਿੰਦੀ। ਫਿਰ ਪਿੱਛੋਂ ਮਾਪਿਆਂ ਨੂੰ ਬੁਲਾ ਲੈਂਦੇ ਨੇ, ਜੋ ਜ਼ਮੀਨ ਜਾਇਦਾਦ ਵੇਚ ਵੱਟ ਏਧਰੋਂ ਕੂਚ ਕਰ ਜਾਂਦੇ ਨੇ। ਪੰਜਾਬ ਦਾ ਇਹ ਪੈਸਾ ਵੀ ਉਧਰ ਇਨਵੈਸਟ ਹੋ ਜਾਂਦਾ। ਉਨ੍ਹਾਂ ਬੱਚਿਆਂ ਦਾ ਨਾ ਏਧਰ ਮੋਹ ਰਿਹਾ, ਨਾ ਵਾਸਤਾ। ਹੁਣ ਇਹੀ ਨੁਕਸਾਨ ਹੈ ਪੰਜਾਬ ਦਾ ਨਵੀਂ ਪੀੜ੍ਹੀ ਨੇ ਪੰਜਾਬ ਦੇਖਿਆ ਹੀ ਨਹੀਂ, ਸੁਣਿਆ ਹੈ। ਫਿਰ ਪੰਜਾਬ ਦਾ ਨੁਕਸਾਨ, ਜੋ ਪੈਸਾ ਉਸ ਦਾ ਸੀ ਪੰਜਾਬ 'ਚੋਂ ਪੜ੍ਹਾਈ ਦੀਆਂ ਕਿਸ਼ਤਾਂ ਦੇ ਰੂਪ ਵਿਚ ਵੇਚ ਵੱਟ ਬਾਹਰ ਚਲਿਆ ਗਿਆ। ਪੰਜਾਬ ਦੇ ਗਰੀਬ ਹੋਣ ਦਾ ਤੇ ਖ਼ਾਲੀ ਹੋਣ ਦਾ ਸਭ ਤੋਂ ਵੱਡਾ ਕਾਰਨ ਇਹੀ ਹੈ ਜੋ ਮਾਪੇ ਬਾਹਰ ਨਾਲ ਗਏ। ਜੇ ਉਨ੍ਹਾਂ ਉਥੇ ਐਡਜਸਟ ਕਰ ਲਿਆ ਤਾਂ ਠੀਕ ਹੈ, ਨਹੀਂ ਤਾਂ ਉਹ ਉਥੇ ਵੀ ਰੁਲੇ ਏਥੇ

ਵੀ ਰੁਲੇ। ਬੁਢਾਪੇ ਦਾ ਰੁਲਨ ਦਾ ਕਾਰਨ ਬੇਧਿਆਨੀ ਵੀ ਹੈ। ਇਹ ਔਲਡ ਏਜ ਹੋਮ ਇਨ੍ਹਾਂ ਕਾਰਨਾਂ ਦੀ ਬਦੌਲਤ ਨੇ। ਕੁਝ ਬਾਹਰਲੇ ਮੁਲਕਾਂ ਨੇ ਰੂਲ ਬਹੁਤ ਸਖ਼ਤ ਕਰ ਦਿੱਤੇ ਨੇ। ਜਿਨ੍ਹਾਂ ਤਹਿਤ ਮਾਪੇ ਨਹੀਂ ਜਾ ਸਕਦੇ। ਬੱਚੇ ਓਨੇ ਪੈਸੇ ਜਮ੍ਹਾ ਨਹੀਂ ਕਰਵਾ ਸਕਦੇ, ਜਿੰਨੇ ਕਰਵਾਉਣੇ ਪੈਣੇ, ਬਾਕੀ ਪੇਪਰ ਵਰਕ। ਜਦੋਂ ਮਾਪੇ ਪੱਕੇ ਪੈਰੀਂ ਓਥੇ ਰਹਿ ਨਹੀਂ ਸਕਦੇ ਤਾਂ ਫਿਰ ਉਨ੍ਹਾਂ ਦਾ ਬੁਢਾਪਾ ਤਾਂ ਔਖਾ ਹੀ ਹੈ ਨਾ। ਇਕੱਲਤਾ ਦੀ ਮਾਰ ਪੰਜਾਬ ਨੂੰ ਇਸ ਲਈ ਵੀ ਬਹੁਤ ਜ਼ਿਆਦਾ ਪਈ ਹੈ, ਹੁਣ ਏਥੇ ਪਈਆਂ ਖ਼ਾਲੀ ਕੋਠੀਆਂ ਕੀ ਕਰਨ। ਮਾਪਿਆਂ ਨੂੰ ਪੁੱਛਣ ਵਾਲਾ ਕੋਈ ਨਹੀਂ।

ਇਕ ਹੋਰ ਗੱਲ, ਜੋ ਸੋਚਣ ਵਾਲੀ ਹੈ। ਅਸੀਂ ਬੱਚਿਆਂ ਨੂੰ ਬਿਨਾਂ ਸੋਚਿਆਂ ਬਾਹਰ ਭੇਜ ਰਹੇ ਹਾਂ, ਲੜਕੀਆਂ ਲਈ ਤਾਂ ਹੋਰ ਵੀ ਔਖਾ। ਕੁਝ ਤਾਂ ਛੋਟੇ ਮੋਟੇ ਕੋਰਸ, ਮਤਲਬ ਨਾਂ ਦੀ ਪੜ੍ਹਾਈ ਲਈ ਜਾਂਦੇ ਨੇ ਪਰ ਉਨ੍ਹਾਂ ਲਈ ਵੀ ਮੋਟੀ ਰਕਮ ਭੇਜੀ ਜਾਂਦੀ ਹੈ ਕਿਸ਼ਤਾਂ ਉੱਤੇ। ਅਸਲ ਕਹਾਣੀ ਸਾਰੀ ਉਧਰ ਸੈਟਲ ਹੋਣ ਦੀ ਹੈ। ਬੱਚਿਆਂ ਨੂੰ ਸੈਟਲ ਕਰਨ ਦੀ ਹੈ। ਬੱਚਾ ਉਥੇ ਜਾ ਗ਼ਲਤ ਅਨਸਰਾਂ ਦੇ ਹੱਥੀਂ ਚੜ੍ਹ ਜਾਂਦਾ, ਨਸ਼ਾ ਕਰਨ ਲੱਗ ਜਾਂਦਾ। ਨਸ਼ਾ ਵੇਚਣ ਦੇ ਧੰਦੇ 'ਚ ਲਗਾ ਦਿੱਤਾ ਜਾਂਦਾ, ਨੌਕਰੀ ਨਾ ਮਿਲਣ ਕਾਰਨ ਡਿਪਰੈਸ਼ਨ 'ਚ ਚਲਾ ਜਾਂਦਾ। ਸਾਡੇ ਪਿੰਡ ਦੇ ਮੁੰਡੇ ਉੱਤੇ ਕੋਈ ਅੱਠ ਸਾਲ ਕੇਸ ਚੱਲਿਆ। ਉਹ ਕਈ ਸਾਲ ਜੇਲ੍ਹ 'ਚ ਰਿਹਾ। ਇੰਡੀਆ ਵੀ ਨਾ ਆ ਸਕਿਆ। ਮਾਪੇ ਪਰਿਵਾਰ ਲਈ ਤੇ ਕਸ ਲੜਨ ਲਈ ਏਥੋਂ ਪੈਸੇ ਭੇਜਦੇ ਰਹੇ। ਚਾਹੇ ਉਹ ਬਰੀ ਹੋ ਗਿਆ ਪਰ ਉਸ ਦੇ ਕੀਮਤੀ ਦਸ ਸਾਲ ਤਾਂ ਖਰਾਬ ਹੋ ਗਏ।

ਇਕ ਘਟਨਾ ਤੁਸੀਂ ਸਭ ਨੇ ਸੁਣੀ ਹੋਵੇਗੀ ਕਿ ਇਕ ਔਰਤ ਆਪਣੇ ਦੋ ਬੱਚਿਆਂ ਸਮੇਤ ਅਮਰੀਕਾ ਦਾ ਬਾਰਡਰ ਪਾਰ ਕਰ ਰਹੀ ਸੀ, ਪਤੀ ਉਥੇ ਹੀ ਸੀ ਪਰ ਕਈ ਸਾਲਾਂ ਬਾਅਦ ਵੀ ਪੱਕਾ ਨਹੀਂ ਸੀ ਹੋ ਸਕਿਆ ਤੇ ਫਿਰ ਦੋ ਨੰਬਰ ਵਿਚ ਇਨ੍ਹਾਂ ਨੂੰ ਬੁਲਾਇਆ ਸੀ। ਬਾਰਡਰ ਪਾਰ ਕਰਦੇ ਸਮੇਂ ਉਸ ਦੀ ਇਕ ਧੀ ਦੀ ਮੌਤ ਹੋ ਗਈ। ਹੁਣ ਉਸ ਪਾਇਆ ਤਾਂ ਕੀ ਪਰ ਗਵਾ ਲਈ ਧੀ। ਕਹਾਵਤ ਹੈ ਕੰਧ ਓਹਲੇ ਪਰਦੇਸ। ਪਰ ਇਹ ਤਾਂ ਫਿਰ ਹੈ ਹੀ ਪਰਦੇਸਾਂ ਦੀਆਂ ਗੱਲਾਂ। ਲੜਕੀਆਂ ਨੂੰ ਵੀ ਆਪਣੇ ਖਰਚੇ ਕੱਢਣ ਲਈ ਕਈ ਵਾਰ ਇਸ ਤਰ੍ਹਾਂ ਦੇ ਕਿੱਤੇ ਅਪਣਾਉਣੇ ਪੈ ਰਹੇ ਨੇ, ਸਰੀਰਕ ਸੋਸ਼ਣ ਹੋ ਰਿਹਾ ਹੈ। ਇਕ ਕਾਰਨ ਇਹ ਵੀ ਹੈ ਅਸੀਂ ਹੱਥੀਂ ਮਿਹਨਤ ਕਰਨ ਨਾਲੋਂ ਸੌਖੇ ਰਾਹ ਨੂੰ ਤਰਜੀਹ ਦੇਂਦੇ ਹਾਂ। ਇਕ ਕਮਰੇ ਵਿਚ ਦਸ ਦਸ ਬੱਚੇ ਤੂੜੀ ਵਾਂਗੂੰ ਤੂੜੇ ਜਾ ਰਹੇ ਨੇ। ਬੱਚਿਆਂ ਨੂੰ ਸਮਝਾਉਣ ਵਾਲਾ, ਗਾਇਡ ਕਰਨ ਵਾਲਾ ਕੋਈ ਨਹੀਂ ਹੈ। ਬਹੁਤ ਸਾਰੀਆਂ ਘਟਨਾਵਾਂ ਤੋਂ ਤੁਸੀਂ ਜਾਣੂ ਹੋਵੋਗੇ।

ਹੁਣ ਸੋਚਣ ਵਾਲੀ ਗੱਲ ਇਹ ਹੈ ਪੰਜਾਬ ਨੇ ਤਰੱਕੀ ਕਰਨੀ ਕੀ ਹੈ। ਅਸੀਂ ਬੱਚੇ ਦੇ ਜਨਮ ਤੋਂ ਹੀ ਵਿਉਂਤਾਂ ਗੁੰਦਣ ਲੱਗਦੇ ਹਾਂ, ਬੱਚੇ ਦੇ ਜਨਮ ਸਮੇਂ ਨੂੰ ਹੀ ਉਸ ਨੂੰ ਸਿਖਾਇਆ ਜਾਂਦਾ ਹੈ ਕਿ ਅਸੀਂ ਤਾਂ ਬਾਹਰ ਸੈਟਲ ਹੋਣਾ, ਉਥੇ ਸੁਖ ਸਹੂਲਤਾਂ ਨੇ, ਏਥੇ ਕੀ ਹੈ। ਅਸੀਂ ਬੱਚੇ ਦੇ ਦਿਮਾਗ਼ ਵਿਚ ਹੀ ਇਹ ਭਰ ਦਿੱਤਾ। ਅਸੀਂ ਸਿਖਾਇਆ ਹੀ ਨਹੀਂ ਕਿ ਮਿਹਨਤ ਕਰਕੇ ਅਸੀਂ ਏਥੇ ਪੜ੍ਹ ਲਿਖ ਕੇ ਉੱਚੇ ਅਹੁਦੇ 'ਤੇ ਪਹੁੰਚਣਾ। ਅਸੀਂ ਆਪਣੇ ਪੰਜਾਬ ਦਾ ਨਾਂ ਰੌਸ਼ਨ ਕਰਨਾ। ਮਾਫ਼ ਕਰਨਾ, ਕਸੂਰ ਸਾਡਾ ਹੀ ਹੈ। ਅਸੀਂ ਆਪਣੇ ਬੱਚੇ ਦੇ ਰੋਣ ਤੇ ਰੁੱਸਣ ਨੂੰ ਏਨੀ ਤਰਜੀਹ ਦਿੱਤੀ ਹੈ, ਏਨੀ ਅਹਿਮੀਅਤ ਦੇ ਰਹੇ ਹਾਂ ਉਸ ਦੀ ਹਰ ਜਾਇਜ਼ ਨਜਾਇਜ਼ ਮੰਗ ਪੂਰੀ ਕਰ ਰਹੇ ਹਾਂ। ਪੰਜਵੀਂ ਛੇਵੀਂ ਤੋਂ ਹੀ ਬੱਚੇ ਦੇ ਹੱਥ ਵਿਚ ਮਹਿੰਗੇ ਤੋਂ ਮਹਿੰਗਾ ਫ਼ੋਨ ਹੈ। ਪੰਜਵੀਂ ਛੇਵੀਂ ਤੋਂ ਸਕੂਟਰ ਉਸ ਦੇ ਹੇਠਾਂ, ਨੌਵੀਂ ਦਸਵੀਂ ਤਕ ਬੁਲਟ ਤੇ ਫਿਰ ਕਾਲਜ 'ਚ ਗੱਡੀ ਕਿਉਂ...? ਅਸੀਂ ਇਸ ਨੂੰ ਸਟੇਟਸ ਸਿੰਬਲ ਬਣਾ ਲਿਆ, ਸਮਾਜ 'ਚ ਸਾਡੀ ਰਹਿ ਹੀ ਫਿਰ ਰਹਿੰਦੀ ਹੈ। ਬਾਕੀ ਅਸੀਂ ਖ਼ੁਦ ਇਸ ਮੋਬਾਈਲ, ਫੇਸਬੁੱਕ, ਵਟਸਐਪ, ਸਨੈਪਚੈਟ ਆਦਿ ਦੇ ਆਦੀ ਹੋ ਚੁੱਕੇ ਹਾਂ। ਬਾਕੀ ਕਿਸੇ ਚੀਜ਼ ਦਾ ਨਸ਼ਾ ਤੇ ਫਿਰ ਟੁੱਟ ਜਾਂਦਾ ਪਰ ਇਸ ਦਾ ਨਹੀਂ। ਅਸੀਂ ਐਸੇ ਨਸ਼ਈ ਹੋਏ ਹਾਂ, ਸਾਡੇ ਕੋਲ ਬੱਚੇ ਵਾਸਤੇ ਟਾਇਮ ਨਹੀਂ। ਉਹ ਕਰ ਕੀ ਰਹੇ ਨੇ ਪਤਾ ਨਹੀਂ। ਬੱਚੇ ਵੀ ਮਾਪਿਆਂ ਨਾਲੋਂ ਟੁੱਟ ਗਏ ਨੇ। ਮਾਪਿਆਂ ਨੂੰ ਪਤਾ ਹੀ ਨਹੀਂ, ਬੱਚੇ ਕੀ ਕਰ ਰਹੇ ਨੇ, ਕਿੱਥੇ ਜਾ ਰਹੇ ਨੇ, ਕਿੱਥੋਂ ਆ ਰਹੇ ਨੇ। ਅਸੀਂ ਉਨ੍ਹਾਂ ਨੂੰ ਮਿਹਨਤ ਕਰਨੀ ਸਿਖਾਈ ਹੀ ਨਹੀਂ। ਅਸੀਂ ਉਨ੍ਹਾਂ ਦੇ ਮਨ 'ਚ ਖ਼ੁਦ ਭਰਿਆ ਇਹ ਕੰਮ ਮਾੜਾ, ਇਹ ਨਹੀਂ ਕਰਨਾ। ਸਾਡਾ ਮੁੰਡਾ ਕੱਲਾ ਕਾਰਾ, ਏਨੀ ਜ਼ਮੀਨ ਜਾਇਦਾਦ ਦਾ ਮਾਲਕ, ਉਹ ਕਿਉਂ ਕਰੇ ਕੋਈ ਕੰਮ। ਬੱਚਾ ਵੱਡਾ ਹੋ ਕੇ ਆਪਣੇ ਦੋਸਤਾਂ ਮਿੱਤਰਾਂ ਦੇ ਦੱਸੇ ਸੁਪਨਿਆਂ ਦੀ ਦੁਨੀਆ ਵਿਚ ਜਾਣਾ ਚਾਹੁੰਦਾ, ਜਿਸ ਨੂੰ ਪਰਦੇਸ ਆਖਦੇ ਨੇ। ਉਥੇ ਜਾ ਉਹ ਕੰਮ ਵੀ ਕਰਦਾ, ਜੋ ਏਥੇ ਕਰਨ ਨੂੰ ਹੱਤਕ ਸਮਝਦਾ। ਬਾਹਰ ਦੀਆਂ ਔਕੜਾਂ ਤੰਗੀਆਂ ਤੁਰਸ਼ੀਆਂ ਨਾਲ ਲੜਦਾ, ਉਹ ਸਭ ਤੋਂ ਬੇਮੁੱਖ ਹੋ ਗਿਆ। ਹੁਣ ਅਪਣੱਤ ਤੇ ਮੋਹ ਉਸ ਅੰਦਰੋਂ ਖ਼ਤਮ ਹੋ ਰਹੇ ਨੇ। ਉਹ ਸਵੈ-ਕੇਂਦ੍ਰਿਤ ਹੋ ਗਿਆ। ਉਸ ਨੂੰ ਹੁਣ ਪਿਛਲਿਆਂ ਨਾਲ ਮੋਹ ਰਿਹਾ ਹੀ ਨਹੀਂ। ਇਕੱਲੇ ਰਹਿਣ ਕਾਰਨ ਉਹ ਫਿਰ ਮਾਪਿਆਂ ਨਾਲ ਐਡਜਸਟ ਨਹੀਂ ਕਰ ਪਾਉਂਦੇ। ਬੱਚੇ ਬਾਹਰ ਜਾ ਰਹੇ ਨੇ ਤੇ ਪੰਜਾਬ ਖ਼ਾਲੀ ਹੋ ਰਿਹਾ। ਪਰਵਾਸੀ ਮਜ਼ਦੂਰ ਏਥੇ ਕੰਮ ਲੱਭਣ ਆਉਂਦੇ ਨੇ। ਹੌਲੀ ਹੌਲੀ ਏਥੇ ਸੈੱਟ ਹੋ ਰਹੇ ਨੇ, ਜ਼ਮੀਨਾਂ ਖ਼ਰੀਦ ਘਰ ਬਣਾ ਰਹੇ ਨੇ। ਉਹ ਏਥੋਂ ਦੇ ਵਸਨੀਕ ਬਣ ਰਹੇ ਨੇ। ਸਾਡੇ ਬੱਚੇ ਪੰਜਾਬੀ ਭੁੱਲ ਰਹੇ ਨੇ ਤੇ ਉਹ ਸ਼ੁੱਧ ਪੰਜਾਬੀ ਬੋਲ ਰਹੇ ਨੇ।

ਸਾਡਾ ਮਾਲੀ ਮੱਧ ਪ੍ਰਦੇਸ਼ ਦਾ ਹੈ। ਜਿਸ ਦੇ ਮਾਪਿਆਂ ਏਥੇ ਪੱਕਾ ਰੈਣ ਬਸੇਰਾ ਬਣਾ ਲਿਆ ਤੇ ਕਾਦੀਆਂ ਦਾ ਅੱਧਾ ਕੰਮ ਮਾਲੀ ਦਾ ਉਹ ਸੰਭਾਲ ਰਹੇ ਨੇ। ਇਕ ਸਬਜ਼ੀ ਵਾਲੇ ਨੇ ਕੰਮ ਕਰ ਕਰ, ਛਾਬੜੀਆਂ ਲਾ ਲਾ ਹੁਣ ਦੁਕਾਨਾਂ ਖਰੀਦ ਲਈਆਂ। ਵੱਡੀਆਂ ਗੱਡੀਆਂ ਨੇ ਉਨ੍ਹਾਂ ਕੋਲ। ਇਹ ਸਭ ਮਿਹਨਤ ਹੀ ਹੈ ਜੋ ਉਹ ਬਾਹਰੋਂ ਆ ਕਰ ਸਕਦੇ ਨੇ, ਫਿਰ ਸਾਡੇ ਬੱਚੇ ਕਿਉਂ ਨਹੀਂ। ਪਰਵਾਸੀ ਮਜ਼ਦੂਰਾਂ ਨੇ ਏਥੇ ਆਪਣੇ ਵਿਉਪਾਰ ਸ਼ੁਰੂ ਕਰ ਲਏ ਨੇ, ਕੱਪੜੇ ਦੇ, ਗੱਡੀਆਂ ਦੇ। ਉਨ੍ਹਾਂ ਦੇ ਬੱਚੇ ਬਚਪਨ ਤੋਂ ਹੀ ਉਨ੍ਹਾਂ ਦੇ ਨਾਲ ਕੰਮ 'ਚ ਲੱਗ ਜਾਂਦੇ ਨੇ।

ਹੁਣ ਉਹ ਦਿਨ ਦੂਰ ਨਹੀਂ, ਜਦੋਂ ਇਹ ਪਰਵਾਸੀ ਮਜ਼ਦੂਰਾਂ ਦਾ ਪੰਜਾਬ ਹੋਵੇਗਾ ਤੇ ਏਥੋਂ ਦੇ ਅਸਲ ਵਸਨੀਕ ਪ੍ਰਾਹੁਣਿਆਂ ਦੀ ਤਰ੍ਹਾਂ ਏਥੇ ਆਇਆ ਕਰਨਗੇ। ਜੇ ਅਸੀਂ ਬਾਹਰ ਜਾਣ ਦੇ ਰੁਝਾਨਾਂ ਨੂੰ ਠੱਲ੍ਹ ਪਾਉਣੀ ਹੈ ਤਾਂ ਆਪਣੇ ਬੱਚਿਆਂ ਦੇ ਭਵਿੱਖ ਨੂੰ ਆਪ ਉਲੀਕੋ। ਉਨ੍ਹਾਂ ਨਾਲ ਸਮਾਂ ਬਿਤਾਉ। ਉਨ੍ਹਾਂ ਨੂੰ ਮਿਹਨਤਾਂ ਦਾ ਮੁੱਲ ਦੱਸੋ, ਪੜ੍ਹਾਈ ਦੇ ਨਾਲ-ਨਾਲ ਆਪਣੇ ਨਾਲ ਪਿਤਾ ਪੁਰਖੀ ਧੰਦਿਆਂ ਵਿਚ ਪਾਓ।

ਅਸੀਂ ਆਖਦੇ ਹਾਂ ਏਥੇ ਨੌਕਰੀ ਨਹੀਂ ਹੈ, ਬੱਚੇ ਕੀ ਕਰਨ। ਤੁਸੀਂ ਇਹ ਵੇਖੋ, ਬੱਚਿਆਂ ਪੜ੍ਹਿਆ ਕੀ ਹੈ, ਪੜ੍ਹ ਕੀ ਰਿਹਾ। ਉਸ ਦਾ ਰੁਝਾਨ ਕਿਸ ਮਜ਼ਮੂਨ 'ਚ ਜ਼ਿਆਦਾ ਹੈ। ਅੱਜ ਕੱਲ੍ਹ ਤਾਂ ਬੱਚੇ ਦੀ ਕੌਂਸਲਿੰਗ ਕਰਵਾਈ ਜਾ ਸਕਦੀ ਹੈ। ਕਈ ਦਫ਼ਤਰ ਖੁੱਲ੍ਹੇ ਨੇ ਜੋ ਬੱਚੇ ਦਾ ਟੈਸਟ ਲੈ ਉਸ ਦੇ ਰੁਝਾਨ ਨੂੰ ਜਾਂਚਦੇ ਨੇ, ਟੈਲੰਟ ਵੇਖਦੇ ਨੇ। ਅਸੀਂ ਖ਼ੁਦ ਹੀ ਕੋਸ਼ਿਸ਼ ਨਹੀਂ ਕੀਤੀ।

ਹੁਣ ਸਵਾਲ ਇਹ ਪੈਦਾ ਹੁੰਦਾ ਕੀ ਬਾਹਰ ਜਾ ਸੈੱਟ ਹੋਣਾ ਸਹੀ ਹੈ ਪੰਜਾਬ ਲਈ। ਸਾਡਾ ਕਿੰਨਾ ਪੈਸਾ ਦੋ ਨੰਬਰ ਵਿਚ ਜਾਣ ਲਈ ਖਰਾਬ ਹੋਇਆ, ਏਜੰਟਾਂ ਦੇ ਹੱਥੀਂ ਚੜ੍ਹ ਕੇ, ਅਸੀਂ ਖੱਜਲ ਖੁਆਰ ਕਿੰਨੇ ਹੋਏ, ਪੜ੍ਹਾਈ ਦੀਆਂ ਕਿਸ਼ਤਾਂ ਦੇ ਰੂਪ ਵਿਚ ਬਾਹਰ ਕਿੰਨਾ ਪੈਸਾ ਘੱਲਿਆ ਗਿਆ, ਅਸੀਂ ਆਪਣੇ ਬੱਚੇ ਦੇ ਭਵਿੱਖ ਲਈ ਆਪਣੇ ਭਵਿੱਖ ਲਈ ਇਸ ਪੈਸੇ ਨੂੰ ਇਨਵੈਸਟ ਕੀਤਾ। ਕੀ ਇਹ ਪੈਸਾ ਰਿਟਰਨ ਹੋਵੇਗਾ।

ਤੁਸੀਂ ਆਖੋਗੇ ਹਾਂ, ਬੱਚਾ ਸੈਟਲ ਤਾਂ ਪੈਸੇ ਸਾਰਥਕ। ਪਰ ਜ਼ਰਾ ਸੋਚੋ, ਬੱਚੇ ਨੇ ਉਥੇ ਦੀ ਪੀ.ਆਰ. ਲੈ ਲੈਣੀ। ਸਿਟੀਜ਼ਨ ਬਣ ਜਾਣਾ। ਉਥੇ ਕਮਾਉਣਾ, ਉਥੇ ਰਹਿਣਾ। ਪੰਜਾਬ ਦਾ ਪੈਸਾ ਫਿਰ ਪੰਜਾਬ ਵਿਚ ਕਿਵੇਂ ਆਇਆ। ਉਹ ਤਾਂ ਗਿਆ ਹੀ ਹੈ ਏਥੋਂ। ਬੱਚੇ ਦਾ ਕਲਚਰ ਹੁਣ ਡਿਫਰੈਂਟ ਹੈ ਭਾਵ ਅਲੱਗ। ਉਹ ਜਿਥੇ ਰਹਿ ਰਿਹਾ, ਉਸ ਦੇ ਅਨੁਸਾਰ ਢਲ ਗਿਆ। ਹੁਣ ਤੁਹਾਡੇ ਵਿਚਾਰ ਉਸ ਨਾਲ ਮੇਲ ਨਹੀਂ ਖਾਂਦੇ। ਤੁਸੀਂ ਉਸ ਨਾਲ ਰਹਿ ਨਹੀਂ ਸਕਦੇ ਜਾਂ ਉਹ ਹੀ ਨਹੀਂ ਚਾਹੁੰਦੇ ਤੁਸੀਂ ਨਾਲ ਰਹੋ। ਅਲੱਗ ਰਹਿੰਦਾ ਰਹਿੰਦਾ ਉਹ ਸ੍ਵੈ-ਕੇਂਦ੍ਰਿਤ ਹੋ ਗਿਆ। ਹੁਣ ਮਾੜੀ ਕਿਸਮਤ ਨੂੰ ਤੁਸੀਂ ਦੋਹਾਂ ਬੰਨਿਓਂ ਕੰਗਾਲ ਹੋ। ਨਾ ਤੁਹਾਡੇ ਕੋਲ ਪੈਸਾ ਰਿਹਾ, ਨਾ ਬੱਚੇ।

ਪੰਜਾਬ ਨੂੰ ਕਿਸੇ ਨਹੀਂ ਮਾਰਿਆ, ਉਸ ਨੂੰ ਉਸ ਦੇ ਵਸਨੀਕਾਂ ਦੀ ਸੋਚ ਨੇ ਮਾਰਿਆ। ਕਿਉਂ ਨਹੀਂ ਮਿਲਦੀਆਂ ਨੌਕਰੀਆਂ। ਅਸੀਂ ਲਾਈਨ ਗ਼ਲਤ ਚੁਣ ਰਹੇ ਹਾਂ ਪੜ੍ਹਾਈ ਦੀ। ਅਸੀਂ ਖ਼ੁਦ ਹੀ ਅਵੇਅਰ ਨਹੀਂ, ਜਾਗਰੂਕ ਨਹੀਂ। ਹੁਣ ਜੇ ਸਾਰੇ ਹੀ ਬੀ.ਐੱਡ. ਕਰੀ ਜਾਵਾਂਗੇ ਤਾਂ ਨੌਕਰੀ ਤਾਂ ਕੀ ਮਿਲ ਜਾਣੀ ਸਭ ਨੂੰ। ਅਸੀਂ ਬੱਚੇ ਨੂੰ ਉਸ ਦੀ ਰੁਚੀ ਨਹੀਂ ਪੁੱਛਦੇ, ਅਸੀਂ ਆਪਣੇ ਹਿਸਾਬ ਨਾਲ ਡਾਕਟਰ, ਇੰਜੀਨੀਅਰ ਬਣਾ ਰਹੇ ਹਾਂ। ਪੇਡ ਸੀਟਾਂ ਲੈ ਕੇ। ਇਕ ਬੱਚੇ ਦਾ ਇਕ ਸਾਲ ਦਾ ਖਰਚ ਹੈ ਪੱਚੀ ਲੱਖ ਭਾਵ ਫੀਸ। ਇਕ ਡਾਕਟਰ ਦੀ ਪੜ੍ਹਾਈ, ਲਈ ਇਕ ਲੱਖ ਹੋਰ ਲਾ ਲਵੋ, ਖਾਣ-ਪੀਣ, ਰਹਿਣ ਦਾ, ਕੱਪੜੇ ਲੀੜੇ ਦਾ ਸਾਲ ਦਾ। ਇਹ ਆਮ ਆਦਮੀ ਅਫੋਰਡ ਨਹੀਂ ਕਰ ਸਕਦਾ। ਜੋ ਬੱਚਾ ਲਾਇਕ ਹੈ, ਉਸ ਨੇ ਗਵਰਮੈਂਟ ਕਾਲਜ 'ਚ ਇਕ ਲੱਖ ਸਾਲ ਦਾ ਦੇ ਕੇ ਵੀ ਪੜ੍ਹ ਜਾਣਾ। ਜਿਥੇ ਫ਼ੀਸ ਘੱਟ ਹੈ। ਸੋਚਣਾ, ਅਸੀਂ ਹੈ। ਬੱਚਿਆਂ ਨੂੰ ਆਪਣੇ ਨਾਲ ਰੱਖੋ, ਉਨ੍ਹਾਂ ਦਾ ਰੁਝਾਨ ਵੇਖੋ। ਬਾਹਰ ਹੀ ਨਾ ਭੇਜੋ, ਏਥੇ ਵੀ ਬਹੁਤ ਕੁਝ ਹੋ ਸਕਦਾ। ਫੁਕਰੀ ਸੋਚ ਛੱਡ ਆਪਣੇ ਬੱਚਿਆਂ ਦੇ ਭਵਿੱਖ ਨੂੰ ਆਪ ਉਲੀਕੋ ਤਾਂ ਕਿ ਪੰਜਾਬ ਦਾ ਵੀ ਨਾਂ ਰਹੇ ਦੁਨੀਆ 'ਤੇ। ਬੱਚਿਆਂ ਨੂੰ ਸੋਚਣ ਦਿਓ, ਵਿਚਾਰਣ ਦਿਓ। ਉਨ੍ਹਾਂ ਦੇ ਵਿਚਾਰਾਂ ਨੂੰ, ਸੁਪਨਿਆਂ ਨੂੰ ਸਾਕਾਰ ਕਰਨ ਵਿਚ ਮਦਦ ਕਰੋ।


ਇਕ ਹੋਰ ਉਦਾਹਰਣ ਦੇਵਾਂਗੀ। ਬੰਬਈ ਵਿਚ ਇਕ ਤੇਰਾਂ ਸਾਲ ਦਾ ਬੱਚਾ ਕੋਰੀਅਰ ਆਫ਼ਿਸ ਚਲਾ ਰਿਹਾ। ਉਹ ਸ਼ਨੀਵਾਰ ਤੇ ਐਤਵਾਰ ਨੂੰ ਆਫ਼ਿਸ ਜਾਂਦਾ, ਬਾਕੀ ਦਿਨ ਪੜ੍ਹਾਈ ਕਰਦਾ। ਹੁਣ ਗੱਲ ਦਿਮਾਗ਼ ਦੀ ਹੈ। ਉਹ ਇਕ ਦਿਨ ਆਪਣੇ ਚਾਚੇ ਘਰ ਗਿਆ ਤੇ ਕਿਸੇ ਕਾਰਨ ਉਹ ਘਰ ਆ ਨਹੀਂ ਸਕਿਆ ਤੇ ਮਾਂ ਨੇ ਕਿਹਾ ਤੂੰ ਕੱਲ੍ਹ ਸਿੱਧਾ ਏਥੋਂ ਹੀ ਸਕੂਲ ਚਲਾ ਜਾਵੀਂ। ਪਰ ਬੱਚੇ ਕੋਲ ਸਕੂਲ ਬੈਗ ਨਹੀਂ। ਸੋ ਉਸ ਨੂੰ ਵਾਪਸ ਜਾਣਾ ਪਿਆ ਤੇ ਇਸ ਕਸ਼ਮਕਸ਼ ਵਿਚ ਬਾਰੀ 'ਚ ਬੈਠੇ ਨੇ ਟਿਫਨ ਵਾਲੇ ਨੂੰ ਵੇਖਿਆ ਜੋ ਰੋਜ਼ ਸੁਸਾਇਟੀ ਵਿਚ ਖਾਣਾ ਦੇਣ ਆ ਰਿਹਾ। ਇਕ ਖ਼ਿਆਲ ਮਨ 'ਚ ਆਇਆ ਜੇ ਇਹ ਆਦਮੀ ਟਿਫਨ ਦੇ ਨਾਲ ਨਾਲ ਉਸ ਇਲਾਕੇ ਦੇ ਕੋਰੀਅਰ ਵੀ ਦਵੇ ਤਾਂ ਦੋ ਕੰਮ ਹੋ ਸਕਦੇ ਨੇ। ਸੋਚਣ ਵਾਲੀ ਗੱਲ ਇਹ ਸੀ ਕੋਰੀਅਰ ਵੀ ਇਕ ਦਿਨ 'ਚ ਨਹੀਂ ਮਿਲਦੇ ਕਿਉਂਕਿ ਮੁੰਬਈ ਬਹੁਤ ਵੱਡਾ ਹੈ। ਇਹ ਇਕ ਚੰਗਾ ਆਈਡੀਆ ਸੀ, ਬੱਚੇ ਦੇ ਦਿਮਾਗ ਵਿਚ ਆਇਆ ਜੋ ਉਸ ਨੇ ਆਪਣੇ ਚਾਚਾ ਜੀ ਨਾਲ ਜਦੋਂ ਸ਼ੇਅਰ ਕੀਤਾ ਤਾਂ ਉਨ੍ਹਾਂ ਇਸ ਨੂੰ ਅਮਲੀ ਰੂਪ ਦੇਣ ਦੀ ਕੋਸ਼ਿਸ਼ ਕੀਤੀ। ਹੁਣ ਜੇ ਇਕ ਬੱਚਾ ਇਹ ਸੋਚ ਸਕਦਾ ਤਾਂ ਹਰ ਬੱਚਾ ਕੁਝ ਨਾ ਕੁਝ ਗੁਣ ਰੱਖਦਾ, ਬਸ ਉਨ੍ਹਾਂ ਨੂੰ ਹੱਲਾਸ਼ੇਰੀ ਦਿਉ ਤੇ ਇਸ ਮੋਬਾਈਲ 'ਚੋਂ ਕੱਢ, ਸੋਚਣ ਲਈ ਸਮਾਂ ਦਿਓ, ਵਿਚਾਰ ਰੱਖੋ ਉਸ ਸਾਹਮਣੇ। ਉਸ ਕੋਲੋਂ ਸਲਾਹ ਲਵੋ। ਬੱਚਿਆਂ ਦੇ ਮਾਪਿਆਂ ਦੇ ਨਾਲ ਉਨ੍ਹਾਂ ਦੇ ਦੋਸਤ ਵੀ ਬਣੋ।

ਸੋਚਣਾ ਅਸੀਂ ਆਪ ਹੈ। ਅਸੀਂ ਆਖਦੇ ਹਾਂ ਜ਼ਮੀਨਾਂ 'ਚੋਂ ਕੁਝ ਨਹੀਂ ਨਿਕਲਦਾ। ਖੇਤੀ 'ਚੋਂ ਕੁਝ ਨਹੀਂ ਬਚਦਾ। ਜੇ ਕੁਦਰਤੀ ਆਫ਼ਤ ਨੂੰ ਪਾਸੇ ਰੱਖ ਦੇਈਏ ਤਾਂ ਮਿਹਨਤ ਨਾਲ ਦੋ ਕਿੱਲਿਆਂ 'ਚੋਂ ਵੀ ਕੱਢਣ ਵਾਲੇ ਤਿੰਨ ਫ਼ਸਲਾਂ ਕੱਢ ਲੈਂਦੇ ਨੇ। ਜੇ ਬੱਚਾ ਸਾਥ ਦੇਵੇ। ਹੁਣ ਦੁਕਾਨਦਾਰ, ਜੱਟ, ਨੌਕਰੀ ਪੇਸ਼ਾ, ਸਭ ਇਕੋ ਲੀਹ 'ਤੇ ਤੁਰ ਪਏ ਨੇ। ਸਾਡਾ ਬੱਚਾ ਸਾਡੇ ਵਾਲਾ ਕੰਮ ਨਹੀਂ ਕਰੇਗਾ, ਬਾਹਰ ਜਾਏਗਾ। ਇਸ ਤਰ੍ਹਾਂ ਬਾਹਰ ਜਾਣ ਦੇ ਰੁਝਾਨ ਨੇ ਪੰਜਾਬ ਖ਼ਾਲੀ ਕਰਤਾ ਤੇ ਕੰਗਾਲ ਵੀ। ਹੁਣ ਵੀ ਸੋਚ ਬਦਲ ਲਈਏ ਤਾਂ ਚੰਗਾ, ਨਹੀਂ ਤਾਂ ਏਥੇ ਪੰਜਾਬੀ ਮਾਂ ਬੋਲੀ ਬੋਲਣ ਵਾਲੇ ਵੀ ਨਹੀਂ ਬਚਣੇ, ਤੁਹਾਡੇ ਜੁਆਕਾਂ ਨੇ ਉਨ੍ਹਾਂ ਦੇ ਜੁਆਕਾਂ ਨੇ ਬਾਹਰੀਆਂ ਬੋਲੀਆਂ ਸਿੱਖਣੀਆਂ ਤੇ ਏਥੇ ਹਮਕੀ ਤੁਮਕੀ ਰਹਿ ਜਾਣੀ ਤੇ ਹੜੱਪਾ ਮੋਹਿੰਜੋਦੜੋ ਦੀ ਸਭਿਅਤਾ ਦੀ ਤਰ੍ਹਾਂ ਫਿਰ ਪੰਜਾਬ 'ਤੇ ਵੀ ਖੋਜਾਂ ਹੀ ਹੋਇਆ ਕਰਨਗੀਆਂ।

* *

**ਮੋਬਾ : 99148 46377**

ਹਿੰਦੀ ਕਹਾਣੀ / ਮਨੀਸ਼ ਵੈਦ



# ਘੜੀਸਾਜ਼

ਅਨੁ : *ਅਰਤਿੰਦਰ ਸੰਧੂ*

"ਕਿਹੜਾ...ਕਿਹੜਾ ਸਮਾਂ ਹੁੰਦਾ ਏ ਘੜੀਸਾਜ਼ ਦਾ।" ਉਸ ਨੇ ਐਨਕ ਦੇ ਵਿਚੋਂ ਦੀ ਆਪਣੀਆਂ ਚੁੰਨ੍ਹੀਆਂ ਤੇ ਮਿਚਮਿਚਾਉਂਦੀਆਂ ਜਿਹੀਆਂ ਅੱਖਾਂ ਨਾਲ ਘੂਰਦਿਆਂ ਦਾਰਸ਼ਨਿਕ ਜਿਹੇ ਅੰਦਾਜ਼ ਵਿਚ ਸਿੱਧਾ ਮੇਰੇ ਵੱਲ ਸੁੱਟਿਆ ਸੀ ਇਹ ਸੁਆਲ।

ਮੈਂ ਬਿਲਕੁਲ ਤਿਆਰ ਨਹੀਂ ਸਾਂ, ਇਸ ਤਰ੍ਹਾਂ ਦੇ ਸੁਆਲ ਵਾਸਤੇ। ਮੈਂ ਟੇਢਾ ਜਿਹਾ ਖਲੋਤਾ ਰਿਹਾ, ਉਸ ਦੀਆਂ ਉਲਝੀਆਂ ਹੋਈਆਂ ਮੁੱਛਾਂ ਤੇ ਚਿੱਟੀ ਦਾੜ੍ਹੀ ਨੂੰ ਤੱਕਦਿਆਂ ਹੋਇਆਂ।

"ਯੰਗਮੈਨ, ਮੈਂ ਤੈਨੂੰ ਪੁੱਛ ਰਿਹਾ ਹਾਂ..." ਮੈਨੂੰ ਡੁੰਨ ਵੱਟਾ ਜਿਹਾ ਬਣਿਆ ਵੇਖ ਕੇ ਹੱਸਿਆ ਸੀ ਉਹ।

ਜਦੋਂ ਉਹ ਹੱਸਿਆ ਤਾਂ ਉਸ ਦੀਆਂ ਝੁਰੜੀਆਂ ਵੀ ਹੱਸੀਆਂ ਸਨ। ਢਿਲਕੀ ਥਰਥਰਾਉਂਦੀ ਦੇਹ ਵੀ ਤੇ ਉਸ ਦਾ ਉਹ ਸਮਾਂ ਵੀ। ਉਹ ਹਾਸਾ ਜਿਵੇਂ ਹਵਾ ਵਰਗਾ ਸੀ। ਉਹ ਸਾਡੇ ਚਾਰ ਚੁਫ਼ੇਰੇ ਭਰ ਗਿਆ ਸੀ ਤੇ ਫਿਰ ਕਿੰਨਾ ਹੀ ਚਿਰ ਗੂੰਜਦਾ ਰਿਹਾ ਸੀ। ਉਸ ਹਾਸੇ ਵਿਚ ਮਾਸੂਮੀਅਤ ਤੇ ਤਾਜ਼ਗੀ ਸੀ। ਪੱਕੀ ਗੱਲ ਹੈ ਕਿ ਉਹ ਹਾਸਾ ਅੱਜ ਦੇ ਸਮੇਂ ਵਰਗਾ ਨਹੀਂ ਸੀ, ਸ਼ਾਇਦ ਕਈ ਵਰ੍ਹੇ ਪੁਰਾਣਾ ਹੋਵੇ। ਪਰ ਇਹ ਕਿਵੇਂ ਹੋ ਸਕਦਾ ਹੈ ਕਿ ਏਨਾ ਪੁਰਾਣਾ ਠਹਿਰਿਆ ਜਿਹਾ ਹਾਸਾ ਏਨਾ ਸੱਜਰਾ ਲੱਗੇ। ਹੋ ਸਕਦਾ ਏ ਉਹ ਹਾਸਾ ਸਮੇਂ ਦੀਆਂ ਸਾਰੀਆਂ ਹੱਦਾਂ ਸਰਹੱਦਾਂ ਨੂੰ ਲੰਘਦਾ ਹੋਇਆ ਸਾਡੇ ਸਮੇਂ ਵਿਚ ਆ ਪਹੁੰਚਿਆ ਹੋਵੇ। ਉਹ ਹਾਸਾ ਜਿਵੇਂ ਕਿਸੇ ਡੂੰਘੇ ਖੂਹ 'ਚੋਂ ਛਣਕਦਾ ਹੋਇਆ ਆਇਆ ਸੀ ਤੇ ਫਿਰ ਉਸੇ ਵਿਚ ਅਲੋਪ ਹੋ ਗਿਆ ਸੀ।

ਮੈਂ ਹੈਰਾਨ ਸਾਂ ਉਸ ਹਾਸੇ ਉੱਤੇ ਤੇ ਉਸ ਦੀ ਨਿਰਛਲ ਛਣਕ ਨੂੰ, ਧਰਤੀ 'ਤੇ ਪਸਰਦਿਆਂ ਹੋਇਆਂ ਫਿਰ ਸੁਣਨਾ ਚਾਹੁੰਦਾ ਸਾਂ। ਪਰ ਹੁਣ ਉਹ ਉਥੇ ਨਹੀਂ ਸੀ। ਉਹ ਵਾਪਸ ਜਾ ਚੁੱਕੀ ਸੀ ਉਸੇ ਖੂਹ ਵਿਚ ਜਿਥੋਂ ਕੁਝ ਦੇਰ ਪਹਿਲਾਂ ਆਈ ਹੋਵੇਗੀ। ਅਸੀਂ ਉਸ ਵੇਲੇ ਤੇ ਉਸ ਹਾਸੇ 'ਚੋਂ ਵਾਪਸ ਮੁੜ ਰਹੇ ਸਾਂ।

ਉਸ ਦੇ ਹੱਥ ਮਸ਼ੀਨ ਵਾਂਗ ਘੜੀ ਦੇ ਅੰਦਰਲੇ ਪੁਰਜਿਆਂ ਨੂੰ ਟੋਹ ਰਹੇ ਸਨ। ਉਹਦੇ ਸੱਜੇ ਹੱਥ ਵਿਚ ਨਿੱਕਾ ਜਿਹਾ ਪੇਚ-ਕਸ ਸੀ ਜਿਸ ਨਾਲ ਉਹ ਕਿਸੇ ਮਹੀਨ ਪੁਰਜ਼ੇ ਨੂੰ ਖੋਲ੍ਹਣ ਦੀ ਕੋਸ਼ਿਸ਼ ਕਰ ਰਿਹਾ ਸੀ। ਕੁਝ ਦੇਰ ਦੀ ਕੋਸ਼ਿਸ਼ ਤੋਂ ਪਿੱਛੋਂ ਵੀ ਜਦੋਂ ਉਹ ਪੁਰਜ਼ਾ ਨਾ ਖੁੱਲ੍ਹਿਆ ਤਾਂ ਉਸ ਨੇ ਪਲਕਾਂ ਨੂੰ ਥੋੜ੍ਹਾ ਮੀਟਦਿਆਂ ਹੋਇਆਂ ਖੱਬੀ ਅੱਖ ਤੇ ਲੈਨਜ਼ ਦੀ ਟੋਪੀ ਅੜਾ ਲਈ। ਹੁਣ ਉਸ ਨੂੰ ਪੁਰਜ਼ੇ ਵੱਡੇ ਦਿਸਣ ਲੱਗ ਪਏ ਹੋਣਗੇ। ਉਹ ਜਿਹੜੇ ਪੁਰਜ਼ੇ ਨੂੰ ਖੋਲ੍ਹਣ ਦੀ ਕੋਸ਼ਿਸ਼ ਕਰ ਰਿਹਾ ਸੀ, ਆਖ਼ਰ ਉਹ ਖੁੱਲ੍ਹ ਹੀ ਗਿਆ। ਉਸ ਦੇ ਚਿਹਰੇ 'ਤੇ ਸਕੂਨ ਦਾ ਭਾਵ ਆ ਗਿਆ। ਉਸਨੇ ਲੈਨਜ਼ ਦੀ ਟੋਪੀ ਅੱਖ ਤੋਂ ਲਾਹ ਕੇ ਮੇਜ਼ 'ਤੇ ਰੱਖ ਦਿੱਤੀ।

ਉਸ ਦੀ ਮੋਟੇ ਸ਼ੀਸ਼ਿਆਂ ਤੇ ਕਾਲੇ ਫ਼ਰੇਮ ਵਾਲੀ ਐਨਕ ਨੱਕ ਤਕ ਤਿਲਕ ਆਈ ਸੀ। ਹੁਣ ਉਹ ਸਿੱਧਾ ਮੇਰੀਆਂ ਅੱਖਾਂ ਵਿਚ ਝਾਕ ਰਿਹਾ ਸੀ, ਜਿਵੇਂ ਇਥੇ ਵੀ ਉਸ ਨੂੰ ਕਿਸੇ ਪੁਰਜ਼ੇ ਦੇ ਖੁੱਲ੍ਹਣ ਦੀ ਉਡੀਕ ਹੋਵੇ। ਉਦੋਂ ਤਾਂ ਮੈਂ ਘਬਰਾ ਹੀ ਗਿਆ। ਸੱਚ ਪੁੱਛੋ ਤਾਂ ਮੈਂ ਡਰ ਗਿਆ ਸਾਂ, ਉਹਦੀਆਂ ਅੰਦਰ ਤਕ ਸਵਾਲ ਕਰਦੀਆਂ ਅੱਧ-ਮੀਟੀਆਂ ਅੱਖਾਂ ਤੋਂ ਜਾਂ ਉਨ੍ਹਾਂ 'ਚੋਂ ਅੰਦਰ ਝਾਕਦੀ ਐਕਸ-ਰੇ ਵਰਗੀ ਨਜ਼ਰ ਤੋਂ। ਨਹੀਂ, ਸ਼ਾਇਦ ਕੁਝ ਹੋਰ ਹੀ ਸੀ ਜਿਸ ਦੀ ਮੈਨੂੰ ਅਜੇ ਤਕ ਸਾਫ਼ ਸਾਫ਼ ਸਮਝ ਨਹੀਂ ਸੀ ਆ ਰਹੀ।

ਮੈਂ ਆਪਣੀ ਘਬਰਾਹਟ ਮਿਟਾਉਣ ਵਾਸਤੇ ਤੇ ਬਾਹਰੋਂ ਸਹਿਜ ਦਿਸਣ ਦੀ ਪੂਰੀ ਕੋਸ਼ਿਸ਼ ਕਰ ਰਿਹਾ ਸਾਂ ਪਰ ਪਤਾ ਨਹੀਂ ਕਿਉਂ, ਸਹਿਜ ਹੋਣ ਦੀ ਥਾਂ ਹੋਰ ਵਧੇਰੇ ਸਹਿਮ ਜਾਂਦਾ ਸਾਂ।

ਉਸਦੀ ਪੰਜ ਜ਼ਰਬ ਸੱਤ ਫੁੱਟ ਦੀ ਦੁਕਾਨ ਵਿਚ ਆਉਣ ਤੋਂ ਪਹਿਲਾਂ ਸਭ ਕੁਝ ਠੀਕ ਠਾਕ ਸੀ। ਮੈਂ ਵੀ ਸਹਿਜ ਸਾਂ ਸਗੋਂ ਆਪਣੇ ਆਪ ਨੂੰ ਬਾਜ਼ਾਰ ਦਾ ਦੇਵਤਾ ਸਮਝ ਰਿਹਾ ਸਾਂ। ਹਰ ਪਾਸੇ ਸਿਰ ਝੁਕਾਈ ਸੁਆਗਤ ਕਰਦੇ ਤੇ ਵੱਡੀਆਂ ਵੱਡੀਆਂ ਦੁਕਾਨਾਂ ਵਿਚ...ਜੀ ਸਰ, ਜੀ ਸਰ ਕਰਦੇ ਲੋਕ। ਹਰ ਕੋਈ ਮੇਰੇ ਇਕ ਇਸ਼ਾਰੇ 'ਤੇ ਵਿਛ ਵਿਛ ਜਾਣ ਨੂੰ ਤਿਆਰ। ਧੰਨਾ ਸੇਠ, ਆਓ ਸਾਹਬ, ਪਧਾਰੋ ਸਾਹਬ ਕਰ ਰਹੇ ਸੀ!

ਪਰ ਇਸ ਕਮਜ਼ੋਰ ਤੇ ਕੰਬਦੇ ਥਰਥਰਾਉਂਦੇ ਬੁੱਢੇ ਵਿਚ ਪਤਾ ਨਹੀਂ ਕਿਹੜੀ ਹਿੰਮਤ ਸੀ ਕਿ ਉਹ ਆਕੜ ਕੇ ਖਲੋਤਾ ਹੋਇਆ ਸੀ ਤੇ ਮੇਰੀਆਂ ਅੱਖਾਂ ਵਿਚ ਝਾਕ ਰਿਹਾ ਸੀ। ਉਸ ਦੀ ਇਸ ਆਕੜ ਪਿੱਛੇ ਕੋਈ ਗੱਲ ਨਜ਼ਰ ਨਹੀਂ ਸੀ ਆ ਰਹੀ। ਪਰ ਫਿਰ ਵੀ ਉਹ ਮਾਣ ਨਾਲ ਤਣਿਆ ਖਲੋਤਾ ਸੀ, ਖ਼ਬਰੇ ਆਪਣੇ ਹੁਨਰ ਜਾਂ ਫਿਰ ਆਪਣੀ ਖ਼ੁੱਦਾਰੀ ਕਰਕੇ। ਸ਼ਾਇਦ ਉਹ ਹੋਵੇ ਹੀ ਇਸ ਤਰ੍ਹਾਂ ਦਾ।

ਮੇਰੇ ਪਿਤਾ ਜੀ ਵੀਹ ਸਾਲ ਪਹਿਲਾਂ ਗੁਜ਼ਰ ਚੁੱਕੇ ਸੀ। ਪਰ ਉਨ੍ਹਾਂ ਦੀ ਘੜੀ ਹੁਣ ਵੀ ਉਨ੍ਹਾਂ ਦੇ ਹੁੰਦਿਆਂ ਦੇ ਵੇਲਿਆਂ ਵਾਂਗ ਹੀ ਸਮਾਂ ਦੱਸਦੀ ਸੀ। ਇਹ ਗੱਲ ਵੱਖਰੀ ਸੀ ਕਿ ਮੇਰੇ ਬੱਚੇ ਹੁਣ ਉਸ ਗੁੱਟ ਘੜੀ 'ਤੇ ਵਕਤ ਨਹੀਂ ਦੇਖਦੇ। ਉਨ੍ਹਾਂ ਦਾ ਸਮਾਂ ਤਾਂ ਉਨ੍ਹਾਂ ਦੇ ਮੋਬਾਇਲ ਤੇ ਲੈਪਟਾਪ ਵਿਚ ਦਰਜ ਹੁੰਦਾ ਹੈ। ਮੇਰੀ ਮਾਂ ਨੂੰ ਮੇਰੇ ਪਿਤਾ ਦੀ ਇਸ ਪੁਰਾਣੀ ਗੁੱਟ ਘੜੀ ਨਾਲ ਬੜਾ ਮੋਹ ਹੈ। ਕਿਸੇ ਵੇਲੇ ਪਿਤਾ ਨੇ ਇਹ ਘੜੀ ਆਪਣੀ ਪਹਿਲੀ ਕਮਾਈ ਵਿਚੋਂ ਖਰੀਦੀ ਸੀ। ਹੁਣ ਮਾਂ ਦੇ ਕਮਰੇ ਵਿਚ ਇਹ ਘੜੀ ਪਿਤਾ ਦੀ ਮੌਜੂਦਗੀ ਵਾਂਗ ਹੈ। ਉਸੇ ਘੜੀ ਨੂੰ ਠੀਕ ਕਰਵਾਉਣ ਲਈ ਮੈਂ ਸ਼ਹਿਰ ਵਿਚ ਕਿਸੇ ਘੜੀਸਾਜ਼ ਨੂੰ ਲੱਭਦਾ ਭਟਕ ਰਿਹਾ ਸਾਂ। ਸਾਰੇ ਸ਼ਹਿਰ ਵਿਚ ਹੁਣ ਕਿਤੇ ਵੀ ਘੜੀਸਾਜ਼ ਨਾ ਲੱਭਾ ਤੇ ਆਖ਼ਰ ਕਿਸੇ ਨੇ ਇਸ ਦੀ ਦੱਸ ਪਾਈ ਸੀ। ਸ਼ਹਿਰ ਦੇ ਆਖ਼ਰੀ ਘੜੀਸਾਜ਼ ਦੀ।

ਉਹਦੀ ਨਿੱਕੀ ਜਿਹੀ ਦੁਕਾਨ ਵਿਚ ਕਈ ਤਰ੍ਹਾਂ ਦੀਆਂ ਘੜੀਆਂ ਟੰਗੀਆਂ ਹੋਈਆਂ ਸਨ। ਪਰ ਸਾਰੀਆਂ ਤੇ ਸਮਾਂ ਵੱਖੋ-ਵੱਖਰਾ ਸੀ। ਹਰ ਇਕ ਦੀਆਂ ਸੂਈਆਂ ਵੱਖ-ਵੱਖ ਦਿਸ਼ਾਵਾਂ ਵਿਚ ਘੁੰਮ ਰਹੀਆਂ ਸਨ। ਕਿਸੇ ਦਾ ਵੀ ਕਿਸੇ ਦੂਜੀ ਨਾਲ ਤਾਲਮੇਲ ਨਹੀਂ। ਕਿਸੇ ਘੜੀ ਦੇ ਦਸ ਵੱਜ ਕੇ ਦਸ ਮਿੰਟ ਨਹੀਂ ਸਨ ਵੱਜ ਰਹੇ। ਸਭ ਦੇ ਰੰਗ ਆਕਾਰ ਤੇ ਕੰਪਨੀਆਂ ਵੀ ਵੱਖੋ ਵੱਖਰੀਆਂ ਸਨ। ਬੁੱਢੇ ਦੀ ਲੱਕੜ ਦੀ ਕੁਰਸੀ ਦੇ ਪਿੱਛੇ ਪੈਂਡੂਲਮ ਵਾਲੀ ਘੜੀ ਲਟਕੀ ਹੋਈ ਸੀ। ਉਹ ਘੜੀ ਸਿਖ਼ਰ ਦੁਪਹਿਰੇ ਛੇ ਵਜਾ ਰਹੀ ਸੀ। ਕੁਰਸੀ ਦੀ ਖੱਬੀ ਬਾਹੀ ਖ਼ਬਰੇ ਕਦੋਂ ਦੀ ਟੁੱਟ ਚੁੱਕੀ ਸੀ। ਕੁਰਸੀ ਉੱਤੇ ਕਈ ਮੈਲੀਆਂ ਚਿੱਕੜ ਗੱਦੀਆਂ ਇਕ ਦੂਜੀ 'ਤੇ ਪਈਆਂ ਸਨ। ਉਸ ਦੇ ਦੋ ਜ਼ਰਬ ਚਾਰ ਫੁੱਟ ਦੇ ਸ਼ੋ ਕੇਸ ਵਿਚ ਕਦੇ ਚਮਚਮਾਉਂਦੀਆਂ ਘੜੀਆਂ ਪਈਆਂ ਹੁੰਦੀਆਂ ਹੋਣਗੀਆਂ ਪਰ ਹੁਣ ਉਸ ਸ਼ੋ ਕੇਸ ਦੇ ਤਿੜਕੇ ਸ਼ੀਸ਼ੇ ਪਿੱਛੇ ਐਲਮੀਨੀਅਮ ਦੀਆਂ ਨਿੱਕੀਆਂ ਨਿੱਕੀਆਂ ਚੌਰਸ ਡੱਬੀਆਂ ਵਿਚ ਕੁਝ ਪੁਰਜ਼ੇ ਪਏ ਹੋਏ ਸਨ। ਮੈਨੂੰ ਲੱਗਾ ਕਿ ਇਨ੍ਹਾਂ ਛੋਟੀਆਂ ਛੋਟੀਆਂ ਡੱਬੀਆਂ ਵਿਚ ਉਹਨੇ ਪੁਰਜ਼ੇ ਨਹੀਂ ਸਗੋਂ ਆਪਣੇ ਸਮੇਂ ਨੂੰ ਹੀ ਸਾਂਭ ਕੇ ਰੱਖਿਆ ਹੋਇਆ ਹੈ। ਜਿਵੇਂ ਕਦੀ ਕਦੀ ਬੱਚੇ ਧੁੱਪ ਨੂੰ ਡੱਬੀਆਂ ਵਿਚ ਸੰਭਾਲਣ ਦੀ ਕੋਸ਼ਿਸ਼ ਕਰਦੇ ਹਨ। ਸ਼ੋ ਕੇਸ ਦੇ ਦੂਜੇ ਹਿੱਸੇ ਵਿਚ ਘਸ ਕੇ ਬਦਰੰਗ ਹੋ ਚੁੱਕੀਆਂ ਕੁਝ ਘੜੀਆਂ ਤੇ ਚਮੜੇ ਦੇ ਕੁਝ ਬੇਰੰਗ ਸਟਰੈਪ ਵੀ ਪਏ ਹੋਏ ਸਨ।

ਮੇਜ਼ ਉਹਦਾ ਤੂਤ ਦੀ ਬਹੁਤ ਪੁਰਾਣੀ ਲੱਕੜ ਦਾ ਤੇ ਬਹੁਤ ਭਾਰਾ ਸੀ। ਮੇਜ਼ ਉੱਤੇ ਉਹਦੇ ਸੰਦਾਂ ਤੇ ਘੜੀਆਂ ਦੇ ਪੁਰਜ਼ਿਆਂ ਦੀ ਇਹੋ ਜਿਹੀ ਘੜਮੱਸ ਸੀ ਕਿ ਕੋਈ ਉਥੋਂ ਕੁਝ ਵੀ ਨਾ ਲੱਭ ਸਕੇ ਪਰ ਉਸ ਦੇ ਹੱਥਾਂ ਨੂੰ ਪਤਾ ਸੀ ਕਿ ਕਿਹੜੀ ਚੀਜ਼ ਕਿੱਥੇ ਰੱਖੀ ਪਈ ਹੈ। ਉਹ ਗੱਲਾਂ ਕਰਦਿਆਂ ਜਾਂ ਏਧਰ ਉਧਰ ਵੇਖਦਿਆਂ ਵੀ ਸਹੀ ਸਹੀ ਚੀਜ਼ ਚੁੱਕ ਲੈਂਦਾ ਸੀ।

ਦੁਕਾਨ ਦੇ ਅੰਦਰ ਜਾਂਦੇ ਰਸਤੇ ਵਿਚ ਗਾਹਕਾਂ ਵਾਸਤੇ ਦੋ ਮੂੜ੍ਹੇ ਰੱਖੇ ਹੋਏ ਸੀ। ਉਨ੍ਹਾਂ ਵਿਚੋਂ ਇਕ 'ਤੇ ਮੈਂ ਬੈਠਾ ਹੋਇਆ ਸਾਂ। ਮੂੜ੍ਹਿਆਂ ਦਾ ਫ਼ੋਮ ਬਾਹਰ ਨਿਕਲਿਆ ਹੋਇਆ ਸੀ ਤੇ ਕਿਸੇ ਦੇ ਬੈਠਣ ਨਾਲ ਉਹ ਅੰਦਰ ਵੱਲ ਧਸ ਜਾਂਦਾ ਸੀ। ਬਹਿਣ ਵਾਲੇ ਨੂੰ ਲੱਗਦਾ ਜਿਵੇਂ ਉਹ ਆਪ ਹੀ ਧਸ ਗਿਆ ਹੋਵੇ। ਉਨ੍ਹਾਂ 'ਤੇ ਫਰ ਵਾਲੇ ਉਛਾੜ ਵੀ ਚੜ੍ਹੇ ਹੋਏ ਸਨ, ਜਿਨ੍ਹਾਂ ਨੂੰ ਸ਼ਾਇਦ ਹੀ ਕਦੀ ਝਾੜਿਆ ਗਿਆ ਹੋਵੇ। ਫਰ ਦੇ ਧਾਗਿਆਂ ਵਿਚ ਰੇਤ ਤੇ ਮਿੱਟੀ ਦੇ ਬਰੀਕ ਕਿਣਕੇ ਨਜ਼ਰ ਆ ਰਹੇ ਸਨ।

ਖੱਬੇ ਪਾਸੇ ਦੀ ਕੰਧ 'ਤੇ ਘੜੀਆਂ ਦੇ ਵਿਚਕਾਰ ਲੱਕੜ ਦੇ ਪੁਰਾਣੇ ਜਿਹੇ ਚੌਖਟੇ ਵਿਚ ਇਕ ਸਫ਼ੇਦ ਸਿਆਹ ਤਸਵੀਰ ਸੀ। ਇਸ ਵਿਚ ਕੋਈ ਨੌਜੁਆਨ ਜੋੜੀ ਤਾਜਮਹੱਲ ਦੇ ਠੀਕ ਸਾਹਮਣੇ ਖੜ੍ਹੀ ਮੁਸਕਰਾ ਰਹੀ ਸੀ। ਉਨ੍ਹਾਂ ਦੋਹਾਂ ਦੇ ਵਿਚਾਲੇ ਇਕ ਪੰਜ ਛੇ ਵਰ੍ਹਿਆਂ ਦੀ ਮਾਸੂਮ ਜਿਹੀ ਕੁੜੀ ਖੜ੍ਹੀ ਹੱਸ ਰਹੀ ਸੀ। ਮੈਂ ਤਸਵੀਰ ਨਾਲ ਘੜੀਸਾਜ਼ ਦੇ ਨੈਣ ਨਕਸ਼ ਮਿਲਾਉਣ ਦੀ ਕੋਸ਼ਿਸ਼ ਕੀਤੀ ਤਾਂ ਮੈਨੂੰ ਲੱਗਾ ਕਿ ਇਸ ਫੋਟੋ ਵਿਚਲਾ ਹੀਰੋ ਸ਼ਾਇਦ ਇਹੋ ਬੁੱਢਾ ਹੈ। ਉਸ ਦੇ ਨਾਲ ਖੜ੍ਹੀ ਉਸ ਦੀ ਪਤਨੀ ਤੇ ਵਿਚਾਲੇ ਬੱਚੀ ਵੀ ਉਸੇ ਦੀ ਹੋਵੇਗੀ। ਫੋਟੋ ਵਿਚ ਤਾਂ ਬੁੱਢਾ ਇਕਦਮ ਚੁਸਤ ਦਰੁਸਤ ਤੇ ਸਜਿਆ ਫੱਬਿਆ ਨੌਜੁਆਨ ਨਜ਼ਰ ਆ ਰਿਹਾ ਸੀ। ਹਿੱਪੀ ਕੱਟ ਵੱਡੇ ਵੱਡੇ ਕਰੀਨੇ ਨਾਲ ਸੁਆਰੇ ਹੋਏ ਵਾਲ, ਅੱਖਾਂ 'ਤੇ ਵੱਡੇ-ਵੱਡੇ ਕਾਲੇ ਸ਼ੀਸ਼ਿਆਂ ਵਾਲੀ ਐਨਕ ਤੇ ਵੱਡੀਆਂ ਵੱਡੀਆਂ ਡੱਬੀਆਂ ਵਾਲੀ ਕਮੀਜ਼। ਉਨ੍ਹਾਂ ਦੀਆਂ ਮੁਸਕਰਾਹਟਾਂ ਤੇ ਬੱਚੀ ਦੇ ਹੱਸਣ ਦਾ ਸਮਾਂ ਇਸ ਤਸਵੀਰ ਵਿਚ ਠਹਿਰ ਗਿਆ ਸੀ। ਮੈਂ ਉਸ ਕੋਲੋਂ ਇਸ ਬਾਰੇ ਪੁੱਛਣਾ ਚਾਹੁੰਦਾ ਸਾਂ। ਪਰ ਪੁੱਛ ਨਾ ਸਕਿਆ। ਕੀ ਪਤਾ ਮੇਰੇ ਪੁੱਛਣ ਨਾਲ, ਵਿਸਥਾਰ ਨਾਲ ਦੱਸਦਿਆਂ ਉਹ ਉਸ ਪੁਰਾਣੇ ਵਕਤ ਵਿਚ ਚਲਾ ਜਾਏ ਤੇ ਉਸ ਦਾ ਕੋਈ ਦਰਦ ਉੱਭਰ ਆਵੇ। ਹੋ ਸਕਦਾ ਹੈ ਉਹ ਪਤਨੀ ਦੀ ਮੌਤ ਹੋ ਜਾਣ ਪਿੱਛੋਂ ਇਕੱਲਾ ਰਹਿ ਗਿਆ ਹੋਵੇ। ਹੋ ਸਕਦਾ ਹੈ ਉਸ ਦੀ ਕੁੜੀ ਦਾ ਵੀ ਵਿਆਹ ਹੋ ਚੁੱਕਾ ਹੋਵੇ ਤੇ ਉਸ ਦਾ ਪਤੀ ਰੋਜ਼ ਉਸ ਨਾਲ ਮਾਰ ਕੁਟਾਈ ਕਰਦਾ ਹੋਵੇ ਜਾਂ ਫਿਰ ਉਹ ਕਿਸੇ ਦੇ ਪਿਆਰ ਵਿਚ ਫਸ ਕੇ ਬੁੱਢੇ ਦੀ ਦੁਨੀਆ 'ਚੋਂ ਹੀ ਬਾਹਰ ਚਲੀ ਗਈ ਹੋਵੇ। ਜਾਂ ਹੋ ਸਕਦਾ ਹੈ ਉਹਦਾ ਪਤੀ ਉਸ ਨੂੰ ਆਪਣੇ ਨਾਲ ਸੱਤ ਸਮੁੰਦਰ ਪਾਰ ਕਿਤੇ ਲੈ ਗਿਆ ਹੋਵੇ।

ਉਹ ਘੜੀ ਦੇ ਪੁਰਜ਼ਿਆਂ ਵਿਚ ਰੁੱਝ ਗਿਆ ਤਾਂ ਮੇਰਾ ਡਰ ਕੁਝ ਘੱਟ ਹੋਇਆ। ਮੈਂ ਉਸ ਨੂੰ ਹਰਾਉਣ ਦੇ ਇਰਾਦੇ ਨਾਲ ਪੁੱਛਿਆ 'ਤਾਂ ਫਿਰ ਤੁਸੀਂ ਹੀ ਦੱਸੋ, ਕਿਹੜਾ ਸਮਾਂ ਹੁੰਦਾ ਏ ਘੜੀਸਾਜ਼ ਦਾ।'

ਉਹ ਬੜੀ ਦੇਰ ਤਕ ਚੁੱਪ ਰਿਹਾ। ਜਿਵੇਂ ਉਸ ਨੇ ਕੁਝ ਸੁਣਿਆ ਹੀ ਨਾ ਹੋਵੇ। ਮੈਨੂੰ ਲੱਗਾ ਉਹ ਉੱਚਾ ਸੁਣਦਾ ਹੈ ਤੇ ਉਹਨੇ ਅਸਲ ਵਿਚ ਕੁਝ ਸੁਣਿਆ ਹੀ ਨਹੀਂ। ਮੈਂ ਦੁਬਾਰਾ ਪੁੱਛਣਾ ਚਾਹੁੰਦਾ ਸਾਂ। ਉਦੋਂ ਹੀ ਹਾਸੇ ਵਾਲੇ ਡੂੰਘੇ ਖੂਹ 'ਚੋਂ ਕੋਈ ਆਵਾਜ਼ ਨਿਕਲਦੀ ਸੁਣੀ। ਉਹ ਬੁੱਢੇ ਦੀ ਹੀ ਆਵਾਜ਼ ਸੀ ਪਰ ਪਹਿਲਾਂ ਵਰਗੀ ਨਹੀਂ। ਉਹ ਡੁੱਬੀ ਡੁੱਬੀ ਜਿਹੀ ਤੇ ਕਿਤੋਂ ਦੂਰੋਂ ਆ ਰਹੀ ਸੀ, ਨਿੰਮ੍ਹੀ ਜਿਹੀ ਸਰਸਰਾਹਟ ਵਰਗੀ।

"ਯੰਗਮੈਨ! ਕਿੱਥੇ ਹੁੰਦਾ ਏ ਘੜੀਸਾਜ਼ ਦਾ ਕੋਈ ਵਕਤ। ਨਹੀਂ ਹੁੰਦਾ ਕੋਈ ਵਕਤ ਉਹਦਾ। ਉਹ ਦੁਨੀਆ ਦੇ ਵਕਤ ਨੂੰ ਬਦਲਣ, ਠੀਕ ਕਰਨ ਤੇ ਆਪਣੀ ਤਰ੍ਹਾਂ ਦਾ ਵਕਤ ਬਣਾਉਣ ਦੇ ਬਦਲੇ ਵਿਚ ਆਪਣਾ ਵਕਤ ਭੁਲਾ ਦੇਂਦਾ ਹੈ। ਵਕਤ ਬੀਤਣ ਪਿੱਛੋਂ ਕੀ ਬਚਦਾ ਹੈ! ਅਸੀਂ ਦਰਵਾਜ਼ੇ ਵਿਚ ਵਕਤ ਦੀ ਪਹਿਰੇਦਾਰੀ ਕਰਦੇ ਹਾਂ ਪਰ ਇਹ ਕੰਬਖ਼ਤ ਕਦੋਂ ਖਿੜਕੀਆਂ ਵਿਚਦੀ ਨਿਕਲ ਜਾਂਦਾ ਏ, ਪਤਾ ਹੀ ਨਹੀਂ ਲੱਗਦਾ। ਸਮਾਂ ਬਦਲਣ ਨਾਲ ਬਦਲਦੀ ਹੈ ਦੁਨੀਆਂ। ਕਿਤੇ, ਕੁਝ ਵੀ ਨਹੀਂ ਰਹਿ ਜਾਂਦਾ ਪੁਰਾਣਾ। ਪੁਰਾਣੇ ਨੂੰ ਨੇਸਤੋਨਾਬੂਦ ਕਰਦਾ ਹੋਇਆ ਸਮਾਂ ਵਧਦਾ ਏ ਅੱਗੇ।" ਇਹ ਕਹਿ ਕੇ ਉਹ ਚੁੱਪ ਹੋ ਗਿਆ, ਜਿਵੇਂ ਥੱਕ ਗਿਆ ਹੋਵੇ ਗੱਲ ਕਰਦਿਆਂ।

ਫਿਰ ਕੁਝ ਚਿਰ ਪਿੱਛੋਂ ਜਿਵੇਂ ਆਪਣੇ ਸਾਹਾਂ ਨੂੰ ਸਮੇਟ ਕੇ ਉਸਨੇ ਕਿਹਾ ਸੀ, "ਹੁਣ ਤਾਂ ਆਪਣੀਆਂ ਘੜੀਆਂ ਹੀ ਨਹੀਂ, ਲੋਕ ਆਪਣੇ ਸਮੇਂ ਤਕ ਨੂੰ ਦਰੁਸਤ ਨਹੀਂ ਕਰਦੇ। ਵਰਤ ਕੇ ਸੁੱਟ ਦੇਂਦੇ ਹਨ ਸਾਰਾ ਕੁਝ।"

ਉਸਦੀ ਆਵਾਜ਼ ਦੇ ਦਰਦ ਨੂੰ ਮੈਂ ਦੇਰ ਤਕ ਆਪਣੇ ਸੀਨੇ ਵਿਚ ਘੁਲਦਿਆਂ ਤੱਕਿਆ ਸੀ। ਸ਼ਾਇਦ ਅੱਜ ਤਕ।

ਅੱਜ ਬਹੁਤ ਦਿਨਾਂ ਪਿੱਛੋਂ ਇਧਰ ਆਇਆ ਤਾਂ ਪਤਾ ਨਹੀਂ ਕਿਉਂ, ਉਹ ਬੁੱਢਾ ਯਾਦ ਆ ਗਿਆ। ਉਸ ਨਾਲ ਕੰਮ ਤਾਂ ਕੋਈ ਨਹੀਂ ਸੀ ਫਿਰ ਵੀ ਗੱਡੀ ਮੋੜ ਲਈ ਉਸ ਦੀ ਦੁਕਾਨ ਵੱਲ।

ਬਾਜ਼ਾਰ ਆਪਣੀਆਂ ਪੂਰੀਆਂ ਰੰਗੀਨੀਆਂ ਨਾਲ ਗੁਲਜ਼ਾਰ ਹੈ।

ਆਪਣੇ ਪੁਰਾਣੇ ਰੌਲੇ ਰੱਪੇ ਨਾਲ ਭਰਿਆ ਹੋਇਆ। ਉਥੇ ਪਹਿਲਾਂ ਹੀ ਕਿਸੇ ਨੇ ਨਹੀਂ ਸੀ ਸੁਣਿਆ ਬੁੱਢੇ ਘੜੀਸਾਜ਼ ਦਾ ਉਹ ਛਣਕਦਾ ਹਾਸਾ ਤੇ ਨਾ ਸਵਾਲ ਹੀ।

ਦੇਖਿਆ ਤਾਂ ਉਥੇ ਘੜੀਸਾਜ਼ ਦੀ ਕੋਈ ਦੁਕਾਨ ਹੀ ਨਹੀਂ ਸੀ। ਨਾਲ ਦੀ ਦੁਕਾਨ ਦਾ ਚਮਕਦਾ ਸ਼ੋ-ਰੂਮ ਬੁੱਢੇ ਦੀ ਦੁਕਾਨ ਵਿਚ ਵੜ ਕੇ ਹੋਰ ਵੀ ਚੌੜਾ ਹੋ ਗਿਆ ਸੀ। ਮੈਂ ਪੁੱਛਦਾ ਰਿਹਾ ਪਰ ਕਿਸੇ ਨੂੰ ਪਤਾ ਨਹੀਂ ਸੀ, ਸਿਵਾਇ ਹਨੀਫ਼ ਭਾਈ ਦੇ।

ਸਾਹਮਣੇ ਦੇ ਖੋਖੇ ਵਾਲੇ ਹਨੀਫ਼ ਭਾਈ ਨੇ ਦੱਸਿਆ ਕਿ ਇਕ ਰਾਤ ਸਦਮੇ ਕਾਰਨ ਉਹ ਘੜੀਸਾਜ਼ ਚਲਾਣਾ ਕਰ ਗਿਆ। ਉਸ ਦੀ ਇਹ ਦੁਕਾਨ ਉਸ ਦੇ ਜਵਾਨੀ ਵੇਲੇ ਤੋਂ ਸੀ। ਪਰ ਕੁਝ ਮਹੀਨਿਆਂ ਤੋਂ ਉਹ ਬਹੁਤ ਮਾਨਸਿਕ ਤਣਾਅ ਵਿਚ ਸੀ ਕਿਉਂਕਿ ਦੁਕਾਨ ਦਾ ਮਾਲਕ ਉਸ 'ਤੇ ਦੁਕਾਨ ਖ਼ਾਲੀ ਕਰਨ ਲਈ ਲਗਾਤਾਰ ਦਬਾਅ ਪਾ ਰਿਹਾ ਸੀ। ਉਸਨੇ ਕੁਝ ਹੋਰ ਦਿਨਾਂ ਦੀ ਮੋਹਲਤ ਮੰਗੀ ਪਰ ਮਾਲਕ ਨੇ ਉਸ ਦੀ ਕੋਈ ਗੱਲ ਨਾ ਸੁਣੀ। ਇਕ ਦਿਨ ਦੁਕਾਨ ਮਾਲਕ ਨੇ ਉਸ ਦਾ ਸਮਾਨ ਬਾਹਰ ਸੁੱਟ ਦਿੱਤਾ। ਉਹ ਰੋਂਦਾ ਰੋਂਦਾ ਸੜਕ ਤੋਂ ਆਪਣਾ ਖਿਲਰਿਆ ਸਮਾਨ ਇਕੱਠਾ ਕਰਦਾ ਰਿਹਾ। ਉਹ ਬੇਹੱਦ ਨਿਰਾਸ਼ ਹੋ ਗਿਆ ਸੀ ਜਿਵੇਂ ਸਮਾਨ ਨੂੰ ਨਹੀਂ, ਉਸ ਨੂੰ ਸੜਕ 'ਤੇ ਸੁੱਟਿਆ ਗਿਆ ਹੋਵੇ। ਫਿਰ ਇਸ ਬੇਇਜ਼ਤੀ ਕਾਰਨ ਦੁਖੀ ਹੋਇਆ ਉਹ ਆਪਣਾ ਸਾਮਾਨ ਇਕ ਹੱਥ-ਰੇੜ੍ਹੀ 'ਤੇ ਰੱਖ ਕੇ ਲੈ ਗਿਆ। ਇਹ ਬੇਦਖ਼ਲੀ ਦੀ ਰਾਤ ਉਸ ਦੀ ਆਖ਼ਰੀ ਰਾਤ ਹੋ ਗਈ। ਇਸ ਭਰੀ ਭਰਾਈ ਦੁਨੀਆ ਵਿਚ ਉਸ ਦਾ ਆਪਣਾ ਕੋਈ ਨਹੀਂ ਸੀ। ਖ਼ਬਰੇ ਕੌਣ ਉਸ ਦੀ ਲਵਾਰਿਸ ਦੇਹ ਨੂੰ ਸ਼ਮਸ਼ਾਨ ਤਕ ਲੈ ਕੇ ਗਿਆ।

ਮੈਨੂੰ ਲੱਗਾ ਉਹਦਾ ਸਮਾਂ ਤੇ ਉਹਦੀਆਂ ਘੜੀਆਂ ਵੀ ਸ਼ਾਇਦ ਉਸ ਦੇ ਨਾਲ ਹੀ ਚਲੀਆਂ ਗਈਆਂ ਹਨ। ਇਸ ਘਟਨਾ ਤੋਂ ਪਿੱਛੋਂ ਕੁਝ ਹੋਰ ਸਮਾਂ ਗੁਜ਼ਰ ਗਿਆ।

* *

ਮੋਬਾ : 98260-13806

## ਪ੍ਰਤੀਬੱਧ ਕਥਾਕਾਰ ਇੰਦਰ ਸਿੰਘ ਖ਼ਾਮੋਸ਼ ਦੀ ਅਲਵਿਦਾ

ਨਾਵਲਕਾਰ ਇੰਦਰ ਸਿੰਘ ਖ਼ਾਮੋਸ਼ ਸਾਡੇ ਵਿਚਕਾਰ ਨਹੀਂ ਰਹੇ। ਕਿਸੇ ਨੂੰ ਚਿੱਤ ਚੇਤਾ ਵੀ ਨਹੀਂ ਸੀ ਮਿੱਤਰਾਂ ਦੋਸਤਾਂ ਨਾਲ ਫੋਨ 'ਤੇ ਗੱਲਾਂ ਬਾਤਾਂ ਕਰਦਿਆਂ ਉਹ ਇਸ ਜਹਾਨ ਤੋਂ ਇਸ ਤਰ੍ਹਾਂ ਹੀ ਰੁਖ਼ਸਤ ਹੋ ਜਾਣਗੇ। ਉਹ ਇਕ ਸਿਰੜੀ ਤੇ ਨਿਵੇਕਲੇ ਨਾਵਲਕਾਰ ਸੀ। ਚੁੱਪਚਾਪ ਆਪਣਾ ਕੰਮ ਕਰਨ ਵਾਲਾ। ਪਾਠਕਾਂ ਤੇ ਆਲੋਚਕਾਂ ਨੂੰ ਉਦੋਂ ਪਤਾ ਲੱਗਦਾ ਸੀ ਜਦੋਂ ਉਸਦਾ ਨਵਾਂ ਨਾਵਲ ਛਪ ਜਾਂਦਾ ਸੀ। ਉਮਰ ਦੇ ਅੱਠਾਸੀਵੇਂ ਸਾਲ ਨੂੰ ਪਾਰ ਕਰਕੇ ਵੀ ਉਹ ਸਾਹਿਤ ਸਿਰਜਣਾ ਨਾਲ ਜੁੜਿਆ ਹੋਇਆ ਸੀ। ਅਲਵਿਦਾ ਕਹਿਣ ਤੋਂ ਕੁਝ ਦਿਨ ਪਹਿਲਾਂ ਹੀ ਤਾਂ ਉਸਨੇ ਕਈ ਮਿੱਤਰਾਂ ਨੂੰ ਆਪਣੇ ਛਪ ਰਹੇ ਚੌਦਵੇਂ ਵੱਡ-ਆਕਾਰੀ ਨਾਵਲ ਦੀ ਜਾਣਕਾਰੀ ਦਿੱਤੀ ਸੀ। ਸੱਤ ਸੌ ਸਫ਼ੇ ਦਾ ਇਹ ਨਾਵਲ ਸੰਸਾਰ ਪ੍ਰਸਿੱਧ ਨਾਵਲਕਾਰ ਅਰਨੈਸਟ ਹੈਮਿੰਗਵੇ ਦੀ ਜ਼ਿੰਦਗੀ 'ਤੇ ਆਧਾਰਿਤ ਹੈ।

ਸਾਹਿਤ ਦੇ ਪਿੜ ਵਿਚ ਉਸਨੇ ਇਕ ਅਨੁਵਾਦਕ ਦੇ ਤੌਰ 'ਤੇ ਹੀ ਕਦਮ ਰੱਖਿਆ ਸੀ। 1962 ਵਿਚ ਉਸਨੇ ਐਂਟਨ ਚੈਖੋਵ ਦੇ ਨਾਵਲ 'ਵਾਰਡ ਨੰਬਰ ਛੇ' ਦਾ ਅੰਗਰੇਜ਼ੀ ਤੋਂ ਪੰਜਾਬੀ ਵਿਚ ਅਨੁਵਾਦ ਕੀਤਾ। ਪਰ ਉਸ ਦੇ ਇਸ ਅਨੁਵਾਦ ਨੂੰ ਸਰਸਰੀ ਤੌਰ 'ਤੇ ਹੀ ਲਿਆ ਗਿਆ। ਇਹ ਗੱਲ ਅੰਦਰੇ ਅੰਦਰ ਖ਼ਾਮੋਸ਼ ਨੇ ਖ਼ੁਦ ਵੀ ਮਹਿਸੂਸ ਕੀਤੀ ਕਿ ਅਨੁਵਾਦ ਨਾਲੋਂ ਮੌਲਿਕ ਰਚਨਾ ਨੂੰ ਪਾਠਕ ਤੇ ਆਲੋਚਕ ਵਧੇਰੇ ਤਰਜ਼ੀਹ ਦਿੰਦੇ ਹਨ। ਹਾਂ, ਅਨੁਵਾਦ ਕਰਦਿਆਂ ਉਸ ਦਾ ਧਿਆਨ ਪਤਨ ਲਿਖਣ ਵੱਲ ਮੋੜਾ ਜ਼ਰੂਰ ਕੱਟ ਗਿਆ ਸੀ। ਉਹ ਛੋਟੀਆਂ-ਛੋਟੀਆਂ ਕਹਾਣੀਆਂ ਲਿਖਣ ਲੱਗਿਆਂ। ਕਹਾਣੀਆਂ ਨਾਲ ਵੀ ਉਸ ਦੀ ਸੰਤੁਸ਼ਟੀ ਨਹੀਂ ਹੋਈ। ਆਪਣੀ ਗੱਲ ਕਹਿਣ ਲਈ ਉਸ ਨੂੰ ਕਹਾਣੀ ਦਾ ਕੈਨਵਸ ਛੋਟਾ ਲੱਗਿਆ। ਏਸੇ ਕਰਕੇ ਕਹਾਣੀਆਂ ਦੇ ਨਾਲ-ਨਾਲ ਉਹ ਨਾਵਲ ਦੀ ਸਿਰਜਣਾ ਵੀ ਕਰਦਾ ਰਿਹਾ।

ਉਸਦਾ ਇਕੋ ਇਕ ਕਹਾਣੀ-ਸੰਗ੍ਰਹਿ 'ਤੱਤਾ ਲਹੂ ਠੰਡਾ ਲਹੂ' 1975 ਵਿਚ ਪ੍ਰਕਾਸ਼ਿਤ ਹੋਇਆ। ਇਸ ਤੋਂ ਬਾਅਦ ਉਸਨੇ ਕਹਾਣੀਆਂ ਤੋਂ ਪਾਸਾ ਵੱਟ ਲਿਆ। 1978 ਵਿਚ ਉਸ ਦੇ ਪਹਿਲੇ ਨਾਵਲ 'ਰਿਸ਼ਤਿਆਂ ਦੇ ਰੰਗ' ਨੇ ਪਾਠਕਾਂ ਤੇ ਆਲੋਚਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ। ਇਸ ਨਾਵਲ ਵਿਚ ਉਹ ਸਮਾਜਕ ਯਥਾਰਥ ਨੂੰ ਪੇਸ਼ ਕਰਨ ਵਿਚ ਕਾਮਯਾਬ ਰਿਹਾ। ਨਾਵਲ ਵਿਚ ਪਰਿਵਾਰਕ ਰਿਸ਼ਤਿਆਂ ਦੀ ਟੁੱਟ ਭੱਜ ਨੂੰ ਬੜੇ ਹੀ ਸੂਖ਼ਮ ਦ੍ਰਿਸ਼ਟੀ ਤੋਂ ਚਿਤਰਿਆ ਗਿਆ ਸੀ। 1980 ਵਿਚ ਨਾਵਲ 'ਚਾਨਣ ਦਾ ਜੰਗਲ' ਦੇ ਛਪਣ ਨਾਲ ਇਕ ਵਾਬਵੇਲਾ ਜਿਹਾ ਉੱਠ ਖੜਿਆ। ਇਹ ਨਾਵਲ ਪੰਜਾਬ ਦੇ ਸਕੂਲਾਂ ਵਿਚ ਕੰਮ ਕਰਦੇ ਅਧਿਆਪਕਾਂ ਦੀ ਕਾਰਜਸ਼ੈਲੀ 'ਤੇ ਆਧਾਰਿਤ ਸੀ। ਖ਼ਾਮੋਸ਼ ਆਪ ਇਕ ਅਧਿਆਪਕ ਸੀ ਤੇ ਉਸਨੇ ਓਹੀ ਕੁਝ ਬਿਆਨ ਕੀਤਾ ਸੀ ਜੋ ਆਪਣੇ ਅੱਖੀਂ ਦੇਖਿਆ ਸੀ। ਜੇ ਦੇਖਿਆ ਜਾਵੇ ਤਾਂ ਪੰਜਾਬ ਦੇ ਸਿੱਖਿਆ ਵਿਭਾਗ ਵਿਚ ਕੰਮ ਕਰਦੇ ਕਰਮਚਾਰੀ ਦੀ ਨਿਰੋਲ ਕਾਰਜਸ਼ੈਲੀ ਦਾ ਉਲੇਖ ਕਰਦੇ ਨਾਵਲ ਬਹੁਤ ਘੱਟ ਪੜ੍ਹਨ ਨੂੰ ਮਿਲਦੇ ਹਨ। ਇਨ੍ਹਾਂ ਤੋਂ ਬਿਨਾਂ ਉਸ ਦੇ ਤਿੰਨ ਹੋਰ ਮੌਲਿਕ ਨਾਵਲ 'ਇਕ ਤਾਜ ਮਹਿਲ ਹੋਰ', 'ਬੁੱਕਲ ਦਾ ਰਿਸ਼ਤਾ' ਅਤੇ 'ਕਰਜ਼ਈ ਸੁਪਨੇ' ਛਪੇ। ਇਸ ਤੋਂ ਬਾਅਦ ਉਸ ਦਾ ਧਿਆਨ ਫੇਰ ਅਨੁਵਾਦ ਵੱਲ ਗਿਆ। ਇਨ੍ਹਾਂ ਤਿੰਨਾਂ ਸਾਲਾਂ ਵਿਚ ਉਸਨੇ ਲਿਓ ਤਾਲਸਤਾਏ, ਡਾ. ਟੀ. ਇਬਰਾਹਮ ਕਾਵੂਰ ਦੀਆਂ ਪੁਸਤਕਾਂ ਦਾ ਅੰਗਰੇਜ਼ੀ ਤੋਂ ਪੰਜਾਬੀ ਵਿਚ ਅਨੁਵਾਦ ਕੀਤਾ। ਇਹ ਅਨੁਵਾਦ ਕਰਦਿਆਂ ਉਸਨੇ ਨਵਾਂ ਮੋੜ ਕੱਟਿਆ। ਉਸ ਅੱਗੇ ਲਿਓ ਤਾਲਸਤਾਇ ਦੀ ਜ਼ਿੰਦਗੀ ਦੀਆਂ ਕਿੰਨੀਆਂ ਹੀ ਘਟਨਾਵਾਂ ਉੱਭਰ ਆਈਆਂ। ਪਤਾ ਓਦੋਂ ਹੀ ਲੱਗਿਆ ਜਦੋਂ ਇਨ੍ਹਾਂ ਘਟਨਾਵਾਂ 'ਤੇ ਉਸਨੇ ਨਾਵਲ 'ਕਾਫ਼ਰ ਮਸੀਹਾ' ਦੀ ਸਿਰਜਣਾ ਕਰ ਦਿੱਤੀ। ਇਹ ਸਿਲਸਿਲਾ ਅਜਿਹਾ ਚੱਲਿਆ ਕਿ ਫੇਰ ਫੀਓਦਰ ਮਾਇਖਲੋਵਿਚ ਦਾਸਤੋਵਸਕੀ, ਐਟਨ ਚੈਖੋਵ, ਅਲੈਗਜੈਂਡਰ ਪੁਸ਼ਕਿਨ, ਵਿਕਟਰ ਹਿਊਗੋ, ਵੋਲਟੇਅਰ ਅਤੇ ਨਿਕੋਲਾਈ ਗੋਗੋਲ ਦੇ ਜੀਵਨ ਨੂੰ ਆਧਾਰ ਬਣਾ ਕੇ ਨਾਵਲ ਲਿਖੇ। ਫਰਾਂਸ ਦੇ ਇਨਕਲਾਬ 'ਤੇ ਆਧਾਰਿਤ ਉਸ ਨੇ 'ਇਨਕਲਾਬ ਜ਼ਿੰਦਾਬਾਦ' ਨਾਵਲ ਵੀ ਲਿਖਿਆ। ਸਾਹਿਤ ਅਕਾਦਮੀ ਲੁਧਿਆਣਾ ਨੇ ਉਸ ਨੂੰ 'ਧਾਲੀਵਾਲ ਪੁਰਸਕਾਰ' ਨਾਲ ਸਨਮਾਨਤਿ ਕੀਤਾ ਗਿਆ।

**-ਭੋਲਾ ਸਿੰਘ ਸੰਘੇੜਾ**

ਮੋਬਾ : 98147-87506

# ਨਵਾਂ ਗਊ ਦਾਨ

ਅਨੁ : *ਅਰਤਿੰਦਰ ਸੰਧੂ*

ਪਸ਼ੂਆਂ ਦੇ ਮੇਲੇ ਲਈ ਮਸ਼ਹੂਰ ਨਾਗਰ ਜ਼ਿਲ੍ਹੇ ਦੇ ਪਿੰਡ ਪਰਬਤਸਰ ਵਿੱਚ ਪਦਮਾਰਾਮ ਨਾਂ ਵਾਲਾ ਇਕ ਗ਼ਰੀਬ ਜੱਟ ਰਹਿੰਦਾ ਸੀ।

ਉਸ ਕੋਲ ਦੋ ਵਿਘੇ ਬੰਜਰ ਜ਼ਮੀਨ ਦਾ ਇੱਕ ਟੋਟਾ ਸੀ ਜਿਸ ਵਿੱਚ ਉਹ ਬਾਜਰਾ ਬੀਜ ਲਿਆ ਕਰਦਾ ਸੀ। ਇਸ ਨਾਲ ਉਹਦੇ ਸਾਰੇ ਪਰਿਵਾਰ ਕੋਲ ਖਾਣ ਵਾਸਤੇ ਅਨਾਜ ਹੋ ਜਾਂਦਾ। ਪਦਮਾਰਾਮ ਕੋਲ ਥਾਰਪਾਰਕਰ ਨਸਲ ਦੀ ਇਕ ਗਾਂ ਸੀ ਜੋ ਚਾਲੀ ਸੇਰ ਦੁੱਧ ਦੇਂਦੀ ਹੁੰਦੀ ਸੀ। ਉਹ ਗਾਂ ਉਸ ਨੂੰ ਉਹਦੇ ਬਾੜਮੇਰ ਵਾਲੇ ਕੁੜਮ ਦੂਲਾਰਾਮ ਨੇ ਉਸਦੇ ਮੁੰਡੇ ਦੇ ਵਿਆਹ ਵੇਲੇ ਆਪਣੀ ਧੀ ਦੇ ਦਾਜ ਵਿਚ ਦਿੱਤੀ ਸੀ।

ਇਸ ਤਰ੍ਹਾਂ ਪਦਮਾਰਾਮ ਨੂੰ ਦੁੱਧ, ਘਿਓ ਤੇ ਦਹੀਂ ਲੱਸੀ ਦੀ ਕੋਈ ਕਮੀ ਨਹੀਂ ਸੀ। ਬਚਿਆ ਹੋਇਆ ਦੁੱਧ ਤੇ ਲੱਸੀ ਉਹ ਪਿੰਡ ਵਿੱਚ ਲੋਕਾਂ ਨੂੰ ਵੰਡ ਦੇਂਦਾ ਸੀ। ਉਦੋਂ ਅਜੇ ਦੁੱਧ ਦਹੀ ਆਦ ਦੇ ਵੇਚਣ ਦਾ ਰਿਵਾਜ਼ ਨਹੀਂ ਸੀ ਤੁਰਿਆ। ਪਿੰਡ ਦੇ ਇੱਕੋ ਇੱਕ ਮੰਦਰ ਦੇ ਇੱਕੋ ਇੱਕ ਪੁਜਾਰੀ ਨੂੰ ਵੀ ਪਦਮਾਰਾਮ ਰੋਜ਼ ਪਿੱਤਲ ਦਾ ਇੱਕ ਵੱਡਾ ਕੌਲਾ ਭਰ ਕੇ ਦੁੱਧ ਭੇਜਦਾ ਸੀ।

ਹਰੀ ਹਰੀ ਚਰ੍ਹੀ ਖਾਣ ਵਾਲੀ ਥਾਰਪਾਰਕਰ ਗਾਂ ਦੇ ਦੁੱਧ ਦਾ ਸਵਾਦ ਤਾਂ ਉਹੋ ਜਾਣ ਸਕਦਾ ਹੈ ਜਿਸ ਨੇ ਇਹ ਦੁੱਧ ਪੀਤਾ ਹੋਵੇ। ਇਸ ਦੇ ਸਵਾਦ ਨੂੰ ਦੱਸ ਸਕਣਾ ਮੁਸ਼ਕਲ ਹੈ।

ਪੁਜਾਰੀ ਸਾਂਵਰਮੱਲ ਦੇ ਮਨ ਵਿੱਚ ਖੋਟ ਆ ਗਿਆ। ਉਸ ਨੇ ਸੋਚਿਆ ਪਦਮਾਰਾਮ ਦਾ ਪਿਓ ਮਰਨੇ ਪਿਆ ਹੋਇਆ ਹੈ ਜਦੋਂ ਮਰ ਗਿਆ ਤਾਂ ਮੈਂ ਇਸ ਕੋਲੋਂ ਥਾਰਪਾਰਕਰ ਗਾਂ ਦਾ ਦਾਨ ਕਰਵਾ ਲਊਂਗਾ। ਰੱਬ ਨੇ ਪਹਿਲੀ ਵਾਰ ਸਾਵਰਮੱਲ ਦੀ ਅਰਦਾਸ ਸੁਣੀ ਤੇ ਪਦਮਾਰਾਮ ਦਾ ਪਿਉ ਮਰ ਗਿਆ।

ਕਿਰਿਆ ਕਰਮ ਵਾਸਤੇ ਪੰਡਿਤ ਨੂੰ ਸੱਦਿਆ ਗਿਆ।

ਪੁਜਾਰੀ ਨੇ ਕਿਹਾ "ਜਜਮਾਨ, ਹੁਣ ਤੂੰ ਆਪਣੇ ਪਿਓ ਦੇ ਨਾਂ 'ਤੇ ਗਊ ਦਾਨ ਕਰ"

"ਮੇਰੇ ਕੋਲ ਇਹੋ ਤੇ ਇੱਕੋ ਗਾਂ ਹੈ, ਨਹੀਂ ਦੇ ਸਕਦਾ ਪਦਮਾਰਾਮ ਨੇ ਇਹ ਆਖ ਕੇ ਪੁਜਾਰੀ ਵੱਲ ਸੌ ਦਾ ਨੋਟ ਕੀਤਾ।

"ਕੀ ਪਿਓ ਰੋਜ਼ ਰੋਜ਼ ਮਰਦਾ ਏ ? ਇਹੋ ਜਿਹੀ ਗਾਂ ਦਾਨ ਕਰ ਜਿਹੜੀ ਜਵਾਨ ਹੋਵੇ, ਦੁੱਧ ਦੇਂਦੀ ਹੋਵੇ ਤੇ ਹਰ ਤਰ੍ਹਾਂ ਨਾਲ ਵਧੀਆ ਹੋਵੇ।" ਪੁਜਾਰੀ ਨੂੰ ਦਬਾਅ ਪਾਇਆ। "ਇਸ ਤਰਾਂ ਤੇਰੇ ਪਿਉ ਕੋਲੋਂ ਵੈਤਰਣੀ ਪਾਰ ਨਹੀਂ ਹੋ ਸਕਣੀ ਫਿਰ" ਪੁਜਾਰੀ ਨੇ ਫੇਰ ਕਿਹਾ

ਪਿੰਡ ਦਾ ਸਾਰਾ ਸ਼ਰੀਕਾ ਭਾਈਚਾਰਾ ਤੇ ਰਿਸਤੇਦਾਰ ਹਾਜ਼ਰ ਸਨ ਤੇ ਸਾਹਮਣੇ ਪਿਓ ਮਰਿਆ ਪਿਆ ਸੀ। ਆਖਰ ਮਨ ਮਾਰ ਕੇ ਪਦਮਾਰਾਮ ਨੂੰ ਗਾਂ ਤੇ ਵੱਛਾ ਪੁਜਾਰੀ ਦੇ ਹਵਾਲੇ ਕਰਨੇ ਪਏ।

ਥੋੜੇ ਦਿਨਾਂ ਵਿੱਚ ਹੀ ਬਾਜਰੇ ਦੇ ਸੁੱਕੇ ਰੋਟ ਖਾ ਕੇ ਪਦਮਾਰਾਮ ਦੇ ਬੱਚਿਆਂ ਦੀ ਹਾਲਤ ਖ਼ਰਾਬ ਹੋ ਗਈ।

ਬਾਲਾਂ ਦੀਆਂ ਕੋਇਆਂ ਵਿੱਚ ਧਸੀਆਂ ਸੁੱਕੀਆਂ ਉਦਾਸ ਅੱਖਾਂ ਪਦਮਾਰਾਮ ਤੋਂ ਵੇਖੀਆਂ ਨਾ ਗਈਆਂ ਤਾਂ ਆਖਰ ਚੌਦਵੇਂ ਦਿਨ ਉਹ ਸਾਂਵਰਮੱਲ ਪੁਜਾਰੀ ਦੇ ਘਰ ਜਾ ਪਹੁੰਚਿਆ। ਉਸ ਨੇ ਵੇਖਿਆ ਕਿ ਪੰਡਤਾਣੀ ਉਸਦੀ ਥਾਰਪਾਰਕਰ ਗਾਂ ਦਾ ਦੁੱਧ 'ਚੋਂ ਕੇ ਹੀ ਹਟੀ ਸੀ ਤੇ ਪੁਜਾਰੀ ਦੁੱਧ ਨਾਲ ਭਰੀ ਬਾਲਟੀ ਰਸੋਈ ਵਿੱਚ ਰੱਖਣ ਚੱਲਿਆ ਸੀ।

"ਪੰਡਤ ਬੋਲਿਆ ਦੁੱਧ ਦੀ ਬਾਲਟੀ ਰੱਖ ਕੇ ਆਇਆ ਬੱਸ"

"ਨਹੀਂ ਬਾਲਟੀ ਸਮੇਤ ਹੀ ਆ ਜਾਹ"

ਪੁਜਾਰੀ ਨੇ ਬਾਲਟੀ ਪਦਮਾਰਾਮ ਦੇ ਸਾਹਮਣੇ ਰੱਖੀ ਤੇ ਪੁੱਛਿਆ "ਦੱਸ ਪਦਮਾਰਾਮਾਂ ਕਿਵੇਂ ਆਇਆਂ?"

"ਤੂੰ ਗਾਂ ਕਾਹਦੇ ਵਾਸਤੇ ਲਈ ਸੀ?" ਪਦਮਾਰਾਮ ਨੇ ਪੁਜਾਰੀ ਨੂੰ ਪੁੱਛਿਆ।

ਪੁਜਾਰੀ ਨੇ ਜੁਆਬ ਦਿੱਤਾ "ਤੇਰੇ ਪਿਉ ਨੂੰ ਵੈਤਰਣੀ ਪਾਰ ਕਰਾਉਣ ਵਾਸਤੇ"

"ਪਰ ਗਾਂ ਤੇ ਤੇਰੇ ਘਰ ਬੱਝੀ ਹੋਈ ਆ। ਪਿਓ ਮੇਰਾ ਤਾਂ ਵੈਤਰਣੀ ਵਿੱਚ ਰੁੜ੍ਹ ਰੁੜ੍ਹ ਕੇ ਡੁੱਬਣ ਡਿਹਾ ਹੋਣੈ ਉਥੇ। ਤੂੰ ਇਹ ਦੱਸ ਪਈ ਵੈਤਰਣੀ ਪਰਬਤਸਰ ਤੋਂ ਕਿੰਨੀ ਦੂਰ ਆ?

"ਕੋਈ ਤੀਹ ਕਰੋੜ ਕੋਹ ਦੂਰ ਹੈ" ਪੁਜਾਰੀ ਨੇ ਕਿਹਾ।

"ਕੋਈ ਪੋਸਟ ਕਾਰਡ ਆਇਆ ਹੋਵੇ ਤਾਂ ਵਿਖਾਈ ਕਿ ਮੇਰੇ ਪਿਓ ਨੂੰ ਵੈਤਰਣੀ ਆਰਾਮ ਨਾਲ ਪਾਰ ਕਰ ਲਈ" ਪਦਮਾ ਰਾਮ ਨੇ ਫੇਰ ਕਿਹਾ।

ਸਾਡੇ ਕੋਲ ਗਰੁੜ ਪੁਰਾਣ ਹੈ ਤੇ ਇਹੋ ਸਾਡਾ ਸਬੂਤ ਹੈ ਅਸੀਂ ਪੋਸਟ ਕਾਰਡ ਨੂੰ ਨਹੀ ਮੰਨਦੇ ਪੰਡਤ ਦਾ ਜੁਆਬ ਸੀ

"ਪਰ ਅਸੀਂ ਤੇ ਗਰੁੜ ਪੁਰਾਣ ਨੂੰ ਨਹੀਂ ਪੋਸਟ ਕਾਰਡ ਨੂੰ ਹੀ ਸਬੂਤ ਮੰਨਦੇ ਆਂ। ਜਿੱਦਣ ਪੋਸਟ ਕਾਰਡ ਆਵੇ ਦੱਸ ਦੇਈ ਮੈਂ ਉਸੇ ਦਿਨ ਇਹ ਥਾਰਪਾਰਕਰ ਵਾਪਸ ਤੇਰੇ ਕਿੱਲੇ 'ਤੇ ਬੰਨ੍ਹ ਜਾਊਂਗਾ।"

ਏਨਾ ਆਖ ਕੇ ਪਦਮਾਰਾਮ ਆਪਣੀ ਗਾਂ ਤੇ ਵੱਛੇ ਨੂੰ ਖੋਲ ਕੇ ਘਰ ਲੈ ਗਿਆ ਤੇ ਨਾਲ ਹੀ ਦੁੱਧ ਦੀ ਭਰੀ ਬਾਲਟੀ ਵੀ।

ਇਹਨੀ ਦਿਨੀਂ ਪੁਜਾਰੀ ਸਾਂਵਰਮੱਲ ਰੋਜ਼ ਡਾਕੀਏ ਦੀ ਉਡੀਕ ਵਿੱਚ ਬੈਠਾ ਰਹਿੰਦਾ ਹੈ ਤੇ ਫਿਰ ਰੋਜ਼ ਹੀ ਉਸਨੂੰ ਪੁੱਛਦਾ ਹੈ–

"ਕੋਈ ਪੋਸਟ ਕਾਰਡ ਆਇਆ ਏ ਭਲਾ?"



ਕਵਿਤਾ

*ਰਮਿੰਦਰ ਰਮੀ*

## ਔਰਤ ਦੀ ਤ੍ਰਾਸਦੀ

ਬੈੱਡ 'ਤੇ ਲੇਟੀ ਉਹ ਛੱਤ ਨੂੰ ਘੂਰ ਰਹੀ ਸੀ
ਪਤਾ ਨਹੀਂ ਕਦੋਂ ਸੋਚਾਂ ਦੇ
ਸਮੁੰਦਰ ਵਿਚ ਚਲੇ ਗਈ

ਉਹ ਸੋਚਦੀ—
ਔਰਤ ਦੀ ਤ੍ਰਾਸਦੀ ਕਿਉਂ ਹੋ ਰਹੀ ਹੈ
ਔਰਤ ਤਾਂ ਜੱਗ ਜਨਨੀ ਹੈ, ਪਾਲਣਹਾਰ ਹੈ
ਗੁਰਬਾਣੀ ਵਿਚ ਵੀ ਉਸ ਨੂੰ
ਬੱਤੀ ਗੁਣ ਸੁਲੱਖਣੀ ਨਾਰ
ਕਿਹਾ ਗਿਆ ਹੈ!
ਸੋ ਕਿਉ ਮੰਦਾ ਆਖੀਐ ਜਿਤ
ਜੰਮਹਿ ਰਾਜਾਨ ਨਾਲ ਨਿਵਾਜਿਆ
ਗਿਆ ਹੈ ਉਸ ਨੂੰ
ਫਿਰ ਔਰਤ ਦੀ ਬੇਕਦਰੀ ਕਿਉਂ ?

ਔਰਤ ਕਿੰਨੇ ਕਿਰਦਾਰ ਨਿਭਾਉਂਦੀ ਹੈ
ਧੀ, ਪਤਨੀ, ਭੈਣ, ਮਾਂ, ਸੱਸ, ਦਾਦੀ, ਨਾਨੀ
ਹਰ ਕਿਰਦਾਰ ਦਿਲੋਂ ਜਾਨ
ਨਾਲ ਨਿਭਾਉਂਦੀ ਹੈ

ਜੋ ਔਰਤ ਨੌਕਰੀ ਕਰਦੀ ਹੈ
ਉਸ ਨਾਲ ਤੇ ਹਮਦਰਦੀ
ਹੁੰਦੀ ਹੈ ਸਭ ਦੀ!!
ਸ਼ਾਇਦ ਪੈਸਾ ਕਮਾ ਕੇ ਲਿਆਉਂਦੀ ਹੈ!
ਜੋ ਔਰਤ ਕੰਮ 'ਤੇ ਜਾਂਦੀ ਹੈ
ਤਿਆਰ ਹੋ ਕੇ ਕੰਮ 'ਤੇ ਜਾਉ
ਕੰਮ ਕਰੂ, ਸਟਾਫ਼ ਨਾਲ ਗੱਲਬਾਤ ਵੀ
ਕਰਦੀ ਹੈ
ਬ੍ਰੇਕ ਤੇ ਟਾਈਮ ਨਾਲ ਖਾਂਦੀ ਪੀਂਦੀ ਵੀ ਹੈ
ਤਬੀਅਤ ਠੀਕ ਨਾ ਹੋਏ ਤਾਂ
ਛੁੱਟੀ ਵੀ ਕਰ ਲੈਂਦੀ ਹੈ

ਜੋ ਔਰਤ ਘਰੇ ਰਹਿੰਦੀ ਹੈ
ਉਸ ਦਾ ਸਾਰਾ ਦਿਨ ਘਰ ਦੇ ਕੰਮ
ਕਾਰਾਂ ਵਿਚ ਨਿਕਲ ਜਾਂਦਾ ਹੈ
ਰੋਟੀ-ਟੁੱਕ ਬਰਤਨ
ਬੱਚਿਆਂ ਦੇ ਦੇਖ-ਰੇਖ
ਸਾਰਾ ਦਿਨ ਸੁੱਧ-ਬੁੱਧ ਹੀ
ਭੁੱਲੀ ਰਹਿੰਦੀ ਹੈ ਉਸ ਨੂੰ ਆਪਣੀ!!
ਕਦੀ ਟਾਈਮ 'ਤੇ ਖਾਣਾ ਨਹੀਂ ਖਾਧਾ
ਨਹਾਉਣਾ ਵੀ ਯਾਦ ਨਹੀਂ ਰਹਿੰਦਾ
ਬੀਮਾਰ ਹੈ ਤੇ ਆਰਾਮ ਵੀ ਨਹੀਂ ਕਰ ਸਕਦੀ
ਇਕੱਠੀ ਬੈਠ ਜਦ ਖਾਣਾ ਖਾਂਦੀ ਹੈ
ਗਲੇ ਦੀ ਨੀਚੇ ਨਹੀਂ ਜਾਂਦਾ
ਨਾਲ ਹੰਝੂਆਂ ਦੇ ਘੁੱਟ ਭਰਦੀ ਹੈ
ਫਿਰ ਵੀ ਖਿੜੇ ਮੱਥੇ ਕਰਦੀ ਹੈ ਸਭ

ਜਦ ਔਰਤ ਥੋੜ੍ਹਾ ਜਿਹਾ
ਆਪਣੇ ਲਈ ਸੋਚ ਲੈਂਦੀ ਹੈ
ਸਭ ਦੀਆਂ ਅੱਖਾਂ ਵਿਚ ਰੜਕਣ
ਲੱਗ ਜਾਂਦੀ ਹੈ
ਕਿਸੇ ਨਾਲ ਗੱਲ-ਬਾਤ ਕਿਉਂ ਕਰਦੀ ਹੈ
ਕਿਉਂ ਲਿਖਦੀ ਪੜ੍ਹਦੀ ਹੈ
ਕਿਤੇ ਆਉਂਦੀ ਜਾਂਦੀ ਕਿਉਂ ਹੈ
ਕੋਈ ਮਿਲਣ ਲਈ ਕਿਉਂ ਆਉਂਦਾ ਹੈ
ਕਿਸੇ ਨੂੰ ਉਹ ਦਿੰਦੀ ਲੈਂਦੀ ਕਿਉਂ ਹੈ ?
ਤਾਹਨੇ ਮਿਹਣੇ ਸੁਨਣ ਨੂੰ ਮਿਲਦੇ ਨੇ
ਕਿਉਂਕਿ ਉਹ ਵਿਹਲੀ ਹੈ
ਨੌਕਰੀ ਨਹੀਂ ਕਰਦੀ
ਪੈਸੇ ਕਮਾ ਕੇ ਨਹੀਂ ਲਿਆਉਂਦੀ

ਇਹ ਸਭ ਸੁਣ ਕੇ ਕਿੰਨੀ ਸੱਟ
ਵੱਜਦੀ ਹੈ, ਕਲੇਜਾ ਫਟਦਾ ਹੈ
ਖ਼ੂਨ ਦੇ ਹੰਝੂ ਪੀ ਕੇ ਰਹਿ ਜਾਂਦੀ ਹੈ
ਉਸ ਦੇ ਦਰਦ ਨੂੰ ਕੋਈ ਨਹੀਂ ਪਹਿਚਾਣਦਾ
ਉਹ ਆਪਣੇ ਕਮਰੇ ਵਿਚ ਹੈ
ਸੁੱਤੀ ਹੈ ਕਿ ਜਾਗਦੀ!
ਪੀੜਾ ਠੀਕ ਹੋਈ ਕਿ ਨਹੀਂ
ਅੰਦਰ ਪਈ ਦਰਦ ਨਾਲ ਤੜਪ ਰਹੀ ਹੈ
ਕੁਝ ਖਾਧਾ ਕਿ ਨਹੀਂ!
ਕਿਸੇ ਨੂੰ ਕੋਈ ਪਰਵਾਹ ਨਹੀਂ
ਕੋਈ ਉਸ ਨਾਲ ਗੱਲਬਾਤ
ਤੱਕ ਨਹੀਂ ਕਰਦਾ

ਉਹ ਟੁੱਟ ਗਈ, ਬਿਖਰ ਗਈ
ਹਰ ਪਲ ਹੰਝੂਆਂ ਦੇ ਘੁੱਟ ਭਰਦੀ
ਰੱਬ ਅੱਗੇ ਅਰਦਾਸਾਂ ਕਰਦੀ
ਦਾਤਾ ਮੈਨੂੰ ਆਪਣੇ ਕੋਲ ਬੁਲਾ ਲਉ
ਮੇਰੀ ਹੁਣ ਕਿਸੇ ਨੂੰ ਕੋਈ ਲੋੜ ਨਹੀਂ

ਮੈਂ ਹਾਰ ਗਈ ਜ਼ਿੰਦਗੀ ਤੋਂ
ਰਿਸ਼ਤੇ ਨਿਭਾਉਂਦੀ ਹੋਈ
ਤੇ ਸਭ ਦਾ ਖ਼ਿਆਲ ਰੱਖਦੇ ਹੋਏ
ਐਸੀ ਜ਼ਿੰਦਗੀ ਤੋਂ ਮੌਤ ਅੱਛੀ

ਇਨ੍ਹਾਂ ਵਹਿਣਾਂ ਵਿਚ ਦਿਨ
ਰਾਤ ਨਿਕਲਦੇ ਰਹੇ
ਇਕ ਦਿਲ ਉਸਦਾ ਦਰਵਾਜ਼ਾ
ਦੇਰ ਤਕ ਨਹੀਂ ਖੁੱਲ੍ਹਿਆ
ਜਦ ਅੰਦਰ ਆ ਦੇਖਿਆ
ਉਹ ਤੇ ਘੂਕ ਸੁੱਤੀ ਪਈ ਸੀ
ਸ਼ਾਇਦ ਉਹ ਆਪਣੇ ਦਾਤੇ
ਦੇ ਚਰਨਾਂ ਵਿਚ ਚਲੇ ਗਈ ਸੀ
ਉਸ ਨੇ ਉਸ ਦੀ ਪੁਕਾਰ ਸੁਣ ਲਈ ਸੀ

ਕੋਲ ਇਕ ਡਾਇਰੀ ਪਈ ਸੀ
ਜਿਸ ਵਿਚ ਆਪਣੀ ਇੱਛਾ ਜੋ
ਬਹੁਤ ਪਹਿਲਾਂ ਲਿਖ ਦਿੱਤੀ ਸੀ
ਮੇਰਾ ਸਸਕਾਰ ਨਹੀਂ ਕਰਨਾ
ਮੇਰੀ ਬੋਡੀ ਡੋਨੇਟ ਕਰ ਦੇਣੀ
ਸ਼ਾਇਦ ਕਿਸੇ ਲੋੜਵੰਦ ਦੇ ਕੰਮ ਆ ਸਕੇ
ਉਫ਼! ਇਹ ਹੈ ਔਰਤ ਦੀ ਤ੍ਰਾਸਦੀ!!
ਔਰਤ ਦੀ ਤ੍ਰਾਸਦੀ!!

•

ਮੋਬਾ : +1 647 919 9023



ਕਵਿਤਾ

*ਮਨਮੋਹਨ ਕੌਰ ਵਾਲੀਆ*

## ਜਨਮ ਦਿਨ ਦਾ ਤੋਹਫ਼ਾ

ਦਾਦੀ ਨੂੰ ਇਕ ਟੈਡੀ ਬੀਅਰ ਚਾਹੀਦਾ ਹੈ
ਕੀ ?
ਹਾਂ, ਦਾਦੀ ਨੂੰ ਇਕ ਟੈਡੀ ਬੀਅਰ ਚਾਹੀਦਾ ਏ

ਸਾਰੇ ਹੈਰਾਨ, ਪਰੇਸ਼ਾਨ ਜਿਹੇ ਹੋ ਗਏ

ਮੰਮੀ ਸਹਿਜ ਨਾਲ ਦਾਦੀ ਕੋਲ ਗਈ
ਪਿਆਰ ਨਾਲ ਕਿਹਾ
ਮੈਂ ਤੁਹਾਡੇ ਲਈ ਖ਼ੂਬਸੂਰਤ ਸਾੜ੍ਹੀ ਲਿਆਈ ਹਾਂ
ਕਮਾਲ ਦੇ ਰੰਗ ਤੇ ਪ੍ਰਿੰਟ ਨੇ
ਤੁਹਾਨੂੰ ਅੱਛੀ ਲੱਗੇਗੀ ਮਾਂ
ਪਰ ਦਾਦੀ ਨੂੰ ਟੈਡੀ ਬੀਅਰ ਚਾਹੀਦਾ

ਪਾਪਾ ਮੁਸਕਰਾਏ
ਦਾਦੀ ਦਾ ਹੱਥ ਫੜ ਕੇ ਕਿਹਾ
ਮਾਂ, ਤੇਰੇ ਲਈ ਹੀਰੇ ਦੀ ਮੁੰਦਰੀ ਲਿਆਇਆਂ
ਪਰ ਦਾਦੀ ਨੂੰ ਟੈਡੀ ਬੀਅਰ ਚਾਹੀਦਾ...!

ਮੈਂ ਮਾਣ ਨਾਲ ਦਾਦੀ ਨੂੰ ਕਿਹਾ
ਮੈਂ ਤੇਰੀ ਪਸੰਦ ਦੇ ਲੇਖਕ ਦਾ ਨਾਵਲ ਲਿਆਈ ਹਾਂ
ਪਰ...ਦਾਦੀ ਨੂੰ ਤਾਂ ਟੈਡੀ ਬੀਅਰ ਚਾਹੀਦਾ...!

ਸ਼ਰਾਰਤੀ ਪੋਤੇ ਨੇ ਦਾਦੀ ਦੇ ਕੰਨ ਵਿਚ ਕਿਹਾ
ਤੁਹਾਡੀ ਪਸੰਦ ਦੇ ਚਾਕਲੇਟ ਦਾ ਡੱਬਾ ਹੈ ਮੇਰੇ ਕੋਲ
ਪਰ...!
ਦਾਦੀ ਨੂੰ ਤਾਂ ਟੈਡੀ ਬੀਅਰ ਹੀ ਚਾਹੀਦਾ

ਪਰ ਕਿਉਂ ਦਾਦੀ...?

ਦੋ ਕਤਰੇ ਅੱਖਾਂ 'ਚੋਂ ਤਿਲਕੇ
ਝੁਰੜੀਆਂ ਵਾਲੇ ਚਿਹਰੇ ਨੇ
ਬੱਚਿਆਂ ਵਰਗੀ ਮੁਸਕਾਨ ਵਿਚੋਂ ਕਿਹਾ
ਮੈਂ ਉਸ ਨੂੰ ਜੱਫੀ ਪਾਉਣੀ ਹੈ

ਸਾਰੇ ਮੂਕ ਬੁੱਤ ਬਣ ਕੇ ਖੜੋ ਰਹੇ
ਸ਼ਰਾਰਤੀ ਪੋਤੇ ਨੇ
ਦਾਦੀ ਨੂੰ ਨਿੱਕੀਆਂ ਬਾਹਾਂ ਵਿਚ ਘੁੱਟ ਕੇ ਕਿਹਾ
ਮੈਂ ਹਾਂ ਤੇਰਾ ਟੈਡੀ ਬੀਅਰ ਦਾਦੀ...!

ਸਾਰੇ ਬੁੱਤ ਜੀਓ ਪਏ
ਤੇ ਹਰ ਇਕ ਨੇ ਕਿਹਾ
ਮੈਂ ਵੀ...ਮੈਂ ਵੀ...

•

ਮੋਬਾ : 99717-9001

ਕਵਿਤਾ : *ਹਰਦਮ ਸਿੰਘ ਮਾਨ*

## ਨਾਨਕ ਤੇ ਅਸੀਂ

ਭੁੱਲ ਗਏ ਹਾਂ ਤੇਰੀ ਕੀਤੀ ਕਿਰਤ ਕਮਾਈ ਨਾਨਕ।
ਅਸੀਂ ਤਾਂ ਤੇਰੇ ਨਾਂ 'ਤੇ ਆਪਣੀ ਹੱਟੀ ਚਲਾਈ ਨਾਨਕ।

'ਕਿਰਤ ਕਰੋ ਤੇ ਵੰਡ ਛਕੋ' ਇਹ ਤੇਰਾ ਸੀ ਗੁਰਮੰਤਰ
ਖ਼ੁਦਗਰਜ਼ੀ ਵਿਚ ਤੇਰੀ ਸਿੱਖਿਆ ਅਸੀਂ ਭੁਲਾਈ ਨਾਨਕ।

ਜਾਤਾਂ-ਪਾਤਾਂ, ਧਰਮਾਂ, ਮਜ਼੍ਹਬਾਂ ਨ੍ਹੇਰ ਵਿਛਾਇਆ ਹਰ ਥਾਂ
ਤੂੰ ਸੀ ਮਾਨਵਤਾ ਦੀ ਇਕੋ ਜੋਤ ਜਗਾਈ ਨਾਨਕ।

ਸ਼ਾਮ ਸਵੇਰੇ ਤੋਤੇ ਵਾਂਗੂੰ ਰਟਦੇ ਰਹੀਏ, ਇਸ ਨੂੰ
ਕਦੇ ਨਾ ਬਾਣੀ ਅੰਦਰ ਡੂੰਘੀ ਤਾਰੀ ਲਾਈ ਨਾਨਕ।

ਕੂੜ ਅਮਾਵਸ ਏਨੀ ਪਸਰੀ ਸਾਡੀ ਜ਼ਿਹਨਾਂ ਅੰਦਰ
ਸੱਚ ਚੰਦਰਮਾ ਸਾਨੂੰ ਦਿੰਦਾ ਨਹੀਂ ਦਿਖਾਈ ਨਾਨਕ।

ਅਰਬਦ ਨਰਬਦ ਧੁੰਧੂਕਾਰਾ ਅੱਜ ਵੀ ਚਾਰੇ ਪਾਸੇ
ਧੁੰਦ-ਗੁਬਾਰ 'ਚ ਗੁੰਮ ਗਈ ਤੇਰੀ ਰੁਸ਼ਨਾਈ ਨਾਨਕ।

ਪੱਥਰ ਉੱਚੇ ਸੁੱਚੇ ਹੋ ਗਏ, ਅੱਖਰ ਵੇਂਹਦੇ ਰਹਿ ਗਏ
ਪੱਥਰਾਂ ਨੇ ਅੱਜ ਸ਼ਬਦਾਂ ਤੋਂ ਪੂਜਾ ਕਰਵਾਈ ਨਾਨਕ।

ਸੱਚ ਹੈ ਤੇਰੀ ਮਹਿਮਾ ਰਹਿਣੀ, ਰਹਿੰਦੀ ਦੁਨੀਆ ਤਾਈਂ
'ਮਾਨ' ਤਾਂ ਹਰਦਮ ਗਾਉਂਦਾ ਹੈ ਤੇਰੀ ਵਡਿਆਈ ਨਾਨਕ।

•

ਮੋਬਾ : +1 604 308 6663

## ਔਰਤਾਂ ਘਰ ਮੁੜਦੀਆਂ ਹਨ

ਔਰਤਾਂ ਘਰ ਮੁੜਦੀਆਂ ਹਨ
ਪੱਛਮ ਦੇ ਆਕਾਸ਼ ਵਿਚ
ਕਾਹਲੀ ਤੋਰ ਤੁਰਦੀਆਂ ਹੋਈਆਂ
ਕਾਲੀਆਂ ਚਿੜੀਆਂ ਦੀ ਡਾਰ ਵਾਂਗ

ਔਰਤਾਂ ਦਾ ਘਰ ਮੁੜਨਾ
ਮਰਦਾਂ ਦੇ ਘਰ ਮੁੜਨ ਵਰਗਾ ਨਹੀਂ
ਮਰਦ ਵਾਪਸ ਆਉਂਦੇ ਨੇ, ਬੈਠਕ ਵਿਚ
ਫਿਰ ਗੁਸਲਖ਼ਾਨੇ ਵਿਚ
ਫਿਰ ਨੀਂਦ ਵਾਲੇ ਕਮਰੇ ਵਿਚ
ਔਰਤ ਇਕੋ ਵਾਰ ਪੂਰੇ ਘਰ ਵਿਚ ਮੁੜਦੀ ਹੈ
ਉਹ ਇਕੋ ਵਾਰ ਵਿਹੜੇ 'ਚੋਂ
ਚੌਂਕੇ ਤਕ ਮੁੜ ਆਉਂਦੀ ਹੈ

ਔਰਤ ਬੱਚੇ ਦੀ ਭੁੱਖ ਵਿਚ
ਰੋਟੀ ਬਣ ਕੇ ਮੁੜਦੀ ਹੈ
ਔਰਤ ਮੁੜਦੀ ਹੈ ਦਾਲ ਚੌਲਾਂ ਵਿਚ
ਟੁੱਟੀ ਮੰਜੀ ਵਿਚ
ਕੋਸ਼ਿਸ਼ ਨਾਲ ਲਾਈ ਮੱਛਰਦਾਨੀ ਵਿਚ
ਉਹ ਵਿਹੜੇ ਦੀ ਤੁਲਸੀ
ਤੇ ਕਨੇਰ ਵਿਚ ਮੁੜ ਆਉਂਦੀ ਹੈ

ਔਰਤ ਹੈ...ਜੋ ਅਕਸਰ
ਔਰਤ ਵਾਂਗ ਨਹੀਂ ਮੁੜਦੀ
ਪਤਨੀ, ਭੈਣ, ਮਾਂ
ਜਾਂ ਬੇਟੀ ਵਾਂਗ ਮੁੜਦੀ ਹੈ

ਔਰਤ ਹੈ...ਜੋ ਬਸ ਰਾਤ ਦੀ
ਨੀਂਦ ਵਿਚ ਨਹੀਂ ਮੁੜ ਸਕਦੀ
ਉਹਨੇ ਸਵੇਰ ਦੀਆਂ
ਚਿੰਤਾਵਾਂ ਵਿਚ ਵੀ ਮੁੜਨਾ ਹੁੰਦਾ ਹੈ
ਔਰਤ ਚਿੜੀ ਵਾਂਗ ਮੁੜਦੀ ਹੈ
ਤੇ ਥੋੜ੍ਹੀ ਜਿਹੀ ਮਿੱਟੀ
ਰੋਜ਼ ਪਹੁੰਚਿਆਂ ਵਿਚ ਭਰ ਲਿਆਉਂਦੀ ਹੈ
ਖਲਾਰ ਦੇਂਦੀ ਹੈ ਵਿਹੜੇ ਵਿਚ
ਘਰ ਵੀ ਇਕ ਬਾਲ ਹੈ ਔਰਤ ਲਈ
ਜੋ ਰੋਜ਼ ਥੋੜਾ ਥੋੜਾ ਵੱਡਾ ਹੁੰਦਾ ਜਾਂਦਾ ਏ

ਮੁੜਦੀ ਏ ਔਰਤ ਤਾਂ ਵਿਹੜੇ ਦਾ ਘਾਹ
ਹੋ ਜਾਂਦਾ ਏ ਥੋੜ੍ਹਾ ਹੋਰ ਹਰਾ
ਛੱਪੜ ਦੇ ਤੀਲ੍ਹੇ ਹੋ ਜਾਂਦੇ ਨੇ ਜ਼ਰਾ ਹੋਰ ਸੁਰਖ਼
ਦਰਅਸਲ ਔਰਤ ਦਾ ਘਰ ਮੁੜਨਾ
ਮਹਿਜ਼ ਔਰਤ ਦਾ ਘਰ ਮੁੜਨਾ ਨਹੀਂ ਹੈ
ਧਰਤੀ ਦਾ ਆਪਣੀ ਧੁਰੀ 'ਤੇ ਮੁੜਨਾ ਹੈ

## ਤੂੰ ਆਇਆ ਬਾਪੂ

ਜਿਉਂ ਦੀ ਤਿਉਂ ਰੱਖੇ ਨੇ ਬਾਬਾ
ਤੇਰੀ ਖੂੰਡੀ, ਫਤੂਹੀ ਤੇ ਚਾਦਰਾ
ਪਰ ਅਸੀਂ ਸਾਰੇ ਬਦਲ ਗਏ ਹਾਂ

ਕੱਲ੍ਹ ਅੱਧੀ ਰਾਤ ਸੁਪਨੇ ਵਿਚ
ਤੂੰ ਆਇਆ ਬਾਪੂ
ਥੱਕੇ ਚਿਹਰਿਆਂ ਤੇ ਸੁੰਨੀਆਂ ਨਜ਼ਰਾਂ ਨਾਲ
ਚੁੱਪ-ਚਾਪ ਤੱਕਦਾ ਰਿਹਾ
ਸਾਡੇ ਜੀਣ ਦੀ ਗਤੀ
ਆਪੇ ਹੀ ਸਹਿਲਾਉਂਦਾ ਰਿਹਾ
ਆਪਣੇ ਪੈਰਾਂ ਦੀ ਥਕਾਵਟ

## ਮਿੱਠੀ ਨਿੰਮ

ਇਕ ਐਸੀ ਮਹਿਕ ਹੁੰਦੀ ਏ
ਜੋ ਧੁਰ ਅੰਦਰ ਵੱਸ ਜਾਂਦੀ ਏ
ਗੁਲਾਬ ਵਰਗੀ ਨਹੀਂ
ਚੰਦਨ ਵਰਗੀ ਨਹੀਂ
ਇਹ ਹੈ ਤਾਂ ਬਹੁਤ ਅਮੀਰ, ਕੁਲੀਨ
ਮਿੱਠੀ ਨਿੰਮ ਵਰਗੀ ਹੁੰਦੀ
ਤੂੰ...ਇਸੇ ਤਰ੍ਹਾਂ ਦੀ ਇਕ ਮਹਿਕ ਹੈ

*ਅਨੁ : ਅ. ਸੰਧੂ*

•

ਮੋਬਾ : 76974-60750



## ਸੁਪਨੇ ਨਹੀਂ

ਬਹੁਤੇ ਸੁਪਨੇ ਨਹੀਂ ਹਨ ਜਿਨ੍ਹਾਂ ਦੇ
ਸਗੋਂ ਉਨ੍ਹਾਂ ਦੇ ਸੁਪਨੇ ਹੀ ਨਹੀਂ
ਰਾਤ ਨੂੰ ਗਹਿਰੀ ਨੀਂਦ ਵਿਚ
ਜਿਹੜੇ ਵੇਖਦੇ ਨੇ ਉਹ
ਉਸ ਨੂੰ ਹੀ ਆਪਣਾ ਸੁਪਨਾ ਸਮਝਦੇ ਨੇ

ਉਹ ਕਹਿੰਦੇ ਰਾਤ ਨੂੰ ਸੁਪਨੇ ਵਿਚ
ਇਕ ਦੈਂਤ ਨੇ ਸਾਰੇ ਪਿੰਡਾਂ ਨੂੰ
ਆਪਣੇ ਵਿਸ਼ਾਲ ਮੂੰਹ ਨਾਲ ਨਿਕਲ ਗਿਆ
ਸਾਰੇ ਬਾਗ਼ਾਂ ਵਿਚ ਅੱਗ ਲਾ ਦਿੱਤੀ
ਤੇ ਸਾਰੀਆਂ ਪੈਲੀਆਂ ਨੂੰ
ਚਟਾਈ ਵਾਂਗ ਲਪੇਟ ਕੇ
ਸਮੁੰਦਰ ਵਿਚ ਸੁੱਟ ਦਿੱਤਾ

ਦੈਂਤ ਸੋਨੇ ਦੇ
ਉੱਚੇ ਸਿੰਘਾਸਣ 'ਤੇ ਸਜਿਆ ਬੈਠਾ ਹੈ
ਲੋਕ ਆਪਣੇ ਘਰ
ਆਪਣੇ ਪਿੰਡ ਬਚਾਉਣ ਲਈ
ਹਾਹਾਕਾਰ ਕਰ ਰਹੇ ਉਸ ਦੇ ਦਰਬਾਰ ਵਿਚ
ਪਰ ਦੈਂਤ ਸੁਣਦਾ ਹੀ ਨਹੀਂ ਕੋਈ ਆਵਾਜ਼

ਉਹ ਆਪਣੀ ਧੁਨ ਵਿਚ ਮਸਤ ਹੈ
ਤੇ ਉਸਦੇ ਨਹੁੰ ਹੋਰ ਲੰਬੇ ਹੋ ਹੋ ਕੇ
ਨੋਚ ਰਹੇ ਨੇ ਨਦੀਆਂ ਦੇ ਸਰੀਰ

ਖੌਰੇ ਕਿੱਥੇ ਗਾਇਬ ਹੋ ਗਈਆਂ ਨੇ ਚਿੜੀਆਂ
ਤੇ ਬਾਜਾਂ ਨਾਲ ਭਰ ਗਿਆ ਏ ਅਸਮਾਨ
ਨਿਆਂ ਦੀ ਤੱਕੜੀ ਨਹੀਂ ਦਿਸਦੀ ਕਿਤੇ
ਭੈਅ ਦੀਆਂ ਹਨੇਰੀਆਂ ਨਾਲ
ਉੱਡ ਗਏ ਨੇ ਵਿਸ਼ਵਾਸ ਦੇ ਪਰਖੱਚੇ

ਰਾਤ ਦੇ ਸੁਪਨਿਆਂ ਦੇ ਨ੍ਹੇਰਿਆਂ ਵਿਚ
ਇਹੋ ਹੁੰਦੇ ਨੇ ਸਾਡੇ ਦ੍ਰਿਸ਼
ਦੋਵੇਂ ਵੇਲੇ ਜੇ ਬਿਨਾਂ ਵਿਘਨ
ਬਲਦਾ ਰਹਿੰਦਾ ਏ ਸਾਡੀ ਰਸੋਈ ਦਾ ਚੁੱਲ੍ਹਾ
ਏਸੇ ਨੂੰ ਕਹਿ ਦੇਂਦੇ ਹਾਂ ਅਸੀਂ
ਆਪਣੇ ਸੁਪਨਿਆਂ ਦਾ ਸੱਚ ਹੋਣਾ

ਜਦੋਂ ਕਿ ਅਨੰਤ ਨੇ ਦੈਂਤ ਦੇ ਸੁਪਨੇ
ਜੋ ਸਾਨੂੰ ਨਿਗਲ ਕੇ ਸਾਕਾਰ ਹੁੰਦੇ ਨੇ
ਉਨ੍ਹਾਂ ਨੇ ਬਿਨਾਂ ਰੁਕੇ ਕਿਹਾ

### ਬਾਜ਼ਾਰ

ਬਾਜ਼ਾਰ ਸਿਰਫ਼ ਚੀਜ਼ਾਂ ਨੂੰ ਹੀ ਨਹੀਂ
ਜੇ ਮੁਨਾਫ਼ੇ ਦੀ ਸੰਭਾਵਨਾ ਹੋਵੇ
ਤਾਂ ਕਰ ਲੈਂਦਾ ਹੈ ਮਾਨਸਿਕ ਸਰਵੇ
ਤੇ ਗ਼ਰੀਬੀ, ਤਰਸ, ਦਇਆ ਤੱਕ ਨੂੰ
ਵੇਚ ਦੇਂਦਾ ਏ ਸਰੇਆਮ ਦਿਨ ਦਿਹਾੜੇ
ਮਜ਼ਾਲ ਹੈ ਕਿ
ਤੁਸੀਂ ਵਪਾਰ ਕਹਿ ਦਿਓ ਇਹਨੂੰ

ਵੈਸੇ ਉਹਦਾ ਲੈਣਾ ਦੇਣਾ ਨਹੀਂ ਕੋਈ
ਕਿਸੇ ਦੇ ਅੱਥਰੂਆਂ ਨਾਲ
ਜੇ ਟੀ.ਆਰ.ਪੀ. ਵਧਦੀ ਹੈ ਤਾਂ
ਉਹ ਧਰਤੀ ਦੀ ਗੱਲ੍ਹ 'ਤੇ ਵਗ ਰਹੀ
ਅੱਥਰੂਆਂ ਦੀ ਨਿਰੰਤਰ ਧਾਰਾ ਵਿਚ ਵੀ
ਆਪਣੇ ਵਪਾਰ ਦੇ ਗੋਤੇ ਲਾਉਂਦਾ ਹੋਇਆ
ਸਵਾਲ ਉਛਾਲਦਾ ਹੈ...
"ਬੇਟੇ ਦੀ ਸ਼ਹਾਦਤ 'ਤੇ ਤੁਹਾਨੂੰ
ਕਿਸ ਤਰ੍ਹਾਂ ਲੱਗ ਰਿਹਾ ਹੈ"
ਉਸ ਦਾ ਇਹ ਸੁਆਲ ਵੀ ਓਦੋਂ ਹੁੰਦਾ ਹੈ
ਜਦੋਂ ਸ਼ਹੀਦ ਦਾ ਸਰੀਰ ਵੀ
ਘਰ ਪਹੁੰਚਣ ਵਾਲਾ ਹੁੰਦਾ ਹੈ

ਉਹ ਦੇਸ਼ ਭਗਤੀ ਦਾ ਵੀ ਵਪਾਰ ਕਰਦਾ ਹੈ
ਤੇ ਭਾਵਨਾਵਾਂ ਨੂੰ ਨੀਲਾਮ ਕਰਦਾ
ਰਿਸ਼ਤਿਆਂ ਦੀ ਹੱਟੀ ਨੂੰ ਤਾਂ ਉਸ ਨੇ
ਕਦ੍ਹੋ ਦਾ ਲੱਭ ਲਿਆ ਹੈ
ਤੁਹਾਨੂੰ ਪਤਾ ਵੀ ਨਹੀਂ ਲੱਗਣਾ
ਤੁਹਾਨੂੰ ਕਦੋਂ ਵੇਚ ਦਿੱਤਾ ਗਿਆ
ਜਾਂ ਕਿੱਥੇ ਗਹਿਣੇ ਪਾ ਕੇ
ਉਸ ਬਦਲੇ ਰਕਮ ਵਸੂਲ ਕਰ ਲਈ ਗਈ

•

*ਅਨੁ : ਅ. ਸੰਧੂ*

ਮੋਬਾ : 99266-25886

## ਦੋ ਗੀਤ / ਇੰਦਰਜੀਤ ਪੁਰੇਵਾਲ

ਇੰਦਰਜੀਤ ਪੁਰੇਵਾਲ ਅਮਰੀਕਾ ਵੱਸਦਾ ਚਰਚਿਤ ਅੰਤਰ-ਰਾਸ਼ਟਰੀ ਸਾਹਿਤਕ ਮੈਗਜ਼ੀਨ 'ਰਾਗ' ਦਾ ਮੁੱਖ ਸੰਪਾਦਕ ਹੈ। ਉਸ ਨੂੰ ਸਾਹਿਤ ਦੀ ਮੱਸ ਸ਼ੁਰੂ ਤੋਂ ਹੀ ਹੈ। ਪੇਸ਼ ਹਨ ਉਸਦੇ ਦੋ ਗੀਤ।



### ਕਮਾਈਆਂ

ਕੱਲੀ ਨੂੰ ਨੀਂਦ ਨਾ ਆਵੇ ਵੇ
ਰਾਤੀਂ ਰੋਣ ਪਲੰਘ ਦੇ ਪਾਵੇ ਵੇ
ਸਾਰੀ ਰਾਤ ਯਾਦਾਂ ਵਿਚ ਲੰਘ ਜਾਂਦੀ
ਝੱਲੇ ਦਿਲ ਨੂੰ ਕੌਣ ਵਰਾਵੇ ਵੇ

ਤੈਨੂੰ ਮਿਲਣ ਨੂੰ ਦਿਲ ਕਰਦਾ ਏ
ਜਦੋਂ ਵਗੇ ਪਿਆਰ ਦੀ ਵਾਅ ਮਾਹੀਆ
ਕਰ ਲਈਆਂ ਕਮਾਈਆਂ ਬਹੁਤ ਚੰਨਾਂ
ਹੁਣ ਘਰ ਵੱਲ ਫੇਰਾ ਪਾ ਮਾਹੀਆ
ਕਿਉਂ ਤੋਲੀ ਜਾਨੈਂ ਪੈਸੇ ਨਾਲ
ਸਾਡੀਆਂ ਸੱਧਰਾਂ ਸਾਡੇ ਚਾਅ ਮਾਹੀਆ

ਕੰਧਾਂ ਨੂੰ ਦੁੱਖ ਸੁਣਾਉਂਦੀ ਆਂ
ਤੇ ਅੰਦਰ ਵੜ ਕੇ ਰੋ ਲੈਂਦੀ
ਨਾ ਪਤਾ ਕਿਸੇ ਨੂੰ ਲੱਗ ਜਾਵੇ
ਹੰਝੂਆਂ ਨਾਲ ਮੁਖੜਾ ਧੋ ਲੈਂਦੀ
ਰਿਹਾ ਸੋਹਣੀ ਛੈਲ ਜਵਾਨੀ ਨੂੰ
ਘੁਣ ਅੰਦਰੋਂ ਅੰਦਰੀ ਖਾਹ ਮਾਹੀਆ
ਕਰ ਲਈਆਂ ਕਮਾਈਆਂ...

ਕੀ ਕਰਨਾ ਚੰਦਰੇ ਨੋਟਾਂ ਨੂੰ
ਸੂਲਾਂ ਦੀ ਸੇਜ ਹੰਢਾਉਂਦੀ ਆਂ
ਤੇਰੇ ਬਿਨ ਇਕ ਇਕ ਪਲ ਅੜਿਆ
ਕਿਵੇਂ ਦੱਸਾਂ ਕਿੰਞ ਬਿਤਾਉਂਦੀ ਆਂ
ਜਾਂ ਸਾਨੂੰ ਵੀ ਕੋਲ ਬੁਲਾ ਲੈ ਤੂੰ
ਜਾਂ ਤੂੰ ਸਾਡੇ ਕੋਲ ਆ ਮਾਹੀਆ
ਕਰ ਲਈਆਂ ਕਮਾਈਆਂ...

ਜੇ ਦਿਨ ਮਹੀਨਿਆਂ ਦੀ ਗੱਲ ਹੁੰਦੀ
ਮੈਂ ਹੱਸ ਕੇ ਵਕਤ ਟਪਾ ਲੈਂਦੀ
ਹੁਣ ਸ਼ਕਲ ਵੀ ਤੇਰੀ ਜਾਏ ਭੁੱਲਦੀ
ਜਿੰਦ ਜਾਪੇ ਆਖ਼ਰੀ ਸਾਹ ਲੈਂਦੀ
ਇਕ ਵਾਰੀ ਮਿਲ ਜਾ 'ਪੁਰੇਵਾਲਾ'
ਜਿੰਦ ਰਹੀ ਵਾਸਤੇ ਪਾ ਮਾਹੀਆ
ਕਰ ਲਈਆਂ ਕਮਾਈਆਂ...

•

### ਮਾਂ

ਏਥੇ ਸਭ ਕੁਝ ਮਿਲਦਾ ਏ ਮਾਂ
ਇਕ ਤੇਰਾ ਪਿਆਰ ਨਹੀਂ ਮਿਲਦਾ
ਤੇਰੇ ਮੋਹ ਦੀ ਮਿੱਠੜੀ ਛਾਂ
ਤੇ ਲਾਡ ਦੁਲਾਰ ਨਹੀਂ ਮਿਲਦਾ

ਤੇਰੀ ਕੁੱਟੀ ਖਵਾਈ ਚੂਰੀ ਮਾਂ
ਬਾਪੂ ਦੀ ਵੱਟੀ ਘੂਰੀ ਮਾਂ
ਹੈ ਚੇਤਾ ਭੈਣ ਦਾ ਆ ਜਾਂਦਾ
ਜਦ ਸੁੰਨੀ ਦਿਸਦੀ ਬਾਂਹ
ਇਕ ਤੇਰਾ ਪਿਆਰ ਨਹੀਂ ਮਿਲਦਾ
ਏਥੇ ਸਭ ਕੁਝ...

ਏਥੇ ਹਰ ਇਕ ਨੂੰ ਮੋਹ ਡਾਲਰ ਦਾ
ਕੋਈ ਦਰਦ ਕਿਸੇ ਦਾ ਕੀ ਜਾਣੇ
ਗ਼ੈਰਾਂ ਦੀ ਗੱਲ ਤਾਂ ਦੂਰ ਰਹੀ
ਆਪਣਾ ਵੀ ਨਾ ਕੋਈ ਪਹਿਚਾਣੇ
ਮੇਰੇ ਮਨ ਨੂੰ ਮਿਲੇ ਸਕੂਨ ਜਿਥੇ
ਮੈਂ ਲੱਭਦਾ ਐਸੀ ਥਾਂ
ਇਕ ਤੇਰਾ ਪਿਆਰ ਨਹੀਂ ਮਿਲਦਾ
ਏਥੇ ਸਭ ਕੁਝ...

ਲੋਕ ਬੇਗ਼ਾਨਾ ਦੇਸ ਬੇਗ਼ਾਨਾ
ਕੋਈ ਨਾ ਦਰਦ ਵੰਡਾਵੇ ਮਾਂ
ਅੱਖਾਂ ਵਿਚੋਂ ਨੀਰ ਛਲਕਦਾ
ਯਾਦ ਜਦੋਂ ਤੇਰੀ ਆਵੇ ਮਾਂ
ਲੋਕੀਂ ਕਹਿਣ ਸਵਰਗ ਏਸ ਨੂੰ
ਮੈਂ ਕਹਾਂ ਨਾਨਕ ਨਰਕਾਂ ਦੀ ਥਾਂ
ਇਕ ਤੇਰਾ ਪਿਆਰ ਨਹੀਂ ਮਿਲਦਾ
ਏਥੇ ਸਭ ਕੁਝ ਮਿਲਦਾ ਏ ਮਾਂ...

•

ਮੋਬਾ : 845-702-1886



ਕਵਿਤਾਵਾਂ

## *ਮਲਵਿੰਦਰ*

### ...ਤੇ ਹੋਰ ਕੀ

ਰੁੱਖਾਂ ਥੀਂ ਰੁਮਕ ਰਹੀ ਹਵਾ
ਟਹਿਣੀਆਂ 'ਤੇ ਚਹਿਕ ਰਹੇ ਪੰਛੀ
ਧੁੱਪ 'ਚ ਆਠਰ ਰਹੇ ਜ਼ਖ਼ਮ
ਬਨੇਰਿਆਂ 'ਤੇ
ਖਿੜੇ ਫੁੱਲਾਂ ਦੀ ਅਲੰਕਾਰਮਈ
ਤੇ ਗਲੀਆਂ 'ਚ ਟਹਿਲ ਰਹੀ ਚੁੱਪ ਵੇਖ
ਲੱਗਦਾ ਹੈ ਕਿ ਹਾਕਮ ਝੂਠ ਬੋਲ ਰਿਹਾ
ਖ਼ਬਰਾਂ ਕੁਫ਼ਰ ਤੋਲ ਰਹੀਆਂ
ਮੀਡੀਆ ਖ਼ੌਫ਼ ਪਰੋਸ ਰਿਹਾ

ਪੌਣ, ਬਿਰਖ ਤੇ ਧੁੱਪ ਦੀ ਗਵਾਹੀ
ਬਥੇਰੀ ਹੈ ਸਾਡੇ ਜਿਊਣ ਲਈ

### ਬੰਦ ਕਿਵਾੜ

ਡਰ, ਖ਼ੌਫ਼ ਦੀ ਵਰ੍ਹ ਰਹੀ ਅੱਗ 'ਚ
ਕਦੀ ਰਲ ਜਾਂਦੀ ਠੰਡੀ ਬੂੰਦ ਦੀ ਆਸ

ਥਲ ਅੰਦਰ ਭੁੱਜਦੇ ਸੁਪਨਿਆਂ ਲਈ
ਵਗਦੇ ਪਾਣੀ, ਰੁਮਕਦੀ ਪੌਣ ਤੇ ਝੂਲਦੇ ਰੁੱਖ
ਦੁਖਦ ਸਮਿਆਂ 'ਚ ਧਰਵਾਸ ਬਣਦੇ

ਗਲੀ 'ਚੋਂ ਲੰਘਦੇ ਹਾਕਰ ਦਾ ਹੋਕਾ
ਸੁੰਨ ਅੰਦਰ ਸੰਗੀਤ ਭਰ ਜਾਂਦਾ

ਗੁਟਰਗੂੰ ਕਰਦੇ ਕਬੂਤਰਾਂ ਦੇ ਚੋਜ
ਕੁਮਲਾਏ ਜਿਸਮਾਂ ਅੰਦਰ ਮੋਹ ਦੇ ਸੁਰ ਛੇੜਦੇ

ਟਰੈਕ ਸੂਟ 'ਚ ਸੱਜਿਆ ਜਿਸਮ ਕੋਈ ਸਡੌਲਾ
ਮੋਈਆਂ ਉਮੰਗਾਂ ਅੰਦਰ
ਜਿਊਣ ਦਾ ਸਬੱਬ ਬਣਦਾ

ਖ਼ੌਫ਼ ਦੇ ਕਿਵਾੜ ਢੁਕ ਜਾਂਦੇ
ਉਮੀਦ ਦੇ ਦਰ ਖੁੱਲ੍ਹ ਜਾਂਦੇ
ਜ਼ਿੰਦਗੀ ਚਹਿਲਕਦਮੀ ਕਰਦੀ
ਜਜ਼ਬਾ ਜਿਊਣ ਦਾ ਨਿਸ਼ੰਗ ਟਹਿਲਦਾ

### ਉਦਾਸ ਸਮਿਆਂ ਅੰਦਰ

ਉਦਾਸ ਸਮਿਆਂ ਅੰਦਰ
ਖ਼ੁਸ਼ ਤੇ ਚਮਕਦਾਰ ਕਿਉਂ ਹੈ ਧੁੱਪ
ਠੰਡੀ ਤੇ ਰੁਮਕ ਰੁਮਕ ਕਿਉਂ ਤੁਰਦੀ ਹੈ ਹਵਾ

ਗੂੜ੍ਹਾ ਨੀਲਾ ਕਿਉਂ ਹੈ ਅਸਮਾਨ
ਡੁੱਲ੍ਹਣ ਡੁੱਲ੍ਹਣ ਕਿਉਂ ਕਰਦਾ ਹੈ
ਰਾਤ ਨੂੰ ਛੱਜ ਤਾਰਿਆਂ ਦਾ

ਕਿਉਂ ਬਿਰਖ ਸ਼ਾਂਤ
ਤੇ ਫੁੱਲ ਮੁਸਕਰਾਉਂਦੇ ਹਨ

ਪੰਛੀ ਹੋਰ ਖ਼ੌਫ਼ ਤੋਂ ਨਿਰਭੈਅ
ਕਿਉਂ ਗਾਉਂਦੇ ਹਨ ਉੱਚੀ ਉੱਚੀ

ਮਾਵਾਂ ਫ਼ਿਕਰਮੰਦ
ਤੇ ਬੱਚੇ ਬੇਪਰਵਾਹ ਕਿਉਂ ਹਨ
ਉਦਾਸ ਸਮਿਆਂ ਅੰਦਰ

ਜਦ ਸਮਝ ਜਾਵਾਂਗੇ
ਸਮਿਆਂ ਦੀ ਉਦਾਸੀਨਤਾ ਦਾ ਇਹ ਰਹੱਸ
ਸਮੇਂ ਉਦਾਸ ਨਹੀਂ ਰਹਿਣਗੇ

ਕਵਿਤਾ ਵਿਚਲੇ ਸਵਾਲਾਂ ਵਰਗੇ ਹੋਣਗੇ
ਉਦੋਂ ਸਮਿਆਂ ਦੇ ਨਕਸ਼
•

ਮੋਬਾ : 9779591344

ਕਵਿਤਾਵਾਂ / **ਦੀਪ ਇੰਦਰ**

-1-

ਔਰਤ ਦਾ ਦਿਲ
ਦੁੱਧ ਨਾਲ ਭਰੀਆਂ ਛਾਤੀਆਂ ਹੇਠ
ਧੜਕਦੈ
ਜਦ ਪਿਆਰ 'ਚ ਉਬਾਲ ਆਉਂਦੈ
ਛਾਤੀਆਂ ਆਕੜਦੀਆਂ
ਦੁੱਧ ਉੱਤਰ ਆਉਂਦੈ

ਔਰਤ ਲਈ ਮਰਦ
ਬਿਸਤਰ ਵਿਚ
ਬਾਲ ਹੀ ਰਹਿੰਦੈ

-2-

ਔਰਤਾਂ ਵੀ ਕਦੇ ਸੌਂਦੀਆਂ...

ਜਾਗਦੇ ਹੋਏ ਵੀ
ਜਾਣ ਦੇਂਦੀਆਂ
ਨਹੀਂ ਰੋਕਦੀਆਂ

ਏਸੇ ਲਈ ਔਰਤਾਂ
ਬੁੱਧ ਨਹੀਂ ਮਾਵਾਂ ਹੀ ਰਹਿੰਦੀਆਂ

-3-

ਅੱਕੀ ਔਰਤ
ਨਾ ਗੁੱਸੇ ਹੁੰਦੀ
ਨਾ ਹੀ ਲੱਤ ਮਾਰਦੀ

ਠੰਡੀ ਬਰਫ਼ੀਲੀ ਨਦੀ ਵਾਂਗ
ਫੈਲ ਜਾਂਦੀ
ਬਿਸਤਰ ਜਮਾ ਦੇਂਦੀ...
•

ਮੋਬਾ : 99100 40349



ਕਵਿਤਾ

ਰਾਜਿੰਦਰ ਪਰਦੇਸੀ

## ਉੱਠ ਨੀ ਜਿੰਦੇ

ਇਉਂ ਨਾ ਸੋਚ ਹਨੇਰੀਂ ਗਾਲ
ਉੱਠ ਨੀ ਜਿੰਦੇ ਦੀਵਾ ਬਾਲ
ਲੋਭੀ ਸਾਂਝਾਂ ਸਭ ਅਪਣਾਈਆਂ
ਹੋ ਰਹੀਆਂ ਸਿਆਸੀ ਕੁੜਮਾਈਆਂ
ਕੌਣ ਕਿਸੇ ਦਾ ਦਰਦ ਵਿਹਾਜੇ
ਆਥਣ ਉੱਗਣ ਛੱਡ ਛਡਾਈਆਂ
ਕੌਣ ਕਿਸੇ ਦਾ ਕੀ ਲੱਗਦਾ ਏ
ਸਾਂਝਾਂ ਦਾ ਪੈ ਗਿਆ ਏ ਕਾਲ
ਉੱਠ ਨੀ ਜਿੰਦੇ ਦੀਵਾ ਬਾਲ

ਰਿਸ਼ਤੇ ਸਿਆਸੀਕਰਨ ਹੋ ਗਏ
ਰੂਹਾਂ ਦੇ ਦਿਲ ਮਰਨ ਹੋ ਗਏ
ਇਕ ਰਾਵਣ ਨੂੰ ਮਾਰਨ ਬਦਲੇ
ਕਿੰਨੇ ਸੀਤਾ ਹਰਨ ਹੋ ਗਏ
ਰਾਮ ਤੋਂ ਚੋਰੀ ਚੋਰੀ ਰਲ ਗਿਆ
ਹਨੂਮਾਨ ਰਾਵਣ ਦੇ ਨਾਲ
ਉੱਠ ਨੀ ਜਿੰਦੇ ਦੀਵਾ ਬਾਲ

ਘਰ ਤੇ ਉਹ ਹਨੇਰੀ ਝੁੱਲ ਗਈ
ਸਭ ਨੂੰ ਅਸਲੀ ਗੱਲ ਹੀ ਭੁੱਲ ਗਈ
ਬੇ-ਰੰਗੇ ਲੋਕਾਂ ਦੀ ਸੂਰਤ
ਰੰਗਾਂ ਵਿਚ ਅਜੇਹੀ ਘੁਲ ਗਈ
ਰੰਗ ਬਰੰਗੇ ਲੋਕਾਂ ਵਿਚੋਂ
ਆਪਣੀ ਵੀ ਔਖੀ ਹੈ ਭਾਲ
ਉੱਠ ਨੀ ਜਿੰਦੇ ਦੀਵਾ ਬਾਲ

ਦਿਨ ਨੂੰ ਆਖਣ ਰਾਤ ਹਨੇਰੀ
ਐਨੀ ਵੱਡੀ ਹੇਰਾ ਫੇਰੀ
ਸੂਰਜ ਸਾਰੇ ਚੁੱਪ ਚੁਪੀਤੇ
ਚੰਦਰਮਾ ਸਭ ਘੁੰਮਣ ਘੇਰੀ
ਧਰਤੀ ਗੁੰਮ ਸੁੰਮ ਘੁੰਮੀ ਜਾਵੇ
ਕੌਣ ਕਰੇਗਾ ਸੱਚ ਦੀ ਭਾਲ
ਉੱਠ ਨੀ ਜਿੰਦੇ ਦੀਵਾ ਬਾਲ

ਕਿਨ ਵੈਦਾਂ ਦਾ ਸੰਗ ਹੋ ਗਿਆ
ਸੋਚਾਂ ਨੂੰ ਅਧਰੰਗ ਹੋ ਗਿਆ
ਹਰ ਖ਼ਾਹਿਸ਼ ਦਾ ਖ਼ਾਹਿਸ਼ ਰੁੱਤੇ
ਪੀਲਾ ਪੀਲਾ ਰੰਗ ਹੋ ਗਿਆ
ਮੁਰਦਾ ਮੁਰਦਾ ਰੰਗਾਂ ਵਿਚੋਂ
ਚਲ ਤੂੰ ਹੀ ਜ਼ਿੰਦਾ ਰੰਗ ਭਾਲ
ਉੱਠ ਨੀ ਜਿੰਦੇ ਦੀਵਾ ਬਾਲ

ਜਦ ਤੀਆਂ ਦੀ ਤੀਜ ਸਜੇਗੀ
ਹੁਣ ਨਾ ਕੋਈ ਭੀੜ ਜੁੜੇਗੀ
ਪਿੱਪਲ ਨਾ ਹੱਸੂ ਨਾ ਰੋਊ
ਹਰ ਟਾਹਣੀ ਖ਼ਾਮੋਸ਼ ਰਹੇਗੀ
ਸਾਰੇ ਵਰਤ ਅਵਰਤ ਰਹਿਣਗੇ
ਕਰ ਕਰ ਕੇ ਕੰਜਕਾਂ ਦੀ ਭਾਲ
ਉੱਠ ਨੀ ਜਿੰਦੇ ਦੀਵਾ ਬਾਲ

ਸੱਧਰਾਂ ਦੇ ਸਭ ਗੁੰਬਦ ਢਹਿ ਗਏ
ਬਿਨ ਪਾਣੀ ਤੋਂ ਹੀ ਘਰ ਵਹਿ ਗਏ
ਹੱਕ ਦੀ ਕੌਣ ਆਵਾਜ਼ ਉਠਾਵੇ
ਜਦ ਸ਼ਾਇਰ ਹੀ ਗਹਿਣੇ ਪੈ ਗਏ
ਸਰਕਾਰੀ ਕਵੀਆਂ ਵਿਚ ਤੇਰੀ
'ਪਰਦੇਸੀ' ਗਲਣੀ ਨਈ੍ਹੀਂ ਦਾਲ
ਉੱਠ ਨੀ ਜਿੰਦੇ ਦੀਵਾ ਬਾਲ

ਮੋਬਾ : 97802-13351

ਕਵਿਤਾ / ਗੁਰਿੰਦਰ ਕਲਸੀ

## ਮੇਰੇ ਵਾਂਗ

ਹਰ ਰੋਜ਼ ਇਨ੍ਹਾਂ ਨੂੰ ਪਾਣੀ ਦੇਣਾ
ਕਦੇ ਭੁੱਲਣਾ ਨਹੀਂ

ਥੋੜ੍ਹੀ ਜਿਹੀ ਖਾਦ
ਮੈਂ ਪਾ ਦਿੱਤੀ ਹੈ
ਥੋੜ੍ਹੀ ਜਿਹੀ ਅਗਲੇ ਹਫ਼ਤੇ ਹੋਰ ਪਾ ਦੇਣਾ

ਤੇਜ਼ ਮੀਂਹ ਜੇ ਆ ਜਾਵੇ
ਗ਼ਮਲੇ ਵਰਾਂਡੇ ਵਿਚ ਕਰ ਦੇਣਾ
ਕੀੜਿਆਂ ਨੂੰ ਆਜ਼ਾਦੀ ਨਾਲ
ਪੱਤਿਆਂ ਉਪਰ ਘੁੰਮਣ ਦੇਣਾ

ਅਤੇ ਹਾਂ
ਹਰ ਰੋਜ਼ ਸਵੇਰੇ
ਇਨ੍ਹਾਂ ਪੌਦਿਆਂ ਕੋਲ
ਪਿਆਰ ਨਾਲ ਖੜ੍ਹਨਾ
ਬਿਲਕੁਲ ਵਿਹਲੇ ਸਮੇਂ
ਇਨ੍ਹਾਂ ਨਾਲ ਗੱਲਾਂ ਕਰਨੀਆਂ

ਧਿਆਨ ਰੱਖਣਾ ਕਿ
ਫੁੱਲਾਂ ਦੇ ਚੌਵੀ ਬੀਜਾਂ ਵਿਚੋਂ
ਕਿੰਨੇ ਪੁੰਗਰ ਪਏ ਹਨ
ਹਰ ਰੋਜ਼ 'ਕੱਲੇ-'ਕੱਲੇ ਦੀ
ਖ਼ਬਰਸਾਰ ਰੱਖਣਾ

ਦੇਖਣਾ ਕਿ
ਹਰੀਆਂ ਵੇਲਾਂ ਦੇ
ਹੋਰ ਕਿੰਨੇ ਪੱਤੇ ਨਿਕਲੇ
ਜਿਵੇਂ ਮੈਂ ਰੋਜ਼ ਗਿਣਦਾ
ਹਿਸਾਬ ਰੱਖਦਾ ਹਾਂ

ਤੂੰ ਭਾਵੇਂ ਕਿੰਨਾ ਵੀ ਉਦਾਸ ਹੋਵੀਂ
ਫੁੱਲਾਂ ਪੱਤੀਆਂ ਕੋਲ
ਬਸ ਖ਼ੁਸ਼ ਹੋ ਕੇ ਹੀ ਜਾਵੀਂ

ਜੇ ਉਹ ਉਦਾਸ ਹੋ ਗਏ
ਤਾਂ ਮੈਨੂੰ ਵੀ
ਉਦਾਸ ਹੀ ਜਾਣੀਂ
•

ਮੋਬਾ : 98881-39135



ਕਵਿਤਾਵਾਂ

*ਸੁਰਜੀਤ (ਟੋਰਾਂਟੋ)*

## ਸੰਮੋਹਿਤ

ਪ੍ਰਸ਼ਾਂਤ ਮਹਾਂਸਾਗਰ ਦੀ ਖਾੜੀ—
ਓਸ ਪਾਰ ਖੜੇ ਦਿੱਗਜ ਪਰਬਤ
ਦੁਪਾਸੇ ਝੂਮਦੇ
ਲੰਮੀਆਂ ਲੰਮੀਆਂ ਜ਼ੁਲਫ਼ਾਂ ਵਾਲੇ
ਲੰਮੇ ਲੰਮੇ 'ਵਿੱਲੋ' ਦੇ ਦਰਖ਼ਤ
ਰੀੜ੍ਹ ਦੀ ਹੱਡੀ ਨੂੰ ਝੁਕਾਉਂਦੀ ਹੋਈ
ਮਹਾਂਨਗਰ ਸਾਨਫਰਾਂਸਿਸਕੋ ਦੀ ਹਵਾ, ਸਰਦ
ਖਾੜੀ ਕੰਢੇ ਤੁਰੀ ਜਾ ਰਹੀ ਮੈਂ

ਚਿਹਰਿਆਂ ਦੇ ਗੁੰਚੇ—
ਲਹਿਰਾ ਰਹੇ ਭਾਂਤ-ਭਾਂਤ ਦੇ ਫੁੱਲ ਜਿਵੇਂ
ਮੰਡਰਾ ਰਹੇ ਪੰਛੀ
ਤੈਰ ਰਹੀਆਂ 'ਸੀਗਲਜ਼'
ਟੌਮੀਆਂ ਸਿੰਬਿਆਂ ਦੀਆਂ ਜ਼ੰਜੀਰਾਂ ਫੜੀ
ਦੌੜਦੇ ਹੋਏ ਕੁਝ 'ਮਹਾਂਰਥੀ'
ਸਮੁੰਦਰ ਕੰਢੇ ਟਹਿਲਦੇ
ਹੱਸਦੇ ਖੇਡਦੇ ਇਕ ਦੂਜੇ ਦਾ ਹੱਥ ਫੜੀ...

ਸਮੁੰਦਰੀ ਲਹਿਰਾਂ ਵੀ ਦੌੜ ਰਹੀਆਂ
ਇਕ ਦੂਜੀ ਤੋਂ ਅੱਗੇ
ਇਕ ਦੂਜੀ ਤੋਂ ਉੱਪਰ
ਇਕ ਦੂਜੀ ਤੋਂ ਤੇਜ਼
ਉਛਾਲੇ ਖਾਂਦੀਆਂ
ਦੁੜੰਗੇ ਮਾਰਦੀਆਂ
ਮੇਰੇ ਵੱਲ ਭੱਜੀਆਂ ਆਉਂਦੀਆਂ
ਕੀ ਮੇਰੇ ਲਈ ਸੁਨੇਹਾ ਲਿਆ ਰਹੀਆਂ ?
ਕਹਿਣਾ ਕੀ ਚਾਹੁੰਦੀਆਂ ?

ਸ਼ਾਇਦ :
ਦਿਸਦੇ ਦੇ ਪਾਰ ਹੈ ਕੁਝ ਅਣਦਿਸਦਾ ਵੀ
ਬਹੁਤ ਸੂਖ਼ਮ ਦਿਸਦੈ
ਐਧਰ ਆ ਦਿਖਾਈਏ !

ਪਾਣੀ ਵਿਚ ਪੈਰ ਡੁਬੋ
ਉਨ੍ਹਾਂ ਦਾ ਸੁਨੇਹਾ ਸੁਨਣ
ਪੱਥਰਾਂ 'ਤੇ ਬੈਠਦੀ ਹਾਂ
ਲਹਿਰਾਂ ਨੂੰ ਇਕ ਟੱਕ ਵੇਖੀ ਜਾਵਾਂ—
ਇਕ ਇਕ ਕਰਕੇ ਲਹਿਰਾਂ ਆਉਣ
ਮੇਰੇ ਪੈਰਾਂ ਹੇਠ ਪਏ ਪੱਥਰਾਂ ਨਾਲ
ਟਕਰਾ ਟਕਰਾ ਫ਼ਨਾਹ ਹੋਈ ਜਾਣ
ਕਿਸੇ 'ਟਰਾਂਸ' 'ਚ ਚਲੀ ਜਾਂਦੀ ਹਾਂ
ਲਹਿਰਾਂ ਜਿਹੀ ਇਕ ਲਹਿਰ ਹੋ ਜਾਂਦੀ ਹਾਂ

ਮੇਰੀ ਕਾਇਆ ਹੌਲੀ ਹੌਲੀ ਪਿਘਲੀ ਜਾਵੇ
ਪਾਣੀ ਵਰਗੀ ਤਰਲ ਹੋਈ ਜਾਵਾਂ
ਸਾਹ ਮੇਰੇ ਸੀਤ ਹਵਾ 'ਚ ਰਲਦੇ ਜਾਵਣ
ਰਤ ਸਮੁੰਦਰ ਦੇ ਪਾਣੀ ਸੰਗ
ਅਠਖੇਲੀਆਂ ਕਰਦੀ
ਮੇਰਾ ਤੇਜ ਡੁੱਬਦੇ ਹੋਏ ਸੂਰਜ 'ਚ ਸਮਾ ਜਾਂਦੈ
ਮੇਰੀ ਹੋਂਦ ਮਿਟਦੀ ਜਾਂਦੀ
ਮੇਰਾ ਆਕਾਰ ਅਲੋਪ ਹੋਈ ਜਾਵੇ;
ਮੇਰੇ 'ਚੋਂ ਮੈਂ ਗੁੰਮਦੀ ਜਾਵਾਂ
ਸਮੁੰਦਰ ਦੀ ਗਹਿਰਾਈ 'ਚ ਡੁੱਬਦੀ ਜਾਵਾਂ

ਅਕਸਮਾਤ ਇਕ ਲਹਿਰ
ਮੱਥੇ ਆ ਕੇ ਛੂੰਹਦੀ ਹੋਈ ਕਹਿੰਦੀ
ਵੇਖ ਅਸੀਂ ਪਰਤ ਆਈਆਂ ਹਾਂ
ਲਹਿਰਾਂ ਕਦੀ ਨਹੀਂ ਮਰਦੀਆਂ ਹੁੰਦੀਆਂ
ਲਹਿਰਾਂ ਫੇਰ ਜੀਅ ਪੈਂਦੀਆਂ
ਲਹਿਰਾਂ ਫੇਰ ਮੁੜ ਆਉਂਦੀਆਂ !!

ਟਰਾਂਸ 'ਚੋਂ ਨਿਕਲ
ਰਲ ਜਾਂਦੀ ਹਾਂ
ਲੰਮੀਆਂ ਲੰਮੀਆਂ ਜ਼ੁਲਫ਼ਾਂ ਵਾਲੇ
'ਵਿੱਲੋ' ਦੇ ਝੂਮਦੇ ਦਰਖ਼ਤਾਂ ਵਿਚ
ਸਾਨਫਰਾਂਸਿਸਕੋ ਦੀ ਠੰਢੀ ਹਵਾ ਵਿਚ
ਚਿਹਰਿਆਂ ਦੇ ਗੁੰਚਿਆਂ ਸੰਗ—
ਲਹਿਰਾ ਰਹੇ ਭਾਂਤ ਭਾਂਤ ਦੇ ਫੁੱਲਾਂ 'ਤੇ
ਮੰਡਰਾ ਰਹੇ ਪੰਛੀਆਂ
ਤਿਤਲੀਆਂ
ਤੇ ਤੈਰ ਰਹੀਆਂ 'ਸੀਗਲਜ਼' ਵਿਚਕਾਰ
ਟੌਮੀਆਂ ਸਿੰਬਿਆਂ ਦੀਆਂ ਜ਼ੰਜੀਰਾਂ ਫੜੀ
ਦੌੜਦੇ ਹੋਏ 'ਮਹਾਂਰਥੀਆਂ' ਵਿਚ ਗੁਆਚੀ
ਸਾਖਸ਼ੀ ਹੋ ਜਾਂਦੀ ਆਂ
ਸਮੁੰਦਰ ਕੰਢੇ ਬੀਤ ਰਹੇ
ਅਲੌਕਿਕ ਪਲਾਂ ਦੀ...

## ਵਿਛੜੇ ਘਰ

ਮੁੱਦਤ ਬਾਅਦ
ਵਿਛੜੇ ਘਰ ਦੇ ਬੂਹੇ
ਜਦ ਮੈਂ ਛੋਹੇ
ਘੁਣ ਲੱਗੇ ਬੂਹੇ ਭੁਰ ਭੁਰ ਰੋਏ !

ਖਲੇਪੜ ਲਾਹੁੰਦੀਆਂ ਰਹੀਆਂ ਕੰਧਾਂ
ਹੈਰਾਨ ਹੋਈਆਂ ਬੜੀਆਂ
ਵਰ੍ਹਿਆਂ ਦੀ ਭੁੱਲੀ ਅੱਜ
ਕਿੱਥੋਂ ਆਣ ਵੜੀ ਆਂ ?

ਨੇਹੁ ਨਾਲ ਭਰੀਆਂ
ਨੈਣ-ਨਦੀਆਂ ਉੱਮੜ ਪਈਆਂ
ਪੈੜਾਂ ਜਦ ਅੰਦਰ ਪਈਆਂ;
ਸੁੱਤੇ ਹੋਏ ਵਿਹੜੇ ਨੇ ਵੀ
ਅੰਗੜਾਈਆਂ ਲਈਆਂ

ਮੋਹ ਭਿੱਜਾ ਵਿਹੜਾ
ਮਾਰ ਨਿਹੋਰਾ ਬੋਲਿਆ—
ਯਾਦ ਐ, ਮੈਨੂੰ ਲਿੱਪਦੀ ਨਾ ਥੱਕਦੀ ਸੈਂ
ਬੂਟਿਆਂ ਨਾਲ ਸ਼ਿੰਗਾਰ ਕੇ
ਰੀਝਾਂ ਨਾਲ ਤੱਕਦੀ ਸੈਂ
ਹੁਣ ਕਿਉਂ ਸੁੰਨੇ ਘਰ ਦਾ ਸਰਾਪ ਦੇ ਕੇ
ਮੈਨੂੰ ਇਉਂ ਛੱਡ ਗਈਓਂ
ਬੂਹੇ ਨੂੰ ਮਾਰ ਜੰਦਰਾ
ਖ਼ੁਦ ਕਿਤੇ ਦੂਰ ਤੁਰ ਗਈਓਂ ?

ਓਹ ਮੇਰੇ ਵਿਛੜੇ ਘਰ
ਛੱਡਦਾ ਨਹੀਂ ਹੁੰਦਾ ਕੋਈ ਐਵੇਂ ਈ
ਲਹੂ ਪਸੀਨੇ ਨਾਲ ਬਣਾਏ ਆਪਣੇ ਘਰ
ਜੇ ਰੋਟੀ ਦਾ ਗੁਜਰਾਨ ਹੁੰਦਾ ਹੋਵੇ ਇਥੇ
ਕੌਣ ਸੁੰਨੇ ਕਰਕੇ ਜਾਣਾ ਚਾਹਵੇ ਪਰਦੇਸ
ਇੰਝ ਆਪਣੇ ਪਿਆਰ ਘਰ ?

•

ਮੋਬਾ : 416-606-3784



ਕਵਿਤਾ

## ਸ਼ੈਲਿੰਦਰਜੀਤ ਸਿੰਘ ਰਾਜਨ

### ਕੁਦਰਤ

ਫੁੱਲ ਮਹਿਕਦੇ, ਹੱਸਦੇ, ਮੌਲਦੇ ਨੇ,
ਅੱਜ ਖਿੜਿਆ ਹੈ ਫੇਰ ਅਸਮਾਨ ਮੀਆਂ।

ਪੰਛੀ ਪੁੱਛਦੇ ਆਪਣੇ ਸਾਥੀਆਂ ਨੂੰ,
ਅੰਦਰ ਵੜਿਆ ਏ ਕਾਹਤੋਂ ਇਨਸਾਨ ਮੀਆਂ।

ਚੁੱਪ ਪਸਰੀ, ਸੁੰਨ ਮੁਸਾਨ ਹੋ ਗਈ
ਖ਼ਾਲੀ ਹੋ ਗਿਆ ਸਾਰਾ ਜਹਾਨ ਮੀਆਂ।

ਨਾ ਬੰਦਾ, ਨਾ ਬੰਦੇ ਦੀ ਜਾਤ ਦਿਸਦੀ,
ਉੱਜੜ ਗਿਆ ਏ ਕੁਲ ਜਹਾਨ ਮੀਆਂ।

ਜਿਹੜੇ ਆਖਦੇ ਮਿਲਣ ਦਾ ਵਕਤ ਹੈ ਨਾ,
ਵਿਹਲੇ ਬੈਠੇ ਨੇ, ਬੰਦ ਦੁਕਾਨ ਮੀਆਂ।

ਸੁਪਰ ਪਾਵਰ ਜੋ ਖ਼ੁਦ ਨੂੰ ਦੱਸਦੇ ਸੀ,
ਦੇਸ਼ ਹੋ ਗਏ ਨੇ ਇਕ ਸਮਾਨ ਮੀਆਂ।

ਜਿਹੜੀ ਸਾਇੰਸ ’ਤੇ ਬਹੁਤੇ ਹੀ ਭੁੜਕਦੇ ਸੀ,
ਹੁਣ ਲੱਭਦੇ ਨਾ ਸਾਇੰਸਦਾਨ ਮੀਆਂ।

ਹੱਥ ਲਾਈਂ ਨਾ, ਕੋਲ ਨਾ ਆਈਂ ਸਾਡੇ,
ਸਕੇ ਸੋਧਰੇ ਰੌਲਾ ਇਹ ਪਾਣ ਮੀਆਂ।

ਮਾੜੇ ਚੰਗੇ ਦਾ ਭੇਦ ਜੋ ਰਿਹਾ ਕਰਦਾ,
ਬੰਦਾ ਬਣਿਆ ਸੀ ਨਿਰਾ ਹੈਵਾਨ ਮੀਆਂ।

ਕਰਦਾ ਰਿਹਾ ਏਂ ਜ਼ੁਲਮ ਮਾਸੂਮ ਉੱਤੇ,
ਮਾਰੇ ਕਿੰਨੇ ਬੇਜ਼ੁਬਾਨ ਮੀਆਂ।

ਕੁਦਰਤ ਆਖਦੀ ਬੰਦਿਆ ਤੂੰ ਟਲ ਜਾ,
ਛੱਡ ਅਜੇ ਵੀ ਸਾਰਾ ਗੁਮਾਨ ਮੀਆਂ।

ਮੋਹ, ਮਾਇਆ ਦਾ ਝੂਠਾ ਸਾਥ ਛੱਡ ਦੇ,
ਕਰ ਅਜੇ ਵੀ ਬੰਦ ਜ਼ੁਬਾਨ ਮੀਆਂ।

ਹੁਣ ਵਕਤ ਹੈ, ਮਾੜੇ ਦਾ ਸਾਥ ਦੇ ਦੇ,
ਦਿੱਤਾ ਸਮੇਂ ਨੇ ਇਹ ਗਿਆਨ ਮੀਆਂ।

ਉੱਡ ਲੈਣ ਦੇ ਪੰਛੀ ਪਰਿੰਦਿਆਂ ਨੂੰ,
ਦਿੱਤਾ ਉਸੇ ਦਾ ਹੈ ਸਭੇ ਖਾਣ ਮੀਆਂ।

ਨੰਗਾ ਆਇਆ ਤੇ ਨੰਗਾ ਹੀ ਜਾਵਣਾ ਏ,
ਜਾਣਾ ਸਾਰਿਆਂ ਇਕ ਸ਼ਮਸ਼ਾਨ ਮੀਆਂ।

ਮੇਲੇ ਸੋਹਣਿਆਂ ਨੇ ਜੱਗ ਜਿਊਂਦਿਆਂ ਦੇ,
ਵਿਚ ਜਾਨ ਦੇ ਨਾਲ ਜਹਾਨ ਮੀਆਂ।

ਕੁਦਰਤ ਨਾਲ ਖਿਲਵਾੜ ਨਾ ਕਰੀਂ ਮੁੜਕੇ,
‘ਰਾਜਨ’ ਉਸਦਾ ਇਹ ਫ਼ੁਰਮਾਨ ਮੀਆਂ

•

ਮੋਬਾ : 98157-69164

ਕਵਿਤਾਵਾਂ / **ਸ਼ਮਿੰਦਰ**

### ਉਹ

ਉਸ ਬਾਰੇ
ਮੇਰੇ ਅੰਦਾਜ਼ੇ ਸਦਾ ਅਸਫ਼ਲ ਰਹਿੰਦੇ...

ਕਦੇ ਉਹ ਹਿਮਾਲਿਆ ਵਰਗੀ ਲੱਗਦੀ
ਕਦੇ ਹਿਮਾਲਿਆ ਦੀ ਗੋਦ ਵਿਚ ਖਿੜੇ
ਨਿੱਕੇ ਜਿਹੇ ਫੁੱਲ ਵਰਗੀ

ਕਦੇ ਸੂਰਜ ਵਾਂਗ ਮਘਦੀ
ਤੇ ਕਦੇ
ਝੀਤ ਵਿਚੋਂ ਡਿੱਗਦੀ ਰੌਸ਼ਨੀ ’ਚ ਉੱਡਦੇ
ਧੂੜ ਕਣਾਂ ਵਰਗੀ

ਸੌ ਸਾਲ ਤੋਂ ਖੜ੍ਹੇ
ਵਿਸ਼ਾਲ ਰੁੱਖ ਜਿਹਾ ਸਬਰ ਵੀ ਹੈ
ਉਸ ਵਿਚ

ਅਕਸਰ
ਉਹ ਕਤੂਰਿਆਂ ਵਾਂਗ
ਸ਼ਰਾਰਤਾਂ ਕਰਦੀ ਐ
ਜਿਵੇਂ ਉਹ ਇਕ ਦੂਜੇ ਦੀ ਪੂਛ
ਖਿੱਚ ਕੇ ਭੱਜ ਜਾਂਦੇ ਨੇ

ਉਹ ਇਵੇਂ ਹੱਸਦੀ ਐ
ਜਿਵੇਂ ਜੰਗਲ ਵਿਚ
ਵਾਂਕਾ ਦਾ ਦਾਦਾ ਹੱਸਦਾ ਹੋਵੇ
ਉਹਦੀ ਚੁੱਪ ਬੜੀ ਭਿਆਨਕ ਹੈ
ਜਿਵੇਂ ਕਾਇਨਾਤ ਦੀ ਸਿਰਜਣਾ
ਅਜੇ ਹੋਣੀ ਹੋਵੇ


### ਕਾਸ਼

ਕਾਸ਼...

ਤੂੰ ਇਵੇਂ ਹੁੰਦਾ ਜਿਵੇਂ
ਖ਼ੁਸ਼ਬੂ ਕੇਤਕੀ ਵਿਚ ਰਚੀ ਹੁੰਦੀ ਏ

ਹਰ ਵਾਰ ਤੈਨੂੰ ਸ਼ੀਸ਼ੀ ਚੱਕ
ਛਿੜਕਣਾ ਨਾ ਪੈਂਦਾ

ਮੋਬਾ : 75268-08047



ਹਿੰਦੀ ਕਵਿਤਾ

## *ਦੇਵੇਂਦਰ ਆਰਿਯ*

ਮੋਬਾ : 731-8323162



### ਖ਼ੁਸ਼ਬੂ

ਦੁਨੀਆਂ ਦੇ ਸਾਰੇ ਗੁਲਾਬਾਂ ਦੀ ਖ਼ੁਸ਼ਬੂ ਇਕੋ ਜਿਹੀ ਹੁੰਦੀ ਹੈ
ਇਕੋ ਤਰ੍ਹਾਂ ਮਹਿਕਦੀ ਹੈ ਚਮੇਲੀ
ਇਕੋ ਜਿਹੇ ਮਹਿਕਦੇ ਹਨ ਸੇਬ
ਇਕੋ ਤਰ੍ਹਾਂ ਦੀ ਖ਼ੁਸ਼ਬੂ ਦਿੰਦੇ ਹਨ ਖੁੱਡੇ
ਪਰ!
ਦੁਨੀਆਂ ਦੇ ਸਾਰੇ ਘਰਾਂ ਦੀ ਆਪਣੀ ਹੀ ਅੱਡ
ਮਹਿਕ ਹੁੰਦੀ ਹੈ
ਕਰੋੜਾਂ ਛੱਤਾਂ ਦੇ ਹੇਠਾਂ ਤੁਸੀਂ ਆਪਣਾ
ਸਿਰਫ਼ ਆਪਣਾ ਘਰ ਸੁੰਘ ਕੇ ਪਛਾਣ ਸਕਦੇ ਹੋ

ਬਹੁਤ ਨਸ਼ੀਲੀਆਂ ਹੁੰਦੀਆਂ ਹਨ ਖੁਸ਼ਬੋਈਆਂ
ਕਟਹਲ ਦੇ ਗੁਦੇ ਵਾਂਗ ਰਸ ਨਾਲ ਭਰੀਆਂ
ਤੁਸੀਂ ਆਪਣੀ ਤੀਵੀਂ ਨੂੰ ਪਿਛਾਂਹ ਤੋਂ ਵੀ ਪਛਾਣ ਸਕਦੇ ਹੋ
ਉਸ ਦੀ ਤੋਰ ਦੀ ਖ਼ੁਸ਼ਬੂ ਤੋਂ

ਯਕੀਨ ਨਾਲ ਭਰੀ ਹੁੰਦੀ ਹੈ ਕੋਈ-ਕੋਈ ਖ਼ੁਸ਼ਬੂ
ਸੁਰੱਖਿਆ ਮਹਿਸੂਸ ਹੁੰਦੀ ਹੈ ਉਸਦੇ ਨਾਲ
ਜਿਵੇਂ ਭੀੜ ਵਿਚ ਪਿਤਾ ਦੀ ਉਂਗਲ ਫੜ
ਹੱਥ ਦੀ ਤਲੀ 'ਚੋਂ ਆਉਂਦੀ ਖ਼ੁਸ਼ਬੂ

ਮਾਂ ਦੇ ਪਿੰਡੇ ਤੋਂ ਉੱਠਦੀ ਖ਼ੁਸ਼ਬੂ ਨੂੰ ਸਿਆਣਦਾ ਹੈ ਨਿੱਕਾ ਬਾਲ
ਤੇ ਬੇਫ਼ਿਕਰ ਰਹਿੰਦਾ ਹੈ ਉਸ ਦੀ ਬੁੱਕਲ ਵਿਚ

ਵੰਗਾਰ ਤੋਂ ਵੀ ਆਉਂਦੀ ਹੈ ਇਕ ਖ਼ੁਸ਼ਬੂ
ਮਹਿਕਦੀ ਹੈ ਇਕ ਸੁਪਨੇ ਨਾਲ ਭਰੀ ਜ਼ਿਦ
ਉਦਾਸੀ ਦੀ ਰੰਗ ਉੱਡੀ ਅਸਮਾਨੀ ਖ਼ੁਸ਼ਬੂ
ਅੱਖਾਂ ਤੋਂ ਉੱਠਦੀ ਹੈ
ਤੇ ਪੂਰੀ ਧਰਤ ਤੋਂ ਗ੍ਹਾ ਮਾਰਦੀ ਹੈ

ਇਕ ਖ਼ਾਸ ਤਰ੍ਹਾਂ ਨਾਲ ਮਹਿਕਦੀਆਂ ਨੇ ਯਾਦਾਂ
ਇਕ ਖ਼ਾਸ ਤਰ੍ਹਾਂ ਨਾਲ ਮਹਿਕਦਾ ਹੈ ਯਕੀਨ
ਇਕ ਖ਼ਾਸ ਤਰ੍ਹਾਂ ਦੀ ਬੋਅ ਹੁੰਦੀ ਹੈ ਡਰ ਵਿਚ
ਇਕ ਕਦਮ ਚਿੰਬੜੀ ਹੋਈ ਸ਼ੱਕ ਨਾਲ
ਉਡੀਕ ਹੋਵੇ ਜਾਂ ਮੰਨਣਾ-ਮਨਾਉਣਾ
ਕੁਝ ਵੀ ਗੁਡਹਲ ਦੇ ਫੁੱਲਾਂ ਵਾਂਗ ਖ਼ੁਸ਼ਬੂ ਤੋਂ ਊਣਾ ਨਹੀਂ ਹੁੰਦਾ

ਆਪਣੀ ਇਕ ਅੱਡ ਹੀ ਖ਼ੁਸ਼ਬੂ ਹੁੰਦੀ ਹੈ ਈਮਾਨ ਦੀ
ਲੂਣ ਦੀ ਖ਼ੁਸ਼ਬੂ ਵਰਗੀ
ਜਿਸ ਨੂੰ ਸੁੰਘ ਨਹੀਂ ਸਕਦੇ ਬੇਗ਼ੈਰਤ

ਅੱਥਰੂਆਂ ਦੀ ਗੰਧ ਸਿਰਫ਼ ਗੱਲਾਂ ਨੂੰ ਹੀ ਪਤਾ ਹੁੰਦੀ ਹੈ

ਖ਼ੁਸ਼ਬੂਆਂ ਪਿੱਛਾ ਕਰਦੀਆਂ ਨੇ ਕਦੇ-ਕਦੇ ਸਾਡਾ
ਤਮਾਮ ਖ਼ੁਸ਼ਬੂਆਂ ਦਾ ਜੋੜ ਹੈ ਜੀਵਨ
ਖ਼ੁਸ਼ਬੂ ਤੇ ਲੈਅ ਦਾ ਰਿਦਮ
ਸਾਹਾਂ ਦੀ ਆਪਣੀ ਹੀ ਇਕ ਖ਼ੁਸ਼ਬੂ

ਅਰਮਾਨ ਮਹਿਕਦੇ ਹਨ ਤੇਲ ਵਿਚ ਭੁੰਨੇ ਜਾ ਰਹੇ ਪਿਆਜ ਵਾਂਗ
ਸੜੇ ਆਲੂਆਂ ਵਾਂਗ ਵੀ ਬੋਅ
ਮਾਰਦੇ ਹਨ ਕਈ ਅਰਮਾਨ
ਮਰ ਜਾਂਦੇ ਹਨ ਤੇਲ ਨਾਲ ਭਿੱਜੇ ਬਿਸਤਰੇ ਦੀ ਗੰਧ ਵਿਚ
ਵਲੇਟ ਕਈ ਕਾਮਯਾਬੀਆਂ

ਕੋਈ ਇਕ ਨੱਕ
ਸਾਰੀਆਂ ਖ਼ੁਸ਼ਬੋਈਆਂ ਕੱਠੀਆਂ ਕਰ ਲਵੇ ਜ਼ਰੂਰੀ ਨਹੀਂ
ਕੋਈ-ਕੋਈ ਤਾਂ ਮਹਿਕਦਾ ਹੈ ਕਿਤਾਬਾਂ ਵਾਂਗ
ਕਿਸੇ-ਕਿਸੇ ਤੋਂ ਆਉਂਦੀ ਹੈ ਚਾਸ਼ਨੀ ਵਰਗੀ ਖ਼ੁਸ਼ਬੂ
ਇਨ੍ਹੀਂ ਦਿਨੀਂ ਮੇਰੇ ਨੱਕ ਵਿਚ ਵਸ ਗਈ ਹੈ
ਹਾਰੇ ਵਿਚ ਹੌਲੀ-ਹੌਲੀ ਰਿੱਝਦੀ ਦਾਲ ਦੀ
ਨਿੰਮੀ-ਨਿੰਮੀ ਖ਼ੁਸ਼ਬੂ
ਗੀਝੇ ਵਿਚ ਪਏ ਰੁਪਈਆਂ ਦੀ ਗੰਧ ਭੁੱਲਦਾ ਜਾ ਰਿਹਾ ਹਾਂ ਮੈਂ
ਖ਼ੈਰ ਛੱਡੋ
ਕਦੇ ਕਿਸੇ ਤਿਹਾਏ ਨੂੰ ਪੁੱਛਣਾ ਪਾਣੀ ਦੀ ਖ਼ੁਸ਼ਬੂ!

•

ਅਨੁ : *ਭੁਪਿੰਦਰ ਕੌਰ ਪ੍ਰੀਤ*
ਮੋਬਾ : 98141-77954

ਕਹਾਣੀ / ਡਾ. ਪ੍ਰਵੀਨ ਠਾਕੁਰ



# ਛੁੱਟੀ

ਪਿਤਾ ਜੀ ਲਗਭਗ ਪਿਛਲੇ ਦੋ ਸਾਲਾਂ ਤੋਂ ਢਿੱਲੇ ਮੱਠੇ ਚੱਲਦੇ ਆ ਰਹੇ ਸਨ। ਜਦੋਂ ਰੁੱਤ ਬਦਲਦੀ, ਉਦੋਂ ਹੀ ਪਿਤਾ ਜੀ ਮੰਜਾ ਫੜ ਲੈਂਦੇ। ਥੋੜੇ ਦਿਨ ਦਵਾ ਦਾਰੂ ਕਰਨ ਤੋਂ ਬਾਦ ਠੀਕ ਵੀ ਹੋ ਜਾਂਦੇ। ਵੱਡੀ ਭਾਬੀ ਤੇ ਮਾਤਾ ਜੀ ਸੇਵਾ ਕਰਦੇ ਨਾ ਥੱਕਦੇ। ਵੱਡੇ ਭਾਜੀ ਦੀ ਨੌਕਰੀ ਤਾਂ ਨੇੜੇ ਸ਼ਹਿਰ ਵਿਚ ਹੀ ਸੀ, ਪਰ ਛੋਟੇ ਦੋਵੇਂ ਭਰਾ ਫ਼ੌਜ ਵਿਚ ਸਨ। ਉਹ ਤਾਂ ਕੇਵਲ ਸਾਲ ਵਿਚ ਦੋ ਮਹੀਨੇ ਦੀ ਛੁੱਟੀ ਹੀ ਆਉਂਦੇ। ਜਦੋਂ ਉਨ੍ਹਾਂ ਦੀ ਛੁੱਟੀ ਆਉਣ ਦੀ ਚਿੱਠੀ ਆਉਂਦੀ ਤਾਂ ਮਾਤਾ ਜੀ ਤੇ ਪਿਤਾ ਜੀ ਨੂੰ ਚਾਅ ਚੜ੍ਹ ਜਾਂਦਾ। ਉਹ ਉਸੇ ਦਿਨ ਉਨ੍ਹਾਂ ਦੇ ਆਉਣ ਦੀਆਂ ਤਿਆਰੀਆਂ ਸ਼ੁਰੂ ਕਰ ਦਿੰਦੇ। ਜਦੋਂ ਉਹ ਛੁੱਟੀ ਕੱਟ ਕੇ ਵਾਪਸ ਜਾਂਦੇ ਤਾਂ ਉਹ ਅਗਲੇ ਸਾਲ ਉਨ੍ਹਾਂ ਦੀ ਛੁੱਟੀ ਆਉਣ ਦੀ ਉਡੀਕ ਵਿਚ ਬੈਠ ਜਾਂਦੇ। ਮੈਨੂੰ ਯਾਦ ਹੈ, ਜਦੋਂ ਵਿਚਕਾਰਲਾ ਵੀਰ ਸ੍ਰੀਨਗਰ ਪੋਸਟਿਡ ਸੀ ਤਾਂ ਮਾਤਾ ਜੀ, ਪਿਤਾ ਜੀ ਨੂੰ ਕਹਿਣ ਲੱਗੇ—"ਜੂਨ ਜਾਂ ਜੁਲਾਈ ਮਹੀਨੇ ਮੁੰਡਿਆਂ ਨੇ ਛੁੱਟੀ ਆਉਣਾ ਏ, ਇਸ ਲਈ ਉਪਰ ਵਾਲੇ ਕੋਠੇ ਵਿਚ ਕੂਲਰ ਲਗਵਾਉਣਾ ਏ। ਪਿਛਲੇ ਸਾਲ ਵੀ ਗਰਮੀਆਂ ਇੰਝ ਹੀ ਲੰਘ ਗਈਆਂ ਸਨ। ਇਸ ਵਾਰੀ ਸਰਦੀਆਂ-ਸਰਦੀਆਂ ਵਿਚ ਕੂਲਰ ਖਰੀਦ ਲੈਣਾ ਏ, ਕਿਉਂਕਿ ਸਰਦੀਆਂ ਵਿਚ ਆਮ ਤੌਰ 'ਤੇ ਬਿਜਲੀ ਦੀਆਂ ਚੀਜ਼ਾਂ ਸਸਤੀਆਂ ਮਿਲ ਜਾਂਦੀਆਂ ਨੇ।"

ਜਦੋਂ ਪਿਤਾ ਜੀ ਨੇ ਇਹ ਗੱਲ ਸੁਣੀ ਤਾਂ ਉਹ ਕਹਿਣ ਲੱਗੇ—"ਭਾਗਵਾਨੇ, ਇਸ ਵਾਰੀ ਤੂੰ ਜ਼ਰੂਰ ਉਸ ਨੂੰ ਪੰਜਾਬ ਦੀ ਜੂਨ-ਜੁਲਾਈ ਦੀ ਗਰਮੀ ਵਿਚ ਛੁੱਟੀ ਬੁਲਾਉਣਾ ਏ, ਗਰਮੀਆਂ ਵਿਚ ਲੋਕੀ ਸ੍ਰੀਨਗਰ ਜਾਂਦੇ ਨੇ ਠੰਡ ਮਾਣਨ ਲਈ ਤੇ ਤੂੰ ਉਸ ਨੂੰ ਸੜਦੀ ਗਰਮੀ ਵਿਚ ਸ੍ਰੀਨਗਰ ਤੋਂ ਪੰਜਾਬ ਬੁਲਾਉਣ ਦੀ ਗੱਲ ਕਰ ਰਹੀ ਏਂ।"

ਮਾਤਾ ਜੀ ਨੇ ਮਨ ਹੀ ਮਨ ਸੋਚਿਆ ਗੱਲ ਤਾਂ ਇਹ ਠੀਕ ਹੀ ਕਹਿ ਰਹੇ ਹਨ ਪਰ ਚਲੋ ਕਮਰੇ ਵਿਚ ਕੂਲਰ ਲੱਗ ਜਾਵੇ, ਗਰਮੀ ਕਿਹੜੀ ਇਸੇ ਸਾਲ ਆਉਣੀ ਏ। ਪੰਜਾਬ ਵਿਚ ਤਾਂ ਲਗਭਗ ਸਾਰਾ ਸਾਲ ਹੀ ਗਰਮੀ ਪੈਂਦੀ ਰਹਿੰਦੀ ਏ। ਅਸਲ ਵਿਚ ਮਾਤਾ ਜੀ ਦੀ ਮਰਜ਼ੀ ਇਸ ਸਾਲ ਨਿੱਕੇ ਭਰਾ ਦਾ ਵਿਆਹ ਕਰ ਦੇਣ ਦੀ ਵੀ ਸੀ। ਸ਼ਾਇਦ ਇਸ ਕਰਕੇ ਵੀ ਮਾਤਾ ਜੀ ਉਸਦੇ ਛੁੱਟੀ ਆਉਣ ਤੋਂ ਪਹਿਲਾਂ ਪਹਿਲਾਂ ਘਰ ਦੀਆਂ ਜ਼ਰੂਰੀ ਚੀਜ਼ਾਂ ਬਣਾਉਣ ਦੇ ਆਹਰ ਵਿਚ ਨਿੱਤ ਨਵੀਆਂ ਫ਼ਰਮਾਇਸ਼ਾਂ ਪਾਉਂਦੇ ਰਹਿੰਦੇ ਸਨ।

ਛੋਟੇ ਭਰਾ ਦੀ ਡਿਊਟੀ ਰਾਂਚੀ ਸੀ, ਉਹ ਵੀ ਫ਼ੌਜ ਵਿਚ ਇਨਫੈਂਟਰੀ ਵਿਚ ਨੌਕਰੀ ਕਰਦਾ ਸੀ।

ਅਸਲ ਵਿਚ ਮਾਤਾ ਜੀ ਨੇ ਕਦੀ ਸੁਪਨੇ ਵਿਚ ਵੀ ਨਹੀਂ ਸੀ ਸੋਚਿਆ ਕਿ ਉਨ੍ਹਾਂ ਦੇ ਦੋਵੇਂ ਨਿੱਕੇ ਪੁੱਤਰ ਫ਼ੌਜ ਵਿਚ ਭਰਤੀ ਹੋ ਜਾਣਗੇ ਕਿਉਂਕਿ ਉਹ ਫ਼ੌਜ ਦੀ ਨੌਕਰੀ ਤੋਂ ਬੜਾ ਘਬਰਾਉਂਦੇ ਸਨ। ਪਰ ਪਤਾ ਨਹੀਂ ਕਿਉਂ ਇਹ ਦੋਨੋਂ ਛੋਟੇ ਨਾ ਚਾਹੁੰਦੇ ਵੀ ਫ਼ੌਜ ਵਿਚ ਚਲੇ ਗਏ। ਵਿਚਕਾਰਲੇ ਭਰਾ ਨੂੰ ਤਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਚ ਐੱਮ.ਏ. ਹਿਸਟਰੀ ਵਿਚ ਦਾਖਲਾ ਵੀ ਦਿਵਾਇਆ ਹੋਇਆ ਸੀ ਪਰ ਉਥੇ ਨੇੜੇ ਕੈਂਟ ਵਿਚ ਐਜੂਕੇਸ਼ਨ ਕੋਰ ਦਾ ਕੋਈ ਟੈਸਟ ਪਾਸ ਕਰਕੇ ਫ਼ੌਜ ਵਿਚ ਭਰਤੀ ਹੋ ਗਿਆ। ਮੈਨੂੰ ਪੂਰੀ ਤਰ੍ਹਾਂ ਯਾਦ ਹੈ ਜਦੋਂ ਉਸਨੇ ਇਹ ਟੈਸਟ ਪਾਸ ਕੀਤਾ ਸੀ ਤਾਂ ਉਸਨੇ ਹੋਸਟਲ ਤੋਂ ਘਰ ਆ ਕੇ ਇਸ ਬਾਰੇ ਮਾਤਾ ਜੀ ਨਾਲ ਗੱਲ ਨਹੀਂ ਸੀ ਕੀਤੀ। ਹਾਂ, ਪਿਤਾ ਜੀ ਨੂੰ ਜ਼ਰੂਰ ਦੱਸਿਆ ਸੀ ਕਿ ਉਸਨੇ ਐਜੂਕੇਸ਼ਨ ਕੋਰ ਵਾਲਾ ਟੈਸਟ ਪਾਸ ਕਰ ਲਿਆ ਹੈ ਅਤੇ ਮਹੀਨੇ, ਡੇਢ ਮਹੀਨੇ ਤਕ ਉਹ ਸਿੱਧਾ ਹਵਾਲਦਾਰ ਬਣ ਕੇ ਫ਼ੌਜ ਵਿਚ ਚਲੇ ਜਾਵੇਗਾ। ਪਿਤਾ ਜੀ ਨੇ ਉਸਦਾ ਕੋਈ ਵਿਰੋਧ ਨਾ ਕੀਤਾ ਸਗੋਂ ਉਸ ਨੂੰ ਹੌਸਲਾ ਦਿੰਦੇ ਹੋਏ ਕਿਹਾ, "ਠੀਕ ਹੈ, ਪੁੱਤਰ, ਜਦੋਂ ਨੌਕਰੀ ਮਿਲੇ, ਜ਼ਰੂਰ ਕਰ ਲੈਣੀ ਚਾਹੀਦੀ ਹੈ ਕਿਉਂਕਿ ਕਈ ਵਾਰ ਬੰਦਾ ਇਕ ਵਾਰੀ ਦਾ ਖੁੰਝਿਆ ਕਿਤੇ ਦਾ ਕਿਤੇ ਜਾ ਕੇ ਪੈਂਦਾ ਹੈ।"

ਪਰ ਮਾਤਾ ਜੀ ਨੂੰ ਜਦੋਂ ਵਿਚਕਾਰਲੇ ਦੀ ਫ਼ੌਜ ਵਿਚ ਭਰਤੀ ਹੋਣ ਦਾ ਪਤਾ ਲੱਗਾ ਤਾਂ ਉਨ੍ਹਾਂ ਦਾ ਤਾਂ ਜਾਣੋ ਕਾਲਜਾ ਹੀ ਫੜਿਆ ਗਿਆ। ਉਨ੍ਹਾਂ ਉਸ ਦਿਨ ਰੋਟੀ ਨਾ ਖਾਧੀ ਸਗੋਂ ਪਿਤਾ ਜੀ ਨਾਲ ਲੜਨ ਲਈ ਤਿਆਰ ਹੋ ਗਏ। ਕਹਿਣ ਲੱਗੇ—ਤੁਸੀਂ ਕਿੱਦਾਂ ਇਜਾਜ਼ਤ ਦੇ ਦਿੱਤੀ, ਫ਼ੌਜ ਦੀ ਨੌਕਰੀ ਦੀ। ਮੈਂ ਤਾਂ ਆਪਣਾ ਮੁੰਡਾ ਪ੍ਰੋਫ਼ੈਸਰ ਬਣਾਉਣਾ ਸੀ। ਮੈਂ ਹਾਲੇ ਉਹ ਦਿਨ ਨਹੀਂ ਭੁੱਲੀ, ਜਦੋਂ ਨੌਂ ਸਾਲ ਬਾਦ ਤੁਸੀਂ ਵਾਪਸ ਪਰਤੇ ਸੀ, ਤੁਹਾਡੇ ਕੋਲੋਂ ਕੀ ਛੁਪਿਆ ਏ। ਤੁਹਾਨੂੰ ਪਤਾ ਈ ਏ, ਮੈਂ ਨੌਂ ਸਾਲ ਰੋਟੀ ਨਹੀਂ ਸੀ ਖਾਧੀ, ਫਲਾਹਾਰ ਨਾਲ ਨੌਂ ਸਾਲ ਕੱਟੇ ਸਨ। ਮੈਂ ਨਹੀਂ ਜਾਣ ਦੇਣਾ ਦੂਰ ਆਪਣੇ ਬੱਚੇ ਨੂੰ।"

ਅਸਲ ਵਿਚ ਦੂਸਰੇ ਮਹਾਂਯੁੱਧ ਵਿਚ ਪਿਤਾ ਜੀ ਜਰਮਨ ਵਿਚ

ਕੈਦੀ ਬਣਾ ਲਏ ਗਏ ਸਨ। ਵਿਆਹ ਤੋਂ 20 ਦਿਨ ਬਾਅਦ ਹੀ ਚਲੇ ਗਏ ਸਨ ਤੇ ਪੂਰੇ ਨੌਂ ਸਾਲਾਂ ਬਾਦ ਘਰ ਆਏ ਸਨ। ਮਾਤਾ ਜੀ ਤਾਂ ਫ਼ੌਜ ਦੀ ਨੌਕਰੀ ਤੋਂ ਇੰਨਾ ਤ੍ਰਹਿੰਦੇ ਸਨ ਜਿਵੇਂ ਚੂਹਾ ਬਿੱਲੀ ਕੋਲੋਂ ਤ੍ਰਹਿੰਦਾ ਖੁੱਡ ਵਿਚ ਵੜ ਜਾਂਦਾ ਹੈ। ਪਰ ਪਿਤਾ ਜੀ ਫ਼ੌਜ ਦੀ ਨੌਕਰੀ ਨੂੰ ਵਧੀਆ ਸਮਝਦੇ ਸਨ, ਮਾਤਾ ਜੀ ਦੇ ਨਾ ਚਾਹੁੰਦੇ ਹੋਏ ਵੀ ਦੋਵੇਂ ਛੋਟੇ ਫ਼ੌਜ ਵਿਚ ਹੀ ਭਰਤੀ ਹੋ ਗਏ ਸਨ। ਛੋਟਾ ਭਰਾ ਤਾਂ ਬੜਾ ਹੀ ਸ਼ੌਕੀਨ ਸੀ, ਫ਼ੌਜੀ ਬਣਨ ਦਾ। ਬਚਪਨ ਵਿਚ ਉਹ ਪਿਤਾ ਜੀ ਦੀ ਵੱਡੀ ਸਾਰੀ ਕਮੀਜ਼ ਤੇ ਪਤਲੂਨ ਪਾ ਕੇ ਪਿਤਾ ਜੀ ਨੂੰ ਪੁੱਛਿਆ ਕਰਦਾ ਸੀ—"ਪਿਤਾ ਜੀ, ਮੈਂ ਕੈਸਾ ਦਿਖਤਾ ਹੂੰ, ਸੀ.ਓ. ਬਣ ਕੇ ?" ਪਿਤਾ ਜੀ ਉਸ ਨੂੰ ਉਨ੍ਹਾਂ ਕੱਪੜਿਆਂ ਵਿਚ ਹੀ ਚੁੱਕ ਲੈਂਦੇ ਅਤੇ ਬੜੇ ਲਾਡ ਨਾਲ ਬਾਹਾਂ ਤੋਂ ਉਪਰ ਲਿਜਾ ਕੇ ਕਹਿੰਦੇ, "ਵਾਹ ਓਏ ਮੇਰਿਆ ਫ਼ੌਜੀ ਪੁੱਤਰਾ, ਤੂੰ ਤਾਂ ਜ਼ਰੂਰ ਬਣੇਂਗਾ ਇਕ ਦਿਨ ਸੀ.ਓ. ਸਾਹਬ।"

ਮਾਤਾ ਜੀ ਪਿਤਾ ਜੀ ਦੀ ਇਸ ਹੱਲਾਸ਼ੇਰੀ ਤੋਂ ਹਮੇਸ਼ਾ ਨਰਾਜ਼ ਹੁੰਦੇ। ਉਹ ਉਸੇ ਵੇਲੇ ਪਿਤਾ ਜੀ ਨੂੰ ਟੋਕਦੇ ਹੋਏ ਕਹਿੰਦੇ, "ਤੁਸੀਂ ਬਣ ਜਾਣਾ ਵੱਡੇ ਸੀ.ਓ. ਸਾਹਬ, ਮੈਂ ਤਾਂ ਆਪਣੇ ਮੁੰਡੇ ਇੰਜੀਨੀਅਰ, ਡਾਕਟਰ ਤੇ ਪ੍ਰੋਫ਼ੈਸਰ ਬਣਾਉਣੇ ਨੇ। ਮੈਂ ਨਹੀਂ ਭੇਜਣੇ ਮੁੰਡੇ ਦੂਰ।" ਮੈਨੂੰ ਪੂਰੀ ਤਰ੍ਹਾਂ ਯਾਦ ਹੈ ਜਦੋਂ ਦੋਨੋਂ ਛੋਟੇ ਭਰਾ ਛੁੱਟੀ ਕੱਟ ਕੇ ਜਾਂਦੇ ਤਾਂ ਮਾਤਾ ਜੀ ਰੋਜ਼ ਸ਼ਾਮੀਂ ਡਾਕੀਏ ਦੀ ਉਡੀਕ ਕਰਨ ਬੈਠ ਜਾਂਦੇ। ਹਾਲੇ ਉਨ੍ਹਾਂ ਨੂੰ ਗਿਆਂ ਨੂੰ ਮਸਾਂ ਹਫ਼ਤਾ ਵੀ ਨਾ ਹੋਇਆ ਹੁੰਦਾ ਤਾਂ ਉਹ ਕਹਿਣਾ ਸ਼ੁਰੂ ਕਰ ਦਿੰਦੇ, "ਮੁੰਡਿਆਂ ਨੂੰ ਗਿਆਂ ਬੜੇ ਦਿਨ ਹੋ ਗਏ ਨੇ, ਹਾਲੇ ਉਨ੍ਹਾਂ ਦੀ ਕੋਈ ਚਿੱਠੀ ਨਹੀਂ ਆਈ।" ਡਾਕੀਆ ਜਦੋਂ ਹਫ਼ਤੇ ਦਸੀਂ ਦਿਨੀਂ ਉਨ੍ਹਾਂ ਦੀ ਚਿੱਠੀ ਲੈ ਕੇ ਆਉਂਦਾ ਤਾਂ ਉਹ ਚਿੱਠੀ ਖੋਲ੍ਹਣ ਤੋਂ ਪਹਿਲਾਂ ਕਈ ਕਈ ਵਾਰ ਚਿੱਠੀ ਛਾਤੀ ਨਾਲ ਲਾਉਂਦੇ, ਫਿਰ ਅੱਖਾਂ ਨਾਲ ਤੇ ਫਿਰ ਮੱਥੇ ਨਾਲ। ਫਿਰ ਉਸ ਤੋਂ ਬਾਅਦ ਚਿੱਠੀ ਖੋਲ੍ਹ ਕੇ ਕਿਸੇ ਕੋਲੋਂ ਪੜ੍ਹਵਾਉਂਦੇ। ਰਾਜ਼ੀ ਖੁਸ਼ੀ ਦਾ ਪਤਾ ਲੱਗਣ ਤੋਂ ਬਾਦ ਉਹ ਇੰਞ ਮਹਿਸੂਸ ਕਰਦੇ, ਜਿਵੇਂ ਵੀਰੇ ਉਨ੍ਹਾਂ ਨੂੰ ਚਿੱਠੀ ਵਿਚ ਹੀ ਮਿਲ ਗਏ ਹੋਣ।

ਮੈਂ ਕਈ ਵਾਰੀ ਵੇਖਿਆ ਮਾਤਾ ਜੀ ਬਰਾਮਦੇ ਵਿਚ ਬੈਠੇ ਆਪ ਵੀ ਉਹੀ ਚਿੱਠੀ ਦੁਬਾਰਾ ਪੜ੍ਹ ਰਹੇ ਹੁੰਦੇ, ਜਿਹੜੀ ਉਨ੍ਹਾਂ ਨੇ ਕੱਲ੍ਹ ਕਿਸੇ ਕੋਲੋਂ ਪੜ੍ਹਵਾਈ ਹੁੰਦੀ ਸੀ। ਵੀਰਿਆਂ ਦੇ ਵਿਆਹ ਹੋਣ ਤੋਂ ਬਾਅਦ ਵੀਰਿਆਂ ਨੇ ਇਕੱਠੀਆਂ ਦੋ-ਦੋ ਚਿੱਠੀਆਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ। ਇਕ ਪਿਤਾ ਜੀ ਦੇ ਨਾਂ ਉਪਰ ਅਤੇ ਦੂਜੀਆਂ ਕੇਅਰ ਆਫ਼ ਕਰਕੇ ਆਪਣੇ ਨਾਂ ਉਪਰ। ਪਿਤਾ ਜੀ ਦੇ ਨਾਂ ਵਾਲੀ ਚਿੱਠੀ ਮਾਂ ਨੇ ਸੰਭਾਲ ਲੈਣੀ ਅਤੇ ਦੂਜੀ ਚਿੱਠੀ ਉਨ੍ਹਾਂ ਦੀਆਂ ਪਤਨੀਆਂ ਨੂੰ ਦੇ ਦੇਣੀ। ਮਾਤਾ ਜੀ ਨੇ ਆਪਣੀਆਂ ਚਿੱਠੀਆਂ ਆਪਣੇ ਬਕਸੇ ਵਿਚ ਸੰਭਾਲ ਕੇ ਰੱਖਣੀਆਂ ਅਤੇ ਕਦੇ-ਕਦਾਈਂ ਵਿਹਲੇ ਬੈਠਿਆਂ ਪੁਰਾਣੀਆਂ ਚਿੱਠੀਆਂ ਨੂੰ ਪੜ੍ਹਦੇ ਰਹਿਣਾ। ਮੈਂ ਕਈ ਵਾਰੀ ਕਹਿਣਾ—ਮਾਤਾ ਜੀ, ਇੰਨਾ ਲਾਡ ਨਾ ਕਰਿਆ ਕਰੋ, ਆਪਣੇ ਧੀਆਂ-ਪੁੱਤਰਾਂ ਨਾਲ। ਹੁਣ ਬੁੱਢੇ ਹੋ ਰਹੇ ਹੋ, ਰਾਮ ਦਾ ਨਾਂ ਜਪਿਆ ਕਰੋ। ਹੁਣ ਤੁਹਾਡੇ ਬੱਚੇ ਬਾਲ-ਬੱਚਿਆਂ ਵਾਲੇ ਹੋ ਗਏ ਨੇ। ਹੁਣ ਉਨ੍ਹਾਂ ਨੂੰ ਸੰਭਾਲਣ ਵਾਲੀਆਂ ਆ ਗਈਆਂ ਨੇ। ਪਰ ਮਾਤਾ ਜੀ ਨੇ ਮੇਰੀ ਗੱਲ ਪੂਰੀ ਵੀ ਨਾ ਹੋਣ ਦੇਣੀ ਅਤੇ ਵਿਚੋਂ ਹੀ ਟੋਕ ਕੇ ਕਹਿਣਾ—"ਐਵੇਂ ਨਾ ਬੋਲਿਆ ਕਰ, ਹੁਣ ਤੂੰ ਵੱਡੀ ਹੋ ਗਈ ਏਂ, ਮੈਨੂੰ ਮੱਤਾਂ ਦੇਣ ਲੱਗ ਪਈ ਏਂ।"

ਅਸਲ ਵਿਚ ਮਾਤਾ ਜੀ ਦੇ ਪਿਛਲੇ ਪਾਸੇ ਯਾਨਿ ਸਾਡੇ ਨਾਨਕਿਆਂ ਵਿਚੋਂ ਕੋਈ ਵੀ ਨਹੀਂ ਸੀ। ਮਾਤਾ ਜੀ ਹੋਰੀਂ ਦੋ ਹੀ ਭੈਣਾਂ ਸਨ। ਇਕ ਮੇਰੀ ਮਾਸੀ, ਜਿਹੜੀ ਮੇਰੇ ਤਾਇਆ ਜੀ ਨਾਲ ਵਿਆਹੀ ਹੋਈ ਸੀ। ਦੋਵੇਂ ਭੈਣਾਂ ਇਕੋ ਘਰ ਸਨ। ਮਾਂ-ਬਾਪ ਨਿੱਕੇ ਹੁੰਦਿਆਂ ਦੇ ਮਰ ਗਏ ਸਨ। ਇਸ ਲਈ ਪਿਛਲਾ ਪਾਸਾ ਨਾ ਹੋਣ ਕਰਕੇ ਮਾਤਾ ਜੀ ਆਪਣੇ ਅਤੇ ਆਪਣੇ ਭੈਣ ਦੇ ਬੱਚਿਆਂ ਨੂੰ ਹੀ ਸਭ ਕੁਝ ਸਮਝਦੇ ਸਨ।

ਇਸ ਵਾਰ ਜਦੋਂ ਸਰਦੀਆਂ ਹਾਲੇ ਸ਼ੁਰੂ ਹੀ ਹੋਣ ਵਾਲੀਆਂ ਸਨ ਕਿ ਪਿਤਾ ਜੀ ਨੂੰ ਮਾੜੀ ਜਿਹੀ ਖਾਂਸੀ ਲੱਗਣ ਤੋਂ ਬਾਦ ਬੁਖਾਰ ਨੇ ਆ ਘੇਰਿਆ। ਫਿਰ ਪਤਾ ਨਹੀਂ ਕੀ ਹੋਇਆ, ਇਕ ਤੋਂ ਬਾਦ ਦੂਜੀ ਤੇ ਫਿਰ ਤੀਜੀ ਅਲਾਮਤ ਚੰਬੜੀ ਜਾ ਰਹੀ ਸੀ। ਅਸਲ ਵਿਚ ਬਿਮਾਰੀਆਂ ਵੀ ਬੁੱਢੇ ਵਿਅਕਤੀ ਉਪਰ ਆਪਣੀ ਜ਼ੋਰ ਅਜ਼ਮਾਇਸ਼ ਕਰ ਲੈਂਦੀਆਂ ਹਨ। ਮਾਤਾ ਜੀ ਨੇ ਵਿਚਕਾਰਲੀ ਭਾਬੀ ਨੂੰ ਮਨ੍ਹਾ ਵੀ ਕੀਤਾ ਕਿ ਮੁੰਡੇ ਨੂੰ ਬਾਹਰ ਬੈਠੇ ਨੂੰ ਚਿੱਠੀ ਵਿਚ ਪਿਤਾ ਜੀ ਦੀ ਬਿਮਾਰੀ ਬਾਰੇ ਕੁਝ ਨਾ ਲਿਖੀਂ। ਪਰ ਉਸਨੇ ਮਨ੍ਹਾਂ ਕਰਨ ਉੱਤੇ ਵੀ ਲਿਖ ਹੀ ਦਿੱਤਾ ਕਿ ਪਿਤਾ ਜੀ ਠੀਕ ਨਹੀਂ ਹਨ। ਹਫ਼ਤੇ ਬਾਦ ਉਸ ਦੀ ਚਿੱਠੀ ਆ ਗਈ ਕਿ ਛੁੱਟੀ ਨਹੀਂ ਮਿਲ ਸਕਦੀ, ਇਸ ਲਈ ਉਹ ਆਪ ਤਾਂ ਨਹੀਂ ਆ ਸਕਦਾ ਪਰ ਉਸਨੇ ਚਿੱਠੀ ਵਿਚ ਹੀ ਆਪਣਾ ਸਾਰਾ ਮੋਹ ਪਿਆਰ ਭੇਜ ਦਿੱਤਾ ਅਤੇ ਆਪਣੀ ਪਤਨੀ ਨੂੰ ਖ਼ਾਸ ਹਿਦਾਇਤ ਕੀਤੀ ਕਿ ਉਹ ਦਿਨ ਰਾਤ ਇਕ ਕਰਕੇ ਪਿਤਾ ਜੀ ਦੀ ਸੇਵਾ ਵਿਚ ਕੋਈ ਕਮੀ ਨਾ ਛੱਡੇ। ਪਰ ਛੋਟੇ ਭਰਾ ਨੂੰ ਪਤਾ ਨਹੀਂ ਕਿੱਥੋਂ ਛੁੱਟੀ ਮਿਲ ਗਈ। ਉਹ ਪੰਦਰਾਂ ਦਿਨ ਦੀ ਛੁੱਟ ਲੈ ਕੇ ਘਰ ਆ ਗਿਆ। ਉਸ ਨੂੰ ਵੇਖ ਕੇ ਸਾਰੇ ਹੈਰਾਨ ਅਤੇ ਖ਼ੁਸ਼ ਸਨ। ਉਸ ਨੂੰ ਛੁੱਟੀ ਆਇਆਂ ਵੇਖ ਕੇ ਤਾਂ ਪਿਤਾ ਜੀ ਦੀ ਬਿਮਾਰੀ ਲੱਗਦਾ ਕਿ ਖੰਭ ਲਾ ਕੇ ਉੱਡ ਗਈ। ਉਹ ਕੁਝ ਦਿਨਾਂ ਵਿਚ ਠੀਕ ਹੋ ਗਏ ਅਤੇ ਖੇਤਾਂ ਵੱਲ ਗੇੜਾ ਮਾਰਨ ਲੱਗ ਪਏ। ਪਰ ਇਹ ਸਭ ਸਾਡਾ ਭੁਲੇਖਾ ਹੀ ਸੀ ਕਿਉਂਕਿ ਪਿਤਾ ਜੀ ਬੜੇ ਕਮਜ਼ੋਰ ਹੋ ਚੁੱਕੇ ਸਨ। ਹਾਲੀਂ ਦੋ-ਤਿੰਨ ਮਹੀਨੇ ਹੀ ਨਿਕੇ ਸਨ ਅਤੇ ਸਰਦੀ ਹਾਲੇ ਪੂਰੀ ਤਰ੍ਹਾਂ ਖ਼ਤਮ ਵੀ ਨਹੀਂ ਸੀ ਹੋਈ ਕਿ ਪਿਤਾ ਜੀ ਮੰਜੀ 'ਤੇ ਪੈ ਗਏ। ਇਸ ਵਾਰੀ ਤਾਂ ਮਾਤਾ ਜੀ ਵੀ ਘਬਰਾ ਗਏ। ਉਨ੍ਹਾਂ ਨੇ ਮੇਰੀਆਂ ਦੋਹਾਂ ਭਾਬੀਆਂ ਨੂੰ ਬੁਲਾ ਕੇ ਕਿਹਾ—"ਨੀ ਵਹੁਟੀਓ, ਆਪਣੇ ਆਪਣੇ ਘਰ ਵਾਲਿਆਂ ਨੂੰ ਖ਼ਤ ਪਾ ਦਿਓ, ਆਪਣੇ ਪਿਓ ਦਾ ਆਖ਼ਰੀ ਮੂੰਹ ਵੇਖ ਲੈਣ। ਛੋਟੀ ਭਾਬੀ ਤਾਂ ਇੰਨੇ ਨਿੱਕੇ ਦਿਲ ਦੀ ਸੀ ਕਿ ਉਸਨੇ ਤਾਂ ਇਹ ਸੁਣ ਕੇ ਰੋਣਾ ਹੀ

ਸ਼ੁਰੂ ਕਰ ਦਿੱਤਾ। ਵਿਚਕਾਰਲੀ ਭਾਬੀ ਨੇ ਵੀ ਆਪਣੇ ਪਤੀ ਨੂੰ ਖ਼ਤ ਲਿਖਿਆ ਕਿ ਉਹ ਛੁੱਟੀ ਲੈ ਕੇ ਆ ਜਾਣ ਕਿਉਂਕਿ ਪਿਤਾ ਜੀ ਦੀ ਤਬੀਅਤ ਬਹੁਤੀ ਠੀਕ ਨਹੀਂ। ਵਿਚਕਾਰਲੇ ਭਰਾ ਨੇ ਆਪਣੇ ਅਫ਼ਸਰ ਅੱਗੇ ਪਿਤਾ ਜੀ ਦੀ ਬਿਮਾਰੀ ਦੀ ਚਿੱਠੀ ਬਾਰੇ ਦੱਸ ਕੇ ਛੁੱਟੀ ਲੈਣ ਦੀ ਬੇਨਤੀ ਕੀਤੀ। ਪਰ ਅਫ਼ਸਰ ਤਾਂ ਛੁੱਟੀ ਲੈਣ ਦੀ ਗੱਲ ਸੁਣ ਕੇ ਅੱਗ ਬਬੂਲਾ ਹੋ ਗਿਆ। "ਨਹੀਂ ਨਹੀਂ, ਛੁੱਟੀ ਨਹੀਂ ਮਿਲ ਸਕਤੀ, ਅਭੀ ਤੋ ਆਪਨੇ ਕਈ ਮਹੀਨੇ ਪਹਿਲੇ ਹੀ ਦੋ ਮਹੀਨੇ ਕੀ ਛੁੱਟੀ ਕਾਟੀ ਥੀ।" "ਸਰ ਪਿਤਾ ਜੀ ਸਚ ਮੇਂ ਬਹੁਤ ਬਿਮਾਰ ਹੈਂ।" "ਹਾਂ ਹਾਂ, ਐਸੀ ਚਿਠੀਆਂ ਤੋ ਮੁਝੇ ਹਰ ਰੋਜ਼ ਤੇਰੇ ਜੈਸੇ ਕਈ ਸੋਲਜ਼ਰ ਦਿਖਾਤੇ ਰਹਿਤੇ ਹੈਂ।" "ਸਰ ਪਲੀਜ਼, ਸਰ ਪਲੀਜ਼, ਸਚ ਮੇਂ ਸਰ ਜੀ, ਪਿਤਾ ਜੀ ਪਿਛਲੇ ਇਕ ਦੋ ਮਹੀਨੋਂ ਸੇ ਐਸੇ ਹੀ ਚਲ ਰਹੇ ਹੈਂ। ਪਲੀਜ਼ ਸਰ ਮੁਝੇ ਕਿਰਪਿਆ ਸਾਤ ਦਿਨ ਕੀ ਛੁੱਟੀ ਦੇ ਦੋ।" "ਆਈ ਸੇ ਗੈੱਟ ਆਊਟ।" "ਯੈੱਸ ਸਰ।" ਉਸ ਨੇ ਸਲਿਊਟ ਮਾਰਿਆ ਤੇ ਹੋਣਹਾਕਾ ਹੋਇਆ ਅਫ਼ਸਰ ਦੇ ਕਮਰੇ ਵਿਚੋਂ ਬਾਹਰ ਆ ਗਿਆ। ਉਹ ਸਾਰਾ ਦਿਨ ਇੰਝ ਘੁੰਮਦਾ ਰਿਹਾ ਜਿਵੇਂ ਉਸਦਾ ਕੁਝ ਗੁਆਚ ਗਿਆ ਹੋਵੇ। ਸਾਰੀ ਰਾਤ ਨੀਂਦ ਨਾ ਆਈ। ਉਸ ਨੂੰ ਪਤਾ ਹੀ ਨਾ ਲੱਗਾ ਕਿਵੇਂ ਪਲਸੇਟੇ ਮਾਰਦੇ ਸਾਰੀ ਰਾਤ ਲੰਘ ਗਈ।

ਦੂਜੇ ਦਿਨ ਉਸ ਨੇ ਇਹ ਸਾਰੀ ਗੱਲ ਆਪਣੇ ਨਾਲ ਦੇ ਫ਼ੌਜੀਆਂ ਨੂੰ ਵੀ ਦੱਸੀ। ਇਕ ਸੂਬੇਦਾਰ ਮੇਜਰ, ਜੋ ਸਾਡੇ ਪਿੰਡ ਦਾ ਹੀ ਸੀ, ਜੋ ਦੋ ਚਾਰ ਦਿਨ ਪਹਿਲਾਂ ਛੁੱਟੀ ਕੱਟ ਕੇ ਪਿੰਡੋਂ ਪਰਤਿਆ ਸੀ, ਉਸਨੇ ਇਕ ਰੁੱਕਾ ਤੇ ਮਾਂ ਦੇ ਹੱਥ ਦੀਆਂ ਬਣੀਆਂ ਪਿੰਨੀਆਂ ਦਿੰਦੇ ਹੋਏ ਵਿਚਕਾਰਲੇ ਭਰਾ ਨੂੰ ਕਿਹਾ, "ਭਈ ਮੁੰਡਿਆ, ਚਾਚਾ ਜੀ ਮੈਨੂੰ ਬਹੁਤੇ ਠੀਕ ਨਹੀਂ ਲੱਗੇ, ਛੁੱਟੀ ਲੈ ਕੇ ਮਿਲ ਆ ਦੋ ਦਿਨ।" ਉਹੀ ਗੱਲ ਹੋਈ ਅੱਜ ਘਰੋਂ ਤਾਰ ਵੀ ਆ ਗਈ। ਵਿਚਕਾਰਲੇ ਭਰਾ ਨੇ ਉਸ ਸੂਬੇਦਾਰ ਮੇਜਰ ਨਾਲ ਗੱਲ ਵੀ ਕੀਤੀ ਕਿ ਅਫ਼ਸਰ ਛੁੱਟੀ ਨਹੀਂ ਦੇ ਰਿਹਾ। ਜੇ ਹੋ ਸਕੇ ਤਾਂ ਉਹ ਉਸ ਨਾਲ ਚੱਲ ਪਵੇ। ਇਕ ਵਾਰੀ ਫੇਰ 'ਰੀਕੂਐਸਟ' ਕਰਕੇ ਵੇਖ ਲੈਂਦੇ ਹਾਂ।

ਸੋ ਸੂਬੇਦਾਰ ਮੇਜਰ ਨੂੰ ਨਾਲ ਲੈ ਕੇ ਵਿਚਕਾਰਲਾ ਭਰਾ ਫਿਰ ਅਫ਼ਸਰ ਅੱਗੇ ਪੇਸ਼ ਹੋਇਆ। ਪਤਾ ਨਹੀਂ, ਅਫ਼ਸਰ ਦਾ ਮੂਡ ਠੀਕ ਸੀ ਜਾਂ ਸੂਬੇਦਾਰ ਮੇਜਰ ਕਰਕੇ ਉਸਨੇ ਪੰਜ ਦਿਨ ਦੀ ਛੁੱਟੀ ਲਈ ਹਾਂ ਕਰ ਦਿੱਤੀ। ਪਰ ਨਾਲ ਹੀ ਤਾੜਨਾ ਕਰਦੇ ਹੋਏ ਕਿਹਾ, ਜੇ ਪੰਜਵੇਂ ਦਿਨ ਗੱਡੀ ਨਾ ਚੜ੍ਹਿਆ ਤਾਂ ਕੋਰਟ ਮਾਰਸ਼ਲ ਕਰ ਦੂੰ ਤੇਰਾ।" ਵਿਚਕਾਰਲਾ ਭਰਾ ਜਿਵੇਂ ਤਿਵੇਂ ਛੁੱਟੀ ਲੈ ਕੇ ਘਰ ਪੁੱਜ ਗਿਆ। ਪਿਤਾ ਜੀ ਪਿੰਡ ਦੇ ਡਾਕਟਰ ਕੋਲੋਂ ਠੀਕ ਨਹੀਂ ਸਨ ਹੋ ਰਹੇ। ਇਸ ਲਈ ਉਸ ਨੇ ਉਨ੍ਹਾਂ ਨੂੰ ਅੰਮ੍ਰਿਤਸਰ ਕਿਸੇ ਵੱਡੇ ਹਸਪਤਾਲ ਵਿਚ ਐਡਮਿਟ ਕਰਨ ਦੀ ਸਲਾਹ ਦਿੱਤੀ। ਸੋ ਪਿਤਾ ਜੀ ਨੂੰ ਗੁਰੂ ਰਾਮਦਾਸ ਹਸਪਤਾਲ ਵਿਚ ਐਡਮਿਟ ਕਰਵਾਇਆ ਗਿਆ। ਰੱਬ ਦਾ ਭਾਣਾ, ਜਿਸ ਦਿਨ ਵਿਚਕਾਰਲੇ ਨੇ ਰਾਤੀਂ ਗੱਡੀ ਫੜਨੀ ਸੀ, ਸਵੇਰੇ ਦਸ ਵਜੇ ਪਿਤਾ ਜੀ ਰੱਬ ਨੂੰ ਪਿਆਰੇ ਹੋ ਗਏ। ਉਸੇ ਦਿਨ ਸਸਕਾਰ ਕਰ ਦਿੱਤਾ ਗਿਆ। ਸਾਰਾ ਘਰ ਰਿਸ਼ਤੇਦਾਰਾਂ ਨਾਲ ਭਰਿਆ ਹੋਇਆ ਸੀ। ਸ਼ਾਮੀਂ ਪੰਜ ਵਜੇ ਜਦੋਂ ਸਾਰੇ ਘਰ ਪਰਤੇ ਤਾਂ ਵਿਚਕਾਰਲੇ ਨੇ ਵੱਡੇ ਭਰਾ ਨਾਲ ਗੱਲ ਕੀਤੀ ਕਿ ਕੀ ਕੀਤਾ ਜਾਵੇ, ਛੁੱਟੀ ਦਾ। ਸਾਰੇ ਕਹਿਣ ਲੱਗੇ—ਪਲਟਨ ਵਿਚ ਫ਼ੋਨ ਕਰ ਦਿਓ, ਸ਼ਾਇਦ ਛੁੱਟੀ ਵੱਧ ਜਾਵੇ। ਵਿਚਕਾਰਲੇ ਨੇ ਡਰਦੇ-ਡਰਦੇ ਸ਼ਾਮੀਂ ਸੱਤ ਕੁ ਵਜੇ ਅਫ਼ਸਰ ਨੂੰ ਫ਼ੋਨ ਕੀਤਾ ਅਤੇ ਪਿਤਾ ਜੀ ਦੀ ਮੌਤ ਦੀ ਖ਼ਬਰ ਸੁਣਾਈ। ਪਰ ਅੱਗੋਂ ਕੜਕ ਕੇ ਜਵਾਬ ਮਿਲਿਆ, "ਹਾਂ ਹਾਂ, ਤੇਰੇ ਪਿਤਾ ਜੀ ਨੇ ਅੱਜ ਹੀ ਮਰਨਾ ਥਾ, ਮੈਂਨੇ ਕਿਆ ਕਹਾ ਥਾ ਛੁੱਟੀ ਬੜਾਨੇ ਕੀ ਗੁੰਜਾਇਸ਼ ਨਹੀਂ ਹੈ।" ਉਸ ਨੇ ਠਾਹ ਕਰਕੇ ਰਸੀਵਰ ਥੱਲੇ ਰੱਖ ਦਿੱਤਾ। ਵਿਚਕਾਰਲਾ ਰੋਣਹਾਕਾ ਹੋਇਆ ਪੀ.ਸੀ.ਓ. ਤੋਂ ਵਾਪਸ ਆ ਗਿਆ। "ਮਾਂ ਛੁੱਟੀ ਨਹੀਂ ਵਧੀ, ਮੈਨੂੰ ਅੱਜ ਹੀ ਜਾਣਾ ਪਊ।" "ਵੇ ਹਾਲੇ ਤਾਂ ਤੇਰੇ ਬਾਪ ਦੇ ਸਿਵੇ ਦੀ ਅੱਗ ਵੀ ਠੰਡੀ ਨਹੀਂ ਹੋਈ।" ਮਾਤਾ ਜੀ ਨਾਲ ਬੈਠੇ ਭੂਆ ਜੀ ਨੇ ਉੱਚੀ ਸਾਰੀ ਹੂਕ ਮਾਰੀ, "ਨਿੱਕੇ ਨੂੰ ਤਾਂ ਪਹਿਲਾਂ ਹੀ ਛੁੱਟੀ ਨਹੀਂ ਮਿਲੀ, ਤੂ ਵੀ ਚਲਾ ਜਾਵੇਂਗਾ।"

ਮਾਤਾ ਜੀ ਨੇ ਵਿਚਕਾਰਲੇ ਭਰਾ ਦੀ ਵਹੁਟੀ ਨੂੰ ਕੋਲ ਬੁਲਾ ਕੇ ਕਿਹਾ, "ਕੁੜੇ ਇਹਦਾ ਸਾਮਾਨ ਬੰਨ੍ਹ ਦੇ। ਛੋਟੇ ਭਰਾ ਨੇ ਬਿਨਾਂ ਹੀਲ ਹੁੱਜਤ ਕੀਤਿਆਂ ਟੈਕਸੀ ਵਾਲੇ ਘਰ ਚਾਲੇ ਪਾ ਦਿੱਤੇ। ਮਾਂ ਨੇ ਰੋਂਦਿਆਂ ਹੋਇਆਂ ਵਿਚਕਾਰਲੀ ਭਾਬੀ ਨੂੰ ਕਿਹਾ, "ਕੁੜੇ, ਇਹਨੂੰ ਰੋਟੀ ਤੇ ਸਬਜ਼ੀ ਬਣਾ ਦੇ, ਭੁੱਖਾ ਕਿਵੇਂ ਸਫ਼ਰ ਕਰੂ।" "ਮਾਤਾ ਜੀ, ਅਸੀਂ ਤਾਂ ਘਰ ਰੋਟੀ ਨਹੀਂ ਪਕਾਉਣੀ।" "ਕੋਈ ਨਹੀਂ ਪੁੱਤ।" ਮਾਤਾ ਜੀ ਦੇ ਅੰਦਰ ਪਤਾ ਨਹੀਂ ਕੀ ਹੌਲ ਪਿਆ। ਦੇਰ ਰਾਤ ਵਿਚਕਾਰਲਾ ਰੋਂਦਾ ਹੋਇਆ ਟੈਕਸੀ ਵਿਚ ਬੈਠ ਗਿਆ। ਵੱਡੇ ਭਾਜੀ ਉਸ ਨੂੰ ਅੰਮ੍ਰਿਤਸਰੋਂ ਗੱਡੀ ਬਿਠਾਉਣ ਲਈ ਨਾਲ ਤਿਆਰ ਹੋ ਪਏ। ਰਸਤੇ ਵਿਚ ਵਿਚਕਾਰਲਾ ਭਰਾ ਕੁਝ ਨਾ ਬੋਲਿਆ। ਗੱਡੀ ਵਿਚ ਚੜ੍ਹਾਉਂਦੇ ਵੱਡੇ ਭਾਜੀ ਨੇ ਕਿਹਾ, "ਨਹੀਂ ਨਹੀਂ, ਰੋਣਾ ਨਹੀਂ, ਫ਼ਿਕਰ ਨਹੀਂ ਕਰਨਾ, ਮੈਂ ਬੈਠਾ ਆਂ।" ਵਿਚਕਾਰਲੇ ਨੇ ਕਾਹਲੀ-ਕਾਹਲੀ ਭਾਜੀ ਦੇ ਪੈਰੀਂ ਹੱਥ ਲਾਇਆ ਤੇ ਡੱਬੇ ਦੇ ਅੰਦਰ ਚਲਾ ਗਿਆ। ਇਕ ਦਿਨ ਤੇ ਇਕ ਰਾਤ ਦਾ ਸਫ਼ਰ ਸੀ। ਉਹ ਸਾਰੀ ਰਾਤ ਨਾ ਸੁੱਤਾ ਤੇ ਨਾ ਹੀ ਉਸਨੇ ਰੋਟੀ ਖਾਧੀ। ਰਸਤੇ ਵਿਚ ਉਹ ਗੁੰਮ-ਸੁੰਮ ਬੈਠਾ ਰਿਹਾ। ਫੇਰ ਇਕਦਮ ਆਪਣੇ ਆਪ ਨਾਲ ਬੁੜਬੁੜਾਉਣ ਲੱਗਾ—"ਮਾਂ ਤੂੰ, ਵਾਰ-ਵਾਰ ਬਿਮਾਰ ਨਾ ਪਈਂ। ਮਾਂ ਤੂੰ ਦੋ ਮਹੀਨੇ ਦੀ ਛੁੱਟੀ ਨੂੰ ਜ਼ਰੂਰ ਉਡੀਕੀਂ। ਮਾਂ ਜਾਂ ਜਦੋਂ ਮੈਂ ਰੀਟਾਇਰ ਹੋ ਜਾਵਾਂ ਫੇਰ...।"

*

ਮੋਬਾ : 62800-19057

ਆਰਟੀਕਲ / ਮ੍ਰਿਤੁੰਜਯ ਰਾਏ

# ਇਕ ਸਾਵਿਤਰੀ ਹੋਰ

(ਅਸੀਂ ਇਤਿਹਾਸ ਵਿਚ ਇਕ ਸਾਵਿੱਤਰੀ ਬਾਰੇ ਪੜ੍ਹਿਆ ਹੈ ਪਰ ਪੜ੍ਹੋ ਇਸ ਸਾਵਿੱਤਰੀ ਬਾਰੇ ਜੋ ਬਿਲਕੁਲ ਵੱਖਰੀ ਸੀ।)

ਅੱਜ ਤੋਂ 115 ਸਾਲ ਪਹਿਲਾਂ ਕੇਰਲ ਵਿਚ ਇਕ ਸਾਵਿਤਰੀ ਨਾਂ ਦੀ ਔਰਤ ਨੂੰ ਸਮਾਜ ਦੀ ਅਗਨੀ ਪ੍ਰੀਖਿਆ ਵਿਚੋਂ ਗੁਜ਼ਰਨਾ ਪਿਆ। ਉਸ ਵੇਲੇ ਦੇ ਸਮਾਜ ਨੇ ਉਸ ਨੂੰ ਇਸ ਇਮਤਿਹਾਨ ਵਿਚੋਂ ਫੇਲ੍ਹ ਕਰ ਦਿੱਤਾ ਪਰ ਅੱਜ ਉਸਦੀ ਪਹਿਚਾਣ ਐਸੀ ਵਿਦਰੋਹੀ ਔਰਤ ਦੇ ਰੂਪ ਵਿਚ ਹੈ ਜਿਸ ਨੇ ਆਪਣੇ ਪਿੱਛੋਂ ਨੰਬੂਦਰੀ ਬ੍ਰਾਹਮਣ ਔਰਤਾਂ ਦੀ ਜ਼ਿੰਦਗੀ ਨੂੰ ਸੌਖੀ ਕਰ ਦਿੱਤਾ।

* * *

ਕੇਰਲ ਦੇ ਤ੍ਰਿਸ਼ੂਰ ਜ਼ਿਲ੍ਹੇ ਦੀ ਸਾਵਿਤਰੀ ਨੰਬੂਦਰੀ ਬ੍ਰਾਹਮਣ ਸੀ। ਅਠਾਰਾਂ ਸਾਲਾਂ ਦੀ ਦਾ ਵਿਆਹ ਹੋਇਆ ਤੇ ਤੇਈ ਸਾਲਾਂ ਦੀ ਉਮਰ ਵਿਚ ਉਸ 'ਤੇ ਮੁਕੱਦਮਾ ਚੱਲਿਆ। ਦੋਸ਼ ਵੇਸਵਾਪੁਣੇ ਦਾ ਸੀ। ਸਾਵਿਤਰੀ ਨੇ ਕਈ ਬੰਦਿਆਂ ਨਾਲ ਸੰਬੰਧ ਰੱਖਣ ਦੀ ਗੱਲ ਕਬੂਲ ਕੀਤੀ ਪਰ ਇਹ ਵੀ ਕਿਹਾ ਕਿ ਇਹ ਅਪਰਾਧ ਮੇਰਾ ਇਕੱਲੀ ਦਾ ਨਹੀਂ। ਦੋਸ਼ ਉਨ੍ਹਾਂ ਮਰਦਾਂ ਦਾ ਵੀ ਹੈ। ਉਨ੍ਹਾਂ ਨੂੰ ਵੀ ਸਜ਼ਾ ਮਿਲਣੀ ਚਾਹੀਦੀ ਹੈ। ਕੁਝ ਲੋਕ ਇਹ ਵੀ ਮੰਨਦੇ ਹਨ ਕਿ ਇਹ ਕੁਝ ਉਸਨੇ ਉਨ੍ਹਾਂ ਤੋਂ ਬਦਲਾ ਲੈਣ ਵਾਸਤੇ ਕੀਤਾ, ਜਿਨ੍ਹਾਂ ਨੇ ਉਸ ਨੂੰ ਇਸ ਹਾਲਤ ਵਿਚ ਪਹੁੰਚਾਇਆ ਸੀ।

*ਹਰ ਸੰਬੰਧ ਦਾ ਰਿਕਾਰਡ :* ਸਾਵਿਤਰੀ ਇਕ ਤੋਂ ਪਿੱਛੋਂ ਇਕ ਨਾਮ ਗਿਣਾਉਂਦੀ ਗਈ। ਕਿਹੜੇ ਬੰਦੇ ਦੇ ਸਰੀਰ 'ਤੇ ਕਿਹੜੇ ਖ਼ਾਸ ਨਿਸ਼ਾਨ ਸਨ, ਸੰਬੰਧ ਕਿਸ ਦਿਨ ਬਣਿਆ ਸੀ—ਸਭ ਕੁਝ ਦੱਸਿਆ। ਵੇਦਾਂ ਦੇ ਗਿਆਤਾ, ਸੰਸਕ੍ਰਿਤ ਦੇ ਵਿਦਵਾਨ, ਮੰਦਰਾਂ ਦੇ ਪੁਜਾਰੀਆਂ ਸਮੇਤ ਸਮਾਜ ਦੇ ਕਈ ਸ਼ਕਤੀਸ਼ਾਲੀ ਲੋਕਾਂ ਦੇ ਨਾਮ ਉਸ ਨੇ ਲਏ। ਉਸਦੇ ਪਤੀ ਦੇ ਭਰਾ ਤੇ ਭੈਣ ਦੇ ਪਤੀ ਨੇ ਵੀ ਉਸ ਨਾਲ ਨਜਾਇਜ਼ ਰਿਸ਼ਤਾ ਰੱਖਿਆ ਸੀ। ਸਾਰੇ ਦੇ ਸਾਰੇ ਨੰਬੂਦਰੀ ਔਰਤ ਨਾਲ ਸੰਬੰਧ ਬਣਾਉਣ ਦੇ ਦੋਸ਼ੀ ਸਨ। ਕੀ ਉੱਚੀ ਤੇ ਕੀ ਨੀਵੀਂ ਜਾਤ ਦੇ ਲੋਕ।

ਇਤਿਹਾਸਕਾਰ ਤੇ ਆਇਵਰੀ ਥ੍ਰੋਨ ਤੇ ਰੈਬੇਲ ਸੁਲਤਾਨ ਵਰਗੀਆਂ ਕਿਤਾਬਾਂ ਲਿਖਣ ਵਾਲੇ ਮਨੂ ਪਿਲੈਈ ਨੇ 'ਮਿੰਟ ਲਾਊਂਜ' ਵਿਚ ਲਿਖਿਆ ਹੈ ਕਿ ਕੀ ਪੁਜਾਰੀ, ਕੀ ਅਧਿਕਾਰੀ, ਕੀ ਵਿਦਵਾਨ, ਕੀ ਅਨਪੜ੍ਹ, ਸਭ ਦੇ ਸਾਵਿਤਰੀ ਨਾਲ ਨਜਾਇਜ਼ ਸੰਬੰਧ ਰਹੇ।

ਸਾਵਿਤਰੀ ਦੇ ਵੀ ਕਈ ਸੱਚ ਸਨ। ਕੋਈ ਕਹਿੰਦਾ ਕਿ ਉਸ ਨੂੰ ਪਤੀ ਨੇ ਛੱਡਿਆ ਹੋਇਆ ਸੀ। ਕੋਈ ਕਹਿੰਦਾ ਕਿ ਉਹ ਵਿਧਵਾ ਸੀ ਪਰ ਇਸ ਗੱਲ ਨੂੰ ਸਭ ਮੰਨਦੇ ਹਨ ਕਿ ਸਾਵਿਤਰੀ ਜੀਂਦੀ ਮਨਮਰਜ਼ੀ ਦਾ ਸੀ। ਉਸ ਨੂੰ ਜ਼ਿੰਦਗੀ ਨਾਲ ਪਿਆਰ ਸੀ ਤੇ ਉਹ ਰੱਜ ਦੇ ਜ਼ਿੰਦਗੀ ਨੂੰ ਮਾਣ ਲੈਣਾ ਚਾਹੁੰਦੀ ਸੀ। ਇਹ ਵੱਡੀ ਗੱਲ ਸੀ ਕਿਉਂਕਿ ਉਸ ਵੇਲੇ ਨੰਬੂਦਰੀ ਔਰਤਾਂ ਆਪਣੀ ਇੱਛਾ ਨਾਲ ਨਾ ਤਾਂ ਇਸ ਤਰ੍ਹਾਂ ਦੀ ਜ਼ਿੰਦਗੀ ਚੁਣ ਸਕਦੀਆਂ ਸਨ ਤੇ ਨਾ ਜ਼ਿੰਦਗੀ ਦਾ ਆਨੰਦ ਲੈ ਸਕਦੀਆਂ ਸਨ।

ਸਾਵਿਤਰੀ ਦੇ ਇਕ ਮਹਾਵਤ ਨਾਲ ਸੰਬੰਧਾਂ ਦੇ ਕਿੱਸੇ ਦਾ ਜ਼ਿਕਰ ਹੈ ਕਿ ਮਹਾਵਤ ਕੋਲ ਗੁਲਾਬ ਜਲ ਦੀ ਇਕ ਸ਼ੀਸ਼ੀ ਸੀ। ਮਹਾਵਤ ਨੇ ਆਪਣੇ ਕਿਸੇ ਦੋਸਤ ਕੋਲੋਂ ਸਾਵਿਤਰੀ ਬਾਰੇ ਸੁਣਿਆ ਹੋਇਆ ਸੀ। ਉਸਨੇ ਸਾਵਿਤਰੀ ਨੂੰ ਗੁਲਾਬ ਜਲ ਦੀ ਸ਼ੀਸ਼ੀ ਦਿੱਤੀ ਤੇ ਸਾਵਿਤਰੀ ਮੰਨ ਗਈ। ਕਿੱਸਾ ਤਾਂ ਇਹ ਵੀ ਹੈ ਕਿ ਇਕ ਆਦਮੀ ਨੇ ਉਸ ਨੂੰ ਉਸਦੇ ਰਿਸ਼ਤਿਆਂ ਬਾਰੇ ਲੋਕਾਂ ਨੂੰ ਦੱਸ ਦੇਣ ਦੀ ਧਮਕੀ ਦਿੱਤੀ ਤੇ ਸਾਵਿਤਰੀ ਉਸ ਅੱਗੇ ਵੀ ਝੁਕ ਗਈ। ਇਸ ਤੋਂ ਬਦਲਾ ਲੈਣ ਵਾਲੀ ਥਿਊਰੀ ਠੀਕ ਨਹੀਂ ਲੱਗਦੀ।

ਸਾਵਿਤਰੀ ਨੂੰ ਸਮਝਣ ਲਈ ਪਹਿਲਾਂ ਇਹ ਜਾਨਣਾ ਜ਼ਰੂਰੀ ਹੈ ਕਿ ਨੰਬੂਦਰੀ ਔਰਤਾਂ ਦੀ ਜ਼ਿੰਦਗੀ ਕੈਸੀ ਸੀ। ਉਨ੍ਹਾਂ ਨੂੰ ਅੰਤਰ ਜਨਮ ਕਿਹਾ ਜਾਂਦਾ ਸੀ ਯਾਨਿ ਘਰ ਦੇ ਅੰਦਰ ਹੀ ਰਹਿਣ ਵਾਲੀ। ਉਸਦਾ ਜੀਣਾ ਇਸ ਤਰ੍ਹਾਂ ਵਿਉਂਤਿਆ ਜਾਂਦਾ ਕਿ ਉਨ੍ਹਾਂ ਦਾ ਕੰਵਾਰਾਪਣ ਭੰਗ ਨਾ ਹੋਵੇ। ਉਹ ਘਰ ਤੋਂ ਮੰਦਰ ਜਾਂ ਨੇੜਲੇ ਰਿਸ਼ਤੇਦਾਰਾਂ ਵੱਲ ਹੀ ਜਾ ਸਕਦੀ ਸੀ, ਉਹ ਵੀ ਨੌਕਰਾਣੀ ਦੇ ਨਾਲ।

ਉਨ੍ਹਾਂ ਦੇ ਪੂਜਾ ਸਥਾਨ ਵੱਖਰੇ ਹੁੰਦੇ ਸਨ। ਨਾ ਉਹ ਵਾਲ ਵਾਹ ਸਕਦੀਆਂ ਸਨ, ਨਾ ਬਿੰਦੀ ਲਗਾ ਸਕਦੀਆਂ ਸਨ। ਸੋਨੇ ਦੇ ਗਹਿਣਿਆਂ ਨੂੰ ਤਾਂ ਹੱਥ ਵੀ ਨਹੀਂ ਸੀ ਲਾ ਸਕਦੀਆਂ। ਸਮਾਜ ਨੇ ਉਨ੍ਹਾਂ ਨੂੰ ਸਿਰਫ਼ ਚਾਂਦੀ ਜਾਂ ਤਾਂਬੇ ਦੇ ਗਹਿਣੇ ਪਾਉਣ ਦੀ ਖੁੱਲ੍ਹ ਦਿੱਤੀ ਹੋਈ ਸੀ। ਉਨ੍ਹਾਂ ਨੂੰ ਪਰਦੇ ਵਿਚ ਰਹਿਣਾ ਪੈਂਦਾ ਸੀ, ਇਥੋਂ ਤਕ ਕਿ ਪਿਤਾ ਜਾਂ ਭਰਾ ਦੇ ਸਾਹਮਣੇ ਜਾਣ ਤੋਂ ਵੀ ਬਚਣਾ ਹੁੰਦਾ ਸੀ।

ਉਹ ਕਿਤੇ ਮਰਦਾਂ ਨਾਲ ਮੇਲ ਜੋਲ ਨਾ ਵਧਾ ਲੈਣ, ਇਸ ਦੀ ਨਿਗਰਾਨੀ ਦਾ ਕੰਮ ਵੀ ਘਰ ਦੀਆਂ ਨੌਕਰਾਣੀਆਂ ਦੇ ਜ਼ਿੰਮੇ ਸੀ। ਮਰਦ ਕਈ ਕਈ ਵਿਆਹ ਕਰ ਸਕਦੇ ਸਨ। ਔਰਤ ਸਿਰਫ਼ ਪਤੀ ਦੀ ਅਮਾਨਤ ਹੁੰਦੀ। ਨੰਬੂਦਰੀਆਂ ਦੇ ਪਰਿਵਾਰ ਦੇ ਵੱਡੇ ਲੜਕੇ ਨੂੰ ਹੀ ਆਪਣੇ ਸਮਾਜ ਵਿਚ ਵਿਆਹ ਕਰਵਾਉਣ ਦਾ ਅਧਿਕਾਰ ਹੁੰਦਾ ਸੀ। ਪਰਿਵਾਰ ਦੇ ਛੋਟੇ ਲੜਕੇ ਆਪਣੇ ਸਮਾਜ ਤੋਂ ਬਾਹਰ ਦੀਆਂ ਲੜਕੀਆਂ ਨਾਲ ਵਿਆਹ ਕਰਵਾਉਂਦੇ ਜਾਂ ਸੰਬੰਧ ਬਣਾਉਂਦੇ ਸਨ।

ਇਸ ਕਰਕੇ ਬਹੁਤ ਸਾਰੀਆਂ ਨੰਬੂਦਰੀ ਲੜਕੀਆਂ ਦਾ ਵਿਆਹ ਨਹੀਂ ਸੀ ਹੋ ਸਕਦਾ ਹੁੰਦਾ। ਇਨ੍ਹਾਂ 'ਚੋਂ ਜੇ ਕਿਸੇ ਨੂੰ ਆਪਣੇ ਸਮਾਜ ਦਾ ਪਤੀ ਮਿਲਦਾ ਵੀ ਤਾਂ ਉਹ ਪਹਿਲਾਂ ਤੋਂ ਵਿਆਹਿਆ ਹੁੰਦਾ। ਸਾਵਿਤਰੀ 'ਤੇ ਮੁਕੱਦਮਾ ਚੱਲਣ ਤੋਂ ਚੌਦਾਂ ਸਾਲ ਪਹਿਲਾਂ ਯਾਨਿ

1891 ਵਿਚ ਤ੍ਰਾਵਣਕੋਰ ਵਿਚ ਨੰਬੂਦਰੀਆਂ ਦੀ ਆਬਾਦੀ 12,395 ਸੀ। ਇਨ੍ਹਾਂ ਵਿਚੋਂ 6787 ਮਰਦ ਤੇ 5608 ਔਰਤਾਂ ਸਨ। ਉਨ੍ਹਾਂ ਦੇ ਕੁਲ 1239 ਘਰ ਸਨ। ਇਨ੍ਹਾਂ ਵਿਚੋਂ ਵੱਡੇ ਲੜਕੇ ਅਰਥਾਤ ਆਪਣੇ ਸਮਾਜ ਵਿਚ ਵਿਆਹ ਕਰਨ ਵਾਲੇ ਮੁੰਡਿਆਂ ਦੀ ਗਿਣਤੀ 1300 ਸੀ।

ਇਸ ਦਾ ਅਰਥ ਇਹ ਸੀ ਕਿ ਜੇ ਇਨ੍ਹਾਂ 'ਚੋਂ ਹਰ ਲੜਕਾ ਚਾਰ ਨੰਬੂਦਰੀ ਔਰਤਾਂ ਨਾਲ ਵੀ ਵਿਆਹ ਕਰਾ ਲੈਂਦਾ ਤਾਂ ਫਿਰ ਵੀ ਕਈ ਲੜਕੀਆਂ ਵਿਆਹ ਤੋਂ ਬਿਨਾਂ ਰਹਿ ਜਾਣੀਆਂ ਸਨ। ਵਿਆਹ ਦਾ ਖਰਚ ਏਨਾ ਜ਼ਿਆਦਾ ਸੀ ਕਿ ਕੁਝ ਰਈਸ ਹੀ ਆਪਣੀ ਕਿਸੇ ਲੜਕੀ ਦਾ ਵਿਆਹ ਕਰਨ ਦੇ ਸਮਰੱਥ ਹੁੰਦੇ ਸਨ। ਇਸ ਕਰਕੇ ਬਹੁਤੀਆਂ ਕੁੜੀਆਂ ਕੁਆਰੀਆਂ ਹੀ ਇਸ ਦੁਨੀਆ ਤੋਂ ਰੁਖਸਤ ਹੋ ਜਾਂਦੀਆਂ ਸਨ। ਨੰਬੂਦਰੀ ਔਰਤਾਂ ਭਾਵੇਂ ਧਰਤੀ 'ਤੇ ਨਰਕ ਵਰਗੀ ਜ਼ਿੰਦਗੀ ਜੀਂਦੀਆਂ ਸਨ ਪਰ ਮਰਦਾਂ ਨੂੰ ਦੇਵਤਿਆਂ ਵਰਗਾ ਦਰਜਾ ਹਾਸਲ ਸੀ। ਜੇ ਕੋਈ ਨੰਬੂਦਰੀ ਲੜਕੀ ਕਿਸੇ ਨਾਲ ਪਿਆਰ ਕਰ ਬਹਿੰਦੀ ਜਾਂ ਰਿਸ਼ਤਾ ਜੋੜ ਲੈਂਦੀ ਤਾਂ 'ਸਮਰੱਥਵਿਚਾਰਮ' ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਜਾਂਦੀ ਸੀ ਤੇ ਉਸ ਨੂੰ ਸਮਾਜ ਵਿਚੋਂ ਛੇਕ ਦਿੱਤਾ ਜਾਂਦਾ ਸੀ। ਡਾਢੇ ਦਾ ਸੱਤੀਂ ਵੀਹੀਂ ਸੌ। ਸਮਰੱਥਵਿਚਾਰਮ ਦੌਰਾਨ ਪਹਿਲਾਂ ਦੋਸ਼ੀ ਮੰਨੀ ਗਈ ਔਰਤ ਦੇ ਚਾਲ ਚਲਣ ਬਾਰੇ ਨੌਕਰਾਣੀ ਤੋਂ ਪੁੱਛਗਿੱਛ ਕੀਤੀ ਜਾਂਦੀ। ਦੋਸ਼ੀ ਸਮਝੇ ਜਾਣ 'ਤੇ ਹੀ ਔਰਤ ਨੂੰ ਵੱਖਰੀ ਕੋਠੜੀ ਵਿਚ ਬੰਦ ਕਰ ਦਿੱਤਾ ਜਾਂਦਾ। ਫਿਰ ਪਰਿਵਾਰ ਦਾ ਮੁਖੀ ਰਾਜੇ ਨੂੰ ਮੁਕੱਦਮੇ ਦੀ ਜਾਣਕਾਰੀ ਦੇਂਦਾ। ਰਾਜਾ ਸੁਣਵਾਈ ਵਾਸਤੇ ਇਕ ਪ੍ਰਧਾਨ ਜੱਜ ਨਿਯੁਕਤ ਕਰਦਾ ਜੋ ਆਮ ਤੌਰ 'ਤੇ ਆਸ ਪਾਸ ਦੇ ਪਿੰਡਾਂ ਦੇ ਹੁੰਦੇ ਸਨ। ਉਹ ਜੱਜ ਚਾਰ ਵਕੀਲ ਚੁਣ ਕੇ ਉਨ੍ਹਾਂ ਨੂੰ ਔਰਤ ਕੋਲੋਂ ਪੁੱਛਣ ਵਾਲੇ ਸਵਾਲ ਬਣਾਉਣ ਨੂੰ ਕਹਿੰਦਾ। ਇਸ ਤੋਂ ਬਾਅਦ ਉਸ ਔਰਤ ਦੀ ਕੋਠੜੀ ਦੇ ਬਾਹਰ ਬੈਠ ਕੇ ਉਸ ਤੋਂ ਸਵਾਲ ਪੁੱਛਦਾ। ਦੋਸ਼ੀ ਮੰਨ ਲਈ ਜਾਣ ਪਿੱਛੋਂ ਔਰਤ ਤੇ ਮਰਦ ਦੋਹਾਂ ਨੂੰ ਸਮਾਜ ਵਿਚੋਂ ਕੱਢ ਦਿੱਤਾ ਜਾਂਦਾ ਸੀ।

ਆਖਰ ਵਿਚ ਦੋਸ਼ੀ ਔਰਤ ਦੇ ਸਰਾਪ ਦਾ ਵਿਧਾਨ ਕੀਤਾ ਜਾਂਦਾ ਤੇ ਪਰਿਵਾਰ ਉਸ ਤੋਂ ਹਰ ਤਰ੍ਹਾਂ ਦਾ ਰਿਸ਼ਤਾ ਤੋੜ ਲੈਂਦਾ। ਸਮਰੱਥ-ਵਿਚਾਰਮ ਦੇ ਦੌਰਾਨ ਦੋਸ਼ੀ ਮੰਨੀ ਗਈ ਔਰਤ ਨੂੰ ਕਈ ਤਰ੍ਹਾਂ ਨਾਲ ਪਰੇਸ਼ਾਨ ਕੀਤਾ ਜਾਂਦਾ ਕਿ ਉਹ ਆਪਣਾ ਗੁਨਾਹ ਕਬੂਲ ਕਰ ਲਵੇ। ਉਸ ਨੂੰ ਗਲੀਚੇ ਵਿਚ ਲਪੇਟ ਕੇ ਘਰ ਦੀ ਛੱਤ ਤੋਂ ਥੱਲੇ ਸੁੱਟਿਆ ਜਾਂਦਾ ਤੇ ਇਹ ਕੰਮ ਵੀ ਔਰਤਾਂ ਹੀ ਕਰਦੀਆਂ ਸਨ।

1887 ਈ. ਵਿਚ ਉਥੋਂ ਦੇ ਕਲੈਕਟਰ ਵਿਲੀਅਮ ਲੋਗਨ ਦੇ ਲਿਖੇ ਲੇਖ ਤੋਂ ਜਾਣਕਾਰੀ ਮਿਲਦੀ ਹੈ ਕਿ ਕਈ ਵਾਰ ਚੂਹੇ, ਸੱਪ ਜਾਂ ਹੋਰ ਜ਼ਹਿਰੀਲੇ ਜੀਵ ਦੋਸ਼ੀ ਔਰਤ ਦੀ ਕੋਠੜੀ ਵਿਚ ਛੱਡੇ ਜਾਂਦੇ ਤੇ ਦੋਸ਼ ਕਬੂਲਣ ਲਈ ਉਸ ਨੂੰ ਮਜਬੂਰ ਕੀਤਾ ਜਾਂਦਾ। ਪੁੱਛਗਿੱਛ ਕਈ ਕਈ ਘੰਟੇ ਚੱਲਦੀ ਰਹਿੰਦੀ। ਇਸ ਦੌਰਾਨ ਔਰਤ ਨੂੰ ਬਹੁਤ ਘੱਟ ਖਾਣਾ ਦਿੱਤਾ ਜਾਂਦਾ ਸੀ।

ਨੰਬੂਦਰੀ ਖੁਦ ਨੂੰ ਦੇਵਤਾ ਮੰਨਦੇ ਤੇ ਦੂਜੇ ਬ੍ਰਾਹਮਣਾਂ ਨੂੰ ਵੀ ਅਛੂਤ ਮੰਨਦੇ ਸਨ। ਉਹ ਹਰ ਹਰੇਕ ਬ੍ਰਾਹਮਣ ਨੂੰ ਆਪਣੇ ਤੋਂ ਘਟੀਆ ਸਮਝਦੇ ਤੇ ਉਨ੍ਹਾਂ ਨਾਲ ਬੈਠ ਕੇ ਖਾਣ ਨੂੰ ਆਪਣਾ ਅਪਮਾਨ ਮੰਨਦੇ ਸਨ। ਹੋਰ ਤੇ ਹੋਰ ਉਨ੍ਹਾਂ ਦਾ ਬਣਾਇਆ ਭੋਜਨ ਵੀ ਨਹੀਂ ਸਨ ਖਾਂਦੇ। ਕੇਰਲ ਦੀ ਜਾਤੀ ਵਿਵਸਥਾ ਵਿਚ ਉਨ੍ਹਾਂ ਨੂੰ ਛੱਡ ਕੇ ਹੋਰ ਸਭ ਅਛੂਤ ਸਨ। ਇਹ ਵੀ ਤੈਅ ਸੀ ਕਿ ਉਨ੍ਹਾਂ ਨੇ ਕਿਹੜੀ ਜਾਤੀ ਦੇ ਲੋਕਾਂ ਤੋਂ ਕਿੰਨਾ ਫ਼ਾਸਲਾ ਬਣਾ ਕੇ ਰੱਖਣਾ ਹੈ। ਇਥੇ ਚਾਰ ਵਰਣਾਂ ਵਾਲਾ ਵਿਧੀ ਵਿਧਾਨ ਲਾਗੂ ਨਹੀਂ ਸੀ। ਨੰਬੂਦਰੀਆਂ ਨੇ ਆਪਣਾ ਹੀ ਵਿਧਾਨ ਸਥਾਪਤ ਕਰ ਲਿਆ ਹੋਇਆ ਸੀ। ਰਾਜ ਪਰਿਵਾਰਾਂ ਨਾਲ ਉਨ੍ਹਾਂ ਦੇ ਨੇੜਲੇ ਰਿਸ਼ਤੇ ਸਨ। ਉਹ ਜਾਤੀ ਵਿਵਸਥਾ ਦੇ ਸਿਖ਼ਰ 'ਤੇ ਸਨ। ਨਾਇਰ ਜਾਤੀ ਦੇ ਲੋਕ ਉਨ੍ਹਾਂ ਦੀ ਸੇਵਾ ਕਰਦੇ ਸਨ।

ਨੰਬੂਦਰੀਆਂ ਦਾ ਕੋਈ ਘਰ ਐਸਾ ਨਹੀਂ ਸੀ ਹੁੰਦਾ, ਜਿਸ ਵਿਚ ਕੋਈ ਨਾਇਰ ਪਰਿਵਾਰ ਨਾ ਰਹਿੰਦਾ ਹੋਵੇ। ਦਿਲਚਸਪ ਗੱਲ ਤਾਂ ਇਹ ਸੀ ਕਿ ਨੰਬੂਦਰੀ ਨਾਇਰਾਂ ਸਮੇਤ ਸਭ ਨੂੰ ਅਛੂਤ ਮੰਨਦੇ ਸਨ ਪਰ ਉਦੋਂ ਸ਼ਾਇਦ ਹੀ ਕੋਈ ਨੰਬੂਦਰੀ ਹੁੰਦਾ ਹੋਵੇ, ਜਿਸ ਦੇ ਨਾਇਰ ਔਰਤਾਂ ਨਾਲ ਸੰਬੰਧ ਨਹੀਂ ਸਨ ਹੁੰਦੇ।

ਸਾਵਿਤਰੀ ਨੇ ਅਜਿਹੇ ਸਮੇਂ ਵਿਚ ਜ਼ਿੰਦਗੀ ਜੀਵੀ ਸੀ। ਸਮਾਜਕ ਤੇ ਧਾਰਮਿਕ ਬੰਧਨਾਂ ਕਾਰਨ ਉਸ ਵਰਗੀਆਂ ਹਜ਼ਾਰਾਂ ਔਰਤਾਂ ਦਾ ਜੀਣਾ ਮੁਸ਼ਕਲ ਹੋ ਗਿਆ ਸੀ। ਇਸ ਤਰ੍ਹਾਂ ਵੀ ਨਹੀਂ ਕਿ ਦੇਸ਼ ਦੇ ਹੋਰ ਹਿੱਸਿਆਂ ਵਿਚ ਉਦੋਂ ਔਰਤਾਂ ਦੀ ਸਥਿਤੀ ਬਿਹਤਰ ਸੀ। ਪਰ ਅਸਲ ਵਿਚ ਉਦੋਂ ਔਰਤਾਂ ਦੇ ਹੱਕਾਂ ਤੇ ਧਾਰਮਿਕ ਰਸਮਾਂ ਦੇ ਖ਼ਿਲਾਫ਼ ਆਵਾਜ਼ ਉੱਠਣ ਲੱਗ ਪਈ ਸੀ। ਇਸ ਵਾਸਤੇ ਕਈ ਲੋਕ ਕਹਿੰਦੇ ਹਨ ਕਿ ਸਾਵਿਤਰੀ ਨੇ ਜੋ ਵੀ ਕੀਤਾ, ਉਹ ਉਸ ਵੇਲੇ ਦੀ ਸੜੀ ਹੋਈ ਵਿਵਸਥਾ 'ਤੇ ਚੋਟ ਕਰਨ ਵਾਸਤੇ ਹੀ ਕੀਤਾ ਸੀ।

ਇਸ ਮਾਮਲੇ ਵਿਚ ਸਭ ਤੋਂ ਦਿਲਚਸਪ ਗੱਲ ਇਹ ਸੀ ਕਿ ਸਾਵਿਤਰੀ ਨੇ ਸਾਰੇ ਮਰਦਾਂ ਨਾਲ ਸੰਬੰਧਾਂ ਦਾ ਰਿਕਾਰਡ ਰੱਖਿਆ ਸੀ। ਕਹਿੰਦੇ ਹਨ ਕਿ ਸਾਵਿਤਰੀ ਵੱਲੋਂ ਚੌਂਹਠ ਬੰਦਿਆਂ ਦੇ ਨਾਮ ਲੈਣ ਕਰਕੇ ਕੋਚੀਨ ਦਾ ਰਾਜਾ ਘਬਰਾ ਗਿਆ ਤੇ ਉਸਨੇ ਕੇਸ ਬੰਦ ਕਰਨ ਦਾ ਹੁਕਮ ਦੇ ਦਿੱਤਾ। ਅੰਦਾਜ਼ੇ ਲਾਏ ਜਾਂਦੇ ਹਨ ਕਿ ਪੈਂਹਠਵਾਂ ਨਾਮ ਖ਼ੁਦ ਰਾਜੇ ਦਾ ਸੀ।

ਸਮਾਜ 'ਚੋਂ ਕੱਢ ਦਿੱਤੇ ਜਾਣ ਪਿੱਛੋਂ ਸਾਵਿਤਰੀ ਕਿੱਥੇ ਗਈ, ਇਸ ਦਾ ਪਤਾ ਨਾ ਲੱਗਾ। ਪਰ ਇਸ ਤੋਂ ਪਿੱਛੋਂ ਇਹ ਤਬਦੀਲੀ ਆ ਗਈ ਕਿ 1918 ਤੋਂ ਬਾਅਦ ਕਿਸੇ ਨੰਬੂਦਰੀ ਔਰਤ ਨੇ 'ਸਮਰੱਥ-ਵਿਚਾਰਮ' ਦੀ ਅਗਨੀ ਪ੍ਰੀਖਿਆ ਨਹੀਂ ਦੇਣੀ ਪਈ। ਹੋਰ ਕਈ ਤਬਦੀਲੀਆਂ ਆਈਆਂ ਤੇ ਔਰਤਾਂ ਨੇ ਵੀ ਬੰਧਨ ਤੋੜਨੇ ਸ਼ੁਰੂ ਕਰ ਦਿੱਤੇ। ਮਰਦਾਂ ਦਾ ਰਵੱਈਆ ਵੀ ਬਦਲਣ ਲੱਗ ਪਿਆ।

*

ਅਨੁ : ***ਅਰਤਿੰਦਰ ਸੰਧੂ***

(**ਨਵਭਾਰਤ ਟਾਈਮਜ਼** 'ਚੋਂ ਧੰਨਵਾਦ ਸਹਿਤ)

ਕਵਿਤਾ / ਪਰਵਿੰਦਰ ਗੋਗੀ

## ਉਹ ਖ਼ੁਦਾ

ਦਰਪਣ ਨੂੰ ਦੇਖ
ਪਹਿਲੀ ਵਾਰ
ਬਚਪਨ ਨੇ ਸੁਆਲ ਕੀਤਾ
ਆਪਣੇ ਆਪ ਨੂੰ
ਤੂੰ ਪਹਿਲਾਂ ਕਿੱਥੇ ਸੀ ?
ਸੁਆਲ ਤਾਂ ਬਚਪਨ ਦੇ ਕੱਦ ਤੋਂ ਵੱਡਾ ਸੀ
ਜੁਆਬ ਜੇ ਮਿਲਦਾ ਤਾਂ
ਬਚਪਨ ਸਮਝਾ ਕਿੱਥੋਂ

ਉਹ ਕਿੱਥੇ ਰਹਿ ਗਿਆ
ਜਿਸ ਤੋਂ ਵਿਛੜ ਕੇ
ਦੁਨੀਆਂ 'ਚ ਆਏ

ਮੈਂ ਮੰਦਰ ਤੋਂ ਵੱਜਦੀ ਘੰਟੀ
ਦੀਆਂ ਤਰੰਗਾਂ ਨੂੰ
ਹਿਰਦੇ 'ਤੇ ਮਹਿਸੂਸ ਕਰਦੀ
ਇਕ ਅਜੀਬ ਜਿਹੀ ਝਰਨਾਹਟ
ਮੇਰੇ ਅੰਦਰ ਨੂੰ ਛਿੜਦੀ

ਮੈਂ ਫ਼ਿਜ਼ਾ ਵਿਚੋਂ ਉਸ ਨੂੰ
ਮਹਿਸੂਸ ਕਰਦੀ
ਮੈਂ ਧਰਤ 'ਤੇ ਨਾ ਹੁੰਦੀ
ਮੇਰੇ ਪੈਰ ਜ਼ਮੀਨ ਤੋਂ ਚੁੱਕੇ ਜਾਂਦੇ

ਕੇਹਾ ਰਹੱਸ ਸੀ ਤੂੰ ?

ਚੰਨ ਦੀ ਠੰਡੀ ਚਾਨਣੀ
ਤੇਰੇ ਸਪਰਸ਼ ਦਾ ਅਹਿਸਾਸ ਕਰਾਉਂਦੀ
ਅਜੇ ਦੁਨੀਆ ਬਹੁਤ ਦੂਰ ਸੀ
ਦੁਨੀਆਦਾਰੀ ਵੀ ਦੂਰ ਸੀ
ਤੂੰ ਮੇਰੇ ਕਿੰਨਾ ਨੇੜੇ ਸੀ

ਫਿਰ ਮੈਂ ਦੁਨੀਆ ਦੇ
ਮੇਲਿਆਂ 'ਚ ਖੋਹਣ ਲੱਗੀ
ਤੇਰੇ ਤੋਂ ਦੂਰ ਹੋਣ ਲੱਗੀ
ਮੈਂ ਭੀੜਾਂ ਵਿਚ ਗੁੰਮ ਹੋਣ ਲੱਗੀ
ਆਪਣੀ ਪਹਿਚਾਣ ਲੁਕੋਣ ਲੱਗੀ

ਫਿਰ ਵਕਤ ਦੀ ਪਰਤ ਨੇ
ਆਪਣੇ ਰੰਗ ਦੇ ਕੇ
ਰੰਗੀਨ ਕੀਤਾ ਮੈਨੂੰ
ਮੈਂ ਭਟਕਣਾ ਦੇ ਸਪੁਰਦ ਹੋ ਬੈਠੀ
ਤੇਰੇ ਤੋਂ ਦੂਰ ਬਹੁਤ ਦੂਰ ਹੋ ਬੈਠੀ

ਫਿਰ ਤੂੰ ਮੇਰਾ ਅਤੀਤ ਹੋ ਗਿਆ
ਫਿਰ ਮੈਂ ਅਤੀਤ ਲੱਭਣ ਲੱਗੀ
ਸਾਰੀ ਜ਼ਿੰਦਗੀ ਮੰਦਰਾਂ, ਮਸਜਿਦਾਂ ਵਿਚੋਂ
ਮੈਂ ਤੈਨੂੰ ਲੱਭਦੀ

ਮੇਰੀ ਭਟਕਣਾ ਨੂੰ ਤੇਰੇ 'ਚ
ਅਟਕਣਾ ਨਹੀਂ ਮਿਲਦੀ
ਲੱਭ ਰਹੀ ਹਾਂ ਦਰ ਬਦਰ ਤੈਨੂੰ
ਭਟਕ ਰਹੀ ਹਾਂ ਤੇਰੇ ਲਈ
ਤੂੰ ਮਿਲ ਮੈਨੂੰ ਉਸੇ ਤਰ੍ਹਾਂ
ਮੇਰੀ ਭਟਕਣਾ ਨੂੰ ਸ਼ਾਂਤ ਕਰ

ਮੇਰੇ ਤੋਂ ਕੱਚੇ ਰੰਗ ਖੋਹ ਲੈ
ਆਪਣੇ ਰੰਗ ਦੇ ਪੱਕੇ ਰੰਗ
ਮੈਨੂੰ ਵਾਪਸ ਦੇ
ਜੋ ਬਚਪਨ 'ਚ ਦਿੱਤੇ ਸੀ

•

ਮੋਬਾ : +1 (647) 674-3486

ਕਵਿਤਾ : ਅਜੈ ਅਬਲੋਵਾਲ

## ਬੇਇਨਸਾਫ਼

ਧੁੰਦਲਾ ਜਿਹਾ
ਹੋ ਗਿਆ ਹੈ ਸੰਗਮਰਮਰ ਤਾਜ ਮਹਿਲ ਦਾ

ਨੀਵਾਂ ਜਿਹਾ
ਲੱਗਣ ਲੱਗ ਪਿਆ ਹੈ ਕੁਤਬ-ਮੀਨਾਰ

ਮੁੜ ਕਬਜ਼ਾ ਹੋ ਗਿਆ ਹੈ
ਸੱਤਾਧਾਰੀ ਮੁਗਲਾਂ ਦਾ ਲਾਲ ਕਿਲ੍ਹੇ 'ਤੇ

ਸ਼ਹੀਦਾਂ ਦੀਆਂ ਕਬਰਾਂ 'ਤੇ
ਸਿਆਸਤ ਦੀ ਚਾਦਰ ਤਾਨ ਦਿੱਤੀ ਹੈ
ਇੰਡੀਆ ਗੇਟ ਨੂੰ ਵੀ
ਮਜਬੂਰ ਹੋਣਾ ਪੈ ਰਿਹਾ ਹੈ
ਸ਼ਰਮ ਨਾਲ ਝੁਕਣ ਲਈ

ਬਾਬਰੀ ਮਸਜਿਦ ਨੂੰ
ਘੇਰ ਲਿਆ ਹੈ ਧਰਮ ਦੇ ਨੰਗੇ ਹਥਿਆਰਾਂ ਨੇ

ਸੁਪਰੀਮ ਕੋਰਟ ਨੇ ਵੀ
ਫ਼ੈਸਲਾ ਸੁਣਾ ਦਿੱਤਾ ਹੈ
ਨਵੇਂ ਜੱਜ ਸਾਹਿਬਾਨ ਨੂੰ ਭਗਵਾ ਕਰਕੇ

ਕਿਰਤੀ ਲੋਕ ਹੱਕਾਂ ਲਈ ਜੂਝ ਰਹੇ ਹਨ
ਸੜਕਾਂ 'ਤੇ
ਡਿਜ਼ੀਟਲ ਇੰਡੀਆ ਨੂੰ ਮੁੱਠੀ 'ਚ ਚੁੱਕੀ

ਆਜ਼ਾਦ ਦੇਸ਼ ਦੀ ਰਾਜਧਾਨੀ 'ਚ
ਮਸ਼ਾਲਾਂ ਬਾਲ ਕੇ
ਪਤਾ ਨਹੀਂ ਕਿਉਂ
ਆਜ਼ਾਦੀ ਲਈ
ਲੋਕ ਸੰਘਰਸ਼ ਕਰ ਰਹੇ ਹਨ

•

ਮੋਬਾ : 9855383873





# ਪੰਜਾਬੀ ਅਖਾਣ : ਬਦਲਦੇ ਪਰਿਪੇਖ

ਕਿਸੇ ਭਾਸ਼ਾ ਦੇ ਅਖਾਣ ਕਈ ਪੱਖਾਂ ਤੋਂ ਮਹੱਤਵਪੂਰਨ ਹੁੰਦੇ ਹਨ। ਭਾਸ਼ਾ ਨੂੰ ਚੁਸਤ, ਰੌਚਕ, ਅਮੀਰ ਅਤੇ ਟਕਸਾਲੀ ਬਣਾਉਣ ਵਿੱਚ ਅਖਾਣਾਂ ਦਾ ਚੋਖ਼ਾ ਹੱਥ ਹੁੰਦਾ ਹੈ। ਇਨ੍ਹਾਂ ਵਿੱਚ ਕਿਸੇ ਭਾਸ਼ਾ ਦੀ ਜਿੰਦ ਜਾਨ ਅਤੇ ਅਣਗਿਣਤ ਪੀੜ੍ਹੀਆਂ ਦਾ ਅਨੁਭਵ ਸਮੋਇਆ ਹੁੰਦਾ ਹੈ। ਇਸ ਕਾਰਨ ਅਖਾਣ ਥੋੜ੍ਹੇ ਲਫ਼ਜ਼ਾਂ ਵਿੱਚ ਵੱਡੀਆਂ ਤੇ ਡੂੰਘੀਆਂ ਗੱਲਾਂ ਕਹਿਣ ਦਾ ਅਜਿਹਾ ਢੰਗ ਹੁੰਦੇ ਹਨ ਜਿਸ ਤੋਂ ਅਸੀਂ ਅਨੁਮਾਨ ਲਗਾ ਸਕਦੇ ਹਾਂ ਕਿ ਸਾਡੇ ਪੁਰਖੇ ਆਪਣੇ ਆਰਥਕ, ਸਮਾਜਕ ਅਤੇ ਧਾਰਮਕ ਜੀਵਨ ਨੂੰ ਕਿਵੇਂ ਜਿਉਂਦੇ ਸਨ ਅਤੇ ਕਿਵੇਂ ਜਗਤ ਦੇ ਭਿੰਨ-ਭਿੰਨ ਪਹਿਲੂਆਂ ਬਾਰੇ ਜੀਵਨ ਅਨੁਭਵ ਪ੍ਰਾਪਤ ਕਰ ਆਪਣੀ ਜੀਵਨ ਜਾਚ ਨੂੰ ਸੁਧਾਰਦੇ ਸਨ। ਆਮ ਬੋਲਚਾਲ ਦੀ ਭਾਸ਼ਾ ਵਿੱਚ ਵਿਅਕਤੀ ਆਪਣੀ ਗੱਲ ਦੀ ਪੁਸ਼ਟੀ ਅਤੇ ਪ੍ਰਮਾਣਿਕਤਾ ਲਈ ਜਦ ਅਖਾਣ ਵਰਤਦਾ ਹੈ ਤਾਂ ਉਸ ਦਾ ਭਾਵ ਇਹ ਹੁੰਦਾ ਹੈ ਕਿ ਜੋ ਗੱਲ ਆਖੀ ਜਾ ਰਹੀ ਹੈ, ਸਾਥੋਂ ਪੂਰਵਲੇ ਅਣਗਿਣਤ ਲੋਕਾਂ ਦਾ ਜੀਵਨ ਅਨੁਭਵ ਇਸ ਦੀ ਸੱਚਾਈ ਦੀ ਪੁਸ਼ਟੀ ਕਰਦਾ ਹੈ। ਇਸ ਦੇ ਨਾਲ ਹੀ ਅਖਾਣ ਪੀੜ੍ਹੀ ਦਰ ਪੀੜ੍ਹੀ ਅਣਗਿਣਤ ਲੋਕਾਂ ਦੇ ਮੂੰਹੋਂ ਨਿਕਲਣ ਕਾਰਨ ਅਜਿਹੀਆਂ ਖ਼ੂਬੀਆਂ ਗ੍ਰਹਿਣ ਕਰਦੇ ਹਨ ਜਿਸ ਸਦਕਾ ਇਹ ਸੁਣਨ ਵਾਲਿਆਂ ਦੇ ਮਨਾਂ 'ਤੇ ਡੂੰਘਾ ਪ੍ਰਭਾਵ ਪਾਉਂਦੇ ਹਨ ਅਤੇ ਭਾਸ਼ਾ ਨੂੰ ਖ਼ੂਬਸੂਰਤ ਵੀ ਬਣਾਉਂਦੇ ਹਨ। ਇਹਨਾਂ ਖ਼ੂਬੀਆਂ ਦੇ ਬਾਵਜੂਦ ਅਖਾਣ ਅੱਜ ਲੋਕਾਂ ਦੀਆਂ ਸਿਮਰਤੀਆਂ ਵਿੱਚੋਂ ਵਿਸਰ ਰਹੇ ਹਨ ਅਤੇ ਅਗਲੀ ਪੀੜ੍ਹੀ ਤਕ ਪਹੁੰਚਾਏ ਜਾ ਰਹੇ ਅਖਾਣਾਂ ਦੀ ਗਿਣਤੀ ਪੀੜ੍ਹੀ ਦਰ ਪੀੜ੍ਹੀ ਘੱਟ ਰਹੀ ਹੈ। ਇਹ ਮੰਨਿਆ ਜਾਂਦਾ ਰਿਹਾ ਹੈ ਕਿ ਅਸਲ ਪੰਜਾਬ ਪਿੰਡਾਂ ਵਿੱਚ ਵਸਦਾ ਹੈ ਅਤੇ ਅਖਾਣ ਵੀ ਪੇਂਡੂ ਸਭਿਆਚਾਰ ਦੀ ਹੀ ਦੇਣ ਹਨ ਪਰ ਅਜੋਕੇ ਸਮੇਂ ਵਿੱਚ ਪਿੰਡਾਂ ਦਾ ਢਾਂਚਾ ਅਤੇ ਰਹਿਣ-ਸਹਿਣ ਦੋਵੇਂ ਬਦਲ ਰਹੇ ਹਨ। ਮਸ਼ੀਨੀ ਸੱਭਿਅਤਾ ਦੇ ਪ੍ਰਭਾਵ ਕਾਰਨ ਪੰਜਾਬ ਦੇ ਜਨ-ਜੀਵਨ ਵਿੱਚ ਬਹੁਤ ਤਬਦੀਲੀਆਂ ਆ ਰਹੀਆਂ ਹੈ। ਅੱਜ ਪੁਰਾਣਾ ਪੰਜਾਬ ਕਿਧਰੇ ਵੀ ਨਜ਼ਰ ਨਹੀਂ ਆ ਰਿਹਾ। ਪਿੰਡਾਂ ਵਿੱਚ ਵੀ ਸ਼ਹਿਰੀਕਰਨ ਦਾ ਪ੍ਰਭਾਵ ਪੁੱਜ ਚੁੱਕਾ ਹੈ ਜਿਸ ਨਾਲ਼ ਸੜਕਾਂ, ਗਲੀਆਂ ਅਤੇ ਮਕਾਨਾਂ ਦੇ ਢਾਂਚੇ ਬਦਲ ਗਏ ਹਨ। ਖੇਤੀ ਕਰਨ ਦੇ ਢੰਗ ਬਦਲ ਗਏ ਹਨ ਤੇ ਹਰ ਥਾਂ ਕੰਮ ਸੁਖ਼ਾਲਾ ਕਰਨ ਵਾਲੀਆਂ ਮਸ਼ੀਨਾਂ ਆ ਗਈਆਂ ਹਨ। ਘਰ-ਘਰ ਟੈਲੀਵਿਜ਼ਨ, ਰੇਡੀਓ ਅਤੇ ਇੰਟਰਨੈਟ ਮੌਜੂਦ ਹੈ। ਹੁਣ ਪਿੰਡਾਂ ਵਿੱਚ ਪਹਿਲਾਂ ਵਾਂਗ ਸੱਥ ਨਹੀਂ ਜੁੜਦੇ ਜਿਥੇ ਲੋਕ ਸਭਿਆਚਾਰ ਹਰ ਢੰਗ ਨਾਲ਼ ਪ੍ਰਫੁਲਤ ਹੁੰਦਾ ਸੀ। ਪਿੰਡ ਦੀ ਇਹੀ ਥਾਂ ਸੀ ਜਿਥੇ ਧਰਮ, ਰਾਜਨੀਤੀ, ਖੇਡਾਂ, ਮਨੋਰੰਜਨ, ਆਰਥਿਕਤਾ ਅਤੇ ਸਮਾਜ ਬਾਰੇ ਗੱਲਾਂ ਹੁੰਦੀਆਂ, ਬਹਿਸਾਂ ਹੁੰਦੀਆਂ ਅਤੇ ਵਿਚਾਰਾਂ ਹੁੰਦੀਆਂ ਸਨ। ਗੱਲਾਂਬਾਤਾਂ ਕਰਦਿਆਂ ਕਈ ਤਰ੍ਹਾਂ ਦੇ ਅਖਾਣ ਵਰਤੇ ਜਾਂਦੇ ਸਨ। ਨੌਜਵਾਨ, ਤਜਰਬੇਕਾਰ ਵਿਅਕਤੀਆਂ ਤੋਂ ਉਹਨਾਂ ਦੇ ਤਜਰਬੇ ਇਹਨਾਂ ਗੱਲਾਂ ਵਿਚੋਂ ਹੀ ਸਿੱਖ ਲੈਂਦੇ ਅਤੇ ਨਾਲ਼ ਹੀ ਇਹ ਅਖਾਣ ਵੀ।

ਸਮਾਜ ਦਾ ਢਾਂਚਾ ਬਦਲਣ ਕਾਰਨ ਸਾਂਝੇ ਪਰਿਵਾਰਾਂ ਦੀ ਥਾਂ ਇਕੱਲੇ ਪਰਿਵਾਰਾਂ ਨੇ ਲੈ ਲਈ ਹੈ ਅਤੇ ਭੂਆ, ਚਾਚੇ, ਤਾਏ ਅਤੇ ਦਾਦਾ-ਦਾਦੀ ਦੂਰ ਦੇ ਰਿਸ਼ਤੇ ਬਣ ਕੇ ਰਹਿ ਗਏ ਹਨ। ਆਪਣਾਪਣ ਘੱਟ ਗਿਆ ਹੈ ਅਤੇ "ਧੀ ਜੰਮੀ, ਭੈਣ ਵਿਸਰੀ, ਭੂਆ ਕੀਹਦੇ ਯਾਦ" ਅਤੇ "ਘਰ ਵਸਦਿਆਂ ਦੇ ਅਤੇ ਸਾਕ ਮਿਲਦਿਆਂ ਦੇ" ਵਰਗੇ ਅਖਾਣਾਂ ਦੀ ਮਹੱਤਤਾ ਘੱਟ ਗਈ। ਪਰਿਵਾਰਕ ਢਾਂਚੇ ਨਾਲ਼ ਹੀ ਵਿਆਹ ਪ੍ਰਣਾਲੀ ਵੀ ਬਦਲ ਰਹੀ ਹੈ, ਹੁਣ ਨਾ ਵਿਆਹ ਹਫ਼ਤਿਆਂ ਤਕ ਚਲਦੇ ਹਨ, ਨਾ ਨਾਨਕਾ ਮੇਲ- ਦਾਦਕਾ ਮੇਲ ਦੀ ਨੋਕ-ਝੋਂਕ ਅਤੇ ਨਾ ਗੀਤਾਂ ਦੀ ਛਹਿਬਰ ਹੁੰਦੀ ਹੈ। ਇਸੇ ਕਾਰਨ ਪੁਰਾਣੀ ਸਭਿਅਤਾ ਤੋਂ ਦੂਰ ਹੋਣ ਨਾਲ਼ ਨਵੀਂ ਪੀੜ੍ਹੀ ਦੁਆਰਾ ਸਬੰਧਿਤ ਅਖਾਣਾਂ ਦੀ ਵਰਤੋਂ ਵੀ ਘੱਟ ਹੋ ਗਈ ਹੈ। ਘਰੇਲੂ ਵਸਤਾਂ ਦੀ ਗੱਲ ਕਰੀਏ ਤਾਂ ਪੁਰਾਣੀਆਂ ਕਈ ਵਸਤਾਂ ਜੋ ਹਰ ਘਰ ਦੀ ਜ਼ਰੂਰਤ ਸਨ ਹੁਣ ਉਹਨਾਂ ਦੀ ਵਰਤੋਂ ਖ਼ਤਮ ਹੀ ਹੋ ਗਈ ਹੈ ਅਤੇ ਕਈ ਹੋਰਾਂ ਦੀ ਥਾਂ ਮਸ਼ੀਨਾਂ ਨੇ ਲੈ ਲਈ ਹੈ। ਛੱਜ ਦੀ ਵਰਤੋਂ ਨਾ ਕਰਨ ਵਾਲੀ ਨਵੀਂ ਪੀੜ੍ਹੀ "ਛੱਜ ਤਾਂ ਬੋਲੇ, ਛਾਨਣੀ ਕਿਉਂ ਬੋਲੇ" ਵਰਗੇ ਅਖਾਣਾਂ ਵਿੱਚ ਛੱਜ ਅਤੇ ਛਾਣਨੀ ਦੇ ਵਖਰੇਵੇਂ ਨੂੰ ਹੀ ਸਮਝ ਸਕਦੀ। ਪੁਰਾਣੀ ਮੁਦਰਾ ਦੀ ਥਾਂ ਨਵੀਂ ਮੁਦਰਾ ਨੇ ਲੈ ਲਈ ਅਤੇ ਅਜੋਕੀ ਪੀੜ੍ਹੀ ਨੂੰ ਜਦ ਧੇਲੇ ਅਤੇ ਟਕੇ ਦਾ ਨਹੀਂ ਪਤਾ ਤਾਂ ਉਹ "ਧੇਲੇ ਦੀ ਬੁੱਢੀ, ਟਕਾ ਸਿਰ ਮੁਨਾਈ" ਵਰਗੇ ਅਖਾਣਾਂ ਨੂੰ ਯਾਦ ਕੀ ਰੱਖੇਗੀ। ਭਾਰ ਤੋਲਣ ਦੇ ਪੈਮਾਨੇ ਬਦਲ ਗਏ ਅਤੇ "ਰੱਤੀ ਦੇ ਕੇ ਮੰਗੇ ਤੋਲਾ, ਉਹਨੂੰ ਆਖੂ ਕਿਹੜਾ ਭੋਲਾ" ਵਰਗੇ ਅਖਾਣਾਂ ਦਾ ਮੁੱਲ ਖ਼ਤਮ ਹੋ ਗਿਆ। "ਤੂੰ ਮੈਨੂੰ ਕਾਜੀ ਕਹਿ ਮੈਂ ਤੈਨੂੰ ਮੁੱਲਾ ਕਹੂ" ਦਾ ਮਹੱਤਵ ਤਾਂ ਹੀ ਸਮਝਿਆ ਜਾ ਸਕਦਾ ਹੈ ਜੇ ਕਾਜੀ ਤੇ ਮੁੱਲਾ ਦੇ ਅੰਤਰ ਬਾਰੇ ਪਤਾ ਹੋਵੇ। ਇਸੇ ਤਰ੍ਹਾਂ ਮੋਮਨ ਅਤੇ ਕਾਫ਼ਰਾਂ ਦੇ ਅਰਥਾਂ ਦੀ ਸਮਝ ਤੋਂ ਬਿਨਾਂ "ਸ਼ਕਲ ਮੋਮਨਾਂ ਕਰਤੂਤ ਕਾਫ਼ਰਾਂ" ਨੂੰ

ਨਾ ਤਾਂ ਸਮਝਿਆ ਜਾ ਸਕਦਾ ਹੈ ਅਤੇ ਨਾ ਹੀ ਯਾਦ ਰੱਖਿਆ ਜਾ ਸਕਦਾ ਹੈ। ਪੁਰਾਣੇ ਪੰਜਾਬ ਵਿੱਚ ਅਰਥਾਤ ਅੰਗਰੇਜ਼ਾਂ ਦੇ ਸਮੇਂ ਤੋਂ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੱਕ ਫ਼ਾਰਸੀ ਭਾਸ਼ਾ ਹੀ ਪੰਜਾਬ ਦੀ ਰਾਜ ਭਾਸ਼ਾ ਸੀ ਅਤੇ ਫ਼ਾਰਸੀ ਭਾਸ਼ਾ ਪੜ੍ਹੇ ਨੂੰ ਹੀ ਪੜ੍ਹਿਆ ਲਿਖਿਆ ਵਿਦਵਾਨ ਮੰਨਿਆ ਜਾਂਦਾ ਸੀ ਇਸੇ ਲਈ "ਪੜ੍ਹੇ ਫ਼ਾਰਸੀ ਵੇਚੇ ਤੇਲ, ਵੇਖੋ ਕਰਮਾਂ ਦੇ ਖੇਲ" ਵਰਗੇ ਅਖਾਣ ਹੋਂਦ ਵਿੱਚ ਆਏ ਪਰ ਸਮਾਂ ਬੀਤਣ ਨਾਲ਼ ਭਾਸ਼ਾ ਵੀ ਬਦਲ ਗਈ ਅਤੇ ਸਬੰਧਿਤ ਅਖਾਣ ਵੀ ਵਿਸਰ ਗਏ। ਕਈ ਅਖਾਣ ਵਿਸਰਨ ਦਾ ਕਾਰਨ ਅਸਲ ਅਰਥਾਂ ਦਾ ਬਦਲ ਜਾਣਾ ਵੀ ਹੈ। "ਚੱਲ ਗਿਆ ਤੀਰ, ਨਹੀਂ ਤਾਂ ਤੁੱਕਾ" ਅਖਾਣ ਵਿੱਚ ਤੁੱਕਾ ਸ਼ਬਦ ਦਾ ਅਸਲ ਮਤਲਬ ਮਾੜੀ ਧਾਤ ਤੋਂ ਬਣਿਆ ਤੀਰ ਹੀ ਸੀ ਜਿਸ ਨੂੰ ਛੱਲੀ ਜਾਂ ਕਿੱਕਰ ਦਾ ਤੁੱਕਾ ਸਮਝ ਲਿਆ ਜਾਂਦਾ ਹੈ।

ਇਸ ਸਭ ਦੇ ਉਲਟ ਕੁਝ ਅਖਾਣ ਅਜਿਹੇ ਹਨ ਜੋ ਪੰਜਾਬੀ ਜ਼ਿਹਨਾਂ ਵਿੱਚੋਂ ਨਹੀਂ ਵਿਸਰ ਰਹੇ ਪਰ ਨੈਤਿਕ ਮੁੱਲਾਂ ਨੂੰ ਲੱਗ ਰਹੀ ਢਾਹ ਕਾਰਨ ਉਹਨਾਂ ਦੀ ਮਹੱਤਤਾ ਖ਼ਤਮ ਹੋ ਗਈ ਹੈ। ਇਹ ਅਖਾਣ ਗੁਰਬਾਣੀ ਦੀ ਤੁਕਾਂ ਹੀ ਹਨ ਜੋ ਅਖਾਣਾਂ ਵਾਂਗ ਪ੍ਰਚਲਿਤ ਹੋ ਗਈਆਂ ਹਨ।'ਮਨ ਜੀਤੈ ਜਗ ਜੀਤੋ' ਅਤੇ 'ਸਚਹੁ ਉਰੈ ਸਭ ਕੋ ਉਪਰ ਸਚੁ ਆਚਾਰੋ' ਵਰਗੇ ਕਈ ਅਖਾਣ ਹਨ ਜੋ ਲੋਕ ਮਨਾਂ ਵਿੱਚੋਂ ਅਲੋਪ ਹੋ ਕੇ ਕੇਵਲ ਗੁਰੂ ਗ੍ਰੰਥ ਸਾਹਿਬ ਦੀ ਪੀਡੀਐਫ਼ ਫਾਈਲਾਂ ਵਿੱਚ ਹੀ ਰਹਿ ਗਏ ਹਨ। ਨਵੀਂ ਪੀੜ੍ਹੀ ਜਿਵੇਂ ਜਿਵੇਂ ਗੁਰਬਾਣੀ ਦੀਆਂ ਸਿੱਖਿਆਵਾਂ ਤੋਂ ਦੂਰ ਹੋ ਰਹੀ ਹੈ ਉਵੇਂ ਹੀ ਸਬੰਧਿਤ ਅਖਾਣਾਂ ਨੂੰ ਵੀ ਨਹੀਂ ਅਪਣਾ ਰਹੀ ਹੈ। ਪਰ ਇਥੇ ਇਹ ਵੀ ਸਹੀ ਹੈ ਕਿ ਪੰਜਾਬੀ ਲੋਕਧਾਰਾ ਅਤੇ ਸਭਿਆਚਾਰ ਨਾਲ਼ ਜੁੜੇ ਵਿਦਵਾਨ ਇਸ ਸਬੰਧ ਵਿੱਚ ਸਲਾਹੁਣਯੋਗ ਯਤਨ ਕਰ ਰਹੇ ਹਨ ਅਤੇ ਸਬੰਧਿਤ ਅਦਾਰਿਆਂ ਵੱਲੋਂ ਵਿਸਰ ਰਹੇ ਅਖਾਣਾਂ ਨੂੰ ਸਾਂਭਣ ਦਾ ਕਾਰਜ ਹੋ ਰਿਹਾ ਹੈ। ਡਾ. ਸ਼ਾਹਬਾਜ਼ ਮਲਕ, ਡਾ. ਵਣਜਾਰਾ ਬੇਦੀ, ਡਾ. ਤਾਰਨ ਸਿੰਘ, ਦਰਸ਼ਨ ਸਿੰਘ ਅਵਾਰਾ, ਸੁਖਦੇਵ ਮਾਦਪੁਰੀ ਅਤੇ ਸੇਵਾ ਸਿੰਘ ਕੌੜਾ ਵਰਗੇ ਕਈ ਵਿਦਵਾਨਾਂ ਨੇ ਇਸ ਖੇਤਰ ਵਿੱਚ ਅਖਾਣ ਸੰਗ੍ਰਹਿਤ ਕਰਨ ਦਾ ਉਪਰਾਲਾ ਕੀਤਾ ਹੈ। ਪਰੰਤੂ ਇਸ ਖੇਤਰ ਵਿੱਚ ਅਜੇ ਹੋਰ ਬਹੁਤ ਕੰਮ ਦੀ ਲੋੜ ਹੈ ਕਿਉਂਕਿ ਤਬਦੀਲੀ ਕੁਦਰਤ ਦਾ ਨਿਯਮ ਹੈ ਅਤੇ ਇਸ ਨੂੰ ਝੁਠਲਾਇਆ ਨਹੀਂ ਜਾ ਸਕਦਾ ਸਗੋਂ ਇਸ ਨਿਯਮ ਨੂੰ ਜ਼ਿਹਨ ਵਿੱਚ ਰੱਖ ਕੇ ਕੰਮ ਕਰਨ ਦੀ ਲੋੜ ਹੈ। ਵਿਗਿਆਨ, ਤਕਨਾਲੋਜੀ ਅਤੇ ਇੰਟਰਨੈਟ ਦੇ ਇਸ ਯੁੱਗ ਦੇ ਨਵੇਂ ਮਾਡਲ ਵਿੱਚ ਲੋਕਧਾਰਾ ਅਤੇ ਸਭਿਆਚਾਰ ਦੀ ਨਵ ਸਿਰਜਣਾ ਕਰਕੇ ਹੀ ਨਵੀਂ ਪੀੜ੍ਹੀ ਨੂੰ ਆਪਣੇ ਸਭਿਆਚਾਰ ਦੀ ਉੱਚਤਾ ਦਾ ਅਹਿਸਾਸ ਕਰਵਾਇਆ ਜਾ ਸਕਦਾ ਹੈ।

◆◆

ਮੋਬਾ : 9872887551

## ਸਾਹਿਤਕਾਰਾਂ ਦੀ ਨਜ਼ਰ ਵਿਚ
## ਦਲੀਪ ਕੌਰ ਟਿਵਾਣਾ

ਦਲੀਪ ਦਾ ਅਦਬੀ ਹਾਸਿਲ ਤਾਂ ਸਾਰੇ ਜਾਣਦੇ ਹਨ, ਲਿਖਣਗੇ ਵੀ। ਮੈਨੂੰ ਵੀ ਉਹਦਾ ਪਹਿਲਾ ਨਾਵਲ 'ਇਹੁ ਹਮਾਰਾ ਜੀਵਣਾ' ਰੁਆ ਗਿਆ ਸੀ, ਫੇਰ 'ਤੀਲ੍ਹੀ ਦਾ ਨਿਸ਼ਾਨ' ਤੇ ਜਦੋਂ ਉਹਨੇ 'ਨੰਗੇ ਪੈਰਾਂ ਦਾ ਸਫ਼ਰ' ਲਿਖਿਆ। ਇਹ ਨੰਗੇ ਪੈਰਾਂ ਦਾ ਸਫ਼ਰ ਕਰਨ ਵਾਲੀ, ਆਪਣੇ ਦਰਦ ਕਿਸੇ ਨਾਲ ਵੰਡਦੀ ਨਹੀਂ, ਉਨ੍ਹਾਂ ਦੀ ਘੁੱਟ ਕੇ ਬੁੱਕਲ ਮਾਰ ਰੱਖਦੀ ਹੈ ਤੇ ਲੰਬੇ ਵਰ੍ਹਿਆਂ ਦੀ ਦੋਸਤੀ ਪਿੱਛੋਂ ਵੀ ਕੋਈ ਬਸ ਓਨਾ ਕੁ ਜਾਣ ਸਕਦਾ ਹੈ, ਜਿੰਨਾ ਉਹ ਪੁਣ-ਛਾਣ ਕੇ ਅੱਖਰਾਂ ਦੇ ਹਵਾਲੇ ਕਰਦੀ ਹੈ।

*-ਅੰਮ੍ਰਿਤਾ ਪ੍ਰੀਤਮ*

ਉਹ ਜਦੋਂ ਆਉਂਦੀ ਹੈ, ਸਾਡਾ ਵਿਹੜਾ ਫੁੱਲਾਂ ਦੀ ਮਹਿਕ ਨਾਲ ਭਰ ਜਾਂਦਾ ਹੈ ਤੇ ਅੱਗੋਂ ਮੈਂ ਨਹੀਂ ਜਾਣਦਾ ਕਿ ਇਹ ਮਹਿਕ, ਦਲੀਪ ਕਿੰਨੀ ਕੁ ਸਾਡੇ ਵਿਹੜੇ ਛੱਡ ਜਾਂਦੀ ਹੈ ਤੇ ਕਿੰਨੀ ਕੁ ਨਾਲ ਲੈ ਜਾਂਦੀ ਹੈ, ਆਪਣੇ ਦੁੱਖਾਂ ਸੁੱਖਾਂ ਦੀ ਗਵਾਹੀ ਦੇਣ ਵਾਸਤੇ। ਇਕ ਰਿਸ਼ਤਾ ਦਲੀਪ ਨੇ ਬਣਾ ਲਿਆ ਹੈ, ਮੇਰੇ ਨਾਲ। ਮੈਂ ਤਾਂ ਬਸ ਏਨੀ ਗੱਲ ਹੀ ਕੀਤੀ ਸੀ, ਜਿਹਦੇ ਵੱਲ ਦਲੀਪ ਨੇ ਉਂਗਲ ਕੀਤੀ। ਮੈਂ ਉਹਨੂੰ ਉਹਦਾ ਵਰ ਮੰਨ ਲਿਆ। ਤੀਰ ਵਰ੍ਹੇ ਪਹਿਲਾਂ ਕੋਈ ਜਦੋਂ ਪੁੱਛਣ ਲੱਗਾ—ਕੰਨਿਆ ਦਾਨ ਕੌਣ ਕਰੇਗਾ ? ਤਾਂ ਉਹਦੇ ਮਰੇ ਬਾਪ ਦੀ ਥਾਂ ਲੋ ਕੇ ਮੈਂ ਕਿਹਾ ਸੀ—ਮੈਂ ਕਰਾਂਗਾ। ਇਹ ਰਿਸ਼ਤੇ ਕਿਸੇ ਜੋੜ-ਤੋੜ ਨਾਲ ਨਹੀਂ ਬਣਦੇ ਤੇ ਨਾ ਕਿਸੇ ਹਿਸਾਬ ਵਾਲੇ ਕੋਲੋਂ ਸਮਝੇ ਜਾਣਗੇ। ਅੰਮ੍ਰਿਤਾ ਦਲੀਪ ਦੀ ਉਸੇ ਤਰ੍ਹਾਂ ਸਖੀ ਸਹੇਲੀ ਹੈ, ਜਿਸ ਤਰ੍ਹਾਂ ਪਹਿਲਾਂ ਸੀ, ਪਰ ਮੈਂ ਉਸ ਦਿਨ ਤੋਂ ਦਲੀਪ ਦੇ ਲਫ਼ਜ਼ਾਂ ਵਿਚ ਬੇਗ਼ਾਨੀਆਂ ਧੀਆਂ ਦਾ ਬਾਬਲ ਹਾਂ।

*-ਇਮਰੋਜ਼*

ਡਾਕਟਰ ਦਲੀਪ ਕੌਰ ਟਿਵਾਣਾ ਦੀਆਂ ਬਾਤਾਂ ਦਾ ਹੁੰਗਾਰਾ ਹਰ ਖ਼ਾਸੋ-ਆਮ ਨੇ ਜਾਗ ਜਾਗ ਕੇ ਭਰਿਆ ਹੈ। ਇਸ ਤਰ੍ਹਾਂ ਦਾ ਹੁੰਗਾਰਾ ਹਰ ਲੇਖਕ ਦਾ ਨਸੀਬ ਨਹੀਂ ਹੁੰਦਾ। ਉਹ ਕਹਾਣੀ ਵੇਲੇ ਤੋਂ ਨਾਵਲ ਵੇਲੇ ਤੱਕ ਪਹੁੰਚੀ ਹੈ। ਏਨਾ ਤੁਰਨ ਦੇ ਬਾਵਜੂਦ ਵੀ ਉਹਦੀ ਸ਼ੈਲੀ ਦੀ ਨਮ ਤਾਸੀਰ ਅਤੇ ਅੰਦਾਜ਼ੇ-ਬਿਆਂ ਬਰਕਰਾਰ ਹੈ। ਸ਼ੈਲੀ ਦੀ ਤਰਲਤਾ ਵਜੂਦ ਦੀ ਕਿਸੇ ਵੀ ਵਿਰਲ ਥਾਣੀਂ, ਕਿਸੇ ਵੀ ਤ੍ਰੇੜ ਵਿਚੋਂ ਦੀ ਬੰਦੇ ਦੇ ਧੁਰ ਅੰਦਰ ਤਕ ਪਹੁੰਚ ਜਾਂਦੀ ਹੈ ਅਤੇ ਬਹੁਤ ਸਾਥੀ ਥਾਂ ਮੱਲ ਲੈਂਦੀ ਹੈ। ਇਹੋ ਜਿਹਾ ਕ੍ਰਿਸ਼ਮਾ ਹਰ ਕਿਸੇ ਨੂੰ ਕਰਨਾ ਨਹੀਂ ਆਉਂਦਾ।

*-ਜਸਬੀਰ ਭੁੱਲਰ*

ਇਹੋ ਜਿਹਾ, ਕਿਸੇ ਊਣ ਤੋਂ ਮੁਕਤ, ਭਰਿਆ ਰੱਜਿਆ ਸੁਭਾਅ, ਲੰਮੀ ਸਾਧਨਾ ਦਾ, ਸਗੋਂ ਲੰਮੀ ਤਪੱਸਿਆ ਦਾ ਫ਼ਲ ਹੁੰਦਾ ਹੈ ਜੋ ਬੀਬੀ ਦਲੀਪ ਕੌਰ ਟਿਵਾਣਾ ਦੀ ਬੋਲ-ਬਾਣੀ, ਕਥਨੀ-ਕਰਨੀ, ਸ਼ਬਦ-ਸ੍ਰਿਸ਼ਟੀ ਤੇ ਸਮੁੱਚੀ ਜੀਵਨ-ਜਾਚ ਵਿਚ ਸਾਕਾਰ ਹੈ।

*-ਗੁਰਬਚਨ ਸਿੰਘ ਭੁੱਲਰ*

ਸਤਿਕਾਰਤ ਸਾਹਿਤਕਾਰ ਦਲੀਪ ਕੌਰ ਟਿਵਾਣਾ ਦੀ ਨਿੱਘੀ ਯਾਦ ਨੂੰ ਨਤਮਸਤਕ ਹੁੰਦਿਆਂ ਗੁਰਦੀਪ ਸਿੰਘ ਸੰਧੂ, ਸੰਪਾਦਕ ਪੰਜਾਬ ਮੇਲ, ਲੰਡਨ ਸ਼ਰਧਾ ਦੇ ਫੁੱਲ ਭੇਟ ਕਰਦੇ ਹਨ।



ਗ਼ਜ਼ਲਾਂ

## *ਜਸਵਿੰਦਰ ਦੂਹੜਾ*

-1-

ਸੋਚਾਂ ਵਿਚ ਹਨੇਰੇ ਮੇਰੇ ਜੀਵਨ ਵਿਚ ਹਨੇਰੇ ।
ਕੁਝ ਤਾਂ ਘੱਲੇ ਹੋਏ ਤੇਰੇ, ਕੁਝ ਨੇ ਸੱਦੇ ਮੇਰੇ ।

ਇਸ ਨਗਰੀ ਦੀ ਭੀੜ ਦੇ ਅੰਦਰ ਮੈਂ ਹਾਂ ਕੱਲਮ-ਕੱਲਾ
ਤੇਰੇ ਤਾਂ ਹਨ ਜਾਣੂ ਬਾਲ੍ਹੇ, ਤੇਰੇ ਯਾਰ ਬਥੇਰੇ ।

ਦਿਲ ਹੈ ਹਾਲੇ ਬਾਲਾਂ ਵਰਗਾ, ਬੁੱਢੀਆਂ ਹੋਈਆਂ ਸੋਚਾਂ
ਸੋਚਾਂ ਰੋਕਣ, ਪਰ ਦਿਲ ਮਾਰੇ ਮਿੱਤਰਾਂ ਦੇ ਘਰ ਫੇਰੇ ।

ਉਂਜ ਤਾਂ ਨਾਲ ਹਨੇਰਿਆਂ ਮੇਰੀ ਪੈ ਗਈ ਪੱਕੀ ਯਾਰੀ
ਐਪਰ ਫਿਰ ਵੀ ਆ ਵੜਦੇ ਨੇ ਸੋਚਾਂ ਵਿਚ ਸਵੇਰੇ ।

ਖਾਰੇ ਪਾਣੀ ਦਾ ਮੁੱਲ ਏਥੇ ਪੈਣਾ ਨਹੀਂ ਹੈ ਯਾਰਾ
ਬਿਨਾਂ ਵਜ੍ਹਾ ਹੀ ਅੱਖੀਆਂ ਵਿਚੋਂ ਕਿਉਂ ਤੂੰ ਅੱਥਰੂ ਕੇਰੇ ?

ਜਿਹੜੇ ਧੁੰਦਲੇ-ਧੁੰਦਲੇ ਚਿਹਰੇ ਆਵਣ ਵਿਚ ਖ਼ਿਆਲਾਂ
ਮੇਰੇ ਜਾਣੂ ਨੇ ਇਹ ਸਾਰੇ ਜਾਂ ਫਿਰ ਜਾਣੂ ਤੇਰੇ ?

ਅੱਥਰੂ ਪੂੰਝਦਾ ਮਲ੍ਹਮ ਲਗਾਉਂਦਾ ਮੇਰੇ ਜ਼ਖ਼ਮਾਂ 'ਤੇ ਜੋ
ਐਸਾ ਸੱਜਣ ਕੋਈ ਨਾ ਆਇਆ ਜੀਵਨ ਦੇ ਵਿਚ ਮੇਰੇ

-2-

ਭਾਈ ਭਾਈ ਦਾ ਹੈ ਵੈਰੀ, ਮਸਲਾ ਇਹ ਹਰ ਇਕ ਘਰ ਦਾ ਹੈ ।
ਕੌਣ ਕਿਸੇ ਦਾ ਦਰਦੀ ਬਣਦਾ, ਬੰਦਾ ਹੋਇਆ ਪੱਥਰ ਦਾ ਹੈ ।

ਸਾਰਾ ਦਿਨ ਮੈਂ ਹੱਸਾਂ ਖੇਡਾਂ, ਖ਼ਾਬ ਸਜਾਵਾਂ ਨੈਣਾਂ ਦੇ ਵਿਚ
ਐਪਰ ਸੂਰਜ ਢਲਦੇ ਮੇਰਾ, ਹਰ ਇਕ ਹੀ ਸੁਫ਼ਨਾ ਮਰਦਾ ਹੈ ।

ਅਪਨੀ ਅਪਨੀ ਰੋਟੀ ਰਾੜ੍ਹ ਕੇ, ਤੁਰ ਗਏ ਹੁਕਮ ਵਾਰੋ-ਵਾਰੀ
ਜਨਤਾ ਸਮਝੇ ਖ਼ਬਰੇ ਮਸਲਾ, ਉਹਦੇ ਮਸਜਿਦ ਮੰਦਰ ਦਾ ਹੈ ।

ਰੱਬਾ ! ਤੇਰੀ ਦੁਨੀਆ ਵਿਚ ਵੱਡਿਆਂ ਦੀ ਤੱਕ ਰਹਿਣੀ-ਬਹਿਣੀ
ਮੇਰੇ ਅੰਦਰ ਬੈਠਾ ਬੱਚਾ, ਵੱਡਾ ਹੋਣੋਂ ਹੀ ਡਰਦਾ ਹੈ ।

ਮਜ਼ਬੂਰੀ ਕਾਰਨ ਕਈ ਵਾਰੀ, ਜਿੱਤੀ ਬਾਜ਼ੀ ਹਰ ਜਾਂਦੇ ਹਾਂ
ਜਿੱਤ ਕੇ ਹਾਰਨ ਨੂੰ ਦੱਸੋ ਖਾਂ, ਓਦਾਂ ਕਿਸ ਦਾ ਚਿੱਤ ਕਰਦਾ ਹੈ ।

ਜਾਬਰ ਕੋਲੋਂ ਡਰਦੇ ਲੋਕੀਂ, ਚੁੱਪ ਕਰ ਕੋਲੋਂ ਦੀ ਲੰਘ ਜਾਂਦੇ
'ਬਾਬੇ' ਵਾਂਗੂੰ ਕਿਹੜਾ ਯਾਰੋ, ਸੀਸ ਤਲੀ 'ਤੇ ਹੁਣ ਧਰਦਾ ਹੈ ।

ਬਲਦਾ ਹੈ ਮੱਥੇ ਦਾ ਸੂਰਜ, ਤਨ ਵਿਚ ਵੀ ਹੈ ਗਰਮੀ ਮੇਰੇ
ਮੇਰੀ ਛਾਵੇਂ ਬੈਠਾ ਫਿਰ ਕਿਉਂ, ਹਾਏ ਹਾਏ ਉਹ ਕਰਦਾ ਹੈ ।

ਹੱਕ ਦਾ ਹੋਕਾ ਦਿੱਤਾ ਹੈ ਤੂੰ, ਆਪਣੀ ਖ਼ੈਰ ਮਨਾ 'ਜਸਵਿੰਦਰ'
ਹਾਕਮ ਦਾ ਮੁਖਬਰ ਵੀ ਚੱਕਰ ਲਾਉਂਦਾ ਹੁਣ ਤੇਰੇ ਘਰ ਦਾ ਹੈ ।

•

**ਮੋਬਾ : 98723-36944**



ਗ਼ਜ਼ਲ : *ਮੋਹਨ ਬੇਗੋਵਾਲ*

### ਵਲਵਲੇ

ਜ਼ਿੰਦਗੀ ਭਰ ਤੌਖ਼ਲੇ।
ਕਿੰਝ ਰੱਖਦੇ ਵਲਵਲੇ।

ਰਾਹ ਭਟਕੇ ਲੋਕ ਜਦ
ਤਦ ਪੜ੍ਹਾਵੇ ਫ਼ਲਸਫ਼ੇ।

ਗੱਲ ਹੋਵੇ ਪਿਆਰ ਦੀ
ਬਣ ਕੇ ਰਹੀਏ ਮਨਚਲੇ।

ਜਿੱਤ ਹੋਵੇ ਹਾਰ ਜਾਂ
ਮੰਨ ਉਸ ਦੇ ਫ਼ੈਸਲੇ।

ਉੱਡ ਪੰਛੀ ਜਾਣ ਫਿਰ
ਲੱਖ ਡੱਕੇ ਪਿੰਜਰੇ।

ਮੁੱਦਤਾਂ ਤੋਂ ਸਾਥ ਹੈ
ਜਿਉਣ ਦਿਲ ਦੇ ਵਲਵਲੇ।

ਫੋਲਦਾ ਉਹ ਦਰਦ ਕਿਸ
ਜਦ ਰਹੇ ਨਾ ਘੌਂਸਲੇ।

ਮੋਬਾ : 94637-28153

ਕਵਿਤਾ : *ਮਨੀਸ਼*

## ਕਵਿਤਾ ਯਾਤਰਾ

ਵੈਰਾਗ ਅੰਦਰ
ਲਿਖਣ ਲੱਗ ਪੈਂਦੀ
ਲੰਬੀ ਚੌੜੀ
ਪ੍ਰਤੀਕਾਂ ਭਰੀ ਕਵਿਤਾ
ਪਰ ਸੱਚ ਇਹ ਕਿ
ਪ੍ਰਤੀਕਾਂ ਨੂੰ ਅੱਜ ਕੱਲ੍ਹ ਕੌਣ ਸਮਝਦੈ

ਥੋੜਾ ਜਿਹਾ ਬੂਹਾ ਖੋਲ੍ਹ
ਦਰਾਂ 'ਚ ਬੈਠ ਜਾਂਦੀ
ਦੀਦੇ ਟਿਕਾਈ
ਦੀਦ ਖ਼ਾਤਰ
ਪਰ ਸੱਚ ਇਹ ਕਿ
ਜਦ ਉਹ ਲੰਘਦਾ ਤਾਂ ਕਮਲੀ ਘੂਕ
ਸੁੱਤੀ ਹੁੰਦੀ

ਹੱਸਦੀ ਖੇਡਦੀ ਦੌੜ ਪੈਂਦੀ
ਪੰਛੀਆਂ ਦੇ ਸਾਏ ਮਗਰ
ਤੇ ਅਣਭੋਲ ਜਿਹੀ
ਆਪਣੀ ਹੱਦ ਵੀ ਟੱਪ ਜਾਂਦੀ
ਪਰ ਸੱਚ ਇਹ ਕਿ
ਪਰਛਾਵੇਂ ਹੱਥ ਵਿਚ ਨਹੀਂ ਆਉਂਦੇ

ਰੁੱਸੇ ਮਾਹੀਏ ਨੂੰ
ਚੇਤਿਆਂ 'ਚ ਵਸਾ
ਪਾ ਲੈਂਦੀ ਚਾਲਾ
ਤੇ ਦਰ ਦਰ ਘੁੰਮਦੀ
ਪਰ ਸੱਚ ਇਹ ਕਿ
ਖ਼ੈਰਾਂ ਅੱਜ ਕੱਲ੍ਹ ਕਿੱਥੇ ਪੈਂਦੀਆਂ ਨੇ

ਅੰਤ ਫਿਰ
ਹਾਰ ਕੇ ਤੁਰ ਪੈਂਦੀ
ਪ੍ਰੀਤ ਭਾਲਣ
ਮਾਰੂਥਲ ਵੱਲ
ਪਰ ਸੱਚ ਇਹ ਕਿ
ਮਾਰੂਥਲ ਵੀਰਾਨ ਹੁੰਦਾ ਏ

ਫਿਰ ਗੁੰਮ-ਸੁੰਮ ਜਿਹੀ
ਪੁੱਜ ਜਾਂਦੀ ਸਿਵਿਆਂ ਤਕ
ਬਲਦੀਆਂ ਲਾਟਾਂ 'ਚੋਂ ਵੀ
ਕੁਝ ਉਡੀਕਣ ਲੱਗਦੀ
ਪਰ ਸੱਚ ਇਹ ਕਿ
ਪਰਤ ਕੇ
ਅੱਜ ਤਕ ਆਇਆ ਵੀ ਕੌਣ

ਤਾਰੇ ਜੋੜ ਜੋੜ ਬਣਾਉਂਦੀ
ਓਹੀ ਮੂਰਤ ਓਹੀ ਸੂਰਤ
ਤੇ ਥੱਕੀ ਟੁੱਟੀ ਅਖ਼ੀਰ ਸੌਂ ਜਾਂਦੀ
ਸੁਨਹਿਰੀ ਸੁਪਨੇ ਦੀ ਆੜ 'ਚ
ਪਰ ਸੱਚ ਇਹ ਕਿ
ਖ਼ਾਬ ਇਕਲੌਤਾ
ਬਾਰੰ-ਬਾਰ ਥੋੜ੍ਹੀ ਆਉਂਦੈ...

•

ਮੋਬਾ : 98151-30986

ਕਵਿਤਾ : *ਹਰਸ਼ਵਿੰਦਰ ਕੌਰ*

## ਰੁੱਖ ਖਾਮੋਸ਼ ਨਹੀਂ ਹੁੰਦੇ

ਰੁੱਖ ਖਾਮੋਸ਼ ਨਹੀਂ ਹੁੰਦੇ
ਇਹ ਤਾਂ ਵਕਤ ਦੇ ਮਾਰੇ ਬੰਦਿਆਂ ਖ਼ਾਤਰ
ਲੜਦੇ ਨੇ 'ਨੇਰੀਆਂ ਨਾਲ
ਕਿਸੇ ਫੁੱਲਾਂ ਵਰਗੇ ਬੰਦੇ ਨੂੰ
ਖੁਰ ਕੇ ਮਿੱਟੀ ਹੋਣੋਂ ਰੋਕਣ ਲਈ
ਕਰਦੇ ਨੇ ਬਹਿਸ

ਤਪਦੇ ਹੋਏ ਸੂਰਜਾਂ ਨਾਲ
ਤੇ ਕਦੇ ਖ਼ਾਮੋਸ਼ ਰਾਤਾਂ ਨੂੰ
ਚੁੱਪ ਜੇਹੇ ਤੇ ਸੋਚਾਂ ਦੇ ਸ਼ੋਰ 'ਚ ਡੁੱਬੇ ਨੂੰ
ਕੱਢਣ ਲਈ
ਵਜਾਉਂਦੇ ਨੇ ਲੈ ਕੇ ਹਵਾਵਾਂ ਤੋਂ ਹੀ ਸਾਜ਼
ਰਾਹਾਂ ਨੂੰ ਰੁਸ਼ਨਾਉਣ ਲਈ

ਤੇ ਹੋਣ ਨਹੀਂ ਦਿੰਦੇ ਖਾਕ
ਕਿਸੇ ਨੀਰ ਜੇਹੇ ਬੰਦੇ ਨੂੰ
ਆਪਣੇ ਹੀ ਅੱਥਰੂਆਂ ਹੇਠ ਦੱਬ ਕੇ
ਇਹ ਤਾਂ ਭੇਜਦੇ ਨੇ ਮਲ੍ਹਮਾਂ
ਹਵਾਵਾਂ ਦੇ ਹੱਥੀਂ
ਜ਼ਖ਼ਮੀ ਹੋਈਆਂ ਰੂਹਾਂ ਦਾ
ਤਾਪ ਲਾਹੁਣ ਨੂੰ
ਤੇ ਉਚਾਰਦੇ ਨੇ ਬਾਣੀ
ਸਵੇਰੇ ਸ਼ਾਮ
ਕੁਲ ਲੋਕਾਈ ਦਾ
ਖ਼ੁਦਾ ਅੱਗੇ ਭਲਾ ਮੰਗਣ ਲਈ

ਆਓ ਬੰਦਿਓ ਅਸੀਂ ਵੀ ਬੰਦੇ ਬਣੀਏ
ਅਸੀਂ ਵੀ ਰੁੱਖਾਂ ਦਾ ਭਲਾ ਮੰਗੀਏ
ਕਿਉਂਕਿ ਰੁੱਖ ਖ਼ਾਮੋਸ਼ ਨਹੀਂ ਹੁੰਦੇ
ਇਹ ਤਾਂ ਵਕਤ ਦੇ ਮਾਰੇ ਬੰਦਿਆਂ ਖ਼ਾਤਰ
ਲੜਦੇ ਨੇ 'ਨੇਰੀਆਂ ਨਾਲ

•

ਮੋਬਾ : 94172-45940

ਕਵਿਤਾ : *ਰੁਪਿੰਦਰ ਕੌਰ*

## ਡਰ

ਮੈਂ ਅਕਸਰ
ਆਪਣੇ ਬਾਪ ਦੀਆਂ ਨਜ਼ਰਾਂ 'ਚ
ਕੋਈ ਡਰ ਦੇਖਦੀ ਹਾਂ
ਕੋਈ ਪਹਿਚਾਣਿਆ ਜਿਹਾ ਡਰ
ਉਸ ਮਾਲੀ ਵਾਂਗ
ਜਿਹਨੂੰ ਆਪਣੇ ਬਾਗ਼ ਨਾਲ
ਬੜਾ ਪਿਆਰ ਹੁੰਦਾ ਏ

ਤੇ ਡਰ ਹੋਵੇ ਵੀ ਕਿਉਂ ਨਾ
ਉਸ ਮਾਲੀ ਬੜੇ ਚਾਅਵਾਂ ਨਾਲ
ਅਰਮਾਨਾਂ ਦੀ ਮਿੱਟੀ ਪਾ ਪਸੀਨੇ ਨਾਲ...
ਇਸ ਬਾਗ਼ ਨੂੰ ਸਿੰਜਿਆ ਏ
ਤੇ ਹੁਣ...
ਉਹ ਬਾਗ ਭਰ ਜੋਬਨ 'ਤੇ ਏ

ਮਹਿਕਦੇ ਫੁੱਲਾਂ ਨੂੰ ਦੇਖ ਮਾਲੀ
ਮਨ ਈ ਮਨ ਮੁਸਕਨੀਆਂ ਭਰਦਾ ਏ
ਪਰ ਫਿਰ...!
ਇਕ ਹੀ ਪਲ ਵਿਚ
ਫਿਰ ਓਹੀ ਅਨਹੋਣਾ ਡਰ
ਆਪਣੇ ਬਾਗ਼ ਦੇ ਸੋਹਣੇ ਫੁੱਲਾਂ ਵਿਚਕਾਰ
ਜੰਗਲੀ ਬੂਟੇ ਉੱਗ ਖਲੋਣ ਦਾ ਡਰ
ਮਹਿਕ ਭਾਲਦੇ ਉੱਡਦੇ ਫਿਰਦੇ
ਭੌਰਿਆਂ ਦਾ ਡਰ
ਫਿਰ ਜਦ ਉਹ ਆਪਣੇ ਚਹੇਤੇ ਫੁੱਲ ਅੰਦਰ
ਕਿਸੇ ਭੌਰੇ ਦੀ ਚਾਹਤ ਨੂੰ ਘੋਖਣ ਖ਼ਾਤਰ
ਲੁਕਵੀਂ ਸਵਾਲੀਆ ਨਜ਼ਰ
ਫੁੱਲਾਂ 'ਤੇ ਸੁੱਟਦਾ ਏ
ਤਾਂ ਫੁੱਲ ਓਸ ਦੀ ਇਸ ਹਾਲਤ ਤੋਂ
ਕਿੰਝ ਅਣਜਾਣ ਰਹਿੰਦਾ

ਆਖ਼ਿਰ ਓਸੇ ਦੇ ਖ਼ੂਨ ਨਾਲ ਸਿੰਜਿਆ ਏ...
ਤੇ ਇਸ ਇਹਸਾਸ ਦੇ ਨਾਲ ਈ
ਫੁੱਲ ਦਾ ਖਿੜਿਆ ਚਿਹਰਾ ਮੁਰਝਾ ਜਾਂਦਾ
ਨਰਮ ਹਿਰਦਾ ਵਿੰਨਿਆ ਜਾਂਦਾ
ਤੇ ਓਸ ਨੂੰ ਮਾਲੀ ਦੀ ਨਜ਼ਰ 'ਚੋਂ ਨਿਕਲੇ
ਸਵਾਲੀ ਤੀਰਾਂ ਦੀ ਚੋਭ ਨਾਲ
ਡਰ ਭਾਸਣ ਲੱਗ ਜਾਂਦਾ

ਆਪਣੀ ਮਿੱਟੀ
ਜ਼ਹਿਰੀਲੀ ਹੋ ਜਾਣ ਦਾ ਡਰ
ਮਧੁਰ ਫ਼ਿਜ਼ਾ ਦੇ ਝੱਖੜ ਹੋ ਜਾਣ ਦਾ ਡਰ
ਮਰੁੰਡ ਸੁੱਟੇ ਜਾਣ ਦਾ ਡਰ

ਇਨ੍ਹਾਂ ਸਮਾਜੀ ਸਵਾਲਾਂ ਦੇ ਸੇਕ 'ਚ ਮੱਚ
ਬਗ਼ਾਵਤੀ ਕੰਢੇ ਉੱਗ ਖਲੋਣ ਦਾ ਡਰ
ਤੇ ਹੁਣ ਦੋਹਾਂ ਵਿਚਕਾਰ ਜਨਮੀ
ਡਰ ਦੀ ਇਸ ਨਵੀਂ ਸਾਂਝ ਦੇ ਡਰ ਤੋਂ
ਦੋਵੇਂ ਇਕ ਦੂਜੇ ਤੋਂ...
ਨਜ਼ਰਾਂ ਲੁਕਾਉਂਦੇ ਮਲੂਮ ਹੁੰਦੇ ਨੇ...

ਇਕ ਨੂੰ ਕਿਸੇ ਅਣਹੋਣੀ ਦਾ ਡਰ
ਤੇ ਦੂਜੇ ਨੂੰ
ਓਸ ਡਰਾਉਣੇ ਇਹਸਾਸ ਦਾ ਡਰ

•

ਮੋਬਾ : 88376-17956

ਕਵਿਤਾ : *ਗੁਰਦਿੱਤ ਸਿੰਘ ਸੇਖੋਂ*

ਕੂਲੇ ਪੈਰੀਂ ਪੰਜੇਬਾਂ ਪਾਈਆਂ, ਵਿਹੜੇ ਆ ਰਿਹਾ ਕੋਈ।
ਤਨਹਾ ਤਨਹਾ ਹੋਈ ਜਿੰਦ ਨੂੰ ਮੇਲਾ ਬਣਾ ਰਿਹਾ ਕੋਈ।

ਇਕ ਸੁਰ ਹੋਏ ਬੇਤਾਲੇ, ਮੁਹੱਬਤ ਵਿਚ ਗਏ ਢਾਲੇ
ਮਿੱਠੇ ਮਿੱਠੇ ਗੀਤ ਸ਼ਰਬਤੀ ਤਰਜ਼ਾਂ ਗਾ ਰਿਹਾ ਕੋਈ।

ਕੋਈ ਅੱਖਾਂ ਵਿਚੋਂ ਸੁਰਮਾ ਮਿਣਦਾ ਕੋਈ ਦੰਦ ਗਿਣੇ
ਹੁਸਨ ਦੀਆਂ ਤਰੀਫ਼ਾਂ ਕੰਧਾਂ ਤਾਈਂ ਸੁਣਾ ਰਿਹਾ ਕੋਈ।

ਦਿਲ ਦਾ ਸਿਦਕ ਹੁੰਦਾ ਹੁੰਦੀ ਮੁਹੱਬਤ ਦੀ ਕਰਾਮਾਤ
ਕੋਈ ਚੰਨ ਝੋਲੀ ਪਾਉਂਦਾ, ਤਾਰੇ ਗਿਣਾ ਰਿਹਾ ਕੋਈ।

ਛੱਡ ਹਜ਼ਾਰਾ ਭਾਉਂਦਾ ਕਿਸੇ ਨੂੰ ਸਿਆਲੀਂ ਚਾਕ ਹੋਣਾ
ਵੱਗ ਚਰਵਾਉਂਦਾ ਕੋਈ ਜੋਗੀ ਬਣਾ ਰਿਹਾ ਕੋਈ।

ਸੇਖੋਂ ਗੱਲਾਂ ਜੋ ਮੁਹੱਬਤੀ ਕਰਦੇ ਗੁਡੇ ਅਸਮਾਨੀਂ ਚੜ੍ਹਦੇ,
ਦਿਲ ਦੇ ਵਿਹੜੇ ਜਸ਼ਨ ਮਨਾਵੇ ਬਾਗੀਆਂ ਪਾ ਰਿਹਾ ਕੋਈ।

**ਮੋਬਾ : 9781172781**

ਕਵਿਤਾ : *ਗੁਰਪ੍ਰੀਤ ਕੌਰ ਧਾਲੀਵਾਲ*

## ਤਾਂ ਕੀ ਹੋਇਆ ?

ਉਹ ਆਖਦੇ ਜਨਮ ਲੈਣ ਤੋਂ ਪਹਿਲਾਂ ਜਿੱਥੇ
ਪੁੱਤ ਦਾ ਮੂੰਹ ਵੇਖਣ ਲਈ
ਮਾਰ ਦਿੱਤਾ ਜਾਂਦਾ ਧੀ ਨੂੰ
ਉਥੇ ਫਿਰ ਵੀ ਜਨਮ ਲਿਆ
ਖ਼ੁਸ਼ਕਿਸਮਤ ਹੈ ਉਹ ਧੀ
ਮੈਂ ਆਖਦੀ—ਜੇ ਬਚਪਨ ਤੋਂ ਬੁਢਾਪੇ ਤਕ
ਵਾਰ-ਵਾਰ ਜਿਉਣਾ-ਮਰਨਾ ਪਵੇ ਤਾਂ ?
ਉਹ ਆਖਦੇ ਤਾਂ ਕੀ ਹੋਇਆ ?

ਮਾਂ-ਬਾਪ ਬਿਨਾਂ ਰੁਲਦੇ ਨੇ ਜਿੱਥੇ ਬਾਲ
ਭੁੱਖਣ-ਭਾਣੇ ਸੜਕਾਂ 'ਤੇ
ਜੇ ਸਿਰ ਛੱਤ ਤੇ ਮਾਂ-ਬਾਪ ਨੇ
ਖ਼ੁਸ਼ਕਿਸਮਤ ਨੇ ਉਹ ਬਾਲ
ਮੈਂ ਆਖਦੀ ਘਰ ਵਿਚ ਹੋ ਕੇ ਵੀ ਜੇ
ਬਚਪਨ ਮਾਨਣਾ ਨਾ ਮਿਲਿਆ ਹੋਵੇ
ਤਾਂ ਕੀ ?
ਉਹ ਆਖਦੇ ਤਾਂ ਕੀ ਹੋਇਆ ?

ਸਕੂਲ ਜਾਣ ਦੀ ਉਮਰੇ ਜਿੱਥੇ ਕੁਝ ਬਾਲ
ਪੇਟ ਪਾਲਣ ਲਈ ਕਰਨ ਮਜ਼ਦੂਰੀ
ਤੁਸੀਂ ਉਥੇ ਪੜ੍ਹੇ-ਲਿਖੇ ਸਕੂਲ ਗਏ
ਖ਼ੁਸ਼ਕਿਸਮਤ ਹੋ ਤੁਸੀਂ
ਮੈਂ ਆਖਦੀ—ਘਰ ਵਿਚ ਹੀ ਜੋ
ਬਣੇ ਰਹੇ ਕੋਹਲੂ ਦੇ ਬੈਲ
ਉਨ੍ਹਾਂ ਦਾ ਕੀ ?
ਉਹ ਆਖਦੀ ਤਾਂ ਕੀ ਹੋਇਆ ?

ਨੌਕਰੀ ਲਈ ਸੜਕਾਂ ਨਾਪਦਿਆਂ
ਲੰਘ ਜਾਂਦੀ ਹੈ ਜਿੱਥੇ ਵਿਆਹ ਦੀ ਉਮਰ
ਜਿਸ ਕੋਲ ਨੌਕਰੀ ਏ ਹਾਣ-ਪ੍ਰਮਾਣ ਏ
ਖ਼ੁਸ਼ਕਿਸਮਤ ਹੈ ਉਹ
ਮੈਂ ਆਖਦੀ ਨੌਕਰੀ ਤੇ ਘਰ ਵਿਚਕਾਰ
ਜੋ ਰੋਜ਼ ਮਰੀਦਾ
ਉਹਦਾ ਕੀ ?
ਉਹ ਆਖਦੇ ਤਾਂ ਕੀ ਹੋਇਆ ?

ਹਸਪਤਾਲਾਂ ਦੀਆਂ ਲਾਈਨਾਂ ਵਿਚ ਖੜ੍ਹੇ
ਲੜਦੇ ਨੇ ਲੋਕ
ਨਾਮੁਰਾਦ ਬਿਮਾਰੀਆਂ ਨਾਲ
ਤੰਦਰੁਸਤ ਹੋ, ਕਰਦੇ ਹੋ ਕਸਰਤਾਂ-ਸੈਰਾਂ
ਖ਼ੁਸ਼ਕਿਸਮਤ ਹੋ ਤੁਸੀਂ
ਮੈਂ ਆਖਦੀ ਜੋ ਰੰਗਲੇ ਸੁਪਨੇ ਹੋਏ ਦਫ਼ਨ
ਰੀਝਾਂ ਹੋ ਗਈਆਂ ਕਤਲ
ਉਨ੍ਹਾਂ ਦਾ ਕੀ ?
ਉਹ ਆਖਦੇ ਤਾਂ ਕੀ ਹੋਇਆ ?

ਔਲਾਦ ਲਈ ਪੂਜਦੇ ਨੇ ਲੋਕ
ਮੜ੍ਹੀਆਂ-ਮਸਾਣਾਂ, ਰਗੜਦੇ ਨੇ
ਨੱਕ-ਮੱਥੇ ਸਾਧੂ ਸੰਤਾਂ ਦੇ ਡੇਰੇ
ਜਿਸ ਦੀ ਗੋਦ ਖੇਡਣ ਨਾਲ
ਖ਼ੁਸ਼ਕਿਸਮਤ ਹੈ ਉਹ
ਮੈਂ ਆਖਦੀ ਜੋ ਠੇਡੇ ਮਾਰਦੀ ਏ
ਬੁਢਾਪਾ ਰੋਲਦੀ ਹੈ ਉਹਦਾ ਕੀ ?
ਉਹ ਆਖਦੇ ਤਾਂ ਕੀ ਹੋਇਆ ?

ਤੁਸੀਂ ਵੀ ਤਾਂ ਇਹੋ ਸੋਚਦੇ ਹੋਵੋਗੇ ਨਾ ?
ਸਭ ਏਦਾਂ ਹੀ ਸੋਚਦੇ ਨੇ ਤਾਹੀਓਂ
ਉੱਠਦਾ ਮੇਰੇ ਅੰਦਰ ਸਵਾਲਾਂ ਦਾ ਬਵੰਡਰ
ਅਕਸਰ ਦਬਾ ਦਿੱਤਾ ਜਾਂਦਾ
ਮੇਰੇ ਆਪਣਿਆਂ ਦੁਆਰਾ ਹੀ
ਇਹੋ ਪੀੜ ਜਾਂਦੀ ਕਾਲਜਾ ਨਪੀੜ
ਗੁੱਝੀ ਹਾਸੀ-ਹੱਸਦਿਆਂ
ਮੈਨੂੰ ਵੀ ਕਹਿਣਾ ਪੈ ਜਾਂਦਾ
ਹਾਂ ਬਈ, ਵਿਆਹ ਹੋ ਗਿਆ, ਹੋ ਗਏ ਬੱਚੇ
ਲੰਘ ਹੀ ਰਹੇ ਨੇ ਦਿਨ ਤਾਂ ਅੱਛੇ

ਇਕ ਦੂਜੇ ਨੂੰ ਜਾਨਣਾ ਜ਼ਰੂਰੀ ਨਹੀਂ
ਨਹੀਂ ਵੀ ਜਾਣ ਪਾਏ ਜੇ
ਆਹੋ ! ਤਾਂ ਕੀ ਹੋਇਆ ?
ਸਭ ਕੁਝ ਤਾਂ ਹੈ ਕੋਲ ਜਿਊਣ ਲਈ
ਨਾਲੇ ਰੋ-ਰੋ ਸਿਸਕ-ਸਿਸਕ ਕਿਹੜਾ
ਜ਼ਿੰਦਗੀ ਕੱਟੀ ਨਹੀਂ ਜਾ ਸਕਦੀ
ਇਸ ਨੂੰ ਮਾਨਣਾ ਜ਼ਰੂਰੀ ਤਾਂ ਨਹੀਂ
ਨਾ ਵੀ ਮਾਣੀ, ਤਾਂ ਕੀ ਹੋਇਆ ?
ਮੱਥਾ ਟਿੱਕਾ ਤਾਂ ਹੈ ਨਾ
ਖ਼ੁਸ਼ਕਿਸਮਤ ਹੋਣ ਦਾ
ਦਿਖਾਵਾ, ਦਿਖਾਵਾ ਤਾਂ ਟਿੱਕੇ ਦਾ ਹੀ ਹੈ ਨਾ
ਨਾਲੇ ਹੋਰ ਕਦ ਕੁਝ
ਮਾਇਨੇ ਰੱਖਦਾ ਸਾਡੇ ਲਈ

•

**ਮੋਬਾ : 9878002110**

ਕਵਿਤਾ : *ਹਰਮਨਜੀਤ ਸਿੰਘ ਬਾਜਵਾ*

## ਸਵੈ ਪੜਚੋਲ

ਕਲੀ ਏਂ ਤੂੰ ਗੁਲਾਬ ਵਾਂਗਰਾ
ਪਾਕ ਸਾਫ ਜਈ ਆਬ ਵਾਂਗਰਾਂ
ਸੁਲਝੇ ਹੋਏ ਮਾਪਿਆਂ ਦੀ
ਲਾਡਾਂ ਨਾਲ ਧੀ ਜਾਈ ਏਂ
ਕਾਦਰ ਨੇ ਵੀ ਰੂਹ ਲਾ ਕੇ
ਸੋਹਣੀ ਤਸਵੀਰ ਬਣਾਈ ਏ

ਆਪਣਿਆਂ ਲਈ ਸਭ ਕਰਨੀ ਏਂ
ਵਾਂਗ ਪਹਾੜਾਂ ਖੜਨੀ ਏਂ
ਇੱਜ਼ਤਾਂ ਦੇ ਸ਼ਿਖਰੀ ਸ਼ੁਹ ਜਾਵੇਂ
ਜਦ ਹੱਸ ਕੇ ਪੀੜਾਂ ਸੀਨੇ ਜਰਨੀ ਏਂ

ਤੂੰ ਹੂਰ ਵੀ ਏਂ, ਕੋਹੇਨੂਰ ਵੀ ਏਂ
ਤਰਾਸ਼ਿਆ ਹੋਇਆ ਸਰੂਰ ਵੀ ਏਂ
ਗਹਿਰੀ ਸੋਚ ਸਮੁੰਦਰੋਂ ਡੂੰਘੀ
ਹਰ ਆਮ ਦੀ ਸਮਝੋਂ ਦੂਰ ਵੀ ਏਂ

ਦਿਲ ਕਰਦਾ ਕੁਝ ਪਲ ਬੈਠਾ ਕੋਲ
ਤੈਨੂੰ ਜਾਣਾ ਦਿਲ ਦੇ ਵਰਕੇ ਫੋਲ
ਵੇਖ ਕੇ ਮੁਸ਼ਕਿਲ ਕਿਵੇਂ ਹੱਸਨੀ ਏਂ
ਗੁੱਝੇ ਭੇਦ ਤੂੰ ਕਿਵੇਂ ਰੱਖਨੀ ਏਂ

ਰੂਹ ਅੰਦਰ ਤਾਈਂ ਵਸ ਜਾਨੀ ਏਂ
ਹੱਸਦਾ ਵਸਦਾ ਕਰ ਜਾਨੀ ਏਂ
ਤੂੰ ਸੱਚੀ ਏਂ ਕਮਜ਼ੋਰ ਨਹੀਂ ਏਂ
ਤੇਰੇ ’ਤੇ ਚੱਲ ਜੇ ਐਸਾ ਜ਼ੋਰ ਨਹੀਂ ਏ

ਸ਼ੀਸ਼ੇ ਮੂਹਰੇ ਖੜ ਕੇ ਵੇਖੀਂ
ਆਪਣੇ ਆਪ ਨੂੰ ਪੜ੍ਹ ਕੇ ਵੇਖੀਂ
ਹੁਣ ਆਪਣੇ ਲਈ ਲੜ ਕੇ ਵੇਖੀਂ
ਬਹੁਤ ਰੋ ਲਿਆ ਸਭਨਾਂ ਦੇ ਲਈ
ਖ਼ੁਦ ਨੂੰ ਹੁਣ ਜੜ੍ਹ ਕਰ ਕੇ ਵੇਖੀਂ

ਦਿਲੋਂ ਹੀ ਤੈਨੂੰ ਪਾਇਆ ਜਾ ਸਕਦਾ
ਤੇਰੀ ਰੂਹ ਤਕ ਗੇੜਾ ਲਾਇਆ ਜਾ ਸਕਦਾ
ਉਮਰਾਂ ਤਾਈਂ ਨਿਭਾਇਆ ਜਾ ਸਕਦਾ
ਗ਼ੈਰਤ ਦਾ ਬਣ ਦਸਤੂਰ ਰੂਪੀ
ਬਸ ਤੈਨੂੰ ਖ਼ੁਦ ’ਚੋਂ ਪਾਇਆ ਜਾ ਸਕਦਾ

**ਮੋਬਾ : 7087866188**

ਗ਼ਜ਼ਲ : ***ਫੈਸਲ ਖਾਨ***

ਹੋ ਗਈਆਂ ਰੁਸਵਾਈਆਂ ਤੇਰੇ ਸ਼ਹਿਰ ਵਿਚ।
ਰਹਿ ਗਈਆਂ ਤਨਹਾਈਆਂ ਤੇਰੇ ਸ਼ਹਿਰ ਵਿਚ।

ਘੁੰਮ ਰਿਹਾ ਹੈ ਹਰ ਇਕ ਬਸ਼ਰ ਬੇਚੈਨ ਜਿਹਾ,
ਵਧ ਗਈਆਂ ਮਹਿੰਗਾਈਆਂ ਤੇਰੇ ਸ਼ਹਿਰ ਵਿਚ।

ਸੋਚ ਦੇ ਹਰ ਮੋੜ ਦੇ ਇਕ ਲਾਸ਼ ਪਈ ਹੈ,
ਹਾਲ ਇਹ ਕੀਤਾ ਦੰਗਾਈਆਂ ਤੇਰੇ ਸ਼ਹਿਰ ਵਿਚ।

ਸੁੱਖ ਦਿਲਾਂ ਦਾ ਕੱਲ੍ਹ ਮਿਲੇਗਾ ਕਿਵੇਂ ਭਲਾ,
ਅੱਜ ਕਲੀਆਂ ਨੇ ਮੁਰਝਾਈਆਂ ਤੇਰੇ ਸ਼ਹਿਰ ਵਿਚ।

ਮੈਂ ਗ਼ਮਾਂ ਨੂੰ ਹੱਸਦਿਆਂ ਹੀ ਵੇਖਿਆ ‘ਫੈਸਲ’,
ਰੋ ਪਈਆਂ ਸ਼ਹਿਨਾਈਆਂ ਤੇਰੇ ਸ਼ਹਿਰ ਵਿਚ।

ਮੋਬਾ : 99149-30986

ਕਵਿਤਾ : *ਰਵਨੀਤ ਕੌਰ ਢੀਂਡਸਾ*

## ਧੀਆਂ

ਧੀਆਂ ਧੰਨ ਬੇਗ਼ਾਨਾ ਹੁੰਦੀਆਂ
ਧੀਆਂ ਜੱਗ ਲਈ ਤਾਹਨਾ ਹੁੰਦੀਆਂ
ਮੈਲੀ ਸੋਚ ਤੇ ਮੈਲੀ ਅੱਖ ਲਈ
ਧੀਆਂ ਸਦਾ ਨਿਸ਼ਾਨਾ ਹੁੰਦੀਆਂ

ਪੱਥਰ ਕਰਕੇ ਕਰੜਾ ਜੇਰਾ
ਚਿਹਰੇ ’ਤੇ ਮੁਸਕਾਨ ਰੱਖਦੀ ਏ
ਦਰਦ ਨੂੰ ਪੀ ਲਏ ਲੇਖ ਸਮਝ ਕੇ
ਨਾਂ ਬੋਲ ਕਿਸੇ ਨੂੰ ਦੱਸਦੀ ਏ

ਕੋਈ ਆਖ ਬੁਲਾਵੇ ਅਬਲਾ ਇਸ ਨੂੰ
ਕੋਈ ਪਰਾਇਆ ਧਨ ਬੁਲਾਵੇ
ਜਗ ਜਨਨੀ ਦੀ ਦੁਨੀਆ ਉੱਤੇ
ਪੇਸ਼ ਕੋਈ ਨਾ ਜਾਵੇ


‘ਰੀਤ’ ਜਿਹੀਆਂ ਨਹੀਂ ਪਤਾ ਕਿੰਨੀਆਂ
ਜਨਮ ਤੋਂ ਵਾਂਝੀਆਂ ਰਹਿ ਗਈਆਂ
ਭਰੂਣ ਹੱਤਿਆ ਦੇ ਭੇਂਟ ਚੜ੍ਹ ਗਈਆਂ
ਕੁਝ ਰਾਹ ਸਿਵਿਆਂ ਦੇ ਪਈਆਂ

•

**ਮੋਬਾ :**



**ਪੇਸ਼ਕਾਰ :**
**ਡਾ. ਮੋਹਨ ਤਿਆਗੀ**
**ਸੰਪਰਕ :** 98144-79150



**ਕਵਿਤਾ :** ***ਬਲਵਿੰਦਰ ਸੰਧੂ***
**ਸੰਪਰਕ :** 98155 14053

ਬਲਵਿੰਦਰ ਸੰਧੂ ਪੰਜਾਬੀ ਕਵਿਤਾ ਦਾ ਇਕ ਮਾਣਯੋਗ ਹਸਤਾਖ਼ਰ ਹੈ। ਉਸਨੇ ਇਕ ਵਿਲੱਖਣ ਕਾਵਿ-ਮੁਹਾਵਰੇ ਰਾਹੀਂ ਆਪਣੇ ਆਪ ਨੂੰ ਪੰਜਾਬੀ ਕਵਿਤਾ ਦੇ ਖੇਤਰ ਵਿਚ ਸਥਾਪਿਤ ਕੀਤਾ ਹੈ। ਉਹ ਅੰਗਰੇਜ਼ੀ ਦੇ ਰੋਮਾਂਟਿਕ ਕਵੀਆਂ ਵਾਂਗ ਪ੍ਰਕਿਰਤੀ ਦੇ ਗੁੱਝੇ ਰਹੱਸਾਂ ਨੂੰ ਖੋਲ੍ਹਦਾ, ਕਵਿਤਾਉਂਦਾ, ਮਾਨਵੀ ਪ੍ਰਸੰਗਾਂ ਵਿਚ ਪਰਿਭਾਸ਼ਤ ਕਰਨ ਦਾ ਯਤਨ ਕਰਦਾ ਹੈ। ਉਂਜ ਉਸਦਾ ਕਾਵਿ-ਸੰਵਾਦ ਬਹੁਅਰਥੀ ਸੰਕਲਪਾਂ ਦਾ ਧਾਰਨੀ ਹੈ। ਉਹ ਸਾਡੇ ਸਮਾਜ-ਸਭਿਆਚਾਰ ਅਤੇ ਧਰਮ ਦੇ ਉਨ੍ਹਾਂ ਅਕੀਦਿਆਂ ਨੂੰ ਆਪਣੀ ਕਾਵਿ-ਸਿਰਜਣਾ ਦੀ ਆਧਾਰਸ਼ਿਲਾ ਬਣਾਉਂਦਾ ਹੈ, ਜਿਹੜੇ ਮਨੁੱਖ ਨੂੰ ਨੈਤਿਕ ਤੇ ਅਧਿਆਤਮਕ ਤੌਰ 'ਤੇ ਉਚਾਈਆਂ ਵੱਲ ਲੈ ਜਾਂਦੇ ਹਨ। ਇਸ ਤਰ੍ਹਾਂ ਦਾ ਕਾਵਿ-ਨਾਦ ਉਸ ਦੀ ਨਵ-ਪ੍ਰਕਾਸ਼ਿਤ ਕਾਵਿ-ਪੁਸਤਕ 'ਮਧੂਕਰੀ' ਵਿਚੋਂ ਵੀ ਗੂੰਜਦਾ ਪ੍ਰਤੀਤ ਹੁੰਦਾ ਹੈ। ਇਹੀ ਤੱਥ ਇਸ ਕਵਿਤਾ ਦਾ ਮਾਣਯੋਗ ਹਾਸਿਲ ਬਣਦਾ ਹੈ।

## ਜੋ ਹੋਵੇ ਸੋ ਉਗਵੇ

ਲੂਣ ਦੀ ਚੁਟਕੀ
ਮੈਂ ਰੋਟੀ 'ਤੇ ਧੁੜਕੀ
ਜ਼ਾਇਕਾ ਨਮਕੀਨ ਸੀ।

ਮਿਸ਼ਰੀ ਦੀ ਡਲ਼ੀ
ਤਲੀ 'ਤੇ ਧਰੀ
ਸਵਾਦ 'ਚ ਮਿਠਾਸ ਸੀ।

ਇਮਲੀ ਦੀ ਫਲੀ
ਜ਼ੁਬਾਂ 'ਤੇ ਮਲ਼ੀ
ਗਲੇ 'ਚ ਖਟਾਸ ਸੀ।

ਨਿੰਮ ਦੀ ਨਿਮੋਲੀ
ਮੂੰਹ 'ਚ ਪਪੋਲੀ
ਮੂੰਹ 'ਚ ਕੜਵਾਹਟ ਸੀ।

ਸੈਆਂ ਵਸਤਾਂ ਮੈਂ
ਘੋਲ ਘੋਲ ਪੀਤੀਆਂ
ਚਖ਼ ਚਖ਼ ਦੇਖੀਆਂ।

ਉਹ ਉਹੋ ਸਨ
ਸਨ ਜੋ ਉਹ
ਜਗਤ ਜਾਣ ਹੀ ਜਾਂਦਾ
ਅਸੀਂ ਹੁੰਦੇ ਆਂ ਜੋ...।

## ਵਸੀਅਤ

ਜਾਂਦਿਆਂ ਮੇਰੇ ਬਾਪ ਮੈਨੂੰ ਆਖਿਆ—

ਲੁਕਾਈ, ਖੁਦਾਈ ਤੇ ਅਛਾਈ ਨਾਲ
ਕਦੇ ਬੇਵਫ਼ਾਈ ਨਾ ਕਰਨਾ
ਬੁਰਿਆਂ, ਬੇਸੁਰਿਆਂ, ਬੇਸਿਰਿਆਂ ਦਾ
ਕਦੇ ਪਾਣੀ ਨਾ ਭਰਨਾ।

ਹੱਥਾਂ ਪੈਰਾਂ ਤੇ ਅੱਖਾਂ ਦੇ ਹੁੰਦਿਆਂ
ਕਦੇ ਝੋਲ ਨਾ ਅੱਡਣਾ
ਅਦੀਬਾਂ, ਫੱਕਰਾਂ ਤੇ ਸ਼ਬਦਾਂ ਦਾ
ਕਦੇ ਕਿਹਾ ਨਾ ਸੁੱਟਣਾ।

ਫੁੱਲਾਂ ਤਿਤਲੀਆਂ ਨਿਹੱਥਿਆਂ 'ਤੇ
ਕਦੇ ਹੱਥ ਨਾ ਚੁੱਕਣਾ
ਫੱਗਣ ਚੇਤਰ ਮੌਲਣ ਦੀ ਰੁੱਤੇ
ਕਦੇ ਬਿਰਖ ਨਾ ਵੱਢਣਾ।

ਅਵਾਮ ਜਹਾਨ ਦੀ ਅਵਾਜ਼ ਤੋਂ
ਕਦੇ ਬੇ-ਨਿਆਜ਼ ਨਾ ਹੋਣਾ
ਸੁਆਰਥਾਂ, ਤਜ਼ਾਰਤਾਂ, ਹਿਮਾਕਤਾਂ ਨਾਲ
ਬੇ-ਲਿਆਜ਼ ਹੀ ਰਹਿਣਾ।

ਜਾਂਦਿਆਂ ਮੇਰੇ ਬਾਪ
ਮੈਨੂੰ...ਆਖਿਆ।

## ਫੱਗਣ ਦੀ ਸੰਗਰਾਂਦ

ਲਹਿੰਦੇ
ਮਸੀਤ ਦੀ ਫਸੀਲ ਤੋਂ
ਅਜਾਨ ਦੀ ਆਵਾਜ਼ ਉੱਠ ਰਹੀ

ਪਹਾੜ ਪਾਸਿਓਂ
ਘੰਟੀਆਂ ਦੀ ਟੁਣਕਾਰ 'ਤੇ
ਆਰਤੀ ਉਤਰ ਰਹੀ


ਪੂਰਬੇ
ਤਬਲਾ, ਵਾਜਾ ਤੇ ਢੋਲਕੀ
ਸ਼ਬਦ ਨੂੰ ਤਾਲ ਦੇ ਰਹੇ

ਦੱਖਣ ਕੰਨੀਓਂ
ਸੰਗੀਤ 'ਚ ਘੁਲਿਆ
ਕੋਈ ਗੀਤ ਸੁਣ ਰਿਹਾ

ਮੈਂ ਸਾਝਰੇ ਸਵੇਰੇ
ਫੁੱਲਾਂ 'ਤੇ ਆਈ
ਨਾਸ਼ਪਤੀ ਸਾਹਵੇਂ ਨੱਚ ਰਿਹਾ...।
•



ਪੁਰਸਕਾਰ ਦੇ ਸਮੇਂ / **ਜਸਬੀਰ ਕਲਸੀ ਧਰਮਕੋਟ**



# ਵਿਲੱਖਣ ਤੇ ਸਮਰੱਥ ਕਹਾਣੀਕਾਰ ਕਿਰਪਾਲ ਕਜ਼ਾਕ

ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ...
-ਸੰਤ ਰਾਮ ਉਦਾਸੀ

ਕੰਮੀਆਂ ਦੇ ਵਿਹੜੇ, ਭਾਰਤ ਸਰਕਾਰ ਦੀ ਰਾਸ਼ਟਰੀ ਸੰਸਥਾ 'ਸਾਹਿਤ ਅਕਾਦਮੀ' ਦਾ ਸਾਲ 2019 ਦਾ ਪੁਰਸਕਾਰ ਦੀ ਸ਼ਕਤੀ ਵਾਲਾ ਸੂਰਜ ਮਘਦਾ ਹੋਇਆ ਰੌਸ਼ਨੀ ਅਤੇ ਗਰਮੀ ਲਿਆਇਆ ਨੂੰ ਵੇਖ ਕੇ ਜਾਂ ਇਸ ਬਾਰੇ ਸੁਣ ਕੇ ਸਾਹਿਤਕ ਲੋਕ ਆਪਣੇ-ਆਪਣੇ ਵਿਚਾਰਾਂ ਜ਼ਰੀਏ 'ਦੇਰ ਆਇਆ ਪਰ ਦਰੁਸਤ ਆਇਆ' ਅਤੇ 'ਬਹੁਤ ਬਹੁਤ ਮੁਬਾਰਕਾਂ' ਦੇ ਸ਼ਬਦਾਂ ਨਾਲ ਨਿਵਾਜ਼ ਰਹੇ ਹਨ। 'ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਜੇਤੂ ਕਹਾਣੀਕਾਰ ਕਿਰਪਾਲ ਕਜ਼ਾਕ ਦਾ ਸਨਮਾਨ' ਬੈਨਰ ਹੇਠ ਸਾਹਿਤਕ ਸਮਾਗਮ ਕਰਵਾਏ ਜਾ ਰਹੇ ਹਨ।

ਕੰਮੀਆਂ ਦੇ ਵਿਹੜੇ ਦਾ ਕਿਰਪਾਲ, ਦਸ ਜਮਾਤਾਂ ਪੜ੍ਹਿਆ ਪਰ ਰਾਜ ਮਿਸਤਰੀ ਵਜੋਂ ਮਾਹਰ ਕਾਰੀਗਰ ਬਣਨ ਲਈ ਦੂਰ ਦੇਸ਼ ਗਿਆ ਤਾਂ ਉਸਤਾਦ ਨੇ ਆਪਣੇ ਸ਼ੌਕ ਵਾਲੇ ਪੜ੍ਹਨ-ਲਿਖਣ ਦੇ ਕਾਗ਼ਜ਼ਾਂ ਦੀ ਨਕਲ ਕਰਨ ਦਾ ਕੰਮ ਵੀ ਕਰਵਾਇਆ ਤਾਂ ਖੁਦ ਦੇ ਦਿਮਾਗ਼ ਦੀ ਸੋਚ ਨਾਲ ਉਸਤਾਦ ਦੇ ਲਿਖੇ ਦੇ ਉਲਟ ਨਤੀਜਾ ਕੱਢਦੀ ਲਿਖਤ ਲਿਖ ਦਿੱਤੀ ਕਿ ਉਹ ਲਿਖਤ ਗੁਆਚੀ ਪਰ ਜਾ ਪਹੁੰਚੀ 'ਪੰਜ ਦਰਿਆ' ਦੇ ਸੰਪਾਦਕ ਪ੍ਰੋਫੈਸਰ ਮੋਹਣ ਸਿੰਘ ਦੇ ਹੱਥ ਤੇ ਕਹਾਣੀ ਵਿਧਾ ਵਜੋਂ ਪ੍ਰਕਾਸ਼ਿਤ ਹੋਈ ਦੇ ਕਹਾਣੀਕਾਰ ਦਾ ਨਾਂ ਕਿਰਪਾਲ ਅਵਾਰਾ ਛਪਿਆ ਸੀ। ਇਸ 'ਅਵਾਰਾ' ਨਾਂ ਦੀ ਸੁਧਾਈ ਜਦੋਂ ਹੋਈ ਤਾਂ ਨਾਂ ਕਿਰਪਾਲ ਕਜ਼ਾਕ ਹੋ ਗਿਆ ਸੀ 1970 ਈਸਵੀਂ ਦੇ ਨੇੜਲੇ ਸਮੇਂ।

ਪੰਜਾਬ ਅੰਦਰ ਸੰਨ 1966 ਈਸਵੀਂ ਨੂੰ ਹਰੀ ਕ੍ਰਾਂਤੀ ਸ਼ੁਰੂ ਹੋਈ ਸੀ। ਜਿਸ ਦੇ ਪ੍ਰਭਾਵਾਂ ਨੇ ਕਿਸਾਨੀ ਅਤੇ ਖੇਤ ਮਜ਼ਦੂਰ ਵਰਗ ਦਾ ਜੀਵਨ ਯਥਾਰਥ ਬਦਲ ਦਿੱਤਾ ਸੀ। ਇਸ ਬਦਲੇ ਹੋਏ ਜੀਵਨ ਯਥਾਰਥ ਨਾਲ ਸਬੰਧਤ ਖੇਤ ਮਜ਼ਦੂਰ ਵਰਗ ਬਾਰੇ ਉਸ ਸਮੇਂ ਪੰਜਾਬੀ ਕਹਾਣੀ ਦੇ ਤੀਜੇ ਪੜ੍ਹਾਅ ਅੰਦਰ ਸ਼ਾਮਿਲ ਹੋਏ ਨਵੇਂ ਕਹਾਣੀਕਾਰ ਜੋ ਕਿ ਇਸ ਮਜ਼ਦੂਰ ਵਰਗ ਦੇ ਪਰਿਵਾਰਾਂ ਵਿਚੋਂ ਆਏ ਜਿਵੇਂ ਅਤਰਜੀਤ, ਕਿਰਪਾਲ ਕਜ਼ਾਕ, ਭੂਰਾ ਸਿੰਘ ਕਲੇਰ, ਪ੍ਰੇਮ ਗੋਰਖੀ, ਨਛੱਤਰ, ਗੁਲਜ਼ਾਰ ਮੁਹੰਮਦ ਗੌਰੀਆ ਆਦਿ ਨੇ ਜਾਤ, ਜਮਾਤ ਅਤੇ ਆਰਥਿਕ, ਸਮਾਜਿਕ ਸਮੱਸਿਆਵਾਂ ਨੂੰ ਵੱਖ-ਵੱਖ ਰਚਨਾ-ਦ੍ਰਿਸ਼ਟੀ ਤੋਂ ਕਹਾਣੀ ਜ਼ਰੀਏ ਪੇਸ਼ ਕੀਤਾ। ਕਿਰਪਾਲ ਕਜ਼ਾਕ ਵੱਲੋਂ ਆਲੋਚਨਾਤਮਿਕ ਯਥਾਰਥਵਾਦ ਦੇ ਧਾਰਨੀ ਹੋਣ ਦੀ ਰਚਨਾ-ਦ੍ਰਿਸ਼ਟੀ ਨੂੰ ਉਭਾਰਿਆ ਗਿਆ ਸੀ। ਇਸ ਦ੍ਰਿਸ਼ਟੀ ਤੋਂ ਕਿਰਪਾਲ ਕਜ਼ਾਕ ਨੇ ਪੇਂਡੂ ਦਲਿਤ ਵਰਗ ਦੀ ਵਸਤੂ ਨੂੰ ਗਿਣਤੀ ਤੇ ਗੁਣ ਦੇ ਪੱਖ ਤੋਂ ਵਧੇਰੇ ਵਰਤੋਂ ਵਿੱਚ ਲਿਆਂਦਾ ਹੋਇਆ ਹੈ ਤੇ ਇਸ ਵਰਗ ਦੇ ਯਥਾਰਥ ਦੀਆਂ ਬਾਹਰੀ ਅਤੇ ਅੰਦਰੂਨੀ ਪਰਤਾਂ ਨੂੰ ਬ-ਕਮਾਲ ਫਰੋਲਿਆ ਹੈ। ਇਸ ਕਾਰਨ ਕਰਕੇ ਕਹਾਣੀਕਾਰ ਕਿਰਪਾਲ ਕਜ਼ਾਕ ਆਪਣੇ ਸਮਕਾਲੀ ਕਹਾਣੀਕਾਰਾਂ ਨਾਲੋਂ ਵਿਲੱਖਣ ਹੈ। ਸਮਰੱਥ ਕਹਾਣੀਕਾਰ ਕਿਰਪਾਲ ਕਜ਼ਾਕ ਦੀ ਕਹਾਣੀ-ਸਿਰਜਣ-ਪ੍ਰਕਿਰਿਆ ਵਿੱਚੋਂ ਉੱਭਰੀ ਇਸ ਵਿਸ਼ੇਸ਼ ਵਿਲੱਖਣਤਾ ਨੂੰ ਭਾਵੇਂ ਦੇਰ ਬਾਅਦ ਪਰ 'ਭਾਰਤੀ ਸਾਹਿਤ ਅਕਾਦਮੀ' ਨੇ ਪਛਾਣ ਹੀ ਲਿਆ ਹੈ।

ਅੰਤ ਵਿੱਚ, ਵਿਲੱਖਣ ਕਹਾਣੀਕਾਰ ਕਿਰਪਾਲ ਕਜ਼ਾਕ ਦੀ ਕਲਮ ਤੋਂ ਸਿਰਜੀਆਂ ਗਈਆਂ ਕਹਾਣੀਆਂ ਦੀ ਵਿਸ਼ੇਸ਼ ਵਿਲੱਖਣਤਾ ਦੇ ਖਾਸ ਪਛਾਣ ਸੰਕੇਤਾਂ ਦੀ ਗੱਲ ਕਰਨੀ ਹੈ : 1. ਕਹਾਣੀਕਾਰ ਕਿਰਪਾਲ ਕਜ਼ਾਕ ਨੇ ਕਹਾਣੀ ਸਿਰਜਣ ਲਈ ਰਚਨਾ-ਵਸਤੂ ਵਾਸਤੇ ਸੀਰੀ, ਦਿਹਾੜੀਦਾਰ, ਟਾਂਗਾ ਚਲਾਉਣ ਵਾਲੇ ਆਦਿ ਪਾਤਰ ਲਏ ਹਨ। 2. ਇਹ ਪਾਤਰ ਕਰੜੀ ਮਿਹਨਤ ਕਰਨ ਵਾਲੇ ਹਨ। 3. ਇਹ ਪਾਤਰ ਤੰਗੀਆਂ-ਤੁਰਸ਼ੀਆਂ ਦੀ ਪੀੜ ਵਿੱਚ ਪੀੜ੍ਹੀ-ਦਰ-ਪੀੜ੍ਹੀ ਪੀੜੇ ਹੋਏ ਹਨ। 4. ਕੰਧਾਂ ਤੋਂ ਬਿਨਾਂ' ਕਹਾਣੀ ਦਾ ਨਾਇਕ ਤਾਰੂ, ਜਿਸ ਨੂੰ ਆਪਣੇ ਮਾਂ-ਪਿਉ ਦਾ ਕੋਈ ਪਤਾ ਨਹੀਂ, ਭੁੱਖ-ਨੰਗ ਤੇ ਨਿਰਾਦਰ ਵਿੱਚ ਵੱਡਾ ਹੁੰਦਾ ਹੈ ਤੇ ਸੀਰੀ ਬਣਦਾ ਹੈ। 5. ਸੈਲਾਬ' ਕਹਾਣੀ ਦਾ ਨਾਇਕ ਆਤਮਾ ਸਿੰਹੁ ਮਰੇ ਡੰਗਰਾਂ ਨੂੰ ਚੁੱਕ ਕੇ ਲਿਜਾਣਾ ਅਤੇ ਉਨ੍ਹਾਂ ਦੀ ਖੱਲ ਲਾਹੁਣੀ ਇਹ ਉਸ ਦਾ ਕਿੱਤਾ ਹੈ। 6. ਪਾਣੀ ਦੀ ਕੰਧ'ਕਹਾਣੀ ਦੇ ਪਾਤਰ ਲੋੜਾਂ-ਥੁੜਾਂ ਮਾਰੇ ਹਨ। ਉਹ ਪਤੀ-ਪਤਨੀ ਵਜੋਂ ਜਦੋਂ ਆਪਸ ਵਿੱਚ ਮਿਲਦੇ ਹਨ ਤਾਂ ਉਦੋਂ ਅਧੂਰੇ ਮਹਿਸੂਸ ਕਰਦੇ ਹਨ।

ਉਪਰੋਕਤ ਪੇਸ਼ਕਾਰੀਆਂ ਤੋਂ ਜੀਉਂਦੇ ਸਰੋਕਾਰ ਮਕਸਦ-ਭਰਪੂਰ ਸਿਰਜਣ ਵਾਲਾ ਕਹਾਣੀਕਾਰ ਕਿਰਪਾਲ ਕਜ਼ਾਕ ਕਲਾਤਮਿਕ ਗਲਪਕਾਰ ਹੈ। 1990 ਈਸਵੀਂ ਸੰਨ ਤੋਂ ਬਾਅਦ ਸੰਨ 2015 ਈਸਵੀਂ ਦੇ ਵਰ੍ਹਿਆਂ ਦਰਮਿਆਨ ਇੱਕ 25ਵਰ੍ਹਿਆਂ ਦੀ ਲੰਮੀ ਵਿੱਥ ਪਾ ਕੇ ਵਿਲੱਖਣ ਅਤੇ ਸਮਰੱਥ ਕਹਾਣੀਕਾਰ ਕਿਰਤੀਆਂ ਨਾਲ ਪੀਡਾ ਪਿਆ ਲਗਾਓ ਵਾਲਾ ਅਨੁਭਵ ਨਿਆਰੇਪਣ ਜ਼ਰੀਏ ਪੇਸ਼ ਕਰਦਾ ਹੈ । ਜਿਵੇਂ ਉਦਾਹਰਣ : ਕਹਾਣੀ 'ਮਾਧੋ'—ਕਿਸੇ ਦੱਸਿਆ, ਮਾਧੋ ਛੁੱਟੀ ਵਾਲੇ ਦਿਨ ਵੀ ਕਲਰਕਾਂ ਤੇ ਅਫ਼ਸਰਾਂ ਅਤੇ ਮਾਲੀਆਂ ਦੀਆਂ ਬੁੱਤੀਆਂ ਕਰੀ ਜਾਂਦਾ ਹੈ। ਬਿਨਾਂ ਕਿਸੇ ਲਬ ਲਾਲਚ। ਇਕ ਦਿਨ ਮੈਂ ਟੋਕਿਆ— "ਕਿਉਂ ਹਡ ਗਾਲਦੇ ਓ ਮਾਧੋ ਰਾਮ। ਘਰ ਬੈਠਿਆਂ ਕਰੋ ਰਾਮ ਨਾਲ।"

"ਘਰ ਬੈਠਣ ਨੂੰ ਤੇਰੇ ਜਿਹੇ ਥੋੜ੍ਹੇ ਆ। ਜਿਦੇ ਹਡ-ਰਖ ਹੋ ਗਏ ਨਾ ਕੰਮੀ-ਕਮੀਣ, ਭੂਤਨੀ ਭੁਲ ਜੂ ਤੇਰੇ ਅਰਗਿਆਂ ਦੀ।"

ਮੈਂ ਮਹਿਸੂਸ ਕਰਦਾ ਹਾਂ ਕਿ ਭਾਰਤੀ ਸਾਹਿਤ ਅਕਾਦਮੀ ਨੇ ਸਮਰੱਥ ਤੇ ਵਿਲੱਖਣ ਕਹਾਣੀਕਾਰ ਕਿਰਪਾਲ ਕਜ਼ਾਕ ਨੂੰ ਪੁਰਸਕਾਰ ਦੇ ਕੇ ਪੰਜਾਬੀ ਕਹਾਣੀ ਦੇ ਨਾਲ ਨਾਲ ਪੰਜਾਬੀ ਸਾਹਿਤ ਸੰਸਾਰ ਨੂੰ ਪ੍ਰਸੰਨਤਾ ਦਿੱਤੀ ਹੈ।

ਮੋਬਾ : 81468 13291

- **ਲੇਖਕ, ਲਿਖਤ ਤੇ ਵਿਚਾਰਧਾਰਾ** : *ਬਲਬੀਰ ਪਰਵਾਨਾ*

‘ਲੇਖਕ, ਲਿਖਤ ਤੇ ਵਿਚਾਰਧਾਰਾ’ ਬਲਬੀਰ ਪਰਵਾਨਾ ਦੀ ਕਿਤਾਬ ਹੈ ਜਿਸ ਵਿਚ ਉਹ ਆਪਣੀ ਸਾਹਿਤ ਸਿਰਜਣ ਪ੍ਰਕਿਰਿਆ ਦੇ ਗਲਿਆਰਿਆਂ ਤੇ ਕੋਣਾਂ ਕਿਨਾਰਿਆਂ ਨੂੰ ਪਾਠਕ ਨਾਲ ਸਾਂਝਾ ਕਰਦਾ ਹੈ। ਬਲਬੀਰ ਪਰਵਾਨਾ ਦੇ ਹੁਣ ਤਕ ਗਿਆਰਾਂ ਨਾਵਲ, ਚਾਰ ਨਾਵਲੈੱਟ, ਚਾਰ ਕਹਾਣੀ-ਸੰਗ੍ਰਹਿ, ਦੋ ਮਿੰਨੀ ਕਹਾਣੀ-ਸੰਗ੍ਰਹਿ, ਛੇ ਕਾਵਿ-ਸੰਗ੍ਰਹਿ, ਇਕ ਖੋਜ ਕਾਰਜ, ਸਿਰਜਣਾਤਮਕ ਚਿੰਤਨ ’ਤੇ ਆਧਾਰਿਤ ਕਿਤਾਬ ਨੀਂਹ ਦੇ ਪੱਥਰ, ਮੁਲਾਕਾਤਾਂ ਦੀ ਪੁਸਤਕ, ਨੌਂ ਕਿਤਾਬਾਂ ਅਨੁਵਾਦ ਤੇ ਗਿਆਰਾਂ ਸੰਪਾਦਤ ਪੁਸਤਕਾਂ ਹਨ। ਉਹ ਤਕਰੀਬਨ ਇਕੱਤੀ ਸਾਲ ਅਖ਼ਬਾਰ ‘ਨਵਾਂ ਜ਼ਮਾਨਾ’ ਦਾ ਸਫ਼ਲ ਸਾਹਿਤ ਸੰਪਾਦਕ ਵੀ ਰਿਹਾ। ਇਹ ਕਿਤਾਬ ਲੇਖਕ ਦੇ ਇਸ ਵਿਸ਼ਾਲ ਸਿਰਜਣਾਤਮਕ ਸਫ਼ਰ ਤੇ ਪਾਠਕ ਦੀ ਝਾਤ ਪੁਆਉਂਦੀ ਹੈ। ਇਕ ਤਰ੍ਹਾਂ ਨਾਲ ਇਹ ਕਿਤਾਬ ਲੇਖਕ ਦੀ ਸਾਹਿਤਕ ਸ੍ਵੈਜੀਵਨੀ ਜਾਂ ਇਸ ਪ੍ਰਕਿਰਿਆ ਦਾ ਇਕ ਹਿੱਸਾ ਹੀ ਕਹੀ ਜਾ ਸਕਦੀ ਹੈ। ਇਸ ਕਿਤਾਬ ਵਿਚ ਇਸ ਪ੍ਰਤੀਬੱਧ ਲੇਖਕ ਨੇ ਲੇਖਕ ਬਾਰੇ ਤੇ ਉਸ ਦੀ ਲਿਖਣ ਲੋੜ, ਕਾਰਨ ਤੇ ਲਿਖਣ ਪ੍ਰਕਿਰਿਆ ਬਾਰੇ ਕਈ ਸੁਆਲ ਉਠਾਏ ਹਨ ਤੇ ਆਪਣੇ ਵਿਚਾਰਾਂ ਦੀ ਰੌਸ਼ਨੀ ਵਿਚ ਉਨ੍ਹਾਂ ਦਾ ਜੁਆਬ ਵੀ ਦਿੱਤਾ ਹੈ।

ਪਰਵਾਨਾ ਵਿਸ਼ਵਾਸ ਕਰਦਾ ਹੈ ਕਿ ਲੇਖਕ ਹਰ ਵੇਲੇ ਹੀ ਲੇਖਕ ਹੁੰਦਾ ਹੈ। ਜਦੋਂ ਉਹ ਲਿਖ ਰਿਹਾ ਹੁੰਦਾ ਹੈ ਤੇ ਜਦੋਂ ਉਹ ਨਹੀਂ ਵੀ ਲਿਖ ਰਿਹਾ ਹੁੰਦਾ। ਉਹ ਆਪਣੇ ਚੁਫ਼ੇਰੇ ਤੇ ਉਸਦੇ ਵਰਤਾਰਿਆਂ ਨੂੰ ਘੋਖ ਰਿਹਾ ਹੁੰਦਾ ਹੈ, ਪੜ੍ਹ ਰਿਹਾ ਹੁੰਦਾ ਹੈ, ਸਮਝ ਰਿਹਾ ਹੁੰਦਾ ਹੈ, ਜੋ ਕਿ ਲੇਖਕ ਵਾਸਤੇ ਅਤਿ ਜ਼ਰੂਰੀ ਹੈ। ਸਮਕਾਲੀ ਸਮੇਂ ਦੀ ਸਮਝ ਦੇ ਨਾਲ ਪੁਰਾਤਨ ਦੇਸੀ ਤੇ ਵਿਦੇਸ਼ੀ ਸਾਹਿਤ ਦਾ ਅਧਿਐਨ ਵੀ ਇਸ ਵਿਚ ਸ਼ਾਮਲ ਹੈ। ਬਲਬੀਰ ਪਰਵਾਨਾ ਨੇ ਇਸ ਕਿਤਾਬ ਵਿਚ ਆਪਣੀਆਂ ਲਿਖਤਾਂ ਤੋਂ ਪਹਿਲਾਂ ਪੜ੍ਹੀਆਂ ਵੱਖ-ਵੱਖ ਲੇਖਕਾਂ ਦੀਆਂ ਤੇ ਵੱਖ-ਵੱਖ ਵਿਚਾਰਧਾਰਾਵਾਂ ਨਾਲ ਸੰਬੰਧਤ ਅਨੇਕਾਂ ਕਿਤਾਬਾਂ ਦੇ ਹਵਾਲੇ ਦਿੱਤੇ ਹਨ। ਉਹ ਮੰਨਦਾ ਹੈ ਕਿ ਜੇ ਮੈਂ ਇਹ ਕਿਤਾਬਾਂ ਨਾ ਪੜ੍ਹੀਆਂ ਹੁੰਦੀਆਂ ਤਾਂ ਮੈਂ ਆਪਣੀਆਂ (ਵੱਖ-ਵੱਖ ਕਿਤਾਬਾਂ ਦੇ ਨਾਮ) ਨਹੀਂ ਸੀ ਲਿਖ ਸਕਿਆ ਹੋਣਾ। ਉਸਨੇ ਪੁਰਾਣੇ ਕਿੱਸਿਆਂ ਤੋਂ ਲੈ ਕੇ ਰਿਗਵੇਦ, ਰਮਾਇਣ, ਮਹਾਂਭਾਰਤ ਤੇ ਹੁਣ ਤਕ ਦਾ ਬਹੁਤ ਸਾਰਾ ਕਲਾਸਕੀ ਵਿਸ਼ਵ ਸਾਹਿਤ ਪੜ੍ਹਿਆ ਹੋਇਆ ਹੈ।

ਉਹ ਆਪਣੇ ਪਾਤਰਾਂ ਬਾਰੇ ਭੇਦ ਸਾਂਝਾ ਕਰਦਾ ਹੈ ਕਿ ਲੋਕਾਂ ਵਿਚ ਵਿਚਰਦਿਆਂ ਕਿਸ ਤਰ੍ਹਾਂ ਉਸ ਦੇ ਮਨ ਵਿਚ ਆਪਣੇ ਨਾਵਲਾਂ, ਕਹਾਣੀਆਂ ਦੇ ਪਾਤਰ ਉਸਰਦੇ ਰਹੇ। ਆਪਣੀ ਨਾਵਲ ਸਿਰਜਣਾ ਨਾਲ ਜੁੜੀ ਇਕ ਮਹੱਤਵਪੂਰਨ ਗੱਲ ਉਹ ਸਾਂਝੀ ਕਰਦਾ ਹੈ ਕਿ ਲਿਖਣ ਤੋਂ ਪਹਿਲਾਂ ਉਸ ਨੇ ਫ਼ੈਸਲਾ ਕਰ ਲਿਆ ਸੀ ਕਿ ਪੱਤਰਕਾਰਤਾ ਦੇ ਅਜੋਕੇ ਮਿਸ਼ਨ ਤੋਂ ਪ੍ਰਾਡਕਟ ਵਿਚ ਬਦਲ ਜਾਣ ਜਿਹੇ ਸਮਿਆਂ ਵਿਚ ਉਹ ਸਮਾਜਕ ਵਰਜਣਾਵਾਂ ਦੇ ਟੁੱਟ ਰਹੇ ਟੈਬੂਆਂ ਬਾਰੇ ਖੁੱਲ੍ਹ ਕੇ ਗੱਲ ਕਰਦਾ ਰਹੇਗਾ ਤੇ ਉਸਨੇ ਆਪਣੇ ਸਾਰੇ ਨਾਵਲਾਂ ਵਿਚ ਅਜਿਹਾ ਹੀ ਕੀਤਾ।

ਉਹ ਸਮੁੱਚੀ ਦੁਨੀਆ ਨੂੰ ਆਪਣੀ ਲਿਖਣ ਸਾਮੱਗਰੀ ਮੰਨਦਾ ਹੈ। ਉਹ ਸਵੀਕਾਰ ਕਰਦਾ ਹੈ ਕਿ ਉਸਦੇ ਆਲੇ-ਦੁਆਲੇ ਮਿੱਟੀ ਤੋਂ ਲੈ ਕੇ ਧੜਕਦੇ ਦਿਲ ਤਕ ਹਰ ਚੀਜ਼ ਨੂੰ ਉਹ ਜਿਸ ਤਰ੍ਹਾਂ ਦੇਖਣਾ ਚਾਹੁੰਦਾ ਹੈ, ਉਸ ਦੇ ਦੁਆਲੇ ਉਸ ਦੀਆਂ ਲਿਖਤਾਂ ਰੂਪ ਧਾਰਦੀਆਂ ਹਨ। ਲੇਖਕ ਦੀਆਂ ਜ਼ੁੰਮੇਵਾਰੀਆਂ ਵਿਚ ਉਹ ਆਪਣੇ ਵੇਲੇ ਦੇ ਯਥਾਰਥ ਨੂੰ ਪੇਸ਼ ਕਰਦਿਆਂ ਆਪਣੀ ਦ੍ਰਿਸ਼ਟੀ ਦੀ ਟਵਿਸਟ ਦੇਣਾ ਵੀ ਸ਼ਾਮਲ ਕਰਦਾ ਹੈ। ਪਰਵਾਨਾ ਨਹੀਂ ਮੰਨਦਾ ਕਿ ਲੇਖਕ ਕੋਈ ਚਮਤਕਾਰੀ ਵਿਅਕਤੀ ਹੁੰਦਾ ਹੈ, ਉਹ ਵੀ ਹੋਰ ਲੋਕਾਂ ਵਾਂਗ ਇਕ ਸਮਾਜਕ ਪ੍ਰਾਣੀ ਹੀ ਹੁੰਦਾ ਹੈ ਤੇ ਹੋਰ ਕਾਮਿਆਂ ਵਾਂਗ ਹੀ ਆਪਣਾ ਕਾਰਜ ਕਰ ਰਿਹਾ ਹੁੰਦਾ ਹੈ। ਆਪਣੇ ਸੰਬੰਧ ਵਿਚ ਉਹ ਮੰਨਦਾ ਹੈ ਕਿ ਭਾਵੇਂ ਲਿਖਣਾ ਉਸ ਵਾਸਤੇ ਏਨਾ ਹੀ ਜ਼ਰੂਰੀ ਹੈ ਜਿੰਨੀ ਕਿ ਰੋਟੀ ਖਾਣੀ ਪਰ ਫਿਰ ਵੀ ਉਸਨੇ ਕਦੇ ਵੀ ਸਿਰਫ਼ ਲਿਖਣ ਦੀ ਖ਼ਾਤਰ ਹੀ ਨਹੀਂ ਲਿਖਿਆ। ਉਸ ਲਈ ਮੁੱਖ ਸਵਾਲ ਇਹ ਹੈ ਕਿ ਸਮਾਜਕ ਤਬਦੀਲੀਆਂ ਨੂੰ ਅਜਿਹੀ ਲੋਕਪੱਖੀ ਸੁੱਚੀ ਤੇ ਨਿਰਪੱਖ ਸੋਚ ਵਾਲੇ ਇਸ ਕਲਮਕਾਰ ਦੀ ਇਸ ਕਿਤਾਬ ਦਾ ਸੁਆਗਤ ਹੈ। ਉਸ ਦਾ ਆਪਣੀ ਇਸ ਸਾਹਿਤਕ ਦੁਨੀਆ ਦੇ ਉਹਲੇ ਵਿਚ ਪਏ ਛਿਣ ਤੇ ਪੱਖ ਪਾਠਕਾਂ ਨਾਲ ਸਾਂਝੇ ਕਰਨ ਦਾ ਧੰਨਵਾਦ।

*-ਅਰਤਿੰਦਰ ਸੰਧੂ*

- **ਜ਼ਿੰਦਗੀ ਦੇ ਆਰ ਪਾਰ** (ਵਾਰਤਕ) *ਮਨਮੋਹਨ ਸਿੰਘ ਢਿੱਲੋਂ*

'ਜ਼ਿੰਦਗੀ ਦੇ ਆਰ ਪਾਰ' ਮਨਮੋਹਨ ਸਿੰਘ ਢਿੱਲੋਂ ਦੀ ਲਿਖੀ ਪੁਸਤਕ ਹੈ, ਜੋ ਕਿ ਆਜ਼ਾਦ ਬੁੱਕ ਡਿਪੂ ਅੰਮ੍ਰਿਤਸਰ ਵੱਲੋਂ ਛਾਪੀ ਗਈ ਹੈ। ਕਿਤਾਬ ਉਨ੍ਹਾਂ ਕਈ ਲੇਖਾਂ ਦਾ ਸੰਗ੍ਰਹਿ ਹੈ ਜੋ ਕਿ ਲੇਖਕ ਨੇ ਵੱਖ-ਵੱਖ ਸਮੇਂ ਅਖ਼ਬਾਰ ਲਈ 'ਮਿਡਲ' ਦੇ ਰੂਪ ਵਿਚ ਲਿਖੇ। ਇਨ੍ਹਾਂ ਲੇਖਾਂ ਵਿਚ ਲੇਖਕ ਨੇ ਉਹ ਕੁਝ ਲਿਖਿਆ ਹੈ ਜਿਸ ਨੇ ਸਮਾਜ ਵਿਚ ਵਿਚਰਦਿਆਂ ਉਸ ਨੂੰ ਪ੍ਰਭਾਵਿਤ ਕੀਤਾ ਹੈ। ਇਸ ਤਰ੍ਹਾਂ ਇਸ ਕਿਤਾਬ ਵਿਚੋਂ ਮਨੁੱਖੀ ਅਤੇ ਸਮਾਜਿਕ ਵਰਤਾਰਿਆਂ ਦੇ ਦਰਸ਼ਨ ਹੁੰਦੇ ਹਨ। 'ਸਮੇਂ ਦੀ ਪਾਬੰਦੀ' ਜਿਥੇ ਮਨੁੱਖ ਵੱਲੋਂ ਬਾਕੀਆਂ ਨਾਲੋਂ ਵੱਖਰੀ ਪਹੁੰਚ ਅਪਣਾਉਣ ਬਾਰੇ ਹੈ। ਇਸੇ ਤਰ੍ਹਾਂ ਸਮਾਜ ਵਿਚ ਫੈਲੇ ਭਰਮਾਂ ਕਾਰਨ ਅਖੌਤੀ ਤਾਂਤ੍ਰਿਕਾਂ ਦੀ ਲੁੱਟ, ਦਾਜ ਦੀ ਭੈੜੀ ਪਰੰਪਰਾ ਨੂੰ ਖ਼ਤਮ ਕਰਨ ਦੀ ਹਿੰਮਤ ਅਤੇ ਰਿਸ਼ਵਤਖੋਰੀ ਬਾਰੇ ਲੇਖ ਹਨ। 'ਰੱਬ ਤੈਨੂੰ ਪਟਵਾਰੀ ਬਣਾਵੇ' ਲੇਖ ਵਿਚ ਰਿਸ਼ਵਤ ਦਾ ਤੋੜ ਵੀ ਆਖ਼ਿਰ ਸਿਫਾਰਸ਼ ਹੋ ਨਿਬੜਦਾ ਹੈ। ਕਿਤੇ ਲੇਖਕ ਆਪਣਿਆਂ ਤੋਂ ਬਚਣ ਦੀ ਗੱਲ ਕਰਦਾ ਹੈ, ਕਿਤੇ ਕਿਸੇ ਡਾਕਟਰ ਵੱਲੋਂ ਸਰਬੱਤ ਦੇ ਭਲੇ ਦੀ ਥਾਂ ਆਪਣੇ ਭਲੇ ਦੀ ਅਰਦਾਸ ਕਰਨ ਦੀ ਗੱਲ ਹੈ। 'ਮਾਂ ਦੇ ਸੰਸਕਾਰ' ਲੇਖ ਵਿਚ ਲੇਖਕ ਆਪਣੀ ਮਾਂ ਦੀ ਸਭ ਦੀ ਮਦਦ ਕਰਨ ਦੇ ਸੰਸਕਾਰਾਂ ਨੂੰ ਯਾਦ ਕਰਦਾ ਹੈ। ਲੇਖਕ ਨੂੰ ਪੰਜਾਬੀ ਭਾਸ਼ਾ ਦੇ ਨਿਉਤਾ ਅਤੇ ਨਿਉਂਦਾ ਵਰਗੇ ਗੁਆਚ ਗਏ ਸ਼ਬਦਾਂ ਦਾ ਵੀ ਝੂਰਾ ਹੈ।

ਲੇਖਕ ਨੇ ਸੰਤਾਲੀ ਦੇ ਸੰਤਾਪ ਬਾਰੇ ਵੀ ਲੇਖ ਸ਼ਾਮਿਲ ਹਨ। ਵੰਡ ਪਿੱਛੇ ਪੱਛਮ ਵੱਲ ਚਲੇ ਗਏ ਲੋਕ ਕਿਵੇਂ ਯਾਂਤਰਾ 'ਤੇ ਗਏ ਲੋਕਾਂ ਵਿਚੋਂ ਆਪਣੇ ਪਿੱਛੇ ਰਹਿ ਗਏ ਪਿੰਡਾਂ ਬਾਰੇ ਪੁੱਛਦੇ ਹਨ। ਉਨ੍ਹਾਂ ਨੂੰ ਅਜੇ ਵੀ ਆਪਣੀ ਮਿੱਟੀ ਦਾ ਮੋਹ ਸਤਾ ਰਿਹਾ ਹੈ। 'ਮੇਰਾ ਦਾਗਿਸਤਾਨ' ਦੇ ਅਨੁਵਾਦਕ ਡਾ. ਗੁਰਬਖਸ਼ ਸਿੰਘ ਫਰੈਂਕ ਬਾਰੇ ਵਧੀਆ ਜਾਣਕਾਰੀ ਹੈ। ਇਸੇ ਤਰ੍ਹਾਂ ਕੇਵਲ ਧਾਲੀਵਾਲ ਬਾਰੇ 'ਅਨੂਠਾ ਮੰਗਤਾ' ਲੇਖ ਬਹੁਤ ਕੁਝ ਕਹਿੰਦਾ ਹੈ। ਕਿਤਾਬ ਦੀ ਵੱਡੀ ਪ੍ਰਾਪਤੀ 'ਪੱਥਰ ਦੇ ਛਾਪੇਖਾਨੇ ਤੋਂ ਕੰਪਿਊਟਰ ਯੁੱਗ ਤੱਕ' ਲੇਖ ਹੈ। ਇਸ ਲੇਖ ਵਿਚ ਲੇਖਕ ਅੰਮ੍ਰਿਤਸਰ ਦੇ ਛਾਪੇਖਾਨੇ ਦਾ ਇਤਿਹਾਸ ਵਿਸਥਾਰ ਵਿਚ ਬਿਆਨ ਕਰਦਾ ਹੈ। ਇਸ ਦੇ ਨਾਲ ਹੀ ਲੇਖਕ ਹਰੇਕ ਯੁੱਗ ਦੇ ਛਾਪੇਖਾਨੇ ਛਪਣ ਪ੍ਰਕਿਰਿਆ ਵੀ ਬਿਆਨਦਾ ਹੈ। ਲੇਖਕ ਕੰਪਿਊਟਰ ਯੁੱਗ ਵਿਚ ਅੱਧਕ, ਟਿੱਪੀ, ਸੰਬੰਧੀ ਹੋ ਰਹੀਆਂ ਗ਼ਲਤੀਆਂ ਵੱਲ ਧਿਆਨ ਦਿਵਾਉਂਦਾ ਹੈ। ਇਸ ਦੇ ਨਾਲ ਹੀ ਅੰਮ੍ਰਿਤਸਰ ਵਿਚ ਛਾਪੇਖਾਨੇ ਵਿਚ ਯੋਗਦਾਨ ਪਾਉਣ ਵਾਲੀਆਂ ਵੱਖ-ਵੱਖ ਸਾਹਿਤਕ ਸ਼ਖ਼ਸੀਅਤਾਂ ਅਤੇ ਪ੍ਰੈਸਾਂ ਬਾਰੇ ਵੀ ਵਿਸਥਾਰਤ ਜਾਣਕਾਰੀ ਹੈ। ਮਨਮੋਹਨ ਸਿੰਘ ਢਿੱਲੋਂ ਦੀ ਵਾਰਤਕ ਵਿਚ ਸਹਿਜ ਤੇ ਸੋਹਜ ਭਰੀ ਰਵਾਨੀ ਹੈ। ਇਸ ਵਾਰਤਕ ਦੀ ਖ਼ੂਬਸੂਰਤੀ ਇਹ ਵੀ ਹੈ ਕਿ ਸੰਜਮ ਤਾਂ ਵਰਤਿਆ ਗਿਆ ਹੈ ਪਰ ਇਸਦੇ ਬਾਵਜੂਦ ਵਿਸ਼ੇ ਵਸਤੂ ਦੇ ਨਿਭਾਅ ਵਿਚ ਜਲਦਬਾਜ਼ੀ ਜਾਂ ਖਲਾਅ ਨਹੀਂ ਆਉਂਦਾ। ਵੱਖ-ਵੱਖ ਪਰਤਾਂ ਨਾਲ ਸੰਬੰਧਤ ਵਿਸ਼ਿਆਂ ਦੇ ਸ਼ਾਮਲ ਹੋਣ ਕਰਕੇ ਤੇ ਖ਼ਾਸ ਕਰਕੇ ਲੁਪਤ ਹੋ ਚੁੱਕੇ ਕਈ ਵਰਤਾਰਿਆਂ ਬਾਰੇ ਜਾਣਕਾਰੀ ਕਾਰਨ ਇਹ ਪੁਸਤਕ ਆਪਣੇ ਸਮੇਂ ਦਾ ਦਸਤਾਵੇਜ਼ ਸਾਬਤ ਹੁੰਦੀ ਹੈ। ਲੇਖਕ ਨੂੰ ਖ਼ੂਬਸੂਰਤ ਪੁਸਤਕ ਵਾਸਤੇ ਮੁਬਾਰਕਾਂ।

*-ਹਰਪਾਲ ਸੰਧਾਵਲੀਆ*

- **ਮੁੱਠੀ 'ਚੋਂ ਕਿਰਦੀ ਰੇਤ** (ਕਹਾਣੀ-ਸੰਗ੍ਰਹਿ) *ਮਨਮੋਹਨ ਸਿੰਘ ਬਾਸਰਕੇ*

'ਮੁੱਠੀ 'ਚੋਂ ਕਿਰਦੀ ਰੇਤ' ਮਨਮੋਹਨ ਸਿੰਘ ਬਾਸਰਕੇ ਦਾ ਤੀਜਾ ਕਹਾਣੀ-ਸੰਗ੍ਰਹਿ ਹੈ। ਬਾਸਰਕੇ ਲਿਖਣ ਕਿਰਿਆ ਨਾਲ ਨਿਰੰਤਰ ਜੁੜਿਆ ਹੋਇਆ ਲੇਖਕ ਹੈ। ਉਸ ਦੀਆਂ ਕੁਝ ਸਰਵੇ ਪੁਸਤਕਾਂ, ਇਕ ਬਾਲ ਪੁਸਤਕ, ਨਾਟਕ ਤੋਂ ਬਿਨਾਂ ਹੋਰ ਵਿਧਾ ਵਾਲੀਆਂ ਕਿਤਾਬਾਂ ਵੀ ਹਨ। ਹਥਲੀ ਇਕ ਸੌ ਚਾਰ ਪੰਨਿਆਂ ਦੀ ਕਿਤਾਬ ਵਿਚ ਕੁਲ ਅਠਾਰਾਂ ਕਹਾਣੀਆਂ ਹਨ। ਇਹ ਕਹਾਣੀਆਂ ਲੇਖਕ ਦੀ ਕਲਪਨਾ ਸ਼ਕਤੀ ਦੇ ਜੁਗਾੜ ਦੀਆਂ ਕਹਾਣੀਆਂ ਨਾ ਹੋ ਕੇ ਲੇਖਕ ਦੇ ਚੁਫ਼ੇਰੇ ਵਿਚ ਵਿਚਰਦੇ ਵੱਸਦੇ ਆਮ ਲੋਕਾਂ ਦੀਆਂ ਕਹਾਣੀਆਂ ਹਨ। ਕਹਾਣੀਆਂ ਅਜੋਕੀ ਜ਼ਿੰਦਗੀ ਦੇ ਬਹੁਤ ਸਾਰੇ ਪੱਖ ਛੂੰਹਦੀਆਂ ਹਨ। 'ਮੁੱਠੀ 'ਚੋਂ ਕਿਰਦੀ ਰੇਤ' ਮਨੁੱਖ ਦੇ ਹੱਥੋਂ ਕਿਰਦੇ ਰਿਸ਼ਤਿਆਂ ਦੀਆਂ ਤੰਦਾਂ ਦੀ ਕਥਾ ਹੈ। ਮਾਪਿਆਂ ਵੱਲੋਂ ਮਿਹਨਤ ਕਰਕੇ ਪੜ੍ਹਾਏ ਗਏ ਪੁੱਤਰ ਜਦੋਂ ਵਿਦੇਸ਼ ਰਹਿਣ ਲੱਗ ਪੈਂਦੇ ਹਨ ਤਾਂ ਪਿਛਲੇ ਰਿਸ਼ਤਿਆਂ ਨੂੰ ਬਿਲਕੁਲ ਵਿਸਾਰ ਦੇਂਦੇ ਹਨ। ਮਾਪੇ ਉਨ੍ਹਾਂ ਦੀ ਸੂਰਤ ਵੇਖਣ ਨੂੰ ਤਰਸ ਜਾਂਦੇ ਹਨ। ਇਹ ਸਾਡੇ ਸਮਾਜ ਦੇ ਅਜੋਕੇ ਚਿਹਰੇ ਦੀ ਤਸਵੀਰ ਹੈ। 'ਵਲਗਣ' ਸਿਰਲੇਖ ਵਾਲੀ ਕਹਾਣੀ ਵਿਚ ਵੀ ਅਮੋੜ ਔਲਾਦ ਦੇ ਬੱਚਿਆਂ ਦੀ ਪਾਲਣਾ ਵੀ ਰੀਟਾਇਰ ਹੋਏ ਪਿਉ ਨੂੰ ਹੀ ਕਰਨੀ ਪੈ ਰਹੀ ਹੈ। 'ਘੁੰਮਣਘੇਰੀ' ਵਿਚ ਮਜਬੂਰ ਵਿਧਵਾ ਦੀ ਕਥਾ ਹੈ ਜਿਸ ਦਾ ਪਤੀ ਐਕਸੀਡੈਂਟ ਵਿਚ ਮਾਰਿਆ ਗਿਆ ਹੈ ਤੇ ਉਸ ਦੀ ਕੋਈ ਵੀ ਮਦਦ ਕਰਨ ਵਾਲਾ ਨਹੀਂ। 'ਲਕੀਰ' ਪਾਕਿਸਤਾਨ ਬਣਨ ਤੋਂ ਪਿੱਛੋਂ ਪਰਿਵਾਰਾਂ ਦੇ ਵੈਰਾਗ ਨੂੰ ਚਿਤਰਿਤ ਕਰਦੀ ਹੈ।

ਇਕ ਕਹਾਣੀ 'ਕੁੱਬ' ਐਸੇ ਇਨਸਾਨ ਦੀ ਕਹਾਣੀ ਹੈ ਜਿਸ ਦੀ ਸਾਰੀ ਉਮਰ ਪਰਿਵਾਰਕ ਜੀਆਂ ਵਾਸਤੇ ਕੁਰਬਾਨੀਆਂ ਕਰਦਿਆਂ ਹੀ ਗੁਜ਼ਰ ਜਾਂਦੀ ਹੈ। 'ਕੁਰਬਾਨੀ' ਇਕ ਲੜਕੀ ਦੀ ਜੀਵਨ ਗਾਥਾ ਹੈ ਜੋ ਜਾਤਾਂ ਦੇ ਵਖਰੇਵੇਂ ਕਾਰਨ ਮਨਪਸੰਦ ਲੜਕੇ ਨਾਲ ਵਿਆਹ ਨਹੀਂ ਕਰਵਾ ਸਕੀ ਹੁੰਦੀ। ਉਹ ਸਾਰੀ ਉਮਰ ਭੈਣਾਂ ਭਰਾਵਾਂ ਨੂੰ ਪਾਲਦੀ ਤੇ ਸੈਟਲ ਕਰਦੀ ਰਹਿੰਦੀ ਹੈ ਤੇ ਅੰਤ ਵਿਚ

ਜਿਨ੍ਹਾਂ ਖਾਤਰ ਉਹ ਕੁਰਬਾਨੀਆਂ ਕਰਦੀ ਰਹੀ, ਉਨ੍ਹਾਂ ਨੂੰ ਹੀ ਉਹ ਵਾਧੂ ਭਾਰ ਜਾਪਣ ਲੱਗਦੀ ਹੈ। ਬਾਕੀ ਕਹਾਣੀਆਂ ਵੀ ਸਮਾਜਕ ਪਰਤਾਂ ਦੇ ਤਾਣੇ-ਬਾਣੇ ਦੀਆਂ ਵੱਖ-ਵੱਖ ਪਰਤਾਂ ਨਾਲ ਸੰਬੰਧਤ ਹਨ। ਮਨਮੋਹਨ ਸਿੰਘ ਬਾਸਰਕੇ ਦੀ ਕਹਾਣੀ-ਕਲਾ ਦਾ ਇਹ ਗੁਣ ਹੈ ਕਿ ਨਾ ਤਾਂ ਉਹ ਬੇਲੋੜੇ ਵੇਰਵੇ ਜਾਂ ਵਾਰਤਾਲਾਪ ਹੀ ਕਹਾਣੀ ਵਿਚ ਸ਼ਾਮਲ ਕਰਦਾ ਹੈ ਤੇ ਨਾ ਹੀ ਕਹਾਣੀ ਨੂੰ ਬੇਲੋੜਾ ਲਟਕਾਉਂਦਾ ਹੈ। ਸੋ ਪਾਠਕ ਦੀ ਦਿਲਚਸਪੀ ਲਗਾਤਾਰ ਬਣੀ ਰਹਿੰਦੀ ਹੈ। ਉਸ ਦੇ ਸਾਰੇ ਪਾਤਰ ਵੀ ਮਿਹਨਕਸ਼ ਇਨਸਾਨ ਹਨ ਜੋ ਸਿਰੜ ਨਾਲ ਸੁਪਨਿਆਂ ਨੂੰ ਪੂਰੇ ਕਰਨ ਵੱਲ ਤੁਰੇ ਰਹਿੰਦੇ ਹਨ। ਲੇਖਕ ਨੂੰ ਮੁਬਾਰਕਾਂ ਤੇ ਸ਼ੁਭ ਇੱਛਾਵਾਂ।

- **ਸ਼ਹਿਜ਼ਾਦੀਆਂ** (ਕਵਿਤਾਵਾਂ) *ਰਾਮ ਲਾਲ ਭਗਤ*

ਰਾਮ ਲਾਲ ਭਗਤ ਸਮਾਜਕ ਤੇ ਸਭਿਆਚਾਰਕ ਮਸਲਿਆਂ ਨੂੰ ਸਾਹਮਣੇ ਰੱਖ ਕੇ ਰਿਸ਼ਤਿਆਂ ਤੇ ਔਰਤਾਂ ਬਾਰੇ ਕਾਵਿ-ਰਚਨਾ ਕਰਨ ਵਾਲੇ ਸ਼ਾਇਰ ਹਨ। ਸਾਂਝੇ ਕਾਵਿ-ਸੰਗ੍ਰਹਿਆਂ ਤੋਂ ਬਿਨਾ ਸ਼ਾਲੋ, ਸ਼ੇਰਨੀਆਂ ਕਿ ਨੂੰਹਾਂ ਉਨ੍ਹਾਂ ਦੀਆਂ ਪਹਿਲਾਂ ਛਪ ਚੁੱਕੀਆਂ ਕਾਵਿ-ਪੁਸਤਕਾਂ ਹਨ। ਇਸ ਹੱਥਲੀ ਕਿਤਾਬ 'ਸਾਹਿਬਜ਼ਾਦੀਆਂ' ਦੇ ਛਿਆਨਵੇਂ ਪੰਨਿਆਂ ਵਿਚ ਸੱਤਰ ਕਵਿਤਾਵਾਂ ਹਨ। ਕੁਝ ਕੁ ਕਵਿਤਾਵਾਂ ਦੇ ਸਿਰਲੇਖ ਹੀ ਸ਼ਾਇਰ ਦੇ ਵਿਚਾਰਾਂ ਦੀ ਸੂਹ ਦੇ ਦੇਂਦੇ ਹਨ, ਜਿਵੇਂ ਡਾਲਰ, ਆਸਿਫ਼, ਧੀ ਗਰੀਬ ਦੀ, ਸੁਪਰ ਗਰਲ, ਸ਼ਹਿਜ਼ਾਦੀ ਸਿਮਰਨ, ਟੋਰਾਂਟੋ ਵਾਲੀ ਕੁੜੀ ਪ੍ਰੀਤਾਂ, ਬੱਬਰ ਸ਼ੇਰਨੀਆਂ, ਵਿਧਵਾ, ਬੇਟੀ ਤੇ ਤਾਬੂਤ ਆਦਿਕ। ਲੇਖਕ ਨੇ ਆਪਣੇ ਮੁੱਖਬੰਧ ਵਿਚ ਹੀ ਲਿਖਿਆ ਹੈ ਕਿ "ਧੀਆਂ ਦੇ ਹੱਕਾਂ ਲਈ ਆਖ਼ਰੀ ਸਾਹ ਤੱਕ ਲੜਾਂਗਾ" ਇਹ ਕਵਿਤਾਵਾਂ ਲੇਖਕ ਦੇ ਵਿਚਾਰ ਦੀ ਪੁਸ਼ਟੀ ਕਰਦੀਆਂ ਹਨ। ਹੋਰ ਕਵਿਤਾਵਾਂ ਦੇ ਕੇਂਦਰ ਵਿਚ ਵੀ ਕਿਸੇ ਰਿਸ਼ਤੇ, ਘਟਨਾ ਜਾਂ ਵਿਚਾਰ ਨਾਲ ਜੁੜੀ ਔਰਤ ਹੀ ਹੈ। ਕੁਝ ਸਤਰਾਂ ਇਵੇਂ ਹਨ : *ਨੀ ਜਿੰਦੇ ਮੇਰੀਏ / ਧੀਆਂ ਸ਼ਹਿਜ਼ਾਦੀਆਂ ਨੇ / ਸਦਾ ਕਰੀਏ ਸਨਮਾਨ* । ਇਸ ਤਰ੍ਹਾਂ ਦੀਆਂ ਕਵਿਤਾਵਾਂ ਤੋਂ ਬਿਨਾ ਬਜ਼ੁਰਗਾਂ ਦੀ ਤਰਸਯੋਗ ਹਾਲਤ ਬਾਰੇ, ਮਾਂ ਬੋਲੀ ਬਾਰੇ ਤੇ ਹੋਰ ਸਮਾਜਕ ਮਸਲਿਆਂ ਨੂੰ ਵੀ ਸ਼ਾਇਰ ਨੇ ਆਪਣੀਆਂ ਕਵਿਤਾਵਾਂ ਦਾ ਵਿਸ਼ਾ ਬਣਾਇਆ ਹੈ। ਇਹ ਸ਼ਾਇਰੀ ਲਿਖਣ ਵਾਲੇ ਦੇ ਸੁਹਿਰਦ ਵਿਚਾਰਾਂ ਦਾ ਅਕਸ ਹੈ।

- **'ਧਨੁ ਲੇਖਾਰੀ ਨਾਨਕਾ'** (ਸੰਪਾਦਕ) *ਸ਼ੇਲਿੰਦਰਜੀਤ ਰਾਜਨ*

'ਧਨੁ ਲੇਖਾਰੀ ਨਾਨਕਾ' ਸ਼ੇਲਿੰਦਰਜੀਤ ਰਾਜਨ ਦੁਆਰਾ ਸੰਪਾਦਤ ਨਵੀਂ ਕਿਤਾਬ ਹੈ ਜੋ ਪੰਜਾਬੀ ਸਾਹਿਤ ਸਭਾ, ਬਾਬਾ ਬਕਾਲਾ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਹੈ। ਪੁਸਤਕ ਦੇ ਇਕ ਸੌ ਚਾਰ ਪੰਨੇ ਹਨ ਤੇ ਮੁੱਲ ਸੌ ਰੁਪਿਆ ਹੈ। ਸ਼ੇਲਿੰਦਰਜੀਤ ਰਾਜਨ ਤੇ ਇਸ ਸਭਾ ਵੱਲੋਂ ਪਹਿਲਾਂ ਵੀ ਕਈ ਕਿਤਾਬਾਂ ਸੰਪਾਦਿਤ ਕੀਤੀਆਂ ਗਈਆਂ ਹਨ। ਇਸ ਸਾਹਿਤ ਸਭਾ ਨੇ ਆਲੇ-ਦੁਆਲੇ ਦੇ ਇਲਾਕਿਆਂ ਵਿਚੋਂ ਵੱਡੀ ਗਿਣਤੀ ਵਿਚ ਲੇਖਕਾਂ ਨੂੰ ਆਪਣੇ ਨਾਲ ਜੋੜਿਆ ਹੋਇਆ ਹੈ। ਹੁਣ ਇਹ ਕਿਤਾਬ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਪੰਜਾਹਵੇਂ ਪ੍ਰਕਾਸ਼ ਪੁਰਬ ਦੇ ਸੰਬੰਧ ਵਿਚ ਛਪੀ ਹੈ। ਆਰੰਭ ਸ਼ਬਦ ਪ੍ਰਿੰ. ਸੇਵਾ ਸਿੰਘ ਕੌੜਾ ਵੱਲੋਂ ਲਿਖੇ ਗਏ ਹਨ। ਇਸ ਤੋਂ ਪਿੱਛੋਂ ਸਾਹਿਤ ਸਭਾ ਬਾਬਾ ਬਕਾਲਾ ਨਾਲ ਜੁੜੇ ਸਤਾਈ ਕਵੀਆਂ ਦੀਆਂ ਵੱਖ-ਵੱਖ ਰੂਪਾਂ ਤੇ ਵਿਚਾਰਾਂ ਵਾਲੀਆਂ ਕਵਿਤਾਵਾਂ ਹਨ ਜਿਨ੍ਹਾਂ ਵਿਚ ਬਾਬਾ ਨਾਨਕ ਦੇ ਜੀਵਨ, ਕਰਤਾਰਪੁਰ ਵਾਲੇ ਲਾਂਘੇ ਤੇ ਅਜੋਕੇ ਵਰਤਾਰਿਆਂ ਨਾਲ ਸੰਬੰਧਤ ਵਿਚਾਰ ਹਨ। ਕੁਲ ਮਿਲਾ ਕੇ ਇਹ ਇਸ ਸਾਹਿਤ ਸਭਾ ਦਾ ਸ਼ਲਾਘਾਯੋਗ ਕਾਰਜ ਹੈ।

*-ਅਰਤਿੰਦਰ ਸੰਧੂ*

- **ਲ** (ਗੀਤ ਸੰਗ੍ਰਹਿ) *ਕਰਮਜੀਤ*

ਕਰਮਜੀਤ ਦੀ ਇਹ ਦੂਜੀ ਕਾਵਿ-ਪੁਸਤਕ ਹੈ। ਇਸ ਤੋਂ ਪਹਿਲਾਂ ਉਹ ਆਪਣੇ ਕਾਵਿ-ਸੰਗ੍ਰਹਿ 'ਚਿੜੀਆਂ ਦੀ ਚਹਿਕ' ਨਾਲ ਪੰਜਾਬੀ ਕਵਿਤਾ ਵਿਚ ਆਪਣੀ ਪਛਾਣ ਬਣਾ ਚੁੱਕੀ ਹੈ। ਕਰਮਜੀਤ ਇਕ ਬਹੁਪੱਖੀ ਲੇਖਕਾ ਹੈ, ਉਹ ਕਵਿਤਰੀ ਵੀ ਹੈ, ਗੀਤਕਾਰ ਵੀ ਹੈ, ਗਾਉਣ ਦਾ ਸ਼ੌਕ ਵੀ ਰੱਖਦੀ ਹੈ, ਡਾਇਰੀ ਵੀ ਲਿਖਦੀ ਹੈ, ਰੇਡੀਓ ਹੋਸਟ/ਡਾਇਰੈਕਟਰ ਵੀ ਹੈ ਤੇ ਲੈਕਚਰਾਰ ਵੀ। ਅਜਿਹੇ ਬਹੁਪੱਖੀ ਮੁਕਾਮ 'ਤੇ ਸਹਿਜੇ ਹੀ ਨਹੀਂ ਪਹੁੰਚਿਆ ਜਾ ਸਕਦਾ। ਅਜਿਹੇ ਮੁਕਾਮ 'ਤੇ ਪਹੁੰਚਣ ਵਾਸਤੇ ਸਿਦਕਵਾਨ ਤੇ ਸੰਘਰਸ਼ਸੀਲ ਹੋਣ ਦੇ ਨਾਲ-ਨਾਲ ਪ੍ਰਤਿਭਾਸ਼ਾਲੀ ਹੋਣਾ ਵੀ ਬਹੁਤ ਜ਼ਰੂਰੀ ਹੈ। ਉਸਦੇ ਸਾਰੇ ਗੀਤ ਪਰਿਵਾਰ ਵਿਚ ਬੈਠ ਕੇ, ਸੁਣੇ ਤੇ ਮਾਣੇ ਜਾ ਸਕਣ ਵਾਲੇ ਗੀਤ ਹਨ। ਕਰਮਜੀਤ ਦੇ ਗੀਤ ਸਾਡੇ ਪਰਿਵਾਰਕ ਤੇ ਸਮਾਜਕ ਸਰੋਕਾਰਾਂ ਨਾਲ ਸੰਬੰਧ ਰੱਖਦੇ ਹਨ। ਇਹ ਰੋਜ਼-ਮੱਰਾ ਦੀ ਜ਼ਿੰਦਗੀ ਦੀ ਬਾਤ ਪਾਉਂਦੇ ਹਨ।

ਮੁਹੱਬਤ ਉਸਦੇ ਸਾਰੇ ਗੀਤਾਂ ਵਿਚ ਖ਼ੁਸ਼ਬੂ ਵਾਂਗ ਰਚੀ ਹੋਈ ਹੈ। ਮਹਿਬੂਬ ਦਾ ਵਸਲ, ਹਿਜਰ, ਉਡੀਕ, ਇਨਕਾਰ, ਇਕਰਾਰ, ਮਿੱਠਾ-ਮਿੱਠਾ ਤਕਰਾਰ, ਨਾਜ਼ ਨਖਰੇ, ਚੁਹਲ-ਮੁਹਲ, ਗਿਲੇ-ਸ਼ਿਕਵੇ, ਨਿਹੋਰੇ, ਨੋਕ-ਝੋਕ, ਹਾਸੇ-ਰੋਸੇ, ਲਾਰੇ, ਵਾਅਦੇ, ਯਾਦਾਂ,

ਹੰਝੂ, ਹਉਕੇ, ਸੁਪਨੇ, ਇਨ੍ਹਾਂ ਗੀਤਾਂ ਨੂੰ ਖ਼ੂਬਸੂਰਤੀ ਪ੍ਰਦਾਨ ਕਰਦੇ ਹਨ। ਰਿਸ਼ਤਿਆਂ ਵਿਚਲਾ ਮੋਹ, ਮੁਹੱਬਤ, ਦੁੱਖ, ਸੁੱਖ, ਹਮਦਰਦੀ, ਸਦਭਾਵਨਾ, ਨੇੜਤਾ, ਅਪਣੱਤ, ਤਿਹੁ, ਨਜ਼ਦੀਕੀਆਂ, ਲੋੜਾਂ, ਥੋੜਾਂ, ਇਨ੍ਹਾਂ ਗੀਤਾਂ ਨੂੰ ਹੋਰ ਗਹਿਰਾਈ ਬਖ਼ਸ਼ਦੀਆਂ ਨੇ। ਇਨ੍ਹਾਂ ਗੀਤਾਂ ਦੀ ਸ਼ਬਦਾਵਲੀ ਬਹੁਤ ਸਰਲ, ਸਾਦੀ, ਆਮ ਬੋਲਚਾਲ ਦੀ ਸ਼ਬਦਾਵਲੀ ਹੈ, ਜਿਹੜੀ ਪਾਠਕ ਤੇ ਸਰੋਤੇ ਨੂੰ ਮੋਂਹਦੀ ਹੈ। ਇਨ੍ਹਾਂ ਗੀਤਾਂ 'ਚੋਂ ਸਾਡਾ ਸਭਿਆਚਾਰ, ਸਮਾਜਿਕ ਰਹੁਰੀਤਾਂ, ਰਹਿਣ-ਸਹਿਣ, ਰਿਸ਼ਤੇ-ਨਾਤੇ, ਸੱਧਰਾਂ, ਰੀਝਾਂ, ਚਾਅ, ਖ਼ੁਸ਼ੀਆਂ, ਗ਼ਮੀਆਂ, ਆਪ-ਮੁਹਾਰੀਆਂ ਡੁੱਲ੍ਹ-ਡੁੱਲ੍ਹ ਪੈਂਦੀਆਂ ਨੇ। ਕਰਮਜੀਤ ਨੇ ਸੰਧੂਰ, ਚੂੜੇ, ਵੰਗਾਂ, ਸ਼ੀਸ਼ਾ, ਸੁਰਮਾ, ਮਹਿੰਦੀ, ਇਤਰ, ਫੁਲੇਲ, ਤੀਆਂ, ਗਿੱਧੇ, ਚਰਖੇ, ਤ੍ਰਿੰਞਣਾਂ, ਛਿੱਕੂ, ਖੱਡੀਆਂ, ਖੇਸ, ਪਿਆਜ਼ੀ ਚੁੰਨੀ ਦੇ ਬਿੰਬਾਂ ਨਾਲ ਇਨ੍ਹਾਂ ਗੀਤਾਂ ਨੂੰ ਨਿਖਾਰਿਆ ਤੇ ਸੰਵਾਰਿਆ ਹੈ। ਮੈਂ ਇਕ ਖ਼ੂਬਸੂਰਤ ਗੁਲਦਸਤੇ ਦਾ ਸਵਾਗਤ ਕਰਦਾ ਹਾਂ। ਪਾਠਕਾਂ ਤੋਂ ਵੀ ਆਸ ਕਰਦਾ ਹਾਂ, ਉਹ ਇਸ ਗੀਤ-ਸੰਗ੍ਰਹਿ ਦਾ ਭਰਪੂਰ ਸਵਾਗਤ ਕਰਨਗੇ।

*-ਕ੍ਰਿਸ਼ਨ ਭਨੋਟ*

- **ਲ** (ਕਾਵਿ-ਸੰਗ੍ਰਹਿ) ***ਗੁਰਬਾਜ ਸਿੰਘ ਛੀਨਾ***

ਗੁਰਬਾਜ ਸਿੰਘ ਛੀਨਾ ਬਹੁਤ ਸੰਵੇਦਨਸ਼ੀਲ ਤੇ ਚੇਤੰਨ ਸ਼ਾਇਰ ਹੈ ਜੋ ਮਾਨਵੀ ਕਦਰਾਂ-ਕੀਮਤਾਂ ਨੂੰ ਪ੍ਰਣਾਇਆ ਹੋਇਆ ਹੈ। ਉਸਨੇ ਇਸ ਬਹੁਤ ਹੀ ਮਹੱਤਵਪੂਰਨ ਸਮੇਂ ਤੇ ਗੁਰੂ ਨਾਨਕ ਨੂੰ ਸੱਚੀ ਸ਼ਰਧਾਂਜਲੀ ਦੇਣ ਲਈ ਆਪਣੀ ਹਾਜ਼ਰੀ ਸ਼ਾਇਰੀ ਦੇ ਮਾਧਿਅਮ ਰਾਹੀਂ ਲਵਾਈ ਹੈ। ਸ਼ਾਇਰ ਬਾਬਾ ਨਾਨਕ ਨੂੰ ਸ਼ਾਇਰੀ ਰਾਹੀਂ ਯਾਦ ਕਰਨਾ ਬਹੁਤ ਸੂਖਮ ਅਤੇ ਅਹਿਮ ਉਪਰਾਲਾ ਹੈ। ਗੁਰਬਾਜ ਛੀਨਾ ਦੀ ਸ਼ਾਇਰੀ ਵਿਅੰਗਾਤਮਕ ਸੁਰ ਵਿਚ ਲਿਖੀ ਅਜਿਹੀ ਸ਼ਾਇਰੀ ਹੈ ਜੋ ਸਮਕਾਲ ਵਿਚ ਗੁਰੂ ਨਾਨਕ ਨਾਮਲੇਵਾ ਸੰਗਤ ਦੇ ਕਿਰਦਾਰ ਵਿਚ ਆ ਚੁੱਕੀਆਂ ਨੈਤਿਕ ਗਿਰਾਵਟਾਂ ਉੱਪਰ ਝਾਤ ਪਾਉਂਦੀ ਹੈ। ਇਹ ਸ਼ਾਇਰੀ ਧਰਮ ਦੇ ਸੰਸਥਾਗਤ ਢਾਂਚਿਆਂ ਉੱਪਰ ਗਹਿਰੀ ਚੋਟ ਕਰਦੀ ਹੈ। ਜੋ ਸੱਚ ਦੇ ਅੰਦਰਲੇ ਸਿਧਾਂਤਾਂ ਨੂੰ ਪਕੜਨ ਦੀ ਬਜਾਏ ਬਾਹਰੀ ਅਡੰਬਰਾਂ ਉੱਪਰ ਕੇਂਦ੍ਰਿਤ ਰਹਿੰਦੀ ਹੈ। ਗੁਰਬਾਜ ਸਿੰਘ ਛੀਨਾ ਦੀ ਸ਼ਾਇਰੀ ਦੀ ਸੁਰ ਕ੍ਰਾਂਤੀਕਾਰੀ ਹੈ ਅਤੇ ਉਹ ਸਥਾਪਿਤ ਨਿਜ਼ਾਮ ਵਿਚ ਤਬਦੀਲੀ ਲਿਆਉਣ ਦੀ ਲਖਾਇਕ ਹੈ, ਉਹ ਗੁਰੂ ਨਾਨਕ ਦੀ ਫ਼ਿਲਾਸਫ਼ੀ ਨੂੰ ਵਿਹਾਰਕ ਪੱਧਰ 'ਤੇ ਆਪਣੇ ਜੀਵਨ ਵਿਚ ਨਾ ਉਤਾਰ ਸਕਣ ਤੇ ਚਿੰਤਾਸ਼ੀਲ ਹੈ ਅਤੇ ਬਾਬਾ ਨਾਨਕ ਦੀ ਸੋਚ ਦਾ ਸਮਾਜ ਸਿਰਜਣ ਦੀ ਲੋਚਾ ਰੱਖਦਾ ਹੈ। ਉਹ ਅੰਨ੍ਹੀ ਸ਼ਰਧਾ 'ਤੇ ਵਿਅੰਗ ਕਰਦਾ ਲਿਖਦਾ ਹੈ : ***ਬਾਣੀ ਕਿਹਾ ਸੋ ਸਿਖ ਜੋ ਖੋਜ ਲਹਿ / ਅਸੀਂ ਖੋਜਣ ਦੀ ਲੋੜ ਹੀ ਨਹੀਂ ਸਮਝੀ / ਸਿੱਖਣ ਦੀ ਲੋੜ ਹੀ ਨਹੀਂ ਸਮਝੀ / ਬਿਨਾਂ ਖੋਜਿਆਂ/ ਬਿਨਾਂ ਜਾਣਿਆਂ / ਬਿਨਾਂ ਸਮਝਿਆਂ / ਅਸੀਂ ਬਾਬੇ ਦੇ ਜਮਾਂਦਰੂ ਸਿੱਖ ਹਾਂ*** । ਇਹ ਸ਼ਾਇਰੀ ਪੰਜਾਬੀ ਬੰਦੇ ਨੂੰ ਬਾਣੀ ਨਾਲ ਜੁੜਨ, ਉਸ ਨੂੰ ਘੋਖਣ ਅਤੇ ਆਪਣੇ ਜੀਵਨ ਵਿਚ ਉਤਾਰਨ ਲਈ ਪ੍ਰੇਰਦੀ ਹੈ। ਇਹ ਗੁਰੂ ਨਾਨਕ ਦੇਵ ਜੀ ਦੀ ਫ਼ਿਲਾਸਫ਼ੀ ਹੈ ਜਿਸ ਨੂੰ ਅਪਣਾਉਣ ਦੀ ਜ਼ਰੂਰਤ ਹੈ। ਮੈਂ ਗੁਰਬਾਜ ਸਿੰਘ ਛੀਨਾ ਨੂੰ ਇਸ ਵੱਖਰੇ ਮੁਹਾਵਰੇ ਵਾਲੀ ਖ਼ੂਬਸੂਰਤ ਸ਼ਾਇਰੀ ਲਈ ਮੁਬਾਰਕ ਦੇਂਦਾ ਹੋਇਆ ਇਸ ਪੁਸਤਕ ਨੂੰ ਜੀ ਆਇਆਂ ਕਹਿੰਦਾ ਹਾਂ ਅਤੇ ਗੁਰਬਾਜ ਤੋਂ ਉਮੀਦ ਕਰਦਾ ਹਾਂ ਕਿ ਉਹ ਇਸੇ ਪ੍ਰਤਿਭਾ ਅਤੇ ਸੰਵੇਦਨਾ ਨਾਲ ਸਮਾਜ ਵਿਚ ਆਪਣਾ ਯੋਗਦਾਨ ਪਾਉਂਦੇ ਰਹਾਂਗੇ।

*-ਡਾ. ਦਰਿਆ*

- **ਅੰਧੇ ਕਾ ਨਾਉ ਪਾਰਖੂ** (ਕਹਾਣੀ ਸੰਗ੍ਰਹਿ) ***ਪ੍ਰੋ. ਹਮਦਰਦਵੀਰ ਨੌਸ਼ਹਿਰਵੀ***

ਪ੍ਰੋ. ਹਮਦਰਦਵੀਰ ਨੌਸ਼ਹਿਰਵੀ ਬੀਤੀ ਅੱਧੀ ਸਦੀ ਤੋਂ ਪੰਜਾਬੀ ਸਾਹਿਤ ਸਿਰਜਣਾ ਕਰਨ ਵਾਲਾ ਬਹੁਪੱਖੀ ਲੇਖਕ ਹੈ। ਪੰਜਾਬੀ ਪਾਠਕ ਨੌਸ਼ਹਿਰਵੀ ਦੀਆਂ ਲਿਖਤਾਂ ਤੋਂ ਭਲੀਭਾਂਤ ਵਾਕਫ਼ ਹਨ। ਨੌਸ਼ਹਿਰਵੀ ਨਿਰੰਤਰ ਲਿਖਣ ਵਾਲਾ ਬੇਬਾਕ ਲੇਖਕ ਹੈ। ਉਸ ਕੋਲ ਜ਼ਿੰਦਗੀ ਦਾ ਲੰਮਾ ਤਜਰਬਾ ਹੈ। ਉਸ ਦਾ ਪਲ ਪਲ ਸਾਹਿਤਕ ਹੈ। ਉਸਦੇ ਆਪਣੇ ਰੈਣ ਬਸੇਰੇ ਦਾ ਨਾਂਅ ਵੀ ਸਾਹਿਤ ਹੈ—ਕਵਿਤਾ ਭਵਨ, ਜਿਥੇ ਰਹਿ ਕੇ ਉਹ ਸਾਹਿਤ ਰਚਨਾ ਕਰ ਰਿਹਾ ਹੈ। ਉਹ ਇਸ ਉਮਰ ਵਿਚ ਵੀ ਸਾਹਿਤਕ ਸੰਸਾਰ ਦੀਆਂ ਰੱਜ ਕੇ ਉਡਾਰੀਆਂ ਲਾ ਰਿਹਾ ਹੈ। ਉਸ ਦੀ ਹਰੇਕ ਸਾਹਿਤਕ ਉਡਾਣ ਵਿਚ ਨਿੱਤ ਨਵਾਂਪਣ ਹੈ। ਪਾਵਨ ਬਾਣੀ ਵਿਚੋਂ ਗੁਰੂ ਗ੍ਰੰਥ ਸਾਹਿਬ ਵਿਚ ਸੁਭਾਇਮਾਨ ਤੁਕਾਂ—ਨਾਉ ਫਕੀਰੈ ਪਾਤਸ਼ਾਹ ਮੂਰਖ ਪੰਡਤ ਨਾਉ॥ ਅੰਧੈ ਕਾ ਨਾਓ ਪਾਰਖੂ ਏਵੈ ਕਰੇ ਗੁਆਉ॥ ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਓ॥ ਨਾਨਕ ਗੁਰਮੁਖ ਜਾਣੀਐ ਕਲਿ ਕਾ ਏਹੁ ਨਿਆਉ॥ (ਅੰਗ 1288, ਮਲਾਰ ਰਾਗ ਮਹਲਾ ਦੂਜਾ) ਇਸ ਸਮਾਜਕ ਸਥਿਤੀ ਨੂੰ ਗੁਰੂ ਅੰਗਦ ਦੇਵ ਜੀ ਨੇ ਇਨ੍ਹਾਂ ਸਤਰਾਂ ਵਿਚ ਲਿਖਿਆ ਹੈ। ਇਸ ਵੇਲੇ ਘੋਰ ਕਲਿਜੁਗ ਵਾਲੀ ਹਾਲਤ ਹੈ। ਗਿਆਨ ਵਿਹੂਣੇ ਲੋਕ ਸਮਾਜ ਦੇ ਆਗੂ ਹਨ। ਪੁਸਤਕ ਦੀਆਂ ਕਹਾਣੀਆਂ ਦੇ ਪਾਤਰ ਤੇ ਪੂਰੀ ਫ਼ਿਜ਼ਾ ਇਸ ਕਿਸਮ ਦੇ ਸਮਾਜ ਦੀ ਤਸਵੀਰ ਹੈ। ਜੋ ਗੁਰੂ ਸਾਹਿਬ ਨੇ ਅੱਜ ਤੋਂ ਪੰਜ ਸੌ ਸਾਲ ਪਹਿਲਾਂ ਲਿਖੀ ਹੈ। ਉਸ ਸਮੇਂ ਦੇਸ਼ ਮੁਗਲਾਂ ਦਾ ਗੁਲਾਮ ਸੀ। ਅੱਜ ਦੇਸ਼ ਆਜ਼ਾਦ ਹੈ। ਕੀ ਫ਼ਰਕ ਹੈ, ਸਿਰਫ਼ ਇਕ ਨਿਜ਼ਾਮ ਬਦਲਿਆ ਹੈ। ਵਰਤਾਰਾ ਜਿਉਂ ਦਾ ਤਿਉਂ ਹੈ। ਉਸ ਸਮੇਂ ਇਕ ਮਲਕ ਭਾਗੋ ਸੀ ਜਿਸ ਨੂੰ ਬਾਬਾ ਨਾਨਕ ਨੇ ਲਹੂ ਦੀਆਂ ਧਾਰਾਂ ਵਿਖਾ ਕੇ ਹਰਾਮ ਦੀ ਕਮਾਈ ਦਾ ਅਹਿਸਾਸ ਕਰਾਇਆ।

ਲੇਖਕ ਦੀ ਕਲਮੀ ਕਰਾਮਾਤ ਹੈ ਕਿ ਉਹ ਇਹੋ ਜਿਹੇ ਅਨੇਕਾਂ ਦ੍ਰਿਸ਼ਾਂ ਨੂੰ ਬੇਬਾਕੀ ਨਾਲ ਸਪੱਸ਼ਟ ਤੌਰ ’ਤੇ ਉਘਾੜਦਾ ਹੈ। ਗੁਨਾਹਗਾਰ ’ਤੇ ਉਂਗਲ ਰੱਖਦਾ ਹੈ। ਲਿਹਾਜ਼ ਨਹੀਂ ਕਰਦਾ। ਸ਼ਬਦਾਂ ਤੇ ਪਾਤਰੀ ਸੰਵਾਦ ਪਾਰਦਰਸ਼ੀ ਹਨ।

ਕਹਾਣੀ ‘ਅਸਮਾਨ ਹੇਠ ਥੰਮੀ’ ਬਹੁਤ ਦਰਦਨਾਕ ਕਹਾਣੀ ਹੈ। ਇਕ ਸ਼ਰੀਫ਼ ਮਾਸਟਰ ਹਾਦਸੇ ਵਿਚ ਮਾਰਿਆ ਜਾਂਦਾ ਹੈ। ਉਸਨੇ ਕਦੇ ਸ਼ਰਾਬ ਨਹੀਂ ਪੀਤੀ। ਪਰ ਡਾਕਟਰ ਉਸਦੇ ਸ਼ਰਾਬੀ ਹੋ ਕੇ ਗੱਡੀ ਚਲਾਉਣ ਦੀ ਝੂਠੀ ਰਿਪੋਰਟ ਕਰਦਾ ਹੈ। ਪਤਨੀ ਤਰਲੇ ਕੱਢਦੀ ਹੈ ਕਿ ਉਸਦੇ ਪਤੀ ਨੇ ਕਦੇ ਸ਼ਰਾਬ ਨਹੀਂ ਪੀਤੀ। ਰਿਪੋਰਟ ਗ਼ਲਤ ਹੈ। ਪਰ ਉਸ ਵਿਚਾਰੀ ਦੀ ਕੋਈ ਸੁਣਵਾਈ ਨਹੀਂ ਹੁੰਦੀ। ਕਹਾਣੀ ਦਾ ਸਾਰਾ ਦ੍ਰਿਸ਼ ਭਾਵੁਕ ਹੈ ਜਦੋਂ ਮ੍ਰਿਤਕ ਦਾ ਨਿੱਕਾ ਜਿਹਾ ਪੁੱਤਰ ਲਾਸ਼ ਤੋਂ ਚਾਦਰ ਚੁੱਕਦਾ ਹੈ। ਤੋਤਲੀ ਜਹੀ ਆਵਾਜ਼ ਵਿਚ ਮਰ ਚੁੱਕੇ ਬਾਪ ਨੂੰ ਕਹਿੰਦਾ ਹੈ—ਪਾਪਾ ਤੁਸੀਂ ਬੋਲਦੇ ਕਿਉਂ ਨਹੀਂ। ਪੜ੍ਹ ਕੇ ਪਾਠਕ ਦੀ ਰੂਹ ਸੁੰਨ ਹੋ ਜਾਂਦੀ ਹੈ। ਪੁਸਤਕ ਦੀਆਂ ਕਹਾਣੀਆਂ ‘ਸ਼ਾਦੀ ਵਪਾਰ ਹੈ’, ‘ਕਾਲਾ ਅਸਮਾਨ, ‘ਨਿਮਖ ਨਿਮਖ ਸਰੀਰ ਕਟਾਵੈ’, ‘ਕਾਜੂਆਂ ਵਾਲੇ ਸਾਧ’, ‘ਲਹੂ ਦਾ ਰੰਗ ਚਿੱਟਾ’, ‘ਮੰਗਤੇ’, ‘ਮੈਂ ਕਾਹਨੂੰ ਪੀ ਸੀ ਓ ਲਾਇਆ’, ‘ਖਲਾਅ ਦੀਆਂ ਆਵਾਜ਼ਾਂ’, ‘ਪੱਥਰ ਯੁੱਗ ਤੋਂ ਪਹਿਲਾਂ ਤੁਰਿਆ ਆਦਮੀ’, ‘ਮਨਫ਼ੀ ਹੋ ਰਹੇ ਬਾਪ’, ‘ਕੰਮ ਦੇ ਬੰਦੇ’, ‘ਨਿੱਕੇ ਨਿੱਕੇ ਮਹਾਂਦੀਪ’, ‘ਸ਼ਗਨ ਕਿਤਾਬ’, ‘ਵਰ ਦੀ ਲੋੜ’, ‘ਕਰਤੂਤ ਪਸ਼ੂ ਕੀ’, ‘ਉੱਠ ਭੈਣ ਚਲੀਏ, ‘ਢਾਈ + ਢਾਈ ਦਰਿਆ’, ‘ਮਹਿਮਾ ਸਾਧ ਕੀ’ ਸੰਗ੍ਰਹਿ ਦੀਆਂ ਬਿਹਤਰੀਨ ਕਹਾਣੀਆਂ ਹਨ ਤੇ ਵਿਸ਼ਵ ਪੱਧਰ ਦੀ ਕਹਾਣੀ ਦੇ ਹਾਣ ਦੀਆਂ ਹਨ। ਕਹਾਣੀਆਂ ਦੀ ਨਵੀਂ ਤਕਨੀਕ ਤੇ ਆਮ ਬੰਦੇ ਦੀ ਪੀੜਾ ਨੂੰ ਮਨੋਵਿਗਿਆਨਕ ਸ਼ੈਲੀ ਵਿਚ ਪੇਸ਼ ਕਰਦੀ ਪੁਸਤਕ ਸਮਕਾਲੀ ਸਮਾਜ ਦੇ ਦੁੱਖਾਂ ਦਰਦਾਂ ਦੀ ਮਹੱਤਵਪੂਰਨ ਦਸਤਾਵੇਜ਼ ਹੈ।

*-ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ*

- **ਮੈਂ ਤੇ ਉਹ** (ਕਹਾਣੀ-ਸੰਗ੍ਰਹਿ) *ਸਿਮਰਨ ਅਕਸ*

‘ਮੈਂ ਤੇ ਉਹ’ ਸਿਮਰਨ ਅਕਸ ਦੀ ਕਹਾਣੀਆਂ ਦੀ ਕਿਤਾਬ ਹੈ। ਮਾਈ ਮੋਹਣੀ ਮਨ ਵਿਚ ਦੱਬ ਦਿੱਤੀਆਂ ਇੱਛਾਵਾਂ ਦੇ ਹੌਲੀ ਹੌਲੀ ਮਘ ਦੇ ਜਾਣ ਤੇ ਬਾਅਦ ਵਿਚ ਜਵਾਲਾਮੁਖੀ ਬਣ ਕੇ ਫੱਟ ਜਾਣ ਦੀ ਕਹਾਣੀ ਹੈ ਕਿ ਕਿਵੇਂ ਸਮਾਜ ਡਰ ਬੰਧਨ ਰੀਤੀ ਰਿਵਾਜ ਬੰਨ੍ਹ ਲੈਂਦੇ ਹਨ ਕਿ ਕਿਵੇਂ ਕੋਈ ਔਰਤ ਧੁਖਦੀ ਰਹਿੰਦੀ ਹੈ ਅੰਦਰੋਂ ਹੀ ਅੰਦਰ। ‘ਗੁੱਡੀ’ ਕਹਾਣੀ ਵੀ ਸਮਾਜ ਦੀਆਂ ਰੀਤਾਂ ਨੂੰ ਤੋੜ ਦੇਣ ਸੰਬੰਧੀ ਹੈ। ਦਿਲਜੀਤ ਤੇ ਮੰਜੂ ਮਨ ਮਿਲੇ ਤੇ ਹਿੰਮਤ ਕਰਕੇ ਵਿਆਹ ਤਾਂ ਕਰਵਾ ਲੈਂਦੇ ਹਨ ਪਰ ਮੰਜੂ ਆਪਣੇ ਪਿਛਲੇ ਸੰਬੰਧੀਆਂ ਨਾਲ ਨਾ ਜੁੜ ਸਕਦੀ ਹੈ, ਨਾ ਛੱਡ ਪਾਉਂਦੀ ਹੈ। ‘ਆਪਣਾ ਘਰ’ ਵਿਆਹ ਤੋਂ ਬਾਅਦ ਜੀਵਨ ਦੀ ਕੀਤੀ ਸ਼ੁਰੂਆਤ ਨਾਲ ਆਏ ਚਾਵਾਂ ਖ਼ੁਸ਼ੀਆਂ ਨਾਲ ਨਵੇਂ ਸਫ਼ਲ ਜੀਵਨ ਲਈ ਸੰਘਰਸ਼ ਕਰਦੇ ਜੋੜੇ ਦੀ ਕਹਾਣੀ ਹੈ। ਘਰ ਦੀ ਜ਼ਰੂਰਤ ਸੰਬੰਧੀ ਇਸ ਕਹਾਣੀ ਨੇ ਅਰਤਿੰਦਰ ਸੰਧੂ ਦੀ ਕਵਿਤਾ ‘ਘਰ ਘਰ’ ਯਾਦ ਕਰਵਾ ਦਿੱਤੀ ਕਿ ਘਰ ਦਾ ਇਕ ਔਰਤ ਦੀ ਜ਼ਿੰਦਗੀ ਵਿਚ ਕਿੰਨਾ ਮਹੱਤਵ ਹੈ। ‘ਮਾਂ ਵਰਗੀ’ ਕਹਾਣੀ ਛੋਟੀ ਹੈ ਪਰ ਗੱਲ ਗੱਡੀ ਕਰ ਗਈ। ਇਹ ਸਮਾਜ ਵਿਚ ਵਿਚਰਦੇ ਲੋਕਾਂ ਦੇ ਲੁਕਵੇਂ ਚਰਿਤਰ ਤੇ ਸੰਤਾਨ ਨੂੰ ਦਿੱਤੀ ਸਮਝ ’ਤੇ ਆਧਾਰਿਤ ਹੈ। ‘ਕੱਚੇ ਧਾਗਿਆਂ ਵਰਗੇ ਰਿਸ਼ਤੇ’ ਅੱਜ ਕੱਲ੍ਹ ਦੀ ਚੱਲ ਰਹੀ ਤੇਜ਼ ਰਫ਼ਤਾਰ ਜ਼ਿੰਦਗੀ ਵੱਧ ਰਹੀ ਹਰ ਤਰ੍ਹਾਂ ਦੀ ਭੁੱਖ ਤੇ ਉਸ ਨੂੰ ਸੰਤਾਨ ਸੰਬੰਧੀ ਹੈ। ਉਹ ਗੁਰਸਾਹਿਬ ਤੇ ਗੁਰਸ਼ਰਨ ਦੀ ਮਾਂ ਦੀਆਂ ਹਰਕਤਾਂ ਕਰਕੇ ਤੇ ਬੱਚਿਆਂ ਦੇ ਪਿਤਾ ਨਾਲ ਲੜਾਈ ਸੰਬੰਧੀ ਹੈ। ਤੇਜ਼ ਰਫ਼ਤਾਰ ਜ਼ਿੰਦਗੀ ਤੇ ਲਾਲਸਾਵਾਂ ਵਿਚ ਡੁੱਬੇ ਆਪਣੇ ਫ਼ਰਜ਼ਾਂ ਤੋਂ ਭੱਜਦੇ ਸਜ਼ਾ ਭੁਗਤਦੇ ਬੱਚਿਆਂ ਦੀ ਕਹਾਣੀ ਹੈ। ‘ਭੁੱਖ’ ਕਹਾਣੀ ਵੀ ਇਕ ਮਨ ਵਿਚ ਦੱਬੇ ਜਵਾਲਾਮੁਖੀ ਦੇ ਫਟਣ ਸੰਬੰਧੀ ਹੈ। ਗ਼ਰੀਬ ਮਾਪੇ ਵੀ ਨਾ ਚਾਹੁੰਦੇ ਹੋਏ ਧੀ ਉਥੇ ਵਿਆਹ ਦਿੰਦੇ ਹਨ ਜਿਥੇ ਘਰ ਵੱਡਾ ਦਿਸਦਾ ਹੋਵੇ। ਪਰ ਭਾਵੇਂ ਕੋਈ ਗ਼ਰੀਬ ਹੋਵੇ ਜਾਂ ਅਮੀਰ, ਹਰ ਕਿਸੇ ਦੇ ਮਨ ਦੇ ਚਾਅ ਤਾਂ ਹੁੰਦੇ ਹਨ। ‘ਸੁਪਨਿਆਂ ਦਾ ਸਫ਼ਰ’ ਕਹਾਣੀ ਸ਼ਾਇਦ ਕਿਸੇ ਦਾ ਸੁਪਨਾ ਹੀ ਹੋ ਸਕਦੀ ਹੈ, ਸੱਚ ਨਹੀਂ। ਇਹ ਕਹਾਣੀ ਪਚ ਨਹੀਂ ਸਕੀ। ‘ਆਦਮ ਬੋ’ ਕਹਾਣੀ ਦੂਹਰੀ ਲੜਾਈ ਲੜਦੀਆਂ ਔਰਤਾਂ ਦੀ ਕਹਾਣੀ ਹੈ। ਜੋ ਨੌਕਰੀ ਵੀ ਕਰਦੀਆਂ ਹਨ ਤੇ ਘਰਦਿਆਂ ਦੇ ਚਰਿੱਤਰ ਸੰਬੰਧੀ ਸ਼ੱਕ ਵੀ ਸਹਿੰਦੀਆਂ ਹਨ। ‘ਮਾਂ ਤੇ ਉਹ’ ਕਹਾਣੀ ਵੀ ਚਰਿੱਤਰ ’ਤੇ ਸ਼ੱਕ ਕਰਦੀ ਔਰਤ ਸੰਬੰਧੀ ਕਹਾਣੀ ਹੈ। ਇਹ ਸਮਾਜ ਵਿਚ ਵਿਚਰਦੇ ਕੁਝ ਇਹੋ ਜਿਹੇ ਪਾਤਰਾਂ ਬਾਰੇ ਹੈ। ਜਿਨ੍ਹਾਂ ਦੀਆਂ ਅੱਖਾਂ ਉੱਪਰ ਅਜੇ ਦੌਲਤ ਤੇ ਆਧੁਨਿਕਤਾ ਦੀ ਐਨਕ ਨਹੀਂ ਲੱਗੀ। ਸਿਮਰਨ ਅਕਸ ਦੀ ਕਹਾਣੀ ਜ਼ਿਆਦਾਤਾਰ ਉਸ ਔਰਤ ਨਾਲ ਸੰਬੰਧਤ ਹੈ ਜਿਸ ਦੇ ਮਨ ਦੀਆਂ ਗੱਲਾਂ ਮਨ ਵਿਚ ਰਹਿ ਜਾਂਦੀਆਂ ਹਨ ਤੇ ਸੁਲਗਦੀਆਂ ਰਹਿੰਦੀਆਂ ਹਨ ਤੇ ਫਿਰ ਇਕ ਦਿਨ ਅਚਾਨਕ ਉਹ ਜਵਾਲਾਮੁਖੀ ਫਟ ਜਾਂਦਾ ਹੈ।

*-ਸੋਨੀਆ ਸ਼ਰਮਾ*

- **ਰਿਸ਼ਮਾਂ ਦੇ ਸਿਰਨਾਵੇਂ** (ਕਾਵਿ-ਸੰਗ੍ਰਹਿ) *ਜਸਵੰਤ ਰਾਉਕੇ*

ਜਸਵੰਤ ਰਾਉਕੇ ਲੰਮੇ ਸਮੇਂ ਤੋਂ ਸ਼ਬਦ ਸਭਿਆਚਾਰ ਨਾਲ ਜੁੜਿਆ ਹੋਇਆ ਹੈ। ‘ਰਿਸ਼ਮਾਂ ਦੇ ਸਿਰਨਾਵੇਂ’ ਉਸਦੀ ਪਹਿਲੀ ਕਾਵਿ ਪੁਸਤਕ ਹੈ। ਇਹ ਕਾਵਿ ਪੁਸਤਕ ਵਿਚ ਉਸ ਨੇ ਕੁਝ ਗੀਤ ਅਤੇ ਗ਼ਜ਼ਲਾਂ ਨੂੰ ਇਕੱਤਰ ਕੀਤਾ ਹੈ। ਜਸਵੰਤ ਰਾਉਕੇ ਨੇ ਇਹ

ਸ਼ਾਇਰੀ ਆਪਣੇ ਜੀਵਨ ਧਾਰਾ ਦੇ ਪ੍ਰਵਾਹ ਦੀ ਸਹਿਜਤਾ ਵਿਚੋਂ ਪ੍ਰਾਪਤ ਕੀਤੀ ਹੈ। ਸਾਦਗੀ ਇਸ ਕਵਿਤਾ ਦਾ ਵਿਸ਼ੇਸ਼ ਲੱਛਣ ਹੈ। ਇਸ ਕਾਵਿ-ਪੁਸਤਕ ਦੀ ਸਾਰੀ ਰਚਨਾ ਹੀ ਸਧਾਰਨ ਭਾਸ਼ਾ ਰਾਹੀਂ ਪ੍ਰਗਟ ਹੋਈ ਹੈ। ਇਸ ਕਵਿਤਾ ਵਿਚ ਉਹ ਵਿਹਾਰਕ ਤੌਰ 'ਤੇ ਕੋਈ ਪ੍ਰਤੀਬੱਧਤਾ ਪ੍ਰਗਟ ਨਹੀਂ ਕਰਦਾ ਪਰੰਤੂ ਉਹ ਮਨੁੱਖੀ ਜ਼ਿੰਦਗੀ ਨਾਲ ਜੁੜੇ ਬਹੁਤੇ ਸੰਕਟਾਂ ਨੂੰ ਪੂੰਜੀਵਾਦੀ ਪ੍ਰਬੰਧ ਨਾਲ ਜੁੜੀ ਕਰਕੇ ਵੇਖਦਾ ਹੈ। ਸਥਿਤੀਆਂ ਪ੍ਰਤੀ ਮਨੁੱਖ ਦੀ ਲਾਚਾਰੀ, ਕੁਦਰਤੀ ਆਫ਼ਤਾਂ, ਮਨੁੱਖੀ ਰਿਸ਼ਤਿਆਂ ਵਿਚ ਪਿਆਰ ਤੇ ਵਿਗੋਚੇ ਆਦਿ ਉਸ ਦੀ ਕਵਿਤਾ ਦੇ ਪ੍ਰਮੁੱਖ ਵਿਸ਼ੇ ਹਨ। ਉਸਦੀ ਕਵਿਤਾ ਮਨੁੱਖ ਤੋਂ ਉੱਚ ਨੈਤਿਕ ਗੁਣਾਂ ਦੀ ਮੰਗ ਕਰਦੀ ਹੈ। ਉਸਦਾ ਵਿਚਾਰ ਹੈ ਕਿ ਜੇਕਰ ਮਨੁੱਖ ਦਾ ਕਿਰਦਾਰ ਉੱਚਾ ਨਹੀਂ ਹੋਵੇਗਾ ਤਾਂ ਮਨੁੱਖ ਆਪਣੇ ਉਦੇਸ਼ਾਂ ਪ੍ਰਤੀ ਅੱਗੇ ਨਹੀਂ ਵਧ ਸਕਦਾ। ਜਸਵੰਤ ਰਾਉਕੇ ਦੀ ਭਾਵੇਂ ਇਹ ਪਹਿਲੀ ਕਾਵਿ-ਪੁਸਤਕ ਹੈ, ਪਰੰਤੂ ਕਾਵਿ ਦੇ ਉਦੇਸ਼ ਪ੍ਰਤੀ ਸੁਚੇਤ ਹੋਣ ਕਰਕੇ ਉਸਦੀ ਸ਼ਾਇਰੀ ਪਾਠਕ ਨੂੰ ਉਚੇਰੇ ਉਦੇਸ਼ਾਂ ਪ੍ਰਤੀ ਪ੍ਰੇਰਿਤ ਕਰਦੀ ਹੈ।

- **ਮੈਂ ਸੋਚਦੀ ਹਾਂ** (ਕਾਵਿ-ਸੰਗ੍ਰਹਿ) *ਪ੍ਰਸ਼ੋਤਮ ਪੱਤੋ*

'ਮੈਂ ਸੋਚਦੀ ਹਾਂ' ਪ੍ਰਸ਼ੋਤਮ ਪੱਤੋ ਦੀ ਪੰਜਵੀਂ ਕਾਵਿ-ਪੁਸਤਕ ਹੈ। ਪੱਤੋ ਇਕ ਪ੍ਰਤੀਬੱਧ ਸ਼ਾਇਰ ਹੈ ਅਤੇ ਉਸਦੀ ਸ਼ਾਇਰੀ ਲਗਾਤਾਰ ਇਸ ਦ੍ਰਿਸ਼ਟੀ ਅਤੇ ਪ੍ਰਤੀਬੱਧ ਆਧਾਰਾਂ 'ਤੇ ਵਿਕਸਤ ਹੋਈ ਹੈ। 'ਮੈਂ ਸੋਚਦੀ ਹਾਂ' ਕਾਵਿ-ਪੁਸਤਕ ਦਾ ਨਾਮ ਹੀ ਇਸਦੇ ਵਿਸ਼ੇ ਨੂੰ ਚਿਹਨਤ ਕਰਦਾ ਹੈ। ਇਸ ਕਾਵਿ ਦਾ ਸਮਰਪਣ ਵੀ ਉਸ ਆਪਣੀ ਸਵਰਗੀ ਪਤਨੀ ਨੂੰ ਕੀਤਾ ਹੈ ਅਤੇ ਇਸ ਕਾਵਿ ਦੀ ਸਾਰੀ ਕਵਿਤਾ ਵੀ ਔਰਤ ਦੀ ਹੋਂਦ ਅਤੇ ਭੂਮਿਕਾ ਦੁਆਲੇ ਹੀ ਘੁੰਮਦੀ ਹੈ। ਸਮਾਜਿਕ ਤੌਰ 'ਤੇ ਇਹ ਔਰਤ ਪੁਰਸ਼ ਪ੍ਰਤੀ ਕਿਸ ਤਰ੍ਹਾਂ ਵੇਦਨਾ ਸੰਵੇਦਨਾ ਰੱਖਦੀ ਹੈ ? ਅਤੇ ਉਹ ਪੁਰਸ਼ ਤੋਂ ਕਿਸ ਤਰ੍ਹਾਂ ਦੀ ਉਮੀਦ ਰੱਖਦੀ ਹੈ ? ਆਦਿ ਅਜਿਹੇ ਪ੍ਰਸ਼ਨ ਹਨ ਜੋ ਇਸ ਕਵਿਤਾ ਵਿਚੋਂ ਲਗਾਤਾਰ ਉਭਰਦੇ ਹਨ। ਇਹ ਕਾਵਿ ਮੈਂ/ਔਰਤ ਪਿਤਰਕੀ ਦੇ ਕੇਂਦਰ ਵਿਚ ਹੈ ਅਤੇ ਪੁਰਸ਼ ਦੇ ਵਿਅਕਤੀਗਤ ਵਿਹਾਰ ਵਿਚ ਖੜ੍ਹੀ ਹੈ। ਉਹ ਔਰਤ, ਪੁਰਸ਼ ਪ੍ਰਤੀ ਆਪਣੀ ਸਮਰਨ ਦੀ ਭਾਵਨਾ ਰੱਖਦੀ ਹੈ ਅਤੇ ਅਜਿਹੀ ਆਸ ਤੇ ਵਿਸ਼ਵਾਸ ਹੀ ਇਹ ਆਪਣੇ ਪ੍ਰੇਮੀ/ਪੁਰਸ਼ ਤੋਂ ਰੱਖਦੀ ਹੈ। ਸਥਿਤੀ ਦਾ ਦੂਜਾ ਪਾਸਾ ਇਹ ਹੈ ਕਿ ਇਹ ਸੰਵਾਦ ਇਕਪਾਸੜ ਹੀ ਬਣਦਾ ਹੈ, ਦੂਜੀ ਸੰਬੋਧਿਤ ਧਿਰ ਕਿਤੇ ਵੀ ਕਵਿਤਾ ਵਿਚ ਹਾਜ਼ਰ ਨਹੀਂ; ਇਸ ਤਰ੍ਹਾਂ ਦੀ ਕਵਿਤਾ ਪੜ੍ਹ ਕੇ ਕਈ ਵਾਰ ਇਹ ਵੀ ਭੁਲੇਖਾ ਪੈਂਦਾ ਹੈ ਜਿਵੇਂ ਅਸੀਂ ਪਿਛਲੀ ਸਦੀ ਦੇ ਸੱਤਵੇਂ ਦਹਾਕੇ ਦੀ ਨਾਰੀ ਕਵਿਤਾ ਪੜ੍ਹ ਰਹੇ ਹੋਈਏ। ਇਸ ਕਵਿਤਾ ਦੀ ਵਿਧੀ ਵਧੇਰੇ ਸ੍ਵੈ-ਸੰਵਾਦ ਅਤੇ ਸੰਬੋਧਨ ਹੀ ਬਣਦੀ ਹੈ। ਪ੍ਰਸ਼ੋਤਮ ਪੱਤੋ ਦੀ ਇਹ ਕਵਿਤਾ ਨਾਰੀ ਦੀ ਸਮਾਜਿਕ ਹੋਂਦ ਬਾਰੇ ਪ੍ਰਤੀਕਰਮ ਤਾਂ ਕਰਦੀ ਹੈ ਪਰੰਤੂ ਇਸ ਦੀ ਵੱਖਰਤਾ ਅਤੇ ਵਿਲੱਖਣਤਾ ਪ੍ਰਤੀ ਕਈ ਪ੍ਰਸ਼ਨ ਖੜ੍ਹੇ ਹੋ ਜਾਂਦੇ ਹਨ। ਪ੍ਰਸ਼ੋਤਮ ਦੀ ਇਹ ਕਵਿਤਾ ਸਮਾਜਿਕ ਪੱਧਰ ਤੇ ਔਰਤ ਸੰਪੂਰਨਤਾ ਵਿਚ ਸਵੀਕਰਾਰ ਕਰਨ ਦੀ ਗੱਲ ਕਰਦੀ ਹੈ। ਇਹ ਔਰਤ ਸੁਚੇਤ ਤਾਂ ਹੈ ਪਰੰਤੂ ਹੋਂਦ ਸਥਾਪਤੀ ਲਈ ਇਸ ਔਰਤ ਨੇ ਹਾਲੇ ਸੰਘਰਸ਼ ਦੇ ਰਸਤੇ 'ਤੇ ਤੁਰਨਾ ਹੈ। ਪ੍ਰਸ਼ੋਤਮ ਦੀ ਇਹ ਕਵਿਤਾ ਸਾਨੂੰ ਔਰਤ ਦੀ ਹੋਂਦ ਪ੍ਰਤੀ ਨਵੇਂ ਸਿਰੇ ਤੋਂ ਸੋਚਣ ਲਈ ਮਜਬੂਰ ਕਰਦੀ ਹੈ ਅਤੇ ਉਸ ਨੂੰ ਬਰਾਬਰੀ ਅਤੇ ਸਨਮਾਨ ਦੇਣ ਦੀ ਤਕੀਦ ਕਰਦੀ ਹੈ।

- **ਚਮਚੇ** (ਵਿਅੰਗ) *ਗੁਰਸੇਵਕ ਸਿੰਘ ਬੀੜ*

ਪੰਜਾਬੀ ਕਾਵਿ ਵਿਚ ਹਾਸ ਵਿਅੰਗ ਦੀ ਆਪਣੀ ਲੰਮੀ ਪਰੰਪਰਾ ਹੈ। ਗੁਰਸੇਵਕ ਸਿੰਘ ਬੀੜ ਇਸ ਪਰੰਪਰਾ ਨੂੰ ਅੱਗੇ ਤੋਰਨ ਵਾਲੇ ਸ਼ਾਇਰਾਂ ਵਿਚੋਂ ਇਕ ਹੈ। 'ਚਮਚੇ' ਉਸਦੀ ਹਾਸ ਵਿਅੰਗ ਕਵਿਤਾ ਦੀ ਨਵੀਂ ਕਵਿਤਾ ਹੈ। ਗੁਰਸੇਵਕ ਸਿੰਘ ਬੀੜ ਇਸ ਤੋਂ ਪਹਿਲਾਂ ਇਸ ਲੜੀ ਵਿਚ ਚਾਰ ਪੁਸਤਕਾਂ ਦੀ ਰਚਨਾ ਕਰ ਚੁੱਕਾ ਹੈ। ਗੁਰਸੇਵਕ ਸਿੰਘ ਬੀੜ ਦੀ ਹਥਲੀ ਕਵਿਤਾ ਜਿਥੇ ਮਨੁੱਖੀ ਜ਼ਿੰਦਗੀ ਦੇ ਸੁਹਜਾਤਮਕ ਪੱਖਾਂ ਦੀ ਕਾਵਿਕਾਰੀ ਕਰਦੀ ਹੈ ਉਥੇ ਉਸ ਦੀ ਰਚਨਾ ਸਮਕਾਲੀ ਸਮਾਜਿਕ, ਰਾਜਨੀਤਕ ਅਤੇ ਆਰਥਿਕ ਵਿਸੰਗਤੀਆਂ 'ਤੇ ਵੀ ਵਿਅੰਗ ਕੱਸਦੀ ਹੈ। ਇਹ ਰਚਨਾ ਭਾਵੇਂ ਵਿਅੰਗ ਹੈ ਪਰੰਤੂ ਇਹ ਵਿਅੰਗ ਹਸਾਉਂਦਾ ਘੱਟ ਹੈ ਅਤੇ ਮਨੁੱਖ ਨੂੰ ਸੋਚਣ ਲਈ ਵੱਧ ਮਜਬੂਰ ਕਰਦਾ ਹੈ। ਇਸ ਦਾ ਉਦੇਸ਼ ਮਾਨਵੀ ਜ਼ਿੰਦਗੀ ਨਾਲ ਨੱਥੀ ਹੋਏ ਕੁਹਜ ਵਿਚ ਮਨੁੱਖੀ ਜ਼ਿੰਦਗੀ ਦੀ ਸੁਹਜਮਈ ਤਸਵੀਰਕਸ਼ੀ ਕਰਨਾ ਹੈ। ਛਿੱਕੇ, ਚੌਕੇ, ਗ਼ਜ਼ਲਾਂ ਅਤੇ ਬੈਂਤਾਂ ਰਾਹੀਂ ਪ੍ਰਗਟ ਹੋਈ ਇਹ ਰਚਨਾ ਦੀ ਭਾਸ਼ਾ ਠੇਠ ਹੈ ਜੋ ਪਾਠਕ ਨੂੰ ਆਪਣੇ ਨਾਲ ਤੋਰਨ ਦੀ ਸਮਰੱਥਾ ਰੱਖਦੀ ਹੈ। ਵਿਭਿੰਨ ਵਿਸ਼ਿਆਂ ਦੀ ਪੇਸ਼ਕਾਰੀ ਜਿਸ ਕਲਾਤਮਿਕਤਾ ਨਾਲ ਗੁਰਸੇਵਕ ਨੇ ਇਸ ਰਚਨਾ ਵਿਚ ਕੀਤਾ ਹੈ; ਇਸ ਵਿਚੋਂ ਉਸ ਦੀ ਕਾਵਿ-ਸਮਰੱਥਾ ਦੇ ਵੀ ਦਰਸ਼ਨ ਹੁੰਦੇ ਹਨ। ਉਸਦੀ ਕਵਿਤਾ ਨੂੰ ਵਿਭਿੰਨ ਪੱਖ ਤੋਂ ਵਿਚਾਰਨ ਤੋਂ ਬਾਅਦ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਉਹ ਇਸ ਖੇਤਰ ਵਿਚ ਇਸ ਸਮਰੱਥਾ ਨਾਲ ਹੀ ਅੱਗੇ ਵਧਦਾ ਰਹੇਗਾ। ਹਥਲੀ ਪੁਸਤਕ ਉਸ ਦੀ ਕਾਵਿ-ਹੋਂਦ ਤੇ ਪ੍ਰਭਾਵ ਨੂੰ ਹੋਰ ਗੂੜ੍ਹਾ ਕਰੇਗੀ।

*-ਜਸਪਾਲਜੀਤ*

- **ਫ਼ਸਲ ਧੁੱਪਾਂ ਦੀ** (ਗ਼ਜ਼ਲ-ਸੰਗ੍ਰਹਿ) *ਅੰਮ੍ਰਿਤਪਾਲ ਸਿੰਘ ਸ਼ੈਦਾ*

ਉਰਦੂ ਗ਼ਜ਼ਲ ਦੀ ਅਮੀਰ ਪਰੰਪਰਾ ਦੀਆਂ ਸੰਭਾਵਨਾਵਾਂ ਤੋਂ ਵਾਕਿਫ਼, ਉਨ੍ਹਾਂ ਦੇ ਸੁਹਜ, ਸਲੀਕੇ ਅਤੇ ਅੰਦਾਜ਼ ਵਾਲੀਆਂ ਪੰਜਾਬੀ ਗ਼ਜ਼ਲਾਂ ਲਿਖਣ ਵਾਲਾ ਅੰਮ੍ਰਿਤਪਾਲ ਸਿੰਘ ਸ਼ੈਦਾ ਪੰਜਾਬੀ ਵਿਚ ਆਪਣੇ ਪਹਿਲੇ ਗ਼ਜ਼ਲ-ਸੰਗ੍ਰਹਿ 'ਫ਼ਸਲ ਧੁੱਪਾਂ ਦੀ' ਨਾਲ ਹਾਜ਼ਰ ਹੋਇਆ ਹੈ। ਸ਼ੈਦਾ ਨੂੰ ਜ਼ਿੰਦਗੀ ਦੇ ਹੋਰ ਗ਼ਮ ਪਰੇਸ਼ਾਨ ਕਰੀ ਰੱਖਣ ਲਈ ਕਾਫ਼ੀ ਹੁੰਦੇ ਹਨ ਪਰ ਉਸ ਨੇ ਇਨ੍ਹਾਂ ਗ਼ਮਾਂ ਨੂੰ ਜ਼ਾਤ ਉੱਤੇ ਹਾਵੀ ਨਹੀਂ ਹੋਣ ਦਿੱਤਾ। ਜ਼ਾਤ ਤੋਂ ਕਾਇਨਾਤ ਤਕ ਫੈਲਦਾ ਮਹਿਸੂਸ ਕੀਤਾ ਹੈ। ਮਨੁੱਖੀ ਹਸਤੀ ਤੇ ਹੋਣੀ ਦੇ ਲਾਜ਼ਿਮ ਅੰਗ ਵਜੋਂ ਪਛਾਣ ਕੇ ਇਨ੍ਹਾਂ ਪ੍ਰਤੀ ਸਿਹਤਮੰਦ, ਸੁਹਜ-ਭਰਪੂਰ, ਉਸਾਰੂ ਪ੍ਰਤੀਕਿਰਿਆ ਨੂੰ ਆਪਣੀਆਂ ਗ਼ਜ਼ਲਾਂ ਵਿਚ ਜ਼ਬਾਨ ਦਿੱਤੀ ਹੈ। ਉਸ ਦੀ ਹਿੰਮਤ ਹੈ ਕਿ ਉਹ ਸੁੰਨਸਾਨ ਠੰਢੀਆਂ ਰਾਤਾਂ ਦੇ ਵਿਗੋਚਿਆਂ, ਕਮੀਆਂ ਤੇ ਤਕਲੀਫ਼ਾਂ ਵਿਚ ਵੀ ਮਹਿਕਦੀ ਚਾਨਣੀ ਬੀਜ ਕੇ ਧੁੱਪਾਂ ਦੀ ਫ਼ਸਲ ਦੇ ਨਵੇਂ ਤੋਂ ਨਵੇਂ ਰੰਗਾਂ ਬਾਰੇ ਕਲਪਨਾ ਕਰਦਾ ਹੈ। ਉਸ ਦੀ ਕਿਤਾਬ ਦੀ ਇਸੇ ਰੂਪਕ ਵਾਲੀ ਗ਼ਜ਼ਲ ਵਿਚ ਉਕਤ ਸਾਰੇ ਕੁਝ ਦਾ ਹੁਸਨ-ਇ-ਬਿਆਨ ਇਸ ਦਾ ਪ੍ਰਮਾਣ ਹੈ। ਇਸ ਵਿਚ ਜ਼ਾਤ ਭੀ ਹੈ, ਕਾਇਨਾਤ ਵੀ। ਦੁੱਖ ਵੀ ਨੇ ਤੇ ਸੁੱਖ ਵੀ। ਯਥਾਰਥ ਵੀ ਤੇ ਸੁਪਨੇ ਭੀ। ਜ਼ਰਾ ਕਲਪਨਾ ਨੂੰ ਉਡਾਰੀ ਮਾਰਨ ਦਿਓ ਅਤੇ ਇਨ੍ਹਾਂ ਸ਼ਿਅਰਾਂ ਨੂੰ ਪੜ੍ਹੋ : *ਮਹਿਕਦੀ ਚਾਨਣੀ ਬੀਜੀ ਤੇ ਵੱਢੀ ਫ਼ਸਲ ਧੁੱਪਾਂ ਦੀ, ਘਰੀਂ ਪਰਤੇ ਅਸੀਂ ਜਿਨ੍ਹਾਂ 'ਤੇ ਲੱਦੀ ਫ਼ਸਲ ਧੁੱਪਾਂ ਦੀ / ਨ ਦਾਣੇ ਹੀ ਰਹੇ ਕੋਠੀ, ਨ ਸਿਆਣੇ ਹੀ ਰਹੇ ਕਮਲੇ, ਜਦੋਂ ਦੀ ਆਈ ਹੈ ਘਰ ਵਿਚ ਕੁਚੱਜੀ ਫ਼ਸਲ ਧੁੱਪਾਂ ਦੀ।*

ਪੂਰੀ ਗ਼ਜ਼ਲ ਦਾ ਹਰ ਸ਼ਿਅਰ ਇਕ ਵੱਖਰੇ ਤਖ਼ੱਈਅਲ, ਵੱਖਰੇ ਦ੍ਰਿਸ਼, ਵੱਖਰੇ ਰੂਪਕ, ਵੱਖਰੇ ਵਿਚਾਰ ਨੂੰ ਪੇਸ਼ ਕਰਦਾ ਹੈ। ਕਿਤੇ ਕਿਸਾਨ ਦੀ ਮਿਹਨਤ ਨਾਲ ਉੱਗੀ ਭਰਵੀਂ ਫ਼ਸਲ ਹੈ, ਕਿਤੇ ਉਸੇ ਮਿਹਨਤ ਦੇ ਬੇਕਾਰ ਹੋ ਜਾਣ ਦਾ ਝੋਰਾ। ਫ਼ਸਲ ਮਾਰੇ ਜਾਣ ਨਾਲ ਹੋਈ ਮਾੜੀ ਹਾਲਤ ਦਾ ਜ਼ਿਕਰ ਕਰਨ ਲਈ 'ਜਿਸ ਦੀ ਕੋਠੀ ਦਾਣੇ ਉਸ ਦੇ ਕਮਲੇ ਵੀ ਸਿਆਣੇ' ਅਖਾਣ ਨੂੰ ਉਲਟਾ ਕੇ ਵਰਤਣਾ ਵੀ ਸ਼ੈਦਾ ਦਾ ਕਮਾਲ ਹੈ। ਮੌਸਮ ਦੀ ਮਾਰ ਇਕ ਉੱਤੇ ਹੀ ਨਹੀਂ, ਪੂਰੇ ਪਿੰਡ ਉੱਤੇ ਪੈਂਦੀ ਹੈ। ਦ੍ਰਿਸ਼ ਬਦਲਦਾ ਹੈ। ਸਮਾਜਕ ਯਥਾਰਥ ਨੂੰ ਸਮਝਣ/ਬਦਲਣ ਲਈ ਰੋਹ-ਭਰੀ ਨਵੀਂ ਪੀੜ੍ਹੀ ਜਦੋਂ ਕ੍ਰਾਂਤੀ ਲਈ ਮੈਦਾਨ ਵਿਚ ਉਤਰਦੀ ਹੈ ਤਾਂ ਚੁਫ਼ੇਰੇ ਦਹਿਲ ਉੱਠਦਾ ਹੈ। ਸੁਲਗ ਉੱਠਦਾ ਹੈ ਆਲਾ-ਦੁਆਲਾ। ਅਜਿਹੇ ਹਾਲਾਤਾਂ ਵਿਚ ਨਾਰੀ ਵੀ ਪਿੱਛੇ ਨਹੀਂ ਰਹਿੰਦੀ। ਉਹ ਵੀ ਮੈਦਾਨ ਵਿਚ ਦੁਰਗਾ ਬਣ ਕੇ ਉਤਰ ਆਉਂਦੀ ਹੈ। ਧੁੱਪ ਢਾਂਦੀ ਵੀ ਹੈ। ਧੁੱਪ ਉਸਾਰਦੀ ਵੀ ਹੈ। ਇਕੋ ਪ੍ਰਤੀਕ ਨੂੰ ਕਿੰਨੇ ਹੀ ਸੂਖਮ ਅਰਥਾਂ ਵਿਚ ਪ੍ਰਗਟ ਕਰਨਾ ਅਤੇ ਅਰਥਾਂ ਦੀਆਂ ਪਰਤਾਂ ਉਘਾੜਨਾ ਕਾਵਿ ਦੀ ਉੱਚਤਮ ਪ੍ਰਾਪਤੀ ਮੰਨੀ ਜਾਂਦੀ ਹੈ। ਇਹ ਹੀ ਸਧਾਰਨ ਪਾਠ ਨੂੰ ਪ੍ਰਵਚਨ ਦੇ ਪੱਧਰ ਤਕ ਪੁਚਾਂਦੀ ਹੈ। ਇਸ ਗ਼ਜ਼ਲ-ਸੰਗ੍ਰਹਿ ਵਿਚ ਇਸ ਕਾਵਿ-ਯੋਗਤਾ ਦੇ ਦਰਸ਼ਨ ਥਾਂ-ਥਾਂ ਹੁੰਦੇ ਹਨ। ਗੱਲ ਮੁਕਾਂਦੇ ਸਮੇਂ ਉਪਰੋਕਤ ਚਰਚਾ ਵਿਚ ਤਿੰਨ ਚਾਰ ਨੁਕਤਿਆਂ 'ਤੇ ਮਾਰਿਆਂ ਪਤਾ ਲੱਗਦਾ ਹੈ ਸ਼ੈਦਾ ਦੀ ਗ਼ਜ਼ਲ ਵਿਚ ਅਜਿਹੇ ਸਾਰੇ ਲੱਛਣ ਦਿਸਦੇ ਹਨ। ਗ਼ਜ਼ਲ ਹੁਸਨ-ਇਸ਼ਕ ਦੀ ਗੱਲ ਕਰਦੀ ਹੈ ਪਰ ਗ਼ਜ਼ਲ ਦੇ ਸ਼ਿਅਰਾਂ ਵਿਚ ਸ਼ਬਦਾਂ ਅਤੇ ਉਨ੍ਹਾਂ ਦੀ ਜੜਤ ਦਾ ਆਪਣਾ ਇਕ ਹੁਸਨ ਹੁੰਦਾ ਹੈ ਜੋ ਪਾਠਕ/ਸਰੋਤਾ ਨੂੰ ਬੰਨ੍ਹ ਕੇ ਬਿਠਾ ਲੈਂਦਾ ਹੈ। ਸ਼ਬਦਾਂ ਦੇ ਇਸ ਸੁਹਜ ਤੇ ਮਹਿਕ ਵਿਚ ਵਿਚਾਰ ਕਣ-ਕਣ, ਪਲ-ਪਲ ਖ਼ੁਸ਼ਬੂ ਵਾਂਗ ਆਸ-ਪਾਸ ਅਰਥਾਂ ਦੀਆਂ ਸੂਖਮ ਪਰਤਾਂ ਦਾ ਅਹਿਸਾਸ ਜਗਾਂਦੇ ਹਨ। ਸ਼ਾਇਰ ਚੁੱਪ ਹੋ ਜਾਂਦਾ ਹੈ, ਸ਼ਿਅਰ ਬੋਲਦੇ ਰਹਿੰਦੇ ਹਨ।

*-ਡਾ. ਕੁਲਦੀਪ ਸਿੰਘ ਧੀਰ*

- **ਟੁੱਟ ਭੱਜ ਦਾ ਸੰਗੀਤ** (ਨਾਟਕ) *ਸ਼ਹਰਯਾਰ*

ਨੇਕ ਚੰਦ ਦਾ ਨਾਮ ਸੁਣਦਿਆਂ ਚੰਡੀਗੜ੍ਹ ਤੇ ਰਾਕ ਗਾਰਡਨ ਦਾ ਚੇਤਾ ਆ ਜਾਂਦਾ ਹੈ। ਪ੍ਰਸਿੱਧ ਨਾਟਕਕਾਰ ਸ਼ਹਰਯਾਰ ਨੇ 'ਟੁੱਟ ਭੱਜ ਦਾ ਸੰਗੀਤ' ਨਾਟਕ ਦਾ ਸਮਰਪਣ ਨੇਕਚੰਦ ਜੀ ਨੂੰ ਹੀ ਕੀਤਾ ਹੈ। ਇਸ ਨਾਟਕ ਦੇ ਕੁੱਲ ਗਿਆਰਾਂ ਦ੍ਰਿਸ਼ ਹਨ ਤੇ ਪਹਿਲੀ ਵਾਰ ਕੇਵਲ ਧਾਲੀਵਾਲ ਦੀ ਨਿਰਦੇਸ਼ਨਾ ਹੇਠ ਵਿਰਸਾ ਵਿਹਾਰ ਅੰਮ੍ਰਿਤਸਰ ਵਿਖੇ 2009 ਨੂੰ ਖੇਡਿਆ ਗਿਆ। ਗਾਰਡਨ ਤੋਂ ਪਹਿਲਾਂ ਲੱਗਾ ਸ਼ਬਦ 'ਰਾਕ' ਆਪਣੇ ਆਪ ਵਿਚ ਵਿਲੱਖਣ ਹੈ। ਪਰ ਉਸ ਤੋਂ ਵੀ ਵਿਲੱਖਣ ਉਸ ਇਨਸਾਨ ਦੇ ਸੁਭਾਅ ਦੀ, ਜਿਸਨੇ ਆਪਣੇ ਅੰਦਰਲੀ ਟੁੱਟ-ਭੱਜ ਜੋ ਕਿਧਰੇ ਉਜਾੜਿਆਂ ਦੇ ਵਕਤ ਦੀ ਦਿਲ ਅੰਦਰ ਵੱਸੀ ਸੀ, ਉਸ ਨੂੰ ਟੁੱਟ-ਭੱਜ ਵਿਚੋਂ ਹੀ ਜੋੜਿਆ। ਜਿਸ ਨੂੰ ਨੇਕ ਚੰਦ ਨੇ ਆਪਣੇ ਵਿਚਾਰਾਂ ਤੇ ਭਾਵਨਾਵਾਂ ਵਿਚੋਂ ਆਕਾਰ ਦਿੱਤੇ ਤੇ ਸ਼ਹਰਯਾਰ ਨੂੰ ਉਨ੍ਹਾਂ ਆਕਾਰਾਂ, ਵਿਚਾਰਾਂ ਤੇ ਭਾਵਨਾਵਾਂ ਵਿਚੋਂ ਜਿਹੜਾ ਸੰਗੀਤ ਸੁਣਾਈ ਦਿੱਤਾ ਉਹ ਹੈ 'ਟੁੱਟ-ਭੱਜ ਦਾ ਸੰਗੀਤ'। ਖਿੰਘਰਾਂ 'ਚੋਂ ਫੁੱਲ ਲੱਭਦੇ, ਨਜ਼ਰਾਂ 'ਚੋਂ ਪਛਾਣ ਲਵੋ। ਨਾਟਕ ਵਿਚ ਨੇਕ ਚੰਦ ਦੀ ਸਾਦਗੀ ਪਰ ਰੂਹ ਦੀ ਅਮੀਰੀ ਸਾਫ਼ ਝਲਕਦੀ ਹੈ। ਰਾਕ ਗਾਰਡਨ ਕੋਈ ਐਵੇਂ ਮਨ ਹਲਕਾ ਕਰਨ ਲਈ ਖੇਡੀ ਗਈ ਖੇਡ ਨਹੀਂ ਸਗੋਂ ਉਨ੍ਹਾਂ ਕੱਚ ਦੇ ਟੁਕੜਿਆਂ ਵਾਂਗ ਨੇਕ ਚੰਦ ਆਪ ਟੁੱਟਿਆ ਭੱਜਿਆ ਤੇ ਜੁੜਿਆ ਹੈ। ਇਕ ਇਬਾਦਤ ਵਾਂਗ ਇਸ ਕਾਰਜ ਨੂੰ ਸਿਰੇ ਚਾੜ੍ਹਿਆ ਤੇ ਇਹ ਉਹਦਾ ਇਸ਼ਕ ਹੋ ਨਿਬੜਿਆ। ਦ੍ਰਿਸ਼ ਗਿਆਰਵੇਂ ਵਿਚ ਨਾਟਕਕਾਰ ਨੇਕਚੰਦ ਦੇ ਮਾਣ-ਸਨਮਾਨ ਦੀ ਗੱਲ ਕਰਦਾ ਹੋਇਆ ਆਖਦਾ ਹੈ—ਅਗਲੇ ਤੋਂ ਅਗਲੇ ਦਿਨ ਸਾਰੀਆਂ

ਅਖ਼ਬਾਰਾਂ ਨੇਕ ਚੰਦ, ਨੇਕ ਚੰਦ ਨਾਲ ਭਰੀਆਂ ਪਈਆਂ ਨੇ। ਨੇਕ ਚੰਦ ਨੇ ਇਕ ਸਿੱਲ ਉੱਤੇ ਏਸ ਲੁਕ ਵਿਚ ਲਿਖ ਦਿੱਤਾ ਸੀ ਕਿ 'ਰਾਕ ਗਾਰਡਨ'। ਚੰਡੀਗੜ੍ਹ ਦੇ 'ਰੋਜ਼ ਗਾਰਡਨ' ਦੀ ਸਾਰੀ ਦੁਨੀਆ ਰਾਕ ਗਾਰਡਨ ਨੂੰ ਤੁਰ ਪਈ।

'ਪਰ ਕੀ ਕੋਈ ਨੇਕ ਚੰਦ ਬਣ ਸਕੇਗਾ ?' ਨਾਟਕਕਾਰ ਆਖਦਾ ਹੈ ਕਿ ਮੇਰੀ ਖ਼ੁਦਾ ਅੱਗੇ ਦੁਆ ਹੈ ਕਿ ਨੇਕ ਚੰਦ ਜਿੰਨੇ ਮਾਨਸਿਕ ਤਸ਼ੱਦਦ ਝੱਲ ਕੇ ਬਣਿਐਂ, ਚੇਲੇ ਨੂੰ ਵੀ ਇਹ ਤਸ਼ੱਦਦ ਝੱਲਣਾ ਪੈ ਸਕਦਾ ਹੈ। ਯਾ ਰੱਬ ਅਜਿਹੇ ਚੇਲੇ ਨੂੰ ਸਮਰੱਥਾ ਬਖ਼ਸ਼ੀਂ, ਆਮੀਨ। 'ਟੁੱਟ ਭੱਜ ਦਾ ਸੰਗੀਤ' ਵਰਗੇ ਨਾਟਕ ਸਕੂਲਾਂ, ਕਾਲਜਾਂ ਵਿਚ ਖੇਡੇ ਜਾਣੇ ਚਾਹੀਦੇ ਹਨ ਤਾਂ ਕਿ ਨਵੀਂ ਪੀੜ੍ਹੀ ਨੂੰ ਅਜਿਹੀਆਂ ਸ਼ਖ਼ਸੀਅਤਾਂ ਬਾਰੇ ਪਤਾ ਲੱਗ ਸਕੇ।

- **ਕੈਦੋ** (ਨਾਟਕ) *ਸ਼ਹਰਯਾਰ*

ਨਾਟਕਕਾਰ ਸ਼ਹਰਯਾਰ ਦੁਆਰਾ ਲਿਖਿਆ ਨਾਟਕ 'ਕੈਦੋ' ਸਿਰਲੇਖ ਪੜ੍ਹ ਕੇ ਮਨ 'ਚ ਕਈ ਤਰ੍ਹਾਂ ਦੇ ਸਵਾਲ ਉੱਠਦੇ ਤੇ ਫੇਰ ਨਾਟਕ ਪੜ੍ਹ ਕੇ ਮਨ 'ਚ ਕਈ ਤਰ੍ਹਾਂ ਦੇ ਸਵਾਲ ਉੱਠਦੇ ਤੇ ਫੇਰ ਨਾਟਕ ਪੜ੍ਹ ਕੇ ਸਵਾਲ ਸ਼ਾਂਤ ਹੋ ਜਾਂਦੇ। ਸ਼ਹਰਯਾਰ ਜੀ ਨੇ ਇਸ ਨਾਟਕ ਦਾ ਸਮਰਪਣ ਵਾਰਿਸ ਸ਼ਾਹ ਦੇ ਨਾਮ ਕੀਤਾ ਹੈ। 'ਕੈਦੋ' ਪਹਿਲੀ ਵਾਰ 5 ਜੁਲਾਈ 2012 ਨੂੰ ਮੰਚ ਰੰਗਮੰਚ ਅੰਮ੍ਰਿਤਸਰ ਦੀ ਟੀਮ ਵੱਲੋਂ ਕੇਵਲ ਧਾਲੀਵਾਲ ਦੀ ਨਿਰਦੇਸ਼ਨਾ ਹੇਠ ਖੇਡਿਆ ਗਿਆ। ਇਸ ਨਾਟਕ ਦੇ ਕੁੱਲ ਤੇਰਾਂ ਸੀਨ ਹਨ। ਸਾਰੇ ਦ੍ਰਿਸ਼ ਭਾਵੁਕ ਕਰਨ ਵਾਲੇ ਅਤੇ ਸੱਚਮੁੱਚ ਹੀ ਪੜ੍ਹਦਿਆਂ ਇੰਝ ਲੱਗਦਾ ਜਿਵੇਂ ਤੁਸੀਂ ਉਸ ਵੇਲੇ ਦੇ ਜੰਗਲ ਬੇਲੇ ਤੇ ਹੀਰ ਦੇ ਪਰਿਵਾਰ ਦੇ ਨਾਲ-ਨਾਲ ਕਿਤੇ ਤੁਰ ਰਹੇ ਹੋਵੋ। ਨਾਟਕ ਵਿਚ ਵਰਤੀ ਗਈ ਭਾਸ਼ਾ ਇਸ ਨਾਟਕ ਦਾ ਹਾਸਿਲ ਹੈ। ਪਹਿਲੇ ਸੀਨ ਵਿਚ ਕੈਦੋ 'ਹੀਰ ਇਸ਼ਕ ਕਰਕੇ ਆਪੂੰ ਤੇ ਗਾਲ੍ਹਾਂ ਫ਼ਕੀਰਾਂ ਨੂੰ। ਆਪਣੀ ਮਾਊ ਨੂੰ ਆਖ ਖਾਂ ਤੇਰਾ ਬਾਪ ਕੇ ਬੱਕੜਵਾਹ ਪਿਆ ਕਰੇਂਦਾ ਸਈ।" ਕੈਦੋ ਦੀ ਮਾਨਸਿਕਤਾ ਨੂੰ ਦਰਸ਼ਕਾਂ ਸਾਹਮਣੇ ਜੀਣਾ, ਕੈਦੋ ਦੇ ਕਿਰਦਾਰ ਬਾਰੇ ਦਰਸ਼ਕ ਦਾ ਨਜ਼ਰੀਆ ਬਦਲ ਦੇਣਾ, ਸ਼ਾਇਦ ਸ਼ਹਰਯਾਰ ਵਰਗਾ ਨਾਟਕਕਾਰ ਹੀ ਕਰ ਸਕਦਾ ਹੈ। ਇੰਝ ਲੱਗਦਾ ਜਿਵੇਂ ਨਾਟਕਕਾਰ ਆਪ ਕੈਦੋਂ ਹੋ ਕੇ ਜੀਵਿਆ ਹੋਵੇ। ਲੋਕ ਮਨਾਂ ਵਿਚ ਕੈਦੋ ਹੀਰ ਤੇ ਰਾਂਝੇ ਦੇ ਵਿਛੋੜੇ ਦਾ ਕਾਰਨ ਹੈ ਪਰ ਨਾਟਕ ਦੇ ਛੇਵੇਂ ਸੀਨ ਵਿਚ ਕੈਦੋ—ਹੀਰ, ਹੀਰ, ਆਪਣੀ ਹੀਰ, ਕੇ ਹਾਲ ਹਈ ਹੀਰ ਦਾ, ਧੀ ਰਾਣੀ ਦਾ ? ਇਹ ਵਾਰਤਾਲਾਪ ਕੈਦੋ ਨੂੰ ਇਕ ਆਮ ਇਨਸਾਨ, ਭਾਵਨਾਤਕ ਸਾਂਝ ਤੇ ਫ਼ਿਕਰ ਰੱਖਣ ਵਾਲਾ ਚਾਚਾ ਤੇ ਇਕ ਖ਼ਾਨਦਾਨ ਦੀ ਇੱਜ਼ਤ ਦਾ ਭਾਈਵਾਲ ਹੋਣ ਵਾਲਾ ਦਿਖਾਉਂਦਾ ਹੈ। ਨਾਟਕਕਾਰ ਨੇ ਪੁਰਾਣੀਆਂ ਪਰੰਪਰਾਵਾਂ ਤੇ ਮਿੱਥਾਂ ਨੂੰ ਤੋੜ ਕੇ ਸਦੀਆਂ ਪੁਰਾਣੀ ਕੈਦੋ ਦੀ ਤਸਵੀਰ ਬਦਲੀ ਹੈ। ਕੈਦੋ ਵਿਚਲੇ ਆਮ ਇਨਸਾਨ ਨੂੰ ਲੋਕਾਂ ਸਾਹਮਣੇ ਲਿਆਂਦਾ। ਕੈਦੋ ਅੰਦਰੋਂ ਕਿੰਨਾ ਭਾਵੁਕ ਤੇ ਕਮਜ਼ੋਰ ਹੈ, ਸੀਨ ਨੌਵੇਂ ਵਿਚ—ਕੈਦੋ : "ਨਾ ਮਾਰੀਂ ਹੀਰੇ, ਨਾ ਮਾਰੀਂ। ਅਸਾਂ ਗਰੀਬਾਂ ਨੂੰ ਕਾਹਨੂੰ ਮਾਰਨੀ ਏਂ।" ਕੈਦੋ ਗੁੱਸੇ ਵਿਚ ਆਈ ਧੀ ਰਾਣੀ ਨੇ ਮਾਰਿਆ ਵੀ ਡਾਢਾ ਸੂ। ਏਨੀ ਸੱਟ ਤੇ ਮੈਨੂੰ ਉਦੋਂ ਵੀ ਨਹੀਂ ਸਾਈ ਪਈ ਜਦੋਂ ਮੈਂ ਅੱਥਰੀ ਵਰੇਸੇ ਘੋੜੀ ਤੋਂ ਡਿੱਗਿਆ ਸਾਂ। ਸ਼ਹਰਯਾਰ ਬਹੁਤ ਸਾਰੀਆਂ ਕਿਤਾਬਾਂ ਦਾ ਰਚੇਤਾ ਹੈ। ਕਵਿਤਾ, ਦੋਹੇ, ਬਹੁਤ ਸਾਰੇ ਨਾਟਕ ਤੇ ਬਾਲ ਨਾਟਕ ਲਿਖਣ ਦਾ ਮਾਣ ਤੇ ਕਮਾਲ ਉਨ੍ਹਾਂ ਦੀ ਕਲਮ ਨੂੰ ਹਾਸਲ ਹੈ। ਸ਼ਹਰਯਾਰ ਨੇ ਲਿਖਿਆ ਹੈ—1992 ਵਿਚ ਕਿਹਾ ਸੁਣਿਆ ਗਿਆ ਕੈਦੋ ਅੱਜ ਤੁਹਾਡੇ ਸਾਹਮਣੇ ਹੈ। ਫ਼ੈਸਲਾ...? ਤਾਂ ਫ਼ੈਸਲਾ ਸੱਚਮੁੱਚ ਨਾਟਕ ਕਾਬਿਲ-ਏ-ਤਾਰੀਫ਼, ਪੜ੍ਹਨਯੋਗ ਤੇ ਸਾਂਭਣਯੋਗ ਕਿਤਾਬ ਹੈ। ਅਜਿਹਾ ਨਾਟਕ ਕਿਤੇ ਨਾ ਕਿਤੇ ਵਿਦਿਆਰਥੀਆਂ ਦੇ ਪਾਠਕ੍ਰਮ ਦਾ ਹਿੱਸਾ ਵੀ ਹੋਣਾ ਚਾਹੀਦਾ ਹੈ।

*-ਜਸਪਾਲ ਕੌਰ*

- **ਪੰਜਾਬੀ ਲੋਕਧਾਰਾ ਦੇ ਵਿਸਰਦੇ ਵਰਤਾਰੇ** (ਲੋਕਧਾਰਾ) *ਡਾ. ਪ੍ਰਿਤਪਾਲ ਸਿੰਘ ਮਹਿਰੋਕ*

ਪੰਜਾਬੀ ਲੋਕਧਾਰਾ ਦੇ ਵਿਸਰਦੇ ਵਰਤਾਰੇ ਡਾ. ਪ੍ਰਿਤਪਾਲ ਸਿੰਘ ਮਹਿਰੋਕ ਦੀ ਨਵੀਂ ਪੁਸਤਕ ਹੈ। ਇਸ ਤੋਂ ਪਹਿਲਾਂ ਤਿੰਨ ਆਲੋਚਨਾ ਦੀਆਂ ਪੁਸਤਕਾਂ 'ਪੰਜਾਬੀ ਕਹਾਣੀ : ਵਿਚਾਰਧਾਰਕ ਪਰਿਪੇਖ', 'ਪੰਜਾਬੀ ਸਾਹਿਤ : ਸਮੀਖਿਆ ਚੇਤਨਾ', 'ਪੰਜਾਬੀ ਸਾਹਿਤ ਵਿੱਚ ਮਿਰਜ਼ਾ ਸਾਹਿਬਾਂ ਦੇ ਕਿੱਸੇ'ਅਤੇ ਇੱਕ ਲੋਕਧਾਰਾ ਦੀ ਪੁਸਤਕ 'ਦਿਨ ਚੜ੍ਹਦੇ ਦੀ ਲਾਲੀ'ਛਪ ਚੁੱਕੀਆਂ ਹਨ। ਇਹ ਹੱਥਲੀ ਪੁਸਤਕ ਲੋਕਧਾਰਾ ਨਾਲ ਸਬੰਧਤ ਦੂਜੀ ਪੁਸਤਕ ਹੈ। ਇਸ ਪੁਸਤਕ ਦੀ ਭੂਮਿਕਾ ਵਿੱਚ ਡਾ.ਲਖਵਿੰਦਰ ਸਿੰਘ ਜੌਹਲ ਲਿਖਦੇ ਹਨ ਕਿ ਇਹ ਪੁਸਤਕ ਡਾ. ਮਹਿਰੋਕ ਦੀ ਪੰਜਾਬੀ ਸਭਿਆਚਾਰ ਦੇ ਲੋਕਧਾਰਾਈ ਧਰਾਤਲਾਂ ਪ੍ਰਤੀ ਗਹਿਰੇ ਲਗਾਓ,ਸੂਖਮ ਸੂਝ,ਨੀਝ ਭਰੀ ਜਗਿਆਸਾ ਅਤੇ ਲਾਸਾਨੀ ਲਗਨ ਦਾ ਅਜਿਹਾ ਸ਼ਾਬਦਿਕ ਪਰਤੌ ਹੈ ਜਿਸ ਨੂੰ ਅਜੋਕੇ ਸਮਿਆਂ ਵਿੱਚ ਕਿਆਸਣਾ ਵੀ ਅਲੋਕਾਰ ਕਿਹਾ ਜਾ ਸਕਦਾ ਹੈ। ਡਾ.ਪ੍ਰਿਤਪਾਲ ਹੋਰਾਂ ਨੂੰ ਨਿੱਜੀ ਤੌਰ 'ਤੇ ਜਾਨਣ ਵਾਲੇ ਡਾ.ਜੌਹਲ ਦੇ ਇਨ੍ਹਾਂ ਸ਼ਬਦਾਂ ਦੇ ਅਰਥ ਮਹਿਸੂਸ ਕਰ ਸਕਦੇ ਹਨ। ਜਿਸ ਜਗਿਆਸਾ ਤੇ ਲਗਨ ਨਾਲ ਡਾ. ਮਹਿਰੋਕ ਹੋਰੀਂ ਆਪਣੇ ਸਿਰਜਣਾਤਮਿਕ ਕਾਰਜਾਂ ਵਿੱਚ ਵਿਅਸਤ ਰਹਿੰਦੇ ਹਨ,ਸ਼ੋਸ਼ਲ ਮੀਡੀਆ ਦੇ ਰਾਮ ਰੌਲੇ ਵਾਲੇ ਇਨ੍ਹਾਂ ਸਮਿਆਂ ਅੰਦਰ ਉਸ ਦੀ ਕਲਪਨਾ ਕਰਨੀ ਵੀ ਕਠਿਨ ਕਾਰਜ ਲੱਗਦੀ ਹੈ।ਆਪਣੀ ਮਾਂ-ਬੋਲੀ,ਪੰਜਾਬੀ ਸਾਹਿਤ,ਪੰਜਾਬੀ ਸਭਿਆਚਾਰ ,ਸਾਹਿਤ ਸਿਰਜਣ ਅਤੇ ਸਾਹਿਤ ਸਮੀਖਿਆ ਪ੍ਰਤੀ ਉਨ੍ਹਾਂ ਦੀ ਸੁਹਿਰਦਤਾ ਨੂੰ ਸਲਾਮ ਕਰਨਾ ਬਣਦਾ ਹੈ।

ਲੋਕਧਾਰਾ ਕਿਸੇ ਲੋਕ ਭਾਈਚਾਰੇ ਵਿੱਚ ਪ੍ਰਵਾਹਮਾਨ ਲੋਕ ਗੀਤਾਂ,ਲੋਕ ਸੰਗੀਤ,ਲੋਕ ਨਾਚ,ਮਿੱਥਾਂ,ਲੋਕ ਕਹਾਣੀਆਂ,ਦੰਦ ਕਥਾਵਾਂ,ਜਬਾਨੀ ਇਤਿਹਾਸ ਕਹਾਵਤਾਂ,ਵਿਅੰਗ,ਬੁਝਾਰਤਾਂ,ਲੋਕ ਧਰਮ,ਲੋਕ ਵਿਸ਼ਵਾਸ,ਜਾਦੂ ਟੂਣੇ,ਵਹਿਮ ਭਰਮ,ਲੋਕ ਸਾਜ਼, ਸੰਦ,ਭਾਂਡੇ,ਅਤੇ ਲੋਕ ਹਥਿਆਰਾਂ ਆਦਿ ਦਾ ਇੱਕ ਜਟਿਲ ਤਾਣਾ ਬਾਣਾ ਹੁੰਦਾ ਹੈ। ਡਾ. ਮਹਿਰੋਕ ਹੋਰਾਂ ਇਸ ਤਾਣੇ ਬਾਣੇ ਦੀਆਂ ਗੰਢਾਂ ਖੋਲਦਿਆਂ ਇਸ ਪੁਸਤਕ ਨੂੰ ਪੰਜ ਭਾਗਾਂ ਵਿੱਚ ਵੰਡਿਆ ਹੈ। ਪਹਿਲੇ ਭਾਗ ਵਿੱਚ ਲੋਕ ਕਲਾ ਤੇ ਲੋਕ ਨਾਚ ਨਾਲ ਸਬੰਧਤ ਪਾਠ ਚਿੜੀ ਚੜੂੰਗਾ ਕੱਤ ਕੁੜੇ,ਤ੍ਰਿਜਣ ਦੀਆਂ ਕੁੜੀਆਂ,ਕਿੱਕਲੀ ਕਲੀਰ ਦੀ,ਹੇਅਰਾ,ਛੱਜ ਓਹਲੇ ਛਾਨਣੀ,ਜਾਗੋ ਆਈ ਆ ਅਤੇ ਹੋਇਆ ਪੂਰਾ ਥਾਲ ਸ਼ਾਮਲ ਹਨ। ਇਨ੍ਹਾਂ ਵਿਸਰ ਗਏ ਅਤੇ ਵਿਸਰ ਰਹੇ ਵਰਤਾਰਿਆਂ ਦੀ ਗੱਲ ਕਰਦਿਆਂ ਪਿਛੋਕੜ ਵਿੱਚ ਲੋਕ ਗੀਤਾਂ ਨੂੰ ਰੱਖਿਆ ਗਿਆ ਹੈ। ਜਿੱਥੇ ਛੇਆਂ ਦਹਾਕਿਆਂ ਨੂੰ ਟੱਪ ਚੁੱਕੀ ਪੀੜ੍ਹੀ ਦੇ ਚੇਤਿਆਂ 'ਚ ਇਹ ਵਰਤਾਰੇ ਤਾਜ਼ੇ ਹੁੰਦੇ ਹਨ ਉਥੇ ਨਵੀਂ ਪੀੜ੍ਹੀ ਲਈ ਇਹ ਵਰਤਾਰੇ ਅਲੋਕਾਰ ਗੱਲਾਂ ਵੀ ਹੋ ਸਕਦੇ ਹਨ। ਪੁਸਤਕ ਦੇ ਦੂਜੇ ਯਾਨੀ ਅ ਭਾਗ ਵਿੱਚ ਲੋਕ ਲੋੜਾਂ,ਲੋਕ ਕਲਾ ਤੇ ਲੋਕ ਸੰਦ ਨਾਲ ਸਬੰਧਤ ਸੱਤ ਪਾਠ ਹਨ। ਪਹਿਲੇ ਪਾਠ 'ਬੀਤੇ ਦੀ ਬਾਤ ਬਣ ਗਈਆਂ ਹੋਲਾਂ'ਨੂੰ ਪੜ੍ਹਦਿਆਂ ਬਚਪਨ ਵਿੱਚ ਭੁੰਨ ਕੇ ਖਾਧੀਆਂ ਹੋਲਾਂ ਯਾਦ ਆ ਗਈਆਂ। ਇਸ ਪਾਠ ਵਿੱਚ ਅਰਤਿੰਦਰ ਸੰਧੂ ਦੀ ਸਾਹਿਤਕ ਏਕਮ ਵਿੱਚ ਉਨ੍ਹਾਂ ਦੇ ਕਾਲਮ'ਪੈਣ ਕਪਾਹੀਂ ਫੁੱਲ'ਵਿਚੋਂ ਹੋਲਾਂ ਬਾਰੇ ਟਿੱਪਣੀ ਵੀ ਦਰਜ ਕੀਤੀ ਗਈ ਹੈ। 'ਘਰ ਅੰਦਰ ਚੁੱਲਾ ਚੌਂਕਾ' ਪਾਠ ਪੜ੍ਹਦਿਆਂ ਚੌਂਕੇ ਵਿੱਚ ਬਹਿਕੇ ਮਾਂ ਦੇ ਹੱਥਾਂ ਦੀਆਂ ਗਰਮ ਗਰਮ ਰੋਟੀਆਂ ਖਾਣ ਦਾ ਦ੍ਰਿਸ਼ ਸਾਕਾਰ ਹੋ ਗਿਆ। ਹੁਣ ਵੀ ਪਿੰਡਾਂ ਵਿੱਚ ਆਧੁਨਿਕ ਰਸੋਈਆਂ ਬਣੀਆਂ ਹੋਣ ਦੇ ਬਾਵਜੂਦ ਵਿਹੜੇ ਵਿੱਚ ਚੁੱਲਾ ਚੌਂਕਾ ਵੇਖਣ ਨੂੰ ਮਿਲ ਜਾਂਦਾ ਹੈ। 'ਮਿੱਟੀ ਦਾ ਹਾਰਾ ਪੱਥਦੀ ਏ'ਵਿੱਚ ਹਾਰੇ ਦੀ ਪ੍ਰੀਭਾਸ਼ਾ ਬੜੀ ਦਿਲਚਸਪ ਹੈ। ਚੁੱਲੇ ਚੌਂਕੇ ਦੇ ਕੋਲ ਕਿਸੇ ਕੰਧ ਵਿਚ ਇੱਕ ਆਲਾ ਬਣਾਇਆ ਹੁੰਦਾ ਸੀ। ਉਸ ਵਿੱਚ ਥੋੜ੍ਹੀ ਡੂੰਘੀ ਢੋਲ ਦੀ ਸ਼ਕਲ ਬਣਾਈ ਦੀ ਬਣਾਈ ਗੋਲਾਕਾਰ ਥਾਂ ਨੂੰ ਲਿੱਪ-ਪੋਚ ਕੇ ਸੰਵਾਰ ਲਿਆ ਜਾਂਦਾ ਸੀ। ਉਸ ਵਿਚ ਪਾਥੀਆਂ ਜਾਂ ਗੋਹੇ ਧੁਖਾ ਲਏ ਜਾਂਦੇ ਸਨ। ਦਾਲ/ਸਬਜ਼ੀ ਰਿੰਨਣ ਲਈ ਉਪਰ ਤੌੜੀ ਜਾਂ ਦੁੱਧ ਕਾੜ੍ਹਨ ਲਈ ਕਾੜ੍ਹਨੀ ਰੱਖ ਦਿੱਤੀ ਜਾਂਦੀ ਸੀ। ਡਾ. ਪ੍ਰਿਤਪਾਲ ਹੋਰਾਂ ਦੀ ਖੂਬਸੂਰਤੀ ਇਹ ਹੈ ਕਿ ਉਹ ਹਰ ਸੰਦ ਦੀ ਜਾਣਕਾਰੀ ਦਿੰਦਿਆਂ ਵਰਤੀਆਂ ਵਸਤਾਂ ਦੇ ਨਾਲ ਨਾਲ ਔਰਤ ਦੇ ਹੱਥਾਂ ਦੀ ਕਲਾਕਾਰੀ ਬਾਰੇ ਵੀ ਬੜੇ ਸੂਖਮ ਵੇਰਵੇ ਦਿੰਦੇ ਹਨ। ਘਰੇਲੂ ਵਰਤੋਂ ਵਿੱਚ ਆਉਣ ਵਾਲੀ ਹੱਥ ਚੱਕੀ ਤਾਂ ਹੁਣ ਅਲੋਪ ਹੀ ਹੋ ਗਈ ਹੈ। ਇੰਝ ਹੀ ਭੱਠੀ ਤੋਂ ਦਾਣੇ ਭੁਨਾ ਕੇ ਚੱਬਣਾ ਵੀ ਵਿਸਰ ਗਿਆ ਚੇਤਾ ਬਣਕੇ ਰਹਿ ਗਿਆ ਹੈ। 'ਮਧਾਣੀ ਮੇਰੀ ਰੰਗਲੀ'ਹੁਣ ਇਲੈਕਟ੍ਰਿਕ ਯੰਤਰ ਬਣ ਗਿਆ ਹੈ। 'ਕੱਤਣੀ ਮੇਰੀ ਫੁੱਲਾਂ ਵਾਲੀ'ਵਿੱਚ ਕੱਤਣੀ ਦਾ ਜ਼ਿਕਰ ਬੜੀ ਖੂਬਸੂਰਤੀ ਨਾਲ ਹੋਇਆ ਹੈ। ਕੱਤਣੀ ਰੰਗ-ਬਰੰਗੀਆਂ ਤੀਲੀਆਂ ਜਾਂ ਮੋਰ ਦੇ ਖੂਬਸੂਰਤ ਖੰਭਾਂ ਨਾਲ ਬਣਾਈ ਬੋਹਣੀ ਹੁੰਦੀ ਸੀ ਜਿਸ ਵਿੱਚ ਪੂਣੀਆਂ ਅਤੇ ਗਲੋਟੇ ਰੱਖੇ ਜਾਂਦੇ ਸਨ।

ੲ ਭਾਗ ਵਿੱਚ ਲੋਕ ਰਸਮਾਂ ਦੀ ਗੱਲ ਲੋਕ ਗੀਤਾਂ ਦੇ ਹਵਾਲੇ ਨਾਲ ਕੀਤੀ ਗਈ ਹੈ। ਹਰਿਆ ਤੇ ਭਾਗੀਂ ਭਰਿਆ ਲੋਕ ਗੀਤ ਬੱਚੇ ਦੇ ਜਨਮ ਦੀ ਖੁਸ਼ੀ ਵਿੱਚ ਗਾਏ ਜਾਂਦੇ ਸਨ। ਹਰਿਆ ਨੀ ਮਾਏ,ਹਰਿਆ ਨੀ ਭੈਣੇ,ਹਰਿਆ ਤੇ ਭਾਗੀਂ ਭਰਿਆ। ਹਰਿਆ ਸ਼ਬਦ ਦੇ ਕਈ ਅਰਥ ਹਨ। ਚੱਕੀ ਚੁੰਗ ਵਿਆਹ ਨਾਲ ਸਬੰਧਤ ਇੱਕ ਪ੍ਰਸਿੱਧ ਰਸਮ ਹੁੰਦੀ ਸੀ ਜੋ ਵਿਆਹ ਵਾਲੀ ਕੁੜੀ ਦੇ ਘਰ ਕੀਤੀ ਜਾਂਦੀ ਸੀ। ਇਸ ਰਸਮ ਨਾਲ ਜੁੜੇ ਗੀਤਾਂ ਅਤੇ ਕ੍ਰਿਆਵਾਂ ਦਾ ਵਿਸਥਾਰ ਨਾਲ ਵਰਣਨ ਹੈ 'ਚੱਕੀ ਵਿੱਚ ਲੱਪ ਚੁੰਗ ਕੁੜੇ'ਪਾਠ ਵਿੱਚ। 'ਘੜੋਲੀ ਭਰ ਆਈ ਆਂ'ਪਾਠ ਵਿੱਚ ਘੜੋਲੀ ਭਰਨੀ ਦੀ ਰਸਮ ਦਾ ਜ਼ਿਕਰ ਹੈ। ਘੜੋਲੀ ਛੋਟੇ ਘੜੇ ਨੂੰ ਕਿਹਾ ਜਾਂਦਾ ਸੀ। ਖਾਰੇ ਚੜ੍ਹਨਾ ਵਿਆਹ ਨਾਲ ਸਬੰਧਤ ਰਸਮ ਹੈ ਜਿਹੜੀ ਅੱਜ ਕੱਲ ਵੀ ਕਿਸੇ ਨਾ ਕਿਸੇ ਰੂਪ ਵਿੱਚ ਨਿਭਾਈ ਜਾਂਦੀ ਹੈ। ਇੰਝ ਹੀ ਕਲੀਰੇ ਬੰ੍ਹਣ ਤੇ ਵੰਡਣ ਦੀ ਰਸਮ ਵੀ ਅਜੇ ਪੂਰੀ ਤਰ੍ਹਾਂ ਵਿਸਰੀ ਨਹੀਂ।

ਡਾ.ਪ੍ਰਿਤਪਾਲ ਮਹਿਰੋਕ ਹੋਰਾਂ ਕੋਲ ਚੇਤਿਆਂ ਦੇ ਰੰਗ ਬੜੇ ਗੂਹੜੇ ਹਨ। ਪੰਜਾਬੀ ਲੋਕਧਾਰਾ ਦੇ ਵਿਸਰ ਰਹੇ ਵਰਤਾਰੇ ਉਨ੍ਹਾਂ ਦੇ ਚੇਤਿਆਂ 'ਚ ਸੱਜਰੇ ਛਿਣਾ ਵਾਂਗ ਸਾਂਭੇ ਪਏ ਹਨ। ਪੁਸਤਕ ਦੇ ਚੌਥੇ ਭਾਗ ਲੋਕ ਕਲਾ(ਕਢਾਈ ਬੁਣਾਈ) ਤੇ ਹਾਰ ਸ਼ਿਗਾਰ ਵਿੱਚ ਜਿੰਨ੍ਹਾਂ ਲੋਕ ਕਲਾਵਾਂ ਦਾ ਜਿਕਰ ਹੈ ਉਸ ਵਿੱਚ ਪਰਾਂਦਾ,ਸੁਰਮਾ ਚਾਂਦੀ ਦੀਆਂ ਝਾਂਜਰਾਂ ਅਤੇ ਹੱਥੀ ਕੱਢਿਆ ਰੁਮਾਲ ਵਿਸ਼ੇਸ਼ ਹਨ। 'ਰੁਮਾਲ ਤੇਰਾ ਕੱਢਿਆ ਪਇਆ ਈ'ਪਾਠ ਵਿੱਚ ਉਹ ਆਪਣੇ ਬਚਪਨ ਦੇ ਇੱਕ ਚੇਤੇ ਨੂੰ ਆਧਾਰ ਬਣਾਉਂਦੇ ਹਨ। ਪਿੰਡ ਵਿੱਚ ਲੱਗਦਾ ਮੇਲਾ ਤੇ ਉਸ ਮੇਲੇ ਵਿੱਚ ਦੀਵਾਰ ਨਾਲ ਲੱਗ ਕੇ ਬੈਠਾ ਅੱਧਖੜ ਉਮਰ ਦਾ ਇੱਕ ਫੱਕਰ ਕਿਸਮ ਦਾ ਬੰਦਾ ਜਿਸ ਦੇ ਮੂੰਹੋਂ ਨਿੱਕਲੇ ਗੀਤ ਦੇ ਬੋਲ,ਆਪ ਜਾ ਕੇ ਵਲੈਤ ਵਿੱਚ ਬਹਿ ਗਇਓਂ,ਰੁਮਾਲ ਤੇਰਾ ਕੱਢਿਆ ਪਇਆ ਈ ਓ,ਇਸ ਆਰਟੀਕਲ ਦਾ ਆਧਾਰ ਬਣਦੇ ਹਨ। ਰੁਮਾਲ ਕੱਢਦਿਆਂ ਔਰਤ ਨੇ ਆਪਣੇ ਅੰਦਰ ਜਿਹੜੀਆਂ ਰੀਝਾਂ,ਸੱਧਰਾਂ,ਉਮੰਗਾਂ ਸੰਜੋਈਆਂ ਹੋਣਗੀਆਂ,ਉਨ੍ਹਾਂ ਨੂੰ ਮਹਿਸੂਸ ਕਰਦਿਆਂ ਜਿੰਨੀ ਸੂਖਮਤਾ ਅਤੇ ਬਾਰੀਕਬੀਨੀ ਨਾਲ ਸ਼ਬਦਾਂ ਵਿੱਚ ਸਾਕਾਰ ਕੀਤਾ ਹੈ,ਉਹ ਕਮਾਲ ਹੈ।ਅਜਿਹੇ ਕਮਾਲ ਪਰਾਂਦੇ,ਸੁਰਮੇਂ ਅਤੇ ਝਾਂਜਰਾਂ ਦੀ ਗੱਲ ਕਰਦਿਆਂ ਵੀ ਹੋਏ ਹਨ। ਇਸ ਪੁਸਤਕ ਦਾ ਕਾਲਾਵਾ ਬਹੁਤ ਵੱਡਾ ਹੈ। ਇਸ ਦੇ ਆਖਰੀ ਅਧਿਆਇ ਵਿੱਚ ਲੋਕ ਕਲਾ,ਲੋਕ ਸ਼ੌਕ,ਲੋਕ ਨਾਟ,ਲੋਕ ਮਨੋਰੰਜਨ ਅਤੇ ਲੋਕ ਪੇਸ਼ਕਾਰੀਆਂ ਦੀ ਵਿਸਥਾਰ ਵਿੱਚ ਚਰਚਾ ਹੋਈ ਹੈ। 'ਤੂੰ ਜਾਈ ਵੇ ਕਬੂਤਰਾ' ਵਿੱਚ ਪੰਜਾਬੀ ਲੋਕਧਾਰਾ ਦੇ ਹਵਾਲਿਆਂ ਨਾਲ ਕਬੂਤਰ ਦੀ ਉਤਪਤੀ,ਸੁਭਾਅ,ਰੰਗ-ਰੂਪ,ਅੱਖਾਂ,ਉਡਾਣ, ਵਫਾਦਾਰੀ,ਪੈਰਾਂ ਪ੍ਰਾਣਾਂ ਆਦਿ ਬਾਰੇ ਮਹੀਨ ਜਾਣਕਾਰੀ ਸੁਹਜ ਨਾਲ ਭਰੀ ਹੈ। ਕਸੀਦਾ ਸੰਘਣੀ ਕਢਾਈ ਹੁੰਦੀ ਹੈ ਇਹ ਤਾਂ ਜਾਣਦੇ ਹਾਂ,ਇਹ ਇੱਕ ਲੋਕ ਕਾਵਿ ਵੀ ਹੈ,ਬਾਰੇ ਜਾਣਕਾਰੀ ਇਸ ਪੁਸਤਕ ਵਿਚੋਂ ਮਿਲਦੀ ਹੈ। ਬਹੁਤ ਘੱਟ ਜਾਣੇ ਜਾਂਦੇ ਲੋਕ ਨਾਟ ਖਿਉੜੇ ਬਾਰੇ ਵੀ ਇੱਕ ਪਾਠ ਵਿੱਚ ਗੱਲ ਹੋਈ ਹੈ। ਨਕਾਲ ਅਤੇ ਨਕਲਾਂ ਭਾਵੇਂ ਹੁਣ ਵੀ ਕਿਸੇ ਵਿਆਹ ਸ਼ਾਦੀ ਵਿੱਚ ਵੇਖਣ ਨੂੰ ਮਿਲ ਜਾਂਦੇ ਹਨ ਪਰ ਸੱਚੀ ਗੱਲ ਇਹ ਹੈ ਕਿ ਇਹ ਹੁਣ ਬੀਤੇ ਸਮਿਆਂ ਦੀ ਬਾਤ ਬਣ ਕੇ ਰਹਿ ਗਈਆਂ ਹਨ। ਇੰਝ ਹੀ ਸਵਾਂਗ ,ਕਠਪੁਤਲੀਆਂ ਦਾ ਤਮਾਸ਼ਾ

ਅਤੇ ਨੌਟੰਕੀ ਹੁਣ ਵਿਸਰ ਗਏ ਲੋਕ ਨਾਟ ਹਨ। ਇਹ ਸਭ ਲੋਕ ਮਨੋਰੰਜਨ ਦੇ ਸਾਧਨ ਸਨ। ਅਜਿਹੀਆਂ ਪੇਸ਼ਕਾਰੀਆਂ ਦੇ ਅਲੋਪ ਹੋਣ ਨਾਲ ਹੁਣ ਮਨੋਰੰਜਨ ਦੇ ਸਾਧਨ ਵੀ ਬਦਲ ਗਏ ਹਨ । ਇਨ੍ਹਾਂ ਸਾਧਨਾਂ ਵਿੱਚ ਭਾਈਚਾਰਕ ਸਾਂਝ,ਹਾਸਾ ਠੱਠਾ,ਬਰਦਾਸ਼ਤ ਕਰਨ ਦਾ ਮਾਦਾ ਮਨਫੀ ਹੋ ਗਏ ਹਨ। ਉਹ ਸਸਤੇ ਸਾਧਨ ਸਨ। ਹੁਣ ਸਾਰੇ ਮਨੋਰੰਜਨ ਪੂੰਜੀ ਨੇ ਹਥਿਆ ਲਏ ਹਨ। ਇਨ੍ਹਾਂ ਵਿਸਰ ਗਏ ਅਤੇ ਵਿਸਰ ਰਹੇ ਲੋਕ ਵਰਤਾਰਿਆਂ ਨੂੰ ਸਾਂਭਣ ਦੀ ਲੋੜ ਹੈ। ਡਾ.ਪ੍ਰਿਤਪਾਲ ਸਿੰਘ ਮਹਿਰੋਕ ਹੋਰਾਂ ਬੜੀ ਮਿਹਨਤ ਨਾਲ ਇਨ੍ਹਾਂ ਵਰਤਾਰਿਆਂ ਨੂੰ ਪੁਸਤਕ ਰੂਪ ਵਿੱਚ ਸਾਂਭਣ ਦਾ ਸਾਰਥਿਕ ਉਪਰਾਲਾ ਕੀਤਾ ਹੈ। ਇਸ ਪੁਸਤਕ ਨੂੰ ਸਪਤਰਿਸ਼ੀ ਪ੍ਰਕਾਸ਼ਨ ਨੇ ਛਾਪਿਆ ਹੈ। 182 ਪੰਨਿਆਂ ਵਾਲੀ ਇਸ ਪੁਸਤਕ ਦੀ ਕੀਮਤ 250/ ਰੁਪਏ ਹੈ।

- **ਪੱਤੇ ਦੇ ਪਰਛਾਵੇਂ** (ਜੀਵਨੀ ਮੂਲਕ) ***ਸੁਖਦੇਵ ਸਿੰਘ ਝੰਡ***

ਝੰਡ ਦਾ ਬਚਪਨ ਤੇ ਸਿਖਿਆ : 'ਪੱਤੇ ਤੇ ਪ੍ਰਛਾਵੇਂ' ਸੁਖਦੇਵ ਸਿੰਘ ਝੰਡ ਦਾ ਜੀਵਨੀ ਮੂਲਕ ਯਾਦਾਂ ਦਾ ਸੰਗ੍ਰਹਿ ਹੈ। ਇਸ ਪੁਸਤਕ ਦੇ ਨਾਮਕਰਣ ਦੀ ਵਿਆਖਿਆ ਵੀ ਝੰਡ ਸਾਹਿਬ ਬੜੇ ਦਾਰਸ਼ਨਿਕ ਤਰੀਕੇ ਨਾਲ ਕਰਦੇ ਹਨ, 'ਪੱਤਾ ਮੇਰਾ ਜੀਵਨ ਹੈ ਤੇ ਮੇਰੇ ਜੀਵਨ ਦੀ ਕਾਰਗੁਜ਼ਾਰੀ ਇਸ ਦੇ ਪ੍ਰਛਾਵੇਂ ਹਨ'। ਇਸ ਜੀਵਨੀ ਦਾ ਆਰੰਭ ਉਹ 1955 ਵਿਚ ਆਏ ਵੱਡੇ ਹੜ੍ਹਾਂ ਨਾਲ ਕਰਦੇ ਹਨ ਅਤੇ ਨਾਲ ਹੀ 'ਬਾਰਾਂ' ਦੇ ਵੱਸਣ ਅਤੇ 1947 ਵਿਚ ਉਥੋਂ ਉਜੜਨ ਦਾ ਬਿਰਤਾਂਤ ਵੀ ਇਸੇ ਆਰੰਭ ਦਾ ਹਿੱਸਾ ਬਣਦਾ ਹੈ। ਪ੍ਰਾਇਮਰੀ ਸਕਲੂ 'ਚ ਦਾਖਲਾ ਤੇ ਫਿਰ ਹਾਈ ਸਕੂਲ ਦੀ ਪੜ੍ਹਾਈ ਦਾ ਜ਼ਿਕਰ ਪੜ੍ਹਦਿਆਂ ਇਸ ਪੁਸਤਕ ਨਾਲ ਮੇਰਾ ਅਪਣੱਤ ਦਾ ਰਿਸ਼ਤਾ ਬਣ ਜਾਂਦਾ ਹੈ। ਚੌਹਾਨ ਮੇਰੇ ਪਿੰਡ ਛੱਜਲਵੱਡੀ ਦਾ ਗਵਾਂਢੀ ਪਿੰਡ ਹੈ ਅਤੇ ਪਿੰਡ ਦਾ ਹਾਈ ਸਕੂਲ ਉਹੀ ਹੈ ਜਿੱਥੇ ਮੈਂ ਵੀ ਦਸਵੀਂ ਤਕ ਪੜ੍ਹਿਆ ਹਾਂ। ਕੁਝ ਅਧਿਆਪਕ ,ਜਿੰਨ੍ਹਾਂ ਦਾ ਜ਼ਿਕਰ ਝੰਡ ਹੋਰਾਂ ਕੀਤਾ ਹੈ,ਮੇਰੇ ਵੀ ਅਧਿਆਪਕ ਰਹੇ ਹਨ। ਮਾਸਟਰ ਆਤਮਾ ਰਾਮ, ਸੇਵਾ ਸਿੰਘ ਕੌੜਾ, ਗਿਆਨੀ ਚੰਨਣ ਸਿੰਘ ਦਿਲਗੀਰ,ਪੀ.ਟੀ ਹਰਬੰਸ ਸਿੰਘ 1973-74 ਤਕ ,ਜਦ ਮੈਂ ਦਸਵੀਂ ਪਾਸ ਕੀਤੀ,ਇਥੇ ਹੀ ਪੜ੍ਹਾ ਰਹੇ ਸਨ। ਇੰਝ ਥੋੜ੍ਹੀ ਬਹੁਤੀ ਸਥਿਤੀ ਪ੍ਰਵਰਤਨ ਤੋਂ ਇਲਾਵਾ ਇਹ ਘਟਨਾਵਾਂ ਮੇਰੇ ਜੀਵਨ ਦੇ ਵੀ ਨੇੜੇ ਤੇੜੇ ਹੀ ਹਨ। ਆਰਥਿਕ ਹਾਲਤ ਵੀ ਓਦੋਂ ਸਭ ਪਰਿਵਾਰਾਂ ਦੀ ਡਾਵਾਂਡੋਲ ਹੀ ਹੁੰਦੀ ਸੀ। ਨੌਕਰੀ ਲਈ ਸ਼ੰਘਰਸ਼ ਪੜ੍ਹਦਿਆਂ ਸਮਝ ਆਉਂਦੀ ਹੈ ਕਿ ਬੇਰੁਜ਼ਗਾਰੀ ਉਨ੍ਹਾਂ ਸਮਿਆਂ ਵਿਚ ਵੀ ਸੀ। ਐਮ.ਐਸ.ਸੀ. ਕਰਨ ਤੋਂ ਬਾਅਦ ਵੀ ਆਪਣੀ ਕੁਆਲੀਫੀਕੇਸ਼ਨ ਤੋਂ ਵੀ ਹੇਠਲੀ ਪੋਸਟ ਲਈ ਜਦੋਜਹਿਦ ਕਰਨੀ, ਕੋਈ ਸ਼ਿਫਾਰਸ਼ ਨਾ ਹੋਣੀ ਜਾਂ ਰਿਸ਼ਵਤ ਨਾ ਦੇ ਸਕਣੀ ਹੇਠਲੀ ਮੱਧਸ਼੍ਰੇਣੀ ਦੇ ਬੱਚਿਆਂ ਦਾ ਦੁਖਾਂਤ ਰਿਹਾ ਹੈ ਜਿਸ ਦੀ ਪੀੜਾ ਹੁਣ ਦੀ ਪੀੜ੍ਹੀ ਵੀ ਹੰਢਾ ਰਹੀ ਹੈ। ਪੰਜਾਬੀਆਂ ਅੰਦਰ ਕੈਨੇਡਾ ਪਹੁੰਚਣ ਦੀ ਹੋੜ ਅੱਜ-ਕੱਲ ਸਿਖ਼ਰਾਂ 'ਤੇ ਹੈ। ਇਕੱਵੀਂ ਸਦੀ ਦੇ ਆਰੰਭਲੇ ਵਰ੍ਹੇ ਝੰਡ ਪਰਿਵਾਰ ਅੰਦਰ ਵੀ ਇਸ ਦੌੜ 'ਚ ਸ਼ਾਮਲ ਹੋ ਕੇ ਕੈਨੇਡਾ ਪਹੁੰਚਦਾ ਹੈ। ਇੰਝ ਮੇਰੇ ਗਵਾਂਢੀ ਪਿੰਡ ਚੌਹਾਨ ਤੋਂ ਬਰੈਂਪਟਨ ਪਹੁੰਚੇ ਝੰਡ ਦੀ ਜ਼ਿੰਦਗੀ ਦਾ ਨਵਾਂ ਅਧਿਆਇ ਸ਼ੁਰੂ ਹੁੰਦਾ ਹੈ। ਪੀ.ਐਚ.ਡੀ. ਹੋਲਡਰ ਆਦਮੀ ਜਿਹੜਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਲਾਇਬ੍ਰੇਰੀ ਵਿਚ ਸਤਿਕਾਰਤ ਅਹੁਦੇ ਦਾ ਮੁਲਾਜ਼ਮ ਹੋਵੇ,ਨੂੰ ਕੈਨੇਡਾ ਦੇ ਵੇਅਰ ਹਾਊਸ ਵਿਚ ਲੇਬਰ ਦੀ ਜੌਬ ਕਰਨੀ ਪਵੇ ਤਾਂ ਸਾਡੇ ਮਨਾਂ 'ਚ ਪਾਲੇ ਬਹੁਤ ਸਾਰੇ ਭਰਮ ਭੁਲੇਖੇ ਦੂਰ ਹੋ ਜਾਣੇ ਚਾਹੀਦੇ ਸਨ। ਇਸ ਪੁਸਤਕ ਨੂੰ ਪੜ੍ਹਦਿਆਂ ਪੰਜਾਬੀ ਮਨਾਂ 'ਚ ਪਾਲੇ ਸੁਪਨੇ ਅਤੇ ਸਵਰਗ ਦਾ ਭਰਮ ਪਾਰਦਰਸ਼ੀ ਜਰੂਰ ਹੁੰਦੇ ਹਨ, ਤਲਿਸਮ ਨਹੀਂ ਘਟਦਾ। ਅੱਜ ਵੀ ਸਟੱਡੀ ਦੇ ਬਹਾਨੇ ਕੈਨੇਡਾ ਵੱਲ ਜਾਂਦੇ ਜਹਾਜ ਪੰਜਾਬੀ ਪਾੜ੍ਹਿਆਂ ਨਾਲ ਭਰੇ ਜਾਂਦੇ ਹਨ। ਝੰਡ ਸਾਹਿਬ ਦੀ ਬੇਟੀ ਦੀ ਸ਼ਾਦੀ ਅਮਰੀਕਾ ਵੱਸੇ ਲੜਕੇ ਨਾਲ ਹੋਣ ਕਾਰਣ ਝੰਡ ਦੀ ਸਵੈ-ਜੀਵਨੀ ਵਿਚ ਇੱਕ ਹੋਰ ਅਧਿਆਇ ਜੁੜ ਜਾਂਦਾ ਹੈ। ਇਸ ਸਬੱਬ ਅਮਰੀਕਾ ਦੀ ਫੇਰੀ ਤੇ ਓਥੋਂ ਦੇ ਵੱਖ ਵੱਖ ਸ਼ਹਿਰਾਂ ਵਿਚ ਵੇਖਣਯੋਗ ਥਾਵਾਂ ਦੇ ਦਿਲਚਸਪ ਵੇਰਵੇ ਪੁਸਤਕ ਦੇ ਅਗਲੇ ਪੰਨਿਆਂ ਦੀ ਸ਼ੋਭਾ ਬਣਦੇ ਹਨ।

ਮੁਹੰਮਦ ਅਨਵਰ ਤੇ ਜ਼ਹੂਰ ਹੁਸੈਨ : ਸੰਤਾਲੀ ਦੀ ਵੰਡ ਵੇਲੇ ਪਾਕਿਸਤਾਨ ਤੋਂ ਉੱਜੜ ਕੇ ਆਏ ਲੋਕਾਂ ਦੀ ਆਪਣੀ ਪਿੱਛੇ ਰਹਿ ਗਈ ਭੂਮੀ ਤੇ ਦੋਸਤੀ ਨਾਲ ਭਾਵੁਕ ਸਾਂਝ ਹੈ। ਪਾਕਿਸਤਾਨ ਤੋਂ ਪੁਰਾਣੇ ਪਿੰਡ ਚੱਕ ਨੰਬਰ 202 ਦੇ ਦੋ ਮਹਿਮਾਨ ਦੋਸਤਾਂ ਦੀ ਫੇਰੀ ਇਸ ਪੁਸਤਕ ਦਾ ਇੱਕ ਮਹੱਤਵਪੂਰਣ ਅਧਿਆਇ ਬਣਦਾ ਹੈ। ਜਿੱਥੇ ਝੰਡ ਦੇ ਪਿਤਾ ਜੀ ਆਪਣੇ ਪੁਰਾਣੇ ਪਿੰਡ ਤੋਂ ਆਏ ਦੋਸਤਾਂ ਨੂੰ ਮਿਲ ਕੇ ਖ਼ੁਸ਼ ਹੁੰਦੇ ਹਨ ਉਥੇ ਮੁਹੰਮਦ ਅਨਵਰ ਦੀ ਤਬੀਅਤ ਅਚਾਨਕ ਖਰਾਬ ਹੋਣਾ ਤੇ ਫਿਰ ਇੰਤਕਾਲ ਹੋ ਜਾਣ ਵਰਗੀ ਉਦਾਸ ਘਟਨਾ ਵੀ ਵਾਪਰਦੀ ਹੈ। ਕੈਨੇਡਾ ਵਿਚ ਛਪਦੇ ਸਪਤਾਹਿਕ ਅਖਬਾਰਾਂ ਵਿਚ ਇੱਕ 'ਸਿੱਖ ਸਪੋਕਸਮੈਨ' ਨਾਲ ਸੁਖਦੇਵ ਸਿੰਘ ਝੰਡ ਪੱਕੇ ਤੌਰ 'ਤੇ ਜੁੜੇ ਹਨ। ਇਸ ਅਖਬਾਰ ਨਾਲ ਜੁੜਨ ਦਾ ਸਬੱਬ ਵੀ ਉਨ੍ਹਾਂ ਬੜੇ ਵਿਸਥਾਰ 'ਚ ਦੱਸਿਆ ਹੈ। ਇਸ ਤੋਂ ਬਿਨ੍ਹਾਂ ਉਨ੍ਹਾਂ ਬਰੈਂਪਟਨ ਵਿਚ ਰਹਿੰਦੇ ਕੁਝ ਹੋਰ ਸਾਹਿਤਕ ਦੋਸਤਾਂ ਨਾਲ ਮਿਲ ਕੇ 'ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ' ਨਾਂ ਦੀ ਇੱਕ ਸੰਸਥਾ ਬਣਾਈ ਹੈ ਜਿਹੜੀ ਪਿੱਛਲੇ ਅੱਠ ਕੁ ਸਾਲਾਂ ਤੋਂ ਬਕਾਇਦਗੀ ਨਾਲ ਆਪਣੀਆਂ ਸਰਗਰਮੀਆਂ ਕਰ ਰਹੀ ਹੈ। ਪੱਤਰਕਾਰੀ ਨਾਲ ਨੇੜਿਉਂ ਜੁੜਿਆ ਹੋਣ ਕਾਰਣ ਉਹ ਨਿੱਤ ਕੋਈ ਨਵਾਂ ਚੇਤਾ, ਤਜ਼ਰਬਾ, ਅਨੁਭਵ ਕਾਗਜ਼ਾਂ ਦੇ ਹਵਾਲੇ ਕਰਦਾ ਰਹਿੰਦਾ ਹੈ। 'ਪੱਤੇ ਤੇ ਪਰਛਾਵੇਂ' ਲਈ ਮੁਬਾਰਕਬਾਦ ਦਿੰਦਿਆਂ ਸਾਨੂੰ ਉਸ ਕੋਲੋਂ ਹੋਰ ਬਿਹਤਰ ਲਿਖਤਾਂ ਦੀ ਆਸ ਬਣਾਈ ਰੱਖਣੀ ਚਾਹੀਦੀ ਹੈ।

- **ਮੈਨਾ ਦੀ ਪਰਵਾਜ਼** (ਕਵਿਤਾਵਾਂ) ***ਭਗਵਾਨ ਢਿੱਲੋਂ***

ਮੈਨਾ ਦੀ ਪਰਵਾਜ਼ ਭਗਵਾਨ ਢਿੱਲੋਂ ਦੀ ਨਵੀਂ ਕਾਵਿ-ਪੋਥੀ ਹੈ। ਨਵੀਂ ਇਹ ਇਸ ਕਰਕੇ ਵੀ ਹੈ ਕਿ ਇਹ ਪਹਿਲਾਂ ਛਪੀਆਂ ਪੁਸਤਕਾਂ ਉਦਾਸੀ ਹੀਰੇ ਹਿਰਨ ਦੀ,ਨੀਰੋ ਦੀ ਬੰਸਰੀ ਅਤੇ ਕਲਿੰਗਾ ਤੋਂ ਅਗਲੇ ਪੜਾਅ ਦੀ ਬਾਤ ਪਾਉਂਦੀ ਹੈ। ਭਗਵਾਨ ਢਿੱਲੋਂ

ਉਨ੍ਹਾਂ ਚੰਦ ਸ਼ਾਇਰਾਂ ਵਿਚੋਂ ਹੈ ਜਿਨ੍ਹਾਂ ਨੇ ਆਪਣਾ ਇੱਕ ਵੱਖਰਾ ਮੌਲਿਕ ਮੁਹਾਵਰਾ ਸਿਰਜਿਆ ਹੈ। ਉਸਦੀ ਹਰ ਰਚਨਾ ਇੱਕ ਸਾਲਮ ਸਬੂਤੀ ਨਜ਼ਮ ਹੈ, ਛੋਹੇ ਵਿਸ਼ੇ ਦੀ ਭਰਪੂਰਤਾ ਨੂੰ ਹੰਢਾਉਂਦੀ,ਆਦਿ ਤੋਂ ਅੰਤ ਤਕ ਸ਼ੂਕਦੇ ਝਨਾਂ ਵਾਂਗ ਵਹਿੰਦੀ,ਮਿੱਥਾਂ ਨੂੰ ਭੰਨਦੀ,ਤੋੜਦੀ,ਝੁਠਲਾਉਂਦੀ,ਨਵੀਂ ਕਥਾ ਸੁਰਜੀਤ ਕਰਦੀ,ਨਵੇਂ ਸੱਚ ਉਸਾਰਦੀ,ਸਮੇਂ ਦੇ ਹਾਣ ਦਾ ਨਵਾਂ ਬਿਰਤਾਂਤ ਸਿਰਜਦੀ ਇੱਕ ਮੁਕੰਮਲ ਨਜ਼ਮ ਜਿਸ ਨੂੰ ਪੜ੍ਹਦਿਆਂ ਪਾਠਕ ਹੈਰਾਨ ਵੀ ਹੁੰਦਾ ਤੇ ਸਰਸ਼ਾਰ ਵੀ। ਭਗਵਾਨ ਢਿੱਲੋਂ ਦੀ ਕਵਿਤਾ ਦੀ ਦੂਜੀ ਖੂਬੀ ਉਸਦੇ ਪੰਜਾਬੀ ਰਹਿਤਲ 'ਚੋਂ ਲਏ ਸੱਜਰੇ ਬਿੰਬ ਹਨ ਜਿੰਨ੍ਹਾਂ ਵਿੱਚ ਕਵਿਤਾ ਦੇ ਹਾਣ ਦੇ ਅਰਥ ਵੀ ਪਏ ਹੁੰਦੇ ਹਨ : ਜਦੋਂ ਸਰੋਂ ਦੇ ਪੱਤੇ ਦੀ ਤੇਲਾ ਹਰਿਆਲੀ ਚੂੰਡਦਾ ਹੈ / ਤਾਂ ਲਰਜ਼ਦੀ ਗੰਦਲ ਦੇ ਸਿਰ 'ਤੇ ਸੱਗੀ ਫੁੱਲਾਂ ਵਰਗੇ ਪੀਲੇ ਫੁੱਲ / ਖਿੜੇ ਖਿੜੇ ਤਾਂ ਲੱਗਦੇ ਹਨ ਪਰ ਹੱਸਦੇ ਕਦੀ ਨਹੀਂ / ਤੇ ਮੁਸਕਰਾਉਂਦੇ ਤਾਂ ਉੱਕਾ ਹੀ ਨਹੀਂ / ਤਾਂ ਉਦੋਂ ਕੱਤੇ ਦੀ ਕਪਾਹ ਵਰਗਾ ਕੋਈ ਹਾਸਾ / ਠਹਿਰੇ ਪਾਣੀਆਂ 'ਚ ਕੰਕਰ ਸੁੱਟਦਾ ਹੈ / ਤਾਂ ਲਹਿਰ ਲਹਿਰ ਹੋ ਕੇ ਮਨ ਦੀ ਮੌਜ ਦੇ ਬੁੱਲੇ ਨੂੰ ਲੁੱਟਦਾ ਹੈ ।

ਭਗਵਾਨ ਢਿੱਲੋਂ ਆਪਣੀ ਰਾਜਨੀਤਕ ਕਵਿਤਾ ਵਿੱਚ ਸੱਤਾ ਨਾਲ ਸਿੱਧਾ ਮੱਥਾ ਲਾਉਂਦਾ ਹੈ ਅਤੇ ਤਿੱਖੇ ਕਟਾਖਸ਼ ਕਰਦਾ ਹੈ। ਉਹ ਸਮਕਾਲੀਨ ਰਾਜਸੀ ਸਥਿਤੀਆਂ ਅੰਦਰ ਹਾਕਮ ਧਿਰ ਵਲੋਂ ਫੈਲਾਈ ਜਾ ਰਹੀ ਦਹਿਸ਼ਤ ਦਾ ਕਾਵਿਕ ਰੂਪਾਂਤਰਣ ਖੂਬਸੂਰਤ ਤੇ ਢੁੱਕਵੇਂ ਬਿੰਬਾਂ ਨਾਲ ਕਰਦਾ ਹੈ। ਅਜਿਹਾ ਕਰਦਿਆਂ ਉਹ ਖੁਰਦਰੀ ਭਾਸ਼ਾ ਦਾ ਇਸਤੇਮਾਲ ਕਰਦਾ ਹੈ। ਇਹ ਭਾਸ਼ਾ ਉਸਦੀ ਕਵਿਤਾ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਂਦੀ ਹੈ। 'ਉੱਲੂ ਨੇ ਚੁਰਾਈ ਮੋਰ ਦੀ ਕਲਗੀ',;ਭੰਗਵੀਂ ਰੰਗ ਦਾ ਤੁਰਲਾ', 'ਇੱਕ ਤੁਗ਼ਲਕ ਦੀ ਨੋਟਬੰਦੀ', 'ਸੂਤਰਧਾਰ', 'ਦੀਦੀ ਕਨੱਈਏ ਦੇ ਵਰ ਮਾਲਾ ਨਾ ਪਾਈ' ਆਦਿ ਕਵਿਤਾਵਾਂ ਇਸੇ ਸੁਰ ਦੀਆਂ ਹਨ। ਸਾਡੇ ਸਮਾਜ ਵਿੱਚ ਔਰਤ ਦੀ ਹੋਣੀ ਵੀ ਕਿਸੇ ਸੱਤਾ ਦੇ ਗਲਬੇ ਹੇਠ ਜਿਊ ਰਹੀ ਵਿਚਾਰਗੀ ਦੀ ਹੋਣੀ ਹੈ। ਭਗਵਾਨ ਢਿੱਲੋਂ ਦੀ ਕਵਿਤਾ ਇਸ ਹੋਣੀ ਨੂੰ ਵੀ ਮੁਖ਼ਾਤਬ ਹੁੰਦੀ ਹੈ। ਉਸਦੀ ਕਵਿਤਾ ਮਰਦ ਦੇ ਪਿਤਰਕੀ ਦਾਬੇ ਦੇ ਵਿਰੋਧ ਵਿੱਚ ਔਰਤ ਦੇ ਵਿਦਰੋਹ ਦੀ ਗੱਲ ਕਰਦੀ ਹੈ। ਕਿੱਸਾ ਸਲਵਾਨ,ਪੀਲੂ ਨੂੰ ਅੰਧਰਾਤਾ,ਕੌਲਾਂ ਨੇ ਬੀਜਾ ਤਿਆਗਤਾ ਤੇ ਕੁਝ ਹੋਰ ਕਵਿਤਾਵਾਂ ਔਰਤ ਦੇ ਸਰੋਕਾਰਾਂ ਨਾਲ ਸਬੰਧਤ ਹਨ। ਤਰਲੋਚਨ ਝਾਂਡੇ ਭਲਾ ਆਪਣੇ ਉਹ ਕੀ ਲੱਗਦੇ ਨੇ ਕਵਿਤਾ ਵਾਗਿਓਂ ਪਾਰ ਰਹਿ ਗਈਆਂ ਮੁਹੱਬਤਾਂ ਨੂੰ ਚੇਤੇ ਕਰਦੀ ਖੂਬਸੂਰਤ ਨਜ਼ਮ ਹੈ। ਤਜਾਰਤ ਇਉਂ ਵੀ ਹੁੰਦੀ ਹੈ,ਰੋਮ ਤਾਂ ਜਲ ਰਿਹਾ,ਗਲੋਬਲ ਵਿਲੇਜ,ਸਲਾਮ ਬੇਟੀ ਮਲਾਲਾ ਕੁਝ ਹੋਰ ਮਹੱਤਵਪੂਰਣ ਕਵਿਤਾਵਾਂ ਹਨ। ਕੁਲ ਮਿਲਾ ਕੇ ਇਹ ਪੁਸਤਕ ਸਮਕਾਲੀ ਪੰਜਾਬੀ ਕਵਿਤਾ ਵਿੱਚ ਇੱਕ ਜ਼ਿਕਰਯੋਗ ਵਾਧਾ ਹੈ। ਚੇਤਨਾ ਪ੍ਰਕਾਸ਼ਨ ਵਲੋਂ ਛਾਪੀ ਇਸ ਪੁਸਤਕ ਦੇ ਪੰਨੇ 78 ਹਨ ਅਤੇ ਕੀਮਤ 150/ ਰੁਪਏ ਹੈ। ਅਸੀਂ ਮੈਨਾ ਦੀ ਪਰਵਾਜ਼ ਦਾ ਸੁਆਗਤ ਕਰਦੇ ਹਾਂ।

- **ਕਥਾ ਸਰਾਪੇ ਬਿਰਖ ਦੀ** (ਕਵਿਤਾ) ***ਬੀਬਾ ਬਲਵੰਤ***

'ਕਥਾ ਸਰਾਪੇ ਬਿਰਖ ਦੀ'ਬੀਬਾ ਬਲਵੰਤ ਦੀ ਨਵੀਂ ਕਾਵਿ-ਪੋਥੀ ਹੈ। ਪੁਸਤਕ ਦੇ ਸ਼ੁਰੂ ਵਿਚ ਦਿੱਤੀ ਸੂਚੀ ਮੁਤਾਬਕ ਇਹ ਉਸਦੀ ਚੌਦਵੀਂ ਪੁਸਤਕ ਹੈ ਅਤੇ 'ਕਥਾ ਸਰਾਪੇ ਬਿਰਖ ਦੀ'ਦਾ ਇਹ ਦੂਜਾ ਐਡੀਸ਼ਨ ਹੈ। ਪਹਿਲਾ ਐਡੀਸ਼ਨ ਸੰਨ 2004 ਵਿੱਚ ਛਪ ਚੁਕਿਆ ਹੈ। ਇਸ ਸੰਗ੍ਰਹਿ ਦੀ ਪਹਿਲੀ ਕਵਿਤਾ 'ਅਰਜੋਈ'ਵਿਚ ਕਵੀ ਕਹਿੰਦਾ ਹੈ: ਮੇਰੇ ਮਨ ਦੀ ਬੰਜਰ ਧਰਤੀ / ਯੁਗਾਂ ਯੁਗਾਂ ਤੋਂ ਪਿਆਸੀ / ਨ੍ਹੇਰਾ ਪੀਵੇ,ਨੇਰ੍ਹਾ ਉੱਗੇ / ਨ੍ਹੂਰੇ ਨਾਲ ਪਿਆਸ ਨਾ ਬੁਝੇ / ਤ੍ਰਿਪਤੀ ਲਈ ਕੁਝ ਕਿਰਨਾਂ ਮੰਗਦੀ

ਇਹ ਕਾਵਿਕ ਬੁਲੰਦੀ ਦਾ ਸਿਖਰ ਹੈ। ਅਰਜੋਈ ਸੂਰਜ ਨੂੰ ਹੈ,'ਖ਼ੁਸ਼ਬੂ ਵਰਗੇ ਆਪਣੇ ਹੱਥੀਂ ਇਕ ਕਲਮ ਕਿਰਨ ਦੀ ਲਾ'। 'ਕਥਾ ਸਰਾਪੇ ਬਿਰਖ ਦੀ' ਵਿਚ ਕਥਾ ਦਾ ਆਰੰਭ ਇਕ ਚਾਹਤ ਤੋਂ ਹੁੰਦਾ ਹੈ ਤੇ ਫਿਰ ਕੋਈ ਲਮਹਾ ਗੀਤ ਗਾਉਂਦੇ ਚਹਿਕਦੇ ਪੰਛੀ ਦੀ ਤਰ੍ਹਾਂ ਚਾਹਤ ਦੀ ਟਹਿਣੀ 'ਤੇ ਬੈਠ ਜਾਂਦਾ ਹੈ ਤੇ ਕਵੀ ਇਕ ਤਲਿਸਮੀ ਮਹਿਕ ਨਾਲ ਭਰ ਜਾਂਦਾ ਹੈ। ਪਰ ਫਿਰ ਜੁਦਾਈ ਦਾ ਛਿਣ ਵੀ ਆਉਂਦਾ ਹੈ ਜਦੋਂ ਫੁੱਲਾਂ ਤੋਂ ਤ੍ਰੇਲ ਚੋ ਕੇ ਧਰਤੀ ਦੇ ਗਲ਼ ਲੱਗ ਰੋਂਦੀ ਹੈ ਤੇ ਬਿਰਖ ਸਰਾਪਿਆ ਜਾਂਦਾ ਹੈ,ਜੜ੍ਹ ਦਾ ਦੁੱਖ ਆਪਣੀ ਕੁੱਖ ਵਿਚ ਲੁਕਾਉਂਦਾ ਹੈ। ਪਰ ਕਥਾ ਇੱਥੇ ਖਤਮ ਨਹੀਂ ਹੁੰਦੀ। ਇਕ ਉਡੀਕ ਬਚੀ ਰਹਿੰਦੀ ਹੈ। ਇਸ ਉਡੀਕ ਅੰਦਰ ਕਵਿਤਾਵਾਂ ਹਨ ਜੋ ਸ਼ਾਇਰ ਦੇ ਜਿਊਣ ਦਾ ਸਬੱਬ ਬਣਦੀਆਂ ਹਨ। ਰੰਗ ਹਨ, ਚਿੱਤਰ ਹਨ, ਦੋਸਤ ਹਨ ਤੇ ਸਦੀ ਬਦਲਦਿਆਂ ਬਦਲਦਿਆਂ ਸ਼ੋਸ਼ਲ ਮੀਡੀਆ ਹੈ ਜਿਸ ਅੰਦਰ ਉਸਦਾ ਹਰ ਦਿਨ ਧੜਕਦਾ ਹੈ, ਹਰ ਛਿਣ ਸਾਂਭਿਆ ਜਾਂਦਾ ਹੈ। ਸਰਾਪਿਆ ਬਿਰਖ ਸਿਰਜਣਾ ਦੇ ਸੇਕ ਨਾਲ ਮਹਿਕਿਆ ਰਹਿੰਦਾ ਹੈ। ਰਾਜਨੀਤਕ ਝੰਜਟ,ਦੁਨਿਆਵੀ ਕਲੇਸ਼ ਤੇ ਸਮਾਜਿਕ ਵਰਤਾਰਿਆਂ ਦੀ ਬੇਤਰਤੀਬੀ ਚੇਤਿਆਂ 'ਚੋਂ ਵਿਸਰੀ ਰਹਿੰਦੀ ਹੈ। ਸ਼ਾਇਰ ਦੀ ਜੀਵਨ ਸ਼ੈਲੀ ਵਿਚ ਬਹੁਤ ਸਾਰੀ ਕੁਦਰਤ ਸ਼ਾਮਲ ਹੈ। ਕਵਿਤਾ,ਰੰਗਾਂ,ਚਿੱਤਰਾਂ ਨਾਲ ਸੰਵਾਦ ਰਚਾਉਂਦੀ ਕੁਦਰਤ ਉਸ ਦੇ ਘਰ ਦਾ ਜੀਅ ਹੋ ਜਾਂਦੀ ਹੈ। ਜ਼ਿੰਦਗੀ ਦੇ ਸਰੋਕਾਰ ਇਨ੍ਹਾਂ ਹੀ ਆਹਰਾਂ 'ਚ ਸੁੰਘੜਦੇ ਫੈਲਦੇ ਰਹਿੰਦੇ ਹਨ: ਏਧਰ ਉਧਰ ਜੋ ਹੁੰਦਾ ਹੈ / ਉਸਨੂੰ ਅਣਡਿੱਠਿਆਂ ਹੀ ਕਰਕੇ / ਪਰਦਾ ਪਾਈਏ / ਆਂਢ ਗੁਆਂਢ ਦੀ ਸੁਖ ਮਨਾਈਏ / ਤੇ ਸਾਊ ਬੰਦੇ ਅਖਵਾਈਏ । ਆਤਮ ਬੋਧ ਕਰਦਿਆਂ ਆਪਣੇ ਕੋਲ ਹੀ ਪਰਤ ਆਉਣ ਦਾ ਨਿਰਣਾ ਕਰਦੀ ਇਸ ਪੁਸਤਕ ਦੇ ਆਰੰਭ 'ਚ ਡਾ.ਰਵਿੰਦਰ ਦਾ ਲਿਖਿਆ ਸ਼ਬਦ ਚਿੱਤਰ 'ਕਬਰ 'ਤੇ ਉੱਗਿਆ ਕਾਲਾ ਗੁਲਾਬ'ਬੀਬਾ ਬਲਵੰਤ ਦੀ ਹੋਂਦ ਨਾਲ ਜੁੜੇ ਬਹੁਤ ਸਾਰੇ ਰਹੱਸ ਖੋਲਦਾ ਹੈ।

- **ਵਿਸਰ ਰਹੇ ਪੰਜਾਬੀ ਅਖਾਣ** (ਲੋਕਧਾਰਾ) *ਪ੍ਰਿੰ. ਸੇਵਾ ਸਿੰਘ ਕੌੜਾ*

ਪ੍ਰਿੰ. ਸੇਵਾ ਸਿੰਘ ਕੌੜਾ ਮੇਰੇ ਅਧਿਆਪਕ ਰਹੇ ਹਨ। ਇਹ ਮਾਣ ਦਾਅਵਾ ਮੇਰੇ ਵਰਗਿਆਂ ਜੇ ਲੱਖਾਂ ਦਾ ਨਹੀਂ ਤਾਂ ਹਜ਼ਾਰਾਂ ਦਾ ਜ਼ਰੂਰ ਹੈ। ਸਕੂਲ 'ਚ ਪੜ੍ਹਦਿਆਂ ਮਾਸਟਰ ਸੇਵਾ ਸਿੰਘ ਦੀ ਪੰਜਾਬੀ ਸਾਹਿਤ ਨਾਲ ਕਿਸੇ ਲਗਾਵ ਦੀ ਕਦੀ ਭਿਣਖ ਨਹੀਂ ਸੀ ਪਈ। ਅਧਿਆਪਨ ਨਾਲ ਉਹ ਲੰਮਾ ਅਰਸਾ ਜੁੜੇ ਰਹੇ। ਸਰਕਾਰੀ ਸੇਵਾ ਤੋਂ ਮੁਕਤ ਹੋਣ ਉਪਰੰਤ ਵੱਖ ਵੱਖ ਪ੍ਰਾਈਵੇਟ ਸਕੂਲਾਂ 'ਚ ਬਤੌਰ ਪ੍ਰਿਸੀਪਲ ਉਹ ਸੇਵਾਵਾਂ ਦਿੰਦੇ ਰਹੇ। ਰੁਜ਼ਗਾਰ ਇੱਕ ਆਹਰ ਵੀ ਹੁੰਦਾ ਹੈ ਜਿਹੜਾ ਬੰਦੇ ਦੇ ਜਿਊਣ ਦਾ ਸਬੱਬ ਵੀ ਬਣਦਾ ਹੈ। ਸੰਵੇਦਨਸ਼ੀਲ ਬੰਦੇ ਨੂੰ ਜਿਊਣ ਲਈ ਹੋਰ ਸਬੱਬ ਵੀ ਤਲਾਸ਼ਣੇ ਪੈਂਦੇ ਹਨ। ਉਨ੍ਹਾਂ ਦੀ ਪਹਿਲੀ ਪੁਸਤਕ 'ਵਿਰਸਾ ਵਿਸਰ ਰਿਹੈ' ਪ੍ਰਕਾਸ਼ਤ ਹੋਈ। ਇਸ ਤੋਂ ਬਾਅਦ ਉਹ ਸਿਰਜਣਾਤਮਕ ਖੋਜ ਕਾਰਜਾਂ ਨਾਲ ਜੁੜ ਗਏ ਅਤੇ 'ਨਾਵਾਂ ਦਾ ਨਿਕਾਸ' ਪੁਸਤਕ ਤੋਂ ਬਾਅਦ ਸਿੱਖ ਇਤਿਹਾਸ ਨਾਲ ਸਬੰਧਤ ਪੁਸਤਕਾਂ 'ਗੁਰੂ ਗੋਬਿੰਦ ਸਿੰਘ,ਸ਼ਖਸੀਅਤ,ਸਫ਼ਰ ਤੇ ਸੰਦੇਸ਼,ਸਾਂਝੀ ਵਿਰਾਸਤ,ਗੁਰੁ ਤੇਗ ਬਹਾਦਰ ਸ਼ਖ਼ਸੀਅਤ, ਸਫ਼ਰ ,ਸੰਦੇਸ਼ ਤੇ ਸ਼ਹਾਦਤ ਹੋਂਦ ਵਿੱਚ ਆਈਆਂ। ਨਿਰਸੰਦੇਹ ਇਹ ਖੋਜ ਕਾਰਜ ਸਨ ਜਿੰਨ੍ਹਾਂ ਲਈ ਬਹੁਤ ਸਾਰਾ ਸਮਾਂ,ਮਿਹਨਤ ਤੇ ਲਗਨ ਦਰਕਾਰ ਸਨ। ਪ੍ਰਿ.ਸੇਵਾ ਸਿੰਘ ਹੋਰਾਂ ਦੇ ਜਿਊਣ ਦੇ ਸਬੱਬ ਇਨ੍ਹਾਂ ਗੱਲਾਂ ਵਿਚ ਹੀ ਪਏ ਸਨ।

ਤੇ ਫਿਰ ਪ੍ਰਿ.ਸੇਵਾ ਸਿੰਘ ਹੋਰਾਂ ਨੂੰ ਜਿਵੇਂ ਆਪਣੇ ਅਗਲੇ ਕਾਰਜ ਦੀ ਦੱਸ ਪੈ ਗਈ ਹੋਵੇ। ਅਗਲੀ ਪੁਸਤਕ ਸੀ,'ਵਿਸਰ ਰਹੇ ਪੰਜਾਬੀ ਅਖਾਣ'। ਇਹ ਪੁਸਤਕ ਇਨ੍ਹਾਂ ਮੈਨੂੰ ਛੱਜਲਵੱਡੀ ਦੇ ਉਸੇ ਸਰਕਾਰੀ ਸਕੂਲ ਵਿਚ ਆਪ ਆ ਕੇ ਭੇਂਟ ਕੀਤੀ ਜਿੱਥੇ ਮੈਂ ਇਨ੍ਹਾਂ ਦਾ ਵਿਦਿਆਰਥੀ ਰਿਹਾ ਸਾਂ। ਓਦੋਂ ਮੈਂ ਬਤੌਰ ਪੰਜਾਬੀ ਲੈਕਚਰਾਰ ਸੇਵਾ ਨਿਭਾ ਰਿਹਾ ਸਾਂ ਤੇ ਲਾਜ਼ਮੀ ਹੈ ਕਿ ਅਖਾਣ ਮੁਹਾਵਰੇ ਵੀ ਪੜ੍ਹਾਉਣੇ ਪੈਂਦੇ ਸਨ। ਇਨ੍ਹਾਂ ਦੀ ਪੁਸਤਕ ਪੜ੍ਹਨ ਉਪਰੰਤ ਮੈਂ ਮਹਿਸੂਸ ਕੀਤਾ ਕਿ ਅਖਾਣ ਮੁਹਾਵਰੇ ਪੜ੍ਹਾਉਂਦਿਆਂ ਮੈਂ ਵਿਦਿਆਰਥੀਆਂ ਨਾਲ ਇਨਸਾਫ ਨਹੀਂ ਕਰਦਾ ਰਿਹਾ।ਪਰ ਸੇਵਾ ਸਿੰਘ ਹੋਰਾਂ ਦਾ ਖੋਜ ਕਾਰਜ ਤਾਂ ਅਜੇ ਚਲਦਾ ਸੀ। ਅਗਸਤ 2019 ਵਿਚ ਇਸੇ ਪੁਤਕ ਦੀ ਦੂਜੀ ਐਡੀਸ਼ਨ ਛਪਦੀ ਹੈ ਜਿਸ ਵਿਚ ਅਖਾਣਾਂ ਦੀ ਸੰਖਿਆ 567 ਤੋਂ ਵੱਧਕੇ 1001 ਹੋ ਗਈ ਹੈ। ਹਰ ਅਖਾਣ ਵਿਚ ਆਏ ਮਹੱਤਵਪੂਰਨ ਸ਼ਬਦਾਂ ਦਾ ਸਰੋਤ ਅਤੇ ਅਰਥ ਦੱਸੇ ਗਏ ਹਨ। ਬਾਕੀ ਭਾਸ਼ਾਵਾਂ ਦੇ ਸਮਾਨਾਰਥਕ ਸ਼ਬਦ ਦੱਸੇ ਗਏ ਹਨ। ਹਰ ਅਖਾਣ ਦੇ ਹਾਣ ਦਾ ਅੰਗਰੇਜੀ ਵਿਚ ਪ੍ਰਚਲਤ ਅਖਾਣ ਦਿੱਤੇ ਗਏ ਹਨ। ਇੱਕ ਉਦਾਹਰਣ ਵੇਖਦੇ ਹਾਂ: ਅਖਾਣ ਹੈ, ਉਸਤਾਦ ਉਚੱਕਾ,ਚੇਲੇ ਚੌੜ ਚਪੱਟ । ਵਿਆਖਿਆ ਵੇਖੋ, ਉਸਤਾਦ ਫਾਰਸੀ ਦਾ ਸ਼ਬਦ ਹੈ,ਜਿਸ ਦਾ ਭਾਵ ਹੈ ਸਿੱਖਿਆ ਦੇਣ ਵਾਲਾ ਜਾਂ ਅਧਿਆਪਕ। ਉਸਤਾਦ ਫ਼ਾਰਸੀ ਦਾ ਸ਼ਬਦ ਹੈ ਜਿਸ ਨੂੰ ਅਰਬੀ ਵਿਚ ਮਹਿਲੂਮ ਜਾਂ ਗਰਦ ਕਿਹਾ ਜਾਂਦਾ ਹੈ,ਸੰਸਕ੍ਰਿਤ ਵਿਚ ਅਧਿਆਪਕ ਜਾਂ ਗੁਰੁ,ਅੰਗਰੇਜ਼ੀ ਵਿਚ ਟੀਚਰ,ਉਚੱਕਾ ਨੂੰ ਸੰਸਕ੍ਰਿਤ ਵਿਚ ਚੋਰ,ਉਚੱਕਾ,ਠੱਗ,ਅਰਬੀ ਵਿਚ ਸਾਰਕ,ਸਾਰਕੀਨ ਅਤੇ ਅੰਗਰੇਜ਼ੀ ਵਿਚ ਥੀਫ,ਪਿਕ ਪੌਕਟ । ਹੁਣ 'ਕੱਲੇ 'ਕੱਲੇ ਅਖਾਣ ਦੇ ਏਨੇ ਵਿਸਥਾਰ ਲਈ ਜਿੰਨੀ ਮਿਹਨਤ ਕਰਨੀ ਪਈ ਹੋਵੇਗੀ,ਅਧਿਐਨ ਕਰਨਾ ਪਿਆ ਹੋਵੇਗਾ,ਉਸ ਦਾ ਅੰਦਾਜ਼ਾ ਲਾਉਣਾ ਮੁਸ਼ਕਲ ਨਹੀਂ। ਜੇਕਰ ਸੈਲਿੰਦਰਜੀਤ ਸਿੰਘ ਰਾਜਨ ਦੀ ਟਿੱਪਣੀ ਦਾ ਸੱਚ ਮੰਨੀਏਂ ਤਾਂ1999 ਤੋਂ 2019 ਤਕ ਪੂਰੇ ਵੀਹ ਸਾਲ ਦੀ ਕਰੜੀ ਘਾਲਣਾ ਤੋਂ ਬਾਅਦ ਇਹ ਨਾਯਾਬ ਪੁਸਤਕ ਹੋਂਦ ਵਿਚ ਆਈ ਹੈ। ਬਹੁਤ ਸਾਰੇ ਅਰਬੀ,ਫਾਰਸੀ ਸੇ ਸ਼ਬਦ,ਇਸਲਾਮ ਨਾਲ ਸਬੰਧਤ ਸ਼ਬਦਾਵਲੀ,ਪੁਰਾਤਨ ਸਭਿਅਤਾ ਦੇ ਵਿਸਰ ਰਹੇ ਸ਼ਬਦ ਸਮਝਣ ਵਿਚ ਇਹ ਪੁਸਤਕ ਇੱਕ ਯੋਗ ਤੇ ਸੁਹਿਰਦ ਅਧਿਆਪਕ ਦੀ ਭੂਮਿਕਾ ਨਿਭਾਵੇਗੀ। ਪ੍ਰਿ ਸੇਵਾ ਸਿੰਘ ਹੋਰਾਂ ਦੀ ਸਿਹਤ ਕੁਝ ਨਾਸਾਜ਼ ਚੱਲ ਰਹੀ ਹੈ। ਪਰ ਉਨ੍ਹਾਂ ਦੇ ਕੰਮ ਅਜੇ ਅਧੂਰੇ ਪਏ ਹਨ। ਉਨ੍ਹਾਂ ਦੇ ਸੁਪਨੇ ਅਜੇ ਪੂਰੇ ਹੋਣੇ ਹਨ। ਮੈਂ ਉਨ੍ਹਾਂ ਨੂੰ ਇਸ ਪੁਸਤਕ ਲਈ ਮੁਬਾਰਕਬਾਦ ਦਿੰਦਿਆਂ ਇਹ ਆਸ ਹੀ ਨਹੀਂ ਕਰਦਾ ਬਲਕਿ ਮੇਰਾ ਵਿਸ਼ਵਾਸ ਹੈ ਕਿ ਉਹ ਬਹੁਤ ਜਲਦੀ ਸਿਹਤਯਾਬ ਹੋਣਗੇ।

*-ਮਲਵਿੰਦਰ*

- **ਸ.ਫ਼ਰ ਜਾਰੀ ਹੈ** (ਗ਼ਜ਼ਲ ਸੰਗ੍ਰਹਿ) *ਗੁਰਦਿਆਲ ਰੌਸ਼ਨ*

ਗੁਰਦਿਆਲ ਰੌਸ਼ਨ ਦਾ ਨਾਂ ਉਹਨਾਂ ਕੁਝ ਕੁ ਪੰਜਾਬੀ ਗ਼ਜ਼ਲਗੋਆਂ ਵਿਚ ਸ਼ੁਮਾਰ ਹੈ, ਜਿਨ੍ਹਾਂ ਨੇ ਪੰਜਾਬੀ ਗ਼ਜ਼ਲ ਨੂੰ ਮੌਜੂਦਾ ਮੁਕਾਮ ਤੇ ਪਹੁੰਚਾਇਆ ਹੈ। ਉਹ ਦੀਪਕ ਗ਼ਜ਼ਲ ਸਕੂਲ ਦਾ ਜਾਨਸ਼ੀਨ ਹੀ ਨਹੀਂ ਸਗੋਂ ਇਸ ਸਕੂਲ ਨੂੰ ਬੁਲੰਦੀ ਅਤੇ ਉੱਜਲ ਭਵਿੱਖ ਪ੍ਰਦਾਨ ਕਰਨ ਵਾਲ਼ਾ ਸਿਰੜੀ ਉਸਤਾਦ ਗ਼ਜ਼ਲਗੋ ਵੀ ਹੈ। 'ਸਫ਼ਰ ਜਾਰੀ ਹੈ' ਉਸਦੇ ਪੰਜ ਗ਼ਜ਼ਲ-ਸੰਗ੍ਰਹਿਆਂ 'ਕਿਣਮਿਣ' (2019), 'ਘੁੰਗਰੂ' (2018), 'ਮਹਿਫ਼ਿਲ' (2017), 'ਮਨ ਦਾ ਰੇਗਿਸਤਾਨ' (2016) ਅਤੇ 'ਆਪਣੇ ਰੂਬਰੂ' (2013) ਦਾ ਸਮਗਰ-ਰੂਪ ਹੈ। ਇਹ ਗ਼ਜ਼ਲ-ਸੰਗ੍ਰਹਿ ਜਿੱਥੇ 2013 ਤੋਂ 2019 ਤਕ ਦੀ ਉਸਦੀ ਗ਼ਜ਼ਲਈ ਚੜ੍ਹਤ ਦਰਸਾਉਂਦਾ ਹੈ ਉੱਥੇ ਇਹਨਾਂ ਗ਼ਜ਼ਲਾਂ ਵਿਚ ਇਸ ਕਾਲ/ਅਰਸੇ ਦੀਆਂ ਰਾਜਨੀਤਿਕ, ਸਮਾਜਿਕ, ਧਾਰਮਿਕ ਤੇ ਸਭਿਆਚਾਰਿਕ ਘਟਨਾਵਾਂ-ਦੁਰਘਟਨਾਵਾਂ ਆਪਣੀ ਭਰਪੂਰਤਾ ਤੇ ਸ਼ਿੱਦਤ ਲੈ ਕੇ ਹਾਜ਼ਰ ਹੋਈਆਂ ਹਨ। ਵਾਪਰ ਰਹੇ ਵਰਤਾਰਿਆਂ ਨੂੰ ਸ਼ਾਇਰ ਡੂੰਘੀ-ਘੋਖਵੀਂ ਨਜ਼ਰ ਨਾਲ ਵੇਖਦਾ, ਵਿਸ਼ਲੇਸ਼ਿਤ ਕਰਦਾ ਤੇ ਆਪਣੇ ਸ਼ਿਅਰਾਂ ਵਿਚ ਢਾਲਦਾ ਹੈ। ਸਬੂਤ ਵਜੋਂ ਸ਼ਿਅਰ ਹੈ : "ਚੁਣਾਵੀ ਦੌਰ ਹੈ ਜ਼ਖ਼ਮੀ ਤਿਰੰਗਾ ਹੋਣ ਵਾਲਾ ਹੈ / ਤੁਹਾਡੇ ਸ਼ਹਿਰ ਵਿਚ ਹੁਣ ਫੇਰ ਦੰਗਾ ਹੋਣ ਵਾਲਾ ਹੈ"। ਇਹੀ ਸ਼ਿਅਰ ਕਿਸੇ ਪੂਰੇ/ਵੱਡੇ ਰਾਜਨੀਤਿਕ ਨੁਕਤੇ ਨੂੰ ਨਾ ਸਿਰਫ਼ ਮੁਖ਼ਤਸਰ ਰੂਪ ਵਿਚ ਕਹਿ ਜਾਂਦਾ ਹੈ, ਸਗੋਂ ਮੌਜੂਦਾ ਰਾਜਨੀਤਿਕ ਮਾਹੌਲ ਦੇ ਵਿਸਥਰ ਨੂੰ ਖੋਲ੍ਹਣ ਲਈ ਪਾਠਕ ਨੂੰ ਸੋਚਣ ਵੀ ਲਾ ਦੇਂਦਾ ਹੈ। ਸ਼ਾਇਰ ਆਪਣੇ-ਆਪ

ਨੂੰ ਨਾ ਤਾਂ ਤਤਕਾਲੀਨ ਹਾਲਾਤ ਤੋਂ ਵੱਖ ਕਰ ਸਕਦਾ ਹੈ ਨਾ ਹੀ ਬਦ ਤੋਂ ਬਦਤਰ ਹੋ ਰਹੇ ਸਭ ਤਰ੍ਹਾਂ ਪ੍ਰਬੰਧਾਂ ਪ੍ਰਤਿ ਅਵੇਸਲਾ ਰਹਿ ਸਕਦਾ ਹੈ। ਗੁਰਦਿਆਲ ਰੌਸ਼ਨ ਅਨੁਸਾਰ ਹਾਲਾਤ ਦਾ ਵਿਸ਼ਲੇਸ਼ਣ, ਉਸ ਵਿਸ਼ਲੇਸ਼ਣ ਤੋਂ ਸਿੱਟਾ ਕੱਢਣਾ ਤੇ ਸਿੱਟੇ ਤੋਂ ਹੱਲ ਦਾ ਸੁਝਾ ਦੇਣਾ ਸੱਚੇ ਸ਼ਾਇਰ ਦਾ ਕਰਤਵ ਹੈ। ਇਹ ਕਰਤਵ ਅਕ੍ਰਮਿਕ ਨਹੀਂ—ਸਕ੍ਰਮਿਕ ਹੋਣਾ ਚਾਹੀਦਾ ਹੈ। ਤਦੇ ਰੌਸ਼ਨ ਆਪਣੇ ਅੰਦਰਲੇ ਸ਼ਾਇਰ ਨੂੰ ਵੰਗਾਰਦਾ ਤੇ ਆਪਣਾ ਦ੍ਰਿਸ਼ਟੀਕੋਣ ਪੇਸ਼ ਕਰਦਾ ਹੈ : ਸ਼ਬਦ ਤੇਰੇ ਜੇ ਨਹੀਂ ਹਨ ਸ਼ੂਕਦੇ / ਫਿਰ ਤੂੰ ਅਪਣੀ ਸ਼ਾਇਰੀ ਨੂੰ ਫੂਕ ਦੇ।

ਠੀਕ ਹੈ, ਪਿਆਰ-ਮੁਹੱਬਤ, ਮਹਿਬੂਬ/ਮਹਿਬੂਬਾ ਦੀ ਵੀ ਜ਼ਿੰਦਗੀ ਵਿਚ ਵੱਡੀ ਭੂਮਿਕਾ ਹੁੰਦੀ ਹੈ। ਪਰ ਜ਼ਿੰਦਗੀ ਵਿਚ ਇਸ ਤੋਂ ਵੀ ਵੱਡਾ ਕਾਰਜ ਹੁੰਦਾ ਹੈ ਮਾਨਵਤਾ ਦੇ ਹਿੱਤ ਲਈ ਕਿਸੇ ਸੱਚੇ-ਸੁੱਚੇ ਕਰਤਵ ਨੂੰ ਮਿੱਥਣਾ ਤੇ ਪਾਲਣਾ। ਜਿੱਥੇ ਪਿਆਰ ਗੁਰਦਿਆਲ ਰੌਸ਼ਨ ਦੇ ਉੱਚੇ-ਸੁੱਚੇ ਤੇ ਜ਼ਰੂਰੀ ਕਰਤਵ ਦੇ ਰਾਹ 'ਚ ਰੋੜਾ ਬਣਦਾ ਹੈ ਉੱਥੇ ਉਹ ਪਿਆਰ ਨੂੰ ਕਹਿ ਵੀ ਦੇਂਦਾ ਹੈ : ਮੇਰੇ ਪਿਆਰ ਤੂੰ ਖੜ੍ਹ ਨਾ ਮੇਰੇ ਰਸਤੇ ਵਿਚ / ਮੇਰਾ ਜਾਣਾ ਪਰਲੇ-ਪਾਰ ਜ਼ਰੂਰੀ ਹੈ।

ਮਾਨਵਤਾ ਦਾ ਦਰਦ, ਉਸ ਦਰਦ ਲਈ ਦਵਾ/ਦੁਆ ਤੇ ਹਮਦਰਦ ਬਣਨ ਦਾ ਜਜ਼ਬਾ ਏਨਾ ਬਲਵਾਨ ਹੈ ਕਿ ਉਹ ਇਹਦੀ ਪੂਰਤੀ ਲਈ ਭਗਵਾਨ ਨਾਲ਼ ਵੀ ਆਢਾ ਲਾ ਲੈਂਦਾ ਹੈ : ਬਚਾਈ ਨਾ ਗਈ ਪੱਤ ਜਿਸ ਤੋਂ ਇਕ ਅਬਲਾ ਵਿਚਾਰੀ ਦੀ ਸਪੁਰਦੇ-ਖ਼ਾਕ ਹੁਣ ਏਦਾਂ ਦਾ ਮੈਂ ਭਗਵਾਨ ਕਰਦਾ ਹਾਂ।

ਜਿਹੜਾ ਭਗਵਾਨ ਕਿਸੇ ਅਬਲਾ ਦੀ ਇੱਜ਼ਤ ਨਹੀ ਬਚਾ ਸਕਦਾ ਉਹ ਭਗਵਾਨ ਜਾਤਾਂ-ਪਾਤਾਂ, ਊਚ-ਨੀਚ ਦੇ ਭੇਦ-ਭਾਵ ਕਿਵੇਂ ਮਿਟਾ ਸਕਦਾ ਹੈ? ਗ਼ਰੀਬਾਂ, ਮਿਹਨਤਕਸ਼ਾਂ, ਲਿਤਾੜਿਆਂ ਦੀ ਸਾਰ ਅਜਿਹਾ ਭਗਵਾਨ ਕਿਵੇਂ ਲੈ ਸਕਦਾ ਹੈ? ਇਹਨਾਂ ਦੀ ਸਾਰ ਲੈਂਦੇ ਹਨ ਸੰਘਰਸ਼ੀ/ਮਾਨਵਵਾਦੀ ਫ਼ਲਸਫ਼ਿਆਂ ਨਾਲ਼ ਪਰਨਾਏ ਚਿੰਤਕ, ਲੋਕ ਤੇ ਸ਼ਾਇਰ। ਸ਼ਾਇਰ ਪਤੰਗਾਂ, ਨੀਵੇ ਵਿਹੜਿਆਂ, ਹੋਲੀ, ਰੰਗਾਂ ਅਤੇ ਬੱਚਿਆਂ ਦੇ ਪ੍ਰਤੀਕਾਂ ਰਾਹੀਂ ਸ਼ੋਸ਼ਕ-ਸਿਸਟਮ ਦੇ ਵਿਰੁੱਧ ਭੁਗਤਦਾ ਹੋਇਆ ਉਹਨੂੰ ਲਲਕਾਰਦਾ ਹੈ ਕਿ ਕਰ ਲੈ ਜੋ ਤੈਥੋਂ ਹੁੰਦਾ ਹੈ : ਮੈਂ ਵੰਡਾਂਗਾ ਪਤੰਗਾਂ ਜਾ ਕੇ ਨੀਵੇਂ ਵਿਹੜਿਆਂ ਅੰਦਰ / ਮੈਂ ਹੋਲੀ 'ਤੇ ਉਦਾਸੇ ਬੱਚਿਆਂ ਨੂੰ ਰੰਗ ਦੇਵਾਂਗਾ।

ਇੰਞ ਉਹ ਸੰਘਰਸ਼ ਦੇ ਦੀਵੇ ਲੈ ਕੇ ਤੁਰਦਿਆਂ ਦੇ ਨਾਲ ਤੁਰਦਾ ਹੈ ਤੇ ਉਹਨਾਂ ਸੰਘਰਸ਼ੀ/ਸ਼ਹੀਦ ਯੋਧਿਆਂ ਦੀਆਂ ਵਾਰਾਂ ਛੇੜਦਾ ਹੈ ਭਾਵੇਂ ਉਹ ਆਗੂ ਹਨ ਤੇ ਭਾਵੇਂ ਸਰਗਰਮ ਕਾਮੇ। ਇਸ ਪ੍ਰਥਾਇ ਸ਼ਾਇਰ ਦੀ ਸ਼ਾਇਰੀ ਦਾ ਜਲੌਅ ਵੇਖੋ : ਤੂੰ ਜਗਾ ਦਿੱਤੇ ਨੇ ਕਿੰਨੇ ਦੀਪ ਜਲ ਕੇ / ਤੀਲੀਏ, ਜਾਹ ਹੁਣ ਤਿਰਾ ਜੀਵਨ ਸਫਲ ਹੈ। ਜਿਸ ਰਾਜਨੀਤਿਕ ਕੁਪ੍ਰਬੰਧ ਖ਼ਿਲਾਫ਼ ਲੋਕਾਂ ਨੇ ਸੰਘਰਸ਼ ਕਰਨਾ ਹੁੰਦਾ ਹੈ ਉਸੇ ਦੇ ਹੱਕ 'ਚ ਗੋਦੀ ਮੀਡੀਏ ਨੇ ਭੁਗਤਣਾ ਹੁੰਦਾ ਹੈ। ਇਸ ਕੁਪ੍ਰਬੰਧ ਦੀਆਂ ਕੁੱਲ ਖ਼ਾਮੀਆਂ/ਊਣਤਾਈਆਂ ਇਸਨੇ ਖ਼ੂਬੀਆਂ ਬਣਾ ਕੇ ਪੇਸ਼ ਕਰਨੀਆਂ ਤੇ ਕਮਜ਼ੋਰ ਮਨਾਂ ਨੂੰ ਭਟਕਾਉਣਾ ਹੁੰਦਾ ਹੈ। ਸ਼ਾਇਰ ਇਸ ਗੋਦੀ ਮੀਡੀਆ ਦਾ ਵੀ ਪਰਦਾਫ਼ਾਸ਼ ਕਰਦਾ ਹੈ : ਐਸ਼ਪ੍ਰਸਤੀ, ਗੁੰਡਾਗਰਦੀ ਜਾਂ ਕੰਮ ਗ਼ੈਰ-ਜ਼ਰੂਰੀ ਉੱਤੇ/ਸਾਡਾ ਪੈਸਾ ਲਗਦਾ ਹੈ ਹੁਣ ਹਾਕਮ ਦੀ ਮਸ਼ਹੂਰੀ ਉੱਤੇ ਇਸ ਗ਼ਜ਼ਲ-ਸੰਗ੍ਰਹਿ ਦੀ ਮੁਖ ਸੁਰ ਮਾਨਵਵਾਦੀ, ਸੰਘਰਸ਼ਸ਼ੀਲ ਲੋਕਾਂ ਦੇ ਹੱਕ ਵਿਚ ਖੜ੍ਹਨ, ਧਰਮ-ਜਾਤ ਦੇ ਪਾਖੰਡਾਂ, ਵਿਗਾੜਾਂ ਭਰੀ ਸਿਆਸਤ ਦੇ ਵਿਰੁੱਧ ਜਾਣ ਤੇ ਆਸ਼ਾ ਦਾ ਪੱਲਾ ਫੜਨ-ਫੜਾਉਣ ਵਾਲ਼ੀ ਹੈ। ਗ਼ਜ਼ਲਾਂ ਆਰੂਜ਼ ਦੀ ਪਾਬੰਦੀ ਬਖ਼ੂਬ ਪ੍ਰਵਾਨ ਕਰਦੀਆਂ ਹਨ। ਬਹਿਰਾਂ ਤੇ ਉਹਨਾਂ ਵਿਚ ਬਿਠਾਏ ਰੁਕਨਾਂ ਦੀ ਰਵਾਨੀ ਮਾਨਣ ਵਾਲ਼ੀ ਹੈ। ਕਾਫ਼ੀਏ ਰੌਸ਼ਨ ਕੋਲ਼ ਇਵੇਂ ਆਉਂਦੇ ਹਨ ਜਿਵੇਂ ਝੀਲ ਵਿਚ ਪਿਆਸੇ ਪੰਛੀ ਉੱਤਰਦੇ ਹਨ। ਕਿਤਾਬ ਪੜ੍ਹਨ ਵਾਲ਼ੀ ਵੀ ਹੈ, ਅਗੇ ਪੜ੍ਹਾਉਣ ਵਾਲ਼ੀ ਵੀ ਤੇ ਸਾਂਭ ਕੇ ਰੱਖਣ ਵਾਲ਼ੀ ਵੀ।

- **ਤਪਸ਼** (ਗ਼ਜ਼ਲ ਸੰਗ੍ਰਹਿ) ***ਮੰਗਤ ਚੰਚਲ***

ਮੰਗਤ ਚੰਚਲ ਲੋਕ-ਹਿੱਤਾਂ ਨੂੰ ਪਰਨਾਇਆ ਸਰਗਰਮ ਟ੍ਰੇਡ ਯੂਨੀਅਨਿਸਟ ਹੈ। ਇਸ ਤਰ੍ਹਾਂ ਉਹਦੀ ਗ਼ਜ਼ਲਗੋਈ ਵਿਚ ਲੋਕ-ਪੀੜਾ, ਲੋਕ-ਸੰਘਰਸ਼ ਅਤੇ ਲੋਕ-ਹਿੱਤਾਂ ਦਾ ਸ਼ਾਮਲ ਹੋਣਾ ਸੁਭਾਵਿਕ ਹੀ ਹੈ। ਅਜਿਹੇ ਸ਼ਾਇਰ ਦੇ ਪਿਆਰ-ਮੁਹਬਤ ਪ੍ਰਥਾਇ ਕਹੇ ਸ਼ਿਅਰਾਂ ਵਿਚ ਵੀ ਹਾਂਦਰੂ ਪ੍ਰਭਾਵ ਉਜਾਗਰ ਹੋਣੇ ਹੀ ਹੁੰਦੇ ਹਨ—ਰੋਣਾ-ਧੋਣਾ ਮਨਫ਼ੀ ਹੁੰਦਾ ਹੈ। "ਤਪਸ਼" ਮੰਗਤ ਚੰਚਲ ਦਾ "ਰੌਸ਼ਨੀਆਂ ਦੀ ਭਾਲ ਵਿਚ" ਤੋਂ ਬਾਅਦ ਦੂਜਾ ਤੇ ਗ਼ਜ਼ਲਕਾਰੀ ਵਿਚ ਅਗਲੇ ਪੜਾ ਵਾਲ਼ਾ ਗ਼ਜ਼ਲ-ਸੰਗ੍ਰਹਿ ਹੈ। ਆਪਣੀ ਲਿਖਣ-ਪ੍ਰਕਿਰਿਆ ਬਾਰੇ ਉਹ ਆਪ ਹੀ ਕਹਿੰਦਾ ਹੈ : ਮੈਂ ਠੰਢੇ-ਠਾਰ ਕਾਗ਼ਜ਼ 'ਤੇ ਵੀ ਅੱਖਰ ਚਾਰ ਲਿਖਦਾ ਹਾਂ / ਤਾਂ ਵਰਕਾ ਤਪਣ ਲਗਦਾ ਹੈ, ਜਿਵੇਂ ਧੂਣਾ ਧੁਖੇ ਕੋਈ। ਜਦੋਂ ਕੋਈ ਧੂਣਾ ਦੁਖਦਾ ਹੈ ਤਾਂ ਉੱਠਦਾ ਧੂੰਆਂ ਅੱਖਾਂ 'ਚੋਂ ਨੀਰ ਕੱਢਣ ਦਾ ਕਾਰਨ ਬਣਦਾ ਹੈ। ਉਸ ਧੂੰਏਂ ਦੀ ਤਲਖ਼ੀ ਅੱਖਾਂ ਬੰਦ ਕਰ ਕੇ ਚਿੰਤਨ/ਤਪੱਸਿਆ ਕਰਨ ਦਾ ਸਬਬ ਵੀ ਬਣਦੀ ਹੈ ਤੇ ਧੂਣਾ ਠਾਰਨ ਦੇ ਯਤਨਾਂ ਦਾ ਵੀ। ਦੋਵੇਂ ਕਾਰਜ ਸਕਾਰਾਤਮਕ ਵੀ ਹੋ ਸਕਦੇ ਹਨ ਤੇ ਨਕਾਰਾਤਮਕ ਵੀ। ਚੰਚਲ ਇਸ ਧੂੰਏਂ ਨੂੰ ਸਕਾਰਾਤਮਕ ਵਰਤਾਰੇ ਵਿਚ ਢਾਲਦਾ ਹੈ। ਉਹਦੀ ਗ਼ਜ਼ਲਕਾਰੀ ਇਸ ਧੂੰਏਂ ਕਰਕੇ ਚਿੰਤਨ ਦੀ ਅੱਖ 'ਚੋਂ ਨਿਕਲ਼ੇ ਨੀਰ ਤੋਂ ਬਣੀ ਸਿਆਹੀ ਦੀ ਸੁਚੱਜੀ ਵਰਤੋਂ ਦੀ ਉਪਜ ਹੈ। ਜਿਸ ਸੂਹੇ ਫ਼ਲਸਫ਼ੇ ਨਾਲ਼ ਉਹ ਜੁੜਿਆ ਹੈ, ਉਹ ਸੰਘਰਸ਼ੀ-ਆਸ ਦਾ ਫ਼ਲਸਫ਼ਾ ਹੈ—ਨਿਰਾਸ਼ਾ ਉਹਦੇ ਨੇੜੇ-ਤੇੜੇ ਵੀ ਨਹੀਂ ਫਟਕਦੀ : ਖ਼ੌਫ਼ ਏਨਾ ਝੱਖੜਾਂ ਦਾ, ਪੰਛੀਆਂ ਵਿਚ ਸਹਿਮ ਹੈ / ਫੇਰ ਵੀ ਸ਼ਾਬਾਸ਼ ਜਿਹੜੇ ਪਰ ਅਜੇ ਵੀ ਤੋਲਦੇ।

ਮੰਗਤ ਚੰਚਲ ਨੂੰ ਕਵੀ ਦੇ ਧਰਮ ਦੀ ਪਹਿਚਾਣ ਹੈ ਕਿ ਕਵਿਤਾ/ਕਲਮ ਉਹੀ ਮਕਬੂਲ ਹੋਣੀ ਹੁੰਦੀ ਹੈ ਜਿਹੜੀ ਖ਼ਲਕਤ ਦੇ ਦੁੱਖਾਂ-ਦਰਦਾਂ, ਲੋੜਾਂ-ਥੁੜਾਂ, ਚਾਹਾਂ-ਅਕਾਂਖਿਆਵਾਂ, ਸੰਘਰਸ਼ਾਂ-ਪ੍ਰਾਪਤੀਆਂ, ਜਿੱਤਾਂ-ਹਾਰਾਂ ਦਾ ਜ਼ਿਕਰ ਕਰਦੀ ਹੋਈ ਆਸ ਦੇ ਦੀਪ ਜਗਾਈ ਰੱਖੇ। ਨਹੀਂ ਤਾਂ : ਅੱਗ ਦੇ ਮੌਸਮ 'ਚ ਵੀ ਜਿਸ ਬਰਸਾਤ ਬਣ ਵਰ੍ਹਨਾ ਨਹੀਂ / ਉਸ ਸੁਨਹਿਰੀ ਕਲਮ ਨੂੰ ਸਜਦਾ ਕਿਸੇ ਕਰਨਾ ਨਹੀਂ।ਕਿਸੇ ਵੀ ਦੇਸ਼ ਦੀ ਰਾਜਨੀਤੀ ਉਸਦੇ ਸਮਾਜ 'ਤੇ ਸਿੱਧੀ ਅਸਰ-ਅੰਦਾਜ਼ ਹੁੰਦੀ ਹੈ। ਸਾਡੇ ਦੇਸ਼ ਦੀ ਰਾਜਨੀਤੀ ਵਿਚਲਾ

ਵਿਚਾਰਧਾਰਿਕ, ਨੀਤੀਗਤ ਤੇ ਸਦਾਚਾਰਿਕ ਨਿਘਾਰ ਇਸਦੇ ਸਮਾਜ ਨੂੰ ਪਤਨ ਦੇ ਉਸ ਕੰਢੇ ਤਕ ਲੈ ਆਇਆ ਹੈ ਕਿ ਵੱਡੇ-ਵਡੇਰਿਆਂ, ਨੇਤਾਵਾਂ-ਰਹਿਬਰਾਂ ਹੀ ਨਹੀਂ ਸਗੋਂ ਉਹਨਾਂ ਤੋਂ ਵੀ ਇਤਬਾਰ ਖ਼ਤਮ ਹੋ ਰਿਹਾ ਹੈ ਜਿਹੜੇ ਸਾਡੇ ਮੁੱਢ ਤੋਂ ਰਾਖੇ ਹਨ। ਇਸ ਪ੍ਰਥਾਇ ਤਿੰਨ ਸ਼ਿਅਰ ਵਿਚਾਰਨ ਵਾਲ਼ੇ ਹਨ : ਮੰਦਰ ਲਿਜਾਣ ਵਾਲਾ, ਮਸਜਿਦ ਲਿਜਾਣ ਵਾਲਾ / ਰਾਹਬਰ ਦਿਸੇ ਨਾ ਕੋਈ, ਰਸਤੇ 'ਤੇ ਪਾਣ ਵਾਲਾ। ਸਿਆਸੀ ਰਹਿਬਰਾਂ ਵੱਲੋਂ ਆਪਣੇ ਘਿਨਾਉਣੇ ਮਨਸੂਬਿਆਂ ਤੇ ਕਾਰਿਆਂ ਨੂੰ ਲੁਭਾਉਣੇ ਜੁਮਲਿਆਂ ਤੇ ਮਾਸ-ਮੀਡੀਆ ਰਾਹੀਂ ਸਾਡੇ ਕੋਲ਼ੋਂ ਪ੍ਰਵਾਨਗੀ ਲਈ ਜਾਣ ਦੇ ਭਰਪੂਰ ਯਤਨ ਹੋ ਰਹੇ ਹਨ। ਬਹੁ-ਰੰਗਾਂ ਨੂੰ ਇਕ-ਰੰਗੀ ਪੁੱਠ ਦਿੱਤੀ ਜਾ ਰਹੀ ਹੈ, ਇਕਸੁਰਤਾ ਨੂੰ ਇਕਸਾਰਤਾ ਵਿਚ ਢਾਲ਼ਿਆ ਜਾ ਰਿਹਾ ਹੈ, ਜ਼ਹਿਰ ਮਿੱਠੇ ਵਿਚ ਲਪੇਟ ਕੇ ਦਿੱਤਾ ਜਾ ਰਿਹਾ ਹੈ—ਇਸ ਤਰ੍ਹਾਂ ਕਿ ਇਸ ਸਭ ਕੁਝ ਸਾਨੂੰ ਚੰਗਾ-ਚੰਗਾ ਲੱਗੇ, ਕਿ ਸਾਨੂੰ ਖ਼ਬਰ-ਸਾਰ ਹੀ ਨਾ ਹੋਵੇ। ਐਸੇ ਵਰਤਾਰੇ ਨੂੰ ਸ਼ਾਇਰ ਵਿਰੋਧਾਭਾਸੀ ਰੂਪ ਵਿਚ ਪੇਸ਼ ਕਰਦਾ ਹੈ : ਕੰਡਿਆਂ ਨੂੰ ਇਉਂ ਸਜਾਇਆ ਜਾ ਰਿਹਾ / ਭਰਮ ਫੁੱਲਾਂ ਦਾ ਹੈ ਪਾਇਆ ਜਾ ਰਿਹਾ। ਉਹ ਜੀਵਨ ਢੋਰਾਂ ਦਾ ਜੀਵਨ ਹੈ ਜਿਸ ਵਿਚ ਜੀਣ ਦਾ ਕੋਈ ਮਕਸਦ ਨਹੀਂ; ਮਕਸਦ ਦੀ ਪ੍ਰਾਪਤੀ ਲਈ ਜੂਝਣ ਦਾ ਜਜ਼ਬਾ ਨਹੀਂ। ਮਨੁੱਖੀ ਤਸੱਲੀ ਦਾ ਸਾਧਨ ਹੈ ਮਕਸਦ ਦਾ ਮਿਥਣਾ ਤੇ ਉਹਦੀ ਪ੍ਰਾਪਤੀ ਲਈ ਸੰਘਰਸ਼ਰਤ ਹੋਣਾ। ਤੇ ਜਿਨ੍ਹਾਂ ਨੇ ਸੱਚੇ-ਸੁੱਚੇ ਮਕਸਦ ਮਿਥ ਲਏ ਹੁੰਦੇ ਹਨ ਉਹਨਾਂ ਨੇ ਰੁਕਾਵਟਾਂ, ਆਫ਼ਤਾਂ, ਲੋਭਾਂ-ਲਾਲਚਾਂ ਤੋਂ ਪਾਰ ਜਾ ਕੇ, ਜਾਨ ਹੂਲ ਕੇ ਉਹਨੂੰ ਪ੍ਰਾਪਤ ਕਰਨਾ ਹੁੰਦਾ ਹੈ—ਤੇ ਮਕਸਦ ਵੀ ਉਹਨਾਂ ਨੂੰ ਉਡੀਕ ਰਿਹਾ ਹੁੰਦਾ ਹੈ। ਉਹ ਮੁਸੀਬਤਾਂ ਦੇ ਤੂਫ਼ਾਨੀਂ ਦਰਿਆਵਾਂ ਵਿਚ ਬੇਖ਼ੌਫ਼ ਠਿੱਲ੍ਹ ਪੈਂਦੇ ਹਨ। ਇਹੀ ਦ੍ਰਿਸ਼ ਉਲੀਕਣ ਲਈ ਅਹੁਲਦਾ ਮੰਗਤ ਚੰਚਲ ਦਾ ਪ੍ਰਤੀਕਾਤਮਕ ਸ਼ਿਅਰ ਪੜ੍ਹੋ : ਪਾਰ ਕੋਈ ਚੀਰ ਕੇ ਪੱਟ 'ਡੀਕਦਾ ਹੋਣੈ ਜ਼ਰੂਰ / ਸ਼ੂਕਦੇ ਦਰਿਆ 'ਚ ਬੰਦਾ ਬੇਵਜ੍ਹਾ ਤਰਦਾ ਨਹੀਂ। ਰੁੱਖ/ਜੰਗਲ, ਪੰਛੀ, ਝੱਖੜ/ਤੂਫ਼ਾਨ, ਅੱਗ, ਦਰਿਆ, ਰਾਹਬਰ, ਸਫ਼ਰ ਉਹਦੀ ਗ਼ਜ਼ਲਕਾਰੀ ਦੇ ਵਡੇਰੇ ਅਰਥ ਪੈਦਾ ਕਰਨ ਵਾਲ਼ੇ ਸ਼ਕਤੀਸ਼ਾਲੀ ਚਿੰਨ੍ਹ ਹਨ ਜੋ ਉਚਿਤ ਥਾਂਵਾਂ 'ਤੇ ਆ ਹਾਜ਼ਰ ਹੁੰਦੇ ਹਨ। ਨੇਤਾਵਾਂ/ਮਨੁੱਖਾਂ ਦੇ ਦੂਹਰੇ ਕਿਰਦਾਰਾਂ, ਅਜੋਕੇ ਰਾਜਨੀਤਿਕ ਗੰਧਲੇਪਨ, ਕਾਰਪੋਰੇਟ ਜਗਤ ਦੇ ਦਬਦਬਾ/ਦਹਿਸ਼ਤ, ਮਾਵਾਂ-ਧੀਆਂ ਦੇ ਸੰਸਾਰ ਦੇ ਸੰਤਾਪਾਂ ਅਤੇ ਸੰਘਰਸ਼ਾਂ-ਆਸਾਂ ਦੇ ਦੀਵਿਆਂ ਦੀ ਬਾਤ ਪਾਉਂਦੀ ਇਸ ਗ਼ਜ਼ਲਕਾਰੀ ਦਾ ਸਵਾਗਤ ਹੈ।

*-ਸਰਬਜੀਤ ਸੰਧੂ*

- **ਹਾਦਸੇ** (ਨਾਵਲ) ***ਹਰਜੀਤ ਅਟਵਾਲ***

'ਹਾਦਸੇ' ਨਾਵਲ ਪਰਵਾਸੀ ਨਾਵਲਕਾਰ ਹਰਜੀਤ ਅਟਵਾਲ ਦਾ 13ਵਾਂ ਨਾਵਲ ਪਿਛਲੇ ਸਾਲ ਪ੍ਰਕਾਸ਼ਿਤ ਹੋਇਆ ਹੈ। ਹਰਜੀਤ ਅਟਵਾਲ ਦਾ ਨਾਂ ਇੱਕ ਨਾਵਲਕਾਰ ਕਰਕੇ ਪੰਜਾਬੀ ਸਾਹਿਤ-ਸੰਸਾਰ ਅੰਦਰ ਸਥਾਪਿਤ ਹੋ ਚੁੱਕਾ ਹੈ। ਉਸ ਵੱਲੋਂ ਕਹਾਣੀ, ਕਵਿਤਾ ਤੇ ਸਫ਼ਰਨਾਮਾ, ਜੀਵਨੀ ਅਤੇ ਸੰਪਾਦਕ ਦੇ ਖੇਤਰ ਦਾ ਸਾਹਿਤਕ-ਕੰਮ ਵੀ ਕੀਤਾ ਗਿਆ ਹੈ। ਉਸ ਵੱਲੋਂ ਇੱਕ ਦਰਜਨ ਪ੍ਰਕਾਸ਼ਿਤ ਨਾਵਲਾਂ ਵਿਚੋਂ 'ਵਨ ਵੇਅ', 'ਰੇਤ', 'ਸਊਥਾਲ' ਆਦਿ ਚਰਚਿਤ ਹੋਏ ਨਾਵਲ ਹਨ। 'ਹਾਦਸੇ' ਨਾਵਲ ਹਰਜੀਤ ਅਟਵਾਲ ਦੇ ਪਰਵਾਸੀ ਨਾਵਲਾਂ ਦੇ ਵਰਗ ਵਿੱਚ ਸ਼ਾਮਿਲ ਹੈ। 'ਹਾਦਸੇ' ਨਾਵਲ 142 ਪੰਨਿਆਂ ਜ਼ਰੀਏ 10 ਕਾਂਡ ਪੇਸ਼ ਕਰਦਾ ਹੈ ਅਤੇ ਨਾਵਲ ਦੇ ਆਖੀਰ ਵਿਚ 'ਅੰਤਿਕਾ' ਸਿਰਲੇਖ ਹੇਠ 12 ਪੰਨੇ ਵੱਖਰੇ ਹਨ।

ਪਾਠਕ ਜਦੋਂ 'ਹਾਦਸੇ' ਨਾਵਲ ਨੂੰ ਪੜ੍ਹਨਾ ਸ਼ੁਰੂ ਕਰਦਾ ਹੈ ਤਾਂ ਇਹ ਨਾਵਲ ਆਪਣੇ ਪਹਿਲੇ ਵਾਕ ਤੋਂ ਸ਼ੁਰੂ ਹੋ ਕੇ ਦੋ-ਤਿੰਨ ਪੰਨਿਆਂ ਦੀ ਜਾਣਕਾਰੀ ਤੱਕ ਦ੍ਰਿਸ਼-ਵਰਣਨ ਤੇ ਪਾਤਰ ਵਿਖਾਉਂਦਾ ਹੋਇਆ ਪਾਠਕ ਦੀ ਉਂਗਲੀ ਨੂੰ ਫੜ੍ਹਦਾ-ਫੜ੍ਹਦਾ ਘੁਟ ਕੇ ਫੜ੍ਹ ਲੈਂਦਾ ਹੈ। ਇਹਨਾਂ ਦੋ-ਤਿੰਨ ਪੰਨਿਆਂ ਉੱਤੇ ਨਾਵਲਕਾਰ ਨੇ ਨਾਵਲ ਦੇ ਮਨੁੱਖੀ ਪਾਤਰ ਰੇਵਤੀ, ਰਾਵਲ ਅਤੇ ਜਾਨਵਰ ਪਾਤਰ ਟਾਈਸਨ ਦੀ ਮੁਢਲੀ ਪਰ ਖਾਸ ਮੁਲਾਕਾਤ ਪਾਠਕ ਨਾਲ ਕਰਵਾਈ ਹੈ। ਇਸ ਦੇ ਨਾਲ ਨਾਲ ਹੀ ਨਾਵਲਕਾਰ ਨੇ ਦ੍ਰਿਸ਼-ਵਰਣਨ ਜ਼ਰੀਏ ਸਥਾਨ ਦੀ ਜਾਣਕਾਰੀ ਦਿੰਦਿਆਂ ਰੇਵਤੀ ਤੇ ਰਾਵਲ ਦਾ ਘਰ ਜੋ ਈਸਟਬੌਰਨ ਨਾਲ ਲੱਗਦੇ ਛੋਟੇ ਜਿਹੇ ਪਿੰਡ ਬਰਨੀ ਵਿਲੇਜ ਵਿਚ ਪੂਰਬ ਦਿਸ਼ਾ ਵੱਲ ਦੀ ਲੰਘਦੇ ਸਮੁੰਦਰ ਦੇ ਨੇੜੇ ਹੈ। ਪੂਰਬ ਵਿਚ ਉਹਨਾਂ ਦੇ ਘਰ ਦੇ ਪਿੱਛੋਂ ਸੂਰਜ ਉਦੇ ਹੋ ਰਿਹਾ ਹੈ। ਰਾਵਲ ਗਾਇਕ ਹੈ। ਈਸਟਬੌਰਨ ਬੀਚ ਕੰਢੇ ਨੇੜੇ ਬਣੇ 'ਕਲੱਬ ਸਿਕਸਟੀ ਪਲੱਸ' ਦਾ ਮੈਂਬਰ ਵੀ ਹੈ। ਇਸ 'ਸਿਕਸਟੀ ਪਲੱਸ' ਤੋਂ ਅੰਦਾਜ਼ਾ-ਨੁਮਾ-ਸੰਕੇਤ ਪਾਠਕ ਨੂੰ ਮਿਲਦਾ ਕਿ ਰਾਵਲ ਉਮਰ ਦੇ ਪੱਖ ਤੋਂ ਸੱਠ ਸਾਲ ਦਾ ਹੋ ਚੁੱਕਾ ਹੈ। ਰਾਵਲ ਦੀ ਆਪਣੇ ਇਲਾਕੇ ਅੰਦਰ ਖਾਸ ਪਛਾਣ ਦੇ ਦ੍ਰਿਸ਼ ਵਾਲੇ ਵੇਰਵੇ ਪਾਠਕ ਨੂੰ ਦੱਸਦੇ ਨੇ ਕਿ ਰਾਵਲ ਨੂੰ ਕੁਝ ਲੋਕ 'ਮੈਨ ਵਿਦ ਵੀਅਲ ਚੇਅਰ ਐਂਡ ਗਿਟਾਰ' ਆਖਦੇ ਹਨ, ਕਿਉਂ ਕਿ ਰਾਵਲ ਮੋਢ੍ਹੇ 'ਤੇ ਗਿਟਾਰ ਲਟਕਾਈ ਤੇ ਰੇਵਤੀ ਦੀ ਵੀਅਲ ਚੇਅਰ ਧਕਦਿਆਂ ਅਕਸਰ ਬੀਚ 'ਤੇ ਦਿਸ ਜਾਂਦਾ ਹੈ। ਇਹਨਾਂ ਪੰਨਿਆਂ ਉੱਤੇ ਹੀ ਇੱਕ ਜਾਣਕਾਰੀ ਰਾਹੀਂ ਪਾਠਕ ਨੂੰ ਦੱਸਿਆ ਕਿ ਛੇ ਸਾਲ ਪਹਿਲਾਂ ਰੇਵਤੀ ਦਾ ਇੱਕ ਵੱਡਾ ਹਾਦਸਾ ਹੋ ਗਿਆ ਸੀ। ਰੇਵਤੀ ਦਾ ਨਹੀਂ, ਰਾਵਲ ਤੇ ਰੇਵਤੀ ਦਾ। ਰਾਵਲ ਦੀਆਂ ਦੋਵੇਂ ਲੱਤਾਂ ਟੁੱਟ ਗਈਆਂ ਸਨ ਪਰ ਰੇਵਤੀ ਦੀਆਂ ਦੋਨੋਂ ਲੱਤਾਂ ਦਰੜੀਆਂ ਗਈਆਂ ਸਨ। ਰਾਵਲ ਦੀਆਂ ਟੁੱਟੀਆਂ ਲੱਤਾਂ ਤਾਂ ਸਮਾਂ ਪਾ ਕੇ ਜੁੜ ਗਈਆਂ ਸਨ ਪਰ ਰੇਵਤੀ ਠੀਕ ਨਹੀਂ ਸੀ ਹੋ ਸਕੀ। ਪਾਠਕ ਦੇ ਮਨ ਨੂੰ ਉਪਰੋਕਤ ਜਾਣਕਾਰੀਆਂ ਆਪਣੀ-ਆਪਣੀ ਕਹਾਣੀ ਦੀਆਂ ਜਾਦੂ ਨਾਲ ਭਰੀਆਂ ਤੰਦਾਂ ਨਾਲ ਬੰਨ੍ਹ ਲੈਂਦੀਆਂ ਹਨ। ਪਾਠਕ ਦਾ ਮਨ, ਰੇਵਤੀ ਤੇ ਰਾਵਲ ਆਦਿ ਦੀ ਪੂਰੀ ਕਹਾਣੀ ਸੁਣਨ ਵਾਸਤੇ ਤਿਆਰ ਹੋ ਜਾਂਦਾ ਹੈ। ਇਸ ਨਾਵਲ ਅੰਦਰ ਮੋਬਾਇਲ ਫੋਨ ਜ਼ਰੀਏ ਫੇਸਬੁੱਕ ਦੀ ਵਰਤੋਂ ਕਰਦਿਆਂ ਕਈ ਰਿਸ਼ਤੇ ਜੁੜਦੇ-ਟੁੱਟਦੇ ਪੇਸ਼ ਕੀਤੇ ਗਏ ਹਨ। ਪੰਜਾਬ ਤੋਂ ਮੇਘਨਾ ਵੱਲੋਂ ਫੇਸਬੁੱਕ ਜ਼ਰੀਏ ਰਾਵਲ ਨਾਲ ਰਿਸ਼ਤਾ ਜੋੜਿਆ ਗਿਆ ਦੀ ਵਿਸ਼ੇਸ਼ ਉਦਾਹਰਣ ਪੇਸ਼ ਹੋਈ ਹੈ। ਨਾਵਲ ਦਾ ਸਿਰਲੇਖ 'ਹਾਦਸੇ' ਇੱਕ ਪ੍ਰਤੀਕਮਈ-ਬਿੰਬ ਬਣ ਕੇ ਪਾਠਕ ਦੇ ਰੂ-ਬ-ਰੂ ਹੁੰਦਾ ਹੈ। ਜਿਸ ਤੋਂ ਵਹੀਕਲਾਂ ਜ਼ਰੀਏ ਵਾਪਰਦਾ ਐਕਸੀਡੈਂਟ ਅਤੇ ਅਜਿਹੇ ਹਾਦਸੇ ਵਿਚੋਂ ਪਤੀ (ਰਾਵਲ)-ਪਤਨੀ (ਰੇਵਤੀ) ਦਰਮਿਆਨ ਕੋਈ ਤੀਜੀ (ਮੇਘਨਾ) ਵਰਗੀ ਦਾ ਸ਼ਾਮਿਲ ਹੋ ਜਾਣਾ ਇੱਕ ਸਰਲ ਰੇਖਾ ਉੱਤੇ ਦੋ ਕੋਣਾਂ ਵਾਲੇ ਰੇਖਾ-ਗਣਿਤ ਨੂੰ ਪ੍ਰਭਾਵਿਤ ਕਰਕੇ ਤਿਕੋਣ ਬਣਾ ਦੇਣਾ

ਵੀ ਜੀਵਨ-ਯਥਾਰਥ ਹੈ। ਇਸ ਕਰਕੇ ਮਨੁੱਖੀ ਜ਼ਿੰਦਗੀ 'ਹਾਦਸੇ' ਵਰਗੀ ਬਣ ਜਾਂਦੀ ਹੈ। ਅਜਿਹੇ 'ਹਾਦਸੇ' ਦਾ ਨਤੀਜਾ ਕਿਹੋ-ਜਿਹਾ ਨਿਕਲਦਾ ਹੈ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਸਮਰੱਥ ਨਾਵਲਕਾਰ ਹਰਜੀਤ ਅਟਵਾਲ ਦੀ ਨਾਵਲੀ-ਕਲਾ ਵਿਚੋਂ ਜਨਮਿਆ ਨਾਵਲ 'ਹਾਦਸੇ' ਪੜ੍ਹ ਸਕਦੇ ਹੋ।

- **ਹਵਾ 'ਚ ਲਟਕਦੇ ਕਦਮ** (ਮਿੰਨੀ ਕਹਾਣੀਆਂ) ***ਤੇਜਿੰਦਰ ਚੰਡਿਹੋਕ***

'ਹਵਾ'ਚ ਲਟਕਦੇ ਕਦਮ' ਪੁਸਤਕ ਬਾਰੇ ਜਾਣਕਾਰੀ, ਪੁਸਤਕ ਲੇਖਕ ਦੇ ਇਲਾਕੇ ਤੋਂ ਪੰਜਾਬੀ ਸਾਹਿਤਕਾਰਾਂ ਵਿਚੋਂ ਡਾ.ਜੋਗਿੰਦਰ ਸਿੰਘ ਨਿਰਾਲਾ, ਤੇਜਾ ਸਿੰਘ ਤਿਲਕ, ਰਾਮ ਸਰੂਪ ਸ਼ਰਮਾ ਤੇ ਇਸ ਪੁਸਤਕ ਦੇ ਟਾਈਟਲ ਦਾ ਆਰਟਿਸਟ ਦਰਸ਼ਨ ਸਿੰਘ ਟਿੱਬਾ ਅਤੇ ਪੁਸਤਕ ਦਾ ਲੇਖਕ ਤੇਜਿੰਦਰ ਚੰਡਿਹੋਕ, ਆਪਣੇ-ਆਪਣੇ ਸ਼ਬਦਾਂ ਰਾਹੀਂ ਪਾਠਕਾਂ ਦੇ ਰੂ-ਬ-ਰੂ ਕਰਦੇ ਹਨ। ਤੇਜਿੰਦਰ ਚੰਡਿਹੋਕ ਵੱਲੋਂ ਇਸ ਰੀਵਿਊ ਅਧੀਨ ਪੁਸਤਕ ਤੋਂ ਪਹਿਲਾਂ ਤਿੰਨ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਪਰ ਕਿਹੜੇ ਸੰਨ ਨੂੰ ਦੇ ਵੇਰਵੇ ਤੋਂ ਬਿਨਾਂ ਦੀ ਅਧੂਰੀ-ਜਾਣਕਾਰੀ ਵੀ ਪੰਨਾ ਨੰਬਰ-6 ਉੱਤੇ ਦਰਜ ਕੀਤੀ ਹੋਈ ਪੜ੍ਹਨ ਨੂੰ ਮਿਲਦੀ ਹੈ ।'ਹਵਾ 'ਚ ਲਟਕਦੇ ਕਦਮ' ਮੁੱਖ-ਸਿਰਲੇਖ ਹੇਠ ਵੱਖ-ਵੱਖ ਸਿਰਲੇਖ ਦੀਆਂ ਪੱਚਵੰਜਾ ਮਿੰਨੀ ਕਹਾਣੀਆਂ ਦੀ ਮਿੰਨੀ ਕਹਾਣੀ ਵਿਧਾ ਵਿੱਚ ਤੇਜਿੰਦਰ ਚੰਡਿਹੋਕ ਦੀ ਪਲੇਠੀ-ਪੁਸਤਕ ਸੰਨ 2019 ਈਸਵੀਂ ਦੇ ਵਰ੍ਹੇ 'ਤਰਕ ਭਾਰਤੀ ਪ੍ਰਕਾਸ਼ਨ' ਨੇ ਪ੍ਰਕਾਸ਼ਿਤ ਕੀਤੀ ਸੀ। ਲੇਖਕ ਤੇਜਿੰਦਰ ਚੰਡਿਹੋਕ ਨੇ ਮਨੁੱਖੀ ਜੀਵਨ ਦੇ ਸਮਾਜਿਕ ਵਰਤਾਰਿਆਂ ਵਿਚੋਂ ਜਿਵੇਂ ਵਿਸ਼ੇਸ਼ ਤੌਰ 'ਤੇ ਸਰਕਾਰੀ ਦਫ਼ਤਰ, ਟਰਾਸਪੋਰਟ ਅੰਦਰ ਬੱਸ ਅਤੇ ਟਰੱਕ ਰਾਹੀਂ ਕਲਰਕਾਂ,ਅਫ਼ਸਰਾਂ,ਕੰਡਕਟਰਾਂ ਤੇ ਪੁਲਿਸ ਸਿਪਾਹੀ ਤੇ ਥਾਣੇਦਾਰ ਭ੍ਰਿਸ਼ਟਚਾਰ ਦਾ ਘਟਨਾ-ਕ੍ਰਮ ਪੇਸ਼ ਕੀਤਾ ਹੈ। ਇਹ ਪਾਤਰ ਸੱਚ-ਝੂਠ ਵਿਚੋਂ ਝੂਠ ਮੁੱਖ ਹੈ ਦੱਸਦੇ ਹਨ। ਸੇਵਾ ਵਿੱਚ ਹੋਣ ਅਤੇ ਸੇਵਾ-ਮੁਕਤ ਹੋਣ ਦੇ ਵੱਖ-ਵੱਖ ਸਮੇਂ ਦੇ ਵੱਖ-ਵੱਖ ਵਿਹਾਰ ਹੁੰਦੇ ਹਨ ਦੀ ਜਾਣਕਾਰੀ ਦਿੰਦੇ ਹਨ। ਪੁਸਤਕ 'ਹਵਾ 'ਚ ਲਟਕਦੇ ਕਦਮ' ਦੇ ਪੰਨਾ ਨੰ: 23 ਉੱਤੇ ਲੇਖਕ ਤੇਜਿੰਦਰ ਚੰਡਿਹੋਕ ਨੇ ਆਪਣੇ ਵੱਲੋਂ 'ਦੋ ਸ਼ਬਦ' ਥੀਮ ਹੇਠ ਦਰਜ ਕੀਤੀ ਗਈ ਜਾਣਕਾਰੀ ਨੂੰ ਸਿਰਲੇਖ /ਬਿਜਲੀ ਦੀ ਲਿਸ਼ਕੋਰ ਵਰਗੀ ਹੁੰਦੀ ਹੈ-ਮਿੰਨੀ ਕਹਾਣੀ/ ਪੇਸ਼ ਕੀਤਾ ਹੈ। ਇਹ ਸਿਰਲੇਖ, ਮਿੰਨੀ ਕਹਾਣੀ ਦੀ ਸ਼ੁੱਧ ਪਰਿਭਾਸ਼ਾ ਦਾ ਸਹੀ ਨਮੂਨਾ ਕਹਿਣਾ ਵੀ ਬਿਲਕੁਲ ਸਹੀ ਹੈ ਪਰ !ਇਸ ਸਿਧਾਂਤ ਉੱਤੇ ਇਸ ਪੁਸਤਕ ਦੀਆਂ ਪੱਚਵੰਜਾ ਵਿਚੋਂ ਕੁਝ ਮਿੰਨੀ ਕਹਾਣੀਆਂ ਨੂੰ ਮੇਰੀ ਸਮਝ ਖ਼ਰੀਆਂ ਸਿੱਧ ਮੰਨਦੀ ਹੈ ਕਿਉਂ ਕਿ ਲੇਖਕ ਨੇ ਮਿੰਨੀ ਕਹਾਣੀ ਦੇ ਵਿਸ਼ੇ ਦੀ ਵਸਤੂ ਦਾ ਵਰਣਨ ਕਰਦਿਆਂ ਵਧੇਰੇ ਵਿਸਥਾਰ, ਦੁਹਰਾਓ ਤੇ ਲੇਖਕ ਦੀ ਦਖ਼ਲ-ਅੰਦਾਜ਼ੀ ਦਾ ਰੋਲ ਵੀ ਨਿਭਾਇਆ ਹੈ। ਲੇਖਕ ਨੇ ਆਪਣੇ 'ਦੋ ਸ਼ਬਦ' ਥੀਮ ਦੀ ਰਚਨਾ ਅੰਦਰ ਇੱਕ ਥਾਂ ਇਹ ਲਿਖਿਆ, 'ਮੈਂ ਮਿੰਨੀ ਕਹਾਣੀਆਂ ਦੀ ਰਚਨਾ ਪਿਛਲੇ ਚਾਰ ਦਹਾਕਿਆਂ ਤੋਂ ਕਰ ਰਿਹਾ ਹਾਂ।' ਦੇ ਵੇਰਵੇ ਨੇ ਇਸ ਪੁਸਤਕ ਦੇ ਪ੍ਰਕਾਸ਼ਨ ਵਰ੍ਹੇ ਨਾਲ ਜੁੜੇ ਸਮਕਾਲੀ ਸਮਾਜ ਦੇ ਕੁਝ ਮਹੱਤਵਪੂਰਨ ਵਰਤਾਰਿਆਂ ਦੀ ਵਿਸ਼ਾ-ਵਸਤੂ ਸਬੰਧੀ ਮਿੰਨੀ ਕਹਾਣੀ ਦੀ ਇਸ ਪੁਸਤਕ ਅੰਦਰ ਅਣ-ਹੋਂਦ ਹੈ ਦੇ ਮੇਰੇ ਪ੍ਰਸ਼ਨ ਦਾ ਹੀ ਉੱਤਰ ਮੈਨੂੰ ਦੇ ਦਿੱਤਾ ਹੈ। ਡਾ.ਜੋਗਿੰਦਰ ਸਿੰਘ ਨਿਰਾਲਾ ਦੇ ਸ਼ਬਦਾਂ ਨੇ ਪੰਨਾ ਨੰ:16 ਉਪਰ ਇਹਨਾਂ ਮਿੰਨੀ ਕਹਾਣੀਆਂ ਦੇ ਸਮੁੱਚੇ ਪ੍ਰਭਾਵ ਨੂੰ ਇੰਝ ਬਿਆਨ ਕੀਤਾ ਹੋਇਆ: 'ਤੇਜਿੰਦਰ ਸਿੰਘ ਇਕ ਯਥਾਰਥਵਾਦੀ ਮਿੰਨੀ ਕਹਾਣੀ ਲੇਖਕ ਵਜੋਂ ਉਭਰਿਆ ਹੈ। ...ਉਹ ਪ੍ਰਗਤੀਸ਼ੀਲ ਕਥਾਕਾਰ ਹੈ।' ਡਾ.ਜੋਗਿੰਦਰ ਸਿੰਘ ਨਿਰਾਲਾ ਨਾਲ ਮੈਂ ਵੀ ਸਹਿਮਤ ਹਾਂ।

***-ਜਸਬੀਰ ਕਲਸੀ ਧਰਮਕੋਟ***

- **ਇਹ ਸਦੀ ਵੀ ਤੇਰੇ ਨਾਉਂ** (ਕਾਵਿ ਸੰਗ੍ਰਹਿ) ***ਛਿੰਦਰ ਕੌਰ ਸਿਰਸਾ***

'ਇਹ ਸਦੀ ਵੀ ਤੇਰੇ ਨਾਉਂ' ਛਿੰਦਰ ਕੌਰ ਸਿਰਸਾ ਦਾ ਕੈਲੀਬਰ ਪ੍ਰਕਾਸ਼ਨ ਪਟਿਆਲਾ ਵੱਲੋਂ ਪ੍ਰਕਾਸ਼ਿਤ ਦੂਸਰਾ ਕਾਵਿ-ਸੰਗ੍ਰਹਿ ਹੈ, ਜਿਸ ਦੇ 128 ਪੰਨਿਆਂ 'ਤੇ ਉਸ ਦੀਆਂ ਛੋਟੀਆਂ ਤੇ ਕੁਝ ਅਸਲੋਂ ਛੋਟੀਆਂ ਪਰ ਵੱਡੇ ਅਰਥਾਂ ਵਾਲੀਆਂ ਕੁਲ 157 ਕਵਿਤਾਵਾਂ ਅੰਕਿਤ ਹਨ। ਕੋਈ ਵੀ ਕਵਿਤਾ ਇਕ ਸਫ਼ੇ ਦੀ ਸੀਮਾ ਪਾਰ ਨਹੀਂ ਕਰਦੀ। ਕਵਿਤਾਵਾਂ ਦੀ ਸ਼ੁਰੂਆਤ 17ਵੇਂ ਸਫ਼ੇ ਤੋਂ ਹੁੰਦੀ ਹੈ, ਇਸ ਤੋਂ ਪਹਿਲੇ ਪੰਨਿਆਂ ਉਪਰ ਮਾਣਯੋਗ ਡਾ. ਗੁਰਭੇਜ ਸਿੰਘ ਗੁਰਾਇਆ, ਪ੍ਰੋ. ਗੁਰਭਜਨ ਸਿੰਘ ਗਿੱਲ ਵੱਲੋਂ ਕਾਵਿ-ਸਫ਼ਰ 'ਤੇ ਨਿਰੰਤਰ ਚਲਦੇ ਰਹਿਣ ਲਈ ਅਸੀਸਾਂ ਦਿੱਤੀਆਂ ਹਨ। ਇਸ ਤੋਂ ਇਲਾਵਾ ਛਿੰਦਰ ਕੌਰ ਸਿਰਸਾ ਦਾ ਸਵੈ-ਕਥਨ ਵੀ ਹੈ। ਇਸ ਕਾਵਿ-ਸੰਗ੍ਰਹਿ ਨੂੰ ਪੜ੍ਹਦਿਆਂ-ਪੜਚੋਲਦਿਆਂ ਮੈਂ ਇਸ ਨਤੀਜੇ ਪਹੁੰਚਿਆ ਹਾਂ ਕਿ ਇਸ ਦੇ ਅੱਖਰ-ਅੱਖਰ, ਸ਼ਬਦ-ਸ਼ਬਦ ਅਤੇ ਹਰੇਕ ਵਾਕ ਦੀਆਂ ਰਮਜ਼ਾਂ ਅਤੇ ਧੁਨੀਆਂ ਵਿਚੋਂ ਸਾਡੇ ਮਰਦ-ਪ੍ਰਧਾਨ ਸਮਾਜ ਵਿਚ ਔਰਤ ਦੇ ਜੀਵਨ ਦੀ ਤ੍ਰਾਸਦੀ ਦੀ ਟੋਹ ਮਿਲਦੀ ਹੈ। ਕਵਿਤਰੀ ਸ੍ਵੈ ਤੋਂ ਪਾਰ ਜਾ ਕੇ ਔਰਤ ਦੀ ਸਮਾਜਿਕ ਦਸ਼ਾ ਅਤੇ ਉਸ ਦੀ ਅਧੂਰੀ ਪ੍ਰੀਤ ਨੂੰ ਬੜੇ ਹੀ ਕਰੁਣਾਮਈ ਅਤੇ ਮਾਰਮਿਕ ਢੰਗ ਨਾਲ ਚਿਤਰਦੀ ਹੋਈ ਉਸ ਦੇ ਹਿੱਸੇ ਦੀ ਧਰਤੀ ਅਤੇ ਅੰਬਰ ਦੀ ਭਾਲ ਕਰਦੀ ਹੈ, ਜਿਥੇ ਉਹ ਆਪਣੀਆਂ ਰੀਝਾਂ, ਸੱਧਰਾਂ, ਚਾਵਾਂ, ਇੱਛਾਵਾਂ ਦੀ ਪੂਰਤੀ ਕਰਕੇ ਇਕ ਆਜ਼ਾਦ ਜ਼ਿੰਦਗੀ ਜਿਉ ਸਕੇ। ਇਸ ਕਾਵਿ-ਸੰਗ੍ਰਹਿ ਦੀ ਖ਼ੂਬਸੂਰਤੀ ਇਹ ਹੈ ਕਿ ਕਵਿੱਤਰੀ ਆਪਣੇ ਪ੍ਰੇਮੀ/ਸਾਥੀ ਤੋਂ ਜੀਣ ਦੇ ਇਸ ਸਾਰੇ ਸਾਮਾਨ ਦੀ ਮੰਗ ਬੜੇ ਸਮਰਪਿਤ ਭਾਵ ਨਾਲ ਕਰਦੀ ਹੈ, ਉਹ ਕਿਸੇ ਵੀ ਕਵਿਤਾ 'ਚ ਉਗਰ ਨਹੀਂ ਹੁੰਦੀ, ਉਸ ਨੂੰ ਭੰਡਦੀ ਨਹੀਂ, ਨਿੰਦਦੀ ਨਹੀਂ। ਉਹ ਬੜੇ ਸਲੀਕੇ ਨਾਲ ਇਕ ਸੰਵਾਦ ਰਚਾਉਂਦੀ ਹੈ। ਛਿੰਦਰ ਕੌਰ ਸਿਰਸਾ ਦੇ ਇਸ ਸੰਗ੍ਰਹਿ ਦੀਆਂ ਬਹੁਤੀਆਂ ਕਵਿਤਾਵਾਂ ਅਧੂਰੀ ਪ੍ਰੀਤ ਦੀਆਂ ਦਰਦ ਭਰੀਆਂ ਕਥਾਵਾਂ ਹਨ, ਜਿਸ ਵਿਚ ਮੁਹੱਬਤ ਦੇ ਪਾਣੀਆਂ ਦੀ ਤਿਸ਼ਨਗੀ ਹੈ। ਮੁਹੱਬਤ ਪੱਖੋਂ ਅਧੂਰੀ ਅਤੇ ਅਤ੍ਰਿਪਤ ਇਸ ਸ਼ਾਇਰਾਂ ਦੀਆਂ

ਕਵਿਤਾਵਾਂ 'ਬੀਤੇ ਵੇਲੇ ਦਾ ਖ਼ਵਾਬ', 'ਇਬਾਦਤਾਂ', 'ਜਿਉਣ ਜੋਗਿਆ', 'ਰੱਬ', 'ਮੇਰੇ ਮਹਿਬੂਬ' ਸਮੇਤ ਦਰਜਨਾਂ ਕਵਿਤਾਵਾਂ ਵਿਚ ਕਾਵਿ-ਨਾਇਕਾ ਆਪਣੇ ਪ੍ਰੇਮੀ ਦੇ ਵਿਯੋਗ ਵਿਚ ਤੜਪਦੀ ਤੇ ਭਟਕਦੀ ਹੋਈ ਉਸ ਦੇ ਮੁੜ ਮਿਲਣ ਦੀ ਇੱਛਾ ਅਤੇ ਆਸ ਦਾ ਪ੍ਰਗਟਾਵਾ ਕਰਦੀ ਹੈ। ਛਿੰਦਰ ਨੂੰ ਲੋਕਧਾਰਾ ਅਤੇ ਪੰਜਾਬੀ ਸਭਿਆਚਾਰ ਦੀ ਡੂੰਘੀ ਸਮਝ ਹੈ। ਇਸ ਗੱਲ ਦਾ ਪ੍ਰਮਾਣ ਉਸ ਦੀਆਂ ਕਵਿਤਾਵਾਂ ਦੇ ਸਿਰਲੇਖ ਬਣਦੇ ਹਨ, ਜੋ ਕਿ ਪੰਜਾਬੀ ਸਭਿਆਚਾਰ 'ਚੋਂ ਲਏ ਗਏ ਹਨ।

ਛਿੰਦਰ ਕੌਰ ਇਕ ਬੇਹੱਦ ਸਭਿਅਕ ਕਵਿੱਤਰੀ ਹੈ। ਉਹ ਆਪਣੇ ਸਭਿਆਚਾਰ ਅਤੇ ਸੰਸਕਾਰਾਂ ਦੀ ਸੀਮਾ ਵਿਚ ਰਹਿ ਕੇ ਹੀ ਆਪਣੇ ਜਿਉਣ ਦੇ ਹੱਕ ਮੰਗਦੀ ਹੈ। ਕਿਸੇ ਵੀ ਕਵਿਤਾ ਵਿਚੋਂ ਉਸ ਦਾ ਅੱਖੜਪੁਣਾ ਜਾਂ ਬਗ਼ਾਵਤ ਨਜ਼ਰ ਨਹੀਂ ਆਉਂਦੀ, ਜੇ ਕੁਝ ਨਜ਼ਰ ਆਉਂਦਾ ਹੈ ਤਾਂ ਸਾਰੇ ਸੰਗ੍ਰਹਿ ਵਿਚ ਆਪਣੇ ਪ੍ਰੇਮੀ/ਸਾਥੀ ਪ੍ਰਤੀ ਸਮਰਪਣ ਦਾ ਭਾਵ। ਉਸ ਦੀਆਂ ਰੀਝਾਂ ਅਤੇ ਸੁਪਨਿਆਂ ਦੇ ਮੁਰਝਾਏ ਬੂਟਿਆਂ ਨੂੰ ਫੱਗਣ ਦੀ ਰੁੱਤ ਦੀ ਹਮੇਸ਼ਾ ਹੀ ਉਡੀਕ ਬਣੀ ਰਹਿੰਦੀ ਹੈ। ਫੁੱਲਾਂ ਦੀ ਰੁੱਤ ਨੂੰ ਉਡੀਕਦਿਆਂ ਉਹ ਸਬਰ ਅਤੇ ਸਿਦਕ ਦਾ ਪੱਲਾ ਨਹੀਂ ਛੱਡਦੀ ਤੇ ਉਸ ਨੂੰ ਪੂਰੀ ਆਸ ਅਤੇ ਵਿਸ਼ਵਾਸ ਹੈ ਕਿ ਇਹ ਪੱਤਝੜ ਦੀ ਟੂਣੇਹਾਰੀ ਰੁੱਤ ਕਦੇ ਨਾ ਕਦੇ ਔਰਤ ਦੇ ਜੀਵਨ 'ਚੋਂ ਜ਼ਰੂਰ ਰੁਖ਼ਸਤ ਹੋਵੇਗੀ। ਕਵਿਤਾ 'ਮੇਲਾ' ਵਿਚ ਪੇਕੇ ਪਿੰਡ ਦੀਆਂ ਵਿਛੜੀਆਂ ਸਖੀਆਂ ਸਹੇਲੀਆਂ ਨੂੰ ਮਿਲਣ ਦੀ ਲੋਚਾ ਹੈ ਅਤੇ 'ਰੌਜ਼ੜੇ' ਨਾਂ ਕਵਿਤਾ ਵਿਚ ਕਵਿਤਰੀ ਉਸ ਘਰ ਨੂੰ ਤੀਰਥ ਸਥਾਨ ਦਾ ਦਰਜਾ ਦਿੰਦੀ ਹੈ, ਜਿਸ ਘਰ ਵਿਚ ਧੀਆਂ ਹੱਸਦੀਆਂ ਗਾਉਂਦੀਆਂ ਤੇ ਕਿੱਕਲੀ ਪਾਉਂਦੀਆਂ ਹੋਣ। ਛਿੰਦਰ ਕੌਰ ਸਿਰਸਾ ਦੀਆਂ ਕਵਿਤਾਵਾ ਦੇ ਕਾਵਿ-ਸਰੋਕਾਰਾਂ ਦੀ ਨਿਸ਼ਾਨਦੇਹੀ ਕਰਦਿਆਂ ਮੈਂ ਦੇਖਿਆ ਹੈ ਕਿ ਉਸ ਦੀਆਂ ਸਾਰੀਆਂ ਕਵਿਤਾਵਾਂ ਦਾ ਕੇਂਦਰ ਬਿੰਦੂ ਨਾਰੀ ਮਨ ਦੇ ਅਧੂਰੇ ਪਿਆਰ ਦੀ ਕਹਾਣੀ ਹੈ।

*-ਸੁਰਿੰਦਰਪ੍ਰੀਤ ਘਣੀਆ*

- **ਮਧੂਕਰੀ** (ਕਾਵਿ ਸੰਗ੍ਰਹਿ) *ਬਲਵਿੰਦਰ ਸੰਧੂ*

ਪੰਜਾਬੀ ਜ਼ੁਬਾਨ ਦੇ ਸ਼ਹਿਨਸ਼ਾਹ ਸ਼ਾਇਰ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਬਲਵਿੰਦਰ ਸੰਧੂ ਦਾ ਕਾਵਿ-ਸੰਗ੍ਰਹਿ 'ਮਧੂਕਰ' ਉਸ ਦਾ ਪੰਜਵਾਂ ਕਾਵਿ-ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਇਸੇ ਕਲਮ ਤੋਂ 'ਇਕ ਗੀਤ ਅਧੂਰਾ', 'ਕੋਮਲ ਸਿੰਘ ਆਖਦਾ ਹੈ', 'ਘਾੜਤਿ' ਅਤੇ 'ਮੈਂ ਵੀ ਆਦਿ ਜੁਗਾਦਿ' ਨਾਲ ਪੰਜਾਬੀ ਸਾਹਿਤ ਦੀ ਅਮੀਰੀ ਵਿਚ ਵਾਧਾ ਕਰ ਚੁੱਕਿਆ ਹੈ। ਬਲਵਿੰਦਰ ਸੰਧੂ ਲਈ ਕਵਿਤਾ ਦੀ ਸਿਰਜਣਾ ਦਾ ਕਾਰਜ 'ਮਧੂਕਰੀ' ਵਾਲਾ ਹੈ। ਜਿਵੇਂ ਮਧੂ ਮੱਖੀ ਤਰ੍ਹਾਂ ਤਰ੍ਹਾਂ ਦੇ ਫੁੱਲਾਂ ਤੋਂ ਰਸ ਇਕੱਤਰ ਕਰਕੇ ਉਸ ਨੂੰ ਸ਼ਹਿਦ/ਮਧੂ 'ਚ ਬਦਲ ਦਿੰਦੀ ਹੈ, ਕੁਝ ਇਸੇ ਤਰ੍ਹਾਂ ਹੀ ਕਵੀ ਵੀ ਆਪਣੇ ਦੁਆਲੇ ਵਿਚਲੇ ਵਰਤਾਰਿਆਂ, ਵਤੀਰਿਆਂ, ਸੰਵੇਦਨਾਵਾਂ ਅਤੇ ਪ੍ਰਾਪਤ ਅਨੁਭਵਾਂ ਦੇ ਬਹੁਵੰਨੇ ਅਨੁਭਵਾਂ ਤੋਂ ਹੀ ਕਵਿਤਾ ਦੀ ਸਿਰਜਣਾ ਕਰਦਾ ਹੈ। ਕਵਿਤਾ ਸ਼ਬਦ ਵਿਚਲੇ ਅਰਥਾਂ ਦੀ ਸੁਰ ਤਾਲ 'ਤੇ ਕਿੱਕਲੀ ਪਾਉਂਦੀ ਹੈ। ਕੜ੍ਹੇ ਹੋਏ ਦੁੱਧ ਦਾ ਸੁਆਦ ਲਈ ਤੁਹਾਡੇ ਧੁਰ ਅੰਦਰ ਨੂੰ ਸੁਆਦ-ਸੁਆਦ ਕਰ ਦਿੰਦੀ ਹੈ। ਕਵਿਤਾ ਅੰਦਰ ਲੈਅ ਦੀ ਮਹੱਤਤਾ ਨੂੰ ਬਲਵਿੰਦਰ ਸੰਧੂ ਇਉਂ ਪ੍ਰਗਟਾਉਂਦਾ ਹੈ : *ਲੈਅ ਨਾ ਹੋਵੇ ਤਾਂ / ਤੁਰਦਿਆਂ, ਬੰਦੇ ਦੇ ਗਿੱਟੇ ਭਿੜਦੇ / ਬੋਲਦਿਆਂ, ਸ਼ਬਦਾਂ 'ਚ ਸ਼ਬਦ ਅੜਦੇ / ਲਿਖਦਿਆਂ, ਲਿਖਤ ਟੁੱਟ ਟੁੱਟ ਜਾਂਦੀ / ਖਾਂਦਿਆਂ, ਜੀਭ ਦੰਦੀ ਖਾ ਬਹਿੰਦੀ / ਪੀਂਦਿਆਂ, ਗਲ ਉੱਥੂ ਆ ਜਾਂਦੈ / ਲੈਅ ਬਿਨ ਗੀਤ ਗੂੰਗੇ / ਤੇ ਕਵਿਤਾ ਖਸਤਾ ਹੋ ਜਾਂਦੀ* । ਸੰਧੂ ਦੀ ਕਵਿਤਾ ਦੀ ਖ਼ੂਬਸੂਰਤੀ ਇਹ ਹੈ ਕਿ ਉਹ ਸੁਰਾਤਮਕ ਸ਼ਬਦਾਂ ਦੀ ਵਰਤੋਂ ਕਰਦਿਆਂ ਸੰਗੀਤਕਤਾ ਰਾਹੀਂ ਕਵਿਤਾ ਨੂੰ ਲੈਅ ਵਿਚ ਬੰਨ੍ਹਦਾ ਤੁਰਿਆ ਜਾਂਦਾ ਹੈ। ਆਪਣੀ ਖ਼ੂਬਸੂਰਤ ਨਜ਼ਮ ਵਿਚ ਉਹ ਬਿਆਨਦਾ ਹੈ : *ਲੋਕਾਈ, ਖੁਦਾਈ ਤੇ ਅਛਾਈ ਨਾਲ / ਕਦੇ ਬੇਵਫਾਈ ਨਾ ਕਰਨਾ / ਬੁਰਿਆਂ ਬੇਸੁਰਿਆਂ, ਬੇਸਿਰਿਆਂ ਦਾ / ਕਦੇ ਪਾਣੀ ਨਾ ਭਰਨਾ।*

ਵਿਸ਼ਿਆਂ ਦੀ ਵੰਨ-ਸੁਵੰਨਤਾ ਕਾਰਨ ਇਹ ਕਾਵਿ-ਸੰਗ੍ਰਹਿ ਪਾਠਕਾਂ ਲਈ ਰੁਚੀਦਾਰ ਅਤੇ ਉਨ੍ਹਾਂ ਨੂੰ ਬੰਨ੍ਹੀ ਰੱਖਣ ਦੀ ਸਮਰੱਥਾ ਰੱਖਦਾ ਹੈ। ਕੁਲ ਲੋਕਾਈ ਦੀ ਖ਼ੈਰ ਮੰਗਣ ਅਤੇ ਸਮਾਜ ਦੇ ਅਕਸ ਨੂੰ ਵਿਲੱਖਣ ਰੂਪ ਵਿਚ ਪੇਸ਼ ਕਰਨਾ ਕਿਸੇ ਗੰਭੀਰ ਲੇਖਕ ਦੀ ਦੇਣ ਹੋ ਸਕਦਾ ਹੈ। ਕਵਿਤਾ ਦੀ ਖ਼ੂਬਸੂਰਤੀ ਇਹੀ ਹੈ ਕਿ ਵਸਤੂਆਂ, ਵਰਤਾਰਿਆਂ ਦਾ ਅਜਨਬੀਕਰਨ ਕਰਦਿਆਂ ਬਹੁਤ ਕੁਝ ਅਣਕਿਹਾ ਵੀ ਕਹਿਣ ਦੀ ਸਮਰੱਥਾ ਰੱਖਦੀ ਹੈ : *ਉਹ ਸਫ਼ਰ 'ਤੇ ਨਿਕਲਿਆ / ਤਾਂ ਨਗਰ ਦਾ ਨਾਂ / ਰਾਇ ਭੋਇੰ ਦੀ ਤਲਵੰਡੀ ਸੀ / ਪਰਤਿਆ ਤਾਂ ਲੋਕਾਂ ਆਖਿਆ / ਅਸੀਂ ਵੀ ਨਨਕਾਣੇ ਵੱਸਦੇ ਆਂ...*। ਬਲਵਿੰਦਰ ਸੰਧੂ ਦੀਆਂ ਕਵਿਤਾਵਾਂ ਪ੍ਰੋੜ ਉਮਰ ਦੀ ਅਸੀਮ ਸੰਵੇਦਨਸ਼ੀਲਤਾ ਨੂੰ ਅੰਦਰ ਸਮਾਈ ਬੈਠੀਆਂ ਹਨ। ਅਜੋਕੇ ਬੁੱਧੀਜੀਵੀ ਕਵੀਆਂ ਵਾਂਗ ਉਹ ਮੋਟੇ-ਭਾਰੇ ਜਿਹੇ ਸ਼ਬਦਾਂ ਦੀ ਵਰਤੋਂ ਤੋਂ ਗੁਰੇਜ਼ ਕਰਦਾ ਹੈ। ਉਪਰੋਕਤ ਤੱਥਾਂ ਦੀ ਲੋਅ ਵਿਚ ਕਿਹਾ ਜਾ ਸਕਦਾ ਹੈ ਕਿ ਬਲਵਿੰਦਰ ਸੰਧੂ ਦਾ ਇਹ ਕਾਵਿ-ਸੰਗ੍ਰਹਿ 'ਮਧੂਕਰੀ' ਨਾ ਕੇਵਲ ਪਾਠਕ ਦੇ ਅੰਦਰ ਕਵਿਤਾ ਦੀਆਂ ਡੂੰਘੀਆਂ ਰਮਜ਼ਾਂ ਨੂੰ ਸਮਝਣ ਦੀ ਸਮਰੱਥਾ ਪੈਦਾ ਕਰਦਾ ਹੈ ਸਗੋਂ ਉਸਦੇ ਅਨੁਭਵ ਸੰਸਾਰ ਨੂੰ ਹੋਰ ਵਿਸ਼ਾਲ ਕਰ ਦਿੰਦਾ ਹੈ।

*-ਡਾ. ਸਰਬਜੀਤ ਕੌਰ ਸੋਹਲ*

# ਚਿੱਠੀਏ ਨੀ ਚਿੱਠੀਏ

ਵਿਸ਼ਵ ਪ੍ਰਸਿੱਧ ਥਾਵਾਂ ਤੇ ਵਿਅਕਤੀਆਂ ਨਾਲ ਜਾਣ-ਪਛਾਣ ਕਰਾਣ ਵਾਲੀ ਡਾ. ਗੁਰੂਮੇਲ ਸਿੱਧੂ ਦੀ ਲਿਖਤ ਮੈਂ ਅਕਸਰ ਸਭ ਤੋਂ ਪਹਿਲਾਂ ਪੜ੍ਹਦਾ ਹਾਂ। ਐਤਵੀਂ ਜਿਥੇ ਵਿਆਨਾ ਦੇ ਮਿਊਜ਼ੀਅਮ ਅਤੇ ਮੋਜ਼ਾਰਟ ਦੀ ਮਜ਼ੇਦਾਰ ਜਾਣਕਾਰੀ ਹਾਸਿਲ ਹੋਈ ਉਥੇ ਸਿੰਫਨੀ ਤੇ ਕਨਸਰਟ ਵਰਗੇ ਸ਼ਬਦਾਂ ਦੇ ਅਰਥ ਵੀ ਪਤਾ ਲੱਗੇ। ਪੁਸਤਕ ਚਰਚਾ ਅਧੀਨ ਇਹ ਪਰਚਾ ਪੁਸਤਕ ਸਮੀਖਿਆਵਾਂ ਦੀ ਵੀ ਭਰਵੀਂ ਹਾਜ਼ਰੀ ਲੁਆਉਂਦਾ ਹੈ। ਨਜ਼ਮ ਦੀ ਹੱਡੀਬੀਤੀ ਨੇ ਤਾਂ ਵਾਕਈ ਹਿੰਮਤੇ ਮਰਦਾਂ ਮਦਦੇ ਖ਼ੁਦਾ ਵਾਲੀ ਕਹਾਵਤ ਨੂੰ ਚਰਿਤਾਰਥ ਕਰ ਵਿਖਾਇਆ। ਸੱਜਰਾ-ਕਾਵਿ ਦੀ ਸੰਭਾਵਨਾ ਭਰਪੂਰ ਹੈ। 'ਇਹ ਕਹਾਣੀ ਨਹੀਂ' ਦੇ ਬਾਕੀ ਹਿੱਸੇ ਦੀ ਤਾਂਘ ਵੀ ਵਧ ਗਈ ਹੈ। ਗੁਲਜ਼ਾਰ ਸਾਹਬ ਬਾਰੇ ਸੰਖੇਪ ਜਾਣਕਾਰੀ ਵੀ ਵਧੀਆ ਹੈ। 'ਇਕ ਸਫ਼ਰ ਇਹ ਵੀ' ਹਾਲਾਤ ਨਾਲ ਘੁਲਣ ਦੀ ਮਾਰਮਿਕ ਗਾਥਾ ਹੈ। ਮਨੋਜ ਅਰਗਵਾਲ ਦੀ ਨਜ਼ਮ ਮੌਨ, ਮੌਤ ਅਤੇ ਦੇਸ਼ ਦੇ ਮਰੀਅਲ ਭਵਿੱਖ ਵੱਲ ਸੈਨਤ ਕਰਨ ਲਈ ਅਸਰਦਾਰ ਰਚਨਾ ਹੈ। 'ਮੰਡੀ ਵਾਲੇ ਸਕੂਲ ਦੀ ਧੁੱਪ ਛਾਂ' ਵੀ ਕਮਾਲ ਆ। ਪਰਮਾਤਮਾ ਦੀ ਉਸਤਤ ਕਰਨ ਵਾਲੇ ਨੂੰ ਪਰਮਾਤਮਾ ਦਾ ਢਾਡੀ ਕਿਹਾ ਜਾਂਦਾ ਹੈ, ਦੇ ਹਵਾਲੇ ਨਾਲ ਸ਼ਬਦ 'ਢਾਡੀ' ਦੇ ਅਰਥ ਦਾ ਵੀ ਪਤਾ ਲੱਗ ਗਿਆ। 'ਢਾਡੀ ਸੋਹਣ ਸਿੰਘ ਸੀਤਲ ਤੇ ਉਸ ਦੀ ਗੱਡੀ' ਪੜ੍ਹ ਕੇ ਹੀ ਪਤਾ ਲੱਗਾ ਕਿ ਸੋਹਣ ਸਿੰਘ ਸੀਤਲ ਢਾਡੀ ਵੀ ਕਮਾਲ ਦੇ ਸਨ। ਮੁਖਤਾਰ ਗਿੱਲ ਦੀ ਕਹਾਣੀ 'ਮੋਰ ਘੁੱਗੀਆਂ' ਤੇ ਬਹੁਤ ਵਧੀਆ ਨਾਵਲ ਲਿਖੇ ਜਾਣ ਦੀ ਸੰਭਾਵਨਾ ਨਜ਼ਰ ਆਈ ਹੈ। ਰਾਜਵਿੰਦਰ ਜਟਾਣਾ ਦੀ ਸ਼ਾਇਰੀ ਉਚੇਚਾ ਧਿਆਨ ਖਿੱਚਦੀ ਹੈ। ਸ਼ਾਇਰ ਸੁਰਿੰਦਰਪ੍ਰੀਤ ਘਣੀਆ ਦਾ ਵੀ ਜਵਾਬ ਨਹੀਂ। ਸ਼ਬਦਾਂ 'ਚ ਬਲਦੀ ਲਾਟ ਵੀ ਦਿਲਚਸਪ ਹੈ। ਮਿੰਨੀ ਕਹਾਣੀ 'ਵਿਹਲ', ਹਿੰਦੀ ਕਹਾਣੀ 'ਰੈਸਟ ਰੂਮ', ਆਰਟੀਕਲ 'ਲੇਖਕਾਂ ਦਾ ਰਸੀਆ' ਮਹੱਤਵਪੂਰਨ ਜਾਣਕਾਰੀ ਭਰਪੂਰ ਗੁਰਬਚਨ ਸਿੰਘ ਭੁੱਲਰ ਦਾ ਆਰਟੀਕਲ 'ਰਿਗਵੇਦ ਦੀਆਂ ਰਿਸ਼ੀਕਾਵਾਂ ਤੋਂ ਤੁਰਿਆ ਪੰਜਾਬ ਦਾ ਇਸਤਰੀ ਕਾਵਿ', ਜਸਬੀਰ ਭੁੱਲਰ ਦਾ ਸ੍ਵੈਜੀਵਨੀ ਅੰਸ਼ 'ਨਾਨਕਸ਼ਾਹੀ ਇੱਟਾਂ ਵਾਲਾ ਪਿੰਡ' , ਗੁਰੂਮੇਲ ਸਿੱਧੂ ਰਚਿਤ 'ਰੱਬ ਦੀ ਈਮੇਲ' ਅਤੇ ਮਲਵਿੰਦਰ ਦੀਆਂ ਕਵਿਤਾਵਾਂ ਦਾ ਜਵਾਬ ਨਹੀਂ।

*-ਪ੍ਰੇਮ ਸਾਹਿਲ*

ਸਾਹਿਤਕ ਏਕਮ ਦਾ ਅਕਤੂਬਰ-ਦਿਸੰਬਰ ਅੰਕ ਪੜ੍ਹਿਆ। ਸਰਵਰਕ ਤੋਂ ਲੈ ਕੇ ਹਰ ਪੰਨੇ 'ਤੇ ਅਰਤਿੰਦਰ ਜੀ ਦੀ ਮਿਹਨਤ ਬੋਲ ਰਹੀ ਹੈ। ਸੰਪਾਦਕੀ ਵਿਚ ਉਠਾਏ ਸਵਾਲ ਸੋਚਣ ਤੇ ਮਜਬੂਰ ਕਰਦੇ ਹਨ। ਸ਼ਾਇਰ ਵਿਸ਼ੇਸ਼ ਦਵਿੰਦਰ ਸੈਫ਼ੀ ਦਾ ਸਵੈ-ਕਥਨ ਅਤੇ ਉਸ ਦੀਆਂ ਕਵਿਤਾਵਾਂ ਸਲਾਹੁਣਯੋਗ ਹਨ। ਗੁਰੂ ਨਾਨਕ ਦੇਵ ਜੀ ਨਾਲ ਸੰਬੰਧਤ ਡਾ. ਰਤਨ ਸਿੰਘ ਜੱਗੀ, ਡਾ. ਗੁਰਸ਼ਰਨ ਕੌਰ ਜੱਗੀ, ਜਗਬੀਰ ਸਿੰਘ ਅਤੇ ਖ਼ਾਸ ਕਰਕੇ ਡਾ. ਗੁਰੂਮੇਲ ਦੇ ਲੇਖ ਵੀ ਵਧੀਆ ਹਨ। ਰੱਬ ਦੀ ਈਮੇਲ ਸਾਂਭਣ ਵਾਲਾ ਆਰਟੀਕਲ ਹੈ। ਡਾ. ਸੁਖਪਾਲ ਦੀਆਂ ਬੁਢਾਪੇ 'ਤੇ ਲਿਖੀਆਂ ਕਵਿਤਾਵਾਂ ਟੁੰਬਵੀਆਂ ਹਨ। ਬਾਕੀ ਸਾਰੀਆਂ ਗ਼ਜ਼ਲਾਂ ਅਤੇ ਕਵਿਤਾਵਾਂ ਵੀ ਬਹੁਤ ਵਧੀਆ ਲੱਗੀਆਂ। ਜਸਬੀਰ ਭੁੱਲਰ ਦਾ ਯਾਦਾਂ ਵਾਲਾ ਪੁਲੰਦਾ ਹਮੇਸ਼ਾ ਮਨੋਰੰਜਕ ਹੁੰਦਾ ਹੈ।

ਗੁਰਬਚਨ ਭੁੱਲਰ ਜੀ ਦਾ ਆਰਟੀਕਲ 'ਪੰਜਾਬ ਦਾ ਇਸਤਰੀ ਕਾਵਿ' ਕਾਫ਼ੀ ਤਫਸੀਲ ਨਾਲ ਲਿਖਿਆ ਹੋਇਆ ਹੈ। ਵੇਦਾਂ ਵਿਚ ਔਰਤ ਕਵੀਆਂ ਦੀ ਸ਼ਮੂਲੀਅਤ ਹੋਣਾ ਹੈਰਾਨੀਜਨਕ ਤੱਥ ਹੈ। ਅਸੀਂ ਅੰਮ੍ਰਿਤਾ ਪ੍ਰੀਤਮ ਨੂੰ ਹੀ ਪਹਿਲੀ ਕਵਿਤਰੀ ਮੰਨਦੇ ਰਹੇ ਹਾਂ ਪਰ ਉਸ ਤੋਂ ਪਹਿਲਾਂ ਦੀਆਂ ਕਵਿਤਰੀਆਂ ਦਾ ਜ਼ਿਕਰ ਅਰਤਿੰਦਰ ਜੀ ਏਕਮ ਦੇ ਇਸਤਰੀ ਵਿਸ਼ੇਸ਼ ਅੰਕ ਵਿਚ ਕਰ ਚੁੱਕੇ ਹਨ। ਸਭ ਤੋਂ ਪਹਿਲਾਂ ਡਾ. ਸ਼ਹਰਯਾਰ ਨੇ ਪੀਰੋ ਪ੍ਰੇਮਣ ਦਾ ਜ਼ਿਕਰ ਛੇੜਿਆ ਸੀ। ਉਸ ਤੋਂ ਬਾਅਦ ਬਹੁਤ ਸਾਰੀਆਂ ਹੋਰ ਕਵਿਤਰੀਆਂ ਵੀ ਲਾਈਮ ਲਾਈਟ 'ਚ ਆਈਆਂ ਹਨ ਜਿਨ੍ਹਾਂ ਦਾ ਜ਼ਿਕਰ ਭੁੱਲਰ ਸਾਹਿਬ ਨੇ ਆਪਣੇ ਆਰਟੀਕਲ ਵਿਚ ਕੀਤਾ ਹੈ। ਇਸ ਗੱਲ ਤੋਂ ਮੈਨੂੰ ਇਕ ਹੈਰਾਨੀ ਵੀ ਹੁੰਦੀ ਹੈ ਕਿ ਜੇ ਇਹ ਕਵਿਤਰੀਆਂ ਸਮੇਂ ਦੀ ਧੂੜ ਵਿਚ ਗੁਆਚ ਗਈਆਂ ਤਾਂ ਅਸੀਂ ਕਿਸ ਦੇ ਪਾਣੀਹਾਰ ਹਾਂ ? ਉਂਝ ਵੀ ਅੱਜ ਕੱਲ੍ਹ ਆਲੋਚਕਾਂ ਦੇ ਮੂੰਹ 'ਤੇ ਬਸ ਕੁਝ ਇਕ ਨਾਮ ਹੀ ਚੜ੍ਹੇ ਹੋਏ ਹਨ, ਬਾਕੀ ਲੇਖਿਕਾਵਾਂ ਤਾਂ ਉਨ੍ਹਾਂ ਨੂੰ ਦਿਸਦੀਆਂ ਹੀ ਨਹੀਂ। ਅਰਤਿੰਦਰ ਹੋਰਾਂ ਬਹੁਤ ਸਾਰਾ ਮੈਟਰ ਦੂਜੀਆਂ ਭਾਸ਼ਾਵਾਂ ਤੋਂ ਉਲਥਾ ਕੇ ਮੈਗ਼ਜ਼ੀਨ ਵਿਚ ਸ਼ਾਮਿਲ ਕੀਤਾ ਹੈ ਜੋ ਕਿ ਬਹੁਤ ਮਿਆਰੀ ਹੈ। ਕੁਲ ਮਿਲਾ ਕੇ ਸਾਰਾ ਹੀ ਮੈਗਜ਼ੀਨ ਆਪਣੀ ਦਿੱਖ ਅਤੇ ਕੁਆਲਟੀ ਪੱਖੋਂ ਅੱਵਲ ਦਰਜੇ ਦਾ ਹੈ। ਇਸ ਲਈ ਅਦਾਰਾ ਏਕਮ ਨੂੰ ਬਹੁਤ ਬਹੁਤ ਵਧਾਈ।

*-ਸੁਰਜੀਤ (ਕੈਨੇਡਾ)*

'ਸਾਹਿਤਕ ਏਕਮ' ਅੰਕ ਗੁੜ੍ਹਿਆ। ਇਸ ਵਿਚਲਾ ਸਮੁੱਚਾ ਮੈਟਰ ਧਿਆਨ ਖਿੱਚਦਾ ਹੈ। ਵਨੀਤਾ ਦੀਆਂ ਕਵਿਤਾਵਾਂ

ਚੰਗੀਆਂ ਲੱਗੀਆਂ। ਜਸਬੀਰ ਭੁੱਲਰ ਹੁਰਾਂ ਦੀ ਸ੍ਵੈਜੀਵਨੀ ਅੰਸ਼ ਨੇ ਮੈਨੂੰ ਆਪਣੇ ਸਕੂਲ ਅੰਦਰ ਬਿਤਾਏ ਬਚਪਨ ਦੀ ਯਾਦ ਤਾਜ਼ਾ ਕਰਵਾਈ ਹੈ। 'ਘਰ' ਕਵਿਤਾ ਵਿਦੇਸ਼ ਜਾ ਵੱਸਣ ਦੀ ਲੋਚਾ ਦਾ ਮੂੰਹ ਬੋਲਦਾ ਚਿਤਰ ਹੈ। ਡਾ. ਗੁਰੂਮੇਲ ਸਿੱਧੂ ਨੇ 'ਯਾਤਰਾ ਪ੍ਰਸੰਗ' ਵਿਚ ਘਰ ਬੈਠਿਆਂ ਹੀ ਵਿਆਨਾ ਦੀ ਯਾਤਰਾ ਬੜੇ ਸੁਚੱਜੇ ਢੰਗ ਨਾਲ ਕਰਵਾਈ ਹੈ। 'ਬਿਸਕੁਟ' ਕਹਾਣੀ ਬਾਲ ਮਨੋਵਿਗਿਆਨ ਦੀ ਖੁੱਲ੍ਹੀ ਝਾਕੀ ਹੈ। ਗੁਰਪ੍ਰੀਤ ਡੈਨੀ ਦਾ ਸੱਚ ਬਹੁਤੇ ਘਰਾਂ ਦਾ ਸੱਚ ਹੈ। ਪੁਸਤਕ ਚਰਚਾ ਕਾਲਮ ਅਧੀਨ ਬਹੁਤ ਹੀ ਵਧੀਆ ਢੰਗ ਨਾਲ ਐਨੀਆਂ ਸੋਹਣੀਆਂ ਪੁਸਤਕਾਂ ਦੀ ਚਰਚਾ ਹੈ ਕਿ ਇਕੋ ਸਿਟਿੰਗ ਵਿਚ ਜਿਵੇਂ ਢੇਰ ਸਾਰਾ ਗਿਆਨ ਹੱਥ ਲੱਗ ਗਿਆ ਹੋਵੇ। ਅਜਿਹੇ ਸੋਹਣੇ ਤੇ ਗਿਆਨ ਭਰਪੂਰ ਅੰਕ ਦੀ ਛਪਾਈ ਲਈ ਵਧਾਈ ਤੇ ਧੰਨਵਾਦ।

*-ਸੋਮਾ ਸਬਲੋਕ*

ਸਾਹਿਤਕ ਏਕਮ ਦਾ ਜਨਵਰੀ-ਮਾਰਚ ਅੰਕ ਮਿਲਿਆ। ਮਦਨ ਲਾਲ ਦਾ ਸਰਵਰਕ ਭਾਵਪੂਰਤ ਅਤੇ ਦਿਲਕਸ਼ ਹੈ। ਮਨੋਜ ਅਗਰਵਾਲ ਦੀ ਸਿੱਪੀਆਂ ਕਾਲਮ ਅਧੀਨ ਆਪ ਜੀ ਦੁਆਰਾ ਉਲਥਾਈ ਨਜ਼ਮ ਦਿਲ ਨੂੰ ਧੂਹ ਪਾਉਂਦੀ ਹੈ। ਤਰਜਮਾ ਸ਼ਾਨਦਾਰ ਹੈ। ਵਨੀਤਾ ਸਮਰੱਥ ਸ਼ਾਇਰਾ ਹੈ। ਉਸ ਦੀਆਂ ਸਮੁੱਚੀਆਂ ਕਵਿਤਾਵਾਂ ਕਾਬਿਲੇ-ਤਾਰੀਫ਼ ਹਨ। ਬਾਕੀ ਸ਼ਾਇਰਾਂ ਨੇ ਵੀ ਭਰਪੂਰ ਹਾਜ਼ਰੀ ਲਗਵਾਈ ਹੈ। ਜਸਵੀਰ ਭੁੱਲਰ ਦੀ ਵਾਰਤਕ ਹਮੇਸ਼ਾ ਵਾਂਗ ਪਿਆਰੀ ਹੈ। ਉਸਦੇ ਸ੍ਵੈ-ਜੀਵਨੀ ਅੰਸ਼ ਨੇ ਮੁੱਢਲਾ ਵਿਦਿਆਰਥੀ ਜੀਵਨ ਯਾਦ ਕਰਵਾ ਦਿੱਤਾ। ਉਹ ਵੀ ਕਿਆ ਦਿਨ ਸਨ। ਸੀਤਲ ਜੀ ਦੀ ਗੱਡੀ ਪਹਿਲੀ ਵਾਰ ਪੜ੍ਹੀ, ਗੁਰਬਚਨ ਸਿੰਘ ਭੁੱਲਰ ਦੀ ਸ਼ੈਲੀ ਕੀਲਣ ਦੀ ਸਮਰੱਥਾ ਰੱਖਦੀ ਹੈ। ਮੁਖਤਾਰ ਗਿੱਲ ਦੀ ਕਹਾਣੀ 'ਮੋਰ ਘੁੱਗੀਆਂ' ਇਸ ਅੰਕ ਦਾ ਹਾਸਲ ਹੈ। ਦੇਖਣ ਨੂੰ ਸਾਧਾਰਨ ਲੱਗਦੀ ਕਹਾਣੀ ਆਪਣੇ ਉਸਾਰ 'ਚ ਡੂੰਘੇ ਸਮਾਜਿਕ, ਆਰਥਿਕ, ਸਭਿਆਚਾਰਕ, ਮਨੋਵਿਗਿਆਨਕ ਅਤੇ ਰਾਜਨੀਤਕ ਪਾਸਾਰ ਸਾਂਭੀ ਬੈਠੀ ਹੈ। ਸਰਵਰਕ ਤੇ ਇਸ ਸਮਰੱਥ ਅਤੇ ਸਥਾਪਤ ਕਥਾਕਾਰ ਦੀ ਗ਼ੈਰਹਾਜ਼ਰੀ ਰੜਕੀ। ਗੁਰਪ੍ਰੀਤ ਡੈਨੀ ਦਾ ਆਰਟੀਕਲ ਰੂਹ ਦੇ ਜ਼ਖ਼ਮ ਹਰੇ ਕਰ ਗਿਆ। ਉਸਦੀ ਆਪਬੀਤੀ ਜਿਥੇ ਦ੍ਰਿੜ ਇਰਾਦੇ ਪ੍ਰਤੀ ਉਤਸ਼ਾਹ ਜਗਾਉਂਦੀ ਹੈ, ਉਥੇ ਵਿਤਕਰੇ ਭਰੇ ਨਿਜ਼ਾਮ ਦੀ ਕਮੀਨਗੀ ਨੂੰ ਵੀ ਰੂਪਮਾਨ ਕਰਦੀ ਹੈ। ਬਾਕੀ ਰਚਨਾਵਾਂ ਵੀ ਖ਼ੂਬ ਹਨ। ਸਾਰੇ ਕਾਲਮ ਮਿਆਰੀ ਹਨ। ਸੰਪਾਦਨਾ ਕਲਾ ਪੂਰੇ ਜਲੌਅ 'ਚ ਹੈ। ਸ਼ੁਭ ਕਾਮਨਾਵਾਂ।

*-ਡਾ. ਨਿਰੰਜਨ*

'ਸਾਹਿਤਕ ਏਕਮ' ਦਾ ਨਵਾਂ ਅੰਕ ਮਿਲ ਗਿਆ ਹੈ। ਜਦੋਂ ਦੀ ਸਾਹਿਤਕ ਏਕਮ ਨਾਲ ਸਾਂਝ ਪਈ ਹੈ, ਓਦੋਂ ਦਾ ਜੀਵਨ ਬਦਲਿਆ ਬਦਲਿਆ ਲੱਗਦਾ ਹੈ। ਪਰਚੇ ਵਿਚਲੀਆਂ ਰਚਨਾਵਾਂ ਪੜ੍ਹਨ ਦਾ ਚਾਅ ਵੱਖਰੀ ਹੀ ਕਿਸਮ ਦਾ ਹੁਲਾਰਾ ਬਖ਼ਸ਼ਦਾ ਹੈ ਤੇ ਫਿਰ ਨਵੇਂ ਅੰਕ ਦੀ ਬੇਸਬਰੀ ਨਾਲ ਉਡੀਕ ਸ਼ੁਰੂ ਹੋ ਜਾਂਦੀ ਹੈ। ਜਨਵਰੀ-ਮਾਰਚ ਦੇ ਅੰਕ ਵਿਚਲੀ ਸੰਪਾਦਕੀ ਬਹੁਤ ਪ੍ਰਭਾਵਸ਼ਾਲੀ ਹੈ। ਸਾਹਿਬ ਗੁਰੂ ਨਾਨਕ ਦੇਵ ਜੀ ਦਾ 550ਵਾਂ ਅਵਤਾਰ ਪੁਰਬ, ਨਾਗਰਿਕਤਾ ਸੋਧ ਬਿੱਲ ਅਤੇ ਜਬਰ-ਜਿਨਾਹ ਦੇ ਮਸਲਿਆਂ ਨੂੰ ਤੁਸੀਂ ਬਹੁਤ ਹੀ ਸੁਚੱਜੇ ਢੰਗ ਨਾਲ ਛੋਹਿਆ ਹੈ। ਇਨ੍ਹਾਂ ਤਿੰਨ ਵਿਸ਼ਿਆਂ ਬਾਰੇ ਤੁਹਾਡੇ ਸੁਝਾਅ ਬਹੁਤ ਵਧੀਆ ਹਨ ਤੇ ਧਿਆਨ ਖਿੱਚਦੇ ਹਨ। ਪਰਚੇ ਵਿਚਲੀ ਸਾਰੀ ਹੀ ਸਮੱਗਰੀ ਬਹੁਤ ਆਹਲਾ ਦਰਜੇ ਦੀ ਹੈ। ਜੇ ਮੈਂ ਇਹ ਕਹਿ ਦੇਵਾਂ ਕਿ ਸਾਹਿਤਕ ਅਦਾਰਿਆਂ ਵਿਚ 'ਸਾਹਿਤਕ ਏਕਮ' ਦੀ ਆਪਣੀ ਵੱਖਰੀ ਪਹਿਚਾਣ ਹੈ ਤਾਂ ਗ਼ਲਤ ਨਹੀਂ ਹੋਵੇਗਾ। ਸੋਹਣੀ ਦਿੱਖ ਵਾਲਾ ਇਹ ਸਾਹਿਤਕ ਪਰਚਾ ਪੰਜਾਬੀ ਸਾਹਿਤ ਜਗਤ ਵਿਚ ਬਹੁਤ ਪਿਆਰਿਆ ਤੇ ਸਤਿਕਾਰਿਆ ਜਾਂਦਾ ਹੈ। ਇਹ ਸਭ ਕੁਝ ਤੁਹਾਡੀ ਸਾਹਿਤਕ ਸੂਝ ਬੂਝ ਅਤੇ ਸਿਆਣਪ ਸਦਕਾ ਹੈ। ਮੈਂ ਇਸ ਤਰ੍ਹਾਂ ਵੀ ਕਹਿ ਸਕਦੀ ਹਾਂ ਜਿਸ ਢੰਗ ਤਰੀਕੇ ਨਾਲ ਇਕ ਤੋਂ ਇਕ ਵਧੀਆ ਸਾਹਿਤਕ ਕਿਰਤਾਂ ਨੂੰ ਫੁੱਲਾਂ ਵਾਂਗ ਇਕ ਗੁਲਦਸਤੇ ਵਿਚ ਪਰੋ ਦਿੰਦੇ ਹੋ, ਉਸ ਨੂੰ ਸਲਾਮ ਕਰਨਾ ਬਣਦਾ ਹੈ ਅਤੇ ਮੈਂ ਸਲਾਮ ਕਰਦੀ ਹਾਂ। ਤੁਹਾਡੀ ਆਪਣੀ ਮਿਹਨਤ ਅਤੇ ਸਾਹਿਤਕ ਪੱਧਰ ਕਾਰਨ ਹੀ 'ਸਾਹਿਤਕ ਏਕਮ' ਬੁਲੰਦੀਆਂ ਛੋਹ ਰਿਹਾ ਹੈ। ਸੱਚਮੁੱਚ ਹੀ ਤੁਸੀਂ ਵਧਾਈ ਦੇ ਪਾਤਰ ਹੋ। ਆਸ ਕਰਦੀ ਹਾਂ ਕਿ ਇਹ ਪਰਚਾ ਏਸੇ ਤਰ੍ਹਾਂ ਅਜੋਕੇ ਸਮੇਂ ਵਿਚ ਸਾਹਿਤਕ ਖੇਤਰ 'ਤੇ ਛਾਏ ਕਾਲੇ ਬੱਦਲਾਂ ਵਿਚਕਾਰ ਬਿਜਲੀ ਵਾਂਗ ਲਿਸ਼ਕਦਾ ਰਹੇਗਾ।

*-ਸੁਰਿੰਦਰ ਗੀਤ (ਕੈਨੇਡਾ)*

ਸਭ ਤੋਂ ਪਹਿਲਾਂ ਮਨੋਜ ਅਗਰਵਾਲ ਦੀ ਰਚਨਾ ਆਪ ਜੀ ਵੱਲੋਂ ਅਨੁਵਾਦਿ ਪੜ੍ਹੀ। ਸੰਪਾਦਕੀ ਵੀ ਸਲਾਹੁਣਯੋਗ ਸੀ। ਲੇਖਿਕਾ ਵਨੀਤਾ ਦੀਆਂ ਕਵਿਤਾਵਾਂ ਵੀ ਪੜ੍ਹਨਯੋਗ ਸਨ। ਜਸਬੀਰ ਭੁੱਲਰ ਦੀ ਸ੍ਵੈਜੀਵਨੀ ਮੰਡੀ ਵਾਲੇ ਸਕੂਲ ਦੀ ਛਾਂ ਪਸੰਦ ਆਇਆ। ਹਿੰਦੀ ਕਵਿਤਾਵਾਂ ਅਨੀਤਾ ਭਾਰਤੀ ਦੀਆਂ ਵਧੀਆ ਲੱਗੀਆਂ। ਨਵਨੀਤ ਵਿਰਕ ਵੀ ਚੰਗੀ ਲੇਖਿਕਾ ਹੈ। ਬਾਕੀ ਕਾਵਿ-ਸ਼ਾਰ ਵਿਚ ਸਾਰੀਆਂ ਰਚਨਾਵਾਂ ਵੀ ਸਲਾਹੁਣਯੋਗ ਹਨ। ਕੁਲ ਮਿਲਾ ਕੇ ਮੈਗ਼ਜ਼ੀਨ ਗਿਆਨ ਦਾ ਸਮੁੰਦਰ ਹੈ।

*-ਦਰਸ਼ਨ ਹਾਕਮਵਾਲਾ*

* *

*ਇਰਾਨ ਵਿਚ ਔਰਤਾਂ ਵਾਸਤੇ ਹਿਜ਼ਾਬ (ਸਿਰ 'ਤੇ ਬੰਨ੍ਹਣ ਵਾਲਾ ਕੱਪੜਾ) ਨਾ ਬੰਨ੍ਹਣ ਦੀ ਸਜ਼ਾ :* ਇਰਾਨ ਵਿਚ ਔਰਤਾਂ ਵਾਸਤੇ ਹਿਜ਼ਾਬ ਕਾਨੂੰਨੀ ਤੌਰ 'ਤੇ ਜ਼ਰੂਰੀ ਹੈ। ਦੋ ਸਾਲ ਪਹਿਲਾਂ ਇਰਾਨ ਵਿਚ ਇਕ ਵੀਹ ਸਾਲਾ ਲੜਕੀ ਸਬ੍ਹਾ ਅਫ਼ਸਰੀ ਤੇ ਉਸਦੀ ਮਾਂ ਰਹੀਲਾ ਅਹਿਮਦੀ ਨੇ ਇਸ ਦੇ ਖ਼ਿਲਾਫ਼ ਲਹਿਰ ਚਲਾਈ ਤੇ ਹਰ ਬੁੱਧਵਾਰ ਬਿਨਾਂ ਹਿਜ਼ਾਬ ਆਪਣੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਪੋਸਟ ਕਰਨ ਵਾਸਤੇ ਔਰਤਾਂ ਨੂੰ ਪ੍ਰੇਰਿਤ ਕਰਨਾ ਸ਼ੁਰੂ ਕੀਤਾ। ਇਸ ਨੂੰ ਉਨ੍ਹਾਂ ਨੇ ਵਾਈਟ ਵੈਡਨਸ-ਡੇ (ਸਫ਼ੇਦ ਬੁੱਧਵਾਰ) ਦਾ ਨਾਮ ਦਿੱਤਾ। ਕਈਆਂ ਔਰਤਾਂ ਦੇ ਨਾਲ ਉਨ੍ਹਾਂ ਦੇ ਪਤੀ ਵੀ ਅਜਿਹੀਆਂ ਤਸਵੀਰਾਂ ਪੋਸਟ ਕਰਨ ਲੱਗੇ। ਇਸ ਲਹਿਰ ਦੇ ਜ਼ੋਰ ਫੜਨ ਪਿੱਛੋਂ ਸੈਂਕੜੇ ਔਰਤਾਂ, ਜਿਨ੍ਹਾਂ ਨੇ ਹਿਜ਼ਾਬ ਤੋਂ ਬਿਨਾਂ ਤਸਵੀਰਾਂ ਪੋਸਟ ਕੀਤੀਆਂ, ਨੂੰ ਜੇਲ੍ਹ ਭੇਜਿਆ ਜਾ ਚੁੱਕਾ ਹੈ। ਕਈਆਂ ਨੂੰ ਸਜ਼ਾ ਹੋ ਚੁੱਕੀ ਹੈ। ਕਾਨੂੰਨ ਅਨੁਸਾਰ ਇਕ ਤੋਂ ਦਸ ਸਾਲ ਤਕ ਦੀ ਸਜ਼ਾ ਇਨ੍ਹਾਂ ਔਰਤਾਂ ਨੂੰ ਹੋ ਸਕਦੀ ਹੈ।

ਹੁਣ ਸਬ੍ਹਾ ਅਫ਼ਸਰੀ 'ਤੇ ਇਲਜ਼ਾਮ ਲਾਇਆ ਗਿਆ ਹੈ ਕਿ ਉਸਨੇ ਇਰਾਨ ਦੀਆਂ ਔਰਤਾਂ ਦਾ ਹਿਜ਼ਾਬ ਉਤਰਵਾ ਕੇ ਭ੍ਰਿਸ਼ਟਾਚਾਰ ਤੇ ਵੇਸਵਾਪੁਣੇ ਨੂੰ ਉਤਸ਼ਾਹਿਤ ਕੀਤਾ ਹੈ। ਇਸ ਕਰਕੇ ਉਸ ਨੂੰ ਚੌਵੀ ਸਾਲ ਦੀ ਸਜ਼ਾ ਸੁਣਾਈ ਗਈ ਹੈ। ਤਹਿਰਾਨ ਦੀ ਰੈਵੋਲਿਊਸ਼ਨਰੀ ਕੋਰਟ ਨੇ ਸਬ੍ਹਾ 'ਤੇ ਦੇਸ਼ ਦੇ ਖ਼ਿਲਾਫ਼ ਦੁਸ਼-ਪ੍ਰਚਾਰ ਤੇ ਲੋਕਾਂ ਨੂੰ ਭੜਕਾਉਣ ਦਾ ਦੋਸ਼ ਲਾਇਆ ਹੈ। ਪਿਛਲੇ ਸਾਲ ਵੀ ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਪਰ ਅੰਤਰਰਾਸ਼ਟਰੀ ਦਬਾਅ ਹੇਠ ਛੱਡਣਾ ਪਿਆ ਸੀ। ਪਰ ਹੁਣ ਚੌਵੀ ਸਾਲ ਵਾਸਤੇ ਜੇਲ੍ਹ ਭੇਜਿਆ ਗਿਆ ਹੈ। ਉਸ 'ਤੇ ਦਬਾਅ ਪਾਇਆ ਗਿਆ ਕਿ ਉਹ ਟੀ.ਵੀ. 'ਤੇ ਪ੍ਰਸਾਰਿਤ ਕੀਤੇ ਜਾਣ ਵਾਸਤੇ ਬਿਆਨ ਦੇਵੇ ਕਿ ਉਸਨੇ ਗ਼ਲਤੀ ਕੀਤੀ ਹੈ। ਪਰ ਉਸਨੇ ਇਸ ਤਰ੍ਹਾਂ ਕਰਨ ਤੋਂ ਨਾਂਹ ਕਰ ਦਿੱਤੀ, ਇਸ ਕਰਕੇ ਉਸਦੀ ਸਜ਼ਾ ਵਧਾ ਦਿੱਤੀ ਗਈ।



*ਪਾਕਿਸਤਾਨ ਵਿਚ ਈਸ਼ਨਿੰਦਾ ਦਾ ਕਹਿਰ ਝੱਲਣ ਵਾਲੀ ਆਸੀਆ ਬੀਬੀ :* ਪਾਕਿਸਤਾਨ ਦੀ ਜੇਲ੍ਹ ਵਿਚ ਈਸ਼ਨਿੰਦਾ ਦੇ ਦੋਸ਼ ਅਧੀਨ ਅੱਠ ਸਾਲਾਂ ਤੱਕ ਜੇਲ੍ਹ ਵਿਚ ਰਹਿਣ ਵਾਲੀ ਆਸੀਆ ਬੀਬੀ ਨੇ ਪਹਿਲੀ ਵਾਰ ਆਪਣੀ ਚੁੱਪੀ ਤੋੜੀ ਹੈ। ਉਹ ਹੁਣ ਕੈਨੇਡਾ ਵਿਚ ਕਿਸੇ ਥਾਂ ਰਹਿੰਦੀ ਹੈ ਤੇ ਫਰਾਂਸ ਦੀ ਪੱਤਰਕਾਰ, ਐਨੇ ਈਸਾਬੈਲ ਟੋਲੋਟ ਨਾਲ ਮਿਲ ਕੇ ਇਕ ਕਿਤਾਬ ਲਿਖੀ ਹੈ—*ਐਨਾਫਿਨ ਲਿਬਰੇ* ਯਾਨਿ ਆਖ਼ਰਕਾਰ ਆਜ਼ਾਦੀ। ਦੋ ਹਜ਼ਾਰ ਦਸ ਵਿਚ ਉਸ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਸੀ ਪਰ ਅੱਠ ਸਾਲ ਬਾਅਦ ਅਚਾਨਕ ਨਾਟਕੀ ਤਰੀਕੇ ਨਾਲ ਰਿਹਾਅ ਕਰ ਦਿੱਤਾ ਗਿਆ। ਆਸੀਆ ਲਿਖਦੀ ਹੈ ਕਿ ਉਹ ਧਾਰਮਿਕ ਕੱਟੜਤਾ ਦੀ ਸ਼ਿਕਾਰ ਹੋਈ ਸੀ। ਜੇਲ੍ਹ ਵਿਚ ਉਸਦੇ ਗਲ ਵਿਚ ਇਕ ਲੋਹੇ ਦੀ ਪੱਟੀ ਪਾਈ ਗਈ ਸੀ, ਜਿਸ ਨੂੰ ਗਾਰਡ ਨਟ ਨਾਲ ਕੱਸ ਸਕਦਾ ਸੀ। ਇਹ ਪੱਟੀ ਲੋਹੇ ਦੀ ਜ਼ੰਜੀਰ ਨਾਲ ਜੁੜੀ ਹੋਈ ਸੀ ਤੇ ਇਸ ਜ਼ੰਜੀਰ ਦੇ ਦੂਜੇ ਸਿਰੇ ਨਾਲ ਉਸ ਦੀਆਂ ਕਲਾਈਆਂ ਕੱਸੀਆਂ ਰਹਿੰਦੀਆਂ ਸਨ। ਉਹ ਗੰਦੇ ਫ਼ਰਸ਼ 'ਤੇ ਪਈ ਰਹਿੰਦੀ ਸੀ ਤੇ ਉਸ ਨੂੰ ਇਸੇ ਸੰਗਲੀ ਨਾਲ ਫ਼ਰਸ਼ 'ਤੇ ਘਸੀਟਿਆ ਜਾਂਦਾ ਸੀ। ਉਹ ਕਹਿੰਦੀ ਹੈ ਸੋਚ ਦੀ ਕੱਟੜਤਾ ਇਨਸਾਨ ਨੂੰ ਇਨਸਾਨ ਹੀ ਨਹੀਂ ਸਮਝਦੀ।

*ਫ਼ਿਲਮਾਂ ਦਾ ਅਸਰ :* ਪਿਛਲੇ ਸਾਲ ਭੋਪਾਲ ਵਿਚ ਇਕ ਨੌਜੁਆਨ ਲੜਕੇ ਨੇ ਵਿਆਹ ਤੋਂ ਪਿੱਛੋਂ ਆਪਣੀ ਪਤਨੀ 'ਤੇ ਇਸ ਕਰਕੇ ਤਲਾਕ ਦਾ ਮੁਕੱਦਮਾ ਕਰ ਦਿੱਤਾ ਕਿ ਉਸਨੇ ਪਹਿਲੇ ਦਿਨ ਘੁੰਡ ਨਹੀਂ ਸੀ ਕੱਢਿਆ ਤੇ ਉਹ ਸ਼ਰਮਾਈ ਵੀ ਨਹੀਂ। ਜਦੋਂ ਕੇਸ ਚੱਲਣ ਦੇ ਕੁਝ ਮਹੀਨੇ ਪਿੱਛੋਂ ਲੜਕੇ ਨੂੰ ਵਿਆਹ ਦੇ ਮਸਲਿਆਂ ਸੰਬੰਧੀ ਕਾਊਂਸਲਿੰਗ ਕਰਨ ਵਾਲੇ ਕਾਊਂਸਲਰ ਕੋਲ ਲਿਜਾਇਆ ਗਿਆ ਤਾਂ ਲੜਕੇ ਨੇ ਦੱਸਿਆ ਕਿ ਉਸਨੇ ਫ਼ਿਲਮਾਂ ਵਿਚ ਵੇਖਿਆ ਹੋਇਆ ਸੀ ਕਿ ਕੁੜੀ ਘੁੰਡ ਕੱਢ ਕੇ ਬੈਠਦੀ ਹੈ ਤੇ ਸ਼ਰਮਾਉਂਦੀ ਵੀ ਹੈ। ਪਤਨੀ ਨੇ ਇੰਜ ਦਾ ਕੁਝ ਵੀ ਨਹੀਂ ਕੀਤਾ, ਇਸ ਕਰਕੇ ਮੇਰਾ ਸ਼ੱਕ ਪੱਕਾ ਹੋ ਗਿਆ ਕਿ ਇਸ ਦਾ ਚਾਲ ਚਲਣ ਠੀਕ ਨਹੀਂ। ਫ਼ਿਲਮਾਂ ਦਾ ਅਸਰ ਇੰਜ ਵੀ ਹੁੰਦਾ ਹੈ ਤੇ ਕਿਸੇ ਦੀ ਜ਼ਿੰਦਗੀ ਦਾਅ 'ਤੇ ਲੱਗ ਜਾਂਦੀ ਹੈ।

Sahitak Ekam (Literary Quarterly)
Artinder Sandhu, 404 Tilak Nagar, Amritsar-143001 Mobile : 98153-02081


ISSN No. :2394-1790
RNI No. : PUNPUN/2014/56934


# ਪੁਸਤਕਾਂ










































































ਸੰਪਾਦਕ, ਛਾਪਕ ਅਤੇ ਪ੍ਰਕਾਸ਼ਕ *ਸ੍ਰੀਮਤੀ ਅਰਤਿੰਦਰ ਸੰਧੂ*, 404, ਤਿਲਕ ਨਗਰ, ਅੰਮ੍ਰਿਤਸਰ ਵੱਲੋਂ ਸਾਹਿਤਕ ਏਕਮ ਸੁਸਾਇਟੀ (ਰਜਿ.) ਲਈ, *ਮਨਤੇਜ ਗ੍ਰਾਫ਼ਿਕਸ, ਅੰਮ੍ਰਿਤਸਰ* ਤੋਂ ਤਿਆਰ ਕਰਵਾ ਕੇ ਪ੍ਰਿੰਟਵੈੱਲ, 146, ਇੰਡਸਟਰੀਅਲ ਫੋਕਲ ਪੁਆਇੰਟ ਤੋਂ ਛਪਵਾ ਕੇ 404, ਤਿਲਕ ਨਗਰ, ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਕੀਤਾ।